ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਦੂਜੀ

[illegible] ਚੂੜਾਮਣੀ [illegible] ਸੰਤੋਖ ਸਿੰਘ

[illegible]

ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
ਜਿਲਦ ਦੂਜੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਦੂਜੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

SRI GUR PARTAP SURAJ GRANTH VOL. II (in Punjabi)

Kavi Churamani Bhai Santokh Singh

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਦੂਜੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਐਡੀਸ਼ਨ : 1989
ਦੂਜੀ ਐਡੀਸ਼ਨ : 2011
ਕਾਪੀਆਂ : 5000
ਕੀਮਤ : 181/- ਰੁਪਏ

1120 - ਹ.ਪੁ. - 1571

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਰਾਹਤ ਆਫਸੈਟ ਪ੍ਰਿੰਟਰਜ਼, ਸ਼ਾਪ ਨੰ: 5-6-7, ਆਜਾਦ ਮਾਰਕੀਟ, ਬੜਹੇੜੀ, ਸੈਕਟਰ 41-ਡੀ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

ਸ੍ਰੀ ਗੁਰ ਨਾਨਕ ਪ੍ਰਕਾਸ਼

ਪੂਰਬਾਰਧ (ਪਹਿਲੀ ਪੋਥੀ)

ਸੂਚੀ ਪੱਤ੍ਰ

ਪ੍ਰਸੰਗ	ਅਧਿਆਇ	ਪੰਨਾ
੧. 'ਆਪਣੇ ਇਸ਼ਟ ਦੀ ਮਿਰਯਾਦਾ' ਦਾ ਮੂਲ ਮੰਗਲ।	੧	੨
੨. 'ਕਵਿ-ਸੰਕੇਤ' ਮਿਰਯਾਦਾ ਦਾ ਮੰਗਲ।	੧	੫
੩. ਇਸ਼ਟ ਦੇਵ—ਅਕਾਲ ਪੁਰਖ—ਦਾ ਮੰਗਲ।	੧	੧੬
੪. ਇਸ਼ਟ ਗੁਰੂ—ਸ੍ਰੀ ਗੁਰੂ ਨਾਨਕ ਦੇਵ ਜੀ—ਦਾ ਮੰਗਲ।	੧	੧੯
੫. ਇਸ਼ਟ ਗੁਰੂ—ਸ੍ਰੀ ਗੁਰੂ ਅੰਗਦ ਦੇਵ ਜੀ—ਦਾ ਮੰਗਲ।	੧	੨੩
੬. ਇਸ਼ਟ ਗੁਰੂ—ਸ੍ਰੀ ਗੁਰੂ ਅਮਰ ਦਾਸ ਜੀ—ਦਾ ਮੰਗਲ।	੧	੨੭
੭. ਇਸ਼ਟ ਗੁਰੂ—ਸ੍ਰੀ ਗੁਰੂ ਰਾਮਦਾਸ ਜੀ—ਦਾ ਮੰਗਲ।	੧	੩੧
੮. ਇਸ਼ਟ ਗੁਰੂ—ਸ੍ਰੀ ਗੁਰੂ ਅਰਜਨ ਦੇਵ ਜੀ—ਦਾ ਮੰਗਲ।	੧	੩੪
੯. ਇਸ਼ਟ ਗੁਰੂ ਸ੍ਰੀ ਗੁਰੂ ਹਰਿਗੋਵਿੰਦ ਜੀ—ਦਾ ਮੰਗਲ।	੧	੩੬
੧੦. ਇਸ਼ਟ ਗੁਰੂ—ਸ੍ਰੀ ਗੁਰੂ ਹਰਿਰਾਇ ਜੀ—ਦਾ ਮੰਗਲ।	੧	੩੮
੧੧. ਇਸ਼ਟ ਗੁਰੂ—ਸ੍ਰੀ ਗੁਰੂ ਹਰਿਕ੍ਰਿਸ਼ਨ ਜੀ—ਦਾ ਮੰਗਲ।	੧	੪੦
੧੨. ਇਸ਼ਟ ਗੁਰੂ—ਸ੍ਰੀ ਗੁਰੂ ਤੇਗ ਬਹਾਦੁਰ ਜੀ—ਦਾ ਮੰਗਲ।	੧	੪੪
੧੩. ਇਸ਼ਟ ਗੁਰੂ—ਸ੍ਰੀ ਗੁਰੂ ਗੋਵਿੰਦ ਸਿੰਘ ਜੀ—ਦਾ ਮੰਗਲ।	੧	੪੭
੧੪. ਗੁਰਮੁਖ—ਵਿਦ੍ਯਾ ਤੇ ਨਾਮ ਦਾਤੇ—ਦਾ ਮੰਗਲ।	੧	੬੩
੧੫. ਨਾਮ—ਗੁਰਮੰਤ੍ਰ ਤੇ ਨਾਮ ਮਹਾਤਮ—ਦਾ ਮੰਗਲ।	੧	੬੬
ਸ਼ਾਰਦਾ ਮੰਤ ਤੇ ਗੁਰੂ ਮੰਗਲ। ਕਥਾ ਆਰੰਭ, ਬਾਲੇ ਦਾ ਮਿਲਣਾ, ਪੱਤ੍ਰੀ ਲਿਆਉਣੀ।	੨	੧੨੯
ਗੁਰ ਚਰਣ ਮੰਗਲ। ਸ੍ਰੀ ਗੁਰ ਨਾਨਕ ਦੇਵ ਜੀ ਦੇ ਅਵਤਾਰ ਦੀ ਕਥਾ।	੩	੧੪੧
ਕਵਿ ਨੰਮ੍ਰਤਾ। ਸ੍ਰੀ ਗੁਰੂ ਜੀ ਦਾ ਅਵਤਾਰ ਉਤਸਾਹ ਤੇ ਨਾਮ ਧਰਨਾ।	੪	੧੫੨
ਸ੍ਰੀ ਗੁਰ ਚਰਣ ਮੰਗਲ। ਸ੍ਰੀ ਗੁਰੂ ਜੀ ਦੀ ਬਾਲ ਲੀਲ੍ਹਾ।	੫	੧੬੨
ਸ੍ਰੀ ਗੁਰ ਕੀਰਤਿ ਮੰਗਲ। ਗੋਪਾਲ ਪਾਂਧੇ ਪ੍ਰਤਿ ਉਪਦੇਸ਼।	੬	੧੭੧
ਸ੍ਰੀ ਗੁਰ ਗ੍ਰੰਥ ਮੰਗਲ। ਪਿਤਾ ਨੂੰ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ।	੭	੧੮੧
ਗੁਰਸਿੱਖ ਮੰਗਲ। ਮੁੱਲਾਂ ਪ੍ਰਤਿ ਉਪਦੇਸ਼।	੮	੧੮੭
ਸ਼ਾਰਦਾ ਮੰਗਲ। ਸੱਚਾ ਜੰਞੂ।	੯	੧੯੭
ਸਤਿਗੁਰਾਂ ਅਗੇ ਅਰਦਾਸ। ਗਊਆਂ ਚਾਰਨਾ, ਖੇਤ ਹਰਿਆ ਕਰਨਾ।	੧੦	੨੦੩
ਸਤਿਗੁਰਾਂ ਤੋਂ ਯਾਚਨਾ। ਸਰਪ ਨੇ ਛਾਯਾ ਕਰਨੀ, ਰਾਇ ਬੁਲਾਰ ਨੂੰ ਸਿਦਕ।	੧੧	੨੦੯
ਸ਼ਾਰਦਾ ਮੰਗਲ। ਖੇਤ ਬੀਜਣਾ, ਬ੍ਰਿੱਛ ਛਾਯਾ ਅਸਥਿਰ।	੧੨	੨੧੫

ਪ੍ਰਸੰਗ	ਅਧਿਆਇ	ਪ੍ਰਸੰਗ
ਸ਼ਾਰਦਾ ਮੰਗਲ। ਵੈਦ ਪ੍ਰਤਿ ਉਪਦੇਸ਼।	੧੩	੨੨੨
ਸ਼੍ਰੀ ਗੁਰ ਨਾਨਕ ਮੰਗਲ। ਖ਼ਰਾ ਸੌਦਾ ਕਰਨ ਜਾਣਾ।	੧੪	੨੨੯
ਸ਼੍ਰੀ ਗੁਰੂ ਅੰਗਦ ਦੇਵ ਮੰਗਲ। ਖਰਾ ਸੌਦਾ,ਬਾਬਾ ਕਾਲੂ ਤੇ ਰਾਇਬੁਲਾਰ। ...	੧੫	੨੩੮
ਸ਼੍ਰੀ ਗੁਰੂ ਅਮਰਦਾਸ ਮੰਗਲ। ਛਾਪ ਲੋਟਾ ਸਾਧੂ ਨੂੰ ਦਿੱਤਾ,ਸੁਲਤਾਨਪੁਰ ਜਾਣਾ।	੧੬	੨੪੬
ਸ਼੍ਰੀ ਗੁਰੂ ਰਾਮਦਾਸ ਮੰਗਲ। ਮੋਦੀ ਦੀ ਕਾਰ ਆਰੰਭੀ।	੧੭	੨੫੬
ਸ਼੍ਰੀ ਗੁਰੂ ਅਰਜਨ ਦੇਵ ਮੰਗਲ। ਲੇਖਾ ਕੀਤਾ, ੧੩੫) ਵਾਧਾ ਨਿਕਲੇ। ...	੧੮	੨੬੪
ਸ਼੍ਰੀ ਗੁਰੂ ਹਰਿਗੋਵਿੰਦ ਮੰਗਲ। ਸਤਿਗੁਰੂ ਜੀ ਦੀ ਸਗਾਈ।	੧੯	੨੭੩
ਸ਼੍ਰੀ ਗੁਰੂ ਹਰਿਰਾਇ ਮੰਗਲ। ਲੇਖਾ ਕੀਤਾ, ੩੨੧) ਵਾਧਾ ਲਏ।	੨੦	੨੮੩
ਸ਼੍ਰੀ ਗੁਰੂ ਹਰਿਕ੍ਰਿਸ਼ਨ ਮੰਗਲ। ਸਤਿਗੁਰੂ ਜੀ ਦਾ ਵਿਵਾਹ, ਬਰਾਤ ਦੀ ... ਸੁਲਤਾਨ ਪੁਰੋਂ ਚੜ੍ਹਾਈ।	੨੧	੨੯੨
ਸ਼੍ਰੀ ਗੁਰੂ ਤੇਗ ਬਹਾਦਰ ਮੰਗਲ। ਬਰਾਤ ਦਾ ਢੁਕਾਉ ਅਤੇ ਵਿਆਹ। ...	੨੨	੩੦੫
ਸ਼੍ਰੀ ਗੁਰੂ ਗੋਬਿੰਦ ਸਿੰਘ ਮੰਗਲ। ਵਜਾਹ ਤੋਂ ਵਾਪਸ ਤਲਵੰਡੀ ਆਉਣਾ। ...	੨੩	੩੧੭
ਗੁਰਬਾਣੀ ਮੰਗਲ।ਤਲਵੰਡੀਓਂ ਵਾਪਸ ਸੁਲਤਾਨਪੁਰ।	੨੪	੩੨੬
ਸ਼ਾਰਦਾ ਮੰਗਲ। ਬਾਬੇ ਮੂਲਚੰਦ ਤੇ ਚੰਦੋ ਰਾਣੀ ਦਾ ਆਕੇ ਗੁੱਸੇ ਹੋਣਾ। ...	੨੫	੩੩੫
ਸ਼ਾਰਦਾ ਮੰਗਲ। ਸਿਰੀ ਚੰਦ ਜੀ ਦਾ ਜਨਮ।	੨੬	੩੪੨
ਸ਼੍ਰੀ ਗੁਰੂ ਮੰਗਲ। ਮਨਸੁਖ ਤੇ ਭਗੀਰਥ।	੨੭	੩੫੧
ਗੁਰਚਰਨ ਮੰਗਲ। ਵੇਈਂ ਪ੍ਰਵੇਸ਼।	੨੮	੩੬੦
ਗੁਰਚਰਨ ਮੰਗਲ। ਵੇਈਂ ਤੋਂ ਬਾਹਰ ਆਕ ਮੋਦੀ ਖਾਨਾ ਤਜਾਗਣਾ। ...	੨੯	੩੬੯
ਗੁਰਪਗ ਪ੍ਰੇਮ ਮੰਗਲ। ਬਾਬੇ ਮੂਲਚੰਦ ਦਾ ਆਉਣਾ, ਸ਼ਜਾਮੇ ਦਿਜ ਨੂੰ ... ਉਪਦੇਸ਼, ਲਖਮੀ ਦਾਸ ਜਨਮ, ਮਨਸੁਖ ਤੇ ਭਗੀਰਥ ਦਾ ਜਾਣਾ।	੩੦	੩੭੮

੧ ੴ ਸਤਿਗੁਰ ਪ੍ਰਸਾਦਿ ॥

ਅਬ ਸ੍ਰੀ ਗੁਰ ਨਾਨਕ ਪ੍ਰਕਾਸ਼ ਲਿਖ੍ਯਤੇ।

ਪਦਾਂ ਦੇ ਅਰਥ–{ ਅਬ=ਇਹ ਇਕ ਪੁਰਾਤਣ ਮੰਗਲ ਸ਼ਬਦ ਹੈ ਜੋ ਪੁਸਤਕਾਂ ਦੇ ਪਹਿਲੇ ਉਸ ਦਾ ਨਾਮ ਲਿਖਣ ਵੇਲੇ ਲਿਖਿਆ ਕਰਦੇ ਸਨ, ਇਸ ਦੇ ਅਰਥ ਕਈ ਹਨ:–ਹੁਣ, ਅਨੰਤਰ, ਵਧੇਰੇ, ਤਦ, ਨਿਸ਼ਚੇ, ਉਪ੍ਰੰਤ, ਪਰ, ਆਦਿ। }

ਅਰਥ–ਹੁਣ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਦੇ ਹਾਂ (ਭਾਵ, ਗ੍ਰੰਥ ਦਾ ਸ਼ੁਭ ਆਰੰਭ ਹੁੰਦਾ ਹੈ)।

ਅਧ੍ਯਾਯ ਪਹਿਲਾ

ਪਦਾਂ ਦੇ ਅਰਥ–{ ਅਧ੍ਯਾਯ=ਧਿਆਂ, ਪੋਥੀ ਦਾ ਭਾਗ। [ਸੰਸਕ੍ਰਿਤ ਅਧ੍ਯਾਯ] }

ਇਸ ਧਿਆ ਵਿਚ ਕਵੀ ਜੀ ਮੰਗਲ ਹੀ ਵਰਣਨ ਕਰਦੇ ਹਨ, ਤਦੇ ਉਨ੍ਹਾਂ ਨੇ ਇਸ ਦਾ ਨਾਮ ਅਧ੍ਯਾਯ ਦੇ ਅੰਤ ਵਿਚ ਸਮੁੱਚਾ ਹੀ:–

'ਮੰਗਲਾ ਚਰਨ*, ਨਾਮ ਮਹਿਮਾ ਬਰਨਨੰ, ਨਾਮ ਪ੍ਰਥਮੋ ਧ੍ਯਾਇ'

ਲਿਖਿਆ ਹੈ। ਅਰਥਾਤ 'ਮੰਗਲਾ ਚਰਨ ਤੇ ਨਾਮ ਦੀ ਮਹਿਮਾ ਵਰਣਨ' ਦੇ ਨਾਮ ਦਾ ਕਾਂਡ।

---

*ਮਨ ਦੀ ਕਾਮਨਾਂ ਪੂਰਣ ਹੋਣ ਵਾਸਤੇ ਕੋਈ ਪਦ ਯਾ ਛੰਦ ਜੋ ਕਿਸੇ ਗ੍ਰੰਥ ਦੇ ਆਦਿ ਵਿਚ ਕੋਈ ਗ੍ਰੰਥਕਾਰ ਲਿਖੇ। ਲਿਖਣ ਵਾਲੇ ਦੀ ਮਨੋਕਾਮਨਾਂ ਉਸ ਗ੍ਰੰਥ ਦੀ ਨਿਰਵਿਘਨ ਤੇ ਸੁਖ ਪੂਰਬਕ ਸਮਾਪਤੀ ਦੀ ਹੁੰਦੀ ਹੈ। ਗੂੜ੍ਹ ਅਭਿਪ੍ਰਾਯ ਇਹ ਹੁੰਦਾ ਹੈ ਕਿ ਲੇਖਕ ਅਪਣੇ ਕਾਰਯ ਵਿਚ ਚੜ੍ਹਦੀਆਂ ਕਲਾਂ ਵਿਚ ਰਹੇ, ਮੁਸ਼ੱਕਤ ਤੇ ਮਜਬੂਰੀ ਵਾਲੀ ਬ੍ਰਿਤੀ ਵਿਚ ਨਾ ਪਵੇ, ਇਸ ਲਈ ਨਾ ਦਿੱਸਣ ਵਾਲੇ ਸੰਸਾਰ ਤੋਂ ਸਹਾਇਤਾ ਦੀ ਆਸ ਕਰਦਾ ਹੈ। 'ਸ਼ਾਰਦਾ ਮੰਗਲ' ਤੋਂ ਛੁਟ ਹੋਰ ਮੰਗਲਾਚਰਣਾਂ ਤੋਂ ਗ੍ਰੰਥਕਾਰ ਦੀ ਇਸ਼੍ਰਪਤੀ ਤੇ ਆਸ੍ਤਕਤਾ ਦਾ ਪਤਾ ਬੀ ਲੱਗ ਜਾਂਦਾ ਹੈ। ਜੀਕੂੰ ਇਸੇ ਅਧ੍ਯਾਯ ਦੇ ਪੰਦਰਾਂ ਮੰਗਲਾਂ ਵਿਚੋਂ ੧੪ ਮੰਗਲ ਸਪਸ਼ਟ ਕਰ ਦੇਂਦੇ ਹਨ ਕਿ ਗ੍ਰੰਥਕਾਰ ਜੀ ਸਿੱਖ ਹਨ, ਭਗਤੀ ਭਾਵ ਵਾਲੇ ਹਨ, ਇਕ ਅਕਾਲ ਉਪਾਸਕ ਹਨ, ਦਸਾਂ ਸਤਿਗੁਰਾਂ ਦੇ ਸਿੱਖ ਹਨ, ਨਾਮ ਦੇ ਪ੍ਰੇਮੀ ਹਨ ਤੇ ਵਾਹਿਗੁਰੂ ਨਾਮ ਦੇ ਸਿਮਰਣ ਕਰਨ ਵਾਲੇ ਹਨ। ਮੰਗਲਾਚਰਣ ਤ੍ਰੈ ਪ੍ਰਕਾਰ ਦੇ ਹੁੰਦੇ ਹਨ:– (੧) ਵਸ੍ਤੂ ਨਿਰਦੇਸ਼–ਜਿਸ ਵਿਚ ਨਿਰਗੁਣ ਯਾ ਸਰਗੁਣ ਅਕਾਲ ਪੁਰਖ ਦਾ ਕੋਈ ਵਰਣਨ ਯਾ ਕੀਰਤਨ ਹੋਵੇ। ਦੇਖੋ ਇਸੇ ਅਧ੍ਯਾਯ ਦਾ ਅੰਕ ੩. ਅਤੇ ੨੯। (੨) ਅਸ਼ੀਰਵਾਦਾਤਮਕ–ਜਿਸ ਵਿਚ ਕਲ੍ਯਾਨ ਦੀ ਕਾਮਨਾ ਪ੍ਰਗਟ ਹੋਵੇ ਯਾ ਜਿਸ ਵਿਚ ਅਸੀਸ ਦਾ ਭਾਵ ਹੋਵੇ, ਆਦਿਕ। ਦੇਖੋ ਇਸੇ ਅਧ੍ਯਾਯ ਦਾ ਅੰਕ ੩੨.। (੩) ਨਮਸਕਾਰਾਤਮਕ–ਜਿਸ ਵਿਚ ਅਦਬ, ਸ਼੍ਰਧਾ ਤੇ ਨਮਸਕਾਰ ਦਾ ਭਾਵ ਹੋਵੇ। ਦੇਖੋ ਇਸੇ ਅੱਧ੍ਯਾਯ ਦਾ ਅੰਕ ੫।

ਇਸ ਅਧ੍ਯਾਯ ਵਿਚ ਇਕ ਮੰਗਲ ਨਹੀਂ, ਪਰ ਪੰਦ੍ਰਾਂ ਮੰਗਲ ਹਨ। ਕਵੀ ਜੀ ਦਾ ਅਭਿਪ੍ਰਾਯ ਨਿਖੇੜਵਾਂ ਤੇ ਸਾਫ ਸਮਝ ਵਿਚ ਪੈ ਜਾਣ ਲਈ ਅਸੀਂ ਹਰ ਮੰਗਲ ਤੇ ਵੱਖਰਾ ਸਿਰਨਾਵਾਂ ਆਪ ਲਿਖਦੇ ਚੱਲਾਂਗੇ, ਨਾਮ ਮਹਿਮਾਂ ਆਦਿ ਸਿਰਲੇਖ ਬੀ ਸੂਚਤ ਕਰ ਦਿਆਂਗੇ, ਤਾਂ ਜੋ ਉਨ੍ਹਾਂ ਦਾ ਕੀਤਾ ਮੰਗਲ ਜੋ ਨਿਰਾ ਇੱਕ ਦਿਸਦਾ ਹੈ, ਸੋ ਅੱਡ ਅੱਡ ਪੰਦਰਾਂ ਮੰਗਲ ਦਿੱਸ ਪੈਣ ਤੇ ਉਨ੍ਹਾਂ ਦੇ ਆਸ਼ਯ ਸਮਝ ਵਿਚ ਆ ਜਾਣ।

੧. 'ਅਪਨੇ ਇਸ਼੍ਟ ਦੀ ਮਰਯਾਦਾ' ਦਾ ਮੂਲ ਮੰਗਲ।

ਅਰਥਾਤ–ਉਹ ਮੰਗਲ ਜੋ ਕਵੀ ਜੀ ਦੇ ਅਪਣੇ 'ਇਸ਼੍ਟ ਦੇਵ' ਜੀ ਨੇ ਕੀਤਾ ਹੈ।

ਦੋਹਰਾ–ਏਕੰਕਾਰਾ* ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।
ਵਾਹਿਗੁਰੂ ਜੀ ਕੀ ਫਤੇ† ਵਿਘਨ ਵਿਨਾਸ਼ਨ ਸੋਇ ॥੧॥

ਪਦਾਂ ਦੇ ਅਰਥ:–

ਏਕੰਕਾਰਾ=ਏਕ+ਓਂ+ਕਾਰ+ਆ=[ਏਕ=੧। ਓਂ=ਵ੍ਯਾਪਕ ਵਾਹਿਗੁਰੂ, ਅਕਾਲਪੁਰਖ। ਕਾਰ=ਕੇਵਲ। ਆ=ਹੈ] ਕੇਵਲ ਇੱਕ ਹੈ ਅਕਾਲ ਪੁਰਖ।

ਸੂਚਨਾ-ਏਕੰਕਾਰ ਤੋਂ ਕਵੀ ਜੀ ਦਾ [illegible] ਪੁਰਖ ਹੈ, [illegible] ਦਿਸਿ ਪੰਥੀ ਦਾ ਕਿਆ [illegible] ੨੦।

'ਏਕੰਕਾਰ' ਪਦ ਦੇ ਏਹ ਰੂਪ ਬੀ ਹਨ:–ਏਕੋਂਕਾਰ, ੧ ਓ।

ਸਤਿਗੁਰੂ=ਸੱਚਾ ਗੁਰੂ। ਉਹ ਗੁਰੂ ਜਿਸ ਦਾ ਸੁਰੂਪ ਸੱਤਿ ਹੈ। ਪ੍ਰਸਾਦਿ=ਕ੍ਰਿਪਾ।

ਸਚੁ=ਸਤ੍ਯ। ਜੋ ਅਸੱਤਿ ਨਾ ਹੋਵੇ। ਤ੍ਰੈ ਕਾਲ ਅਬਾਧ ਰੂਪ ਜੋ ਹੋਵੇ (ਅਕਾਲਪੁਰਖ)। [ਸੰਸ੍ਕ੍ਰਿਤ=ਸਤ੍ਯ]।
(ਅ) ਨੇਕੀ, ਭਲਿਆਈ, ਆਨੰਦ, ਸੁਖ।

ਸਚੁ ਹੋਇ=ਸੱਚ ਹੁੰਦਾ ਹੈ। ਭਾਵ ਸੱਚ ਪ੍ਰਾਪਤ ਹੁੰਦਾ ਹੈ। ਅਥਵਾ ਸੁਖ ਪ੍ਰਾਪਤ ਹੁੰਦਾ ਹੈ। ਫਤੇ†=ਜੈ, ਜਿੱਤ। [ਫਾਰਸੀ, ਫਤਹ੍]

ਵਿਘਨ=ਰੁਕਾਵਟਾਂ, ਮੁਸ਼ਕਲਾਂ। ਕਿਸੇ ਕਾਮਯਾਬੀ ਵਿਚ ਅਟਕ ਪੈਣੀ ਯਾ ਮਨੋਰਥ ਦੇ ਵਿਰੁੱਧ ਹੋਣਾ। [ਸੰਸਕ੍ਰਿਤ, ਵਿਘ੍ਨ]

ਵਿਨਾਸ਼ਨ=ਨਾਸ਼ ਕਰਨ ਵਾਲਾ। [ਸੰਸਕ੍ਰਿਤ, ਵਿਨਾਸ਼ਿਨ੍]

ਸੋਇ=ਉਹੀ। ਇਸ 'ਸੋਇ' ਪਦ ਦਾ ਇਸ਼ਾਰਾ 'ਏਕੰਕਾਰਾ' ਵੱਲ ਹੈ ਕਿ ਉਹੀ 'ਏਕੰਕਾਰ' ਸਤਿਗੁਰੂ ਰੂਪ ਹੈ, ਉਹੀ, ਵਾਹਿਗੁਰੂ ਰੂਪ ਹੈ।

---

*ਇਹ ਪਾਠ ਛਪੇ ਹੋਏ ਨੁਸਖੇ ਦਾ ਹੈ, ਕਈ ਇਕ ਲਿਖਤੀ ਨੁਸਖਿਆਂ ਤੋਂ ਬੀ ਇਹ ਪਾਠ ਮਿਲਿਆ ਹੈ। ਕਵੀ ਜੀ ਦੇ ਨਿਜ ਲੇਖਣੀ ਲਿੱਖਤ ਇਸ ਪਦ ਦੇ ਜੋੜ 'ਏਕੋਂਕਾਰ' ਅਸੀਂ ਜਿਲਦ ੧ 'ਪ੍ਰਸਤਾਵਨਾਂ' ਦੇ ਪੰਨਾ ੨੨੩ ਪਰ ੧੨ਵੇਂ ਅੰਕ ਵਿਚ ਦਰਸਾ ਆਏ ਹਾਂ।

†ਛਪੇ ਹੋਏ ਅਕਸਰ ਨੁਸਖਿਆਂ ਵਿਚ ਅਤੇ ਦੋ ਕਲਮੀ ਨੁਸਖਿਆਂ ਵਿਚ ਜਿਨ੍ਹਾਂ ਵਿਚੋਂ ਇਕ ਸ੍ਰੀਮਾਨ ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ (ਸੂਰਜ ਪ੍ਰਕਾਸ਼ ਦੇ ਮੰਨੇ ਹੋਏ ਪੰਡਤ ਜੀ) ਦੇ ਸੰਚਯ ਵਿਚੋਂ ਹੈ, ਪਾਠ 'ਫਤੇ' ਹੀ ਹੈ। ਇਕ ਛਾਪੇ ਦੇ ਗ੍ਰੰਥ ਵਿਚ ਪਾਠ 'ਫਤਹ' ਦੇਖਣ ਵਿਚ ਆਯਾ ਹੈ।

ਅਰਥ—ਇਕ ਓਅੰਕਾਰ ਰੂਪ ਹੈ ਸਤਿਗੁਰੂ, ਉਸ ਦੀ ਕ੍ਰਿਪਾ ਨਾਲ ਸੱਚ (ਪ੍ਰਾਪਤ) ਹੁੰਦਾ ਹੈ। (ਉਹੀ ਵਾਹਿਗੁਰੂ ਹੈ), ਵਾਹਿਗੁਰੂ ਜੀ ਦੀ (ਸਦੀਵ) ਫਤੇ ਹੈ, (ਸਦੀਵ ਫਤਹ ਵਾਲਾ ਹੋਣ ਕਰਕੇ ਸਰਬੱਤ) ਵਿਘਨਾਂ ਦਾ ਉਹੀ ਨਾਸ਼ ਕਰਨ ਵਾਲਾ ਹੈ।

ਭਾਵ—ਇਹ ਤਾਂ ਹਨ ਅੱਖਰਾਂ ਦੇ ਅਰਥ। ਹੁਣ ਕਵੀ ਜੀ ਦੇ ਕਟਾਖਯ ਵੱਲ ਧਿਆਨ ਕਰਕੇ ਇਸ ਦੋਹੇ ⁀ ਨੂੰ ਲਿਖੀਏ, ਤਾਂ ਐਉਂ ਰੂਪ ਬਣਦਾ ਹੈ:—

'੧ ੳ ਸਤਿਗੁਰ ਪ੍ਰਸਾਦਿ' ਤਿਹਿ (ਪ੍ਰਸਾਦਿ) ਸਚੁ ਹੋਇ।
'ਵਾਹਿਗੁਰੂ ਜੀ ਕੀ ਫਤਹ' ਵਿਘਨ ਵਿਨਾਸ਼ਨ ਸੋਇ॥

ਇਸ ਰੂਪ ਵਿਚ ਸਾਫ ਦਿੱਸ ਪਿਆ ਕਿ ਕਵੀ ਜੀ ਨੇ—

੧ ੳ ਸਤਿਗੁਰਪ੍ਰਸਾਦਿ,

੧ ੳ ਵਾਹਿਗੁਰੂ ਜੀ ਕੀ ਫਤਹ॥

ਦੋਵੇਂ ਰੂਪ ਕਵਿਤਾ ਵਿਚ ਦੋਹਰਾ ਬਣਾਕੇ ਲਿਖੇ ਹਨ*। ਮੁਰਾਦ ਇਹ ਹੈ ਕਿ:— ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਂ ਨੇ ਅਕਸਰ ਵੇਰ '੧ ੳ ਸਤਿਗੁਰਪ੍ਰਸਾਦਿ' ਮੰਗਲ ਕੀਤਾ ਹੈ, ਅਤੇ ਦਸਮੇਂ ਪਾਤਸ਼ਾਹ ਜੀ ਨੇ '੧ ੳ ਸਤਿਗੁਰਪ੍ਰਸਾਦਿ' ਅਤੇ ਕਈ ਥਾਈਂ '੧ ੳ ਵਾਹਿਗੁਰੂ ਜੀ ਕੀ ਫਤੇ' ਦੋਇ ਮੰਗਲ ਕੀਤੇ ਹਨ। ਕਵਿ ਸੰਤੋਖ ਸਿੰਘ ਜੀ ਆਪਣਾ ਗ੍ਰੰਥ ਸ਼ੁਰੂ ਕਰਨ ਵੇਲੇ ਪਹਿਲਾਂ ਆਪਣੀ ਰਚਨਾਂ ਦਾ ਰਚਿਆ ਹੋਇਆ ਮੰਗਲ ਨਹੀਂ ਲਿਖਦੇ, ਪਰ ਅਪਣੇ ਇਸ਼ਟ—ਗੁਰੂ—ਅਪਣੇ ਸਤਿਗੁਰੂ—ਜੀ ਦੇ ਕੀਤੇ ਹੋਏ ਮੰਗਲ, ਜੋ ਉਹਨਾਂ ਨੇ ਲਿਖੇ ਹਨ, ਦੋਹੇ ਦੇ ਰੂਪ ਵਿਚ ਲਿਆਕੇ ਲਿਖਦੇ ਹਨ। ਅਪਣਾ ਇਸ਼ਟ ਸਦਾ ਮੰਗਲ ਰੂਪ ਹੈ, ਪਰ ਜੋ ਮੰਗਲ ਅਪਣੇ ਇਸ਼੍ਟ ਗੁਰੂ ਜੀ ਮਨਾਉਣ, ਉਨ੍ਹਾਂ ਨੂੰ ਸਭ ਤੋਂ ਪਹਿਲੀ ਤੇ ਸ਼੍ਰੋਮਣੀ ਜਗਾ ਦੇਣੀ ਇਹ ਕਵੀ ਜੀ ਦੀ ਇਸ਼੍ਟਪ੍ਰਾਪਤੀ ਤੇ ਪ੍ਰੇਮਾਭਗਤੀ ਦਾ ਕਟਾਖਯ ਹੈ।

ਹੁਣ ਇਸ ਸੂਰਤ ਵਿਚ ਅਰਥ ਭਾਵ ਇਹ ਹੈ:— '੧ ੳ ਸਤਿਗੁਰਪ੍ਰਸਾਦਿ' ਜੋ ਮੰਗਲ ਹੈ ਉਸ ਦੀ ਕ੍ਰਿਪਾ ਨਾਲ ਸੱਚ ਪ੍ਰਾਪਤ ਹੁੰਦਾ ਹੈ, '੧ ੳ ਵਾਹਿਗੁਰੂ ਜੀ ਕੀ ਫਤੇ' ਜੋ ਮੰਗਲ ਹੈ ਉਹ ਵਿਘਨਾਂ ਦਾ ਨਾਸ਼ ਕਰਤਾ ਹੈ। ਵੇਰਵਾ ਐਉਂ ਹੈ:—

*ਸਬੂਤ ਲਈ ਵੇਖੋ ਗੁਰ ਪ੍ਰਤਾਪ ਸੂਰਜ ਰਾਸ ਤੀਸਰੀ ਦਾ ਮੁੱਢ ⁀ ਜਿੱਥੇ ਕਵਿ ਜੀ ਆਪੇ ਵਾਰਤਕ ਰੂਪ ਵਿਚ ਇਹੋ ਮੰਗਲ ਐਉਂ ਲਿਖਦੇ ਹਨ:— '੧ ੳ ਸਤਿਗੁਰਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹ॥' ਅਤੇ ਨੋਵੀਂ ਰਾਸ਼ਿ ਦੇ ਆਦਿ ਵਿਚ ਬੀ ਕਵੀ ਜੀ ਨੇ ਏਹੋ ਦੋਵੇਂ ਮੰਗਲ ਅਸਲੀ ਰੂਪ ਵਿਚ ਦਿੱਤੇ ਹਨ।

[ਸਤਿ] ਤ੍ਰੈ ਕਾਲ ਅਬਾਧ ਰੂਪ, ਜੋ ਸਾਰੇ ਦਿੱਸਦੇ ਪਸਾਰੇ ਵਿਚ 'ਸਤਜ' ਹੈ ।

[ਗੁਰੂ] ਸਭ ਦਾ ਆਦਿ ਕਾਲ ਤੋਂ ਸਿੱਖਯਾ ਦਾਤਾ, ਬੁੱਧੀ ਤੇ ਬੁਧਿ ਵਿਚ ਆਤਮ ਸਿੱਖਯਾ ਦੇਣਹਾਰਾ ਗੁਰੂ, ਜੋ ਗੁਰੂਆਂ ਦਾ ਬੀ ਗੁਰੂ ਹੈ, ਉਹ

[ਏਕੰਕਾਰਾ] ੧ ਓ ਸਰੂਪ ਹੈ, ਅਰਥਾਤ—

ਇਕ ਹੈ ਅਰ ਵ੍ਯਾਪਕ ਹੈ ਅਰ ਸਾਡੀ ਸਮਝ ਲਈ '੧ ਓ'

ਉਸ ਦਾ ਰੂਪ ਹੈ ਯਾ ਸਰੂਪ ਦਾ ਚਿੰਨ੍ਹ ਹੈ, [ਤਿਹਿ ਪ੍ਰਸਾਦਿ] ਉਸ ਦੀ ਕ੍ਰਿਪਾ ਨਾਲ—

[ਸਚੁ] ਸਦਾ ਇਕ ਰਸ ਰੂਪ ਰਹਿਣ ਵਾਲਾ (ਅਕਾਲ ਪੁਰਖ) ਪ੍ਰਾਪਤ [ਹੋਇ] ਹੁੰਦਾ ਹੈ।

[ਸੋਇ] ਉਹੀ, ਭਾਵ-ਏਕੰਕਾਰਾ ।

[ਵਾਹਿਗੁਰੂ] ਵਾਹਿਗੁਰੂ ਰੂਪ ਹੈ । ਗੁਰੂ = ਆਦਿ ਗੁਰੂ, ਗੁਰੂਆਂ ਦਾ ਗੁਰੂ, ਵਾਹਿ= ਅਸਚਰਜ ਰੂਪ=ਕਥਨ ਕਹਿਣ ਤੋਂ ਪਰੇ, ਮਨ ਬਾਣੀ ਤੋਂ ਪਰੇ ਹੈ ਜਿਸ ਦਾ ਰੂਪ ।

[ਫਤੇ] ਸਦੀਵ ਕਾਮਯਾਬੀ, ਨਿਰਵਿਘਨ ਕਾਮਯਾਬੀ, ਨਿਰਸੰਸੇ ਕਾਮਯਾਬੀ, ਭਾਵ— ਹਰ ਮਾਮਲੇ ਵਿਚ ਜਿੱਤ ਉਸੇ ਵਾਹਿਗੁਰੂ ਦੀ ਹੈ ।

ਜਿਸਦੀ ਸਦਾ ਜਿੱਤ ਹੈ ਉਸ ਨੂੰ ਵਿਘਨ ਕਦੇ ਨਹੀਂ । ਜਿਸ ਦੀ ਸਦਾ ਜਿੱਤ ਹੈ ਤੇ ਜੋ ਸਦਾ ਵਿਘਨਾਂ ਤੋਂ ਪਰੇ ਹੈ, ਉਹ ਜਿੱਤ ਦਾ ਦਾਤਾ ਤੇ ਵਿਘਨਾਂ ਦਾ ਨਾਸ਼ ਕਰਤਾ ਬੀ ਹੈ, ਤਾਂਤੇ ਸੰਛੇਪ ਅਰਥ ਇਹ ਬਣਿਆਂ ਕਿ:—

ਸੱਚ ਦੀ (ਅਥਵਾ ਸੁਖ ਦੀ) ਪ੍ਰਾਪਤੀ ਤੇ ਵਿਘਨਾਂ ਦਾ ਨਾਸ਼ ਦੋਇ ਵਸਤਾਂ ਇਨ੍ਹਾਂ ਦੋਹਾਂ ਮੰਗਲਾਂ ਤੋਂ ਪ੍ਰਾਪਤ ਹਨ, ਜੋ ਦੋਏ ਮੰਗਲ ਕਿ ਗੁਰੂ ਸਾਹਿਬਾਂ ਨੇ ਆਪ ਕੀਤੇ ਹਨ । 'ਪ੍ਰਸਾਦਿ' ਤੇ 'ਵਿਘਨ ਵਿਨਾਸ਼ਨੰ' ਦੋਹਾਂ ਮੰਗਲਾਂ ਦੇ ਫਲ ਹਨ ।

ਕਵੀ ਜੀ ਦੀਆਂ ਦੋ ਲੋੜਾਂ ਹਨ, ਇਕ ਬਹੈਸੀਅਤ ਸਿੱਖ ਉਹਨਾਂ ਨੂੰ ਵਾਹਿਗੁਰੂ ਪ੍ਰਾਪਤੀ ਦੀ ਲੋੜ ਹੈ ਤੇ ਇਸ ਪ੍ਰਾਪਤੀ ਦੇ ਜਤਨ ਵਿਚ ਨਿਰਵਿਘਨਤਾ ਦੀ ਲੋੜ ਹੈ । ਫਿਰ ਓਹ ਗ੍ਰੰਥ ਲਿਖਣ ਲੱਗੇ ਹਨ ਗੁਰੂ ਜੀ ਦੇ ਜੀਵਨ ਕੌਤਕਾਂ ਦਾ, ਇਸ ਵਿਚ ਆਪ ਦੇ ਇਰਾਦੇ ਵਿਚ ਅਪਣੇ ਤਾਣ ਲਗਾਦੇ ਸੱਚ ਲਿਖਣ ਦੀ ਲੋੜ ਹੈ ਅਰ ਅਪਣੇ ਉੱਦਮ (ਇਸ ਗ੍ਰੰਥ) ਦੇ ਨਿਰਵਿਘਨ ਸਿਰੇ ਚੜ੍ਹਨ ਦੀ ਲੋੜ ਹੈ । ਦੋਹਾਂ ਲੋੜਾਂ ਲਈ ਦੋਇ ਆਸ਼ਯਾਂ ਦੀ ਸਿੱਧੀ ਵਾਸਤੇ ਆਪ ਨੇ ਅਪਣੇ ਇਸ਼ਟ ਦੇਵ ਜੀ ਦੇ ਕੀਤੇ ਦੋਹਾਂ ਮੰਗਲਾਂ ਨੂੰ ਆਦਿ ਥਾਉਂ ਅਪਣੇ ਗ੍ਰੰਥ ਵਿਚ ਦੇਕੇ ਉਹਨਾਂ ਨੂੰ ਦੋਹੇ ਵਿਚ ਲਿਆਕੇ, ਕਵਿਤਾ ਦਾ ਰੂਪ ਦੇ ਕੇ, ਮੰਗਲ ਕੀਤਾ ਹੈ ਤੇ ਉਹਨਾਂ ਮੰਗਲਾਂ ਦੀ ਸੱਤਯਾ, ਮਹਾਤਮ ਅਰ ਅਪਣੀ ਲੋੜ ਦੇ ਭਾਵਾਂ ਨੂੰ ਦਰਸਾਇਆ ਹੈ।

ਸੂਚਨਾ—ਆਮ ਤੌਰ ਤੇ ਇਸ ਦੋਹੇ ਦੇ ਏਹ ਅਰਥ ਬੀ ਕਰਦੇ ਹਨ, ਕਿ:—

(ੳ) ਏਕੰਕਾਰ ਜੋ ਵਾਹਿਗੁਰੂ ਹੈ, ਉਹ ਗੁਰੂ ਨਾਨਕ ਵਿਖੇ ਸਤਿਗੁਰੂ ਰੂਪ ਹੈ। (ਯਥਾ—'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ') ਉਸ ਦੀ ਕ੍ਰਿਪਾ ਨਾਲ ਸੱਚ (ਅਥਵਾ ਸੁਖ) ਦੀ ਪ੍ਰਾਪਤੀ ਹੁੰਦੀ ਹੈ, ਉਹੀ (ਏਕੰਕਾਰ) ਵਾਹਿਗੁਰੂ (ਰੂਪ) ਹੈ, (ਜਿਸ ਦੀ ਸਦਾ) ਫਤੇ ਹੈ, (ਸਦਾ ਫਤੇ ਵਾਲੇ ਨੂੰ ਕਦੇ ਵਿਘਨ ਨਹੀਂ

ਹੋ ਸਕਦਾ ਤੇ ਉਸ ਦੀ ਸ਼ਰਣ ਲੈਣ ਵਾਲੇ ਦੇ ਬੀ) ਵਿਘਨ ਨਾਸ਼ ਹੁੰਦੇ ਹਨ। (ਅ) ਏਕੰਕਾਰ ਵਾਹਿਗੁਰੂ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ, (ਅਤੇ) ਉਹੀ ਵਿਘਨਾਂ ਦਾ ਨਾਸ਼ ਕਰਨੇ ਵਾਲਾ ਹੈ, ਉਸੇ ਦੀ ਸਦਾ ਜੈ ਹੈ।

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ।

ਹਰੇਕ ਮਨੁੱਖ ਮਨ ਤੇ ਬੁੱਧੀ ਰੱਖਦਾ ਹੈ, ਵਿਦਜਾ ਨਾਲ ਬੁੱਧੀ ਸਾਣ ਚੜ੍ਹ ਜਾਂਦੀ ਹੈ ਤੇ ਚਤੁਰਤਾ ਵਿਚ ਵਧ ਜਾਂਦੀ ਹੈ, ਪਰ ਕੋਈ ਕੋਈ ਮਨੁੱਖ ਐਸੇ ਉਪਜਦੇ ਹਨ ਕਿ ਜਿਨ੍ਹਾਂ ਦਾ ਮਨ ਤੇ ਬੁੱਧੀ ਅਪਣੀ ਚਤੁਰਤਾ ਦੀ ਹੱਦ ਨੂੰ ਟੱਪਕੇ, ਕਦੇ ਕਾਰਣ ਕਦੇ ਅਕਾਰਣ ਕਿਸੇ ਐਸੇ ਹਾਲ ਵਿਚ ਜਾਂਦੇ ਹਨ ਕਿ ਜਿੱਥੇ ਮਾਨੋਂ ਮਨ ਬੁੱਧਿ ਨਹੀਂ ਰਹਿੰਦੇ; ਯਾ ਐਉਂ ਕਹੋ ਕਿ ਮਨ ਬੁੱਧਿ ਟਿਕ ਜਾਂਦੇ ਹਨ ਤੇ ਇਨ੍ਹਾਂ ਦੋਹਾਂ ਨੂੰ ਪ੍ਰਕਾਸ਼ਣ ਵਾਲੀ ਸੱਤਜਾ ਆਪੇ ਵਿਚ ਚਮਕਾਰਾ ਮਾਰ ਉਠਦੀ ਹੈ, ਉਹ ਹਾਲਤ ਕੁਛ ਅਕਹਿ ਜੇਹੀ ਹੁੰਦੀ ਹੈ ਅਰ ਉਸ ਦੀ ਵਜਾਖਜਾ, ਜਿਨ੍ਹਾਂ ਉੱਤੇ ਉਹ ਲੰਘੇ, ਉਹ ਬੀ ਨਹੀਂ ਦੱਸ ਸਕਦੇ, ਪਰੰਤੂ ਉਹ ਬੁੱਧੀ ਉੱਤੇ, ਮਨ ਉੱਤੇ ਇਕ ਪ੍ਰਭਾਵ ਛੋੜ ਜਾਂਦੀ ਹੈ, ਜਿਸ ਹੇਠ ਸੁਹਣੇ ਸੁਹਣੇ ਖਯਾਲ, ਅਚਰਜ ਵਲਵਲੇ ਤੇ ਅਜੀਬ ਭਾਵ ਪ੍ਰਗਟ ਹੁੰਦੇ ਹਨ, ਜਿਨ੍ਹਾਂ ਵਿਚੋਂ ਕਿਸੇ ਨ ਕਿਸੇ ਪ੍ਰਕਾਰ ਦੀ ਸੁੰਦਰਤਾ ਪ੍ਰਕਾਸ਼ ਪਾਉਂਦੀ ਹੈ। ਇਸ ਕਿਸਮ ਦੇ ਕਿਸੇ ਪ੍ਰਭਾਵ ਹੇਠ ਉੱਚ ਕਵਿਤਾ ਲਿਖੀ ਜਾਂਦੀ ਹੈ, ਇਸੇ ਹੇਠ ਉੱਚਾ ਸੰਗੀਤ ਉਤਰਦਾ ਹੈ, ਇਸੇ ਹੇਠ ਉੱਚੀ ਚਿੱਤ੍ਰਕਾਰੀ, ਇਸੇ ਹੇਠ ਉੱਚੀ ਮੂਰਤਿ ਤ੍ਰਾਸ਼ੀ, ਇਸੇ ਹੇਠ ਸਾਰੇ ਕਲਾਕੌਸ਼ਲ ਯਾ 'ਕੋਮਲ ਉਨਰ' ਅਪਨਾ ਪ੍ਰਕਾਸ਼ ਪਾਉਂਦੇ ਹਨ। ਯਾਦ ਰਹੇ, ਇਹ ਗਲ ਹਰੇਕ ਕਵੀ ਨੂੰ ਪ੍ਰਾਪਤ ਨਹੀਂ।

ਆਦਿ ਕਾਲ ਵਿਚ ਜਦੋਂ ਪਛਮੋਤ੍ਰ ਵੱਲੋਂ ਇਕ ਆਰਯ ਕੁਲ ਨਾਮੇ ਦੇ ਲੋਕ ਪੰਜਾਬ ਵਿਚ ਆਕੇ ਵੱਸੇ ਤਾਂ ਉਨ੍ਹਾਂ ਵਿਚ ਬੀ ਐਸੇ ਆਦਮੀ ਸਨ; ਜੋ ਕਵਿਤਾ ਕਰਦੇ ਸਨ, ਉਨ੍ਹਾਂ ਦੇ ਉਚਾਰੇ ਗੀਤ ਰਿਗ ਵੇਦ ਵਿਚ ਮਿਲਦੇ ਹਨ। ਮਜ਼ਹਬੀ ਪ੍ਰੇਮ ਤੇ ਵੱਡਿਆਂ ਦੇ ਸਤਿਕਾਰ ਨੇ ਜੋ ਕੁਛ ਵੇਦਾਂ ਬਾਬਤ ਕਿਹਾ ਹੈ (ਕਿ ਓਹ ਆਦਿ ਕਾਲ ਤੋਂ ਸਨ ਤੇ ਪਰਮੇਸ਼ੁਰ ਨੇ ਇਸੇ ਬਾਣੀ ਦੇ ਰੂਪ ਵਿਚ ਰਚੇ ਸਨ ਤੇ ਰਿਸ਼ੀਆਂ ਨੇ ਓਹ ਉੱਤੋਂ ਇੱਸੇ ਸੰਸਕ੍ਰਿਤ ਬਾਣੀ ਦੇ ਰੂਪ ਵਿਚ ਸੁਣੇ ਸਨ) ਉਸ ਤੋਂ ਬੀ ਇਹੀ ਸਿੱਟਾ ਨਿਕਲਦਾ ਹੈ ਕਿ ਓਹ ਮੰਤ੍ਰ ਯਾ ਗੀਤ ਲਿਖਣ ਵਾਲਿਆਂ ਕਿਸੇ ਪ੍ਰਭਾਵ ਹੇਠ ਲਿਖੇ ਹਨ। ਵੇਦ ਵਿਚ ਪੜ੍ਹਕੇ ਤੱਕੋ ਤਾਂ ਉਸ ਨਾ ਦਿੱਸਣ ਵਾਲੇ ਕਾਰਣ ਨੂੰ, ਜੋ ਅਣਡਿੱਠ ਵਿਚ ਮਿਥਿਆ ਗਿਆ, ਵੇਦਾਂ ਦੀ ਮਾਂ 'ਵਾਚ' ਦੱਸੀ ਗਈ। 'ਵਾਚ' ਯਾ 'ਵਾਕ' ਦਾ ਅਰਥ ਹੈ ਬਾਣੀ, ਪਰ ਉਹ ਬਾਣੀ ਵੇਦ ਵਿਚ ਇੱਕ ਨਾ ਦਿੱਸਣ ਵਾਲੀ ਸੱਤਜਾ ਯਾ ਦੇਵਸ਼ਕਤੀ ਬੀ ਮੰਨੀ ਗਈ, ਜਿਸ ਨੂੰ ਪਿੱਛੋਂ ਦੇਵੀ ਆਖਿਆ ਗਿਆ। ਜਦੋਂ ਆਰਯ ਕੁਲ ਦੇ ਲੋਕ ਸਰਸ੍ਵਤੀ ਨਦੀ ਦੇ ਕਿਨਾਰੇ ਤੱਕ ਫੈਲ ਗਏ, ਤਦ ਉਸ ਥਾਂ ਤੇ ਓਹਨਾਂ ਦੀ ਵਿਦਜਕ ਤ੍ਰੱਕੀ ਵੀ ਬਹੁਤ ਹੋਈ, ਯੱਗ ਤੇ ਮੰਤਰ ਉਚਾਰਨ ਦਾ ਸੰਗੀਤ ਉਥੇ ਬਹੁਤ ਵਧਿਆ। ਸਿਆਣੇ

ਪਵਿੱਤ੍ਰ ਨਦੀ ਹੋ ਗਈ, ਇੱਥੋਂ ਤਾਈਂ ਕਿ ਸਰਸ੍ਵਤੀ ਦਾ ਪ੍ਰਭਾਵ ਰਿਸ਼ੀਆਂ ਤੇ ਸਿਆਣਿਆਂ ਦੇ ਮਨਾਂ ਤੋਂ 'ਮੰਤ੍ਰ' ਤੇ 'ਸਾਮ' ਤੇ 'ਰਿਚਾ' ਅਰਥਾਤ ਗੀਤ ਉਚਾਰਨ ਵਾਲਾ ਮੰਨਿਆਂ ਗਿਆ। ਸਰਸ੍ਵਤੀ, ਜੋ ਨਦੀ ਸੀ, ਓਸਦੀ ਪਵਿੱਤ੍ਰਤਾ, ਓਸਦਾ ਪ੍ਰਭਾਵ ਅੰਦ੍ਰਜਜ ਰੂਪ ਲੈਕੇ ਵਜਕਤੀ ਵਾਲਾ ਮੰਨਿਆਂ ਗਿਆ ਅਤੇ ਓਹ ਕਵਿਤਾ ਦਾ ਪ੍ਰਭਾਵ ਪਾਉਣ ਵਾਲੀ ਦੇਵੀ ਵੀ ਮੰਨੀ ਗਈ। ਕੁਛ ਕਾਲ ਪਾਕੇ ਪਹਿਲੀ ਦੇਵੀ 'ਵਾਚ' ਤੇ 'ਸਰਸ੍ਵਤੀ' ਦੋਵੇਂ ਇਕ ਰੂਪ ਮੰਨੀਆਂ ਜਾਣ ਲੱਗ ਪਈਆਂ ਤੇ ਇਸ ਤਰ੍ਹਾਂ 'ਸਰਸ੍ਵਤੀ' 'ਵਿੱਦਜਾ-ਕਵਿਤਾ-ਵਕੱਤ੍ਰਤਾ' ਦੀ ਦੇਵੀ ਵਰਣਨ ਹੋਣ ਲੱਗੀ ਅਤੇ ਰਿਸ਼ੀਆਂ ਨੂੰ 'ਅਗੰਮ ਬ੍ਰੱਪੀ' ਦੇਣ ਲਈ, 'ਕਵਿਤਾ ਕਰਨ ਦਾ ਇਲਹਾਮ' ਦੇਣ ਲਈ ਇਸਦੇ ਆਵਾਹਨ ਹੋਣ ਲੱਗੇ। ਇਸ ਤੋਂ ਹੋਰ ਮਗਰਲੇ ਸਮੇਂ ਦੀ ਇਕ ਇਹ ਵਾਰਤਾ ਬੀ ਹੈ ਕਿ ਸਰਸ੍ਵਤੀ (ਵਿਦਜਾ ਦੀ ਦੇਵੀ*) ਅਰਸ਼ਾਂ ਵਿਚ ਵੱਸਦੀ ਸੀ, ਬੜੇ ਪ੍ਰਯਤਨ ਨਾਲ ਓਸਨੇ ਧਰਤੀ ਤੇ ਆਉਣ ਦੀ ਕ੍ਰਿਪਾਲਤਾ ਕੀਤੀ ਤੇ 'ਭਰਤ' ਮੁਨੀ ਉਤੇ ਵਾਰਦ ਹੋਕੇ ਓਸ ਨੇ 'ਅੱਖਰ ਗਿਆਨ' ਤੇ 'ਬੋਲੀ' ਦ੍ਵਾਰਾ ਮਨੁੱਖ ਜਾਤੀ ਨੂੰ ਸੁਸਿੱਖਜਤ ਕਰਨ ਲਈ ਵਿਦਜਾ ਨਾਲ ਨਿਵੇਸ਼ਤ ਕੀਤਾ, ਇਸ ਕਰਕੇ ਸਰਸ੍ਵਤੀ ਦਾ ਇਕ ਨਾਮ 'ਭਾਰਤੀ' ਹੋਇਆ। ਸੰਸਕ੍ਰਿਤ ਵਿਦਜਾ ਭੀ ਇਸ ਤੋਂ ਤੁਰੀ ਮੰਨੀ ਗਈ, ਸ਼ਾਰਦਾ ਭੀ ਸਰਸ੍ਵਤੀ ਦਾ ਨਾਮ ਹੋਇਆ, ਜਿਸ ਦਾ ਅਰਥ ਹੈ:- ਸਾਰੀਆਂ ਵਿਦਜਾ ਵਿਗਜਾਨਾਂ ਦਾ ਸਾਰ (=ਤੱਤ੍ਵ) ਦਾਨ ਕਰਨ ਵਾਲੀ†। ਹੋਰਨਾਂ ਦੇਵੀਆਂ ਨੂੰ ਬਲੀਆਂ ਦਿੱਤੀਆਂ ਜਾਂਦੀਆਂ ਸਨ, ਪਰ ਸਰਸ੍ਵਤੀ ਦੀ ਬਲੀ ਕਵੀਆਂ ਦੇ ਉੱਚੇ ਹਿਰਦਿਆਂ ਦੀ ਉਸਤਤੀ ਯਾ ਓਸਦੀ ਵੱਲੋਂ ਵਿਦਜਾ, ਕਵਿਤਾ, ਉੱਚ ਖਜਾਲੀ ਦੀ ਆਵੇਸ਼ਤਾ ਯਾ ਆਵੇਸ਼ ਸ਼ਕਤੀ ਲਈ ਯਾਚਨਾ ਹੀ ਰਹੀ। ਸਮੇਂ ਬਦਲਦੇ ਗਏ ਤੇ ਹਜ਼ਾਰਹਾ ਵਰਹੇ ਗੁਜ਼ਰ ਗਏ; ਹਿੰਦ ਵਿਚ ਸਭਯਤਾ ਦੇ ਕਈ ਰੰਗ ਹੋਏ, ਮਤ ਭੇਦ ਬੀ ਅਨੇਕਾਂ ਹੋਏ, ਰੰਗਾਂ ਰੰਗਾਂ ਦੇ ਕਵੀ ਹੋਏ, ਇਸ਼ਟ ਬੀ ਉਨ੍ਹਾਂ ਦੇ ਨਿਖੇੜਵੇਂ ਤੇ ਅੱਡਰੇ ਅੱਡਰੇ ਹੋਏ ਪਰ ਅਣਡਿੱਠੇ ਜਗਤ ਵਿਚੋਂ ਜੋ ਆਵੇਸ਼ ਕਵੀਆਂ ਵਿਚ ਹੁੰਦਾ ਹੈ ਓਸ ਦਾ ਨਾਮ 'ਸ਼ਾਰਦਾ ਯਾ ਸਰਸ੍ਵਤੀ' ਇਹੋ ਇਕ 'ਅਰੂਪ ਵਜਕਤੀ ਦੇ ਖਿਆਲ' ਵਾਲਾ ਜਾਰੀ ਰਿਹਾ, ਅਰ ਦੇਸ਼, ਕਾਲ, ਮਤ ਦੇ ਭੇਦ ਹੋਣ ਤੇ ਵੀ ਕਵੀਆਂ ਦਾ ਇਹ ਖਿਆਲ ਇੱਕੋ ਰਿਹਾ ਤੇ ਇਸ ਵਿਚ ਫਰਕ ਤੇ ਨਿਖੇੜਾ ਨਹੀਂ ਪਿਆ ਅਤੇ ਇਹ ਖਿਆਲ ਮਜ਼੍ਹਬ ਦੀ ਸ਼ਕਲ ਨਹੀਂ ਲੈ ਗਿਆ। ਅਰਥਾਤ-'ਸਾਰਦਾ' ਦਾ ਆਵਾਹਨ ਕੋਈ ਮਜ਼੍ਹਬ ਯਾ ਮਤ ਯਾ ਦੀਨ ਨਹੀਂ ਬਣਿਆਂ, ਬਲਕੇ ਅੱਡ ਅੱਡ ਮਤ ਭੇਦਾਂ ਵਾਲਿਆਂ ਦਾ ਇਹ ਇਕ 'ਕਵਿ-ਸੰਕੇਤ' ਮਰਯਾਦਾ ਦੀ ਸੂਰਤ ਵਿਚ ਸਾਂਝਾ 'ਮਨੋ-ਹੁਲਾਸ' ਰਿਹਾ।

---

*'ਸਰਸ੍ਵਤੀ ਬ੍ਰਹਮਾ ਦੀ ਵਹੁਟੀ ਹੈ' ਇਹ ਇਸ ਸਮੇਂ ਤੋਂ ਪਿੱਛੋਂ ਦਾ ਖਿਆਲ ਹੈ।

†ਮਹਾਂਭਾਰਤ (ਸਾਲਯਪਰਵ ੧੨੬੨੦) ਵਿਚ ਸੱਤ ਸਰਸ੍ਵਤੀਆਂ ਮੰਨੀਆਂ ਗਈਆਂ ਹਨ:-ਸੁਪ੍ਰਭਾ, ਕਾਂਚਨਾਕਸ਼ੀ, ਵਿਸ਼ਾਲਾ, ਮਨੋਰਮਾ, ਓਘਾਵਤੀ, ਸੁਰੇਣੂ, ਵਿਮਾਲੋਦਕਾ।

ਉੱਪਰ ਤਾਂ ਅਸਾਂ ਹਿੰਦ ਦਾ ਹਾਲ ਦਿੱਤਾ ਹੈ, ਹੁਣ ਸੁਣੋ ਯੂਰਪ ਵਿਚ ਇਸ ਖਿਆਲ ਦਾ ਕਿਵ ਹਾਲ ਰਿਹਾ:–ਯੂਰਪ ਵਿਚ ਸਭ ਤੋਂ ਪੁਰਾਣੀ ਸਭ੍ਯਤਾ ਯੂਨਾਨ (ਗ੍ਰੀਸ) ਦੀ ਹੈ, ਓਸ ਤੋਂ ਮਗਰਲੀ ਰੋਮ ਦੀ, ਅੱਜ ਕਲ ਦੀ ਸਭ੍ਯਤਾ ਮਾਨੋਂ ਇਨ੍ਹਾਂ ਦੋਹਾਂ ਦੀ ਧੀ ਤੇ ਦੋਹਤੀ ਹੈ । ਪੁਰਾਤਨ ਯੂਨਾਨ ਵਿਚ ਜਦੋਂ ਕਿ ਓਸ ਵਿਚ ਕਵੀ ਹੋਣ ਲੱਗੇ, ਇਹੋ ਹਿੰਦ ਵਰਗਾ ਖਿਆਲ ਸ਼ਾਰਦਾ* ਦਾ ਰਿਹਾ ਹੈ । ਸਾਰਦਾ ਨੂੰ ਯੂਰਪ ਵਾਲੇ (muse) ਮਯੂਜ਼ ਆਖਦੇ ਹਨ, ਇਸ ਵਾਸਤੇ ਲਾਤੀਨੀ ਪਦ ਹੈ–ਮਯੂਜ਼ਾ (musa) ਤੇ ਯੂਨਾਨੀ ਪਦ ਹੈ–ਮੌਸਾ (mousa) । ਯੂਨਾਨ ਵਿਚ ਮਯੂਜ਼ ਪਹਿਲੇ ਇਕ ਸੀ, ਫਿਰ ਤ੍ਰੈ ਸਨ† ਤੇ ਫਿਰ ਨੌਂ । ਇਨ੍ਹਾਂ ਨੂੰ ਦੇਵਤਾ ਜ਼ਯੂਅਸ ਦੀਆਂ ਧੀਆਂ ਤੇ ਕੁਆਰੀਆਂ‡ ਮੰਨਿਆ ਗਿਆ ਸੀ. ਏਹ ਨਵੇਂ§ ਦੇਵੀਆਂ ਮੰਨੀਆਂ ਗਈਆਂ ਸਨ । ਇਨ੍ਹਾਂ ਦੀ ਬਾਬਤ ਇਹ ਖਿਆਲ ਸੀ ਕਿ 'ਜ਼ਯੂਅਸ' ਨਾਮੇ ਦੇਵਤਾ ਦੀ ਜਗਵੇਦੀ ਦੇ ਉਦਾਲੇ ਏਹ ਦੇਵੀਆਂ ਜ਼ਯੂਅਸ ਦਾ ਯਸ਼ ਗਾਇਨ ਕਰਦੀਆਂ ਹਨ । ਮਨੁੱਖਾਂ ਤੇ ਦੇਉਤਿਆਂ ਦੇ ਅਸਲ ਤੇ ਜਨਮ ਦੇ ਹਾਲ ਗਾਉਂਦੀਆਂ ਹਨ, ਦੇਵਤਿਆਂ ਦੇ ਸਮਾਗਮਾਂ ਵਿਚ ਕੀਰਤਨ ਕਰਦੀਆਂ ਹਨ, ਬੀਰਾਂ ਤੇ ਯੋਧਿਆਂ ਦੇ ਸਤਿਕਾਰ ਕਥਨ ਕਰਦੀਆਂ ਹਨ, ਇਨ੍ਹਾਂ ਨੂੰ ਭੂਤ ਤੇ ਭਵਿੱਖ ਦੀ ਖ਼ਬਰ ਹੁੰਦੀ ਹੈ, ਜਿਨ੍ਹਾਂ ਕਵੀਆਂ ਤੇ ਇਨ੍ਹਾਂ ਦੀ ਮਿਹਰ ਹੁੰਦੀ ਹੈ ਓਹਨਾਂ ਨੂੰ ਉੱਚੀ ਵਿਦ੍ਯਾ, ਸੁਹਣੇ ਵਲਵਲੇ ਨਾਲ ਭਰ ਦੇਂਦੀਆਂ ਹਨ ਤੇ ਉੱਚੀ ਕਵਿਤਾ ਕਰਨ ਦੀ ਜਾਚ ਸਿਖਾਲਦੀਆਂ ਹਨ ।

ਯੂਨਾਨੀਆਂ ਨੇ ਮਯੂਜ਼ਿਜ਼ ਨੂੰ ਐਪੋਲੋ ਦੇਵਤਾ ਦੀ ਸਰਪ੍ਰਸਤੀ ਤੇ ਅਗੁਵਾਈ ਵਿੱਚ ਟੁਰਦੀਆਂ ਬੀ ਵਰਣਨ ਕੀਤਾ ਹੈ, ਉਨ੍ਹਾਂ ਨੇ 'ਐਪੋਲੋ' ਦੇਵਤਾ ਨੂੰ "ਮਯੂਜ਼ਾਗੇਟੇਸ" (ਅਰਥਾਤ ਮਯੂਜ਼ਾ ਦਾ ਆਗੂ) ਦਾ ਖ਼ਿਤਾਬ ਦੇ ਰੱਖਿਆ ਸੀ । ਇਨ੍ਹਾਂ ਦੇਵੀਆਂ ਦੀ ਪੂਜਾ ਦੇ ਦੋ ਮੁਕਾਮ ਸਨ: ੧. ਅਲੰਮਪੀਅਸ ਪਹਾੜ ਦੇ ਢਲਾਨ ਉੱਤੇ, ਲਿਇਬਥ੍ਰੋਨ ਤੇ ਪਿਪਲੇਇਆ ਦੇ ਪਵਿੱਤ੍ਰ ਚਸ਼ਮਿਆਂ ਦੇ ਕੋਲ । ੨. ਹੈਲੀਕੋਨ ਪਹਾੜ

*ਉਡੇਸੀ ਜੈਸੀ ਪੁਰਾਤਣ ਕਵਿਤਾ (ਦੇ ੨੪–੬੦) ਵਿਚ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ ।

†ਤਿੰਨਾਂ ਦੇ ਨਾਮ ਏਹ ਸਨ:–ਮ੍ਨੇਮੇ (ਚੇਤਾ ਸ਼ਕਤੀ), ਮਲੇਟੇ (ਵੀਚਾਰ), ਓਡੇ (ਗੀਤ) ।

‡ਪ੍ਰੰਤੂ ਕਈ ਇਕ ਖਯਾਲੀ ਕਵੀ ਜੈਸਾ ਕਿ ਆਰਫੀਅਸ, ਲਾਈਨਸ ਇਆਲੇਮਸ ਆਦਿ ਮਯੂਜ਼ਜ਼ ਦੇ ਪੁੱਤ੍ਰ ਬੀ ਦੱਸੇ ਜਾਂਦੇ ਹਨ,ਜਿਵੇਂ ਹਿੰਦ ਦੀ 'ਵਾਚ' ਤੇ 'ਸਰਸ੍ਵਤੀ'ਪਹਿਲੇ ਕੁਆਰੀ ਸੀ ਪਰ ਪਿਛਲੇ ਸਮੇਂ ਬ੍ਰਹਮਾ ਦੀ ਆਦਿ ਸ਼ਕਤੀ ਅਰ ਉਸ ਦੀ ਇਸਤ੍ਰੀ ਵਰਣਨ ਹੋਈ ਹੈ ।

§ਨੌਂ ਮਯੂਜ਼ਾ (ਜੋ ਗਿਣਤੀ ਬਹੁਤ ਪਿੱਛੋਂ ਜਾਕੇ ਵਧੀ) ਦਾ ਵੇਰਵਾ ਇਹ ਹੈ:–੧ ਕਲੀਓ (ਇਤਿਹਾਸ ਦੀ ਦੇਵੀ), ੨ ਯੂਟਰਪੇ (ਸੰਗੀਤਕ ਕਵਿਤਾ), ੩ ਥੇਲੀਆ (ਨਾਟਕ, ਹਾਸ੍ਯ ਤੇ ਰਸਿਕ ਢੰਗ ਦਾ ਨਾਟਕ ਆਦਿ), ੪ ਮਲਪਾਮਨੇ (ਨਾਟਕ, ਜਿਸ ਦਾ ਅੰਤ ਦਿਲਗੀਰੀ ਹੋਵੇ), ੫ ਟਰਪਸੀਕੋਰ (ਸੰਗੀਤ ਤੇ ਨਿਰਤਕਾਰੀ), ੬ ਈਰੇਟੋ (ਇਸ਼ਕੀਆ ਕਵਿਤਾ), ੭ ਕੈਲੀਆਪੇ (ਵੀਰ ਚਰਿਤ ਵਰਣਨ ਵਾਲੀ ਕਵਿਤਾ), ੮ ਯੂਰੇਨੀਆ (ਜ੍ਯੋਤਿਸ਼ ਦੀ), ੯ ਪਾਲੀਹਿਮਨ੍ਯਾ (ਦੇਵਤਿਆਂ ਦੇ ਭਜਨ ਤੇ ਨਾਦ ਆਦਿ ਦੀ) ।

ਉੱਤੇ ਅਸਕਰਾ ਤੇ ਥੈਸਪੀ ਦੇ ਪਾਸ, ਇਸ ਤੋਂ ਛੁਟ ਥੈਸੇਲੀ ਤੇ ਇਟਲੀ ਵਿਚ ਬੀ ਇਨ੍ਹਾਂ ਦੇ ਪੂਜਾ ਮੰਦਿਰ ਬਣੇ ਸਨ। ਹਿੰਦ ਦੀ ਸਾਰਦਾ ਵਾਂਙੂ ਮਯੂਜ਼ਿਜ਼ ਬੀ ਜੀਵਾਂ ਦੀਆਂ ਬਲੀਆਂ ਨਹੀਂ ਸਨ ਲੈਂਦੀਆਂ, ਪਰ ਕਵੀਆਂ ਦੇ ਦਿਲ ਤਰੰਗ,–ਜਦੋਂ ਕਿ ਓਹ ਕੋਈ ਪੋਥੀ ਲਿਖਣ ਤਾਂ ਅਪਣਾ ਮੰਗਲ 'ਇਨ੍ਹਾਂ ਦੇ ਆਵਾਹਨ ਤੋਂ ਕਰਦੇ ਸਨ ਅਰ ਅਪਣੀ ਕਵਿਤਾ ਵਿਚ ਪ੍ਰਬੀਨਤਾ, ਨਿਬਾਹ, ਰਸ ਤੇ ਉੱਚ ਖ਼ਯਾਲੀ ਲਈ ਇਨ੍ਹਾਂ ਦੀ ਸਹਾਇਤਾ ਮੰਗਦੇ ਸਨ, ਕਿਸੇ ਮਹਾਂ ਕਾਵ੍ਯ ਦੇ ਵਿੱਚ ਵਿੱਚ ਵੀ ਜਿੱਥੇ ਕਿਸੇ ਵਡੇ ਪ੍ਰਸੰਗ ਯਾਂ ਕਠਨ ਵਿਸ਼ੇ ਨੂੰ ਛੁਹਣ ਤਾਂ ਮਯੂਜ਼ ਨੂੰ ਮੁੜ ਮੁੜ ਬੀ ਯਾਦ ਕਰਦੇ ਸਨ।

ਯੂਨਾਨ ਤੋਂ ਟੁਰਕੇ ਇਹ ਖਿਆਲ ਇਟਲੀ ਯਾ ਰੋਮ ਵਿਚ ਗਿਆ। ਲਾਤੀਨੀ ਜ਼ਬਾਨ ਵਿਚ ਅਸੀਂ ਇਸ ਦਾ ਨਾਮ ਦੱਸ ਆਏ ਹਾਂ, ਰੋਮ ਤੋਂ ਇਹ ਖਿਆਲ ਸਾਰੇ ਯੂਰਪ ਵਿਚ ਫੈਲ ਗਿਆ। ਫੇਰ ਸਮਾਂ ਆਇਆ ਕਿ ਸਾਰਾ ਯੂਰਪ–ਦੇਵਤਾ ਪ੍ਰਸਤੀ– ਦੇ ਮਜ਼ਹਬ ਤੋਂ ਨਿਕਲਕੇ ਈਸਾਈ ਹੋ ਗਿਆ। ਸਭ ਦੇਵੀ ਦੇਉਤਾ ਦੇ ਪੂਜਨ ਛੁਟ ਗਏ, ਮੰਦਰ ਗ਼ੈਰ ਆਬਾਦ ਹੋ ਗਏ, ਗਿਰਜੇ ਬਣ ਗਏ ਤੇ ਉਨ੍ਹਾਂ ਉਤੇ ਟੱਲ ਖੜਕਣ ਲੱਗ ਪਏ, ਰੱਬ ਰੱਬ ਦਾ ਪੁੱਤ੍ਰ, ਤੇ 'ਰੂਹੁਲ-ਕੁਦਸ' ਦਾ ਹੋਕਰਾ ਘਰ ਘਰ ਹੋ ਗਿਆ, ਪਰ ਕਵੀਆਂ ਦੇ 'ਦਿਲ–ਮੰਦਰਾਂ' ਵਿੱਚੋਂ 'ਮਯੂਜ਼' ਦਾ ਮੰਦਰ ਨਾ ਢੱਠਾ। ਇਟਲੀ ਦਾ ਪ੍ਰਸਿੱਧ ਮਹਾਂ ਕਵੀ ਡੈਂਟੇ ਅਪਣੇ ਮਹਾਂ ਕਾਵ੍ਯ ਵਿਚ ਮਯੂਜ਼ ਦਾ ਆਵਾਹਨ ਕਰਦਾ ਹੈ, (ਦੇਖੋ, ਪ੍ਰਗੇਟਰੀ ਕੈਂਟੋ ੧, ਸਤਰ ੭) ਜਿੱਥੇ ਓਹ ਨਵਾਂ ਹੀ ਮਯੂਜ਼ਿਜ਼ ਨੂੰ ਯਾਦ ਕਰਦਾ ਹੈ ਅਤੇ ਕੈਲੀਆਪੇ (ਵੀਰ ਚਰਿਤ੍ਰ ਵਰ੍ਣਨ) ਦੀ ਸਰਸ੍ਵਤੀ ਨੂੰ ਖਾਸ ਹੋਕਰਾ ਦੇਂਦਾ ਹੈ। ਫੇਰ 'ਪੈਰਾਡਾਈਜ਼' (ਕੈਂਟੋ੧, ਸਤਰ ੧੨) ਵਿਚ ਡੈਂਟੇ ਮਯੂਜ਼ਿਜ਼ ਦੇ ਆਗੂ ਐਪੋਲੋ ਨੂੰ ਯਾਦ ਕਰਦਾ ਹੈ ਕਿ ਤੂੰ ਮੇਰੀ ਛਾਤੀ ਵਿਚ ਪ੍ਰਵੇਸ਼ ਕਰ ਅਰ ਮੈਨੂੰ ਉੱਚਾ ਆਵੇਸ਼ ਦੇਹ।

ਡੈਂਟੇ ਦੇ ਸਮੇਂ ਮਗਰੋਂ ਯੂਰਪ ਦੇ ਈਸਾਈਪਣੇ ਵਿਚ ਹੋਰ ਫਰਕ ਆਯਾ, ਈਸਾਈਅਤ ਹੋਰ ਛਾਣੀ ਤੇ ਪੁਣੀ ਗਈ, ਅਰ ਦੇਵਤਾ ਪੂਜਾ ਤਾਂ ਕਿਤੇ ਰਹੀ, ਈਸਾ ਤੇ ਮਰੀਯਮ ਦੀਆਂ ਮੂਰਤੀਆਂ ਦੀ ਪੂਜਾ ਬੀ ਬਹੁਤੇ ਮੁਲਕਾਂ ਤੋਂ ਛੁਟੀ, ਨਵੇਂ ਮਤ ਦਾ ਨਾਮ ਪ੍ਰਾਟੈਸਟੈਂਟ ਹੋਯਾ, ਪਰੰਤੂ ਕਵੀਆਂ ਦੇ ਮੰਡਲ ਵਿਚ ਉਨ੍ਹਾਂ ਦੀ ਸਰਸ੍ਵਤੀ (ਮਯੂਜ਼) ਦਿਲ ਦੇ ਤਖ਼ਤੋਂ ਨਾ ਉਤਰੀ। ਯੂਰਪ ਦਾ ਢੇਰ ਸਾਰਾ ਹਿੱਸਾ ਭਾਵੇਂ ਪ੍ਰਾਟੈਸਟੈਂਟ ਹੋ ਗਿਆ, ਪਰੰਤੂ ਕਵੀ ਮਯੂਜ਼ਾਂ ਨੂੰ ਯਾਦ ਕਰਦੇ ਰਹੇ ਅਰ ਅਪਣੀ ਕਵਿਤਾ ਦੀ ਸਫਲਤਾ ਲਈ ਸਹਾਇਤਾ ਮੰਗਦੇ ਰਹੇ। ਪ੍ਰਾਟੈਸਟੈਂਟ ਈਸਾਈਆਂ ਵਿਚੋਂ ਇਕ ਹੋਰ ਤ੍ਰਿਖਾ ਫਿਰਕਾ 'ਪਯੂਰੀਟੈਨਸ' ਦਾ ਨਿਕਲਿਆ, ਜਿਨ੍ਹਾਂ ਵਿਚੋਂ 'ਮਿਲਟਨ' ਨਾਮੇ ਇਕ ਮਹਾਨ ਕਵੀ ਜੀ ਹੋਏ ਹਨ। ਆਪ ਨੇ ਬੀ ਮਯੂਜ਼ ਨੂੰ ਯਾਦ ਕੀਤਾ ਹੈ। ਅਪਣੀ 'ਲਾਈਸਿਡਸ' ਨਾਮੇ ਕਵਿਤਾ ਵਿਚ ਆਪ ਨੇ ਪਵਿੱਤ੍ਰ ਚਸ਼ਮੇਂ ਦੀਆਂ ਭੈਣਾਂ (ਮਯੂਜ਼ਿਜ਼) ਨੂੰ ਜੋ ਜਯੂਪੀਟਰ ਦੇ ਸਥਾਨ ਹੇਠੋਂ ਨਿਕਲਦਾ ਹੈ, ਪਤਾ ਦੇਕੇ ਯਾਦ ਕੀਤਾ ਹੈ। ਇਸ ਕਵੀ ਨੇ ਅਪਣੇ 'ਪੈਰਾਡਾਈਸ ਲਾਸਟ' ਨਾਮੇ ਮਹਾਂਕਾਵ੍ਯ ਵਿਚ ਬੀ ਮਯੂਜ਼ ਨੂੰ ਯਾਦ ਕੀਤਾ ਹੈ, ਸਗੋਂ ਆਪ ਨੇ ਇਕ ਐਸੀ ਥਾਵੇਂ ਤਾਂ ਮਯੂਜ਼ ਨੂੰ ਆਲਿਮਪੀਅਨ ਪਹਾੜ ਤੋਂ

ਚੁੱਕ ਕੇ ਅਰਸ਼ਾਂ ਵਿਚ ਵੱਸਣ ਵਾਲੀ ਦਾ ਇਸ਼ਾਰਾ ਦੇ ਦਿੱਤਾ ਹੈ ਕਿ ਇਹ ਅਰਸ਼ਾਂ ਵਿਚੋਂ ਰੱਬ ਦੇ ਦਰ ਦਾ ਆਵੇਸ਼ ਹੈ, ਜਿਸ ਦਾ ਨਿਚੋੜ ਇਹ ਹੈ ਕਿ ਕਵੀ ਚਾਹੇ ਕਿਸੇ ਮਜ਼੍ਹਬ ਤੇ ਈਮਾਨ ਦੇ ਹੋਏ ਹਨ, ਉਨ੍ਹਾਂ ਨੇ ਅਪਣੀ ਉੱਚ ਕਵਿਤਾ ਦੇ ਲਿਖਣ ਦੀ ਹਾਲਤ ਨੂੰ 'ਆਵੇਸ਼ਕ ਹਾਲਤ' ਅਨੁਭਵ ਕੀਤਾ ਹੈ, ਅਰ ਅਪਣੇ ਉਸ ਆਵੇਸ਼ ਨੂੰ ਨਾਂ ਦਿੱਸਣ ਵਾਲੇ ਜਗਤ ਵਿਚੋਂ ਕਿਸੇ ਰੂਹਾਨੀ ਵਜਕਤੀ ਵਾਲਾ ਸਮਝਿਆ ਹੈ, ਨਾਮ ਤੇ ਉਸ ਦੀ ਵਿਥਯਾ ਚਾਹੇ ਕੁਛ ਆਖੀ ਹੋਵੇ, ਪਰ 'ਆਵੇਸ਼' ਤੇ 'ਆਵੇਸ਼ ਕਿਸੇ ਅਦ੍ਰਿਸ਼ਯ ਸੱਤਯਾ ਯਾ ਵਜਕਤੀ ਵੱਲੋਂ' ਮੰਨਿਕੇ ਉਸ ਨੂੰ ਅਰਾਧਿਆ ਹੈ* । ਇਸੀ ਪ੍ਰਕਾਰ ਕਵਿ ਸੰਤੋਖ ਸਿੰਘ ਜੀ ਨੇ ਅਪਣਾ ਗ੍ਰੰਥ ਆਰੰਭਣ ਤੋਂ ਪਹਿਲਾਂ ਕਵੀਆਂ ਦੀ ਇਸ ਬੰਨ੍ਹੀ ਹੋਈ ਮਰਯਾਦਾ ਨੂੰ ਵਰਤ ਲਿਆ ਹੈ । ਭਾਵੇਂ ਓਹ ਆਪ ਇਕ ਅਕਾਲ ਦੇ ਉਪਾਸਕ ਹਨ, ਅਰ ਬੁਤਪ੍ਰਸਤ ਮਜ਼ਹਬ ਦੇ ਪੈਰੋਕਾਰ ਨਹੀਂ ਹਨ, ਉਨ੍ਹਾਂ ਨੇ 'ਸ਼ਾਰਦਾ' ਨੂੰ ਕਵਿਤਾ ਦਾ ਇੱਕ 'ਉੱਚਾ ਹੁਲਾਸ' ਜਾਣਕੇ ਯਾਦ ਕੀਤਾ ਹੈ, ਇਹ ਉਨ੍ਹਾਂ ਦਾ ਮਜ਼ਹਬੀ ਅਸੂਲ, ਇਸ਼ਟਪਤੀ ਯਾ ਧਰਮ ਨਹੀਂ ਹੈ । ਨਾ ਹੀ ਉਨ੍ਹਾਂ ਇਸ ਨੂੰ ਇਸ਼ਟ ਮੰਨਿਆ, ਨਾ ਮੰਨਣੇ ਦਾ ਉਪਦੇਸ਼ ਦਿੱਤਾ ਹੈ । ਅਪਣੇ ਧਰਮ ਦਾ, ਅਪਣੇ ਵਿਸ਼ਵਾਸ਼ ਤੇ ਈਮਾਨ ਦਾ, ਅਪਣੇ ਮਜ਼ਹਬੀ ਭਰੋਸੇ ਤੇ ਯਕੀਨ ਦਾ ਪਤਾ ਕਵਿ ਜੀ ਨੇ ਇਸੇ ਅਧਯਾਯ ਦੇ ਅੰਕ ੨੫ ਅਤੇ ੩੦ ਵਿਚ ਐਉਂ ਦਿੱਤਾ ਹੈ:—

ਗੋਬਿੰਦ ਸਿੰਘ ਗੁਰੂ 'ਗਤਿ ਦਾਯਕ†' ਆਨ ਕੀ ਆਸ ਨਹੀ ਮਨ ਰਾਈ ॥ ੨੫ ॥

... ...

ਅਬ ਆਨ ਕੀ ਆਸ ਨਿਰਾਸ ਭਈ ਕਲਗ਼ੀਧਰ ਬਾਸ ਕੀਯੋ ਮਨ ਮਾਹੀ ॥ ੩੦ ॥

ਇਸੇ ਅਧਯਾਯ ਵਿਚ ਇਸ ਤੋਂ ਬੀ ਹੋਰ ਸਪਸ਼ਟ ਐਉਂ ਉਚਾਰਦੇ ਹਨ:—

(ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸ ਕਰਦੇ ਹੋਏ:—)

ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ ਨਿਜ ਲਾਗੀ ਤੇਰੇ ਨਾਮ ਤਾਰ
ਛੋਰੀ ਆਸ ਹੋਰੀਆ । ਪਰਜੋ ਦਰਬਾਰ ਸਭ ਥਾਂਵ ਨਿਰਧਾਰ ਕਰ
ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ ॥ ੩੨ ॥

ਹੋਰ—ਦੇਖੋ ਅੰਕ ੨੭ ਇਸੇ ਅਧਯਾਯ ਦਾ:—

ਕਬਿਤ—ਤੋਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ, ਤੋ ਸੋ ਨ

---

*ਮੁਕਾਬਲਾ ਕਰੋ, ਰਿਗ ਵੇਦ, (੧੦.੧੨੫) ਜਿੱਥੇ 'ਵਾਚ' ਆਖਦੀ ਹੈ:— ਜਿਸ ਆਦਮੀ ਨੂੰ ਮੈਂ ਪਿਆਰ ਕਰਦੀ ਹਾਂ ਉਸ ਨੂੰ ਸ਼ਕਤੀਮਾਨ ਬਨਾ ਦੇਂਦੀ ਹਾਂ, ਉਸ ਨੂੰ ਬ੍ਰਹਮਣ, ਰਿਸ਼ੀ ਤੇ ਦਾਨਾ ਬਨਾ ਦੇਂਦੀ ਹਾਂ।......ਜਗਤ ਦੀ ਚੋਟੀ ਉਤੋਂ ਮੈਂ ਪਿਤਾ ਨੂੰ ਲੈ ਆਉਂਦੀ ਹਾਂ......। ਇਸਤੋਂ ਸਪਸ਼ਟ ਹੈ ਕਿ ਲਿਖਣੇ ਵਾਲਾ 'ਵਾਚ:', ਯਾ 'ਸਰਸ੍ਵਤੀ' ਯਾ 'ਮਯੂਜ਼' ਨੂੰ ਮੰਨਦਾ ਹੈ ਕਿ ਓਹ (ਪਿਤਾ) ਪਰਮਾਤਮਾ ਦੇ ਦੇਸ਼ ਦੀ ਸ਼ੈ ਹੈ,ਅਰ ਓਹ ਅਪਣੇ ਕ੍ਰਿਪਾ ਪਾਤ੍ਰ ਨੂੰ ਬ੍ਰਹਮਣ, ਰਿਸ਼ੀ, ਦਾਨਾ, ਅਰਥਾਤ 'ਕਵੀ' ਬਨਾ ਸਕਦੀ ਹੈ।

†ਮੁਕਤੀ ਦਾਤਾ।

ਦਯਾਲੁ, ਦੁਖੀ ਮੋ ਸੋ ਨ ਅਲਾਈਏ। ਮੋ ਸੋ ਨਹੀਂ ਕ੍ਰਿਤਘਨ, ਤੋ ਸੋ
ਉਪਕਾਰੀ ਨਾਂਹਿ, ਮੋ ਸੋ ਨ ਅਨਾਥ, ਨਾਥ ਤੋ ਸੋ ਨ ਬਤਾਈਏ। ਔਗੁਨੀ
ਨ ਮੋ ਸੋ ਕੋਊ, ਗੁਨਵਾਨ ਤੋਸੋ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹਿ
ਪਾਈਏ। ਕਵਿ ਆਯੋ ਹੈ ਸ਼ਰਨ, ਗਹੇ ਧਾਇ ਕੈ ਚਰ੍ਹਨ, ਗੁਰੂ ਤਾਰਨ
ਤਰਨ ਨਿਜ ਹਾਥ ਦੈ ਬਚਾਈਏ ॥ ੨੭ ॥

ਇਹ ਤੁਕਾਂ ਅਸਾਂ ਨਮੂਨੇ ਮਾਤ੍ਰ ਦਿੱਤੀਆਂ ਹਨ, ਬਾਕੀ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪੜ੍ਹਨ ਨਾਲ ਕਦਮ ਕਦਮ ਤੇ ਨਿਸ਼ਚਾ ਹੁੰਦਾ ਜਾਂਦਾ ਹੈ ਕਿ ਕਵੀ ਭਾਈ ਸੰਤੋਖ ਸਿੰਘ ਜੀ ਉਨ੍ਹਾਂ ਵਿਰਲੇ ਸਿੱਖਾਂ ਵਿੱਚੋਂ ਹੋਏ ਹਨ ਜੋ ਅਨਿੰਨ ਭਗਤ ਗੁਰੂ ਸਾਹਿਬਾਨ ਦੇ ਸਨ, ਇਸ ਲਈ ਉਨ੍ਹਾਂ ਦਾ 'ਸ਼ਾਰਦਾ ਆਵਾਹਨ' ਉਨ੍ਹਾਂ ਦਾ ਮਜ਼ਹਬ ਨਹੀਂ ਹੈ, ਨਾ ਉਹ ਇਸ ਨੂੰ ਪੜ੍ਹਨ ਵਾਲਿਆਂ ਦਾ-ਮਜ਼ਹਬ ਬਨਾਉਣਾ ਚਾਹੁੰਦੇ ਹਨ । ਇਹ ਇੱਕ ਕਵੀ ਮਨ ਦਾ ਹੁਲਾਸ ਹੈ, ਦੇਖੋ ਈਰਾਨ ਅਗਨੀ ਪ੍ਰਸਤ ਸੀ, ਸਾਰਾ ਮੁਸਲਮਾਨ ਹੋ ਗਿਆ, ਪਰ ਕਵਿਤਾ ਕਰਨ ਵੇਲੇ ਸਾਕੀ ਤੇ ਮੈਅ (ਸ਼ਰਾਬ ਪਿਲਾਉਣ ਵਾਲਾ ਤੇ ਸ਼ਰਾਬ) ਨੂੰ ਯਾਦ ਕਰਦੇ ਹਨ । 'ਸਾਕੀ ਤੇ ਸ਼ਰਾਬ' ਇਸਲਾਮ ਵਿਚ ਹਰਾਮ ਹਨ, ਪਰ 'ਕਵਿਮਨ ਹੁਲਾਸ' ਉਸੇ ਹਰਾਮ ਸ਼ਰਾਬ ਪਿਲਾਉਣ ਵਾਲੀ 'ਸੁੰਦਰੀ-ਸਾਕੀ' ਨੂੰ ਕਵਿਤਾ ਕਰਨ ਵੇਲੇ ਯਾਦ ਕਰਦੇ ਤੇ ਆਵੇਸ਼ਕ ਹਾਲਤ ਦੀ ਯਾਚਨਾ ਕਰਦੇ ਹਨ ਕਿ ਪਿਆਲਾ ਪਿਲਾ ਦੇ । ਸ਼ਰਾਬ ਉਨ੍ਹਾਂ ਦੀ 'ਕਾਵਯ ਸ਼ਕਤੀ' ਹੈ ਤੇ ਇਸ ਨੂੰ ਯਾਦ ਕਰਨਾ ਉਨ੍ਹਾਂ ਦਾ 'ਮਨੋ-ਹੁਲਾਸ' ਮਾਤ੍ਰ ਹੈ। ਇਸੇ ਤਰ੍ਹਾਂ ਸਿੱਖ ਹੋਕੇ ਭਾਈ ਸਾਹਿਬ ਦਾ ਸ਼ਾਰਦਾ ਨੂੰ ਯਾਦ ਕਰਨਾ 'ਕਵਿ-ਸੰਕੇਤ'-'ਕਵਿ ਮਨ ਹੁਲਾਸ'-ਹੈ, ਇਹ ਇਸ਼ਟ ਅਰ ਇਸ਼ਟਾਪਤੀ ਦੀ ਬਾਤ ਨਹੀਂ ਹੈ* । ਆਪਦੀ ਵਿਦਯਾ ਦਾ ਮੰਡਲ ਕੇਵਲ ਸੰਸਕ੍ਰਿਤ ਤੇ ਹਿੰਦੀ ਸੀ, ਇਸ ਵਾਸਤੇ ਉਨ੍ਹਾਂ ਲੋਕਾਂ ਦੇ ਤ੍ਰੀਕੇ ਦੀ ਹਿੰਦੀ ਭਾਸ਼ਾ

---

*ਅਧਯਾਯ ੨੭ ਅੰਕ ੧੬, ੧੭ ਵਿੱਚ ਕਵੀ ਜੀ ਦੇਵੀ ਦੀ ਜ਼ਬਾਨੀ ਅਖਵਾਉਂਦੇ ਹਨ ਇਕ ਜਗਯਾਸੂ ਨੂੰ ਜੋ ਦੇਵੀ ਤੋਂ ਮੁਕਤੀ ਮੰਗਦਾ ਹੈ, ਦੇਵੀ ਆਖਦੀ ਹੈ:-

ਪਰਾਲਬਧ ਹੈ ਤਨ ਕੀ ਜੋ ਲੌ। ਸੇਵਹੁ ਸ੍ਰੀ ਨਾਨਕ ਪਗ ਤੋ ਲੌ। ਪੁਰਿ
ਸੁਲਤਾਨਹਿ ਕੀਨਿ ਦੁਕਾਨਾ। ਦੁਰਜੇ ਰਹਤਿ ਹੈ ਜਾਇ ਨ ਜਾਨਾ ॥ ੧੬ ॥
ਸ੍ਰੀ ਕਰਤਾਰ ਰੂਪ ਅਵਤਾਰਾ। ਕਲਿ ਨਰ ਤਾਰਨ ਕੋ ਤਨ ਧਾਰਾ।

ਫੇਰ ਸ੍ਰੀ ਗੁ: ਨਾ: ਪ੍ਰ: ਪੂ: ਅਧਯਾਯ ੨੯ ਅੰਕ ੩ ਵਿਚ ਪਰਮੇਸ਼ੁਰ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਨਿਸਤਾਰਨ ਲਈ ਟੋਰਨ ਵੇਲੇ ਆਖਦੇ ਹਨ ਕਿ 'ਹੈ ਕਲਿ ਕਾਲ ਕਰਾਲ ਬਿਸਾਲਹਿ ਮੰਦਮਤੀ ਮਨ ਮਾਨਵ ਹੋਊ। ਦੇਵਨਿ ਪੂਜਤਿ, ਨਾਮ ਤੇ ਬੇਮੁਖ ਕੇਵਲ ਪਾਪ ਪਰਾਇਨ ਜੋਊ।' ਇਥੇ ਬੀ ਕਵੀ ਜੀ 'ਦੇਵਤਿਆਂ ਦੀ ਪੂਜਾ' ਨੂੰ ਮੰਦ ਮਤੀ ਵਾਲੇ ਮਨੁੱਖਾਂ ਦਾ ਕਰਮ ਦੱਸ ਰਹੇ ਹਨ, ਤਦ ਓਹ ਆਪ ਕਿਸੇ ਦੇਵੀ ਦੇਵਤੇ ਨੂੰ ਆਪਣਾ ਇਸ਼ਟ ਕੀਕੂੰ ਮੰਨ ਸਕਦੇ ਸਨ ਯਾ ਸਾਨੂੰ ਮੰਨਣਾ ਸਿਖਲਾ ਸਕਦੇ ਸਨ ?

ਦੀ ਰਚਨਾ ਵਿਚ ਇਹ ਹੁਲਾਸ ਵਰਤਿਆ ਜਾਣਾ ਇਕ ਸੁਤੇ ਸੁਭਾਵ ਗਲ ਸੀ।

ਕਵੀ ਜੀ ਆਪ ਬ੍ਰੀ ਸਰਸ੍ਵਤੀ ਦੇ ਆਵੇਸ਼ ਨੂੰ ਗੁਰ ਯਸ਼ ਦੇ ਰਚਨ ਵਿਚ ਅੰਦਰਲੇ ਉਛਾਲ ਦੀ ਖ਼ਾਤਰ ਯਾਦ-ਕਰਦੇ ਹਨ, ਨਾਕਿ ਇਸ਼ਟ ਮੰਨਦੇ ਹਨ। ਯਥਾ:-

ਸਾਰਸ੍ਵਤੀ ਸਰਿਤਾ ਸਰਸ ਮਮ ਉਰ ਕਰਹੁ ਪ੍ਰਵਾਹ।
ਉਠਹਿ ਲਹਿਰ ਛੰਦਨ ਰਚਨ ਗੁਰ ਹਰਿ ਜਸ ਕੇ ਮਾਂਹਿ।੧।

[ਬ: ਰਮੇਣ ਕਿਬ ਕਾਂ: ਸ: ੧

ਕਵਿ ਜੀ ਨੇ ਪਹਿਲਾਂ ਅਪਣੇ ਇਸ਼ਟ ਗੁਰੂ ਦਾ ਮੰਗਲ ਰਖਿਆ ਹੈ, ਉਸ ਵਿਚ ਦੱਸਿਆ ਹੈ ਕਿ ਆਪ ਨੂੰ ਸੱਚ ਤੇ ਵਿਘਨਾਂ ਦੇ ਨਾਸ਼ ਦੀ ਲੋੜ ਹੈ, ਇਸ ਤੋਂ ਪਤਾ ਲਗਦਾ ਹੈ ਕਿ ਅਪਣੇ ਕੰਮ ਦੀ ਉਖਿਆਈ ਤੇ ਮਹਾਨਤਾ ਨੂੰ ਸਮਝ ਰਹੇ ਹਨ ਅਰ ਸ੍ਰਧਾ ਵਾਲੇ ਮਨ ਨਾਲ ਵਾਹਿਗੁਰੂ ਦੇ ਦਰ ਯਾਚਕ ਹਨ। ਫੇਰ ਸ਼ਾਰਦਾ ਦਾ 'ਕਵਿ-ਸੰਕੇਤਕ' ਮੰਗਲ ਕਰਕੇ ਅੱਗੋਂ ਅਪਨੀ ਰਚਨਾਂ ਅਰੰਭਦੇ ਹਨ, ਅਰ ਅਪਣੇ ਇਸ਼੍ਰ ਦੇਵ—ਵਾਹਿਗੁਰੂ, ਤੇ ਇਸ਼੍ਰ ਗੁਰੂ—ਸ੍ਰੀ ਗੁਰੂ ਸਾਹਿਬਾਨ; ਫੇਰ ਅਪਣੇ ਵਿਦਯਾ ਦਾਤੇ ਦਾ, ਫੇਰ ਨਾਮ—ਵਾਹਿਗੁਰੂ ਨਾਮ—ਦਾ ਮੰਗਲ ਤੇ ਮਹਿੰਮਾ ਕਥਨ ਕਰਦੇ ਹਨ, ਸਿਮਰਨ ਦਾ ਫਲ ਦੱਸਦੇ ਹਨ, ਤੇ ਅਧਯਾਯ ਇਸੇ ਮੰਗਲਮਯ ਰੰਗ ਵਿਚ ਸਮਾਪਤ ਕਰ ਦੇਂਦੇ ਹਨ। ਸਾਰੇ ਪੰਦ੍ਰਾਂ ਮੰਗਲ ਆਪ ਨੇ ਕੀਤੇ ਹਨ, ੧੪ ਵਿਚ ਅਪਨਾ ਇਸ਼੍ਰ ਹੈ, ਤੇ ਇਕ ਵਿਚ 'ਪਰਾਇਆ ਇਸ਼੍ਰ' ਨਹੀਂ, 'ਮਜ਼ਹਬੀ ਸ਼ਖਸੀਅਤ' ਨਹੀਂ,ਪਰ ਕੇਵਲ ਕਵੀਆਂ ਦੇ ਮਨੋਹੁਲਾਸ ਦੀ ਕਵਿ ਸੰਕੇਤਕ ਰੀਤਿ ਵਰਤੀ ਹੈਉਹ ਇਹ ਹੈ:-

ਕਬਿੱਤ—ਤੀਨੋ ਲੋਕ ਬਰ ਦਾਨੀ, ਤੀਨੋ ਜਾਚੈਂ ਮਹਾਰਾਨੀ,
ਤੀਨੋ ਤਾਪ ਹਾਨੀ, ਆਦਿ ਤੀਨੋ ਗੁਨ ਮੰਡਿਕਾ।
ਤੀਨੋ ਕਾਲ ਮਾਨੀ, ਤੀਨੋ ਸ਼ਕਤਿ ਪ੍ਰਧਾਨੀ ਤਵ,
ਤੀਨੋ ਕ੍ਰਿਤਵਾਨੀ, ਤੀਨੋ ਗਾਨੀ ਬਰ ਬੇਡਿਕਾ।
ਦੀਨੀ ਰਜਧਾਨੀ ਬੱਜ੍ਰ ਪਾਨੀ ਕੋ ਕ੍ਰਿਪਾਨ ਪਾਨੀ,
ਜਾਨੀ ਮੈਂ ਭਵਾਨੀ ਸੁਖ ਖਾਨੀ ਖਲ ਖੰਡਿਕਾ।
ਨਮੋ ਨਮੋ ਬਾਕ ਬਾਨੀ, ਜੋਤਿ ਬਿਦਤਾਨੀ, ਦਾਸ
ਰਸਨਾ ਬਸਾਨੀ, ਜੈਤਿ ਜੈਤਿ ਮਾਤ ਚੰਡਿਕਾ॥ ੨॥

[ਤੀਨੋ ਲੋਕ=(ੳ) ਤਿੰਨ ਲੋਕ:—ਸੁਰਗ, ਮਾਤ, ਪਾਤਾਲ।
(ਅ) ਤ੍ਰੈ ਵਰਗ=ਦੇਵਤੇ, ਮਨੁੱਖ, ਦੈਂਤ।
ਮਹਾਰਾਨੀ=ਵਡੇ ਪ੍ਰਕਾਸ਼ ਯਾ ਪ੍ਰਤਾਪ ਵਾਲੀ।
ਤੀਨੋ ਤਾਪ=ਆਧਿ, ਬਿਆਧਿ, ਉਪਾਧਿ। ਮਨ ਦੇ ਦੁੱਖ, ਸਰੀਰ ਦੇ ਦੁੱਖ, ਉੱਤੋਂ ਆ ਪਏ ਦੁੱਖ। ਕਵੀਆਂ ਦੇ ਤ੍ਰੈ ਤਾਪ ਏਹ ਹਨ:—
੧. ਅਪਣੀ ਚੰਗੀ ਕਵਿਤਾ ਦੇ ਅਭਿਮਾਨ ਵਿਚ ਬਲ ਉੱਠਣਾ.

ਪਦਾਂ ਦੇ ਅਰਥ:-

੨. ਦੂਸਰੇ ਦੀ ਚੰਗੀ ਕਵਿਤਾ ਵੇਖਕੇ ਈਰਖਾ ਨਾਲ ਸੜਨਾ,
੩. ਅਪਣੀ ਕਵਿਤਾ ਦੇ ਅਪਮਾਨ ਹੋਣ ਤੇ ਨਿਰਾਸਤਾ ਆਦਿਕ ਦੇ ਦੁਖ ਵਿਚ ਧੁਖਣਾ।

ਤੀਨੋਗੁਨ=ਰਜ, ਤਮ, ਸਤ, ਅਥਵਾ-੧. ਦੂਸਰਿਆਂ ਦੇ ਕੀਤੇ ਸਾਹਿਤਯ ਨੂੰ ਖੂਬੀ ਨਾਲ ਸਮਝ ਸੱਕਣਾ, ੨. ਆਪ ਉੱਚਾ ਸਾਹਿਤਯ ਲਿਖ ਸੱਕਣਾ, ੩. ਦੂਸਰੇ ਨੂੰ ਸਾਹਿਤਯ ਸਿਖਾ ਸੱਕਣਾ ਯਾ ਚਾਤੁਰੀ ਨਾਲ ਵਯਾਖਯਾ ਕਰ ਸੱਕਣੀ।

ਮੰਡਿਕਾ=ਸੰਵਾਰਣ ਵਾਲੀ, ਭੂਸ਼ਤਿ ਕਰਨ ਵਾਲੀ।

ਤੀਨੋ ਕਾਲ=ਭੂਤ, ਵਰਤਮਾਨ, ਭਵਿੱਖਤ । ਬੀਤ ਚੁਕਾ, ਬੀਤ ਰਿਹਾ ਤੇ ਆਉਣ ਵਾਲਾ ਸਮਾਂ। (ਅ) ਤ੍ਰੈ ਜ਼ਮਾਨੇ-੧. ਵੈਦਕ, ੨.ਪੌਰਾਣਕ ਤੇ ੩. ਯਵਨੀ ਰਾਜ ਦਾ ਸਮਾਂ । ਭਾਵ ਇਹ ਕਿ ਤਿੰਨਾਂ ਸਮਿਆਂ ਦੇ ਕਵੀ ਤੈਨੂੰ ਮੰਗਲ ਵੇਲੇ ਮੰਨਦੇ ਰਹੇ ਹਨ।

ਤੀਨੋ ਸ਼ਕਤਿ=ਤਿੰਨੋ ਸ਼ਕਤੀਆਂ:-ਉਮਾ, ਰਮਾ, ਸਾਵਿੱਤ੍ਰੀ। ਰਿਗ ਵੇਦ ਵਿਚ ਸਰਸ੍ਵਤੀ ਨੂੰ ਨਦੀਆਂ ਦੀ ਮਾਂ ਮੰਨਿਆਂ ਹੈ, ਦੇਵੀਆਂ ਦੀ ਮਾਂ ਮੰਨਿਆਂ ਹੈ, (ਦੇਖੋ ਰਿਗ ਮੰਡ: ੨. ਸੂ: ੪੧. ਮੰਤ੍ਰ ੧੬)। ਕਈ ਥਾਈਂ ਵਿਦਯਾ ਦਾਤੀ ਹੋਣ ਤੋਂ ਇਲਾਵਾ ਸਰਸ੍ਵਤੀ ਨੂੰ ਹੋਰ ਤ੍ਰੈ ਫਲਦਾਤੀ ਮੰਨਿਆਂ ਹੈ, ਓਹ ਤ੍ਰੈ ਫਲਦਾਤਾ ਸ਼ਕਤੀਆਂ ਉਸ ਦੀਆਂ ਏਹ ਹਨ:-੧. ਦੌਲਤ ਦੇਣ ਦੀ, ੨. ਖੇਤੀਆਂ ਬਹੁਤ ਉਪਜਾਉਣ ਦੀ, ੩. ਤ੍ਰੀਮਤਾਂ ਨੂੰ ਸੰਤਾਨ ਦਾਨ ਕਰਨ ਦੀ।

ਤੀਨੋ ਕ੍ਰਿਤਵਾਨੀ=ਉਤਪਤੀ, ਪਾਲਨ, ਸਿੰਘਾਰ, ਤਿੰਨਾਂ ਕੰਮਾਂ ਦੇ ਕਰਨ ਵਾਲੀ। ਤ੍ਰੈ ਕ੍ਰਿਤਾਂ ਖਾਸ ਸਰਸ੍ਵਤੀ ਦੀਆਂ ਏਹ ਹਨ:-
੧. ਯੱਗਾਂ ਨੂੰ ਸਫਲਤਾ ਦੇਣੀ। ੨. ਰਿਸ਼ੀਆਂ ਨੂੰ ਕਵਿਤਾ ਦੇਣੀ।
੩. ਨਦੀ ਸਰਸ੍ਵਤੀ ਵਿਚ ਪਵਿੱਤ੍ਰ ਜਲ ਦੇਣਾ।

ਤੀਨੋ ਗਾਨੀ=ਤਿੰਨਾ ਤੋਂ ਗਾਂਵੀਂ ਗਈ, ਬ੍ਰਹਮਾਂ ਬਿਸ਼ਨੁ ਮਹੇਸ਼ ਤੋਂ, ਪਰ ਇਸ਼ਾਰਾ ਇਧਰ ਹੈ:-(ਅ) ਵੇਦਾਂ ਦੇ, ਪੁਰਾਣਾਂ ਦੇ, ਤੇ ਹੋਰ ਆਮ ਸਾਹਿਤਯ ਦੇ ਕਵੀ, ਤਿੰਨਾਂ ਨੇ ਤੇਰਾ ਯਸ਼ ਕੀਤਾ ਹੈ।

ਬਰਬੰਡਿਕਾ=ਬਲਵੰਤਿਕਾ=ਬਲਵਾਨ । 'ਬਰ' ਦੇ ਅਰਥ ਹਨ:-ਬਲ, ਵਰ, ਸ੍ਰੇਸ਼੍ਟਤਾ, ਸੋ ਕਈ ਸੱਜਣ ਇਸ ਕਰਕੇ ਤ੍ਰੈ ਅਰਥ ਹੋਰ ਬੀ ਕਰਦੇ ਹਨ:-

(ਅ) ਬਲ ਦੇ ਵੰਡਣ ਵਾਲੀ। (ੲ) ਵਰਾਂ ਦੇ ਵੰਡਣ ਵਾਲੀ।
(ਸ) ਸ੍ਰੇਸ਼ਟਤਾ ਦੇਣ ਵਾਲੀ, ਭਾਵ ਆਪਣੇ ਪਾਤ੍ਰ ਕਵੀ ਨੂੰ ਉੱਚਿਆਂ ਕਰਨ ਵਾਲੀ।

ਬੱਜ੍ਰ ਪਾਨੀ=ਬੱਜਰ (=ਪੱਥਰ) ਹੈ ਜਿਸ ਦੇ ਹੱਥ ਵਿਚ, ਇੰਦ੍ਰ।
ਕ੍ਰਿਪਾਨ ਪਾਣੀ=ਕ੍ਰਿਪਾਨ ਹੈ ਜਿਸ ਦੇ ਹੱਥ ਵਿਚ। [ਸੰਸ:, ਕ੍ਰਿਪਾਨ= ਤਲਵਾਰ। ਪਾਣਿ=ਹੱਥ]
ਭਵਾਨੀ=ਕੁਸ਼ਲਤਾ ਦਾਤੀ। (ਅ) ਸੰਸਾਰ ਦਾ ਮੂਲ ਕਾਰਣ।
(ੲ) ਦੇਵੀ, ਜੋ ਪਿੱਛੋਂ ਪਾਰਬਤੀ ਸਮਝੀ ਗਈ।
ਭਵ=ਸ਼ਿਵ। ਭਵਾਨੀ=ਸ਼ਿਵ ਦੀ ਇਸਤ੍ਰੀ। 'ਭਵਾਨੀ' ਪਾਰਬਤੀ ਦੇ ਸ਼ਾਂਤਮਯ ਤੇ ਪਯਾਰ ਵਾਲੇ ਸਰੂਪ ਦਾ ਨਾਮ ਹੈ।
ਸੁਖ ਖਾਨੀ=ਸੁੱਖਾਂ ਦੀ ਖਾਣ। ਜਿਸ ਤੋਂ ਸੁਖ ਪ੍ਰਾਪਤ ਹੋ ਸਕਣ।
ਖਲ ਖੰਡਿਕਾ=ਦੁਸ਼ਟਾਂ ਦਾ ਨਾਸ਼ ਕਰਨ ਵਾਲੀ। ਕਵੀਆਂ ਦੇ ਲਈ ਦੁਸ਼ਟ (ਵਿਘਨਕਾਰੀ) ਓਹ ਹਨ, ਜੋ ਉਨ੍ਹਾਂ ਦੀ ਨਿੰਦਾ ਕਰਦੇ ਹਨ ਤੇ ਉਨ੍ਹਾਂ ਦੇ ਅਰੰਭੇ ਗ੍ਰੰਥਾਂ ਵਿਚ ਮਿਥਕੇ ਅਟਕਾਂ ਪਾਉਂਦੇ ਹਨ।
ਬਾਕ ਬਾਨੀ=ਕਵਿਤਾ ਸਫੁਰਣ ਕਰਾਉਣ ਵਾਲੀ, ਸਰਸ੍ਵਤੀ। ਰਿਗ ਵੇਦ ਵਿਚ ਕਵਿਤਾ ਦੀ ਸ਼ਕਤੀ ਦਾ ਨਾਮ ਵਾਕ ਤੇ ਵਾਚ ਕਰਕੇ ਆਇਆ ਹੈ। (ਦੇਖੋ ੧੦. ੭੧ ਤੇ ੧੨੫) ਪਿੱਛੋਂ ਇਸੇ ਦਾ ਨਾਮ ਸਰਸ੍ਵਤੀ ਹੋਇਆ। ਵਾਚ ਤੇ ਵਾਕ ਇੱਕੋ ਗੱਲ ਹੈ।
ਬਿਦਤਾਨੀ=ਪ੍ਰਗਟ, ਪ੍ਰਗਟਾਉਣ ਵਾਲੀ। ਜੈਤਿ ਜੈਤਿ=ਜੈ ਹੋ, ਜੈ ਹੋ।
ਚੰਡਿਕਾ=ਜਿਸ ਦਾ ਸਰੂਪ ਤੇਜ ਹੈ, ਤੇਜ ਦੀ ਦੇਵੀ।
(ਅ) ਦੁਰਗਾ ਦਾ ਉਹ ਰੂਪ ਜਿਸ ਨੇ ਮਹਿਖਾਸੁਰ ਮਾਰਿਆ।
(ੲ) ਗਾਇਤ੍ਰੀ ਦੇਵੀ।
(ਸ) ਜਿਵੇਂ ਸਰਸ੍ਵਤੀ ਵਿਦਯਾ ਦੀ ਦੇਵੀ ਹੈ ਤਿਵੇਂ ਜੁੱਧ (ਬੀਰ ਰਸ) ਦੀ ਦੇਵੀ ਚੰਡਿਕਾ ਹੈ। ਜਿਵੇਂ ਸਿੱਖ ਧਰਮ ਵਿਚ ਸਾਹਿਤਯ ਤੇ ਬੀਰ ਰਸ ਕੱਠੇ ਕੀਤੇ ਗਏ ਤਿਵੇਂ ਕਵੀ ਜੀ ਨੇ ਸਾਹਿਤਯ ਤੇ ਬੀਰ ਰਸ ਦੀਆਂ ਦੇਵੀਆਂ ਨੂੰ ਬੀ ਕੱਠਿਆਂ ਕਰਕੇ ਇੱਕੋ ਰੂਪ ਦੇ ਦਿੱਤਾ ਹੈ।

ਅਰਥ—ਅਰਥ ਚੌਥੀ ਤੁਕ ਤੋਂ ਟੁਰੇਗਾ, ਫੇਰ ਪਹਿਲੀ, ਫੇਰ ਦੂਸਰੀ, ਫੇਰ ਤੀਸਰੀ ਦਾ ਲੱਗੇਗਾ:—

ਹੇ ਬਾਕ ਬਾਨੀ (ਕਵਿਤਾ ਸਫੁਰਣ ਕਰਾਉਣ ਵਾਲੀ !) (ਤੇਰੀ) ਜੋਤ ਪ੍ਰਗਟ ਹੋਕੇ ਦਾਸ ਦੀ ਰਸਨਾ ਤੇ ਵਸ ਗਈ ਹੈ, (ਤੈਨੂੰ) ਨਮਸਕਾਰ ਨਮਸਕਾਰ ਹੋਵੇ, ਹੇ ਤੇਜ ਸਰੂਪ ਮਾਤਾ (ਤੇਰੀ) ਜੈ ਹੋ, (ਤੇਰੀ) ਜੈ ਹੋ ! (ਤੂੰ ਹੀ) ਤਿੰਨਾਂ ਲੋਕਾਂ ਨੂੰ (ਵਿਦਯਾ ਦਾ) ਵਰ ਦੇਣ ਵਾਲੀ ਹੈਂ, (ਤੈਨੂੰ) ਤਿੰਨੇ (ਵਰਗ ਵਾ ਤਿੰਨਾਂ ਲੋਕਾਂ ਦੇ ਕਵੀ) ਵਡੇ ਪ੍ਰਕਾਸ਼ ਵਾਲੀ (ਜਾਣਕੇ) ਯਾਚਨਾ ਕਰਦੇ ਹਨ, (ਤੂੰ ਕਵੀਆਂ ਦੇ) ਤ੍ਰੇਏ ਤਾਪ ਦੂਰ ਕਰਨੇ ਵਾਲੀ ਹੈਂ (ਅਤੇ ਫੇਰ) ਤਿੰਨਾਂ ਗੁਣਾਂ (ਨਾਲ ਕਵੀਆਂ ਨੂੰ) ਆਦਿ

ਤੋਂ ਹੀ ਭੂਸ਼ਤ ਕਰਨੇ ਵਾਲੀ ਹੈਂ, ਤਿੰਨਾਂ ਕਾਲਾਂ ਵਿਚ (ਸਾਰੇ ਕਵੀਆਂ ਤੋਂ ਤੇਰਾ) ਸਤਿਕਾਰ ਹੋਇਆ ਹੈ, ਤਿੰਨ ਤੇਰੀਆਂ ਪ੍ਰਧਾਨ ਸ਼ਕਤੀਆਂ ਹਨ (ਦੌਲਤ, ਖੇਤੀ, ਔਲਾਦ ਦਾਨ ਦੇਣ ਦੀਆਂ), (ਤੂੰ) ਤਿੰਨਾਂ ਕਾਰਜਾਂ ਦੇ ਕਰਨ ਵਾਲੀ ਹੈਂ (ਕਵਿਤਾ, ਯੱਗ ਸਫਲਤਾ ਤੇ ਜਲਦਾਨ); ਤਿੰਨਾਂ (ਜ਼ਮਾਨਿਆਂ ਦੇ ਕਵੀਆਂ ਨੇ ਤੈਨੂੰ) ਗਾਂਵਿਆਂ ਹੈ, ਹੇ ਵਰ ਦਾਤੀ ! ਹੇ ਹੱਥ ਵਿਚ ਤਲਵਾਰ ਧਾਰਨ ਵਾਲੀ, (ਤੂੰ ਹੀ) ਇੰਦ੍ਰ ਨੂੰ ਰਾਜਧਾਨੀ ਦਿੱਤੀ ਸੀ, (ਤੈਨੂੰ) ਮੈਂ ਕੁਸ਼ਲਤਾ ਦਾਤੀ, ਸੁੱਖਾਂ ਦੀ ਖਾਣ ਤੇ ਦੁਸ਼ਟਾਂ (ਵਿਘਨਕਾਰੀਆਂ) ਦੇ ਨਾਸ਼ ਕਰਨ ਵਾਲੀ ਜਾਣਿਆਂ ਹੈ।

ਭਾਵ—ਅਸੀਂ ਇਸ ਅੰਕ ਦੇ ਮੱਥ ਵਿਚ ਵਿਸਥਾਰ ਨਾਲ ਦੱਸ ਆਏ ਹਾਂ ਕਿ ਕਵੀ ਜੀ ਦਾ ਇਹ 'ਸ਼ਾਰਦਾ ਮੰਗਲ' ਕਵਿ ਮਿਰਯਾਦਾ ਅਨੁਸਾਰ ਇਕ ਸੰਕੇਤਕ ਗੱਲ ਹੈ। ਪਰੰਤੂ ਇਸ ਵਿਚ ਆਪ ਨੇ ਉਨ੍ਹਾਂ ਦੇ ਸੰਕੇਤ ਤੋਂ ਵਧਵੀਂ ਗੱਲ ਬੀ ਇਕ ਕੀਤੀ ਹੈ, ਜੋ ਜ਼ਾਹਿਰਾ ਅਣਮਿਲਦੀ ਗੱਲ ਹੈ, ਪਰ ਉਨ੍ਹਾਂ ਦਾ ਇਸ ਵਿਚ ਇੱਕ ਅਭਿਪ੍ਰਾਯ ਮਾਲੂਮ ਦਿੰਦਾ ਹੈ। 'ਸ਼ਾਰਦਾ' ਯਾ 'ਸਰਸ੍ਵਤੀ' ਯਾ 'ਵਾਚ' ਯਾ 'ਬਾਕਬਾਨੀ' ਇਕ ਠੰਡੀ ਸੁੰਦਰਤਾ ਵਾਲੀ ਅਰਥਾਤ ਜਮਾਲ ਦੇ ਆਦਰਸ਼ ਵਾਲੀ ਵ੍ਯਕਤੀ ਹੈ, ਪਰ ਇਸ ਵਿਚ ਉਸ ਨੂੰ ਤੇਜ ਵਾਲੀ ਤੇ ਜੰਗ ਫਤਹ ਕਰਾਉਣ ਵਾਲੀ ਬੀ ਆਖਿਆ ਹੈ, ਇਹ ਕਵੀ ਜੀ ਦੀ ਭੁੱਲ ਨਹੀਂ ਹੈ, ਉਹ ਇਕ ਉਸ ਕੌਮ ਦੇ ਬੰਦੇ ਹਨ ਕਿ ਜੋ ਜੰਗਜੂ ਹੈ, ਅਰ ਦੇਸ਼ ਤੇ ਕੌਮ ਨੂੰ ਜ਼ੁਲਮ ਤੇ ਓਪਰਿਆਂ ਦੇ ਰਾਜ ਤੋਂ ਆਜ਼ਾਦ ਕਰਨ ਵਾਸਤੇ ਬੀਰ ਰਸ ਵਿਚ ਬੀ ਜਾ ਪਈ ਸੀ; ਜਿਸ ਨੇ ਆਪਣਾ ਆਦਰਸ਼ 'ਯੁੱਧ' ਬੀ ਬਨਾਇਆ ਹੈ, ਉਸ ਕੌਮ ਦੇ ਰਚਣਹਾਰ ਨੇ ਇਨਸਾਨ ਨੂੰ ਜਮਾਲ ਤੇ ਜਲਾਲ ਦੋਹਾਂ ਸੁੰਦਰਤਾਈਆਂ ਨਾਲ ਭੂਸ਼ਤਿ ਕੀਤਾ ਸੀ।

ਸ਼ਾਂਤਮਈ ਸੁੰਦਰਤਾ ਤੇ ਤੇਜਮਈ ਸੁੰਦਰਤਾ, ਇਉਂ ਸੁੰਦਰਤਾ ਦੋ ਕਿਸਮਾਂ ਦੀ ਹੈ: ਬੁਲਬੁਲ ਦੀ ਆਵਾਜ਼, ਚੰਦ੍ਰਮਾਂ ਦੀ ਚਾਂਦਨੀ, ਫੁੱਲਾਂ ਦੀ ਕੋਮਲਤਾ, ਏਹ ਸ਼ਾਂਤਮਈ ਸੁੰਦਰਤਾ ਹੈ; ਬਿਜਲੀ ਦੀ ਦਮਕ, ਸੂਰਜ ਦਾ ਪ੍ਰਕਾਸ਼, ਸੂਰਮੇਂ ਦਾ ਬੀਰ ਰਸੀਆ ਦਰਸ਼ਨ ਇਹ ਤੇਜਮਈ ਸੁੰਦਰਤਾ ਹੈ, ਇਹ ਦੋਵੇਂ ਜਿਸ ਇਨਸਾਨ ਵਿਚ ਹੋਣ ਉਸ ਨਮੂਨੇ ਦਾ ਆਦਮੀ ਰਚਕੇ ਉਨ੍ਹਾਂ ਦੇ ਸਮੂਹ ਤੋਂ ਸਿੱਖ ਕੌਮ ਬਨਾਈ ਹੈ, ਜਿਸ ਕੌਮ ਦਾ ਕਵਿ ਭਾਈ ਸੰਤੋਖ ਸਿੰਘ ਹੈ। ਸੋ ਕਵਿ ਨੇ ਅਪਣੀ ਕਵਿਤਾ ਵਿਚ ਜਿਸ ਵੇਲੇ 'ਸਰਸ੍ਵਤੀ ਮੰਗਲ' ਕੀਤਾ ਹੈ ਤਦ ਆਪਣਾ ਬੀਰ ਰਸੀਆ ਆਦਰਸ਼ ਨਾਲੇ ਸ਼ਾਮਲ ਕਰ ਦਿੱਤਾ ਹੈ। ਸਿੱਖ ਕੌਮ ਵਿਚ ਜੋ ਸਾਹਿੱਤ੍ਯ ਇਸ ਨੇ ਪੈਦਾ ਕਰਨਾ ਹੈ ਉਸ ਵਿਚ ਬੀਰ ਰਸ ਭੀ ਭਰਨਾ ਹੈ। ਹਾਂ ਉਸ ਨੂੰ ਬੁਲਬੁਲ ਤੇ ਉਕਾਬ ਇੱਕੋ ਵੇਰ ਬਨਾਉਣਾ ਹੈ, ਸ਼ਾਂਤਿ ਰਸ ਤੇ ਬੀਰ ਰਸ, ਜਮਾਲ ਤੇ ਜਲਾਲ ਦੋ ਤਲਵਾਰਾਂ ਇਕ ਮਿਆਨੇ ਪਾਉਣੀਆਂ ਹਨ, ਇਸ ਲਈ ਆਪ ਨੇ ਆਪਣੇ ਖਿਆਲ ਮੂਜਬ ਸ਼ਾਰਦਾ ਬੀ ਉਹ ਕਥਨ ਕਰਨੀ ਹੈ ਜਿਸ ਵਿਚ ਠੰਢੀ ਤੱਤੀ ਦੋਇ ਸੁੰਦਰਤਾਈਆਂ ਹੋਣ, ਜੋ ਇਸ ਛੰਦ ਵਿਚ ਨਿਖੇੜਵੀਆਂ ਇੰਜ ਹਨ:—

ਜਮਾਲ (ਸ਼ਾਂਤਮਈ ਸੁੰਦਰਤਾ)

੧. ਬਾਕਬਾਨੀ—ਇਹ ਪੁਰਾਤਣ ਰਿਗ ਵੇਦ ਵਾਲੇ 'ਵਾਚ' ਨਾਮ ਵਾਲੀ, ਰਿਸ਼ੀਆਂ ਨੂੰ ਵੈਦਕ ਸਾਮ ਤੇ ਰਿਚਾ ਰਚਣ ਦੀ ਸੱਤਯਾ ਦੇਣ ਵਾਲੀ ਵ੍ਯਕਤੀ ਹੈ। 'ਵਾਚ' ਤੇ 'ਵਾਕ' ਇੱਕੋ ਅਰਥ ਦੇ ਪਦ ਹਨ।

੨. ਦਾਸ ਰਸਨਾ ਬਸਾਨੀ—ਅਰਥ, ਕਵਿਤਾ, ਸੁੰਦਰ ਬਾਣੀ ਉਚਾਰਣ ਦੀ ਸ਼ਕਤੀ ਦੇਣ ਵਾਲੀ, ਇਹ ਸੁੰਦਰਤਾ ਸ਼ਾਂਤ ਰਸੀਆ ਹੈ। ਅਰ ਜੇ ਉਹੋ ਬੀਰ ਰਸੀ ਕਵਿਤਾ ਰਚੇ ਤਾਂ ਫੇਰ ਬੀਰ ਰਸੀਆ ਬੀ ਹੈ, ਤੇ ਜੰਗਜੂ ਕੌਮ ਦਾ ਕਵਿ ਹੋਣ ਕਰਕੇ ਬੀਰ ਰਸੀ ਕਵਿਤਾ ਬੀ ਕਵਿ ਜੀ ਨੇ ਲਿਖਣੀ ਹੈ।

੩. ਭਵਾਨੀ—ਕੁਸ਼ਲਤਾ ਦਾਤੀ। ਜੇ ਕਦੇ ਇਸ ਦਾ ਅਰਥ ਦੇਵੀ ਹੋਵੇ, ਤਾਂ ਭਵਾਨੀ ਉਸ ਨੂੰ ਉਸ ਦੇ ਸ਼ਾਂਤਿਮਯ ਸਮੇਂ ਦੇ ਸਰੂਪ ਨੂੰ ਕਹਿੰਦੇ ਹਨ।

੪. ਸੁਖ ਖਾਨੀ—
ਤੀਨੋ ਕ੍ਰਿਤਵਾਨੀ
ਤੀਨੋ ਤਾਪ ਹਾਨੀ
ਤੀਨੋ ਕਾਲ ਮਾਨੀ
ਤੀਨੋ ਲੋਕ ਬਰਦਾਨੀ
} ਏਹ ਸਾਰੇਗੁਣ ਠੰਢ ਪਾਉਣ ਵਾਲੇ, ਵਰ ਦੇਣ ਵਾਲੇ ਸ਼ਾਂਤ ਮਈ ਹਨ।

ਜਲਾਲ (ਤੇਜੱਸ੍ਵੀ ਯਾ ਬੀਰ ਰਸੀਆ ਸੁੰਦਰਤਾ)

੧. ਚੰਡਿਕਾ—ਤੇਜ ਸਰੂਪ ਵਾਲੀ। ਕਵਿ ਜੀ ਦੀ ਮੁਰਾਦ ਇਤਨੀ ਹੀ ਹੈ। ਜੇ ਇਸ ਦਾ ਅਰਥ ਜੁੱਧ ਦੀ ਦੇਵੀ ਦੁਰਗਾ ਤੋਂ ਹੈ ਤਾਂ ਬੀ ਸਰਸ੍ਵਤੀ ਵਾਂਙੂ ਬੀਰ ਰਸੀਆ ਅਦ੍ਰਿਸ਼ਯ ਵ੍ਯਕਤੀ ਦੇ ਗੁਣਾਂ ਨੂੰ ਗੀਤਾਂ ਦੇ ਰਚਣ ਵਾਲੀ ਵ੍ਯਕਤੀ ਨਾਲ ਤਦਰੂਪ ਕਰਨ ਤੋਂ ਹੈ।

੨. ਦੀਨੀ ਰਜਧਾਨੀ—ਰਾਜ ਦੇਣ ਵਾਲੀ ਸ਼ਕਤੀ। ਇੰਦ੍ਰ ਨੂੰ ਜਿਸ ਨੇ ਰਾਜ ਦਿੱਤਾ ਉਸ ਸਾਖੀ ਵਾਲੀ ਵ੍ਯਕਤੀ। ਰਾਜ ਦੇਣਾ ਬਲਵਾਨ ਦਾ ਕੰਮ ਹੈ। ਮੁਕਾਬਲਾ ਕਰੋ ਪਦ 'ਸ਼ਾਰਦਾ' ਨਾਲ ਜਿਸ ਦਾ ਅਰਥ ਸਰਸ੍ਵਤੀ (ਵਿਦ੍ਯਾ ਵਿਗ੍ਯਾਨ ਦੇ ਤੱਤ੍ਵ ਦੀ ਦਾਤੀ) ਹੈ, ਪਰ ਸਾਰਦਾ ਦਾ ਇਕ ਅਰਥ—

{ ਸਾਰ + ਦਾ = ਸ਼ਕਤੀ + ਦਾਤੀ } 'ਸ਼ਕਤੀ ਦਾਤੀ' ਬੀ ਹੈ।

੩. ਕ੍ਰਿਪਾਨ ਪਾਨੀ—ਜੁੱਧ ਦਾ ਆਦਰਸ਼ ਹੈ, ਕ੍ਰਿਪਾਨ ਹੱਥ ਵਿਚ ਹੋਣੀ।

੪. ਖਲ ਖੰਡਿਕਾ—ਦੁਸ਼ਟਾਂ ਯਾ ਵਿਘਨਕਾਰੀਆਂ ਦਾ ਨਾਸ਼ ਕਰਨਾ ਤੇਜ ਮਈ ਗੁਣ ਹੈ। ਵੈਦਕ ਰਿਸ਼ੀ—ਯੱਗਾਂ ਦੀ ਸਫਲਤਾ ਦੇਣ ਵਾਲੀ ਬੀ ਸਰਸ੍ਵਤੀ ਨੂੰ ਮੰਨਦੇ ਸਨ, ਅਰਥਾਤ ਜਿਸ ਦੇ ਪ੍ਰਭਾਵ ਨਾਲ ਯੱਗ ਨਿਰਵਿਘਨ ਸਮਾਪਤ ਹੁੰਦੇ ਹੋਣ। ਗੋਯਾ ਕਿਸੇ ਅੰਗ ਵਿਚ ਵੈਦਕ ਰਿਸ਼ੀ ਬੀ ਸਰਸ੍ਵਤੀ ਨੂੰ (ਜਲਾਲ ਵਾਲੀ) ਬੀਰ ਰਸੀਆ ਮੰਨ ਗਏ ਹੋਏ ਹਨ।

ਸੋ ਬਾਕ ਬਾਨੀ ਤੇ ਚੰਡਿ (ਤੇਜ) ਬਾਨੀ ਨੂੰ ਇਕ ਵਰਣਨ ਕਰਨਾ ਕਵਿ ਜੀ ਦੇ ਅਪਣੇ ਸਿੰਘ ਸਾਹਿਤਯ ਦਾ ਸੂਚਕ ਹੈ ਕਿ ਉਹ ਅਣਦਿਸਦੇ ਸੰਸਾਰ ਤੋਂ ਜਲਾਲ ਜਮਾਲ ਨੂੰ ਇਕ ਕਰਕੇ ਵਰਣਨ ਕਰਨ ਵਾਲਾ ਸਾਹਿਤਯ ਲਿਖਣਗੇ।

੩. ਅਪਣੇ ਇਸ਼੍ਰ ਦੇਵ—ਅਕਾਲ ਪੁਰਖ—ਦਾ ਮੰਗਲ।

ਹੁਣ ਕਵਿ ਜੀ ਉਸ ਸਰੂਪ, ਉਸ ਵਜੂਦ ਦਾ ਮੰਗਲ ਕਰਦੇ ਹਨ ਜੋ ਉਨ੍ਹਾਂ ਦਾ ਅਪਣਾ ਇਸ਼ਟ ਦੇਵ ਹੈ।

ਦੋਹਿਰਾ—ਸਰਬ ਬਯਾਪੀ, ਨਿਤ ਨਯੋ; ਸਤਿ, ਚਿਤ, ਆਨੰਦ ਰੂਪ;
ਮੋ ਉਰ ਮੈਂ ਪ੍ਰਗਟੋ ਸਦਾ; ਜੋ ਚਰ ਅਚਰ ਅਨੂਪ॥ ੩॥

ਪਦਾਂ ਦੇ ਅਰਥ—

ਸਰਬ ਬਯਾਪੀ=ਸਾਰੇ ਵਯਾਪਕ, ਜੋ ਕਿਸੇ ਇਕ ਅਸਥਾਨ ਦੀ ਕੈਦ ਵਿਚ ਨਾ ਹੋਵੇ। ਜੋ ਹਰ ਸੂਖਮ ਤੋਂ ਸੂਖਮ, ਤਰਲ ਤੋਂ ਤਰਲ ਅਕਾਸ਼ ਆਦਿਕਾਂ ਤੋਂ ਬੀ ਸੂਖਮਾਂ ਵਿਚੋਂ ਵੱਸ ਰਿਹਾ ਹੋਵੇ, ਦੇਸ਼ (Space) ਜਿਸ ਨੂੰ ਵੰਡ ਨਾ ਸਕੇ।

ਨਿਤ ਨਯੋ=ਸਦਾ ਨਵਾਂ, ਜੋ ਪੁਰਾਣਾ ਕਦੇ ਨ ਹੋਵੇ। ਕਾਲ ਜਿਸ ਪਰ ਕੋਈ ਅਸਰ ਨਾ ਪਾ ਸਕੇ। ਜੋ ਭੂਤ ਭਵਿੱਖ ਤੇ ਵਰਤਮਾਨ ਵਿਚ ਇਕਸਾਰ ਰਹੇ। ਬਾਲ ਜੁਆਨੀ ਬ੍ਰਿਧਾਪਨ ਜਿਸ ਉਤੇ ਵਟਾਉ ਸਟਾਉ ਨਾ ਲਿਆਵੇ। ਕਾਲ ਤੋਂ ਪਰੇ।

ਸਤਿ=ਜੋ ਵਾਸਤਵ ਵਿਚ ਹੋਵੇ। ਅਸਲੀ ਵਜੂਦ। ਜਿਸ ਦੀ ਬਾਬਤ ਕਿਸੇ ਥਾਂ ਯਾ ਕਿਸੇ ਹਾਲ ਇਹ ਨਾ ਕਿਹਾ ਜਾ ਸਕੇ ਕਿ 'ਉਹ ਨਹੀਂ'। ਜਿਸ ਦਾ ਸਰੂਪ ਹਰ ਥਾਂ ਤੇ ਹਰ ਸਮੇਂ 'ਹੈ' ਹੈ।

ਚਿਤ=ਚੈਤੱਨਯ, ਜੀਉਂਦਾ ਜਾਗਦਾ। ਜਿਸ ਵਿਚ ਸੰਪੂਰਣ ਗਯਾਨ ਦਾ ਨਿਵਾਸ ਹੈ, ਜੋ ਆਪ ਸਦਾ ਸਾਰਾ ਗਯਾਨ ਸਰੂਪ ਹੈ। ਜਿਸ ਨੂੰ ਜਾਣਨ ਲਈ ਕਿਸੇ ਤਜਰਬੇ ਯਾ ਸਹਾਯਤਾ ਦੀ ਲੋੜ ਨਹੀਂ। ਜੋ ਅਪਣੇ ਆਪ ਤੋਂ ਸਦਾ ਸਭ ਥਾਂ ਸਭ ਕੁਛ ਜਾਣਦਾ ਹੈ।

ਆਨੰਦ—ਪ੍ਰਸੰਨਤਾਈ, ਖੁਸ਼ੀ, ਪ੍ਰਸੰਨਤਾ ਰੂਪ ਵਾਲਾ; ਜੋ ਹਰ ਥਾਂਵੇ ਹਰ ਹਾਲ ਖੇੜੇ ਵਿਚ ਹੈ। ਜਿਸ ਦਾ ਵਜੂਦ ਉਮਾਹ, ਖੁਸ਼ੀ, ਮੰਗਲ, ਖੇੜਾ, ਉਤਸਾਹ ਹੈ। ਆਨੰਦ ਉਸ ਦਾ ਗੁਣ ਹੀ ਨਹੀਂ ਉਸ ਦਾ ਸਰੂਪ ਹੈ।

'ਸਤ ਚਿਤ ਆਨੰਦ'='ਹੈ', 'ਜਾਣਦਾ' ਹੈ ਕਿ 'ਹੈ', ਜਾਣਦਾ ਹੈ ਕਿ ਆਨੰਦ ਹੈ। ਇਹ ਵਾਹਿਗੁਰੂ ਦਾ ਸਰੂਪ ਲੱਛਣ ਹੈ, ਉਸ ਦੇ ਵਜੂਦ ਦਾ ਵਰਣਨ ਹੈ ਕਿ ਉਹ:—ਹੈ, ਗਯਾਨ ਸਰੂਪ ਹੈ, ਅਰ ਅਨੰਦ ਸਰੂਪ ਹੈ। ਉਰ=ਹ੍ਰਿਦਾ।

ਚਰ=ਜਾਨਦਾਰ । [ਚਰ=ਚੇਸ਼੍ਟਾ ਕਰ ਸਕਣ ਵਾਲਾ]ਜੋ ਚੱਲ ਸਕੇ,ਮੁਤਹੱਰਿਕ ।
ਅਚਰ=ਜੜ੍ਹ [ਸੰਸ:, ਅ+ਚਰ] ਜੋ ਚਲ ਨਾ ਸਕੇ, ਜੋ ਹਰਕਤ ਨਾ ਕਰੇ ।
ਅਨੂਪ=ਅਨ+ਉਪਮ=ਜਿਸ ਵਰਗਾ ਹੋਰ ਨਾ ਹੋਵੇ । ਅਤਿ ਸੁੰਦਰ ।

ਅਰਥ—ਹੇ ਸਾਰੇ ਵ੍ਯਾਪਕ, ਸਦਾ ਨਵੇਂ, ਸਤਿ ਚਿਤ ਆਨੰਦ ਸਰੂਪ (ਵਾਲੇ ਵਾਹਿਗੁਰੂ !) ਜੋ ਜੜ੍ਹ ਚੇਤਨ (ਸਾਰੀ ਸ੍ਰਿਸ਼ਟੀ ਵਿਚ ਸਭ ਤੋਂ ਵਧੀਕ) ਸੁੰਦਰ ਹੋ, ਮੇਰੇ ਹਿਰਦੇ ਵਿਚ ਸਦਾ ਪ੍ਰਗਟ ਹੋਵੋ ।

ਭਾਵ—ਪਿੱਛੇ ਸਰਸ੍ਵਤੀ ਨੂੰ ਯਾਦ ਕੀਤਾ ਤਾਂ ਕੇਵਲ 'ਦਾਸ ਰਸਨਾ ਬਸਾਨੀ' ਆਖਿਆ ਸੀ, ਜਦ ਅਪਣੇ ਇਸ਼੍ਟ ਦੇਵ ਤੇ ਆਏ ਹਨ, ਤਾਂ ਯਾਚਨਾ ਕਰਦੇ ਹਨ, 'ਮੋ ਉਰ ਮੈਂ ਪ੍ਰਗਟੋ ਸਦਾ'। ਇਤਨਾ ਫਰਕ ਇਸ਼੍ਟ ਦੇਵ ਦੇ ਪਿਆਰ ਦਾ ਤੇ ਕਵਿ ਸੰਕੇਤ ਸਰਸ੍ਵਤੀ ਦੇ ਆਵਾਹਨ ਦਾ ਇੱਥੇ ਦਿੱਸ ਰਿਹਾ ਹੈ ।

ਅਪਨੇ ਇਸ਼ਟ ਦੇਵ ਨੂੰ, ਸਾਰੇ ਵਿਆਪਕ, ਸਦਾ ਨਵਾਂ, ਕਦੇ ਬਾਲਾ, ਬੁੱਢਾ, ਪੁਰਾਣਾ ਨਾ ਹੋਣ ਵਾਲਾ, ਸਦਾ 'ਹੈ', ਸਦਾ 'ਚੇਤਨ', 'ਸਦਾ ਅਨੰਦ', ਜਿਸ ਜੈਸਾ ਹੋਰ ਕੋਈ ਬੀ ਨਹੀਂ, ਇਨ੍ਹਾਂ ਪਦਾਂ ਨਾਲ ਯਾਦ ਕਰਨ ਤੋਂ ਭਾਈ ਸਾਹਿਬ 'ਇੱਕ' ਦੇ ਉਪਾਸਕ, 'ਇਕ' ਦੇ ਪ੍ਰੇਮੀ, ਜਿਸਨੂੰ ਫਾਰਸੀ ਵਿਚ 'ਮੁਵਾਹਿਦ' ਆਖਦੇ ਹਨ, ਸਿੱਧ ਹੁੰਦੇ ਹਨ । ਅਗਲੇ ਸ੍ਵੈਯੇ ਵਿਚ ਭਾਈ ਸਾਹਿਬ ਅਪਣੇ ਇਸ਼੍ਟ ਦੇਵ ਦਾ ਹੋਰ ਰੂਪ ਵਰਣਨ ਕਰਕੇ ਉਸਨੂੰ ਨਮਸਕਾਰ ਕਰਦੇ ਹਨ, ਉਸ ਤੋਂ ਬੀ ਉਨ੍ਹਾਂ ਦਾ ਇਕ ਅਕਾਲਪੁਰਖ ਦਾ ਉਪਾਸਕ ਹੋਣਾ ਪ੍ਰਗਟ ਹੈ।

ਸ੍ਵੈਯਾ*—**ਔਂ ਪਰਮਾਤਮ ਆਤਮਭੂ ਪਦਮਾਪਤਿ ਪੰਚ ਖਤੰਗ ਅਰਾਤੀ ।**
ਬਾਯੁ ਬਿਨਾਯਕ ਬਾਯੁ ਸਖਾ ਬਨਰਾਇ ਬ੍ਰਿਖਾਬ੍ਰਿਖ ਸੈਲਨ ਪਾਤੀ ।
ਸ੍ਰੀਦਹਿ ਸੂਰ ਸਸੀ ਉਡ ਅੰਤਕ ਮਾਨਵ ਦਾਨਵ ਦੇਵ ਸੰਗਾਤੀ ।
ਬੰਦਨਤਾ ਕਰ ਬੰਦਨ ਕੈ ਨਿਤ ਆਨੰਦ ਕੰਦ ਮੁਕੰਦ ਜਿ ਖਯਾਤੀ॥੪॥

ਔਂ=੧, ਇਕ । (ਅ) ਆਤਮ ਵਸਤੂ । ਬ੍ਰਹਮ । (ੲ) ਔਂ=ਹੈ ।
ਪਰਮਾਤਮ=ਪਰਮ+ਆਤਮਨ । [ਪਰਮ=ਪਹਿਲੀ । ਆਤਮਨ=ਹਸਤੀ, ਰੂਹ, ਆਤਮਾ] ਸਭ ਤੋਂ ਪਹਿਲਾ ਆਤਮਾ, ਸਭ ਤੋਂ ਪਹਿਲੀ ਉੱਚੀ ਹਸਤੀ ।
ਆਤਮਭੂ=ਬ੍ਰਹਮਾ । ਪਦਮਾਪਤਿ=ਵਿਸ਼ਨੂ । [ਪਦਮਾ=ਲਛਮੀ + ਪਤਿ]
ਪੰਚ ਖਤੰਗ ਅਰਾਤੀ=[ਪੰਚ=ਪੰਜ । ਖਤੰਗ=ਤੀਰ । ਅਰਾਤੀ=ਵੈਰੀ ।] ਪੰਜ ਤੀਰਾਂ ਵਾਲੇ ਦਾ ਵੈਰੀ । ਪੰਜ ਤੀਰਾਂ ਵਾਲਾ=ਕਾਮ, ਸੋ ਕਾਮ ਦਾ ਵੈਰੀ ਹੈ, ਸ਼ਿਵ । ਬਾਯੁ=ਵਾਯੂ । ਹਵਾ । ਬਿਨਾਯਕ=ਗਣੇਸ਼, ਬੁੱਧ ਦੇਵ ।
ਬਾਯੁ ਸਖਾ=ਵਾਯੂ ਸਖਾ=ਹਵਾ ਜਿਸਦੀ ਸਹਾਯਕ ਹੋਵੇ, ਸੋ ਅਗਨੀ ।

*ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜਗ੍ਰੰਥ ਦੇ ਅੱਡ ਅੱਡ ਨੁਸਖਿਆਂ ਵਿਚ ਤੇ ਅਡ ਅਡ ਥਾਈਂ ਸ੍ਵੈਯੇ ਦੇ ਪਾਠ ਅੱਡ ਅੱਡ ਦਿਸਦੇ ਹਨ:—ਸਵੈਯਾ, ਸ੍ਵੈਯਾ, ਸਵੱਯਾ। ਇਨ੍ਹਾਂ ਵਿਚੋਂ ਅਸਾਂ 'ਸ੍ਵੈਯਾ' ਰੂਪ ਸਾਰੇ ਵਰਤਣ ਦਾ ਜਤਨ ਕੀਤਾ ਹੈ ।

ਪਦਾਂ ਦੇ ਅਰਥ:-

ਬਨਰਾਇ=[ਬਨ=ਪਾਣੀ। ਰਾਇ=ਰਾਜਾ।] ਪਾਣੀ ਦਾ ਰਾਜਾ, ਵਰੁਣ।
ਬ੍ਰਿਖਾਬ੍ਰਿਖ=[ਬ੍ਰਿਕਸ਼=ਰੁੱਖ, ਬੂਟੇ, ਬਾਗਾਂ ਦੇ ਬੂਟੇ। ਅਬ੍ਰਿਕਸ਼=ਆਪੇ ਉੱਗਣ ਵਾਲੇ ਬਨਾਂ ਦੇ ਬ੍ਰਿੱਛ] ਬਾਗਾਂ ਤੇ ਬਨਾਂ ਦੀ ਬਨਸਪਤੀ।
(ਅ) ਬ੍ਰਿਖ=ਬੈਲ। ਬੈਲ ਤੋਂ ਮੁਰਾਦ ਧਰਮ, ਅਬ੍ਰਿਖ=ਅਧਰਮ।
(ੲ) ਬ੍ਰਿਖਾ=ਕਰਣ (ਸੂਰਯ ਦਾ ਪੁੱਤ੍ਰ), ਬ੍ਰਿਖ=ਕਾਮਦੇਵ।
ਸੈਲਨਿ ਪਾਤੀ=ਪੱਥਰਾਂ, ਪਰਬਤਾਂ ਦੇ ਤੋੜਨ ਵਾਲਾ, ਇੰਦ੍ਰ।
ਸ੍ਰੀ ਦਹਿ=ਕੁਬੇਰ। [ਸ਼੍ਰੀ=ਲਛਮੀ, ਦਹਿ=ਦੇਣ ਵਾਲਾ]।
ਸੂਰ=ਸੂਰਜ। ਸਸੀ=ਚੰਦ੍ਰਮਾ। ਉਡ=ਤਾਰੇ।
ਅੰਤਕ=ਧਰਮਰਾਜਾ, ਯਮ। ਮਾਨਵ=ਮਨੁੱਖ। ਦਾਨਵ=ਦੈਤ।
ਦੇਵ=ਦੇਵਤਾ। ਸੰਗਾਤੀ=ਸੰਗਤਾਂ, ਭਾਵ ਕੁਲਾਂ। ਸਾਰੇ।
ਬੰਦਨਤਾ=ਨਮਸਕਾਰ। ਕਰ ਬੰਦਨ ਕੈ=ਹੱਥ ਜੋੜਕੇ।
ਆਨੰਦ ਕੰਦ=ਆਨੰਦ ਦਾ ਮੂਲ, ਜਿਸਤੋਂ ਸਾਰਾ ਆਨੰਦ ਉਪਜੇ।
ਮੁਕੰਦ=ਮੁਕਤੀ ਦਾਤਾ। ਪ੍ਰਯਾਤੀ=ਪ੍ਰਤੱਖ।

ਅਰਥ—ਹੇ ਪ੍ਰਮਾਤਮਾ (ਤੂੰ ਜੋ) (ਅੰ=) ਇੱਕ ਹੈਂ, ਨਿੱਤ ਹੈਂ, ਆਨੰਦ ਦਾ ਮੂਲ ਹੈਂ, ਪ੍ਰਤੱਖ ਹੈਂ, ਮੁਕਤੀ ਦਾਤਾ ਹੈਂ; (ਤੈਨੂੰ) ਬ੍ਰਹਮਾਂ, ਵਿਸ਼ਨੂੰ, ਸ਼ਿਵ, ਵਾਯੂ, ਗਣੇਸ਼; ਅਗਨੀ, ਵਰੁਣ, ਬਨ ਬਾਗਾਂ ਦੀ ਬਨਸਪਤੀ, ਇੰਦ੍ਰ, ਕੁਬੇਰ, ਸੂਰਜ, ਚੰਦ੍ਰਮਾਂ, ਤਾਰੇ, ਯਮਰਾਜ, ਮਨੁੱਖਾਂ, ਦੈਤਾਂ ਤੇ ਦੇਵਤਿਆਂ ਦੀਆਂ ਕੁਲਾਂ ਹੱਥ ਜੋੜਕੇ ਨਮਸਕਾਰ ਕਰਦੀਆਂ ਹਨ।

ਭਾਵ—ਪਿਛਲੇ ਦੋਹੇ ਵਿਚ ਕਵਿ ਜੀ ਨੇ ਅਪਣੇ ਇਸ਼੍ਰਦੇਵ ਦਾ ਪਤਾ ਦਿੱਤਾ ਹੈ ਕਿ ਓਹ ਕਿਸਦੇ ਉਪਾਸਕ ਹਨ, ਅਰ ਉਸਦਾ ਸਰੂਪ ਕਥਨ ਕੀਤਾ ਹੈ, ਜਿਸਤੋਂ ਸੰਸਾ ਨਹੀਂ ਰਹਿ ਜਾਂਦਾ ਕਿ ਓਹ ਇੱਕ ਅਕਾਲ ਪੁਰਖ ਨਿਰੰਕਾਰ ਦੇ ਉਪਾਸਕ ਹਨ। ਉਨ੍ਹਾਂ ਦਾ ਇਸ਼ਟ ਦੇਵ 'ਸਰਬ ਬਯਾਪੀ' ਹੈ, ਅਕਾਲ ਹੈ, ਸਤ ਚਿਤ ਆਨੰਦ ਹੈ, ਸਾਰੇ ਬ੍ਰਹਮੰਡ ਵਿਚ ਅਨੂਪਮ ਹੈ। ਐਸੇ ਅਪਣੇ ਇਸ਼ਟ ਦੇਵ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਮੇਰੇ ਹ੍ਰਿਦੇ ਵਿਚ ਸਦਾ ਹੀ ਪ੍ਰਗਟ ਹੋਏ ਰਹੋ, ਅਰਥਾਤ ਆਪਦੇ ਅਰ ਮੇਰੇ ਵਿਚਕਾਰ ਭੁੱਲ ਦਾ ਪਰਦਾ ਨਾ ਰਹੇ। ਇਹ ਸਰੂਪ ਅਰ ਅਪਣੀ ਮੰਗ ਕਹਿਕੇ ਇਸ ਸ੍ਰੋਯੇ ਵਿਚ ਕਵਿ ਜੀ ਅਪਣੇ ਵਿਸ਼ਾਲ ਹ੍ਰਿਦੇ ਵਿਚ ਉਸ ਅਪਣੇ ਇਸ਼ਟ ਦੇਵ ਦੇ ਬ੍ਰਹਮੰਡ ਵਿਚ ਪ੍ਰਗਟ ਤੇ ਸਾਖਯਾਤ ਕਿਸੇ ਰੂਪ ਵਿਚ ਦਰਸ਼ਨ ਕਰ ਰਹੇ ਹਨ। ਕਿਹੜੇ ਰੂਪ ਵਿਚ ਓਹ ਅਪਣੇ ਹ੍ਰਿਦੇ ਵਿਚ ਉਸਨੂੰ ਪ੍ਰਗਟ ਦੇਖ ਰਹੇ ਹਨ ? ਸੋ ਦੱਸਦੇ ਹਨ:—

ਓਹ ਸਭ ਤੋਂ ਆਦਿ, ਸਭ ਤੋਂ ਸ੍ਰੇਸ਼ਟ, ਸਭ ਤੋਂ ਉੱਤੇ, ਕੇਵਲ ਇੱਕ, ਨਿਰਾ ਇੱਕ ਹੈ, ਦੂਜਾ ਉਸ ਜੇਹਾ ਹੈ ਨਹੀਂ, ਉਹੀ ਮੁਕਤੀ ਦਾਤਾ ਹੈ, ਉਹੀ ਪਰਮ ਆਨੰਦ ਦਾ ਦਾਤਾ ਹੈ, ਓਹ ਦਾਤਾ ਬ੍ਰਹਮੰਡ ਦੇ ਤਖਤ ਤੇ ਮਾਨੋਂ ਬਿਰਾਜ ਰਿਹਾ ਹੈ

ਅਰ ਸਭ ਤੋਂ ਉਚੇ ਮੰਨੇ ਗਏ ਵ੍ਯਕਤੀਆਂ ਵਾਲੇ ਵਿਸ਼ਨੂੰ, ਬ੍ਰਹਮਾ, ਸ਼ਿਵ ਉਸਨੂੰ ਹੱਥ ਜੋੜਕੇ ਮੱਥਾ ਟੇਕ ਰਹੇ ਹਨ; ਫੇਰ ਵਰੁਣ (ਵੇਦ ਦਾ ਇਕ ਮੁੱਖਿ ਦੇਵਤਾ), ਇੰਦ੍ਰ, ਕੁਬੇਰ, ਯਮਰਾਜ ਆਦਿ ਐਸ਼੍ਵਰਜ ਵਾਲੀਆਂ ਵ੍ਯਕਤੀਆਂ ਹੱਥ ਜੋੜਕੇ ਨਮਸਕਾਰ ਕਰ ਰਹੀਆਂ ਹਨ; ਫੇਰ ਬੁੱਧ ਦੇਵ ਵਰਗੇ ਸਦਗਤੀ ਨੂੰ ਪ੍ਰਾਪਤ ਲੋਕ ਮੱਥਾ ਟੇਕ ਰਹੇ ਹਨ; ਦੇਵਤੇ, ਦੈਂਤ ਤੇ ਮਨੁੱਖ ਸਾਰੇ ਨਮਸ੍ਕਾਰਾਂ ਵਿਚ ਪੈ ਰਹੇ ਹਨ; ਏਥੋਂ ਤਾਈਂ ਕਿ ਅਗਨੀ, ਬਨਸਪਤੀ, ਸੂਰਜ, ਚੰਦ੍ਰਮਾ, ਤਾਰੇ, ਸਾਰੀ ਕੁਦਰਤ ਉਸ ਕਾਦਰ ਅਗੇ ਨਮਸਕਾਰ ਕਰ ਰਹੀ ਹੈ। ਇਹ ਜੋ ਵਿਦਤ ਸਰੂਪ ਕਵਿ ਜੀ ਅਪਣੇ ਉੱਚੇ ਹੋਏ ਮਨ ਵਿਚ ਇਕ ਅਕਲਕਲਾ ਦੇ ਰੰਗ ਦਾ ਪਰਮਾਤਮਾ ਦਾ ਸਰੂਪ ਦੇਖ ਰਹੇ ਹਨ ਅਰ ਉਸਨੂੰ ਨਮਸਕਾਰ ਕਰ ਰਹੇ ਹਨ ਅਤੇ ਨਮਸਕਾਰ ਕਰਦੇ ਹੋਏ ਅਨੁਭਵ ਕਰ ਰਹੇ ਹਨ ਕਿ ਨਾ ਕੇਵਲ ਮੈਂ ਨਮਸਕਾਰ ਕਰ ਰਿਹਾ ਹਾਂ, ਪਰ ਸਭ ਤੋਂ ਵੱਡੇ ਦੇਵਲੋਕਾਂ ਤੋਂ ਲੈ ਬ੍ਰਿੱਛ ਬੂਟੇ ਤਕ ਸਭ ਉਸ ਮਹਾਂ ਮੂਰਤੀ ਵਾਹਿਗੁਰੂ ਦੇ ਚਰਨਾਂ ਵਿਚ ਨਮਸਕਾਰ ਕਰ ਰਹੇ ਹਨ, ਅਰ ਵਾਹਿਗੁਰੂ ਦੇ 'ਸਤ ਚਿਤ ਆਨੰਦ' ਸਰੂਪ ਦਾ ਪ੍ਰਕਾਸ਼ ਤੇ ਉਸਦੇ ਨਿੱਤ ਨਵੇਂ ਸਰਬ ਬਯਾਪੀ, ਸਰਬ ਦੇ ਪੂਜਯ ਸਰੂਪ ਦਾ ਇਹ ਦਰਸ਼ਨ ਕਰਦੇ ਹੋਏ ਚਾਹੁੰਦੇ ਹਨ ਕਿ ਇਹ ਦਰਸ਼ਨ ਸਦਾ ਮੇਰੇ ਹ੍ਰਿਦੇ ਵਿਚ ਪ੍ਰਗਟ ਹੋਇਆ ਰਹੇ; ਇਹ ਕਵੀ ਜੀ ਦੀ ਪੂਜਾ ਹੈ, ਪ੍ਰਸਤਸ਼ ਹੈ, ਅਪਣੇ ਇਸ਼੍ਰ ਦੇਵ ਦਾ ਸਰੂਪ ਕਥਨ ਤੇ ਉਸਦਾ ਆਰਾਧਨ ਹੈ।

ਸੂਚਨਾ--ਇਸ਼੍ਰਦੇਵ—ਇਖ਼ਦੇਵ—ਇਸ਼ਟਦੇਵ—, ਤੋਂ ਸਾਡੀ ਮੁਰਾਦ ਹੈ ਅਕਾਲ ਪੁਰਖ, ਪਾਰਬ੍ਰਹਮ ਪਰਮੇਸੁਰ, ਜਿਸਤੋਂ ਪਰੇ ਤੇ ਉੱਪਰ ਹੋਰ ਕੋਈ ਨਹੀਂ, ਕਿਉਂਕਿ ਸਿੱਖੀ ਵਿਚ ਇਸ਼੍ਰਦੇਵ ਇਹੋ ਹੈ। ਇਸ਼ਟਗੁਰੁ ਤੋਂ ਮੁਰਾਦ ਹੈ:—ਉਹ ਪ੍ਰਕਾਸ਼ ਸਰੂਪ ਮਹਾਨ ਵ੍ਯਕਤੀ ਜੋ ਕਵਿ ਦੇ ਪਿਆਰ ਦਾ ਆਲੰਬ ਹੈ, ਜਿਸਨੂੰ ਵਾਹਿਗੁਰੂ ਵਲੋਂ ਆਇਆ ਪੂਜ੍ਯ ਤੇ ਵਾਹਿਗੁਰੂ ਦੇ ਰਸਤੇ ਦਾ ਪੂਰਨ ਗ੍ਯਾਨ ਦਾਤਾ ਤੇ ਨਾਮ ਦਾਤਾ ਮੰਨਿਆ ਹੈ, ਅਰ ਜੋ ਹੋਰ ਦੈਵੀ ਵ੍ਯਕਤੀਆਂ ਤੋਂ ਚਿੱਤ ਨੂੰ ਵਧੀਕ ਉੱਚਾ ਤੇ ਪਿਆਰਾ ਲਗਦਾ ਹੈ। ਸੋ ਸਿੱਖੀ ਵਿਚ ਦਸ ਗੁਰੂ ਸਾਹਿਬਾਨ ਹਨ। [ਸੰਸ:, ਇਖ਼੍=ਚਾਹੁਣਾ]।

੪. ਇਸ਼੍ਰ ਗੁਰ—ਸ੍ਰੀ ਗੁਰ ਨਾਨਕ ਦੇਵ ਜੀ—ਮੰਗਲ।

ਦੋਹਰਾ—**ਸ੍ਰੀ ਨਾਨਕ ਪੁਰਸ਼ੋਤਮੰ ਪਰਮ, ਪਰਾਵਰ ਨਾਥ।**
ਯੁਗਲ ਚਰਨ ਮਮ* ਬੰਦਨਾ ਧਰ ਪਰ ਧਰਿਕਰਿ ਮਾਥ। ੫।

[ਪੁਰਸ਼ੋਤਮੰ=[ਪੁਰੁਖ਼=ਆਦਮੀ । ਉੱਤਮ=ਸ੍ਰੇਸ਼ਟ] ਵਿਸ਼ੇਸ਼ ਸਿਫਤ ਵਾਲਾ ਆਦਮੀ, ਉਹਦੇਦਾਰ ਯਾ ਕਾਰਕ । ਪੁਰਸ਼ੋਤਮ (ਪੁਰੁਖ਼ੋਤਮ)= ਈਸ਼ਵਰ, ਨਾਰਾਯਣ, ਕ੍ਰਿਸ਼ਨ, ਵਿਸ਼ਨੂੰ ਆਦਿ ਭੀ ਕਹੀਦੇ ਹਨ। ਏਥੇ ਮੁਰਾਦ ਹੈ ਜਗਤ ਵਿਚ ਪ੍ਰਗਟ ਹੋਏ ਉੱਚੇ ਤੇ

*ਪਾਠਾਂਤ੍ਰ ਹੈ—ਮੁਰ।

ਪਦਾਂ ਦੇ ਅਰਥ–

ਪ੍ਰਸਿੱਧੀ ਵਾਲੇ ਮਹਾਂ ਪੁਰਖ, ਜੈਸੇ ਅਵਤਾਰ, ਸਿੱਧ, ਬੁੱਧ, ਪੈਗੰਬਰ, ਵਲੀ, ਸੰਤ, ਗੁਰਮੁਖ ਆਦਿ। ਪੁਰਖੋਤਮ ਉਸ ਨਿਸ਼ਪਾਪ ਪੁਰਖ ਨੂੰ ਕਹਿੰਦੇ ਹਨ ਜੋ ਵੈਰੀ ਮਿੱਤਰ ਸਭ ਤੋਂ ਉਚੇਰਾ ਰਹੇ। ਕਵਿ ਜੀ ਦੀ ਮੁਰਾਦ ਇਸ ਦਿੱਸਦੇ ਜਗਤ ਵਿਚ ਪ੍ਰਗਟ ਹੋਏ ਮਹਾਂ ਪੁਰਖਾਂ ਤੋਂ ਹੈ, ਜੋ ਮਨ ਬਚ ਕਰਮ ਕਰਕੇ ਉੱਚਿਆਂ ਤੋਂ ਉੱਚੇ ਰਹਿਣੇ ਵਾਲੇ ਹੋਏ ਹੋਣ ਯਾ ਹੋਣਗੇ।

ਪਰਮ=ਵੱਡਾ, ਵਡੇਰਾ, ਪਹਿਲਾ, ਮੁਹਰਲਾ, ਮੀਰੀ।

ਪਰਾਵਰ=ਨੇੜੇ ਦੂਰ, ਨੀਚ ਊਚ, ਮੱਥਲਾ ਅੰਤਲਾ, ਜਿਸ ਵਿਚ ਸਭ ਕੁਛ ਸ਼ਾਮਲ ਹੋਵੇ, ਸਮਸ਼ਟੀ। ਪਰੰਤੂ ਮੁੰਡਕ ਉਪਨਿਖਦ ਦੇ ਅੱਠਵੇਂ ਸ਼ਲੋਕ ਵਿਚ ਇਹ ਪਦ ਆਯਾ ਹੈ ਤੇ ਉੱਥੇ ਅਰਥ ਹੈ:– ਬ੍ਰਹਮਾਦਿਕ ਉੱਚੇ ਲੋਕ ਜਿਸਦੇ ਅੱਗੇ ਨੀਂਵੇ ਹੋਣ। ਟੀਕਾ ਕਾਰ ਮਾਧਵਾਚਾਰਯ ਨੇ ਇਸ ਲਈ–ਵਿਸ਼ਨੂੰ–ਅਰਥ ਕੀਤਾ ਹੈ ਜੋ ਬ੍ਰਹਮਾਦਿਕਾਂ ਤੋਂ ਉੱਚਾ ਹੈ। ਕਵਿ ਸੰਤੋਖ ਸਿੰਘ ਜੀ ਦੀ ਮੁਰਾਦ ਗੁਰ ਨਾਨਕ ਦੇਵ ਜੀ ਨੂੰ 'ਪਰਾਵਰ ਨਾਥ' ਕਹਿਣ ਤੋਂ ਇਹ ਜਾਪਦੀ ਹੈ ਕਿ ਅਦ੍ਰਿਸ਼ਜ ਸੰਸਾਰ ਵਿਚ ਜੋ ਉੱਚੇ ਤੋਂ ਉੱਚੇ ਲੋਕ: ਬ੍ਰਹਮਾ, ਵਿਸ਼ਨੂੰ ਆਦਿ ਹਨ, ਗੁਰ ਨਾਨਕ ਦੇਵ ਜੀ ਉਨ੍ਹਾਂ ਦੇ ਬੀ (ਨਾਥ=) ਸੁਆਮੀ ਹਨ।

ਨਾਥ=ਮਾਲਿਕ, ਸੁਆਮੀ। ਯੁਗਲ=ਦੋ, ਦੋਵੇਂ।

ਚਰਨ=ਚਰਨਾਂ ਪਰ। ਮਮ=ਮੇਰੀ। ਬੰਦਨਾਂ=ਨਮਸਕਾਰ, ਮੱਥਾ ਟੇਕਣਾ, ਸਿਜਦਾ। ਧਰ=ਧਰਤੀ।

ਧਰਿ=ਧਰਕੇ, ਰੱਖਕੇ, ਅਥਵਾ--ਕਰ+ਧਰ=ਹੱਥ ਧਰਕੇ, ਮੁਰਾਦ ਹੈ ਮੱਥਾ ਤੇ ਦੋਵੇਂ ਹੱਥ ਧਰਤੀ ਤੇ ਧਰਕੇ--ਅਸ਼ਟਾਂਗ--ਪ੍ਰਣਾਮ ਹੈ।

ਅਰਥ–(ਹੇ) ਸ੍ਰੀ (ਗੁਰੂ) ਨਾਨਕ (ਦੇਵ ਜੀ)! (ਆਪ ਜੋ ਜਗਤ ਦੇ) ਉੱਤਮ ਪੁਰਖਾਂ ਤੋਂ ਪਰਮ ਹੋ, (ਅਰ ਅਦ੍ਰਿਸ਼ਜ) ਪਰਾਵਰਾਂ ਦੇ (ਬੀ) ਨਾਥ ਹੋ (ਆਪਦੇ) ਦੋਹਾਂ ਚਰਨਾਂ ਪੁਰ ਧਰਤੀ ਉਤੇ ਮੱਥਾ ਧਰਕੇ ਮੇਰੀ ਨਮਸਕਾਰ ਹੋਵੇ।

ਭਾਵ–ਦ੍ਰਿਸ਼ਜ ਤੇ ਅਦ੍ਰਿਸ਼ਜ ਅਰਥਾਤ ਦਿੱਸਣ ਵਾਲੀ ਤੇ ਨਾ ਦਿੱਸਣ ਵਾਲੀ ਦੋਹਾਂ ਪ੍ਰਕਾਰਾਂ ਦੀ ਸ੍ਰਿਸ਼ਟੀ ਵਿੱਚ ਜੋ ਉੱਚੀਆਂ ਤੋਂ ਉੱਚੀਆਂ ਵ੍ਯਕਤੀਆਂ ਹਨ ਉਨ੍ਹਾਂ ਸਭਨਾਂ ਦੇ ਪੂਜਯ ਤੇ ਸੁਆਮੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਲਖਕੇ ਕਵਿ ਜੀ ਉਨ੍ਹਾਂ ਦੇ ਚਰਨਾ ਕਵਲਾਂ ਪਰ ਨਮਸਕਾਰ ਕਰਦੇ ਹਨ।

ਪੁਰਖ ਤੋਂ ਮੁਰਾਦ ਜਗਤ ਵਿਚ ਪ੍ਰਗਟੇ ਚੰਗੇ ਪੁਰਖਾਂ ਤੋਂ ਹੈ, ਉਨ੍ਹਾਂ ਵਿਚੋਂ ਉੱਤਮ ਓਹ ਹਨ ਜੋ ਅਵਤਾਰ, ਰਿਸ਼ੀ, ਭਗਤ ਆਦਿ ਕਹਿਲਾਏ, ਜੈਸੇ ਰਾਮ ਕ੍ਰਿਸ਼ਨ ਆਦਿ ਅਵਤਾਰ, ਕਬੀਰ ਆਦਿ ਭਗਤ, ਹੋਰ ਈਸਾ ਮੁਹੰਮਦ ਆਦਿ ਪੈਗੰਬਰ,

ਬੁੱਧ, ਜੀਨਾ ਆਦਿਕ ਮਹਾਂਪੁਰਖ, ਇਸ ਪ੍ਰਕਾਰ ਦੇ ਪੁਰਖੋਤਮਾਂ ਤੋਂ ਬੀ ਪਰਮ (ਵਡੇ, ਮੀਰੀ) ਸ਼੍ਰੀ ਗੁਰੂ ਨਾਨਕ ਦੇਵ ਜੀ ਹਨ। ਸ੍ਰੇਸ਼ਟ ਤੇ ਉੱਚੇ ਤੋਂ ਛੁਟ, 'ਪਰਮ' ਵੱਡੇ ਪੁਰਖ ਤੇ ਅਧਿਕ ਨੂੰ ਬੀ ਕਹਿੰਦੇ ਹਨ, ਜੋ ਗੁਣਾਂ ਆਦਿ ਕਰਕੇ ਅਧਿਕ ਹੋਵੇ। 'ਪਰਮ' ਪਹਿਲੇ, ਮੂਹਰਲੇ, ਆਦਿ ਨੂੰ ਬੀ ਕਹਿੰਦੇ ਹਨ ਜੋ ਸਮੇਂ ਵਿਚ ਸਨਾਤਨ ਹੋਵੇ; ਅਤੇ ਪਰਮ–ਮੀਰੀ–ਜੋ ਸਭ ਤੋਂ ਪਦ ਵਿਚ, ਦਰਜੇ ਵਿਚ, ਅੱਗੇ ਹੋਵੇ–ਨੂੰ ਬੀ ਕਹਿੰਦੇ ਹਨ। ਕਵਿ ਜੀ ਦੇ ਪ੍ਰੇਮੀ ਮਨ ਵਿਚ ਇਹ ਸਾਰੇ ਭਾਵ ਸਤਿਗੁਰ ਲਈ ਲਹਿਰ ਰਹੇ ਸਨ, ਜਿਸ ਕਰਕੇ ਉਨ੍ਹਾਂ ਨੇ ਇਹ ਪਦ ਵਰਤਿਆ ਹੈ।

ਜਗਤ ਵਿਚ ਪ੍ਰਗਟ ਹੋਏ ਮਹਾਂ ਪੁਰਖਾਂ ਨੂੰ ਸਭਨਾਂ ਤੋਂ ਉੱਚਾ ਕਹਿਕੇ ਆਪ ਉਨ੍ਹਾਂ ਨੂੰ–ਪਰਾਵਰ–ਆਖਦੇ ਹਨ। ਅਰਥਾਤ ਅਦ੍ਰਿਸ਼ਯ ਜਗਤ ਦੇ ਵਡੇ ਜੈਸੇ ਕਿ ਬ੍ਰਹਮਾਂ ਜੀ ਆਦਿਕ ਮੰਨੇ ਹਨ। ਏਹ ਬ੍ਰਹਮਾਦਿਕ ਜਿਨ੍ਹਾਂ ਅੱਗੇ–ਅਵਰ–ਅਰਥਾਤ ਨੀਵੇਂ ਹਨ, ਓਹ ਪਰਾਵਰ ਕਹੀਦਾ ਹੈ, ਜੈਸੇ ਮਾਧਵ ਨੇ ਵਿਸ਼ਨੂੰ ਜੀ ਮੰਨੇ ਹਨ। ਕਵਿ ਜੀ ਹੁਣ ਉਨ੍ਹਾਂ ਬ੍ਰਹਮਾਦਿਕਾਂ ਤੋਂ ਜੋ ਉੱਚੇ ਹਨ ਉਨ੍ਹਾਂ ਦੇ ਬੀ ਨਾਥ ਸ੍ਰੀ ਗੁਰੂ ਜੀ ਨੂੰ ਦੱਸਦੇ ਹਨ, ਗੋਯਾ ਦ੍ਰਿਸ਼ਯ ਅਦ੍ਰਿਸ਼ਯ ਜਗਤ ਦੇ ਮਹਾਨ ਮਹਾਨ ਉੱਚਿਆਂ ਤੋਂ ਬੀ ਉੱਚੇ ਸ੍ਰੀ ਗੁਰੂ ਜੀ ਹਨ।

ਸੈਯਾ–ਬਰ ਚਾਰ ਪਦਾਰਥ ਦਾ ਬਰ ਚਾਰ ਬਿਚਾਰ ਕੋ ਮੂਰ ਉਦਾਰਸੁਹਾਵੈਂ।
ਉਪਕਾਰਿ ਸਖਾ ਸੁਖਕਾਰ ਸਦਾ ਤਮ ਪਾਰ ਕਰੈਂ ਉਰ ਮੋ* ਬਸਜਾਵੈਂ।
ਅਘਜਾਲਨਿ ਤੇ ਜਮਜਾਲਨਿ ਤੇ ਕਲਿਕਾਲਨ ਤੇ ਤਤਕਾਲ ਛੁਟਾਵੈਂ।
ਅਰਬਿੰਦ ਬਿਖੇ ਗੁਨ ਏ ਸਭਿ ਹੋਹਿਂ ਤਬੈ ਉਪਮਾ ਪਗ ਸ੍ਰੀ ਗੁਰ ਪਾਵੈ ॥੬॥

[ਬਰ=ਵਰ, ਸ਼੍ਰੇਸ਼ਟ, (ਅ) ਮੰਗਣ ਵਾਲੇ, ਯਾਚਕ†।
ਚਾਰ ਪਦਾਰਥ=ਚਾਰ ਅਦਾਰਥ:–ਧਰਮ, ਅਰਥ, ਕਾਮ, ਮੋਖ।
ਦਾ=ਦੇਣ ਵਾਲੇ, ਦਾਤੇ।
ਬਰ=ਵਰ, ਮੂੰਹ ਮੰਗੀ ਮੁਰਾਦ। ਅਰਥਾਤ ਚਾਰ ਪਦਾਰਥਾਂ ਦੇ ਯਾਚਕਾਂ ਨੂੰ ਚਾਰੇ ਪ੍ਰਕਾਰ ਦੇ ਵਰਾਂ ਦੇ ਦਾਤਾ ਹਨ।(ਅ) ਸ੍ਰੇਸ਼ਟ ਚਾਰ ਪਦਾਰਥਾਂ ਦਾ ਸੁੰਦਰ ਵਰ ਦੇਣ ਵਾਲੇ ਹਨ। (ੲ) 'ਵਰ' ਦਾ ਅਰਥ ਮੁਕਤਿ ਤੇ ਮੁਕਤੀ ਤੋਂ ਚਾਰੋਂ ਕਿਸਮ ਦੀ ਮੁਕਤੀ ਦਾ ਅਰਥ ਬੀ ਲਾਉਂਦੇ ਹਨ।
ਬਿਚਾਰ=ਵਿਚਾਰ, ਗਯਾਨ। ਮੂਰ=ਮੂਲ, ਮੁੱਢ।
ਉਦਾਰ=ਉਦਾਰਤਾ ਵਾਲੇ, ਸਖੀ, ਦਾਤੇ। ਸੁਹਾਵੈਂ=ਸੁਹਣੇ ਲੱਗ ਰਹੇ ਹਨ।
ਉਪਕਾਰ ਸਖਾ=ਸਖਾ ਵਾਂਙੂ ਉਪਕਾਰੀ। ਸੱਜਣ ਯਾ ਮਿੱਤ੍ਰ ਵਾਂਙੂ ਅਪਣਾ

*ਪਾਠਾਂਤ੍ਰ 'ਮੋ' ਦੀ ਥਾਂ 'ਜਾਂ' ਬੀ ਹੈ। †ਵਰ ਪਦ ਦੇ ਹੋਰ ਅਰਥ ਏਹ ਹਨ:– ਸੁਹਣਾਂ, ਉੱਤਮ, ਵੱਡਾ, ਵਰ (ਬਰਕਤ), ਪਤੀ, ਲਾੜਾ, ਜਵਾਈ, ਚੁਣਨਾ, ਯਾਚਨਾ ਕ਼ਰਨੀ, ਇੱਛਾ, ਚਿੜੀ, ਗੁੱਗਲ, ਕੇਸਰ। [ਇਸਦਾ ਧਾਤੂ ਹੈ ਵ੍ਰੀ=ਚੁਣਨਾ]

ਪਦਾਂ ਦੇ ਅਰਥ:-

ਸੁਖ ਨਾ ਵਿਚਾਰ ਕੇ ਦੂਸਰੇ ਦਾ ਭਲਾ ਕਰਨ ਵਾਲੇ।
ਜੇ 'ਉਪਕਾਰਿ' ਦੇ 'ਰ' ਨੂੰ ਸਿਹਾਰੀ ਨਾ ਹੋਵੇ ਤਾਂ 'ਉਪਕਾਰ ਦੇ ਮਿਤ੍ਰ' ਅਰਥ ਹੋਊ, ਭਾਵ ਉਪਕਾਰ ਕਰਨ ਹਾਰੇ, ਜਿਵੇਂ ਕਹੀਦਾ ਹੈ 'ਨੇਕੀ ਦਾ ਯਾਰ।'

ਸੁਖਕਾਰ=ਸੁਖ ਦੇਣ ਵਾਲੇ, ਸੁਖ ਕਰਨ ਵਾਲੇ, ਦੁਖ ਹਰਨ ਵਾਲੇ।

ਤਮ=ਹਨੇਰਾ। ਭਾਵ ਹੈ ਅਵਿਦ੍ਯਾ, ਅਗ੍ਯਾਨ ਤੋਂ, ਜੋ ਮਨੁੱਖ ਦੇ ਮਨ ਤੇ ਹਨੇਰੇ ਵਾਂਗੂ ਪਿਆ ਹੈ। ਜਿਵੇਂ ਹਨੇਰੇ ਤੋਂ ਪਾਰ ਬਾਂਹ ਫੜਕੇ ਕਰੀਦਾ ਹੈ ਤਿਵੇਂ ਨਿਜ ਸਹਾਯਤਾ ਨਾਲ ਅਗ੍ਯਾਨ ਤੋਂ ਪਾਰ ਕਰਦੇ ਹਨ। (ਅ) ਮੁਹਾਵਰਾ ਹੈ, ਪਾਰ ਕਰਨਾ=ਦੂਰ ਕਰਨਾ।

ਉਰ=ਦਿਲ। ਦਿਲ ਵਿਚ ਵਸ ਜਾਂਦੇ ਤੋਂ ਮੁਰਾਦ ਹੈ ਡਾਢੇ ਹੀ ਪ੍ਯਾਰੇ ਲਗਦੇ ਹਨ, ਜਦੋਂ ਮਿਲੇ ਬਸ ਅੰਦਰ ਬਸ ਗਏ, ਫੇਰ ਚਿੱਤੋਂ ਤੇ ਚੇਤਿਓਂ ਵਿਸਰਦੇ ਨਹੀਂ।

ਅਘ=ਪਾਪ। ਜਾਲਨਿ=ਸਮੂਹ। ਜਮ=ਯਮ, ਮੌਤ ਦਾ ਦੇਵਤਾ।
ਜਾਲਿਨਿ=ਜਾਲ, ਫਾਹੀ। ਕਲਿ=ਕਲਜੁਗ। ਕਾਲਨ=ਕਲੇਸ਼,ਅਪਦਾ।

ਅਰਥ-(ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਣਾਰਬਿੰਦ) ਚਾਰ (ਪਦਾਰਥਾਂ) ਦੇ ਯਾਚਕਾਂ ਨੂੰ ਚਾਰੋਂ ਪਦਾਰਥਾਂ ਦੇ ਸ੍ਰੇਸ਼ਟ ਦਾਤਾ ਹਨ, ਵਿਚਾਰ ਦਾ ਮੂਲ ਹਨ (ਅਤੇ 'ਵਿਚਾਰ=ਗ੍ਯਾਨ' ਦੇ ਦਾਨ ਕਰਨ ਦੀ ਬੀ) ਉਦਾਰਤਾ ਨਾਲ ਸੁਹਾ ਰਹੇ ਹਨ। ਸੱਜਣਾਂ (ਵਾਂਗੂ ਸਦਾ) ਉਪਕਾਰੀ (ਸਹਾਈ) ਹਨ, (ਅਤੇ) ਸਦਾ ਸੁਖ ਦੇ ਦੇਣ ਵਾਲੇ ਹਨ, ਹਿਰਦੇ ਵਿਚ ਵੱਸ ਜਾਂਦੇ ਹਨ (ਅਤੇ ਅਗ੍ਯਾਨ ਰੂਪੀ) ਅੰਧੇਰੇ ਤੋਂ ਪਾਰ ਕਰ ਦਿੰਦੇ ਹਨ। ਸਾਰੇ ਪਾਪਾਂ ਤੋਂ, ਕਲਜੁਗ ਦੇ ਕਲੇਸ਼ਾਂ ਤੋਂ, ਜਮਾਂ ਦੀ ਫਾਹੀ ਤੋਂ ਝੱਟ ਪਟ ਛੁਡਾ ਦਿੰਦੇ ਹਨ। ਏਹ (ਉੱਪਰ ਕਹੇ) ਸਾਰੇ ਗੁਣ ਜੇ ਕਵਲ ਫੁਲ ਵਿਚ ਹੋਣ ਤਾਂ ਸਤਿਗੁਰਾਂ ਦੇ ਚਰਨਾਂ ਦੀ ਉਪਮਾ ਪਾ ਸਕੇ।

ਭਾਵ-ਇਸ ਸ੍ਵੈਯੇ ਵਿਚ 'ਉਰ ਮੈਂ ਬਸ ਜਾਵੈਂ' ਇਕ ਕੁੰਜੀ ਵਤ ਵਾਕ ਹੈ। ਜੋ ਉੱਤਮ ਜਗ੍ਯਾਸੂ ਅਪਣੇ ਇਸ਼੍ਟ ਦੇਵ-ਸ੍ਰੀ ਗੁਰੂ-ਜੀ ਦੇ ਚਰਨਾਂ ਨੂੰ ਹਿਰਦੇ ਵਿਚ ਵਸਾਉਂਦੇ ਹਨ, ਓਹ ਸਾਰੇ ਸੁਖਾਂ ਨੂੰ ਪਹੁੰਚਦੇ ਹਨ। [ਚਰਨਾਂ ਦਾ ਹ੍ਰਿਦੇ ਵਿਚ ਟਿਕਣਾ ਸਿਮਰਨ ਹੈ ਗੁਰੂ ਜੀ ਦਾ ਤੇ ਸਹਿਜ ਧ੍ਯਾਨ ਹੈ]। ਸਿਮਰਨ ਟੁਰਿਆ ਰਿਹਾ 'ਲਿਵ' ਬਣ ਜਾਂਦਾ ਹੈ। ਜੇ ਜਗ੍ਯਾਸੂ ਲਿਵ ਵਲ ਟੁਰੀ ਜਾਏ ਅਰਥਾਤ ਸਿਧੀਆਂ ਰਿਧੀਆਂ ਤੋਂ ਪਰੇ ਰਹਿਕੇ ਕੇਵਲ ਮੋਖ ਦੀ ਇੱਛਾ ਰੱਖਕੇ ਸਾਈਂ ਦੇ ਪ੍ਯਾਰ ਵਿਚ ਟੁਰੀ ਚੱਲੇ ਤਾਂ ਲਿਵਲੀਨਤਾ ਅਰਥਾਤ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਸੁਖ, ਜਿਨ੍ਹਾਂ ਦੀ ਸਰੀਰ ਹੁੰਦਿਆਂ ਸਰੀਰ ਨੂੰ ਲੋੜ ਹੁੰਦੀ ਹੈ, ਓਹ ਫੇਰ ਸੁਤੇ ਸਿੱਧ ਪ੍ਰਾਪਤ ਹੁੰਦੇ ਹਨ। ਐਸੇ ਸੁੱਖਾਂ ਦੀ ਫਲ ਪ੍ਰਾਪਤੀ-ਜੋ ਮਾਨੋਂ ਸਤਿਗੁਰ ਜੀ ਦੇ, ਹ੍ਰਿਦੇ ਵਿਚ ਵਸ ਜਾਣ ਵਾਲੇ, ਚਰਨਾਂ ਦੀ ਤਾਸੀਰ ਹੈ-ਐਉਂ

ਵਰਣਨ ਕਰਦੇ ਹਨ ਜਿਵੇਂ ਆਪ ਪਰਤਾਕੇ ਡਿੱਠਾ ਹੈਨੇ।

੧. ਚਰਨ ਚਾਰ ਪਦਾਰਥਾਂ: ਧਰਮ, ਅਰਥ, ਕਾਮ, ਮੋਖ ਦੇ ਦਾਤਾ ਹਨ, ਇਸ ਕਰਕੇ ਆਪ ਉਨ੍ਹਾਂ ਨੂੰ ਉਦਾਰ ਉਪਕਾਰ ਸੱਜਣ ਤੇ ਸੁਖਦਾਈ ਆਦਿ ਵਿਸ਼ੇਸ਼ਣਾ ਨਾਲ ਯਾਦ ਕਰਦੇ ਹਨ।

੨. ਵਿਚਾਰ ਦਾ ਮੂਲ—ਗਯਾਨ ਦੇ ਦਾਤਾ—ਇਸ ਕਰਕੇ ਆਪ ਉਨ੍ਹਾਂ ਨੂੰ ਅਗਯਾਨ ਰੂਪ ਹਨੇਰੇ ਦੇ ਦੂਰ ਕਰਨ ਵਾਲੇ ਦੱਸਦੇ ਹਨ।

੩. ਸਹਿਜ ਧਯਾਨ ਯਾ ਲਿਵ ਦੇ ਵਿਘਨਕਾਰੀ ਸਾਮਾਨਾਂ ਦਾ ਨਾਸ਼ ਕਰਨਾ ਬੀ ਇਨ੍ਹਾਂ ਦਾ ਹੀ ਧਰਮ ਦੱਸਦੇ ਹਨ, ਇਸ ਕਰਕੇ ਕਹਿੰਦੇ ਹਨ, ਕਲੇਸ਼ਾਂ ਤੋਂ, ਸਾਰੇ ਗਿਰਾਉ ਵਾਲੇ ਕਰਮਾਂ —ਪਾਪਾਂ—ਤੋਂ ਛੁਡਾ ਲੈਂਦੇ ਹਨ, ਇਸ ਤੋਂ ਵੱਧ ਜੋ ਬੀ ਮੋਖ ਦੀ ਇੱਛਾ ਵਾਲਿਆਂ ਦੇ ਰਸਤੇ ਵਿਚ ਯਮ ਨੇ ਜਾਲ ਵਿਛਾ ਰਖੇ ਹਨ, ਜੋ ਅਚੇਤ ਹੀ ਲਿਵ ਦੇ ਰਸਤੇ ਤੋਂ ਉਟਕਾ ਲੈਂਦੇ ਹਨ, ਇਨ੍ਹਾਂ ਸਾਰੇ ਵਿਘਨਾਂ ਤੋਂ 'ਰਿਦੇ ਬਸ ਜਾਣ ਵਾਲੇ' ਚਰਣ ਰੱਖ ਲੈਂਦੇ ਹਨ। ਸਤਿਗੁਰਾਂ ਜੀ ਦੇ ਚਰਣਾ ਦੀ ਇਹ ਤਾਸੀਰ ਕਿਉਂ ਹੈ ? ਇਸ ਲਈ ਕਿ ਉਹ ਸਤਿਗੁਰ ਦੇ ਹਨ, ਸਤਿਗੁਰ ਜੀ 'ਪੁਰਸ਼ੋਤਮ' ਤੇ 'ਪਰਮ ਪਰਾਵਰ ਨਾਥ' ਹਨ, ਉਨ੍ਹਾਂ ਦੇ ਅਪਣੇ ਸਰੂਪ ਦੇ ਗੁਣ ਉਨ੍ਹਾਂ ਦੇ ਚਰਨਾਂ ਦੇ ਧਿਆਨੀਆਂ, ਅਰਥਾਤ ਉਪਾਸਕਾਂ ਨੂੰ ਪ੍ਰਾਪਤ ਹੋਣੇ ਹੋਏ। ਜਿਸ ਦਾ ਧਿਆਨ ਧਰੋ ਉਸ ਦੇ ਗੁਣਾਂ ਦਾ ਆਵੇਸ਼ ਹੁੰਦਾ ਹੈ। ਜਿਵੇਂ ਅੱਗ ਦੇ ਨਿਕਟ-ਵਰਤੀ ਨਿੱਘ ਨਾਲ ਸਫਲ ਹੁੰਦੇ ਹਨ, ਪ੍ਰਕਾਸ਼ ਦੇ ਧਯਾਨੀ ਚਾਨਣੇ ਤੋਂ ਕ੍ਰਿਤਾਰਥ ਹੁੰਦੇ ਹਨ, ਤਿਵੇਂ ਸਰਬ ਸੁਖਦਾਈ ਪੂਰਨ ਗਿਆਨ ਸਰੂਪ ਸਤਿਗੁਰ ਦੇ ਚਰਨਾਂ ਦੇ ਧਯਾਨ ਤੋਂ, ਸਿਮਰਨ ਤੋਂ, ਸਰਬ ਸੁਖ ਮਿਲਦੇ ਹਨ।

੫. ਇਸ਼੍ਟ ਗੁਰੂ—ਸ੍ਰੀ ਗੁਰੂ ਅੰਗਦ ਦੇਵ ਜੀ—ਮੰਗਲ।

ਦੋਹਰਾ—ਸ੍ਰੀ ਅੰਗਦ ਕੰਦਨ ਬਿਘਨ ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ ਨਮਸਕਾਰ ਧਰਿ ਭਾਲ ॥ ੭ ॥

ਪਦ ਦੇ ਅਰਥ—

ਸ੍ਰੀ=ਦੇਖੋ ਪੰਨਾ ੨੭ ਦੇ ਪਦ ਅਰਥ ਦਾ ਆਦ।
ਕੰਦਨ=ਨਾਸ਼ ਕਰਨ ਵਾਲੇ। [ਸੰਸ:*, ਕਦਨ=ਨਾਸ਼, ਧ੍ਵੰਸ। ਫਾਰਸੀ, ਕੰਦਨ=ਜੜੋਂ ਪੁੱਟ ਦੇਣਾ]।
ਬਿਘਨ=ਰੋਕ, ਮੁਸ਼ਕਲ, ਕਠਨਾਈ, [ਸੰਸ:, ਵਿਘ੍ਨ]
ਬਦਨ=ਮੂੰਹ। ਮੁਖੜਾ। ਮੁਖਾਰਬਿੰਦ। ਮੰਗਲ=ਖੁਸ਼ੀਆਂ, ਉਤਸਾਹ।
ਸਾਲ=ਘਰ। ਮੰਗਲ ਸਾਲ ਦਾ ਮਤਲਬ ਹੈ ਜਿੱਥੇ ਮੰਗਲ ਦਾ ਨਿਵਾਸ ਹੋਵੇ। [ਸੰਸ:, ਸ਼ਾਲਾ=ਘਰ]।
ਪਰਨ=ਆਸਰਾ, ਓਟ। [ਪੰ:, ਪਰਨਾ=ਆਸਰਾ। ਸੰ:, ਪ੍ਰਣਯ=ਭਰੋਸਾ, ਪੱਖ, ਮਿੱਤ੍ਰਤਾ]।
ਸ਼ਰਨ=ਓਟ। (ਦੇਖੋ 'ਸ੍ਰੀ ਗੁਰੂ ਅਮਰ ਮੰਗਲ' ਪੰਨਾ ੨੭ ਦੋਹਿਰਾ ਦੇ

*ਅਗੇ ਤੋਂ ਅਸੀਂ, ਸੰਸਕ੍ਰਿਤ ਨੂੰ—ਸੰਸ:, ਫ਼ਾਰਸੀ ਨੂੰ—ਫ਼ਾ:, ਹਿੰਦੀ ਨੂੰ—ਹਿੰ:, ਪੰਜਾਬੀ ਨੂੰ—ਪੰ:, ਸੰਖੇਪ ਕਰਕੇ ਲਿਖਾਂਗੇ।

[ਪਦਾਰਥਾਂ ਵਿਚੋਂ ਤੀਜੇ ਤਦ ਦਾ ਅਰਥ)। ਧਰਿ=ਧਰਿਕੇ। ਭਾਲ=ਮੱਥਾ। ਤੁਕ ਦਾ ਅਰਥ ਐਉਂ ਲਗਦਾ ਹੈ:-ਸ਼ਰਨ (ਦਾ) ਪਰਨ ਕਰ, ਧਰਿ ਭਾਲਿ, ਨਮਸਕਾਰ (ਕਰਦਾ ਹਾਂ) ਚਰਨ ਕੋ।]

ਅਰਥ—ਸ੍ਰੀ (ਗੁਰੂ) ਅੰਗਦ (ਦੇਵ ਜੀ) ਵਿਘਨਾਂ ਦੇ ਨਾਸ਼ ਕਰਨ ਵਾਲੇ (ਹਨ, ਅਤੇ ਉਨ੍ਹਾਂ ਦਾ) ਮੁਖਾਰਬਿੰਦ ਮੰਗਲਾਂ ਦਾ ਘਰ ਹੈ, (ਉਨ੍ਹਾਂ ਦੀ) ਸ਼ਰਣ ਦਾ ਆਸਰਾ ਲੈਕੇ, (ਧਰਤੀ ਉਤੇ) ਮੱਥਾ ਧਰਕੇ, ਚਰਨਾਂ ਨੂੰ ਨਮਸਕਾਰ ਕਰਦਾ ਹਾਂ।

ਭਾਵ—ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਨੂੰ ਲੋਕੀ ਇਸ ਤਰ੍ਹਾਂ ਪ੍ਰੇਮ ਨਾਲ ਲੋਚਿਆ ਕਰਦੇ ਸਨ, ਕਿ ਅੰਮ੍ਰਿਤ ਵੇਲੇ ਤੋਂ ਹੀ ਰਸਤੇ ਵਿਚ ਪੰਗਤਾਂ ਲਾਕੇ ਬੈਠ ਜਾਇਆ ਕਰਦੇ ਸਨ। ਕਾਮਨਾਂ ਵਾਲੇ ਕਾਮਨਾ ਪੂਰਨ ਹੋਣ ਦੀ ਲਾਲਸਾ ਵਿਚ, ਮੁਸ਼ਕਲਾਂ ਵਿਚ ਫਸੇ ਲੋਕ ਅਪਣੇ ਵਿਘਨਾਂ ਤੇ ਕਠਨਾਈਆਂ ਦੇ ਨਾਸ਼ ਲਈ, ਤੇ ਰੋਗੀ ਅਪਣੇ ਦੁੱਖਾਂ ਦੀ ਨਵਿਰਤੀ ਲਈ। ਉਨ੍ਹਾਂ ਦੇ ਦਰਸ਼ਨ ਨਾਲ ਦਰਸ਼ਨ ਕਰਨ ਵਾਲਿਆਂ ਨੂੰ ਮਨੋਕਾਮਨਾ ਪ੍ਰਾਪਤ ਹੁੰਦੀ ਸੀ, ਤੇ ਜੋ ਕੁਛ ਕਿਸੇ ਨੂੰ ਮੁਖਾਰਬਿੰਦ ਤੋਂ ਉਚਾਰ ਦੇਂਦੇ ਸਨ ਉਹ ਤਤਕਾਲ ਸਫਲ ਹੋ ਜਾਂਦਾ ਸੀ। ਉਨ੍ਹਾਂ ਦੇ ਇਸ ਬਿਰਦ ਅਰ ਇਸ ਪ੍ਰਸਿੱਧੀ ਵਲ ਕਵਿ ਜੀ ਦਾ ਇਸ਼ਾਰਾ ਇਨ੍ਹਾਂ ਅਖਰਾਂ ਵਿਚ ਹੈ। ਉਨ੍ਹਾਂ ਦੇ ਇਸ ਵੇਲੇ ਦੇ ਦਰਸ਼ਨ ਤੇ ਜਿਸ ਤੇ ਦ੍ਰਿਸ਼ਟੀ ਪੈ ਜਾਏ ਉਸ ਨੂੰ ਸੁਖ ਪ੍ਰਾਪਤੀ ਤੇ ਦੁਖ ਨਾਸ਼ ਵਾਲੀ ਵਿਥਯਾ ਬਾਬਤ ਭੱਟਾਂ ਨੇ ਬੀ ਸਵਈਆਂ ਵਿਚ ਆਖਿਆ ਹੈ:—

ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
ਤਿਮਰ ਅਗ੍ਯਾਨ ਜਾਹਿ ਦਰਸ ਦੁਆਰ॥
ਪੁਨਾ—ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥

ਉਨ੍ਹਾਂ ਦੇ ਇਸ ਗੁਣ ਦਾ ਵੀਚਾਰ ਕਰਕੇ ਕਵਿ ਜੀ ਉਨ੍ਹਾਂ ਦੀ ਸ਼ਰਨ ਦਾ ਆਸਰਾ ਲੈਂਦੇ ਹਨ ਤੇ ਧਰਤੀ ਤੇ ਮਸਤਕ ਟੇਕ ਕੇ ਨਮਸਕਾਰ ਕਰਦੇ ਹਨ, ਵਿਚ ਸੰਭਾਵਨਾ ਇਹ ਹੈ ਕਿ ਮੈਂ ਜੋ ਇਹ ਗ੍ਰੰਥ ਲਿਖਣ ਲੱਗਾ ਹਾਂ ਮੇਰੇ ਬੀ ਵਿਘਨ ਨਾਸ਼ ਹੋਣ ਅਰ ਮੰਗਲਾਂ ਨਾਲ ਕਾਰਜ ਸਿਰੇ ਚੜ੍ਹ ਜਾਵੇ।

ਸੈਯਾ—ਪਾਸੁ ਪਰਾਗ ਸੀ ਸੋਹਤਿ ਸੁੰਦਰ, ਗੰਧਿ ਸੀ ਕੀਰਤਿ ਮੱਧ ਬਸਾਨਾ।
ਕੋਮਲਤਾ ਕੋਮਲਤਾ ਇਕ ਸੀ,ਨਿਰਲੇਪਤਾ ਸੀ ਨਿਰਲੇਪ ਸਮਾਨਾ।
ਜੋ ਭਵ ਭੂਰ ਭਰਾ ਸਰਸੀ ਤਿਸਤੇ ਨਿਤ ਊਰਧ ਸੋ ਬਿਗਸਾਨਾ।
ਹੈਂ ਅਰਬਿੰਦ ਸੇ ਅੰਗਦ ਕੇ ਪਗ, ਮੋਖਦ ਏਕ ਬਿਸ਼ੇਖਤਾ ਜਾਨਾ॥੯॥

[ਪਾਸ=ਧੂੜੀ [ਸੰਸ:, ਪਾਂਸ਼ੁ=ਰੇਤ ਦਾ ਕਿਣਕਾ, ਧੂੜੀ। ਹਿੰ:, ਪਾਂਸੁ। ਪੰ:, ਪਾਹ] ਪਾਂਸ਼ੁ ਨੂੰ ਪਾਸ ਸਮਝਕੇ ਇਸਦਾ—ਕੋਲ—ਅਰਥ ਕਰਨਾ ਅਸ਼ੁਧ ਹੈ, ਪ੍ਰਮਾਣ ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਧਯਾਯ ੪੦, ਮੰਗਲ—ਦੋਹਰਾ—ਪਦ ਪੰਕਜ ਕੀ ਪਾਸ ਬਰ ਪਰਮ ਮਨੋਗ ਪਰਾਗ।

ਪਰਾਗ=ਫੁੱਲ ਜਦ ਖਿੜਦੇ ਹਨ ਤਦ ਉਨ੍ਹਾਂ ਵਿਚ ਨਰ ਤੇ ਮਦੀਨ ਤੁਰੀਆਂ ਹੁੰਦੀਆਂ ਹਨ, ਨਰ ਤੁਰੀਆਂ ਦੇ ਮੂੰਹ ਤੇ ਇਕ ਧੂੜਾ ਹੁੰਦਾ ਹੈ, ਜਿਸ ਦਾ ਰੰਗ ਅਕਸਰ ਪੀਲਾ ਜਿਹਾ ਹੁੰਦਾ ਹੈ, ਇਸ ਨੂੰ ਪਰਾਗ ਕਹਿੰਦੇ ਹਨ। ਫੁੱਲ ਵਿਚ ਇਹ ਸਭ ਤੋਂ ਉੱਚੀ ਸ਼ੈ ਹੈ ਤੇ ਸੁਹਣੀ ਲਗਦੀ ਹੈ, ਇਸ ਦੀ ਸੁਰੂੱਪ ਦੇ ਅੰਗ ਨੂੰ ਕਵਿ ਜੀ ਨੇ ਲਿਆ ਹੈ।

ਸੀ=ਵਰਗੀ। ਸੋਹਤਿ=ਸੁਹਣੀ ਲਗ ਰਹੀ ਹੈ, ਸ਼ੋਭਾ ਦੇ ਰਹੀ ਹੈ।

'ਸੁੰਦਰ' ਪਦ ਪਾਂਸ਼ੁ—ਦਾ ਵਿਸ਼ੇਸ਼ਣ ਹੈ। ਗੰਧਿ=ਸੁਗੰਧੀ, ਖੁਸ਼ਬੋ।

ਕੀਰਤਿ=ਕੀਰਤੀ, ਯਸ, ਜਸ। ਮੱਧ=ਵਿੱਚ।

ਬਸਾਨਾ=ਵਸ ਰਹੀ ਹੈ, ਨਿਵਾਸ ਹੈ।

ਕੋਮਲਤਾ=ਮੁਲਾਇਮੀ, ਕੂਲਾਪਨ। ਕਮਲ ਛੁਹਣ ਨੂੰ ਕੂਲੇ ਹਨ, ਪਰ ਚਰਣਾਂ ਵਿਚ ਛੁਹ ਦੀ ਕੋਮਲਤਾ ਬੀ ਹੈ ਤੇ ਦਿਆਲਤਾ ਦੀ ਬੀ ਕੋਮਲਤਾ ਹੈ।

ਨਿਰਲੇਪਤਾ=ਲਿਪਾਇਮਾਨ ਨਾ ਹੋਣ ਦੀ ਦਸ਼ਾ: ਕਮਲ ਫੁੱਲ ਪਾਣੀ ਤੋਂ ਅਲੇਪ ਰਹਿੰਦਾ ਹੈ। ਚਰਣ ਸੰਸਾਰ ਤੇ ਮਾਇਆ ਵਿਚ ਵੱਸਦੇ ਇਸ ਤੋਂ ਅਲੇਪ ਹਨ। [ਸੰਸਃ, ਨਿਰ੍ਲੇਪ]।

ਸਮਾਨਾ=ਤੁੱਲ, ਬਰਾਬਰ। ਜੋ=ਜਯੋਂ, ਜਿਉਂ। ਭਵ=ਸੰਸਾਰ।

ਭੂਰ=ਬਹੁਤ। ਭਰਾ=ਭਰਿਆ ਹੋਇਆ।

ਸਰਸੀ=ਬੀਲ, ਛੰਭ। [ਸੰਸਃ, ਸਰਸ, ਸਰਸੀ]। (ਅ) ਸਹਤ ਰਸਾਂ ਦੇ [ਸੰਸਃ, ਸ+ਰਸ+ਈ=ਸ+ਰਸ=ਸਹਿਤ ਰਸਾਂ, ਈ=ਦੇ]। ਸੂਚਨਾ—ਇਸ ਤੁਕ ਵਿਚ ਤ੍ਰੈਏ ਪਦ ਚਰਨਾਂ ਵਲ ਹਨ:—'ਜੋ', 'ਭਵ' ਤੇ 'ਨਿਤ'। ਬਾਕੀ ਦੇ ਸਾਰੇ—ਕਵਲ—ਪਰ ਘਟਦੇ ਹਨ। ਸਰਸੀ ਜਦ ਸ਼ਲੇਖ ਲਈਏ ਤੇ ਇਸਦੇ ਦੂਸਰੇ ਅਰਥ—ਸਹਤ ਰਸਾਂ ਦੇ ਕਰੀਏ ਤਦ ਸਾਰੀ ਤੁਕ ਚਰਨਾਂ ਵਲ ਲਗਦੀ ਹੈ, ਤਾਂ ਹੀ ਸਾਰੇ ਅਰਥ ਖੁਲ੍ਹਦੇ ਹਨ।

ਊਰਧ=ਉੱਪਰ ਨੂੰ [ਸੰਸਃ ਊਰਦ੍ਧ]। ਸੋ=ਤਿਉਂ।

ਬਿਗਸਾਨਾ=ਖਿੜਦਾ ਹੈ, ਖਿੜਿਆ ਹੈ (ਕਮਲ) । ਇਹ ਇਕ ਵਚਨੀ ਕ੍ਰਿਯਾ ਹੈ,—ਚਰਣ—ਬਹੁ ਵਚਨ ਵਿਚ ਕਹੀਦੇ ਹਨ, ਏਥੇ ਮੁਰਾਦ ਚਰਨਾਂ ਕਮਲਾਂ ਦੇ 'ਯੁਗ' ਜੋੜੇ ਤੋਂ ਹੈ ਕਿ ਚਰਨਾਂ ਦਾ ਯੁਗ ਖਿੜ ਰਿਹਾ ਹੈ। ਅਰਬਿੰਦ=ਕਮਲ। ਪਗ=ਚਰਣ।

ਮੋਖਦ=[ਮੋਖ+ਦ=] ਮੋਖ ਦੇ ਦਾਤੇ। ਮੁਕਤੀ ਦੇਣ ਵਾਲੇ।

ਬਿਸ਼ੇਖਤਾ=ਵਾਧਾ। ਜਾਨਾ=ਜਾਣਿਆ ਗਿਆ ਹੈ।

ਅਰਥ—(ਚੌਥੀ ਤੁਕ ਤੋਂ ਟੁਰੇਗਾ:—) (ਸ੍ਰੀ ਗੁਰੂ) ਅੰਗਦ (ਸਾਹਿਬ) ਜੀ ਦੇ ਚਰਣ ਕਮਲ

ਵਰਗੇ ਹਨ (ਤਾਂ ਸਹੀ), (ਪਰੰਤੂ ਚਰਣਾਂ ਵਿਚ) ਇਕ ਵਾਧਾ ਜਾਣਿਆਂ ਗਿਆ ਹੈ (ਉਹ ਇਹ ਕਿ ਚਰਣ) ਮੁਕਤੀ ਦਾਤਾ ਹਨ । (ਸਮਾਨਤਾ ਐਉਂ ਹੈ ਕਿ) ਜਿਵੇਂ (ਕਵਲ ਫੁੱਲਾਂ ਦੇ ਉਤੇ) ਪਰਾਗ (ਸੁਹਣੀ ਲਗਦੀ ਹੈ) (ਤਿਵੇਂ ਗੁਰ ਨਾਨਕ ਦੇ ਰਸਤੇ ਟੁਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਣਾਂ ਉਤੇ ਪਈ) ਸੁੰਦਰ ਧੂੜੀ ਸ਼ੋਭਾ ਦੇ ਰਹੀ ਹੈ। (ਜਿਵੇਂ ਕਵਲ ਦੇ ਵਿਚ) ਖੁਸ਼ਬੋ ਵੱਸਦੀ ਹੈ, (ਤਿਵੇਂ ਸ਼੍ਰੀ ਗੁਰੂ ਜੀ ਦੇ ਚਰਣਾਂ) ਵਿਚ ਕੀਰਤੀ (ਦਾ) ਨਿਵਾਸ ਹੈ; ਕੋਮਲਤਾ (ਕਮਲਾ ਤੇ ਚਰਨਾਂ ਦੀ) ਇੱਕੋ ਜਿਹੀ ਹੈ, (ਅਤੇ) ਨਿਰਲੇਪਤਾ ਵਰਗੀ ਨਿਰਲੇਪਤਾਈ ਤੁੱਲਜ ਹੈ, ਜਿਵੇਂ ਬਹੁਤੇ (ਪਾਣੀ ਨਾਲ) ਭਰੇ ਛੰਭ ਵਿਚੋਂ ਕਵਲ ਉਪਰ ਨਿਕਲ ਕੇ ਖਿੜਦਾ ਹੈ, ਤਿਵੇਂ ਸੰਸਾਰ, ਜੋ ਸਹਤ ਰਸਾਂ ਦੇ ਬਹੁਤੇ (ਪਦਾਰਥਾਂ ਨਾਲ) ਭਰਿਆ ਪਿਆ ਹੈ, ਉਸ ਤੋਂ (ਚਰਣ ਕਮਲ) ਉਚਿਆਂ ਉਠਕੇ (ਨਿਤ) ਖਿੜ ਰਹੇ ਹਨ । (ਐਉਂ ਹੇ ਸੰਤ ਜਨੋਂ ਗੁਰੂ ਅੰਗਦ ਜੀ ਦੇ ਚਰਨ ਹੈਨ ਤਾਂ ਸਹੀ ਕਵਲਾਂ ਵਰਗੇ, ਪਰ ਇਨ੍ਹਾਂ ਵਿਚ ਇਕ ਵਾਧਾ ਜਾਣਿਆ ਗਿਆ ਹੈ ਕਿ ਇਹ—ਮੋਖਦ=ਮੁਕਤੀ ਦਾਤਾ ਹਨ)।

ਭਾਵ—ਇਥੇ ਕਵਿ ਜੀ ਸਤਿਗੁਰ ਜੀ ਦੇ ਚਰਨਾਂ ਨੂੰ ਕਵਲਾਂ ਨਾਲ ਉਪਮਾ ਦੇਕੇ ਚਰਨਾਂ ਦੀ ਇਕ ਵਿਸ਼ੇਸ਼ਤਾ ਦਿਖਾਲਦੇ ਹਨ।

ਪਹਿਲਾਂ ਦੋਹਾਂ ਦੀ ਤੁੱਲਤਾ ਦੱਸਦੇ ਹਨ:-

ਕਵਲ	ਸਤਿਗੁਰ ਚਰਨਾਂ
੧. ਉਤੇ ਪਰਾਗ ਪਈ ਹੈ।	੧. ਉਤੇ ਧੂੜੀ ਪਈ ਹੈ । ਭਾਵ ਹੈ ਗੁਰੂ ਨਾਨਕ ਦੇ ਦਰ ਪ੍ਰੇਮ ਵਿਚ ਜਾਂਦਿਆਂ ਧੂੜੀ ਪਈ ਹੈ, ਫਿਰ ਧੂੜੀ ਦੀ ਤਾਸੀਰ ਹੈ ਕਿ ਉਨ੍ਹਾਂ ਦੇ ਪ੍ਰੇਮੀ ਉਸ ਦੇ ਦਰਸ਼ਨ ਤੋਂ ਕ੍ਰਿਤ ਕ੍ਰਿਤ ਹੁੰਦੇ ਹਨ। ਭਾਵ ਇਹ ਹੈ ਕਿ ਉਨ੍ਹਾਂ ਦੇ ਚਰਣਾਂ ਵਿਚ ਪ੍ਰੇਮ ਤੇ ਉਪਕਾਰ ਵਸਦਾ ਹੈ।
੨. ਖੁਸ਼ਬੋ।	੨. ਕੀਰਤੀ।
੩. ਕੋਮਲ ਹਨ ਛੁਹਿਆਂ।	੩. ਕੋਮਲ ਹਨ ਛੁਹਿਆਂ ਤੇ ਕੋਮਲ ਹਨ ਦ੍ਰਵਣ ਵਿਚ।
੪. ਉਹ ਜਲ ਤੋਂ ਨਿਰਲੇਪ ਹੈ।	੪. ਉਹ ਮਾਯਾ ਤੋਂ ਅਲੇਪ ਹਨ।
੫. ਪਾਣੀ ਤੋਂ ਉੱਚਾ ਉਠਦਾ ਹੈ।	੫. ਪਦਾਰਥਾਂ ਨਾਲ ਭਰੇ ਰਸਾਂ ਵਾਲੇ ਸੰਸਾਰ ਤੋਂ ਉੱਚੇ ਰਹਿੰਦੇ ਹਨ।
ਹੁਣ ਵਾਧਾ ਦੱਸਦੇ ਹਨ:-	
੬. ਕਮੀ—ਇਹ ਮੁਕਤੀ ਦਾਤੇ ਨਹੀਂ ।	੬. ਵਾਧਾ—ਇਹ ਮੁਕਤੀ ਦਾਤਾ ਹਨ।

ਮੁਰਾਦ ਇਹ ਹੈ ਕਿ ਕਮਲਾਂ ਦੇ ਦਰਸ਼ਨ ਨਾਲ ਸਦਗਤੀ ਪ੍ਰਾਪਤ ਨਹੀਂ, ਸੁੰਦਰਤਾ ਦਾ

ਹੁਲਾਰਾ ਹੈ, ਤੇ ਚਰਨਾਂ ਵਿੱਚ ਸੁੰਦਰਤਾ ਦੇ ਹੁਲਾਰੇ ਨਾਲ ਸਦਗਤੀ ਪ੍ਰਾਪਤ ਹੁੰਦੀ ਹੈ।

ਅਪਨੀ ਕਵਿਤਾ ਦੇ ਹੁਨਰ ਵਿੱਚ ਕਵੀ ਜੀ ਕੀਰਤੀ ਨੂੰ ਸੁਗੰਧੀ ਨਾਲ ਉਪਮਾ ਦੇਣ ਵਿੱਚ ਤੇ ਧੂੜੀ ਨੂੰ ਪਰਾਗ ਨਾਲ ਉਪਮਾ ਦੇਣ ਵਿੱਚ ਕਮਾਲ ਕਰ ਗਏ ਹਨ। ਕਵਿਤਾ ਦਾ ਕਟਾਖ੍ਯ ਇਕ ਇਹ ਬੀ ਹੈ ਕਿ ਕਵਲ ਪਾਣੀ ਤੋਂ ਉੱਚਾ ਉਠਦਾ ਹੈ ਜੋ ਕਿ ਕੁਦਰਤੀ ਗੱਲ ਹੈ, ਕਵਲ ਦੀ ਇਸ ਵਿਚ ਕੀ ਵਡਿਆਈ ਹੈ, ਤੇ ਚਰਨਾਂ ਦਾ ਪਦਾਰਥਾਂ ਤੋਂ ਉੱਚੇ ਉਠਣਾ ਇਕ ਆਤਮ ਪ੍ਰਬੀਨਤਾ ਹੈ ਜੋ ਕਿ ਸਤਿਗੁਰ ਦੀ ਰੂਹਾਨੀ ਜ਼ਿੰਦਗੀ ਤੇ ਅਰਸ਼ੀ ਉਨਰ ਦਾ ਇਕ ਕਮਾਲ ਹੈ। ਕਵਿ ਜੀ ਦੇ ਖਿਆਲ ਦੀ ਬਰੀਕੀ ਉਪਮਾ ਜੋਗ ਹੈ। ਬਾਕੀ ਅਪਣੇ ਹੁਨਰ ਦਾ ਕਮਾਲ ਉਹ ਇਕੋ ਕਮਲ ਨੂੰ ਚਰਨਾਂ ਦੀ ਉਪਮਾ ਲਈ ਅੱਡ ਅੱਡ ਪਹਿਲੂਆਂ ਵਿੱਚ ਲੈਕੇ ਕਦੇ ਸਦਰਸ਼ਤਾ,ਕਦੇ ਵਾਸ਼੍ਾ,ਕਦੇ ਕਮਲਾਂ ਦੀ ਨ੍ਯੂਨਤਾ ਦਰਸਾਉਣ ਵਿਚ ਦਿਖਾ ਰਹੇ ਹਨ।

੬. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰ ਦੇਵ ਜੀ-ਮੰਗਲ।

ਦੋਹਰਾ-ਸ਼੍ਰੀ ਸਤਿਗੁਰ ਬਰ ਅਮਰ ਜੀ ਸ਼ਰਨ ਨਰਨ ਦੁਖ ਹਰਨ।
ਕਾਰਨ ਕਰਨ ਸੁਜਾਨ ਮਨ ਨਮਸਕਾਰ ਤਿਨ ਚਰਨ॥ ੯॥

ਸ਼੍ਰੀ=ਸ਼ੋਭਾ ਦੇ ਸੰਯੁਕਤ। ਸ਼ੋਭਾ ਵਾਲੇ। [ਸੰਸ:, ਸ਼੍ਰੀ=ਸ਼ੋਭਾ, ਸੁੰਦਰਤਾ, ਸ਼ੀਲ, ਪ੍ਰਕਾਸ਼, ਸ਼ੁਭ ਗੁਣ, ਤ੍ਰੈ ਪਦਾਰਥ-ਧਰਮ, ਅਰਥ, ਪ੍ਰੇਮ, ਕਾਮਯਾਬੀ, ਦੌਲਤ, ਪ੍ਰਫੁੱਲਤਾਈ, ਸਿੱਧੀ, ਉੱਚਤਾ, ਪ੍ਰਤਾਪ]।

ਵਰਤੋਂ ਵਿਚ-ਸ਼੍ਰੀ ਇਕ ਸਤਿਕਾਰ ਦਾ ਪਦ ਹੈ ਜੋ ਮਹਾਨ ਪੁਰਖਾਂ ਅਵਤਾਰਾਂ, ਦੇਵਤਿਆਂ ਆਦਿ ਦੇ ਨਾਮ ਨਾਲ ਸਤਿਕਾਰ ਲਈ ਲਗਾਇਆ ਜਾਂਦਾ ਹੈ।

ਬਰ=ਸ੍ਰੇਸ਼ਟ। [ਸੰਸ:, ਵਰਿ=ਸ੍ਰੇਸ਼ਟ, ਚੰਗਾ, ਵਡਾ। ਵਰ: ਬਰਕਤ, ਅਸੀਸ, ਦਾਤ, ਦੇਣ। ਲਾਭ਼ਾ ਆਦਿ]ਦੇਖੋ ਪੰਨਾ ੨੧ ਦੀ ਟੂਕ ਚਿੰਨ੍ਹ†।

(ਅ) ਅਥਵਾ ਗੁਰੂ ਅਮਰਦੇਵ ਜੀਦੀ ਸ਼ਰਨ ਵਰ ਦੇਕੇ ਦੁਖ ਹਰਦੀ ਹੈ।

ਸ਼ਰਨ=ਆਸਰਾ, ਓਟ, ਰਖ੍ਯਾ, ਹਮੈਤ, ਕਿਸੇ ਦੀ ਓਟ ਵਿਚ ਪ੍ਰਾਪਤ ਹੋਣ ਦੀ ਦਸ਼ਾ। [ਸੰਸ:, ਸ਼ਰਣ]

ਨਰਨ=ਨਰਾਂ ਦੇ। ਦੁਖ ਹਰਨ=ਦੁਖ ਦੂਰ ਕਰਨ ਵਾਲੀ।

ਕਾਰਨ=ਸਬੱਬ, ਹੇਤੂ। ਕਰਨ=ਕਰਨ ਵਾਲੇ।

ਕਾਰਨ ਕਰਨ=ਕਾਰਨਾਂ ਦੇ ਬੀ ਕਰਣ ਵਾਲੇ। ਕਾਰਣ ਉਤੇ ਜਿਸਦਾ ਵਸੀਕਾਰ ਹੋਵੇ। ਜਗਤ ਵਿਚ ਜੋ ਕੁਛ ਹੁੰਦਾ ਹੈ ਕਾਰਣ ਤੋਂ ਹੁੰਦਾ ਹੈ;ਜੋ ਕਾਰਣ ਨੂੰ ਬੀ ਕਰ ਅਕਰ ਕਰ ਸਕੇ। ਭਾਵ ਸਰਬ ਸਮਰੱਥ ਤੋਂ ਹੈ।

(ਅ) ਜਗਤ ਦੀ ਰਚਨਾ ਦੇ ਬੀ ਕਾਰਣ ਮੰਨਦੇ ਹਨ, ਜੈਸੇ ਤ੍ਰੈ ਗੁਣਆਦਿ, ਇਨ੍ਹਾਂ ਦੇ ਬੀ ਜੋ ਕਰਣ ਵਾਲੇ ਹੋਣ; ਮੂਲ ਰਚਨਹਾਰ। ਕਰਤਾ।

ਸੁਜਾਨ=ਸੁ+ਜਾਨ=ਚੰਗੀ ਤਰ੍ਹਾਂ ਜਾਣਨ ਵਾਲਾ। ਗ੍ਯਾਨਵਾਨ, ਬ੍ਰਹਮ ਗ੍ਯਨੀ। (ਅ) ਜੋ ਪੂਰੀ ਤਰ੍ਹਾਂ ਜਾਣੇ, ਜਿਸਦਾ ਗ੍ਯਾਨ

[ਸੰਪੂਰਨ ਹੋਵੇ, ਜਾਨਨ ਸ਼ਕਤੀ ਵਿਚ ਨਿਪੁੰਨ। ਅੰਤਰਯਾਮੀ।]

ਅਰਥ—ਸ਼ੋਭਾ ਵਾਲੇ (ਅਤੇ) ਸ੍ਰੇਸ਼ਟ ਸਤਿਗੁਰੂ ਅਮਰ (ਦੇਵ) ਜੀ (ਦੀ) ਸ਼ਰਣ ਜੀਵਾਂ ਦੇ ਦੁੱਖ ਦੂਰ ਕਰਨ ਵਾਲੀ ਹੈ, (ਕਿਉਂਕਿ ਓਹ) ਕਾਰਨ ਕਰਨ ਹਨ (ਅਤੇ) ਸੁਜਾਨ ਮਨ ਵਾਲੇ ਹਨ, ਉਨ੍ਹਾਂ ਦੇ ਚਰਨਾਂ ਪਰ ਮੇਰੀ ਨਮਸਕਾਰ ਹੋਵੇ।

ਭਾਵ—ਸ੍ਰੀ ਗੁਰੂ ਅਮਰ ਦੇਵ ਜੀ ਬੜੇ ਉੱਤਮ ਹਨ, ਸ਼ੋਭਾ ਵਾਲੇ ਹਨ, ਉਨ੍ਹਾਂ ਦੀ ਸ਼ਰਣ ਜੀਵਾਂ ਦੇ ਦੁਖ ਦੂਰ ਕਰਨ ਵਾਲੀ ਹੈ। ਇਹ ਇਸ਼ਾਰਾ ਉਨ੍ਹਾਂ ਦੇ ਉਸ ਮਹਾਨ ਕ੍ਰਿਪਾਲੂ ਸੁਭਾਵ ਵਲ ਹੈ:—ਕਿ ਜੋ ਉਨ੍ਹਾਂ ਦੇ ਦਰ ਗਿਆ ਸੋ ਵਰੋਸਾਯਾ। ਬੀਮਾਰਾਂ ਨੂੰ ਰਾਜ਼ੀ ਕਰਨਾ, ਹਰ ਪ੍ਰਕਾਰ ਦੇ ਦੁਖੀਆਂ ਤੇ ਦਇਆ ਕਰਨੀ, ਕਰਾਮਾਤਾਂ ਨਾਲ ਬੀ ਸੁਖ ਦੇਣੋਂ ਵਰਕ ਨਾ ਕਰਨਾ, ਲੰਗਰ ਅਟੁੱਟ ਚਲਾਉਣਾ ਆਦਿ। ਅੱਗੇ ਚੱਲਕੇ ਉਨ੍ਹਾਂ ਦੇ ਦੋ ਗੁਣ ਵਿਸ਼ੇਸ਼ ਕਰਦੇ ਦੱਸੇ ਹਨ, ਕਾਰਣ ਕਰਣ, ਸੁਜਾਨ ਮਨ। 'ਸੁਜਾਨ' ਵਿਚ ਉਨ੍ਹਾਂ ਦੇ ਪੂਰਨ ਗਯਾਨਵਾਨ ਹੋਣ ਦੀ ਸੰਭਾਵਨਾ ਤੋਂ ਛੁੱਟ ਉਨ੍ਹਾਂ ਦੇ ਅੰਤਰਯਾਮੀ ਹੋਣ ਵਲ ਇਸ਼ਾਰਾ ਹੈ; ਫਿਰ ਉਨ੍ਹਾਂ ਦੇ ਮਨ ਵਿਚ ਦੂਸਰੇ ਦੀ ਪੀੜਾ ਦਾ ਦਰਦ ਹੋਣ ਕਰਕੇ ਸੁਜਾਨ ਦੇ ਨਾਲ 'ਸੁਜਾਨ ਮਨ' ਆਖਿਆ ਹੈ। ਜੋ ਕਿਸੇ ਪੁੱਤ੍ਰ ਮਰਨ ਤੇ ਮਾਈ ਨੇ ਬਿਰਹਾ ਕੀਤਾ ਹੈ ਤਦ 'ਪਰ ਪੀੜਾ ਦਾ ਜਾਣੂ ਮਨ' ਆਪਦਾ ਐਸਾ ਦ੍ਰਵਿਆ ਕਿ ਵਰ ਦੇ ਦਿੱਤਾ ਕੇ ਸਾਡੇ ਬੈਠੇ ਗੋਇੰਦਵਾਲ ਵਿੱਚ ਕਦੇ ਪੁਤ੍ਰ ਦੇ ਮਾਪਿਆਂ ਤੋਂ ਪਹਿਲੇ ਨਾ ਮਰੇ। ਇਸ ਪ੍ਰਕਾਰ ਦੇ ਆਪਦੇ 'ਪਰ ਮਨ ਪੀੜਾ' ਨੂੰ ਸਮਝਕੇ ਉਸ ਪਰ ਦ੍ਰਵੀਭੂਤ ਹੋਣ ਦੀ ਦਇਆਲਤਾ ਆਦਿ ਗੁਣਾਂ ਵਲ ਕਵਿ ਜੀ ਦਾ ਕਟਾਖਯ ਹੈ। ਫਿਰ ਜਿਵੇਂ ਉਨ੍ਹਾਂ ਦਾ ਮਨ 'ਪਰ ਪੀੜਾ ਪ੍ਰਤੀਤ ਕਰਨ ਵਿੱਚ' ਸੁਜਾਨ ਹੈ ਤਿਵੇਂ ਓਹ ਸਮਰੱਥਾ ਬੀ ਰਖੇ, ਤਾਂਹੀ ਜਾਣਨੇ ਦੀ ਸਫਲਤਾ ਹੈ। ਭਾਵ ਇਹ ਕਿ ਪਰ ਪੀੜਾ ਹਰਨ ਵਿੱਚ ਸਰਬ ਸਮਰੱਥਾ ਦੀ ਬੀ ਲੋੜ ਹੈ, ਸਰਬ ਸਮਰੱਥ ਹੋਵੇ ਤਾਂ ਹੀ ਪੀੜਾ ਹਰੇ, ਇਸ ਕਰਕੇ 'ਕਾਰਣ ਕਰਣ' ਆਖਿਆ ਕਿ ਓਹ ਐਡੇ ਸਮਰੱਥ ਹਨ ਕਿ ਕਾਰਨਾਂ ਪਰ ਭੀ 'ਕਰਤਾਰ' ਸ਼ਕਤੀ ਰਖਦੇ ਹਨ। ਜਿਵੇਂ ਇਕ ਮਾਈ ਦਾ ਪੁੱਤ੍ਰ ਮਰ ਗਿਆ, ਕਾਰਣ-ਮਾਤਾ ਤੇ ਪੁਤਰ ਦੇ ਮਿਲਵੇਂ ਕੋਈ ਖੋਟੇ ਕਰਮ, ਕੋਈ ਪਾਪ। ਸ੍ਰੀ ਗੁਰੂ ਅਮਰ ਦੇਵ ਜੀ ਉਸ ਖੋਟੇ ਕਰਮ ਯਾ ਪਾਪ ਰੂਪੀ ਕਾਰਣ ਨੂੰ ਮੇਟ ਦੇਂਦੇ ਹਨ, ਕਿ ਜਾਓ 'ਕਾਰਣ ਅਸਾਂ ਅਕਾਰਣ ਕਰ ਦਿੱਤਾ', ਉਧਰ ਬੱਚਾ ਜੀਉ ਉਠਿਆ।

ਕਬਿੱਤ—ਰਜਨੀ ਅਵਿਦਯਾ ਸਰ ਭ੍ਰਮ ਸੋ ਤਿਮਰ ਹਰਿ,
ਕੋਕ ਸੇ ਕਿੰਕਰ ਬਰ ਕੀਨੇ ਬ੍ਰਿਹੁ ਛੀਨ ਹੈ।
ਮਾਲ ਉਡ ਕਲਮਲ ਕੰਦਲ ਦੁਰਾਇ ਦਲ,
ਪਲ ਪਲ ਗਯਾਨ ਸੋਂ ਪ੍ਰਕਾਸ਼ ਭਵ ਕੀਨ ਹੈ।
ਬੇਮੁਖ ਕੁਮੁਦ ਦੁਖ ਸਨਮੁਖ ਕੰਜ ਸੁਖ,
ਗਤਿ ਸੋ ਭਗਤ ਨਿਤ ਜਾਨੀਏ ਅਧੀਨ ਹੈ।

ਅਮਰ ਦਰਸ ਭਾਨੁ ਲੱਛਨ ਸਮਾਨ ਸਭਿ,
ਏਕ ਗੁਨ ਅਧਿਕ ਪੈ ਤਪਤ ਬਿਹੀਨ ਹੈ ॥ ੧੦ ॥

ਰਜਨੀ=ਰਾਤ। ਸਰ=ਬ੍ਰਾਬਰ, ਤੁੱਲ। ਤਿਮਰ=ਹਨੇਰਾ।
ਹਰਿ=ਹਰਦਾ ਹੈ, ਦੂਰ ਕਰਦਾ ਹੈ।
ਕੋਕ=ਚਕਵਾ ਨਾਮੇ ਪੰਛੀ। ਚਕ੍ਰਵਾਕ ਬੀ ਇਸੇ ਦਾ ਨਾਮ ਹੈ, ਫਾਰਸੀ ਵਿਚ ਸੁਰਖ਼ਾਬ ਇਸ ਨੂੰ ਕਹਿੰਦੇ ਹਨ। ਸੋ=ਸਮਾਨ।
ਕੋਕ ਸੋ=ਚਕਵੇ ਵਾਂਙੂ। ਕਿੰਕਰ=ਦਾਸ,ਸੇਵਕ,ਸਿੱਖ [ਸੰਸਃ, ਕਿਨ੍ਰ]।
ਬਰ=ਸ੍ਰੇਸ਼ਟ, ਦੇਖੋ ਪਿਛਲੇ ਦੋਹੇ ਦੇ ਪਦਾਰਥਾਂ ਵਿਚ ਦੂਸਰਾ ਪਦ।
ਬ੍ਰਿਹੁ ਛੀਨ=ਬਿਰਹੋਂ ਤੇ ਵਿਹੂਣੇ। ਬਿਰਹੋਂ ਤੋਂ ਵਿਹੂਣੇ ਕੀਤੇ ਹਨ। ਭਾਵ ਬਿਰਹੋਂ ਨੂੰ ਦੂਰ ਕਰਦਾ ਹੈ। ਅਰਥ ਪ੍ਰਸੰਗਲੀ ਲਈ ਸਾਰਿਆਂ ਕ੍ਰਿਆ ਦਾ ਅਰਥ ਵਰਤਮਾਨ ਕਾਲ ਵਿਚ ਕੀਤਾ ਗਿਆਹੈ।
ਮਾਲ=ਪੰਕਤੀ, ਝੁੰਡ। ਉਡ=ਤਾਰੇ, ਨਛੱਤ੍ਰ।
ਕਲਮਲ=ਪਾਪ [ਸੰਸਃ, ਕਲਮਲ]।
ਕੰਦਲ=ਝਿੜਕ ਦੇਕੇ [ਸੰਸਃ, ਕਨੁਲਃ]। ਪਦ ਐਉਂ ਲਗਦੇ ਹਨਃ–
ਕਲਮਲ ਦਲ ਕੰਦਲ ਦੁਰਾਇ=ਪਾਪਾਂ ਦੇ ਝੁੰਡ ਨੂੰ ਝਿੜਕਕੇ ਛਿਪਾ ਦੇਂਦੇ ਹਨ। (ਅ) ਕੰਦਲ ਦਾ ਅਰਥ ਕੰਦਲੀ ਬੀ ਕਰਦੇ ਹਨ, ਜੋ ਇਕ ਬ੍ਰਿਛ ਦਾ ਨਾਮ ਹੈ, ਜੋ ਜਲ ਕਿਨਾਰੇ ਹੁੰਦਾ ਹੈ, ਜਿਸਦੇ ਦਿਨ ਨੂੰ ਪੱਤੇ ਮੁਰਝਾ ਜਾਂਦੇ ਹਨ, ਚਿੱਟੇ ਫੁਲ ਬਰਸਾਤ ਵਿਚ ਪੈਂਦੇ ਹਨ। ਤੁਕ–'ਕੰਦਲ ਦੁਰਾਇ ਦਲ'–ਦਾ ਅਰਥ ਫਿਰਐਉਂ ਲੱਗੇਗਾਃ-(ਸੂਰਜ ਦਰਸ਼ਨ)ਕੰਦਲੀ ਨੂੰ(ਮੁਰਝਾਉਂਦਾ ਹੈ, ਗੁਰੂ ਦਰਸ਼ਨ) ਦੁਰਾਵਾਂ (=ਛਲਾਂ) ਦੇ ਦਲਾਂ (ਨੂੰ ਛਿਪਾ ਲੈਂਦਾ ਹੈ)।
ਦੁਰਾਇ=ਛਿਪਾਉਣਾ, ਲੁਕਾਉਣਾ। (ਅ) ਦੁਰਾਵ=ਛਲ, ਕਪਟ।
ਦਲ=ਸਮੂਹ,ਝੁੰਡ। (ਅ) ਪੱਤੇ। ਸੋਂ=ਵਾਂਙੂ,ਸਮ। ਭਵ=ਜਗਤ,ਸੰਸਾਰ।
ਕੁਮੁਦ=ਕਵੀਆਂ, ਕੰਮੀਆਂ, ਚਿੱਟੇ ਕਮਲ ਜੋ ਰਾਤ ਨੂੰ ਖਿੜਦੇ ਹਨ ਤੇ ਦਿਨੇ ਨਹੀਂ ਖਿੜਦੇ। ਇਸ ਨੂੰ ਕਵਿ ਚੰਦ੍ਰਮਾ ਦਾ ਪ੍ਰੇਮੀ ਬੰਨ੍ਹਦੇ ਹਨ, ਇਸੇ ਕਰਕੇ ਕੁਮੁਦ ਬੰਧੂ, ਕੁਮੁਦ ਪ੍ਰਿਯ, ਕੁਮੁਦ ਬਾਂਧਵ ਚੰਦ੍ਰਮਾ ਦੇ ਨਾਮ ਬਣੇ ਹਨ।
ਕੰਜ=ਕਮਲ [ਸੰਸਃ, ਕਣ੍ਹ। ਕੰ=ਪਾਣੀ। ਜ=ਜੋ ਜੰਮੇ,ਪਾਣੀ ਤੋਂ ਜੋ ਜੰਮੇ]
ਗਤਿ=ਚਾਲ। ਗਤਿ ਤੋਂ ਮੁਰਾਦ, ਧੁਰੋਂ ਬੱਧੀ ਚਾਲ ਹੈ, ਜਿਸ ਦੇ ਅਧੀਨ ਸੂਰਜ ਨਿੱਤ ਟੁਰਦਾ ਹੈ, ਕਦੇ ਵੱਧ ਘੱਟ ਨਹੀਂ ਚੱਲ ਸਕਦਾ। ਇਸ ਤਰ੍ਹਾਂ ਸਤਿਗੁਰਾਂ ਦੀ ਗਤੀ–ਚਾਲ–ਨਿਯਮਤ ਹੈ ਕਿ ਓਹ ਭਗਤਾਂ ਨੂੰ ਪਾਲਦੇ ਹਨ, ਉਨ੍ਹਾਂ ਦੇ

ਅਧੀਨ ਟੁਰਦੇ ਹਨ, ਇਹ ਉਨ੍ਹਾਂ ਦਾ ਬਿਰਦ ਹੈ।
ਭਗਤ=ਭਗਤੀ ਕਰਨ ਵਾਲੇ। ਪ੍ਰੇਮੀ। [ਸੰਸ:, ਭਕ੍ਤ:]
ਅਧੀਨ=ਆਗਿਆ ਵਿਚ, ਐਉਂ ਨਹੀਂ ਜਿਵੇਂ ਨੌਕਰ ਮਾਲਕ ਦੀ ਆਗਿਆ ਵਿਚ ਟੁਰਦਾ ਹੈ, ਪਰ ਪ੍ਰੇਮ ਦੇ ਬੱਧੇ ਭਗਤਾਂ ਨੂੰ ਪਿਆਰ ਕਰਨ ਦੇ ਕਾਰਣ ਅਪਣਾ ਬਿਰਦ 'ਭਗਤ ਵੱਛਲ' ਬਣਾਉਂਦੇ ਹਨ, ਫਿਰ ਇਸਦਾ ਉਲੰਘਨ ਨਹੀਂ ਕਰਦੇ। ਅਧੀਨ ਦਾ ਭਾਵ ਇਹ ਹੈ।
ਭਾਨੁ=ਸੂਰਜ [ਸੰਸ:, ਭਾਨੁ]। ਸਮਾਨ=ਤੁੱਲ, ਬ੍ਰੱਬਰ। ਅਧਿਕ=ਵਧੀਕ।
ਤਪਤ ਬਿਹੀਨ=ਤਪਤ ਵਿਹੀਨ=ਤਪਤ ਤੋਂ ਖਾਲੀ, ਮੁਰਾਦ ਸੀਤਲ ਤੋਂ ਹੈ। ਸੀਤਲਤਾ ਸੁਭਾਵ ਦੀ, ਵਰਤੋਂ ਦੀ, ਮੇਹਰ ਕਰਨ ਦੀ।

ਅਰਥ—(ਗੁਰੂ ਅਮਰ ਦੇਵ ਜੀ ਦੇ ਦਰਸ਼ਨ ਤੇ ਸੂਰਜ ਦੀ ਸਦਰਸ਼ਤਾ ਦੱਸਕੇ ਅਧਿਕਤਾ ਦਿਖਾਲਦੇ ਹਨ):—(ਸੂਰਜ ਦਰਸ਼ਨ) ਰਾਤ੍ਰੀ (ਨੂੰ ਹਰਦਾ ਹੈ), (ਗੁਰੂ ਅਮਰ ਦਰਸ਼ਨ ਰਾਤ) ਸਮਾਨ ਅਵਿਦ੍ਯਾ (ਨੂੰ ਹਰਦਾ ਹੈ), (ਸੂਰਜ ਦਰਸ਼ਨ) ਹਨੇਰੇ (ਨੂੰ ਹਰਦਾ ਹੈ ਪਰ ਗੁਰ ਦਰਸ਼ਨ ਹਨੇਰੇ) ਸਮਾਨ ਭਰਮ ਨੂੰ ਹਰਦਾ ਹੈ।
(ਸੂਰਜ ਦਾ ਦਰਸ਼ਨ ਚਕ੍ਰਵਾਕ ਦਾ ਬਿਰਹਾ ਦੂਰ ਕਰਦਾ ਹੈ ਤਿਵੇਂ ਗੁਰੂ ਜੀ ਦਾ ਦਰਸ਼ਨ) ਚਕ੍ਰਵਾਕ ਸਮਾਨ (ਵਾਹਿਗੁਰੂ ਤੋਂ ਵਿੱਛੁੜੇ) ਸ੍ਰਿਸ਼ਟ ਦਾਸਾਂ (ਜਗ੍ਯਾਸੂਆਂ) ਦੇ ਬਿਰਹੇ ਨੂੰ ਦੂਰ ਕਰਦਾ ਹੈ।
(ਜਿਵੇਂ ਸੂਰਜ ਦੇ ਦਰਸ਼ਨ) ਤਾਰਿਆਂ ਦੇ ਝੁੰਡ ਨੂੰ (ਛਿਪਾਉਂਦੇ ਹਨ, ਤਿਵੇਂ ਸਤਿਗੁਰ ਅਮਰ ਦੇਵ ਦੇ ਦਰਸ਼ਨ) ਪਾਪਾਂ ਦੇ ਝੁੰਡਾਂ ਨੂੰ ਝਿੜਕਕੇ ਛਿਪਾ ਦੇਂਦੇ ਹਨ। (ਜਿਵੇਂ ਉਦਯ ਹੋਕੇ ਸੂਰਜ ਦਾ ਚਾਨਣ) ਪਲ ਪਲ (ਵਧਦਾ ਹੈ) ਤਿਵੇਂ (ਸਤਿਗੁਰ ਅਮਰ ਦੇਵ ਦਾ) ਗਿਆਨ ਸੰਸਾਰ ਵਿਚ (ਹਰ ਛਿਨ ਵੱਧ) ਪ੍ਰਕਾਸ਼ ਕਰ (ਰਿਹਾ) ਹੈ।
(ਜਿਵੇਂ ਸੂਰਜ ਦਰਸ਼ਨ ਨਾਲ) ਕੰਮੀਆਂ (ਨੂੰ ਦੁਖ ਹੁੰਦਾ ਹੈ ਤਿਵੇਂ ਗੁਰੂ ਦਰਸ਼ਨ ਨਾਲ) ਬੇਮੁਖਾਂ ਨੂੰ ਦੁਖ ਤੇ (ਜਿਵੇਂ) ਕਮਲਾਂ ਨੂੰ ਸੁਖ (ਤਿਵੇਂ) ਸਨਮੁਖਾਂ (ਨੂੰ ਸੁਖ ਪ੍ਰਾਪਤ ਹੁੰਦਾ ਹੈ)।
(ਜਿਵੇਂ ਸੂਰਜ ਨਿਯਮਤ ਗਤੀ ਅਰਥਾਤ ਬੱਧੀ ਹੋਈ) ਚਾਲ (ਵਿਚ ਨਿਤ ਟੁਰਦਾ ਹੈ) ਤਿਵੇਂ (ਗੁਰੂ ਅਮਰ ਦੇਵ ਜੀ ਅਪਣੇ ਨਿਯਮਤ ਬਿਰਦ) ਭਗਤਾਂ ਦੇ ਸਦਾ ਅਧੀਨ ਹਨ, (ਇਹ) ਜਾਣ ਲਵੋ, (ਕਿ ਸ੍ਰੀ ਗੁਰੂ) ਅਮਰ ਦੇਵ ਜੀ ਦੇ ਦਰਸ਼ਨ (ਤੇ) ਸੂਰਜ (ਦੇ ਦਰਸ਼ਨਾਂ ਦੇ) ਲੱਛਣ (ਹੋਰ) ਸਾਰੇ ਇਕੋ ਜੇਹੇ (ਹਨ) ਪਰ ਇਕ ਗੁਣ (ਸਤਿਗੁਰਾਂ ਦੇ ਦਰਸ਼ਨ ਵਿਚ) ਵਧੀਕ ਹੈ (ਕਿ ਓਹ) ਸੀਤਲ ਹੈ ਤੇ ਸੂਰਜ ਦਰਸ਼ਨ ਤਪਤ ਹੈ)।

ਭਾਵ—ਅੰਕਪ ਵਿਚਜੀਕੂੰ ਵਾਧਾ ਦਿਖਾਇਆਸੀ ਤਿਵੇਂ ਇੱਥੇ ਸੂਰਜਨਾਲੋਂ ਵਾਧਾ ਦਿਖਾਇਆ ਹੈ, ਮੁਰਾਦ ਉਹੋ ਹੈ ਕਿ ਸੂਰਜ ਦੇ ਗੁਣ ਸਹਿਜ ਸੁਭਾ ਦੇ ਹਨ ਉਸ ਦੀ ਕੋਈ ਖੂਬੀ ਯਾ ਪ੍ਰਬੀਨਤਾ ਦੇ ਨਹੀਂ, ਤੇ ਸਤਿਗੁਰ ਦੇ ਗੁਣ ਆਤਮ ਮੰਡਲ ਦੇ ਕਮਾਲ ਹਨ, ਅਰ ਏਹ ਗੁਣ

'ਜੀਵੱਤ ਗੁਣ' ਹਨ। ਫੇਰ ਜੋ ਸੀਤਲਤਾ ਸਤਿਗੁਰ ਦਾ ਵਾਧਾ ਦੱਸਿਆ ਹੈ ਉਹ ਮਨ ਨੂੰ, ਆਤਮਾਂ ਨੂੰ, ਦੁਖੀਆਂ ਨੂੰ, ਰੋਗੀਆਂ ਨੂੰ ਪਾਉਣ ਵਾਲੀ ਠੰਢ ਹੈ।

੭. ਇਸ਼੍ਟ ਗੁਰੂ–ਸ੍ਰੀ ਗੁਰੂ ਰਾਮਦਾਸ ਜੀ–ਮੰਗਲ।

ਦੋਹਰਾ–ਰਾਮਦਾਸ ਸੁਖਰਾਸ ਪ੍ਰਭੁ ਸੇਵਕ ਤ੍ਰਾਸ ਬਿਦਾਰ।
ਪਗ ਪਰ ਮੁਰ ਪਰਣਾਮ ਹੈ ਪਰਨਾ ਸ਼ਰਨ ਵਿਚਾਰ ॥ ੧੧ ॥

{ ਸੁਖਰਾਸ=ਸੁਖਾਂ ਦੀ ਪੂੰਜੀ, ਸੁਖਾਂ ਦਾ ਭੰਡਾਰ। ਤ੍ਰਾਸ=ਭੈ, ਸਹਿਮ, ਡਰ। ਬਿਦਾਰ=ਨਾਸ਼ ਕਰਨ ਵਾਲੇ, ਦੂਰ ਕਰਨ ਵਾਲੇ। ਪਗ=ਚਰਨ। ਮੁਰ=ਮੇਰੀ। ਪਰਣਾਮ=ਬੰਦਨਾ, ਨਮਸਕਾਰ। ਪਰਨਾ=ਪਰਣਾ, ਆਸਰਾ। }

ਅਰਥ–ਹੇ ਪ੍ਰਭੂ (ਸ੍ਰੀ ਗੁਰੂ) ਰਾਮ ਦਾਸ (ਜੀ ਤੁਸੀਂ) ਸੁੱਖਾਂ ਦੇ ਭੰਡਾਰ (ਹੋ ਅਤੇ) ਸੇਵਕਾਂ ਦੇ ਭੈ ਨੂੰ ਦੂਰ ਕਰਨ ਵਾਲੇ (ਹੋ), (ਆਪ ਦੀ) ਸ਼ਰਣ ਦਾ ਆਸਰਾ ਵਿਚਾਰ (ਕੇ ਆਪ ਦੇ) ਚਰਣਾਂ ਪਰ ਮੇਰੀ ਨਮਸਕਾਰ ਹੈ।

ਕਬਿੱਤ–ਪੁਸ਼ਕਰ*ਭਰੇ ਪੁਸ਼ਕਰ ਪੁਸ਼ਕਰ ਜਥੇ
ਪੇਖਕਰਿ ਸਸੀਕਰ ਕਰੈ ਦੁਤਿ ਹੀਨ ਹੈ।
ਪੁਖਕਰ ਹੀਨ ਦਿਨਕਰ ਕਰੇ ਛੀਨ ਤਿਸ
ਖਰ ਧਾਰੀ ਦੇਹਿ ਪਰ ਯਾਂਤੇ ਸੋ ਮਲੀਨ ਹੈ।
ਸੁਖਮਾ ਨਿਹਾਰ ਭੌਰ ਚਾਹਿਤਿ ਅਪਾਰ ਆਨ,
ਜਾਰਤਿ ਤੁਖਾਰ, ਏਤੇ† ਔਗੁਨ ਅਧੀਨ ਹੈ।
ਸਤਿਗੁਰੁ ਰਾਮਦਾਸ ਚਰਣ ਮੁਕਤਿ ਦੇਤਿ,
ਉਪਮਾ ਕਮਲ ਕੀ ਨ ਬਨੈ ਬਿਧਿ ਹੀਨ ਹੈ ॥ ੧੨ ॥

---

*ਪੁਸ਼ਕਰ (ਪੁਖੑਰੰ) ਪਦ ਦੇ ਅਰਥ ਐਤਨੇ ਕੁ ਹੈਨ:–ਆਕਾਸ਼, ਵਾਯੂ ਮੰਡਲ, ਵਾਯੂ, ਪਾਣੀ, ਕਮਲ, ਹਾਥੀ ਦੀ ਸੁੰਡ ਦਾ ਸਿਰਾ, ਢੋਲ ਦਾ ਪੁੜਾ, ਤਲਵਾਰ ਦਾ ਫਲ, ਤਲਵਾਰ ਦੀ ਮਿਆਨ, ਇਕ ਦੀਪ ਦਾ ਨਾਮ, ਰਾਜਪੂਤਾਨੇ ਵਿਚ ਇਕ ਤੀਰਥ ਝੀਲ ਤੇ ਨਗਰੀ, ਤੀਰ, ਨ੍ਰਿਤਕਾਰੀ, ਜੰਗ, ਨਸ਼ਾ, ਪਿੰਜਰਾ; ਮੇਲ, ਹਿੱਸਾ। (ਪੁਖੑਰ:)=ਤਲਾ, ਝੀਲ, ਸੱਪ, ਸਾਰਸ, ਪੰਛੀ, ਇਕ ਬੀਮਾਰੀ, ਨਲ ਰਾਜੇ ਦਾ ਭਰਾ, ਸੂਰਜ, ਵਰਣ ਦਾ ਪੁੱਤ੍ਰ, ਢੋਲ, ਇਕ ਮਾੜਾ ਜੋਗ ਜਯੋਤਸ਼ ਵਿਚ, ਇਕ ਕਾਲ ਪਾਣ ਵਾਲਾ ਬੱਦਲ, ਕ੍ਰਿਸ਼ਨ ਦਾ ਨਾਮ, ਸ਼ਿਵ ਦਾ ਇਕ ਨਾਮ, ਪੁਸ਼ਕਰ ਦੀਪ ਵਿਚ ਇਕ ਪਹਾੜ ਦਾ ਨਾਮ। ਅਲੰਕਾਰ ਦੁਆਰਾ ਦਿਲ। ਬੁੱਧ ਦਾ ਇਕ ਨਾਮ, ਇਕ ਰਾਖਸ਼ ਦਾ ਨਾਮ, ਭਗਤ ਦਾ ਪੁੱਤਰ, ਸੁਨਕਸ਼ਤ੍ਰ ਵ੍ਰਿਦ ਤੇ ਦੂਰਣ ਕਸ਼ਨੀ ਦੇ ਪੁੱਤ੍ਰ ਦਾ ਨਾਮ, ਕੁਸਦੀਪ ਦੇ ਬ੍ਰਹਮਣਾਂ ਦਾ ਨਾਮ; ਸ਼ਿਵ ਦੀ ਇਕ ਵਹੁਟੀ ਦਾ ਨਾਮ, ਜੈਨੀਆਂ ਵਿਚ ਇਕ ਭਗਤ ਦਾ ਨਾਮ। ਆਮ ਪੰਜਾਬੀ ਵਿਚ ਪੋਖਰ–ਛੱਪੜ–ਨੂੰ ਕਹਿੰਦੇ ਹਨ।

†ਪਾਠਾਂਤ੍ਰ–ਐਸੇ–ਬੀ ਹੈ।

ਪੁਖਕਰ ਭਰੇ=ਪਾਣੀ ਨਾਲ ਭਰੇ। ਪੁਖਕਰ=ਤਲਾ, ਸਰ।
ਪੁਖਕਰ=ਕਮਲ।(ਅ)ਪੁਖਕਰ ਪਦ ਦਾ ਅਰਥ ਸੂਰਜ ਬੀ ਹੈ,ਤੁਕਦਾ ਅਰਥ ਐਉਂ ਬੀ ਬਣਦਾ ਹੈ, ਕਮਲ ਭਰੇ ਤਲਾ ਵਿਚ, ਸੂਰਜ (ਦੀ ਨਿੱਘ ਅੱਪੜਨ ਨਾਲ) ਉਗਦਾ ਹੈ।
ਜਯੋ=ਜੰਮਦਾ ਹੈ, ਉੱਗਦਾ ਹੈ। ਪੇਖਕਰਿ=ਦੇਖਕੇ।
ਸਸੀਕਰ=[ਸਸੀ=ਚੰਦ੍ਰਮਾ। ਕਰ=ਕਰਣ।] ਚੰਦ੍ਰਮਾ ਦੀ ਕਿਰਣ।
ਦੁਤਿਹੀਨ=ਸੁੰਦਰਤਾ ਨੂੰ ਛੀਨ, ਮੁਰਾਦ ਹੈ ਕਿ ਚੰਦ ਚੜ੍ਹੇ ਕਮਲ ਮੁੰਦ ਜਾਂਦੇ ਹਨ, ਸੁੰਦਰਤਾ ਫਿਰ ਨਜ਼ਰ ਨਹੀਂ ਪੈਂਦੀ।
ਪੁਖਕਰ=ਪਾਣੀ। (ਅ) ਪੌਣ ਬੀ ਅਰਥ ਕਰਦੇ ਹਨ, ਕਿ ਸਰਦ ਹਵਾ ਯਾ ਕਰੜੀ ਲੂ ਨਾਲ ਕਮਲ ਮਰ ਜਾਂਦਾ ਹੈ।
ਹੀਨ=ਖਾਲੀ। ਦਿਨਕਰ=ਸੂਰਜ।
ਤਿਸ=ਉਸੇ ਨੂੰ, ਭਾਵ ਕਮਲ ਤੋਂ ਹੈ।
ਖਰ=ਛਾਰ, ਮਿੱਟੀ, ਖੇਹ। ਖਰ=ਦਾ ਅਰਥ ਕੰਡਾ ਬੀ ਹੈ, ਕਮਲ ਦੀ ਨਾਲ ਖੁਰਦਰੀ ਬੀ ਹੁੰਦੀ ਹੈ ਤੇ ਮੈਲੀ ਬੀ।ਅਗੇ ਪਦ'ਯਾਂ ਤੇ'ਪਿਆ ਹੈ,ਇਸ ਕਰਕੇ ਖਰ ਦਾ ਅਰਥ 'ਛਾਰ' ਠੀਕ ਹੈ। [ਸਿਂਸ:, ਕਖ਼ਾਰ]।
ਦੇਹਿ=ਦੇਹ ਤੋਂ ਮੁਰਾਦ ਕਮਲ ਦੀ ਨਾਲੀ ਹੈ, ਜੋ ਫੁੱਲ ਤੋਂ ਲੈ ਹੇਠਾਂ ਤਕ ਜਾਂਦੀ ਹੈ। ਦੇਹ ਉਤੇ ਛਾਰ ਧਾਰੀ ਹੋਈ ਹੈ।
ਸੁਖਮਾ=ਸ਼ੋਭਾ। (ਅ) ਸੁਖਮਯ=ਸੁਖਵਾਲਾ ਥਾਂ।
ਨਿਹਾਰ=ਦੇਖਕੇ, ਲਖਕੇ। ਸੁਖਮਾ ਨਿਹਾਰ=ਸ਼ੋਭਾ ਦੇਖਕੇ।
(ਅ) ਸੁਖਮਯ ਨਿਹਾਰ=ਸੁਖ ਵਾਲਾ ਥਾਉਂ ਲਖਕੇ।
ਦਾਹਿਤਿ=ਸਾੜਦੇ ਹਨ। ਅਪਾਰ=ਅਨੇਕ, ਬਹੁਤ।
ਜਾਰਤਿ=ਸਾੜਦੀ ਹੈ (ਬਰਫ), ਪਾਲੇ ਨਾਲ ਮੁਰਝਾ ਕੇ ਮਰ ਜਾਣ ਨੂੰ ਬੀ ਜਰਨਾ, ਜਾਰਨਾ, ਜਲਨਾ,—ਜਾਲਨਾ—ਆਖਦੇ ਹਨ।
ਤੁਖਾਰ=ਹਿਮ, ਬਰਫ਼, ਕੱਕਰ, ਪਾਲਾ।
ਬਿਧਿਹੀਨ=ਯੁਕਤੀ ਹੀਨ। ਨਜਾਯ ਦੇ ਨੁਕਤੇ ਤੋਂ, ਯੁਕਤੀਹੀਨ। ਮਰਯਾਦਾ ਹੀਨ। ਕਾਵ੍ਯ ਦੇ ਤ੍ਰੀਕੇ ਤੋਂ, ਮਰਯਾਦਾ ਹੀਨ।

ਅਰਥ—ਜਲ ਨਾਲ ਭਰੇ ਤਲਾ (ਵਿਚ) ਕਮਲ ਜੰਮਦਾ (ਉਗਦਾ) ਹੈ, ਤੇ ਚੰਦ੍ਰਮਾ ਦੀ ਕਿਰਨ ਨੂੰ ਵੇਖਕੇ (ਅਪਨੀ) ਸੁੰਦਰਤਾ ਛੀਨ ਕਰ ਲੈਂਦਾ ਹੈ (ਪਰ ਜੇ ਤਲਾ) ਜਲ ਹੀਨ (ਹੋ ਜਾਏ ਤਾਂ) ਉਸੇ (ਕਮਲ) ਨੂੰ (ਉਹੀ) ਸੂਰਜ (ਜੋ ਖਿੜਾਉਂਦਾ ਹੈ) ਛੀਨ ਕਰ ਦੇਂਦਾ ਹੈ। (ਫਿਰ ਕਮਲ ਦੀ) ਦੇਹ (ਨਾਲੀ) ਮਿੱਟੀ ਨਾਲ ਲਿਬੜੀ ਰਹਿੰਦੀ ਹੈ, ਇਸੇ ਕਰਕੇ ਸੋ (ਕਮਲ ਦੀ ਦੇਹ) ਮਲੀਨ ਹੈ। (ਫਿਰ ਕਮਲ ਦੀ) ਸ਼ੋਭਾ ਦੇਖਕੇ ਅਨੇਕਾਂ ਹੀ ਭੌਰੇ ਆਕੇ (ਇਸਦਾ ਰਸ ਚੂਸਦੇ ਤੇ ਪਰਾਗ ਉਭਾਕੇ ਮਾਨੋਂ ਇਸਨੂੰ) ਸਾੜਦੇ

ਹਨ, (ਫਿਰ ਜਦ ਸਿਆਲ ਆਵੇ ਤਾਂ) ਤੁਖਾਰ (ਇਸਨੂੰ) ਸਾੜਦੀ ਹੈ, (ਸੋ ਕਮਲ ਤਾਂ) ਐਤਨੇ ਅਵਗੁਣਾਂ ਦੇ ਅਧੀਨ ਹੈ, (ਉਧਰ) ਸਤਿਗੁਰੂ ਰਾਮਦਾਸ ਜੀ ਦੇ ਚਰਣ (ਨਾ ਕੇਵਲ ਸਭ ਤਰ੍ਹਾਂ ਦੀ ਅਧੀਨਤਾ ਤੋਂ ਆਪ ਸੁਤੰਤ੍ਰ ਹਨ, ਸਗੋਂ ਔਗੁਣਾਂ ਵਿਚ ਬੱਧਿਆਂ ਨੂੰ) ਮੁਕਤੀ ਦੇਂਦੇ ਹਨ, (ਇਸ ਲਈ) ਕਮਲ ਦੀ ਉਪਮਾ (ਚਰਨਾਂ ਨਾਲ) ਨਹੀਂ ਬਣਦੀ (ਕਿਉਂਕਿ ਅਵਗੁਣਾਂ ਦੇ ਅਧੀਨ ਨੂੰ ਅਵਗੁਣਾਂ ਤੋਂ ਸੁਤੰਤ੍ਰਤਾ ਦੇਣ ਵਾਲੇ ਨਾਲ ਉਪਮਾ ਦੇਣੀ) ਯੁਕਤੀ ਹੀਨ (ਬਾਤ) ਹੈ।

ਭਾਵ—ਕਵਿ ਜੀ ਨੇ ਇਸ ਕਬਿੱਤ ਵਿਚ ਕਮਲ ਨੂੰ ਕਈ ਔਗੁਣਾਂ ਯਾ ਥੁੜਾਂ ਤੇ ਮੁਥਾਜੀਆਂ ਦੇ ਅਧੀਨ ਹੋਇਆ ਦੱਸਿਆ ਹੈ, ਤਲਾ ਤੇ ਪਾਣੀ ਦੇ ਅਧੀਨ ਹੈ, ਫੇਰ ਚੰਦ੍ਰਮਾ ਚੜ੍ਹੇ ਤਾਂ ਮੁੰਦ ਜਾਂਦਾ ਹੈ, ਸੂਰਜ ਦੇ ਚੜ੍ਹੇ ਰਿਹਾਂ ਖਿੜਦਾ ਹੈ, ਤਾਂਤੇ ਸੂਰਜ ਦੇ ਅਧੀਨ ਹੈ। ਫਿਰ ਓਹੀ ਸੂਰਜ, ਜੋ ਉਸਦਾ ਆਸਰਾ ਹੈ, ਜੇ ਪਾਣੀ ਤਲਾ ਵਿਚੋਂ ਸੁੱਕੇ ਤਾਂ ਉਸਨੂੰ ਸਾੜ ਦੇਂਦਾ ਹੈ, ਤਾਂਤੇ ਤਲਾ ਦੇ ਪਾਣੀ ਦੀ ਅਧੀਨਤਾਈ ਨਾ ਕੇਵਲ ਜੰਮਣ ਉਗਣ ਤੇ ਮੌਲਣ ਖਿੜਨ ਲਈ ਹੈ, ਪਰ ਸੂਰਜ ਤੋਂ ਜੋ ਸੁਖ ਲੈਂਦਾ ਹੈ, ਉਸ ਲਈ ਬੀ ਪਾਣੀ ਦੇ ਅਧੀਨ ਹੈ। ਪਾਣੀ ਦਾ ਚਿਕੜ ਤੇ ਸਿਵਾਲ (ਮੈਲ) ਉਸਦੀ ਨਾਲਿ ਨੂੰ ਲਗੀ ਰਹਿੰਦੀ ਹੈ, ਇਸਤਰ੍ਹਾਂ ਉਸਦੀ ਦੇਹ ਮਲੀਨ ਹੈ। ਭੌਰੇ ਆਕੇ ਉਸਦਾ ਮਕਰੰਦ ਰਸ ਚੂਸਦੇ ਹਨ, ਪਰਾਗ ਨੂੰ ਉਡਾਉਂਦੇ ਹਨ। ਐਉਂ ਉਸਨੂੰ ਖੇਦ ਪੁਜਦਾ ਹੈ, ਇਹ ਬੀ ਅਧੀਨਤਾਈ ਹੋਈ। ਫੇਰ ਰੁਤ ਬਦਲੀ ਤੇ ਪਾਲੇ ਨਾਲ ਮਰ ਜਾਂਦਾ ਹੈ, ਸੋ ਐਸੇ ਔਗੁਣਾਂ, ਲੋੜਾਂ ਯਾਂ ਥੁੜਾਂ ਤੇ ਖੇਦਾਂ ਵਾਲੇ ਕਮਲ ਦੀ ਚਰਣਾਂ ਨਾਲ ਸ਼ੋਭਾ ਨਹੀਂ ਬਣਦੀ, ਕਿਉਂਕਿ ਚਰਣ ਗੁਰੂ ਰਾਮਦਾਸ ਜੀ ਦੇ ਨਾਂ ਕੇਵਲ ਥੁੜਾਂ ਤੇ ਲੋੜਾਂ ਤੋਂ ਸ੍ਵਾਧੀਨ ਹਨ, ਸਗੋਂ ਦੂਸਰਿਆਂ ਦੀਆਂ ਥੁੜਾਂ ਲੋੜਾਂ ਦੂਰ ਕਰਦੇ, ਭਵਬਾਧਾ ਵਿਚ ਬੱਝਿਆਂ ਦੀ ਬੰਦਖਲਾਸ ਕਰਦੇ ਤੇ ਮੁਕਤੀ ਦੇਂਦੇ ਹਨ।

ਸੂਚਨਾ—ਇਸ ਕਬਿੱਤ ਵਿਚ ਕਵਿ ਜੀ ਨੇ ਜੋ ਪਦਾਰਥ ਕਮਲ ਦੇ ਅਵਗੁਣਾਂ ਵਿਚ ਗਿਣੇ ਹਨ ਸੋ ਇਕ ਧੁਨੀ ਲਈ ਬੈਠੇ ਹਨ ਕਿ ਉਨ੍ਹਾਂ ਦੇ ਸਦਰਸ਼ ਜੋ ਅਵਗੁਣ ਹਨ ਉਨ੍ਹਾਂ ਤੋਂ ਸਤਿਗੁਰ ਦੇ ਚਰਣ ਨਾ ਕੇਵਲ ਸੁਤੰਤ੍ਰ ਹਨ, ਸਗੋਂ ਵਾਥਿਆਂ ਨੂੰ ਸੁਤੰਤ੍ਰਤਾ ਦੇ ਦਾਤੇ ਹਨ। ਜਿਵੇਂ:—

ਤਾਲ ਵਾਂਙੂ ਇਹ ਸੰਸਾਰ ਹੈ*।
ਜਲ ਵਾਂਙੂ ਸੰਸਾਰ ਦੇ ਪਦਾਰਥ ਹਨ।
ਸੂਰਜ ਵਾਂਙੂ ਸੰਸਾਰ ਦੇ ਅਨਕੂਲ ਪੁਰਖ ਹਨ।
ਚੰਦ ਵਾਂਙੂ ਸੰਸਾਰ ਦੇ ਪ੍ਰਤਿਕੂਲ ਪੁਰਖ ਹਨ।
ਖਰ ਵਾਂਙੂ ਸੰਸਾਰ ਦੇ 'ਸੁਤ ਬਿਤ ਲੋਕ'—ਅਰਥਾਤ ਕੁਟੰਬ, ਇੱਜ਼ਤ ਦੀ ਪਕੜ- ਮੈਲ ਯਾ ਕੋੜਾਵਾਕ-ਖਰ-ਕੀੜਾ ਹੈ।
ਭੌਰੇ ਵਾਂਙੂ ਸੰਸਾਰ ਦੇ ਆਰਤ ਤੇ ਸਵਾਲੀ ਲੋਕ ਹਨ।

*ਇਸਦੀ ਵਿਸ਼ੇਸ਼ ਵਿਚਾਰ ਲਈ ਦੇਖੋ ਇਸੇ ਅਧ੍ਯਾਯ ਦਾ ੨੪ ਵਾਂ ਛੰਦ।

ਤੁਖਾਰ ਵਾਙੂ ਸੰਸਾਰ ਤੇ ਜ਼ਮਾਨੇ ਦੇ ਵਿਘਨਕਾਰੀ ਹਨ।

ਸੰਸਾਰ ਤੇ ਇਸਦੇ ਪਦਾਰਥਾਂ ਦੇ ਚਰਣ ਮੁਥਾਜ ਨਹੀਂ, ਜੋ ਸਗੋਂ ਪਦਾਰਥ ਚਰਨੀ ਲਗਦੇ ਹਨ ਓਹ ਸ਼ੁਭ ਕੰਮਾਂ ਤੇ ਦੁੱਖਾਂ ਤੋਂ ਖਲਾਸੀ ਦੇਣ ਦੇ ਕੰਮਾਂ ਪਰ ਖਰਚ ਹੁੰਦੇ ਹਨ। ਅਨਕੂਲ ਪ੍ਰਤਿਕੂਲ ਪੁਰਖ, ਸੱਜਣ, ਤੇ ਕੁਸੱਜਣ, ਚਰਨਾਂ ਨੂੰ ਬਿਕਾਸ ਤੋਂ ਮੁੰਦਣ ਨਹੀਂ ਦੇਂਦੇ, ਅਨਕੂਲ ਚਰਨ ਪਰਸ ਕੇ ਹੋਰ ਉੱਚੇ ਤੇ ਪ੍ਰਤਿਕੂਲ ਚਰਣ ਪਰਸਕੇ ਈਰਖਾ ਤੇ ਦ੍ਵੈਖ ਤੋਂ ਛੁਟਕਾਰਾ ਪਾਉਂਦੇ ਹਨ। ਸਤਿਗੁਰੂ ਜੀ ਕੁਟੰਬ ਵਿਚ ਬੈਠੇ ਹਨ,ਪਰ ਕੁਟੰਬ ਦੀ ਕਿ ਪਦਾਰਥਾਂ ਦੀ ਕਿ ਇਜ਼ਤ ਮਾਨ ਦੀ,ਕਿਸੇ ਦੀ ਬੀ ਕੋਈ ਪਕੜ ਨਹੀਂ, ਸਗੋਂ ਇਨ੍ਹਾਂ ਪਕੜਾਂ ਵਾਲੇ ਲੋਕੀ ਜੋ ਬੀ ਚਰਨ ਪਰਸਦੇ ਹਨ, ਪਕੜਾਂ ਤੋਂ ਛੁੱਟਕੇ ਉੱਚ ਸੁਰਤੇ ਹੋ ਜਾਂਦੇ ਹਨ। ਆਰਤ ਤੇ ਲੋੜਵੰਦ ਚਰਣਾਂ ਦੀ ਦੁਤੀ ਨੂੰ ਨਹੀਂ ਹਰਦੇ; ਸਗੋਂ ਚਰਣ ਪਰਸਕੇ ਸੁਖੀ ਤੇ ਦੁੱਖਾਂ ਤੋਂ ਆਜ਼ਾਦੀ ਪ੍ਰਾਪਤ ਕਰਦੇ ਹਨ, ਜ਼ਮਾਨੇ ਦੇ ਵਿਘਨਕਾਰੀ ਆਕੇ ਖੋਭ ਨਹੀਂ ਦੇਂਦੇ, ਵਿਘਨਕਾਰੀ ਚਰਣ ਪਰਸਕੇ ਆਪ ਵਿਘਨਾਂ ਦੀ ਬਾਣ ਤੋਂ ਛੁੱਟਕੇ ਉੱਚੇ ਹੋ ਜਾਂਦੇ ਹਨ।

੮. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਦੋਹਰਾ-**ਸ੍ਰੀ ਅਰਜਨ ਸ੍ਰੋਤਾ ਅਰਜ, ਸਿਰਜਨ ਆਰਜਤਾਯ।**
ਲਰਜਤਿ ਜਮ ਜਿਨ ਨਾਮ ਤੇ,ਬੰਦੋਂ* ਤਿਨ ਜੁਗ ਪਾਯ ॥੧੩॥

ਸ੍ਰੋਤਾ=ਸੁਣਨ ਵਾਲੇ। ਅਰਜ=ਬੇਨਤੀ; ਪ੍ਰਾਰਥਨਾ [ਅਰਬੀ, ਅਰਜ਼]
ਸਿਰਜਨ=ਰਚਨਹਾਰ।
ਆਰਜ=ਸਤਿਕਾਰ ਯੋਗ ਤੇ ਵਡਿਆਈ ਯੋਗ। [ਸੰਸ:, ਆਰਯ]
ਆਰਜਤਾਯ=ਆਰਯਤ੍ਵ=ਵਡਿਆਈ।
ਲਰਜਤਿ=ਕੰਬਦਾ ਹੈ। [ਫਾਰਸੀ, ਲਰਜ਼ੀਦਨ=ਕੰਬਣਾ। ਲਰਜਤ, ਹਿੰਦੀ]
ਜਮ=ਯਮ, ਧਰਮਰਾਜ। ਬੰਦੋਂ=ਨਮਸਕਾਰ ਕਰਦਾ ਹਾਂ। ਜੁਗ=ਦੋਹਾਂ।

ਅਰਥ-ਸ੍ਰੀ (ਗੁਰੂ) ਅਰਜਨ (ਦੇਵ ਜੀ) ਬੇਨਤੀਆਂ ਦੇ ਸੁਣਨ ਵਾਲੇ (ਤੇ) ਵਡਿਆਈਆਂ ਦੇ ਰਚਣਹਾਰ ਹਨ, ਜਿਨ੍ਹਾਂ ਦੇ ਨਾਮ ਤੋਂ ਯਮ ਕੰਬਦਾ ਹੈ, (ਮੈਂ) ਉਨ੍ਹਾਂ ਦੇ ਦੋਹਾਂ ਚਰਨਾਂ ਤੇ ਨਮਸਕਾਰ ਕਰਦਾ ਹਾਂ।

ਭਾਵ-ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੀਆਂ ਬੇਨਤੀਆਂ ਦੇ ਸੁਣਨ ਵਾਲੇ ਹਨ। ਆਪਣੇ ਸਿੱਖਾਂ ਤੇ ਕ੍ਰਿਪਾਲੂ ਤੇ ਉਨ੍ਹਾਂ ਦੀ ਬ੍ਰਿਥਾ ਨੂੰ ਸੁਣਦੇ ਹਨ। ਸਾਰੀਆਂ ਬੇਨਤੀਆਂ ਲੋੜਾਂ ਤੇ ਨਿਰਭਰ ਰਖਦੀਆਂ ਹਨ। ਸਾਰੀਆਂ ਲੋੜਾਂ ਦੋ ਕਿਸਮਾਂ ਹੇਠ ਆ ਜਾਂਦੀਆਂ ਹਨ, ਇਕ ਲੌਕਿਕ ਤੇ ਦੂਜੀਆਂ ਪਾਰਲੌਕਿਕ। ਸੋ ਕਵਿ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਦੋ ਮਹਾਨ ਤਾਕਤਾਂ ਹਨ, ਇਕ ਤਾਂ ਇਹ ਕਿ ਵਡਿਆਈਆਂ ਦੇ ਰਚਣਹਾਰ ਹਨ, ਜਗਤ ਵਿਚ ਜਿਤਨੀਆਂ ਕੁ ਉਚਤਾਈਆਂ, ਵਡਿਆਈਆਂ ਅਰਥਾਤ ਲੋੜੀਦੀਆਂ ਗੱਲਾਂ ਹਨ ਉਨ੍ਹਾਂ ਦੇ ਰਚਣੇ ਨੂੰ

*ਪਾਠਾਂਤ੍ਰ-ਬੰਦੇ-ਬੀ ਹੈ।

ਸਮਰੱਥ ਹਨ, ਅਤੇ ਪਰਲੋਕ ਵਿਚ ਜਮ ਉਨ੍ਹਾਂ ਦਾ ਨਾਮ ਸੁਣਕੇ ਹੀ ਕੰਬਦਾ ਹੈ, ਇਤਨੀ ਸਮਰੱਥਾ ਉਨ੍ਹਾਂ ਦੀ ਓਥੇ ਹੈ। ਇਸ ਕਥਨ ਵਿਚ ਧੁਨੀ ਇਹ ਹੈ ਕਿ ਸਿੱਖਾਂ ਦੀਆਂ ਅਰਜ਼ਾਂ ਸੁਣਕੇ ਪੁਜਾਵਨਹਾਰ ਹਨ, ਕਿਉਂਕਿ ਲੋਕ ਤੇ ਪਰਲੋਕ ਦੋਹੀਂ ਥਾਈਂ ਓਹ ਸਮਰੱਥ ਹਨ। ਐਸੇ ਸਰਬ ਸਮਰੱਥ ਸਤਿਗੁਰ ਦੇ ਚਰਨਾਂ ਪਰ ਮੇਰੀ ਬੰਦਨਾ ਹੈ।

ਕਬਿੱਤ—ਲੋਚਨ ਬਿਲੋਕਤਿ ਨ ਚਾਹੈਂ ਚਿਤ ਆਨ ਦੁਤਿ,
ਬਿਸ਼ੇ ਕੇ ਬਿਲਾਸ ਆਸ ਪਾਸਨ ਨ ਜਾਵਈ।
ਕਾਨ ਆਨ ਗਾਨ ਤਾਨ ਸੁਨੈ ਨ ਅਯਾਨ ਜਿਵ*,
ਬਿਸਰਾ ਅਪਾਨ ਤਨਮਾਨ ਸੋ ਨ ਆਵਈ।
ਭਈ ਉਨਮੱਤਿ ਗਤਿ ਆਨੰਦ ਉਦਧਿ ਵਤਿ,
ਚਿੱਤ ਮੈਂ ਬਿਓਗ ਤਿਸ ਕਬਹੂੰ ਨ ਭਾਵਈ।
ਜਾਨ† ਅਰਜਨ ਪਦ ਪਦਮ ਕੋ ਦੇਖਿ ਕਰਿ,
ਸਿੱਖ ਮਨ ਭੌਰ ਭਯੋ ਭ੍ਰਮਤਿ ਲੁਭਾਵਈ ॥ ੧੪ ॥

ਲੋਚਨ=ਨੈਣ, ਅੱਖਾਂ। ਬਿਲੋਕਤਿ=ਦੇਖਕੇ।
ਚਿਤ=ਦਿਲ, (ਅ) ਦੇਖਣਾ। ਦੁਤਿ=ਸੁੰਦਰਤਾ। ਬਿਲਾਸ=ਕਉਤਕ।
ਪਾਸਨ=ਆਸ ਪਾਸ, ਨੇੜੇ ਤੇੜੇ। ਕਿਤੇ ਪਾਠ 'ਆਸ ਪਾਸ ਨਹਿਂ' ਬੀ ਹੈ।
ਕਾਨ=ਕੰਨ। ਆਨ=ਹੋਰ। ਗਾਨ=ਗਾਉਣਾ।
ਤਾਨ=ਤਾਨਾਂ। ਰਾਗ ਦਾ ਫੈਲਾਵ ਯਾ ਪ੍ਰਸਤਾਵ।
ਅਯਾਨ ਜਿਵ=ਅਯਾਣੇ ਵਾਂਗੂ। ਬਿਸਰਾ=ਵਿਸਰ ਗਿਆ।
ਅਪਾਨ=ਆਪਾ। ਤਨਮਾਨ ਸੋ=ਦੇਹ ਅਭਿਮਾਨ ਦੀ ਸੋ (ਕਨਸੋ), ਭਾਵ ਦੇਹ ਅਭਿਮਾਨ ਦੀ ਕਨਸੋ ਕੰਨੀ ਨਹੀਂ ਪੈਂਦੀ।
ਉਨਮੱਤਿ=ਮਸਤ। ਚੜ੍ਹੀ ਸੁਰਤ ਵਾਲੀ ਦਸ਼ਾ।
ਗਤਿ=ਹਾਲਤ। ਉਦਧਿ=ਸਮੁੰਦਰ।
ਵਤਿ=ਸਮਾਨ, ਵਾਂਗੂ। ਬਿਓਗ=ਵਿਛੋੜਾ, ਵਿਛੁੜਨਾ।
ਜਾਨ=ਯਾਨ=ਤਾਰਨਹਾਰ। ਕੋਈ ਤਾਰਨਹਾਰ ਸ਼ੈ। [ਸੰਸ:, ਯਾਨ] (ਅ) ਜਾਨਕੇ, ਜਾਣਕੇ। ਅਰਜਨ=ਸ੍ਰੀ ਗੁਰੂ ਅਰਜਨ ਦੇਵ ਜੀ।
ਪਦ=ਚਰਣ। ਪਦਮ=ਕਮਲ।
ਭ੍ਰਮਤਿ=ਭਉਂਦਾ, ਦੁਆਲੇ ਫਿਰਦਾ, ਦੂਰ ਨਹੀਂ ਜਾਂਦਾ।
ਲੁਭਾਵਈ=ਲੋਭਦਾ ਹੈ, ਪਿਆਰ ਕਰਦਾ ਹੈ।

ਅਰਥ—(ਗੁਰ ਸਿੱਖ ਦੀਆਂ) ਅੱਖਾਂ (ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਰਸ਼ਨ) ਦੇਖਕੇ

*ਪਾਠਾਂਤ੍ਰ—ਇਵ—ਬੀ ਹੈ। †ਪਾਠਾਂਤ੍ਰ—ਗੁਰ—ਬੀ ਹੈ।

ਦਿਲ ਵਿਚ ਹੋਰ ਸੁੰਦਰਤਾ ਨੂੰ (ਵੇਖਣਾ) ਨਹੀਂ ਚਾਹੁੰਦੀਆਂ, (ਭਾਵੇਂ) ਆਸੇ ਪਾਸਿਆਂ ਵਲ ਵਿਸ਼ਿਆਂ ਦੇ ਕੌਤਕ (ਪਏ ਹੋਣ, ਅੱਖਾਂ ਉਧਰ ਬੀ) ਨਹੀਂ ਜਾਂਦੀਆਂ।

(ਗੁਰ ਸਿਖ ਦੇ) ਕੰਨ (ਉਨ੍ਹਾਂ ਦਾ ਬਚਨ ਸੁਣਕੇ) ਹੋਰ ਤਾਨਾਂ ਤੇ ਗਾਉਣਾਂ ਨੂੰ ਬਾਲਕਾਂ ਵਾਂਙੂ ਨਹੀਂ ਸੁਣਦੇ, (ਉਨ੍ਹਾਂ ਨੂੰ) ਆਪਾ ਭੁੱਲ ਗਿਆ ਹੈ, ਤੇ ਦੇਹ ਅਭਿਮਾਨ ਦੀ ਸੋ (ਭੀ ਉਨ੍ਹਾਂ ਨੂੰ) ਨਹੀਂ ਆਉਂਦੀ।

(ਗੁਰ ਸਿੱਖਾਂ ਦੇ ਮਨ ਦੀ) ਗਤੀ ਮਸਤੀ ਵਾਲੀ ਹੋ ਗਈ ਹੈ ਅਰ ਸਮੁੰਦਰ ਵਾਂਙੂ (ਅਪਾਰ) ਆਨੰਦ (ਉਨ੍ਹਾਂ ਦੇ ਅੰਦਰ ਉਛਾਲੇ ਲੈਂਦਾ ਹੈ); (ਐਸਾ ਕਿ) ਉਸ(ਅਵਸਥਾ) ਤੋਂ ਵਿਛੜਨਾ (ਉਨ੍ਹਾਂ ਦੇ) ਚਿਤ ਨੂੰ ਕਦੇ ਨਹੀਂ ਭਾਉਂਦਾ।

ਸਿੱਖ ਦਾ ਮਨ ਤਾਰਨਹਾਰ (ਗੁਰੂ) ਅਰਜਨ (ਦੇਵ ਜੀ ਦੇ) ਚਰਣਾਂ ਕਮਲਾਂ ਨੂੰ ਦੇਖਕੇ ਭੌਰੇ (ਵਤ) ਪ੍ਰੇਮੀ ਹੋਕੇ (ਉਨ੍ਹਾਂ ਦੇ) ਦੁਆਲੇ ਘੁੰਮਦਾ ਹੈ*।

੯. ਇਸ਼੍ਟ ਗੁਰੂ—ਸ੍ਰੀ ਗੁਰੂ ਹਰਿਗੋਵਿੰਦ ਜੀ—ਮੰਗਲ।

ਦੋਹਰਾ—ਸ੍ਰੀ ਗੁਰੂ ਹਰਿਗੋਵਿੰਦ ਬਰ ਸਨਧਬੱਧ ਧਰਿ ਧ੍ਯਾਨ।
ਬੰਦ ਦੋਊ ਕਰ ਬੰਦਨਾ ਸੁੰਦਰ ਦੁਤਿ ਮਦਨਾਨ ॥੧੫॥

[ਬਰ=ਸ੍ਰੇਸ਼ਟ। (ਦੇਖੋ ਪਿੱਛੇ, ਪੰਨਾ ੨੧ ਦੇ ਚਿੰਨ੍ਹਾਂ ਦੀ ਟੂਕ)।
ਸਨਧਬੱਧ=ਤਯਾਰਬਰਤਯਾਰ, ਸ਼ਸਤ੍ਰ ਬਸਤ੍ਰ ਸਜੇ ਸਜਾਏ ਹੋਏ[ਸੰਸ:, ਸਨ੍ਨਦ੍ਧ]
ਦੋਊ ਕਰ=ਦੋਵੇਂ ਹਥ। ਦੁਤਿ=ਕ੍ਰਾਂਤੀ, ਸੁਹਝੱਪ, ਆਭਾ।
ਮਦਨਾਨ=ਮਦ+ਨਾਨ=ਮਦ ਨਹੀਂ ਰਹਿੰਦਾ। (ਅ) ਮਦਨ+ਨ=ਕਾਮਦੇਵ ਦੀ ਦੁਤਿ ਓਹਨਾਂ ਦੀ ਸੁੰਦਰਤਾ ਨੂੰ ਨਹੀਂ ਪੁੱਜ ਸਕਦੀ। ਕਿਉਂਕਿ ਉਸ ਦੀ ਸੁੰਦਰਤਾ ਸ਼ਰੀਰਕ ਹੈ, ਗੁਰੂ ਜੀ ਦੀ ਸਤੋਗੁਣੀ ਤੇ ਰੂਹਾਨੀ ਹੈ।]

ਅਰਥ—ਸ੍ਰੀ ਗੁਰੂ ਹਰਗੋਵਿੰਦ (ਜੀ ਨੂੰ ਜੋ ਹਰ ਪਹਿਲੂ ਤੋਂ) ਸ੍ਰੇਸ਼ਟ (ਹਨ) (ਉਨ੍ਹਾਂ ਦੀ) ਸਨੱਧਬੱਧ(ਮੂਰਤੀ ਦਾ)ਧਿਆਨ ਧਰਕੇ (ਜਿਸ ਮੂਰਤੀ ਦੇ ਸਾਹਮਣੇ ਕਿ) ਸੁੰਦਰਤਾ ਦੀ ਆਭਾ ਦਾ ਬੀ ਮਦ ਨਹੀਂ ਰਹਿੰਦਾ (ਮੈਂ) ਦੋਵੇਂ ਹੱਥ ਜੋੜ ਕੇ ਮੱਥਾ ਟੇਕਦਾ ਹਾਂ।

ਕਬਿੱਤ—ਅਮਲ ਕਮਲ ਜੈਸੇ ਕੈਸੇ ਕਹੌਂ ਪਦ ਜੁਗ,
ਰਜਨੀ ਮੈਂ ਆਨ ਗਤਿ ਹੋਤਿ ਜਿਨ ਬਾਨ ਹੈ।

---

*ਇਉਂ ਬੀ ਅਰਥ ਲਗਦਾ ਹੈ, ਕਿ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਕਮਲਾਂ ਨੂੰ ਦੇਖਕੇ ਸਿੱਖ ਦਾ ਮਨ ਭੌਰੇ ਵਤ ਦੁਆਲੇ ਭੌਂਦਾ ਹੈ, (ਤੇ) ਕਲਪ ਬ੍ਰਿੱਛ (ਵਾਕਰ) ਜਾਣਕੇ (ਉਸ ਤੇ) ਲੁਭਾਇਮਾਨ ਹੋ ਰਿਹਾ ਹੈ। ਇੱਥੇ 'ਅਰਜਨ' ਦੇਹੁਰੀ ਦੀਪਕ ਤੇ ਸ਼ਲੇਖ ਹੈ।

ਐਉਂ ਬੀ ਅਰਥ ਕਰਦੇ ਹਨ: ਸਿੱਖ ਮਨ ਗੁਰੂ ਜੀ ਦੇ ਚਰਣਾਂ ਨੂੰ ਕਮਲ (ਜਾਣ) ਸਮਝਕੇ ਦੇਖਦਾ ਹੈ, (ਦੇਖਦੇ ਸਾਰ) ਭੌਰਾ ਹੋਕੇ ਉਨ੍ਹਾਂ ਦੇ ਹੀ ਦੁਆਲੇ ਘੁੰਮਦਾ ਹੈ।

ਜਾਨਿਯੇ ਸੈਤਾਨ ਕੇ ਸਮਾਨ ਬਨੈ ਅਨਬਨ,
ਦਾਨੀ ਮਨ ਕਾਮਨਾ ਨ ਦਾਨੀ ਮੋਖ ਗਯਾਨ ਹੈ।
ਚਿੰਤਾਮਣਿ ਜੈਸੇ ਨਖ ਭਾਖੇ ਨ ਪਰਤਿ ਮੁਖ,
ਮੋਹ ਨ ਮਿਟਾਵੈ ਦੁਖ ਜਾਨਤਿ ਜਹਾਨ ਹੈ।
ਸ੍ਰੀ ਹਰਿਗੋਵਿੰਦ ਪਦ ਆਨੰਦ ਕੇ ਕੰਦ ਜੋਊ,
ਉਪਮੇਯ*ਆਪ ਪੁਨ ਆਪੇ ਉਪਮਾਨ ਹੈਂ ॥੧੬॥

ਅਮਲ=ਨਿਰਮਲ, ਮੈਲ ਤੋਂ ਰਹਿਤ । ਪਦ ਜੁਗ=ਦੋਵੇਂ ਚਰਣ ।
ਰਜਨੀ=ਰਾਤ। ਆਨ ਗਤਿ=ਉਲਟ ਗਤਿ, ਦਿਨ ਵੇਲੇ ਖਿੜਦਾ ਹੈ ਰਾਤਿ ਨੂੰ ਇਸ ਤੋਂ ਉਲਟਗਤਿ ਭਾਵ ਬੰਦ ਹੋ (ਮੁੰਦਿਆ) ਜਾਂਦਾ ਹੈ।
ਸੈਤਾਨ=ਕਲਪ ਬ੍ਰਿਛ ।
ਕਾਮਨਾ=ਮਨ ਦੀ ਕਾਮਨਾ, ਇੱਛਾ, ਸੰਸਾਰਕ ਲੋੜਾਂ ਦੀ ਮੰਗ।
ਚਿੰਤਾਮਣਿ=ਇਕ ਪ੍ਰਕਾਰ ਦਾ ਰਤਨ, ਜੋ ਜਿਸਦੇ ਪਾਸ ਹੋਵੇ ਉਸਦੇ ਚਿੰਤਨ ਕੀਤੇ ਸੰਸਾਰਕ ਪਦਾਰਥ ਦੇ ਦਿੰਦਾ ਹੈ। ਨਖ=ਨਹੁੰ ।
ਭਾਖੇ=ਕਹੇ, ਆਖੇ। ਭਾਖੇ ਨ ਪਰਤਿ ਮੁਖ=ਮੂੰਹੋਂ ਨਹੀਂ ਆਖੇ ਜਾਂਦੇ।
ਕੰਦ=ਫਲ । ਧਰਤੀ ਵਿਚੋਂ ਨਿਕਲਨ ਵਾਲੇ ਖਾਣੇ ਯੋਗ ਫਲ। (ਅ) ਬੱਦਲ [ਕੰ=ਪਾਣੀ, ਦ=ਦਾਤਾ]। ਆਨੰਦ ਕੰਦ=ਮੁਰਾਦ ਹੈ ਆਨੰਦ ਦੇ ਦਾਤਾ।
ਉਪਮੇਯ=ਜਿਸਨੂੰ ਉਪਮਾ ਦੇਵੀਏ।
ਉਪਮਾਨ=ਜਿਸਦੀ ਉਪਮਾ ਦੇਵੀਏ, ਜੀਕੂੰ ਕਮਲ ਉਪਮਾਨ ਤੇ ਚਰਨ ਉਪਮੇਯ ਹਨ।

ਅਰਥ—(ਸ੍ਰੀ ਹਰਿਗੋਵਿੰਦ ਜੀ ਦੇ) ਦੋਹਾਂ ਨਿਰਮਲ ਚਰਨਾਂ ਨੂੰ ਕਮਲਾਂ ਵਰਗੇ ਕਿਸ ਤਰ੍ਹਾਂ ਆਖਾਂ, ਜਿਨ੍ਹਾਂ (ਕਮਲਾਂ) ਨੂੰ ਰਾਤ ਵੇਲੇ ਉਲਟ ਗਤੀ ਵਾਲਾ ਹੋ ਜਾਣੇ ਦੀ ਬਾਣ ਹੈ।

(ਜੇ ਚਰਨਾਂ ਨੂੰ) ਕਲਪ ਬ੍ਰਿਛ ਦੇ ਤੁੱਲ ਜਾਣੀਏਂ ਤਾਂ (ਇਹ ਗਲ ਬੀ) ਨਹੀਂ ਬਣਦੀ (ਕਿਉਂਕਿ ਕਲਪ ਬ੍ਰਿਛ) ਮਨ ਦੀਆਂ ਕਾਮਨਾ ਦਾ ਦੇਣਹਾਰਾ ਹੈ, ਗਯਾਨ (ਤੇ) ਮੁਕਤੀ ਦਾ ਦਾਤਾ ਨਹੀਂ ਹੈ।

(ਗੁਰੂ ਜੀ ਦੇ ਚਰਨਾਂ ਦੇ) ਨਹੁੰ ਚਿੰਤਾਮਣਿ ਵਰਗੇ (ਬੀ) ਮੂੰਹੋਂ ਆਖੇ ਨਹੀਂ ਜਾਂਦੇ, (ਕਿਉਂਕਿ ਚਿੰਤਾਮਣਿ)ਮੋਹ ਦਾ ਦੁਖ ਨਹੀਂ ਮਿਟਾਉਂਦੀ,(ਇਹ ਗਲ) ਜਗਤ ਜਾਣਦਾਹੈ। ਸ੍ਰੀ (ਗੁਰੂ) ਹਰਗੋਬਿੰਦ ਜੀ ਦੇ ਚਰਨ ਜੋ ਆਨੰਦ ਦੇ ਦਾਤਾ ਹਨ (ਓਹ) ਆਪੇ ਹੀ ਉਪਮੇਯ ਹਨ (ਤੇ) ਫਿਰ ਆਪੇ ਹੀ ਉਪਮਾਨ ਹਨ, (ਅਰਥਾਤ ਆਪਣੇ ਵਰਗੇ ਆਪ ਹੀ ਹਨ)।

ਭਾਵ—ਇਸ ਕਬਿੱਤ ਵਿਚ ਕਵਿ ਜੀ ਸ੍ਰੀ ਗੁਰੂ ਹਰਗੋਵਿੰਦ ਜੀ ਦੇ ਪਵਿੱਤ੍ਰ ਚਰਨਾਂ ਨੂੰ

*ਪਾਠਾਂਤ੍ਰ—ਉਪਮਾਈ—ਬੀ ਹੈ।

ਕਮਲ, ਕਲਪ ਬ੍ਰਿੱਛ ਤੇ ਚਿੰਤਾਮਣਿ ਨਾਲ ਉਪਮਾ ਦੇਕੇ ਉਨ੍ਹਾਂ ਨੂੰ ਨੀਵਾਂ ਦੱਸਦੇ ਹੈਨ। ਕਮਲ ਦਿਨ ਨੂੰ ਖਿੜਦਾ ਤੇ ਰਾਤ ਨੂੰ ਖੇੜੇ ਦੇ ਉਲਟ ਗਤੀ ਵਾਲਾ (ਬੰਦ) ਹੋ ਜਾਂਦਾ ਹੈ। ਪਰ ਸ਼੍ਰੀ ਗੁਰੂ ਹਰਗੋਵਿੰਦ ਜੀ ਦੇ ਚਰਣਾਂ ਦਾ ਧਿਆਨ ਚਾਹੇ ਦਿਨੇ ਕਰੋ ਚਾਹੇ ਰਾਤੀ, ਚਾਹੇ ਸਵੇਰੇ ਕਰੋ ਚਾਹੇ ਸੰਝਾਂ ਸਮੇਂ, ਓਹ ਸਦਾ ਖੇੜਾ ਹੀ ਦਾਨ ਕਰਦੇ ਹਨ। ਇਸੀ ਤਰ੍ਹਾਂ ਕਲਪ ਬ੍ਰਿੱਛ ਮਨ ਦੇ ਵਾਂਛਤ ਪਦਾਰਥ, ਜੋ ਸੰਸਾਰਕ ਹੁੰਦੇ ਹਨ, ਉਹ ਤਾਂ ਦੇਂਦਾ ਆਖਦੇ ਹਨ, ਪਰ-ਮੋਖ ਤੇ ਗਿਆਨ-ਇਨ੍ਹਾਂ ਦੋ ਪਦਾਰਥਾਂ ਦਾ ਦਾਤਾ ਉਸਨੂੰ ਕੋਈ ਨਹੀਂ ਆਖਦਾ, ਇਹੀ ਦੋ ਪਦਾਰਥ ਸਭ ਤੋਂ ਕੀਮਤੀ ਹਨ, ਤੇ ਗੁਰੂ ਜੀ ਦੇ ਚਰਣ ਅਪਣੇ ਧਿਆਨੀ ਨੂੰ ਉਸਦੇ ਨਿਜ ਸਰੂਪ ਦਾ ਗਿਆਨ ਤੇ ਮੁਕਤੀ ਦੇਂਦੇ ਹਨ। ਇਸੀਤਰ੍ਹਾਂ ਚਰਣਾਂ ਨੂੰ ਤਾਂ ਕੀ ਚਰਣਾਂ ਦੇ ਨੌਂਹਾਂ ਨੂੰ ਚਿੰਤਾਮਣਿ ਦੀ ਉਪਮਾ ਦੇਣੀ ਨਹੀਂ ਬਣਦੀ, ਕਿਉਂਕਿ ਮਨ ਦੇ ਚਿੰਦੜੇ ਸੰਸਾਰਕ ਪਦਾਰਥ ਤਾਂ ਓਹ ਭਾਵੇਂ ਦੇ ਸਕੇ, ਪਰ ਉਨ੍ਹਾਂ ਪਦਾਰਥਾਂ ਵਿਚ ਜੋ ਮੋਹ ਹੈ ਓਹ ਜਿਉਂ ਕਾ ਤਿਉਂ ਬਣਿਆ ਰਹਿੰਦਾ ਹੈ। ਤੇ ਗੁਰੂ ਜੀ ਦੇ ਚਰਣ ਯਾ ਚਰਣਾਂ ਦੇ ਨੌਂਹ-ਮੁਰਾਦ ਧ੍ਯਾਨ ਤੋਂ ਹੈ ਕਿ-ਧ੍ਯਾਨੀ ਨੂੰ ਮੋਹ ਦੇ ਤਪ ਤੋਂ ਠੰਢਕ ਪਾਉਂਦੇ ਹਨ। ਇਸ ਵਾਸਤੇ ਚਿੰਤਾਮਣਿ ਬੀ ਨੀਵੀਂ ਸ਼ੈ ਹੈ, ਉਪਮਾ ਦਿੱਤੇ ਜਾਣ ਦੇ ਲਾਇਕ ਨਹੀਂ ਹੈ। ਤਾਂਤੇ ਕਵਿ ਸੰਪ੍ਰਦਾ ਦੇ ਗਿਣੇ ਤੇ ਬੱਧੇ ਤਿੰਨੇ ਉਪਮਾਨ ਕਮਲ, ਕਲਪ ਬ੍ਰਿੱਛ, ਚਿੰਤਾਮਣਿ, ਸ੍ਰੀ ਗੁਰੂ ਜੀ ਦੇ ਚਰਣਾਂ ਰੂਪੀ ਉਪਮੇਯ ਤੋਂ ਨੀਵੇਂ ਹਨ ਅਰ ਉਪਮਾ ਦਿੱਤੇ ਜਾਣ ਦੇ ਲਾਯਕ ਨਹੀਂ। ਇਸ ਲਈ ਗੁਰੂ ਕੇ ਚਰਣ ਆਪੇ ਉਪਮੇਯ ਹਨ ਤੇ ਆਪੇ ਉਪਮਾਨ ਹਨ।

੪. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ-ਮੰਗਲ।

ਦੋਹਰਾ-ਸ੍ਰੀ ਸਤਿਗੁਰ ਹਰਿਰਾਇ ਕੇ ਨਾਇ ਧ੍ਯਾਇ ਅਘ ਜਾਇਂ।
ਕਰਿ ਪਦ ਪਰ ਪਰਣਾਮ ਕੋ ਜਿਹ ਤੇ ਨਿਧਿ ਸਿਧਿ ਆਇ ॥੧੭॥

ਨਾਇ=ਨਾਮ। ਅਘ=ਪਾਪ। ਪਦ=ਚਰਣ।
ਪਰ=ਪਰ੍ਹੇ, ਸ੍ਰੇਸ਼ਟ। ਚਰਣ-ਦਾ ਵਿਸ਼ੇਸ਼ਣ ਹੈ।
(ਅ) ਉਪਰ, ਭਾਵ ਹੈ ਚਰਣਾਂ ਉੱਪਰ।
ਪਰਣਾਮ=ਮੱਥਾ ਟੇਕਣਾ, ਨਮਸਕਾਰ। ਕੋ=ਨੂੰ।
ਨਿਧਿ ਸਿਧਿ=ਨੌਂ ਨਿਧੀਆਂ ਤੇ ਅਠਾਰਾਂ ਸਿਧੀਆਂ, ਮੁਰਾਦ ਹੈ ਸਾਰੇ ਸੁੱਖ ਤੇ ਸਾਰੀਆਂ ਤਾਕਤਾਂ।
ਨਿਧਾਂ ਦੇ ਨਾਮ=ਪਦਮ, ਮਹਾ ਪਦਮ, ਸ਼ੰਖ, ਮਕਰ, ਕਛਪ, ਮੁਕੰਦ, ਕੁੰਦ, ਨੀਲ, ਵਰਚ।
ਅਠਾਰਾਂ ਸਿੱਧੀਆਂ ਏਹ ਹਨ:-੧. ਅਣਿਮਾਂ। ੨. ਮਹਿਮਾਂ ੩. ਲਘਮਾਂ। ੪. ਪ੍ਰਾਪਤੀ। ੫. ਪਰਕਾਮਜ। ੬. ਸਤਾ ਸਿੱਧੀ। ੭. ਬਸਿਤ੍ਵਾ। ੮. ਗਰਮਾ। ੯. ਅਨੂਮੀ। ੧੦. ਦੂਰ ਸ੍ਰਵਣ। ੧੧. ਦੂਰ ਦਰਸ਼ਨ। ੧੨. ਮਨੋ ਬੇਗ। ੧੩. ਕਾਮ ਰੂਪ।

[੧੪. ਪਰਕਾਯ ਪ੍ਰਵੇਸ਼ । ੧੫. ਸ੍ਵਛੰਦ ਮ੍ਰਿਤ੍ਯੁ । ੧੬. ਸੁਰ ਕ੍ਰੀੜਾ ਦਰਸ਼ਨ । ੧੭. ਸੰਕਲਪ । ੧੮. ਅਪ੍ਰਹਤ ਗਤਿ ।]

ਅਰਥ—ਸ੍ਰੀ ਸਤਿਗੁਰੂ ਹਰਿਰਾਇ ਜੀ ਦੇ ਨਾਮ ਧਿਆਇਆਂ ਪਾਪ (ਨੱਸ) ਜਾਂਦੇ ਹਨ, (ਤਾਂਤੇ ਹੇ ਮੇਰੇ ਮਨ ਉਨ੍ਹਾਂ ਦੇ) ਸ੍ਰੇਸ਼ਟ ਚਰਣਾਂ ਨੂੰ ਪਰਣਾਮ ਕਰ, ਜਿਸ ਤੋਂ (ਕਿ ਤੂੰ) ਨਿੱਧਿ ਤੇ ਸਿਧਿ ਪ੍ਰਾਪਤ ਕਰੇਂ ।

ਸ੍ਵੈਯਾ—ਪੰਕ ਬਿਖੇ ਬਸਤਾ ਰਸ ਮੈਂ ਰਸ ਊਰਧ ਕੋ ਨਿਸਰਾ ਸਰਸੇਰੋ ।
ਗ੍ਰੀਵ ਲੌ ਨੀਰ ਮੈਂ ਧੀਰ ਧਰੇ ਇਕ ਪੈਰ ਖਰੋ ਥਿਰ* ਹ੍ਵੈ ਰਵਿ ਹੇਰੋ ।
ਆਤਪ ਸੀਤ ਸਹੈ ਬਰਖਾ ਤਪ ਸਾਧਤਿ ਯਾ ਬਿਧਿ ਕ੍ਰੂਰ ਘਨੇਰੋ ।
ਸ੍ਰੀਹਰਿਰਾਇਕੇ ਪਾਇਸਮਾਨਤਾ ਪਾਇ ਨ ਕੰਜਉਪਾਇ ਬਤੇਰੋ ।੧੯।

{ ਪੰਕ=ਚਿੱਕੜ । ਰਸ=ਜਲ । ਊਰਧ ਕੋ=ਉਪਰ ਨੂੰ ।
ਨਿਸਰਾ=ਨਿਸਰਿਆ ਹੈ । ਸਰਸੇਰੋ=ਕਮਲ । [ਸੰਸ:=ਸਰਸੀ ਰੁਹ=ਜੋ ਤਲਾ ਵਿਚੋਂ ਉੱਗੇ—ਕਮਲ । ਸਰਸ=ਤਲਾ, ਰੁਹ=ਜੋ ਉੱਗੇ] ।
ਗ੍ਰੀਵ=ਗਿੱਚੀ, ਗਲ । ਥਿਰ ਹ੍ਵੈ=ਟਿਕ ਕੇ ।
(ਅ) ਪਾਠਾਂਤ੍ਰ—ਖਿਰ ਹੈ—ਹੈ, ਭਾਵ-ਖਿੜ ਰਿਹਾ ਹੈ ਸੂਰਜ ਨੂੰ ਵੇਖਕੇ ।
ਰਵਿ=ਸੂਰਜ । ਹੇਰੋ=ਦੇਖਦਾ ਹੈ । ਭਾਵ—ਤਾੜੀ ਲਾਈ ਹੈ ।
ਆਤਪ=ਧੁੱਪ, ਗਰਮੀ । ਸੀਤ=ਪਾਲਾ । ਕ੍ਰੂਰ=ਕਰੜਾ ।
ਘਨੇਰੋ=ਬਹੁਤ । ਪਾਇ=ਚਰਣ । ਪਾਇ ਨ=ਨਹੀਂ ਪਾ ਸਕਦਾ ।
ਕੰਜ=ਕਮਲ । ਉਪਾਇ=ਉਪਾਉ, ਯਤਨ । }

ਅਰਥ—ਕਮਲ ਚਿੱਕੜ ਵਿਚ (ਉੱਗਿਆ ਤੇ) ਪਾਣੀ ਵਿਚ ਵਸਦਾ, ਪਾਣੀ ਤੋਂ ਉੱਪਰ ਨੂੰ ਨਿੱਸਰਿਆ (ਹੈ,) ਗਿੱਚੀ ਤੋੜੀ ਪਾਣੀ ਵਿਚ ਧੀਰਜ ਧਾਰਕੇ ਇਕ ਪੈਰ (ਦੇ ਭਾਰ) ਖੜੋਤਾ ਹੋਇਆ ਥਿਰ ਹੋਕੇ (ਟਕ ਬੰਨ੍ਹਕੇ ਯਾ ਖਿੜਕੇ) ਸੂਰਜ ਨੂੰ ਤੱਕ ਰਿਹਾ ਹੈ । ਧੁੱਪ ਪਾਲਾ, ਬਰਖਾ (ਸੱਭੋ ਕੁਛ ਸਿਰ ਤੇ) ਸਹਿੰਦਾ ਹੈ, ਇਸ ਤਰ੍ਹਾਂ ਬਹੁਤ ਕਰੜਾ ਤਪ ਸਾਧਦਾ ਹੈ, (ਪਰ ਚਾਹੇ ਉਸ ਨੇ ਐਸੇ) ਬਤੇਰੇ ਉਪਾਇ (ਕੀਤੇ ਤਦ ਬੀ ਉਹ) ਕਵਲ ਸ੍ਰੀ (ਗੁਰੂ) ਹਰਰਾਇ ਜੀ ਦੇ ਚਰਣਾਂ ਦੀ ਬਰਾਬਰੀ ਨਹੀਂ ਪਾ ਸਕਿਆ ।

ਭਾਵ—ਇਸ ਵਿਚ ਕਵਿ ਜੀ ਦੀ ਚਤੁਰ ਬੁੱਧੀ, ਕਮਲ ਨੂੰ ਇਕ ਹਠ ਯੋਗੀ ਦੇ ਰੂਪਕ ਵਿਚ ਵਰਣਨ ਕਰਦੀ ਹੈ ਜੋ ਸ੍ਰੀ ਗੁਰੂ ਹਰਿਰਾਇ ਜੀ ਦੇ ਚਰਣਾਂ ਦੀ ਬਰਾਬਰੀ ਪ੍ਰਾਪਤ ਕਰਨ ਲਈ ਤਪੱਸਯਾ ਕਰ ਰਿਹਾ ਹੈ । ਤਪੱਸਯਾ ਦਾ ਵੇਰਵਾ ਜੋ ਦੱਸਦੇ ਹਨ, ਓਹੀ ਉਪਾਉ ਹਨ ਜੋ ਉਸ ਨੇ ਕੀਤੇ ਹਨ ਅਪਣੀ ਮਨੋ ਕਾਮਨਾ ਦੀ ਪ੍ਰਾਪਤੀ ਵਾਸਤੇ, ਪਰ ਉਹ ਪ੍ਰਾਪਤੀ ਉਸ ਨੂੰ ਹੋਈ ਨਹੀਂ । ਉਹ ਤਪੱਸਯਾ ਦਾ ਰੂਪਕ ਇਹ ਹੈ—ਤਲਾ

*ਪਾਠਾਂਤ੍ਰ=ਖਿਰ ।

ਦ ਚਿਕੜ ਵਿਚ ਇਕ ਪੈਰ ਦੇ ਭਾਰ, ਗਿੱਚੀ ਤਾਂਈ ਪਾਣੀ ਵਿਚ ਖੜੋਨਾ ਤੇ ਸਿਰ ਨੂੰ ਕੇਵਲ ਪਾਣੀ ਤੋਂ ਬਾਹਰ ਰਖਣਾ ਇਹ ਉਨ੍ਹਾਂ ਤਪੱਸੀਆਂ ਵਾਂਙੂ ਹੈ ਜੋ ਪਾਣੀ ਵਿਚ ਖੜੋਕੇ ਤਪ ਕਰਦੇ ਹਨ। ਫਿਰ ਐਸਾ ਖੜਾ ਹੈ ਕਿ ਧੁੱਪ ਪਾਲਾ ਬਰਖਾ ਸਭ ਉਥੇ ਹੀ ਖੜਾ ਸਹਾਰਦਾ ਹੈ, ਏਹ ਬੀ ਤਪ ਹੈ। ਫਿਰ ਐਸਾ ਇਿਲਕੇ ਖੜਾ ਹੈ ਕਿ ਸੂਰਜ ਵੱਲੇ ਤਾੜੀ ਲਾਈ ਰਖਦਾ ਹੈ; ਸੂਰਜ ਵੱਲ ਤਾੜੀ ਬੰਨ੍ਹਣੀ ਬੀ ਇਕ ਕਠਨ ਤਪ ਹੈ। ਮਾਨੋਂ ਇਹ ਸਾਰਾ ਉਸਦਾ ਤਪ ਚਰਨਾਂ ਦੀ ਤੁਲਤਾ ਪ੍ਰਾਪਤੀ ਵਾਸਤੇ ਹੈ,ਜਿਸ ਵਿਚ ਉਸਨੂੰ ਸਫਲਤਾ ਨਹੀਂ ਹੋਈ। ਕਾਰਣ ਪਿੱਛੇ ਕਈ ਵੇਰ ਦੱਸ ਆਏ ਹਨ ਕਿ ਉਸਦੀ ਸੁੰਦਰਤਾ ਸਫਲ ਸੁੰਦਰਤਾ, ਵਰ ਦਾਤੀ, ਮੁਕਤੀ ਦਾਤੀ ਨਹੀਂ ਹੋ ਸਕੀ। ਗੁਰੂ ਹਰਿਰਾਇ ਜੀ ਨੇ ਮੁਕਤੀ ਦਾਨ ਕੀਤੀ ਅਨੇਕਾਂ ਨੂੰ, ਰਾਜ ਤੇ ਸਰਦਾਰੀਆਂ ਦੇ ਵਰ ਬਖਸ਼ੇ ਅਨੇਕਾਂ ਨੂੰ।

੧੧. ਇਸ੍ਰ ਗੁਰੂ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ—ਮੰਗਲ।

ਦੋਹਰਾ—ਦਰਸ਼ਨ ਸ੍ਰੀ ਹਰਿ ਕ੍ਰਿਸ਼ਨ ਕੋ ਨਿਪੁਨ ਹਰਨ ਜੁਰ ਤੀਨ।
ਚਰਨ ਮਨੋਹਰ ਬੰਦਨਾ ਜਿਨ ਸਿੱਖਨ ਸੁਖਿ ਕੀਨ ॥੧੯॥

[ਨਿਪੁਨ=ਪ੍ਰਬੀਨ। ਕੰਮ ਕਰਨ ਵਿਚ ਲਾਇਕ।
ਹਰਨ=ਹਰਲੈਣ ਵਾਲੇ; ਦੂਰ ਕਰਨ ਵਾਲੇ।
ਜੁਰ=ਤਾਪ, ਤੀਨ=ਤਿੰਨੇ। (ਦੇਖੋ ੧੧ ਪੰਨੇ ਤੇ—ਤੀਨੋ ਤਾਪ—ਦਾ ਅਰਥ)
ਮਨੋਹਰ=ਮਨ ਨੂੰ ਮੋਹ ਲੈਣ ਵਾਲੇ।]

ਅਰਥ—ਸ੍ਰੀ (ਗੁਰੂ) ਹਰਿ ਕ੍ਰਿਸ਼ਨ ਜੀ ਦਾ ਦਰਸ਼ਨ ਤਿੰਨਾਂ ਤਾਪਾਂ ਦੇ ਦੂਰ ਕਰਨ ਨੂੰ ਪ੍ਰਬੀਨ ਹੈ, (ਮੇਰੀ ਉਸ ਗੁਰੂ ਹਰਿ ਕ੍ਰਿਸ਼ਨ ਜੀ ਦੇ) ਮਨ ਹਰ ਲੈਣ ਵਾਲੇ ਚਰਨਾਂ ਨੂੰ ਨਮਸਕਾਰ ਹੈ, (ਕਿ) ਜਿਨ੍ਹਾਂ (ਚਰਨਾਂ ਨੇ) ਸਿੱਖਾਂ ਨੂੰ ਸੁਖੀ ਕੀਤਾ ਹੈ।

ਭਾਵ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਨਾਲ ਰੋਗੀ ਰਾਜ਼ੀ ਹੁੰਦੇ ਸਨ। ਦਿਲੇਰਾਂ ਉਨ੍ਹਾਂ ਦੇ ਦਰਸ਼ਨ, ਚਰਨਾਂਮ੍ਰਿਤ ਅਤੇ ਚਰਨਾਂ ਦੀ ਛੁਹ ਬੇਗਿਣਤਾਂ ਨੂੰ ਅਰੋਗ ਕਰ ਗਈ ਸੀ, ਉਸ ਸ਼ਕਤੀ ਵੱਲ ਕਵਿ ਜੀ ਧਿਆਨ ਧਰਕੇ ਮੰਗਲ ਕਰ ਰਹੇ ਹਨ। ਸ੍ਰੀ ਦਸਮ ਗੁਰੂ ਜੀ ਨੇ ਬੀ ਆਪ ਦੀ ਬਾਬਤ ਉਚਾਰਨ ਕੀਤਾ ਹੈ:—

'ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠਿਆਂ ਸਭ ਦੁਖ ਜਾਇ।'

ਕਬਿੱਤ—ਅਮਲ ਕਮਲ ਜੁਗ ਅਰੁਨ ਲਲਿਤ ਭਲ
ਤਾਂਕੇ ਦਲ ਅਵਲੀ ਸੁ ਹੀਰਨ ਕੀ ਜਠੀ ਸੀ।
ਕਿਧੌਂ ਉਡ ਪਾਂਤ ਹਿਤ ਆਪਚਿਤ ਲੋਕ ਮਾਤ
ਤਜੀ ਨਭ ਗਤਿ ਖਿਤ ਐਸੀ ਬਿਧਿ ਠਠੀ ਸੀ।

ਕਿਧੌਂ ਬਿਸ੍ਵਕਰਮਾਂ ਨੈ ਸ਼ੇਖ ਤੇ ਮਨਿਨ ਲੇਯ
ਕਾਂਤਿ ਹਿਤ ਖਚੀ ਬਸੈ ਰਮਾ ਸਾਜ ਕੁਟੀ ਸੀ।
ਚਰਨ ਕਮਲ ਹਰਿਕ੍ਰਿਸ਼ਨ ਅਨੂਪ ਬਨੇ,
ਨਖ ਸ਼ਸ਼ਿ ਸਕਲ ਸੇ ਉਪਮਾ ਨ ਲਟੀ ਸੀ ॥ ੨੦ ॥

ਅਮਲ=ਨਿਰਮਲ। ਜੁਗ=ਦੋਵੇਂ। ਅਰੁਨ=ਲਾਲ।
ਲਲਿਤ=ਸੁੰਦਰ। ਭਲ=ਭਲੇ, ਬਹੁਤੇ, ਡਾਢੇ।
ਦਲ=ਪੱਤੇ। ਕਿਸੇ ਇਕ ਸ਼ੈ ਦੇ ਜੁੜੇ ਤੇ ਫੇਰ ਨਿਖੜਵੇਂ ਹਿੱਸੇ, ਭਾਵ—ਉਂਗਲੀਆਂ।
ਅਵਲੀ=ਪੰਗਤੀ। ਕਿਧੌਂ=ਕਿਧਰੋਂ। ਮੁਰਾਦ ਹੈ—ਮਾਨੋ, ਅਥਵਾ, ਜਾਂ।
ਉਡ=ਤਾਰਿਆਂ ਦੀ। ਪਾਂਤ=ਪੰਗਤੀ।
ਆਪਚਿਤ=ਆਪਣਾ ਭਲਾ ਚਿਤਵਕੇ। (ਅ) ਪੂਜਾ [ਸੰਸ:, ਅਪਚਿਤ]।
ਲੋਕ ਮਾਤ=ਮਾਤਲੋਕ।
ਨਭ=ਆਕਾਸ਼। ਗਤਿ=ਫਿਰਨ। (ਅ) ਐਉਂ ਬੀ ਅਰਥ ਲਾਉਂਦੇ ਹਨ:— ਤਜੀ ਨ ਭਗਤ=ਤਾਰਿਆਂ ਨੇ ਭਗਤੀ ਨਹੀਂ ਛੱਡੀ। ਅਸਮਾਨ ਵਿਚ ਭੀ ਸਰਬ ਕੇਂਦ੍ਰਾਂ ਦੇ ਕੇਂਦ੍ਰ ਵਾਹਿਗੁਰੂ ਦੀ ਪ੍ਰਕਰਮਾਂ ਕਰਦੇ ਸਨ, ਏਥੇ ਚਰਨਾਂ ਵਿਚ ਆਕੇ ਹੁਣ ਭਗਤੀ ਭਾਵ ਵਿਚ ਇਸਥਿਤ ਹੋ ਗਏ ਹਨ।
ਥਿਤ=ਇਸਥਿਤੀ, ਭਾਵ ਚਰਨਾਂ ਉਤੇ ਨਹੁੰ ਬਣਕੇ ਆ ਟਿਕੇ ਹਨ।
ਬਿਸ੍ਵਕਰਮਾਂ=ਕਾਰੀਗਰੀ ਦਾ ਦੇਵਤਾ।
ਸ਼ੇਖ=ਸ਼ੇਸ਼ਨਾਗ, ਜਿਸ ਦੇ ਪਾਸ ਕਵਿ ਲੋਕ ਰਤਨ ਯਾ ਮਣੀਆਂ ਦਾ ਖਜ਼ਾਨਾ ਵਰਣਨ ਕਰਦੇ ਹਨ।
ਮਨਿਨ=ਮਣੀਆਂ, ਰਤਨ। ਲੇਯ=ਲੈਕੇ। ਕਾਂਤਿ=ਸੁੰਦਰਤਾ।
ਹਿਤ=ਵਾਸਤੇ। (ਅ) ਸ਼ੌਂਕ, ਚਾਉ, ਚਾਉ ਨਾਲ।
ਖਚੀ=ਜੜੀ ਹੈ, ਜੜਤ ਕੀਤੀ ਹੈ।
ਰਮਾ=ਲੱਛਮੀ। ਭਾਵ, ਪ੍ਰਤਾਪ, ਐਸ਼੍ਵਰਜ। ਇਸ ਵਿਚ ਧ੍ਵਨੀ ਐਉਂ ਬੀ ਕਹੀਦੀ ਹੈ, ਚਰਨ ਵਿਸ਼ਨੂੰ ਸਮਾਨ ਹਨ ਤੇ ਲੱਛਮੀ ਦਾ ਓਥੇ ਨਿਵਾਸ ਹੈ। ਅੱਨ੍ਵੈ ਐਉਂ ਹੈ,..........ਮਨਿਨ ਲੇਯ ਖਚੀ, ਕਾਂਤਿ ਸਾਜ ਕੁਟੀ ਸੀ, (ਤਾਂ ਮੈਂ) ਬਸੈ ਰਮਾ ਹਿਤ (ਸਿਉਂ)।
ਅਨੂਪ=ਅਨ+ਉਪਮ। ਇਸ ਤੋਂ ਹਿੰਦੀ ਰੂਪ ਹੈ ਅਨੂਪ=ਕਿਸੇ ਉਪਮਾ ਯਾ ਸਦਰਸ਼ਤਾ ਤੋਂ ਜੋ ਉੱਚਾ ਹੋਵੇ।
ਨਖ=ਨਹੁੰ। ਸ਼ਸ਼ਿ=ਚੰਦ੍ਰਮਾ। [ਸੰਸ:, ਸ਼ਸ਼ਿਨ]

ਨਖ ਸ਼ਸ਼ਿ ਸਕਲ ਸੇ=ਨਖ+ਸ਼ਸ਼ਿ+ਸ਼ਕਲ+ਸੇ=
ਨਖ=ਨਹੁੰ।ਸ਼ਸ਼ਿ=ਚੰਦ੍ਰਮਾ। ਸ਼ਕਲ=ਟੁਕੜੀ। [ਸੰਸ: ਸ਼ਕਲ=ਟੁਕੜਾ]
ਸੇ=ਵਰਗੇ। ਨਹੁੰ ਹਨ ਚੰਦ੍ਰਮਾ ਦੀਆਂ ਟੁਕੜੀਆਂ ਵਰਗੇ।
(ਅ) ਸ਼ਕਲ=ਸੂਰਤ [ਫ਼ਾ: ਸ਼ਕਲ] ਨਹੁੰ ਹਨ ਚੰਦ ਦੀ ਸੂਰਤ ਦੇ।
(ੲ) ਸਕਲ=ਸਗਲ, ਸਾਰੇ। ਸਾਰੇ ਨਹੁੰ ਚੰਦ ਜੇਹੇ ਹਨ।
(ਸ) ਸ+ਕਲ=ਸਹਤ ਕਲਾ ਦੇ। ਨਹੁੰ ਹਨ ਸਹਤ ਕਲਾ ਦੇ ਚੰਦ ਜੇਹੇ।
ਉਪਮਾਨ=ਉਪਮਾ+ਨ। ਨਹੀਂ ਹੈ ਉਪਮਾ, ਜਿਸਦੀ ਉਪਮਾ ਦੇਵੀਏ।
ਲਟੀ=ਨਿੱਕੀ, ਨਜੂਨ, ਥੋੜੀ, [ਸੰਸ:, ਧਾਤੂ ਲਟ੍=ਬੱਚੇ ਵਾਂਙੂ ਬੋਲਨਾ, ਅਟਪਟੀ ਬਾਤ ਕਰਨੀ] ਮੁਰਾਦ ਹੈ ਨਜੂਨ ਜੇਹੀ, ਨੀਵੀਂ ਜੇਹੀ।
(ਅ) ਕਥਨ ਕਰਨਾ। ਨ ਲਟੀ=ਕਹਿਣਾ ਨਹੀਂ ਬਣਦਾ।
ਉਪਮਾ ਨ ਲਟੀ ਸੀ=ਏਹ ਉਪਮਾ ਦੇਣੀ ਬੱਚਿਆਂ ਵਰਗੀ ਗਲ ਕਰਨੀ ਬੀ ਨਹੀਂ ਹੈ। ਭਾਵ ਮੂਲੋਂ ਅਣਬਣ ਹੈ, ਭਾਵ ਇਹ ਉਪਮਾ ਬੀ ਨਜੂਨ ਗੱਲ ਹੈ।

ਅਰਥ—ਲਾਲ ਰੰਗ ਦੇ ਨਿਰਮਲ ਕਮਲ (ਵਾਂਙੂ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ) ਦੋਵੇਂ (ਚਰਣ) ਬੜੇ ਸੁੰਦਰ ਹਨ; ਉਨ੍ਹਾਂ (ਚਰਣਾਂ) ਦੀਆਂ ਉਂਗਲੀਆਂ ਉਤੇ (ਮਾਨੋਂ) ਹੀਰਿਆਂ ਦੀ ਜੜਤ ਵਰਗੀ (ਨੌਹਾਂ ਦੀ) ਪੰਕਤੀ ਹੈ। ਜਾਂ, ਤਾਰਿਆਂ ਦੀ ਪੰਕਤੀ ਨੇ ਆਪਣਾ ਭਲਾ ਚਿਤਵਕੇ ਆਕਾਸ਼ ਦਾ ਫਿਰਨਾ ਛਡ ਦਿੱਤਾ ਹੈ ਤੇ ਐਸੀ ਬਿਧਿ ਠਟੀ ਹੈ ਕਿ ਮਾਤ ਲੋਕ ਵਿਚ (ਸਤਿਗੁਰ ਜੀ ਦੇ ਚਰਣਾਂ ਉਤੇ ਮਾਨੋਂ ਨਹੁੰ ਬਣ ਕੇ) ਥਿਤ (ਭਾਵ ਆ ਟਿਕੇ) ਹਨ। ਜਾਂ ਵਿਸ਼੍ਵਕਰਮਾਂ ਨੇ ਸ਼ੇਸ਼ਨਾਗ ਪਾਸੋਂ ਮਣੀਆਂ ਲੈਕੇ (ਉਨ੍ਹਾਂ ਚਰਣਾਂ ਉੱਤੇ) ਜੜਤ ਕੀਤੀ ਹੈ, (ਕਿ ਉਥੇ ਮਾਨੋਂ) ਸੁੰਦਰਤਾ (ਦੀ) ਕੁਟੀਆ ਬਣ (ਗਈ ਹੈ, ਜਿਸ ਵਿਚ ਕਿ ਹੁਣ) ਲੱਛਮੀ ਚਾਉ (ਨਾਲ) ਵਸਦੀ ਹੈ। (ਪ੍ਰੰਤੂ ਅਸਲ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ) ਹਰਿਕ੍ਰਿਸ਼ਨ ਜੀ ਦੇ ਚਰਨ ਕਮਲ (ਐਸੇ) ਅਨੂਪਮ ਬਣੇ ਹਨ (ਕਿ ਜਿਨ੍ਹਾਂ ਦੀ ਉਪਮਾਂ ਦੀ ਹੋਰ ਕੋਈ ਸ਼ੈ ਨਹੀਂ, ਹਾਂ ਉਨ੍ਹਾਂ ਦੇ) ਨਹੁੰ ਚੰਦ੍ਰਮਾ ਦੀਆਂ ਟੁਕੜੀਆਂ ਵਰਗੇ ਹਨ (ਪਰੰਤੂ ਇਹ) ਉਪਮਾ ਦੇਣੀ ਬੀ ਨਜੂਨ ਗਲ ਹੈ।

ਭਾਵ—ਇਸ ਵਿਚ ਕਵਿ ਜੀ ਚਰਨਾਂ ਨੂੰ ਕਵਲਾਂ ਦੀ ਲਾਲੀ ਨਾਲ ਸ਼ੋਭਾ ਦੇਕੇ ਸੁੰਦਰ ਤੇ ਮਨੋਹਰ ਦੱਸਦੇ ਹਨ ਤੇ ਲੱਛਮੀ ਦਾ ਨਿਵਾਸ ਉਨ੍ਹਾਂ ਵਿਚ ਦੱਸਦੇ ਹਨ, ਤੇ ਨੌਹਾਂ ਨੂੰ ਹੀਰਿਆਂ ਦੀ ਜੜਤ, ਤਾਰਿਆਂ ਦਾ ਉਥੇ ਆਕੇ ਨਿਵਾਸ ਕਰਨਾ, ਮਣੀਆਂ ਦੀ ਜੜਤ, ਆਦਿ ਉਪਮਾ ਝਿਜਕ ਕੇ ਦੇਂਦਿਆਂ ਹੋਇਆਂ ਸਿੱਟਾ ਇਹ ਕੱਢਿਆ ਹੈ ਕਿ ਉਨ੍ਹਾਂ ਦੇ ਚਰਣਾਂ ਨਾਲ ਉਪਮਾ ਕਿਸੇ ਸ਼ੈ ਦੀ ਦਿੱਤੀ ਨਹੀਂ ਜਾ ਸਕਦੀ, ਹਾਂ, ਨੌਹਾਂ ਦੀ ਸ਼ਕਲ ਚੰਦ੍ਰਮਾ ਦੀ ਟੁਕੜੀ ਨਾਲ ਮਿਲਦੀ ਹੈ, ਪਰ ਇਹ

ਉਪਮਾਨ ਬੀ ਬਰਾਬਰੀ ਦਾ ਨਹੀਂ ਹੈ, ਨਹੁੰ ਦੀ ਸ਼ਕਲ ਇਸ ਪ੍ਰਕਾਰ ਦੀ ਹੁੰਦੀ ਹੈ ਤੇ ਚੰਦ ਦੀ ਭੀ ਇਸੇ ਤਰ੍ਹਾਂ ਦੀ।

ਸਾਰੇ ਕਬਿੱਤ ਦਾ ਆਸ਼ਯ ਇਹ ਹੈ ਕਿ ਲੱਛਮੀ-ਸੰਸਾਰਕ ਐਸ਼੍ਵਰਜ ਤੇ ਪ੍ਰਤਾਪ ਤੇ ਸਾਮਾਨਾਂ ਦੀ ਦਾਤ-ਇਨ੍ਹਾਂ ਚਰਣਾਂ ਦੇ ਧਿਆਨੀਆਂ ਨੂੰ ਮਿਲ ਸਕਦੀ ਹੈ, ਇਕ ਇਹ ਤੇ ਦੂਸਰੀ ਤਾਕਤ ਚਰਣਾਂ ਦੀ ਇਹ ਹੈ ਕਿ ਸੰਸਾਰਕ ਪਦਾਰਥਾਂ, ਮਣੀਆਂ ਹੀਰਿਆਂ, ਕਮਲਾਂ ਦੀ ਲਾਲੀ ਤੇ ਤਾਰਿਆਂ ਦੀ ਜੜਤ ਤੋਂ ਉੱਚੀ ਕਿਸੇ ਹੋਰ ਸ਼ੈ ਦਾ ਬੀ ਇਨ੍ਹਾਂ ਵਿਚ ਨਿਵਾਸ ਹੈ, ਉਹ ਸ਼ੈ ਆਤਮ ਸਤਯਾ ਰੂਹਾਨੀ ਤਾਕਤ ਹੈ; ਜੋ ਹੋਰ ਕਿਸੇ ਉਪਮਾਨ ਵਿਚ ਹੈ ਹੀ ਨਹੀਂ ਅਤੇ ਓਹ ਸਤਯਾ ਇਨ੍ਹਾਂ ਚਰਣਾਂ ਦੇ ਪ੍ਰੇਮੀਆਂ ਨੂੰ ਉਥੋਂ ਸਪਰਸ਼,ਦਰਸ਼ਨ ਯਾ ਧ੍ਯਾਨ ਨਾਲ ਐਸੀ ਮਿਲਦੀ ਹੈ ਕਿ ਸਰਬ ਤੋਂ ਸੁੰਦਰ ਆਤਮ ਰੰਗ ਦੀ ਵੰਨੀ ਚੜ੍ਹਾ ਦੇਂਦੀ ਹੈ,ਜਿਸ ਰੰਗ ਦੇ ਚੜ੍ਹਿਆਂ ਅੰਦਰ ਐਉਂ ਪ੍ਰਤੀਤੀ ਹੁੰਦੀ ਹੈ ਕਿ-

ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਵਨੁ ਪਾਵਕੁ ਅਰੁ ਨੀਰੁ ॥ [ਭੈਰਉ ਕਬੀਰ ਜੀਉ

ਸੂਚਨਾ-ਅਖੀਰਲੀ ਤੁਕ ਦੇ ਹੋਰ ਅਰਥ ਬੀ ਬਣਦੇ ਹਨ।

੧. ਨਖ ਸ਼ਸ਼ਿਸ ਕਲ ਸੇ=ਨਹੁੰ ਹਨ ਚੰਦ੍ਰਮਾਂ ਦੀਆਂ ਕਲਾ ਵਰਗੇ। ਕਲਾ ਚੰਦ ਦੀਆਂ ੧੬ ਹੈਨ, ਸੋਲ੍ਹਵੇਂ ਹਿੱਸੇ ਨੂੰ ਇੱਕ ਕਲਾ ਕਹਿੰਦੇ ਹਨ।

੨. ਨਖ ਸ਼ਸ਼ਿ ਸ+ਕਲ ਸੇ=ਨਹੁੰ ਹਨ ਸਾਰੀਆਂ ਕਲਾਂ ਸਹਿਤ ਚੰਦ੍ਰਮਾਂ ਵਰਗੇ।
[ਸ=ਸਾਰੀਆਂ, ਕਲ=ਕਲਾਂ]

੩. ਨਖ ਸ਼ਸ਼ਿ ਸਕਲ ਸੇ=ਨਹੁੰ ਹਨ ਸੰਪੂਰਣ ਚੰਦ੍ਰਮਾਂ ਵਰਗੇ। [ਸਕਲ=ਸਾਰਾ]

੪. ਨਖ ਸ਼ਸ਼ਿ ਸ਼ਕਲ ਸੇ=ਨਹੁੰ ਹਨ ਚੰਦ੍ਰਮਾਂ ਦੀ ਸੂਰਤ ਦੇ। [ਸ਼ਕਲ=ਸੂਰਤ]

੫. ਇਕ ਛਾਪੇ ਦੇ ਮੂਲ ਵਿਚ ਪਾਠ ਹੈ-ਨਖ ਸਿਸ ਸਕਲ ਸੇ-ਏਸ ਪਾਠ ਨਾਲ ਅਰਥ ਐਉਂ ਲਗੇਗਾ ਕਿ-ਤ੍ਰੈ ਤੁਕਾਂ ਵਿਚ ਤਾਂ ਮੈਂ ਚਰਨਾਂ ਦੀ ਸੁੰਦਰਤਾ ਕਹੀ ਹੈ ਜੇ ਸਾਰੇ ਸਰੀਰ ਦੀ ਪੁੱਛੋ ਤਾਂ-ਨਹੁੰ ਤੋਂ ਲੈਕੇ ਸਿਸ (=ਸੀਸ) ਤਕ ਸਾਰੇ ਦੀ ਤਾਂ ਉਪਮਾਂ ਰੈਂਚਕ ਮਾਤ੍ਰ ਬੀ ਨਹੀਂ ਹੈ।

੬. ਉਪਮਾਨ ਲਟੀ ਸੀ=ਚੰਦ੍ਰਮਾਂ ਨੂੰ ਚਰਣਾਂ ਦਾ ਉਪਮਾਨ ਕਹਿਣਾ ਬੀ ਨਿਕੰਮੀ ਗੱਲ ਹੈ, ਪਰ ਇਸ ਵਿਚ ਇਕ ਸੰਸਾਂ ਬੀ ਹੈ, 'ਉਪਮਾਨ' ਪੁਲਿੰਗ ਹੈ ਤੇ 'ਲਟੀ ਸੀ' ਇਸਤ੍ਰੀ ਲਿੰਗ ਹੈ।

੭. ਐਉਂ ਬੀ ਪਾਠ ਹੈ 'ਨਖ ਸਸਿ ਸਕਲ ਤੇ ਉਪਮਾ ਨ ਲੁਟੀ ਸੀ' ਨਹੁੰ ਹਨ ਤਾਂ ਚੰਦ੍ਰਮਾਂ ਦੀ ਸ਼ਕਲ ਦੇ, ਭਾਵ-ਚੰਦ੍ਰਮਾਂ ਨੇ ਇਹ ਰੀਸ ਤਾਂ ਕਰ ਲਈ, ਸ਼ਕਲ ਤਾਂ ਚੁਰਾ ਲਈ ਪਰ ਚਰਨਾਂ ਦੀ ਉਪਮਾਂ (ਭਾਵ ਖ਼ੂਬਸੂਰਤੀ) ਉਹ ਨਹੀਂ ਸੀ ਲੁਟ ਸਕਿਆ, ਅਥਵਾ ਪ੍ਰਾਪਤ ਕਰ ਸਕਿਆ। ਸਾਦੇ ਪਦਾਂ ਵਿਚ ਐਉਂ ਕਿਹਾ ਜਾ ਸਕਦਾ ਹੈ ਕਿ ਚੰਦ੍ਰਮਾਂ ਚਰਣਾਂ ਦੀ ਸੁੰਦਰਤਾਈ ਦੀ ਬਰਾਬਰੀ ਦੇ ਜਤਨ ਵਿਚ ਪੂਰਾ ਨਹੀਂ ਢੁੱਕ ਸਕਿਆ।

੧੨. ਇਸ੍ਟ ਗੁਰੂ–ਸ੍ਰੀ ਗੁਰੂ ਤੇਗ ਬਹਾਦਰ ਜੀ–ਮੰਗਲ।

ਦੋਹਰਾ–ਤੇਗ਼ ਬਹਾਦਰ ਧਰਮ ਧੁਜ ਹਰਤਾ ਤੁਰਕਨ ਮੂਲ।
ਚਰਨ ਸ਼ਰਨਿ ਤਾਰਨ ਤਰਨ ਨਮੋ ਹੋਇ ਅਨਕੂਲ ॥ ੨੧ ॥

ਧਰਮ=ਧਰਮ। ਧੁਜ=ਝੰਡਾ। ਧਰਮ+ਧੁਜ=ਜੋ ਧਰਮ ਦਾ ਝੰਡੇ ਸਰੀਖਾ ਮੂਲ ਤੇ ਅਤਿ ਜ਼ਰੂਰੀ ਆਸਰਾ ਹੋਵੇ। ਜਿਵੇਂ ਜੰਗ ਵਿਚ ਝੰਡਾ ਹੀ ਸਭ ਤੋਂ ਵੱਡਾ ਆਸਰਾ ਹੁੰਦਾ ਹੈ, ਝੰਡਾ ਗਿਰੇ ਤਾਂ ਹਾਰ ਮੰਨੀ ਜਾਂਦੀ ਹੈ। ਝੰਡੇ ਦੇ ਦੁਆਲੇ ਸੂਰਮੇ ਟੁੱਟ ਟੁੱਟ ਮਰਦੇ ਹਨ, ਭਾਵ ਹੈ ਧਰਮ ਦਾ ਮੂਲ ਆਸਰਾ, ਜੋ ਧਰਮ ਦੀ ਰਖਜਾ ਕਰੇ, ਬਚਾਵੇ।
ਹਰਤਾ=ਹਰਨ ਵਾਲੇ, ਉਖੇੜਨ ਵਾਲੇ। ਮੂਲ=ਜੜ੍ਹਾਂ।
ਤਾਰਨ=ਤਾਰਨ ਨੂੰ। ਤਰਨ=ਜਹਾਜ਼।
ਨਮੋ=ਮੇਰੀ ਨਮਸਕਾਰ ਹੈ।
ਅਨਕੂਲ=ਅਨਕੂਲ ਹੋਕੇ, ਉਨ੍ਹਾਂ ਦੀ ਆਗਜਾ ਦੇ ਮੁਆਫਕ ਹੋਕੇ। ਉਨ੍ਹਾਂ ਦੀ ਸ਼ਰਨ ਦੇ ਅਨੁਸਾਰ ਹੋਕੇ। (ਅ) ਕ੍ਰਿਪਾਲੂ, ਭਾਵ ਓਹ ਮੇਰੇ ਤੇ ਕ੍ਰਿਪਾਲੂ ਹੋਣ।

ਅਰਥ–(ਸ੍ਰੀ ਗੁਰੂ) ਤੇਗ਼ ਬਹਾਦਰ ਜੀ ਧਰਮ ਦੀ ਧੁਜਾ (ਹਨ), (ਅਤੇ) ਤੁਰਕਾਂ ਦੀਆਂ ਜੜ੍ਹਾਂ ਦੇ ਉਖੇੜਨ ਵਾਲੇ (ਹਨ), (ਉਨ੍ਹਾਂ ਦੇ) ਚਰਨਾਂ ਦੀ ਸ਼ਰਣ (ਭਵ ਸਾਗਰ ਤੋਂ) ਤਾਰਣ ਲਈ ਜਹਾਜ਼ (ਰੂਪ ਹੈ), ਮੈਂ ਸ਼ਰਣਾਗਤ ਹੋਕੇ (ਉਨ੍ਹਾਂ ਪ੍ਰਤਿ) ਨਮਸਕਾਰ ਕਰਦਾ ਹਾਂ।

ਭਾਵ–ਕਵਿ ਜੀ ਨੌਵੇਂ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕਰਦੇ ਹਨ, ਅਰ ਉਨ੍ਹਾਂ ਦੀ ਸ਼ਰਨਾਗਤ ਹੁੰਦੇ ਹਨ। ਉਨ੍ਹਾਂ ਦੀ ਸ਼ਰਨ ਨੂੰ ਤਾਰਨੇ ਵਾਲਾ ਜਹਾਜ਼ ਆਖਦੇ ਹਨ, ਜਿਸ ਦਾ ਭਾਵ ਇਹ ਹੈ ਕਿ ਓਹ ਸਭ ਤੋਂ ਉੱਚੀ ਸ਼ੈ–ਮੁਕਤੀ–ਦੇ ਦਾਤਾ ਹਨ। ਦੂਸਰੀ ਸਿਫਤ ਉਨ੍ਹਾਂ ਦੀ ਧਰਮ ਧੁਜਾ ਦੱਸਦੇ ਹਨ, ਇਸ ਵਿਚ ਆਸ਼ਯ ਦੇਸ਼ ਤੇ ਧਰਮ ਦੇ ਉਸ ਕਸ਼ਟ ਵਲ ਹੈ ਜੋ ਹਿੰਦ ਦੀਆਂ ਸਾਰੀਆਂ ਜਾਤੀਆਂ ਨੂੰ, ਜੋ ਮੁਸਲਮਾਨ ਨਹੀਂ ਸਨ, ਵਾਪਰ ਰਿਹਾ ਸੀ। ਔਰੰਗਜ਼ੇਬ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ, ਤੀਰਥ ਢਾਹ ਰਿਹਾ ਸੀ, ਉਸ ਵੇਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਧਰਮ ਦੀ ਦ੍ਰਿੜਤਾ ਦਾ ਮਾਨੋ ਧ੍ਵਜ ਖੜੇ ਸਨ, ਸਭ ਦੇ ਈਮਾਨ ਦੀ ਟੇਕ ਉਸ ਵੇਲੇ ਇਨ੍ਹਾਂ ਦੀ ਦ੍ਰਿੜਤਾ ਸੀ। ਫੇਰ ਸੀਸ ਦਿੱਤਾ ਤਾਂ ਹੋਰ ਦ੍ਰਿੜਤਾ ਹੋ ਗਈ ਕਿ 'ਧਰ ਪਈਏ ਧਰਮ ਨਾ ਛੋੜੀਏ' ਇਹ ਅਟੱਲ ਝੰਡਾ ਖੜਾ ਕਰ ਗਏ। ਤੀਸਰੀ ਗੱਲ–ਹਰਤਾ ਤੁਰਕਨ ਮੂਲ–ਕਹੀ ਹੈ। ਤੁਰਕਾਂ ਦੇ ਜ਼ੁਲਮ ਦੀ ਅਵਧੀ ਉਨ੍ਹਾਂ ਦੀ ਇਲਾਹੀ ਸ਼ਹਾਦਤ ਸੀ। ਬੱਸ ਇਸ ਤੋਂ ਬਾਦ ਤੁਰਕਾਂ ਦੇ ਤੇਜ ਦਾ ਸੂਰਜ

ਦੁਪਹਿਰਾਂ ਦਾ ਸ਼ਿਖਰਾ ਲੰਘਕੇ ਢਲ ਗਿਆ, ਤੇ ਫੇਰ ਢਹਿੰਦਾ ਹੀ ਚਲਾ ਗਿਆ, ਅੰਤ ਡੁਬ ਗਿਆ। ਮਾਨੋਂ ਉਨ੍ਹਾਂ ਦੇ ਰਾਜ ਰੂਪੀ ਬ੍ਰਿਛ ਦੀ ਜੜ੍ਹ ਹੇਠੋਂ ਖੋਖਲੀ ਕਰ ਦਿੱਤੀ। ਹਰ ਲਈ=ਬ੍ਰਿਛ ਕੁਛ ਕਾਲ ਖੜਾ ਦਿੱਸਦਾ ਰਿਹਾ, ਪਰ ਕੁਮਲਾਂਦਾ, ਮੁਰਝਾਂਦਾ, ਪੱਤ ਸਿੱਟਦਾ, ਵਿਲਕਦਾ ਅੰਤ ਢੈ ਗਿਆ। —ਤੁਰਕਾਂ ਦੇ ਜੜ੍ਹ ਕੱਟਣ ਵਾਲੇ—ਇਹ ਗਲ ਕਵਿ ਨੇ ਸ਼ੋਭਾ ਦੀ ਇਸ ਲਈ ਕਹੀ ਹੈ ਕਿ ਤੁਰਕਾਂ ਦਾ ਰਾਜ ਉਸ ਵੇਲੇ ਹਿੰਦ ਲਈ ਬਿਆਧੀ, ਕਸ਼ਟ ਤੇ ਅਤਿ ਦੁੱਖਾਂ ਦਾ ਦਾਤਾ ਹੋ ਰਿਹਾ ਸੀ, ਸੁਖਦਾਤੇ ਦਾ 'ਸ੍ਰਿਸ਼ਟੀ ਦੇ ਵੈਰੀ ਦੀ ਜੜ੍ਹ ਨੂੰ ਕੱਟ ਦੇਣਾ' ਗਰੀਬਾਂ, ਤ੍ਰੀਮਤਾਂ, ਸਾਧੂਆਂ, ਨੇਕਾਂ ਤੇ ਦਇਆ ਕਰਨਾ ਹੈ। ਉਸ ਵੇਲੇ ਨਾ ਕੇਵਲ ਹਿੰਦੂ ਦੁਖੀ ਸਨ, ਸਗੋਂ ਸੂਫੀ ਮੁਸਲਮਾਨ ਤੇ ਬੋਹਰਾ ਆਦਿ ਹੋਰ ਫਿਰਕੇ ਬੀ; ਇੱਥੋਂ ਤਾਂਈ ਕਿ ਸਰਮੱਦ ਵਰਗੇ ਮੁਸਲਮਾਨ ਫਕੀਰ ਬੀ ਕਤਲ ਹੋ ਚੁਕੇ ਸਨ।

ਸੈਯਾ—ਬਰ ਕੀਰਤਿ ਜੌਨ੍ਹ ਅਮੀਗਤਿ ਭੌਨ ਸੁਸੀਤਲਤਾ ਸੁਖਤੌਨ ਸੁਭਾਈ।
ਗਤਿ ਸਾਧਨ ਕੈਰਵ ਕੋ ਬਿਗਸਾਵਤਿ ਦਾਸ ਰਿਦਾ ਨਭ ਬੀਚ ਸੁਹਾਈ।
ਤਪਤੈ ਦੁਖ ਤੀਰ ਨ ਆਵਤ ਹੈ ਚਿਤੁ ਚਾਰੁ ਚਕੋਰੁ ਰਹੈ ਲਿਵਲਾਈ।
ਗੁਰ ਤੇਗ਼ ਬਹਾਦਰ ਸੋਹਤਿ ਚੰਦ ਸੇ, ਹੀਨ ਕਲੰਕ ਇਹੀ ਅਧਿਕਾਈ।੨੨।

ਬਰ=ਸ੍ਰੇਸ਼ਟ। ਕੀਰਤਿ=ਜਸ, ਮਹਿਮਾ, ਵਡਿਆਈ। ਜੌਨ੍ਹ=ਚਾਂਦਨੀ।
ਅਮੀ=ਅੰਮ੍ਰਿਤ। ਵੈਦਕ ਅਤੇ ਕਵੀ ਦੱਸਦੇ ਹਨ ਕਿ ਫਲਾਂ ਤੇ ਔਖਧੀ ਬੂਟੀਆਂ ਵਿਚ ਰਸ ਯਾ ਅੰਮ੍ਰਿਤ ਚਾਨਣੇ ਪੱਖ ਵਿਚ ਵਾਧਾ ਕਰਦਾ ਹੈ।
ਗਤਿ=ਗਤੀ, ਮੁਕਤੀ। (ਅ) ਗਤਿ ਦਾ ਅਰਥ—ਪਹੁੰਚਣੇ-ਵੀ ਲਾਉਣ ਦਾ ਜਤਨ ਕਰਦੇ ਹਨ।
ਭੌਨ=ਘਰ। ਤੌਨ=ਉਨ੍ਹਾਂ, ਮੁਰਾਦ—ਸਤਿਗੁਰ ਜੀ—ਤੋਂ ਹੈ।
ਸੁਭਾਈ=ਸ਼ੋਭਾ ਦੇ ਰਹੀ। (ਅ) ਸੁਭਾਵ ਹੈ—ਬੀ ਇਥੇ ਸੁਭਾਈ ਦਾ ਅਰਥ ਲਗਦਾ ਹੈ। ਕਿ ਗੁਰੂ ਜੀ ਵਿਚ ਸੀਤਲਤਾ ਇਕ ਉਨ੍ਹਾਂ ਦਾ ਸੁਤੇ ਸੁਭਾਵ ਹੈ।
ਗਤਿ ਸਾਧਨ=ਮੁਕਤੀ ਦੀ ਸਾਧਨਾ ਕਰਨ ਵਾਲੇ। ਇੱਥੇ 'ਸਾਧਨ' ਪਦ 'ਸਾਧੂ' ਪਦ ਦਾ ਬਹੁ ਵਚਨ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਯਾ ਹੈ:—'ਸਾਧਨ ਕਾ ਮਿਲੁ ਸੰਗ ਮਿਲਿ ਗੋਬਿੰਦ ਧਰਿ ਸਾਧਨ ਸਿਉ ਲਿਵਲਾਉ ॥' (ਅ) ਗਤਿ ਸਾਧਨ—ਦਾ ਅਰਥ ਇਹ ਬੀ ਲਗਦਾ ਹੈ—ਮੁਕਤੀ ਦੇ ਸਾਧਨ, ਸ਼ੁਭ ਦੈਵੀ ਗੁਣ, ਕਿ ਜਿਵੇਂ ਚੰਦ ਕੰਮੀਆਂ ਨੂੰ ਤਿਵੇਂ ਸਤਿਗੁਰ ਜੀ ਦੈਵੀ ਗੁਣਾਂ ਨੂੰ ਖਿੜਾਉਂਦੇ ਹਨ।
ਕੈਰਵ=ਕੰਮੀਆਂ ਜੋ ਰਾਤ ਵੇਲੇ ਖਿੜਦੀਆਂ ਹਨ। ਇੱਥੇ ਕਮਲ।
ਦਾਸ ਰਿਦਾ—ਦਾਸਾਂ ਦਾ ਰਿਦਾ—ਮੁਰਾਦ ਗੁਰੂ ਤੇਗਬਹਾਦਰ ਜੀ ਦੇ ਪ੍ਰੇਮੀਆਂ ਦਾ ਰਿਦਾ

ਨਭ=ਅਕਾਸ਼ । ਤਪਤਿ=ਤਪਸ਼, ਗਰਮੀ । ਕਵੀਆਂ ਵਿਚ ਚੰਦ੍ਰਮਾਂ ਨੂੰ ਠੰਢਾ ਮੰਨਿਆਂ ਜਾਂਦਾ ਹੈ । ਤੀਰ=ਨੇੜੇ ।

ਚਿਤ ਚਾਰ=ਦਾਸਾਂ ਦਾ ਚਿਤ=ਗੁਰੂ ਜੀ ਦੇ ਧਿਆਨੀਆਂ ਦੇ 'ਧਿਆਨ ਚਿਤ' ਤੋਂ ਮੁਰਾਦ ਹੈ । (ਅ) ਚਾਰ ਦਾ ਅਰਥ—ਚਾਰੂ—ਸੁੰਦਰ ਬੀ ਕਰ ਲੈਂਦੇ ਹਨ । ਸੁੰਦਰ ਚਿਤ ਵਾਲੇ, ਭਾਵ ਵਿਚਾਰ ਸ਼ੀਲ ਪੁਰਖ੍ਹ ।

ਹੀਨ ਕਲੰਕ=ਕਲੰਕ ਰਹਿਤ, ਅਕਲੰਕਤਾਈ ।

ਅਧਿਕਾਈ=ਵਾਧਾ, ਅਧਿਕਤਾ ।

ਅਰਥ—(ਇਸ ਸ੍ਵੈਯੇ ਵਿਚ ਕਵੀ ਜੀ ਗੁਰੂ ਜੀ ਨੂੰ ਚੰਦ੍ਰਮਾ ਦੀ ਉਪਮਾ ਦੇਕੇ ਉਨ੍ਹਾਂ ਦਾ ਵਾਧਾ ਦਰਸਾਉਣਗੇ) ।

(ਚੰਦ੍ਰਮਾ ਵਿਚ ਜਿਵੇਂ) ਚਾਂਦਨੀ (ਹੈ ਤਿਵੇਂ ਸਤਿਗੁਰ ਵਿਚ) ਉੱਤਮ ਕੀਰਤੀ
(ਚੰਦ੍ਰਮਾ ਜਿਵੇਂ) ਅੰਮ੍ਰਿਤ (ਦਾ ਨਿਵਾਸ ਹੋਕੇ ਤਿਵੇਂ ਸਤਿਗੁਰ ਜੀ)ਮੁਕਤੀ ਦਾ ਘਰ (ਹੋਕੇ)
(ਚੰਦ੍ਰਮਾ ਵਿਚ ਜਿਵੇਂ) ਸੀਤਲਤਾ (ਹੈ ਤਿਵੇਂ) ਉਨ੍ਹਾਂ ਵਿਚ ਸੁਖ } ਸ਼ੋਭਾ ਦੇ ਰਹੇ ਹਨ ।

(ਚੰਦ੍ਰਮਾ ਜਿਵੇਂ) ਕਮੀਆਂ ਨੂੰ, (ਸਤਿਗੁਰ ਜੀ ਤਿਵੇਂ) ਮੁਕਤੀ ਦੇ ਸਾਧਕਾਂ ਨੂੰ ਖਿੜਾਉਂਦੇ ਹਨ ।

(ਚੰਦ੍ਰਮਾ ਜਿਵੇਂ) ਅਕਾਸ਼ ਵਿਚ ਸੁਹਾਉਂਦਾ ਹੈ (ਤਿਵੇਂ ਸਤਿਗੁਰ) ਦਾਸਾਂ ਦੇ ਰਿਦੇ (ਵਿਚ ਸੁਹਾਉਂਦੇ ਹਨ) ।

(ਚੰਦ੍ਰਮਾ ਦੇ) ਨੇੜੇ (ਜਿਵੇਂ) ਤਪਤ ਨਹੀਂ ਆਉਂਦੀ (ਤਿਵੇਂ ਸਤਿਗੁਰ ਜੀ ਦੇ ਨੇੜੇ) ਦੁਖ (ਨਹੀਂ ਆਉਂਦਾ) ।

(ਚੰਦ੍ਰਮਾ ਵਲ ਜਿਵੇਂ) ਚਕੋਰ ਲਿਵ ਲਾਈ ਰੱਖਦਾ ਹੈ (ਤਿਵੇਂ ਸਤਿਗੁਰ ਜੀ ਵਲ) ਸੇਵਕ ਹ੍ਰਿਦੇ (ਨੇ ਲਿਵ ਲਾਈ ਹੈ) ।

ਗੁਰੂ ਤੇਗ਼ ਬਹਾਦਰ ਜੀ ਚੰਦ ਵਾਂਙੂ ਸੁਹਾ ਰਹੇ ਹਨ, (ਪਰ ਚੰਦ੍ਰਮਾ ਵਿਚ ਕਲੰਕ ਲਗਾ ਖੜਾ ਹੈ ਤੇ ਸਤਿਗੁਰ ਜੀ ਕਲੰਕ ਤੋਂ ਰਹਿਤ ਹਨ) ਇਹੋ ਅਕਲੰਕਤਾ (ਹੀ) ਵਾਧਾ ਹੈ ।

ਭਾਵ—ਮੁਕਾਬਲੇ ਵਿਚ ਸਤਿਗੁਰ ਦੇ ਗੁਣ ਚੰਦ੍ਰਮਾਂ ਦੇ ਗੁਣਾਂ ਦੇ ਤੁੱਲ ਦੱਸਦਿਆਂ ਬੀ ਉਨ੍ਹਾਂ ਦੀ ਸਫਲਤਾ ਅਰ ਜੀਵੱਤ ਗੁਣਾਂ ਦੇ ਘਰ ਹੋਣ ਦਾ ਵਾਧਾ ਦਿੱਸ ਰਿਹਾ ਹੈ, ਪਰ ਸਫੁਟ ਵਾਧਾ ਚੰਦ੍ਰਮਾਂ ਵਿਚ ਦਾਗ਼ਾਂ ਦਾ ਤੇ ਗੁਰੂ ਜੀ ਦੇ ਜੀਵਨ ਨਿਰਦੋਖਤਾ ਦਾ ਕਵਿ ਜੀ ਦੱਸਕੇ ਚੰਦ੍ਰਮਾਂ ਦੀ ਉਸ ਪੌਰਾਣਕ ਕਥਾ ਵਲ ਬੀ ਧੁਨੀ ਸੱਟਦੇ ਹਨ ਕਿ ਜਿਸ ਵਿਚ ਚੰਦ ਦੇ ਆਚਰਣ ਤੇ ਬੀ ਕਲੰਕ ਹੈ ।

੧੩. ਇਸ਼੍ਟ ਗੁਰੂ—ਸ਼੍ਰੀ ਗੁਰੂ ਗੋਵਿੰਦ ਸਿੰਘ ਜੀ—ਮੰਗਲ।

ਸੈਯਾ—ਹਰਿਗੋਬਿੰਦ ਨੰਦਨ ਨੰਦਨ ਕੋ ਅਭਿਬੰਦਨ ਕੈ ਪਦ ਜੇ ਅਰਬਿੰਦੂ।
ਦੁਖ ਦੂੰਦ ਨਿਕੰਦਨ ਆਨੰਦ ਕੰਦ ਮੁਕੰਦ ਬਿਲੰਦ ਕਰੇ ਜਿਨ ਹਿੰਦੂ।
ਤੁਰਕਿੰਦ ਉਡਿੰਦ ਦਿਨਿੰਦ ਤਿਨੇ ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ।
ਸਰਪਿੰਦ ਗਿਰਿੰਦ ਖਗਿੰਦ ਤੁਲੈ ਬਲਵੰਡ ਅਖੰਡ ਸੁਰਿੰਦਹਿ ਇੰਦੂ॥੨੩॥

ਹਰਿ ਗੋਵਿੰਦ=ਛੀਵੇਂ ਸਤਿਗੁਰੂ ਸ਼੍ਰੀ ਗੁਰੂ ਹਰਿਗੋਵਿੰਦ ਜੀ।
ਨੰਦਨ=ਪੁੱਤ੍ਰ। ਨੰਦਨ ਨੰਦਨ=ਪੁੱਤ੍ਰ ਦਾ ਪੁੱਤ੍ਰ, ਅਰਥਾਤ ਪੋਤ੍ਰਾ।
ਅਭਿਬੰਦਨ ਕੈ=ਨਮਸਕਾਰ ਕਰਦਾ ਹਾਂ। ਸਤਿਕਾਰ ਨਾਲ ਮੱਥਾ ਟੇਕਦਾ ਹਾਂ।
[ਸੰਸ:, ਅਭਿਵਨ੍ਦਨੰ]
ਪਦ ਜੇ ਅਰਬਿੰਦੂ=ਚਰਨ ਜੋ ਕਮਲਾਂ (ਵਾਂਗੂ ਕੂਲੇ ਤੇ ਸੁੰਦਰ ਹਨ)।
ਦੂੰਦ=ਦ੍ਵੰਦ੍ਵ। ਦੁਖ। ਉਪੱਦ੍ਰਵ। ਵਡੇ ਦੁਖ।
ਨਿਕੰਦਨ=ਨਿ+ਕੰਦਨ=ਵਿਨਾਸ਼। ਵਿਨਾਸ਼ ਕਰਨ ਵਾਲਾ। ਫਾਰਸੀ: ਕੰਦਨ=
ਪੁੱਟਣਾ, ਉਖੇੜਨਾ। ਨਿਕੰਦਨ=ਚੰਗੀ ਤਰ੍ਹਾਂ ਪੁੱਟ ਸੁੱਟਣ ਵਾਲਾ।
ਕੰਦ=ਫਲ। (ਅ) ਮੇਘ, ਬੱਦਲ। ਆਨੰਦ ਕੰਦ=ਆਨੰਦ ਦਾਤਾ।
ਮੁਕੰਦ=ਮੁਕਤੀ ਦਾਤਾ। ਬੁਲੰਦ=ਉੱਚੇ। ਢੱਠੇ ਨੂੰ ਉੱਚਾ ਕਰਨਾ, ਮੁਰਾਦ
ਹੈ ਗ਼ੁਲਾਮੀ ਤੋਂ ਆਜ਼ਾਦ ਕਰਨਾ।
ਤੁਰਕਿੰਦ=ਤੁਰਕ+ਇੰਦ=ਤੁਰਕਾਂ ਦਾ ਇੰਦ੍ਰ ਭਾਵ ਰਾਜਾ। ਮੁਰਾਦ
—ਔਰੰਗਜ਼ੇਬ—ਤੋਂ ਹੈ, ਜੋ ਤਦੋਂ ਤੁਰਕਾਂ ਦਾ ਪਾਤਸ਼ਾਹ ਸੀ।
ਉਡਿੰਦ=ਉਡ+ਇੰਦ—ਤਾਰਿਆਂ ਦਾ ਰਾਜਾ, ਚੰਦ੍ਰਮਾ।
ਦਿਨਿੰਦ=ਦਿਨ+ਇੰਦ—ਦਿਨ ਦਾ ਰਾਜਾ, ਸੂਰਜ। ਬਿੰਦੂ=ਜਾਣਦਾ ਹੈ।
ਸਰਪਿੰਦ=ਸਰਪ+ਇੰਦ—ਸੱਪਾਂ ਦਾ ਰਾਜਾ, ਸ਼ੇਸ਼ਨਾਗ।
ਗਿਰਿੰਦ=ਗਿਰ+ਇੰਦ—ਪਹਾੜੀ ਰਾਜੇ।
ਖਗਿੰਦ=ਖਗ+ਇੰਦ—ਪੰਛੀਆਂ ਦਾ ਰਾਜਾ, ਗਰੁੜ।
ਤੁਲੈ=ਬਰਾਬਰ। ਬਲਵੰਡ ਅਖੰਡ=ਅਟੁੱਟ ਬਲ ਵਾਲੇ।
ਸੁਰਿੰਦਹਿ ਇੰਦੂ=ਸੁਰ+ਇੰਦ+ਹ+ਇੰਦੂ—ਦੇਵਤਿਆਂ ਦੇ ਇੰਦ੍ਰ ਦੇ ਬੀ ਇੰਦ੍ਰ।

ਅਰਥ—(ਸ਼੍ਰੀ ਗੁਰੂ) ਹਰਿ ਗੋਵਿੰਦ (ਜੀ ਦੇ) ਪੋਤ੍ਰੇ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਚਰਣਾਂ (ਪਰ) ਜੋ ਕਮਲ (ਵਰਗੇ ਕੋਮਲ ਤੇ ਸੁੰਦਰ ਹਨ, ਮੈਂ) ਸਤਿਕਾਰ ਨਾਲ ਨਮਸਕਾਰ ਕਰਦਾ ਹਾਂ।

(ਜੋ) ਦੁੱਖਾਂ (ਤੇ) ਉਪੱਦ੍ਰਵਾਂ ਦੇ ਕੱਟਣ ਵਾਲੇ (ਹਨ), ਆਨੰਦ ਦੇ ਦਾਤਾ (ਹਨ), ਮੁਕਤੀ ਦੇ ਦਾਤਾ (ਹਨ), ਜਿਨ੍ਹਾਂ ਨੇ ਹਿੰਦੂ ਉੱਚੇ ਕਰ ਦਿੱਤੇ, (ਅਤੇ)

ਤੁਰਕਾਂ ਦਾ ਰਾਜਾ (ਔਰੰਗਜ਼ੇਬ ਜੋ) ਚੰਦ੍ਰਮਾ (ਦੀ ਨਿਆਈਂ ਜ਼ੁਲਮ ਦੀ ਰਾਤ ਵਿਚ ਚਮਕ ਰਿਹਾ ਸੀ) ਉਸ ਨੂੰ ਸੂਰਜ (ਹੋਕੇ ਢੁੱਕੇ, ਉਸ ਸ੍ਰੀ) ਗੁਰੂ ਗੋਬਿੰਦ ਸਿੰਘ (ਜੀ ਨੂੰ) ਸਾਰਾ ਜਗਤ ਜਾਣਦਾ ਹੈ,

ਸ਼ੇਸ਼ਨਾਗ (ਵਰਗੇ) ਪਹਾੜੀ ਰਾਜਿਆਂ (ਨੂੰ ਆਪ) ਗਰੁੜ ਤੁੱਲ (ਹੋਕੇ ਢੁੱਕੇ), ਅਖੰਡ (ਆਪ ਦਾ) ਬਲ ਹੈ (ਤੇ ਪ੍ਰਤਾਪ ਵਿਚ) ਦੇਵਤਿਆਂ ਦੇ ਇੰਦ੍ਰ ਦੇ ਬੀ ਇੰਦ੍ਰ ਹਨ।

ਭਾਵ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਣਾਂ ਪਰ ਸਤਿਕਾਰ ਭਰੀ ਨਮਸਕਾਰ ਕਰਕੇ ਮੰਗਲ ਕਰਦੇ ਹਨ, ਉਨ੍ਹਾਂ ਨੂੰ ਤੇਗ ਧਾਰੀ ਹੋਣ ਕਰਕੇ ਪਹਿਲਾਂ 'ਖੜਗਧਾਰੀ ਸ੍ਰੀ ਗੁਰੂ ਹਰਿਗੋਵਿੰਦ' ਜੀ ਦਾ ਪੋਤਾ ਕਹਿਕੇ ਯਾਦ ਕਰਦੇ ਹਨ। ਹਿੰਦੂ ਪੰਜ ਛੇ ਸੌ ਬਰਸ ਦੇ ਪਠਾਣਾਂ ਤੇ ਮੁਗ਼ਲਾਂ ਦੇ ਜ਼ੁਲਮ ਹੇਠ ਦਬ ਗਏ ਸਨ, ਗੁਰੂ ਜੀ ਨੇ ਤੁਰਕਾਂ ਦੇ ਪ੍ਰਤਾਪ ਨੂੰ ਮਾਤ ਕਰਕੇ ਹਿੰਦੂਆਂ ਨੂੰ ਗ਼ੁਲਾਮੀ ਤੋਂ ਛੁਡਾਕੇ ਖੁੱਲ੍ਹੀ ਇਨਸਾਨੀਅਤ ਦੇ ਦਰਜੇ ਦੀ ਸੁਤੰਤ੍ਰਤਾ ਦਿੱਤੀ ਤੇ ਉੱਚਾ ਕੀਤਾ। ਐਸ ਤਰ੍ਹਾਂ ਪਰਜਾ ਦੇ ਦੁਖ ਦੂਰ ਕੀਤੇ। ਔਰੰਗਜ਼ੇਬ ਵਰਗੇ ਜ਼ਾਲਮ ਤੁਰਕ ਸ਼ਾਹ ਨੂੰ, ਜਿਸ ਨੂੰ ਚੰਦ ਦੀ ਉਪਮਾ ਦਿੱਤੀ ਹੈ ਸੂਰਜ ਹੋਕੇ ਲਗੇ। ਸੂਰਜ ਜਦ ਸਵੇਰੇ ਚੜ੍ਹਦਾ ਹੈ ਤਾਂ ਚੰਦ ਮਾਤ ਹੋ ਜਾਂਦਾ ਹੈ, ਐਉਂ ਉਸ ਦਾ ਤੇਜ ਮਾਤ ਕੀਤਾ। ਚੰਦ ਹਨੇਰੇ ਵਿਚ ਚਮਕਦਾ ਹੈ, ਐਉਂ ਉਹ ਜ਼ੁਲਮ ਦੇ ਹਨੇਰੇ ਵਿਚ ਚਮਕ ਰਿਹਾ ਸੀ। ਪਹਾੜੀ ਰਾਜੇ ਉਸ ਦੀ ਗ਼ੁਲਾਮੀ ਵਿਚ ਆਪਣੀ ਕੌਮ ਲਈ ਸਰਪ ਸਮਾਨ ਜ਼ਹਿਰੀਲੇ ਹੋ ਰਹੇ ਸਨ, ਜੋ ਆਪ ਧੀਆਂ ਮੁਗ਼ਲਾਂ ਨੂੰ ਦੇਂਦੇ, ਸ੍ਵੈ ਸਤਿਕਾਰ ਤੋਂ ਵਾਂਜੇ ਗਏ ਸੇ ਤੇ ਪਰਜਾ ਦੀ ਰਾਖੀ ਕਰਨ ਦੀ ਥਾਂ ਤੁਰਕਾਂ ਦੇ ਮਨੋਰਥ ਪੂਰੇ ਕਰਦੇ ਸੇ, ਉਨ੍ਹਾਂ ਨੂੰ ਗਰੁੜ ਹੋਕੇ ਲੱਗੇ, ਭਾਵ ਉਨ੍ਹਾਂ ਦੀ ਵਿਸ ਝਾੜੀ ਤੇ ਦੰਡ ਦਿੱਤੇ।

ਕਬਿੱਤ—ਕਾਂਤਿ ਕਲਿ* ਤਾਲ ਮੈਂ ਪ੍ਰਫੁੱਲਤਿ ਬਿਸਾਲ ਦਲ,
ਮ੍ਰਿਦੁਲ ਮ੍ਰਿਦੁਲ ਤੁਲ ਲਾਲ ਲਾਲ ਮਾਨੀਯੇ।
ਰਾਜਤਿ ਮਰਾਲਰਾਜ ਸਿਤਨ ਸਮਾਜ ਪਾਸ,
ਪਾਸੁ ਹੈ ਪਰਾਗ ਦਿਨ ਰੈਨ ਮੈਂ ਸੁਹਾਨੀਯੇ।
ਸ਼ਿਲੀਮੁਖ ਸਿੱਖ ਮਨ ਸੌਰਭ ਅਨੰਦ ਹੇਤੁ,
ਛੋਰਤਿ ਨ ਆਸ ਪਾਸ ਸਦਾ ਸੋ ਭ੍ਰਮਾਨੀਯੇ।
ਉਦਿਕ ਕਰਮ ਛੁਇ ਸਕੈ ਨ ਭਰਮ ਮਲ,
ਐਸੋ ਸ੍ਰੀ ਗੋਬਿੰਦ ਸਿੰਘ ਪਦ ਕੰਜ ਜਾਨੀਯੇ ॥ ੨੪ ॥

[ਕਾਂਤਿ=ਸੁੰਦਰਤਾ।　ਕਲਿ=ਕਲਜੁਗ। ਇਹ ਜ਼ਮਾਨਾ, ਭਾਵ ਸੰਸਾਰ।
ਕਾਂਤਿ ਕਲਿ ਤਾਲ=ਸੰਸਾਰ ਦੇ ਸੁੰਦਰਤਾ ਰੂਪੀ ਤਾਲ ਵਿਚ।]

*ਚਾਰ ਨੁਸਖਿਆਂ ਵਿਚ ਪਾਠ—ਕਲਿ—ਹੈ, ਇਕ ਵਿਚ—ਕਲ—ਹੈ। 'ਕਲਿ' ਵਧੇਰੇ ਸ਼ੁੱਧ ਜਾਪਦਾ ਹੈ।

(ਅ) ਪਾਠਾਂਤ੍ਰ—ਕਲ=ਹੈ। ਕਲ—ਸੁਹਣਾ। ਕਾਂਤਿ ਕਲ ਤਾਲ= ਸੁੰਦਰਤਾ ਰੂਪੀ ਸੁਹਣੇ ਤਲਾ ਵਿਚ।
ਤਾਲ=ਤਲਾ, ਸਰੋਵਰ। ਬਿਸਾਲ=ਵੱਡੇ।
ਦਲ=ਪੱਤੇ। (ਅ) ਦਲ=ਫੌਜ। ਦੋਵੇਂ ਅਰਥ ਸ਼ਲੇਖ ਨਾਲ ਲਗਦੇ ਹਨ। ਕਮਲ ਨਾਲ 'ਦਲ' ਦਾ ਅਰਥ 'ਪੱਤਾ' ਅਤੇ ਚਰਣਾਂ ਨਾਲ 'ਫੌਜਾਂ', ਪਰੰਤੂ ਕਈ ਗਯਾਨੀ 'ਬਿਸਾਲ ਦਲ' ਨੂੰ ਨਿਰਾ ਕਮਲਾਂ ਨਾਲ ਹੀ ਲਾਉਂਦੇ ਹਨ ਤੇ ਉਪਮੇਯ ਨਾਲ ਨਹੀਂ ਲਾਉਂਦੇ। ਐਉਂ ਬੀ ਅਰਥ ਕਰ ਲੈਂਦੇ ਹਨ:—ਕਿ ਜਿੱਕੂੰ ਤਾਲ ਵਿਚ ਚੋੜੇ ਪੱਤਾਂ ਵਾਲਾ ਕਮਲ ਪ੍ਰਫੁੱਲਤ ਹੈ, ਤਿਵੇਂ ਸੁੰਦਰਤਾ ਦੇ ਤਲਾ ਵਿਚ ਚਰਣ ਸ਼ੋਭਾ ਦੇ ਰਹੇ ਹਨ।
ਮ੍ਰਿਦੁਲ=ਕੋਮਲਤਾ। ਤੁਲ=ਬਰੱਬਰ, ਵਰਗੇ।
ਮਾਨੀਯੇ=ਮਾਨ ਹੈ,ਸਮਾਨ ਹੈ,ਮੁਰਾਦ ਹੈ—ਵਰਗੀ,ਤੁੱਲ। (ਅ)ਮੰਨੀ ਜਾਂਦੀ ਹੈ।
ਰਾਜਤਿ=ਬਿਰਾਜ ਰਹੇ ਹਨ। ਸੁਭਾਇਮਾਨ ਹਨ।
ਮਰਾਲਰਾਜ=[ਮਰਾਲ=ਹੰਸ। ਰਾਜ=ਰਾਜਾ,ਵਡਾ] ਰਾਜਹੰਸ। ਪਾਸੁ=ਧੂੜੀ।
ਪਰਾਗ=ਫੁੱਲਾਂ ਦੀਆਂ ਨਰ ਤੁਰੀਆਂ ਉਤੇ ਜੋ ਧੂੜਾ ਹੁੰਦਾ ਹੈ।
ਸ਼ਿਲੀਮੁਖ=ਭੌਰਾ। ਸਿੱਖ ਮਨ=ਸਿੱਖਾਂ ਦੇ ਮਨ। ਸੌਰਭ=ਸੁਗੰਧੀ।
ਹੇਤੁ=ਵਾਸਤੇ। ਆਸ ਪਾਸ=ਸਮੀਪਤਾ।
ਉਦਿਕ=ਪਾਣੀ। ਮਲ=ਮੈਲ, ਚਿੱਕੜ। ਕੰਜ=ਕਵਲ।

ਅਰਥ—(ਗੁਰੂ ਜੀ ਦੇ ਚਰਣਾਂ ਨੂੰ ਕਮਲਾਂ ਨਾਲ ਉਪਮਾ ਦੇਂਦੇ ਹਨ ਕਿ ਜਿਸ ਤਰ੍ਹਾਂ ਕਿਸੇ) ਤਲਾਉ ਵਿਚ ਵਡਿਆਂ ਪੱਤਿਆਂ (ਸਹਿਤ ਕਮਲ) ਪ੍ਰਫੁੱਲਤ ਹੋ ਰਿਹਾ ਹੈ (ਤਿਵੇਂ ਵਡੀਆਂ ਫੌਜਾਂ ਸਹਿਤ, ਗੁਰੂ ਜੀ ਦੇ ਚਰਣ ਕਮਲ) ਸੁਹਣੇ ਸੁੰਦਰਤਾ (ਰੂਪੀ ਤਾਲ ਵਿਚ ਪ੍ਰਫੁੱਲਤ ਹੋ ਰਹੇ ਹਨ), (ਕਮਲਾਂ ਦੀ) ਕੋਮਲਤਾਈ ਵਰਗੀ (ਚਰਣਾਂ ਦੀ) ਕੋਮਲਤਾਈ (ਹੈ, ਅਤੇ ਕਮਲਾਂ ਦੀ) ਲਾਲੀ (ਵਰਗੀ) (ਚਰਣਾਂ ਦੀ) ਲਾਲੀ ਹੈ।

(ਕਮਲ ਵਾਲੇ ਤਾਲ ਉਤੇ) ਰਾਜ ਹੰਸ ਸ਼ੋਭ ਰਹੇ ਹਨ (ਗੁਰੂ ਜੀ) ਪਾਸ ਸੰਤਾਂ ਦਾ ਸਮਾਜ (ਸ਼ੋਭ ਰਿਹਾ ਹੈ), (ਕਮਲ ਉਤੇ) ਪਰਾਗ ਹੈ (ਸਤਿਗੁਰ ਜੀ ਦੇ ਭਗਤ ਵੱਛਲਤਾ ਦੇ ਬਿਰਦ ਪਾਲਨਾ ਕਰਨ ਲਈ ਭਗਤਾਂ ਦੀ ਸਹਾਯਤਾ ਵਿਚ ਧਾਇ ਧਾਇ ਅੱਪੜਨ ਵਾਲੇ ਚਰਣਾਂ ਉੱਤੇ) ਧੂੜੀ (ਸ਼ੋਭ ਰਹੀ) ਹੈ। (ਕਮਲ ਦਿਨੇ ਸ਼ੋਭਦੇ ਤੇ ਰਾਤੀ ਨਹੀਂ ਸ਼ੋਭਦੇ ਪਰ ਚਰਣ) ਰਾਤ ਦਿਨੇ ਸੁਹਾ ਰਹੇ ਹਨ।

(ਕਮਲ ਦੁਆਲੇ) ਭੌਰੇ ਸੁਗੰਧੀ ਲਈ (ਤਿਵੇਂ ਗੁਰੂ ਚਰਣਾਂ ਦੇ ਉਦਾਲੇ) ਸਿਖ-ਮਨ ਆਨੰਦ ਲਈ (ਚਰਣਾਂ ਦੀ) ਸਮੀਪਤਾ ਨਹੀਂ ਛੱਡਦੇ, ਸਦਾ ਦੁਆਲੇ ਘੁੰਮਦੇ ਹਨ।

(ਜਿਵੇਂ ਕਮਲ ਨੂੰ) ਜਲ (ਨਹੀਂ ਪੋਹ ਸਕਦਾ ਤਿਵੇਂ ਗੁਰੂ ਚਰਣਾਂ ਉਤੇ) ਕਰਮ ਆਪਣਾ

ਅਸਰ ਨਹੀਂ ਪਾ ਸਕਦਾ, (ਜਿਵੇਂ) ਚਿੱਕੜ (ਕਮਲ ਨੂੰ ਛੋਹ) ਨਹੀਂ (ਸਕਦਾ, ਤਿਵੇਂ) ਭਰਮ (ਸਤਿਗੁਰ ਦੇ ਚਰਨਾਂ ਨੂੰ ਪੋਹ ਨਹੀਂ ਸਕਦਾ), ਸ੍ਰੀ ਗੁਰੂ ਗੋਬਿੰਦ ਸਿੰਘ (ਜੀ ਦੇ) ਚਰਣਾਂ (ਨੂੰ) ਐਹੋ ਜੇਹਾ ਕਮਲ ਜਾਣੀਦਾ ਹੈ।

ਭਾਵ—ਕਮਲ ਦਾ ਰੂਪਕ ਬੰਨ੍ਹ ਕੇ ਸਤਿਗੁਰ ਦੇ ਚਰਣਾਂ ਨੂੰ ਸਦਰਸ਼ਤਾ ਦੇਂਦੇ ਹਨ, ਪਰ ਉਧਰ ਰੂਪਕ ਆਤਮ ਗੁਣਾਂ ਯਾ ਰੂਹਾਨੀ ਸਿਫਤਾਂ ਦਾ ਬੱਝਦ ਜਾਂਦਾ ਹੈ, ਸੋ ਕਵੀ ਜੀ ਕਹਿੰਦੇ ਹਨ ਕਿ ਐਹੋ ਜੇਹੇ ਕਵਲ ਹਨ ਉਨ੍ਹਾਂ ਦੇ ਚਰਣ। ਪਾਣੀ ਵਿਚ ਖੜੇ ਕਵਲ ਨਹੀਂ, ਜਿਸਦੀ ਨਯੂਨਤਾ ਪਿੱਛੇ ਕਈ ਥਾਂ ਦੱਸਦੇ ਆਏ ਹਨ ਪਰ ਐਸੇ ਕਵਲ ਹਨ ਜੋ ਸੰਸਾਰ ਸਰੋਵਰ ਵਿਚ ਖੜੇ ਆਨੰਦ ਦਾਤੇ, ਕੋਮਲਤਾ ਦੇ ਦਾਤੇ, ਲਾਲ (ਪ੍ਰੇਮ) ਦੇ ਦਾਤੇ, ਕ੍ਰਾਂਤਿ (ਸੁੰਦਰਤਾ) ਦੇ ਦਾਤੇ, ਕਰਮ ਭਰਮ ਸਾਰੇ ਅਸਰਾਂ ਆਵੇਸ਼ਾਂ ਤੋਂ ਸਦਾ ਨਿਰਲੇਪ, ਸੰਤਾਂ ਦੇ ਸਮਾਜ ਦੇ ਭੂਸ਼ਣ, ਇਨ੍ਹਾਂ ਗੁਣਾਂ ਦਾ ਸਮੁਦਾਇ: ਇਕ ਰੂਹਾਨੀ—ਆਤਮਕ—ਕਮਲ ਮਾਨੋਂ ਉਨ੍ਹਾਂ ਦੇ ਚਰਣ ਕਮਲ ਹਨ।

ਸੈਯਾ—ਗੋਬਿੰਦਸਿੰਘ ਗੁਰੂ ਗਤਿਦਾਯਕ ਆਨ ਕੀ ਆਸ ਨਹੀ ਮਨ ਰਾਈ।
ਚਾਤ੍ਰਿਕ ਰੀਤ ਮੁਹੁਰਮੁਹੁ ਰਟ ਸ੍ਵਾਂਤਿ ਦਿਦਾਰ ਕਥੈ ਇਹ ਪਾਈ।
ਜੀਉ ਪਤੰਗ ਸਨੇਹ ਕੀ ਡੋਰ ਬੰਧਾ ਡਗਡੋਲ ਸੁ ਲੇਹੁ ਮਿਲਾਈ।
ਸਿੰਧ ਹੁਤਾਸਨ ਹੈ ਭਵ ਕੀ ਗਤਿ ਮੋਹਿਮਯਾ ਕਰਿ ਲੇਹੁਬਚਾਈ।੨੫।

ਗਤਿਦਾਯਕ=ਮੁਕਤੀ ਦਾਤਾ। ਆਨ=ਦੂਸਰੇ ਦੀ, ਹੋਰ ਦੀ।
ਰਾਈ=ਰਾਈ ਜਿੰਨੀ ਬੀ, ਥੋੜੀ ਜੇਹੀ ਬੀ।
ਚਾਤ੍ਰਿਕ=ਬੰਬੀਹਾ, ਪਪੀਹਾ ਜੋ ਸ੍ਵਾਂਤੀ ਨਛੱਤ੍ਰ ਵਿਚ ਅਕਾਸ਼ਾਂ ਤੋਂ ਵਰਸਣ ਵਾਲੀ ਬੂੰਦ ਨੂੰ ਤਰਸਦਾ ਤੇ 'ਪੀਹੂ' 'ਪੀਹੂ' ਰਟ ਲਾਈ ਰਖਦਾ ਹੈ। ਮੁਰਾਦ—ਅਤਿ ਬਿਹਬਿਲਤਾ ਦੇ ਪਜਾਰ—ਤੋਂ ਹੈ।
ਮੁਹੁਰਮੁਹੁ ਰਟ=ਮੁਹੁ: ਮੁਹੁ:=ਵਾਰ ਵਾਰ। ਰਟ=ਲੋਂਲ, ਕਿਸੇ ਗਲ ਨੂੰ ਬਾਰ ਬਾਰ ਕਹਿਣਾ, ਰਟਣਾ, ਪੁਕਾਰ ਕਰਣੀ।
ਪਤੰਗ=ਗੁਡੀ ਦੀ ਇਕ ਕਿਸਮ, ਜਿਸ ਦੀਆਂ ਦੋ ਪਖਾਂ ਹੁੰਦੀਆਂ ਹਨ ਜੋ ਡੋਰ ਨਾਲ ਅਕਾਸ਼ ਵਿਚ ਉਡਾਈਦੀ ਹੈ,ਬਹੁਤੀ ਹਵਾ ਨਾਲ ਡੋਲਦੀ ਹੈ।
ਡਗ ਡੋਲ—ਡਾਵਾਂ ਡੋਲ।
ਸਿੰਧ ਹੁਤਾਸਨ=[ਸਿੰਧ=ਸਮੁੰਦਰ। ਹੁਤਾਸਨ=ਅੱਗ] ਬੜਵਾਨਲ, ਸਮੁੰਦਰ ਦੀ ਅੱਗ। (ਅ) ਅਗਨ ਸਾਗਰ।
ਯਥਾ—'ਅਗਨਿਸਾਗਰ ਤੇ ਕਾਢਿਆ'।
ਭਵ=ਸੰਸਾਰ। ਗਤਿ=ਹਾਲਤ, ਦਸ਼ਾ। ਮਯਾ=ਕ੍ਰਿਪਾ, ਦਇਆ।

ਅਰਥ—(ਕਵੀ ਜੀ ਆਪਣੇ ਇਸ਼ਟ ਗੁਰੂ ਦਾ ਪਤਾ ਦੱਸ ਕੇ ਉਨ੍ਹਾਂ ਅੱਗੇ ਅਰਦਾਸ

ਕਰਦੇ ਹਨ:-) (ਮੇਰੇ) ਮਨ (ਵਿਚ) ਮੁਕਤੀ ਦਾਤਾ ਗੁਰੂ ਗੋਬਿੰਦ ਸਿੰਘ (ਤੋਂ ਬਿਨਾਂ) ਹੋਰ ਕਿਸੇ ਦੀ ਰਾਈ (ਮਾਤ੍ਰ) ਆਸਾ ਨਹੀਂ ਹੈ।

(ਮੇਰਾ) ਚਾਤ੍ਰਿਕ (ਰੂਪੀ) ਚਿੱਤ ਵਾਰਂਵਾਰ ਪੁਕਾਰ ਕਰ (ਰਿਹਾ ਹੈ ਕਿ:-ਹੇ ਦਾਤੇ) ਇਹ (ਤਰਸੇਂਦਾ ਮਨ) (ਆਪ ਦਾ) ਸ੍ਵਾਂਤੀ (ਬੂੰਦ ਰੂਪੀ) ਦੀਦਾਰ ਕਦੋਂ ਪਾਵੇਗਾ?

(ਮੇਰਾ) ਪਤੰਗ (ਰੂਪੀ) ਜੀਉੜਾ, ਪ੍ਰੇਮ ਦੀ ਡੋਰ (ਨਾਲ) ਬੱਧਾ ਹੋਇਆ ਡਾਵਾਂ ਡੋਲ (ਹੋ ਰਿਹਾ ਹੈ,) ਇਸਨੂੰ (ਨਿਜ ਸ਼ਰਨ ਵਿਚ) ਮਿਲਾ ਲਓ।

ਸੰਸਾਰ ਦੀ ਗਤੀ ਸਾਗਰ ਦੀ ਅਗਨਿ (ਬੜਵਾਨਲ) (ਵਾਂਙੂ) ਹੈ, ਮੈਨੂੰ ਦਇਆ ਕਰਕੇ (ਇਸ ਤੋਂ) ਬਚਾ ਲਓ।

ਭਾਵ—ਪਿੱਛੇ ਕਵੀ ਜੀ ਇਸ਼ਟ ਦੇਵ ਨੂੰ ਨਮਸਕਾਰ ਤੇ ਇਸ਼ਟ ਦੇਵ ਦੇ ਚਰਣਾਂ ਦਾ ਆਰਾਧਨ ਅਤੇ ਚਰਣਾਂ ਦੀ ਮਹਿਮਾ ਕਥਨ ਕਰਦੇ ਆਏ ਹਨ, ਇੱਥੇ ਇਹ ਦੱਸ ਕੇ ਕਿ ਮੇਰਾ ਗੁਰੂ ਹੀ ਕੇਵਲ ਮੁਕਤੀ ਦਾਤਾ ਹੈ ਹੁਣ ਮੈਨੂੰ ਹੋਰ ਕਿਸੇ ਦੀ ਰਾਈ ਜਿੰਨੀ ਬੀ ਆਸ ਨਹੀਂ ਰਹੀ, ਆਪ ਅਪਣੇ ਅੰਤਰਆਤਮੇ ਰਚ ਰਹੇ ਪ੍ਰੇਮ ਦੇ ਤਰੰਗ ਵਿਚ ਇਸ਼ਟ ਅੱਗੇ ਅਰਦਾਸ ਕਰਦੇ ਹਨ ਕਿ ਹੇ ਦਾਤੇ ਅਪਣੇ ਦੀਦਾਰ ਦੀ ਦਾਤ ਬਖਸ਼ੋ। ਅਪਣੇ ਚਿਤ ਦੀ ਸੁਭਾਵਕ ਡੋਲਨੀ ਗਤੀ ਤੇ ਬਾਹਰ ਵਰਤ ਰਹੇ ਸੰਸਾਰ ਦੀ ਅੱਗ ਤੋਂ ਤ੍ਰਾਸ ਖਾਂਦੇ ਤੇ ਯਾਚਨਾ ਕਰਦੇ ਹਨ ਕਿ ਇਸ ਅੱਗ ਤੋਂ ਬਚਾਓ, ਅਰ ਡਾਵਾਂ ਡੋਲ ਹਾਲਤ ਤੋਂ ਅਪਣੇ ਨਾਲ ਟਿਕਾਉ ਬਖਸ਼ੋ। ਡੋਲਣ ਦਾ ਇਲਾਜ ਉਨ੍ਹਾਂ ਦੀ ਸ਼ਰਨ ਦੀ ਪ੍ਰਾਪਤੀ ਹੈ, ਇਸੇ ਕਰਕੇ ਦੁਹਾਈ ਦੇਂਦੇ ਹਨ ਕਿ ਹੇ ਦਾਤੇ ਸ਼ਰਣ ਵਿਚ ਮਿਲਾ ਲਓ।

ਇਸ ਸ੍ਵੈਯੇ ਵਿਚ ਕਵੀ ਜੀ ਦੇ ਨਿਜ ਇਸ਼ਟ ਦਾ ਪੂਰਾ ਪੂਰਾ ਪਤਾ ਖੁੱਲ੍ਹ ਜਾਂਦਾ ਹੈ ਕਿ ਆਪ ਕਿਸੇ ਹੋਰ ਮਜ਼ਹਬ ਦੇ ਪੈਰੋਕਾਰ ਨਹੀਂ ਹਨ, ਕਿਸੇ ਹੋਰ ਅਵਤਾਰ, ਦੇਵੀ, ਦੇਵਤਾ, ਪੀਰ, ਪੈਗੰਬਰ, ਫਕੀਰ ਦੇ ਸੇਵਕ ਨਹੀਂ ਹਨ; ਜਦ ਕਿ ਆਪ ਉਚਾਰਦੇ ਹਨ ਕਿ ਮੇਰੇ ਮਨ ਵਿਚ ਰਾਈ ਜਿਤਨੀ ਬੀ ਆਸ ਕਿਸੇ ਹੋਰਸ ਦੀ ਨਹੀਂ ਹੈ, ਮੇਰੇ ਮੁਕਤੀ ਦਾਤੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਹਨ।

ਇਸ ਖਿਆਲ ਦੇ ਪ੍ਰਗਟ ਹੋਣ ਤੋਂ ਅਰ ਉਸ ਪ੍ਰੇਮ ਵਿਚ ਭਿੱਜੀ ਅਰਦਾਸ ਤੋਂ ਜੋ ਇਸ ਸ੍ਵੈਯੇ ਵਿਚ ਹੈ, ਉਨ੍ਹਾਂ ਦੇ ਇਸ਼ਟ ਦੇਵ ਦਾ ਨਿਰਸੰਸੇ ਪਤਾ ਲਗ ਜਾਂਦਾ ਹੈ।

ਕਬਿੱਤ—ਦੋਊ ਕਰ ਬੰਦਕਰਿ ਬੰਦਤਿ ਗੋਬਿੰਦ ਸਿੰਘ,
ਦੇਤਿ ਹੈਂ ਅਨੰਦ, ਸੁਖਕੰਦ; ਅਘ ਮੰਦ ਹੀ।
ਸਯਾਲ ਤੇ ਮ੍ਰਿਗਿੰਦ, ਪਟਬੀਜਨੇ ਦਿਨਿੰਦ ਕਰੇ,
ਕੀਟ ਤੇ ਗਜਿੰਦ, ਪੰਥ ਦਯੋ ਗਤਿਵੰਦ ਹੀ।

ਮਸ਼ਕਾ ਖਗਿੰਦ, ਜਿਨ ਕਾਕ ਤੇ ਮਰਾਲ ਬ੍ਰਿੰਦ,
ਰੰਕ ਜੇ ਨਰਿੰਦ ਕਰੇ, ਬੰਦਤਿ ਮੁਕੰਦ ਹੀ।
ਸੁੰਦਰ ਮੁਖਾਰਬਿੰਦ ਸੋਹਤਿ ਸੰਤੋਖ ਸਿੰਘ,
ਹੀਨ ਜੋ ਕਲੰਕ ਤੋ ਸਮਾਨ ਹੋਤਿ ਚੰਦ ਹੀ ॥ ੨੬ ॥

ਕਰ=ਹੱਥ। ਬੰਦ ਕਰਿ=ਜੋੜਕੇ। ਬੰਦਤਿ=ਮੱਥਾ ਟੇਕਦਾ ਹਾਂ।
ਅਘ=ਪਾਪ। ਕੰਦ=ਫਲ। ਬੱਦਲ।
ਮੰਦ=ਮੰਦ ਕਰਨਾ, ਮਾਤ ਪਾ ਦੇਣਾ, ਨਾਸ਼ ਕਰਨਾ।
ਸਜ਼ਾਲ=ਗਿੱਦੜ। [ਸੰਸ:, ਸ਼੍ਰਿਗਾਲ। ਪ੍ਰਾਕ੍ਰਿਤ, ਸਯਾਲ]
ਮ੍ਰਿਗਿੰਦ=ਮ੍ਰਿਗਾਂ ਦਾ ਇੰਦ੍ਰ, ਸ਼ੇਰ।
ਪਟਬੀਜਨੇ=ਟਟੈਣੇ, ਜੁਗਨੂ। ਦਿਨਿੰਦ=ਦਿਨ ਦਾ ਰਾਜਾ, ਸੂਰਜ।
ਕੀਟ=ਕੀੜੀ। ਗਜਿੰਦ=ਹਾਥੀ, ਵਡਾ ਹਾਥੀ, ਐਰਾਵਤ ਹਾਥੀ।
ਪੰਥ=ਰਸਤਾ, ਪੰਥ, ਧਰਮ।
ਗਤਿਵੰਦ ਪੰਥ=ਮੁਕਤੀ ਵਾਲਾ ਰਸਤਾ, ਯਾ ਮੁਕਤੀ ਵਾਲਾ ਪੰਥ, ਓਹ ਪੰਥ ਜੋ ਮੁਕਤੀ ਨੂੰ ਪ੍ਰਾਪਤ ਹੈ, ਭਾਵ ਖਾਲਸਾ ਪੰਥ।
ਮਸ਼ਕਾ=ਮੱਛਰ। ਖਗਿੰਦ=ਗਰੁੜ।
ਕਾਕ=ਕਾਂ। ਪਾਠਾਂਤ੍ਰ—ਕਾਭ—ਬੀ ਕਿਸੇ ਕਿਸੇ ਨੁਸਖੇ ਵਿਚ ਮਿਲਿਆ ਹੈ, ਕਾਭ ਦਾ ਅਰਥ ਹੈ—ਬਗਲਾ।
ਮਰਾਲ=ਹੰਸ। ਬ੍ਰਿੰਦ=ਸਮੂਹ, ਸਾਰੇ। ਰੰਕ=ਕੰਗਾਲ।
ਤੇ=ਤੋਂ (ਅ) ਓਹ, ਸੋ। ਨਰਿੰਦ=ਰਾਜੇ।
ਬੰਦਤਿ ਮੁਕੰਦ=ਜੋ ਬੰਦੀ ਸਨ ਸੋ ਮੁਕਤ ਕੀਤੇ ਅਰਥਾਤ ਜੋ ਗ਼ੁਲਾਮ ਸਨ ਸੋ ਆਜ਼ਾਦ ਕੀਤੇ। ਬੰਦਤਿ=ਬੰਦੀ ਵਿਚ ਜੋ ਹੋਣ, ਗ਼ੁਲਾਮ।
ਮੁਕੰਦ=ਮੁਕਤ, ਖੁੱਲ੍ਹੇ, ਆਜ਼ਾਦ, ਆਜ਼ਾਦ ਕੀਤੇ।
ਮੁਖਾਰਬਿੰਦ=ਮੁਖ+ਅਰਬਿੰਦ—ਮੁਖ ਕਮਲ। ਕਮਲ ਵਾਂਙੂ ਸੁਹਣਾ ਮੁਖੜਾ।

ਅਰਥ—ਦੋਵੇਂ ਹੱਥ ਜੋੜਕੇ (ਮੈਂ ਸ੍ਰੀ ਗੁਰੂ) ਗੋਬਿੰਦ ਸਿੰਘ (ਜੀ ਨੂੰ) ਬੰਦਨਾ ਕਰਦਾ ਹਾਂ, (ਜੋ ਆਤਮ) ਅਨੰਦ (ਅਤੇ) ਸੁਖ (ਰੂਪੀ) ਫਲ (ਸੰਸਾਰਕ ਸੁਖ) ਦੇਂਦੇ ਹਨ, (ਅਤੇ) ਪਾਪਾਂ ਦਾ ਨਾਸ਼ ਕਰਦੇ ਹਨ।

(ਨਿਸ਼ਚੇ ਜਿਨ੍ਹਾਂ ਨੇ) ਗਿੱਦੜਾਂ ਤੋਂ ਸ਼ੇਰ, (ਅਤੇ) ਟਟੈਣਿਆਂ (ਨੂੰ) ਸੂਰਜ, ਕੀੜੀਆਂ ਤੋਂ ਹਾਥੀ ਬਣਾ ਦਿੱਤਾ (ਅਤੇ) ਮੁਕਤੀ ਵਾਲਾ ਪੰਥ (ਜਗਤ ਨੂੰ) ਦਿੱਤਾ।

ਜਿਨ੍ਹਾਂ ਨੇ ਮੱਛਰਾਂ (ਨੂੰ) ਗਰੁੜ (ਬਨਾਇਆ) (ਅਤੇ) ਕਾਵਾਂ ਤੋਂ ਹੰਸਾਂ ਦੇ ਸਮੂਹ (ਕਰ ਦਿੱਤੇ) (ਅਤੇ) ਜਿਹੜੇ ਕੰਗਾਲ (ਸਨ) (ਸੋ) ਰਾਜੇ ਬਣਾ ਦਿੱਤੇ, (ਜਿਹੜੇ) ਗ਼ੁਲਾਮ (ਸਨ ਸੋ) ਆਜ਼ਾਦ ਕਰ ਦਿੱਤੇ।

(ਐਸੇ ਪ੍ਰਤਾਪਸ਼ੀਲ ਸਤਿਗੁਰ ਗੋਬਿੰਦ ਸਿੰਘ ਜੀ ਦਾ) ਸੁਹਣਾ ਮੁਖਾਰਬਿੰਦ (ਐਸੀ ਨਿਰਮਲ ਤੇ ਅਖੰਡ) ਸ਼ੋਭਾ ਦੇ ਰਿਹਾ ਹੈ (ਕਿ) ਜੇ ਚੰਦ੍ਰਮਾਂ ਅਕਲੰਕ (ਹੁੰਦਾ) ਤਾਂ (ਮੁਖੜੇ) ਵਰਗਾ (ਸੁੰਦਰ ਕਹਿਲਾਉਣ ਜੋਗਾ) ਹੋ ਜਾਂਦਾ ।

ਭਾਵ—ਸਤਿਗੁਰੂ ਜੀ ਦੇ ਕਰਨੀਆਂ ਦੇ ਇਸ਼ਾਰੇ ਦੇਕੇ ਉਨ੍ਹਾਂ ਦੇ ਐਸੇ ਉਪਕਾਰੀ ਮੁਖੜੇ ਨੂੰ ਚੰਦ ਦੀ ਸੁੰਦਰਤਾ ਦੀ ਸ਼ੋਭਾ ਦੇਣੋ ਨਾਂਹ ਕਰ ਰਹੇ ਹਨ। ਉਨ੍ਹਾਂ ਦਾ ਇੱਡਾ ਸੁਹਣਾ ਰੂਪਕ ਬੰਨ੍ਹਕੇ ਅਗਲੇ ਕਬਿੱਤ ਵਿਚ ਫੇਰ ਅਪਣੀ ਪ੍ਰੇਮ ਭਰੀ ਅਰਦਾਸ ਕਰਦੇ ਹਨ। ਇਹ ਅਗਲੀ ਬੇਨਤੀ ਐਸੀ ਸੁਹਣੀ ਹੈ ਕਿ ਪੰਥ ਵਿਚ ਹਜ਼ਾਰਾਂ ਲੋਕਾਂ ਦੇ ਯਾਦ ਹੈ ਅਰ ਹਜ਼ਾਰਾਂ ਬਿਨਯ ਵਾਲੇ ਮਨਾਂ ਨੇ ਇਹ ਅਰਦਾਸ ਕੀਤੀ ਹੈ, ਤੇ ਕਰਨਗੇ।

ਕਬਿੱਤ—ਤੋਸੋ ਨਹੀਂ ਦਾਤਾ ਕੋਊ, ਮੋਸੋ ਨ ਭਿਖਾਰੀ ਦੀਨ,
ਤੋਸੋ ਨ ਦਯਾਲੁ, ਦੁਖੀ ਮੋਸੋ ਨ ਅਲਾਈਏ ।
ਮੋਸੋ ਨਹੀ ਕ੍ਰਿਤਘਨ, ਤੋਸੋ ਉਪਕਾਰੀ ਨਾਂਹਿ,
ਮੋਸੋ ਨ ਅਨਾਥ, ਨਾਥ ਤੋਸੋ ਨ ਬਤਾਈਏ।
ਔਗੁਨੀ ਨ ਮੋਸੋ ਕੋਊ, ਗੁਨਵਾਨ ਤੋਸੋ ਨਹੀਂ,
ਜਪ ਤਪ ਬ੍ਰਤ ਮੋ ਮੈਂ ਏਕ ਨਹਿੰ ਪਾਈਏ।
ਕਵਿ ਆਯੋ ਹੈ ਸ਼ਰਨ, ਗਹੇ ਧਾਇਕੈ ਚਰਨ,
ਗੁਰੂ ਤਾਰਨ ਤਰਨ, ਨਿਜ ਹਾਥ ਦੈ ਬਚਾਈਏ ॥ ੨੭ ॥

{ ਅਲਾਈਏ=ਕਹੀਦਾ । ਦੱਸੀਦਾ । ਕ੍ਰਿਤਘਨ=ਜੋ ਕੀਤਾ ਨਾ ਜਾਣੇ ।
ਅਨਾਥ=ਨਿਖ਼ਸਮਾ, ਬੇ ਆਸਰਾ । ਨਾਥ=ਮਾਲਕ, ਸੁਆਮੀ ।
ਨਿਜ=ਆਪਣਾ । ਤਾਰਨ=ਤਾਰਨਹਾਰ । ਤਰਨ=ਜਹਾਜ਼ । }

ਅਰਥ—(ਕਵਿ ਜੀ ਸਤਿਗੁਰ ਜੀ ਦੇ ਚਰਣਾਂ ਵਿਚ ਪ੍ਰਾਰਥਨਾ ਕਰਦੇ ਹਨ) (ਹੇ ਗੁਰੂ ਗੋਵਿੰਦ ਸਿੰਘ ਜੀਓ) ਤੇਰੇ ਵਰਗਾ (ਵਡਾ) ਕੋਈ (ਹੋਰ) ਸਖੀ ਨਹੀਂ, (ਤੇ) ਮੇਰੇ ਵਰਗਾ (ਕੋਈ) ਗ਼ਰੀਬ ਮੰਗਤਾ ਨਹੀਂ, ਤੇਰੇ ਵਰਗਾ ਦਿਆਲੂ ਨਹੀਂ (ਤੇ) ਮੇਰੇ ਵਰਗਾ ਦੁਖੀ ਕੋਈ ਨਹੀਂ ਦੱਸੀਦਾ ।

ਮੇਰੇ ਵਰਗਾ (ਹੋਰ ਕੋਈ) ਕ੍ਰਿਤਘਨ ਨਹੀਂ (ਤੇ) ਤੇਰੇ ਵਰਗਾ (ਹੋਰ ਕੋਈ) ਉਪਕਾਰੀ ਨਹੀਂ, ਮੇਰੇ ਵਰਗਾ (ਹੋਰ) ਅਨਾਥ (ਕੋਈ) ਨਹੀਂ (ਤੇ) ਤੇਰੇ ਵਰਗਾ (ਹੋਰ ਕੋਈ) ਨਾਥ ਨਹੀਂ ਦੱਸੀਦਾ ਹੈ ।

(ਹੇ ਦਾਤਾ !) ਤੇਰੇ ਵਰਗਾ ਗੁਣਵਾਨ (ਹੋਰ ਹੈ) ਨਹੀਂ (ਤੇ) ਮੇਰੇ ਵਰਗਾ ਗੁਣਹੀਨ (ਹੋਰ) ਕੋਈ ਨਹੀਂ; ਜਪ, ਤਪ, ਬ੍ਰਤ (ਆਦਿ ਦੇਵੀ ਗੁਣ) ਮੇਰੇ ਵਿਚ ਇਕ (ਭੀ) ਨਹੀਂ ਲੱਭਦਾ ।

(ਤਾਂਤੇ ਮੈਂ) ਕਵਿ (ਆਰਤ ਤੇ ਆਤੁਰ ਹੋਕੇ ਹੇ ਸੂਰੇ) ਗੁਰੂ! (ਤੇਰੀ) ਸ਼ਰਨ ਆਯਾ ਹਾਂ, (ਤੇ) ਦੌੜਕੇ (ਤੇਰੇ) ਚਰਣ ਆ ਫੜੇ ਹਨ, ਹੇ ਤਾਰਨਹਾਰ ਜਹਾਜ਼ (ਰੂਪ ਗੁਰੂ! ਆਪਣਾ ਹੱਥ ਦੇਕੇ (ਮੈਨੂੰ) ਬਚਾ ਲਓ।

ਕਬਿੱਤ—ਅੰਤਕ ਕੀ ਪਾਸਿਨ ਬਚਾਇ ਨਿਜ ਦਾਸਨ ਕੋ,
ਹਾਥ ਮੈਂ ਸਰਾਸਨ ਅਰੂਢਤਿ ਤੁਰੰਗ ਕੇ।
ਕਮਲ ਬਿਸਾਲ ਦਲ ਲੋਚਨ ਦਯਾਲੁ ਕਲਿ
ਲੋਕਨ ਬਿਲੋਕਕੈ ਅਸ਼ੋਕ ਕਰੇ ਸੰਗ ਕੇ।
ਸੋਚਨ ਬਿਮੋਚਨ ਕੋ ਪੋਚਨ ਸੰਕੋਚੇ ਜਗ,
ਨਯੋ ਪੰਥ ਧਾਰੀ, ਬਲਿਹਾਰੀ ਅੰਗ ਅੰਗ ਕੇ।
ਪਾਗ ਜਿਗ੍ਹਾ ਸੰਗ ਖਚੇ ਮਾਨਿਕ ਸੁਰੰਗ ਰੰਗ
ਵਾਰੌਂ ਮੈਂ ਉਮੰਗ ਮਨ ਕਲਗ਼ੀ ਉਤੰਗ ਕੇ॥ ੨੮॥

[ਅੰਤਕ=ਯਮ। ਪਾਸਿਨ=ਫਾਹੀ, ਫਾਹੀਆਂ। [ਸੰਸ:; ਪਾਂਸ਼ੁ। ਹਿੰਦੀ, ਫਾਂਸ, ਪਾਂਸ]
ਬਚਾਇ=ਬਚਾ ਲੈਂਦੇ ਹਨ। ਸਰਾਸਨ=ਕਮਾਨ, ਧਨੁਖ (ਅ) ਚਲਾਏ ਜਾਣ ਵਾਲੇ ਤੀਰ। (ੲ) ਧਨੁਖਬਾਨ।
ਅਰੂਢਤ=ਚੜੇ ਹੋਏ, (ਘੋੜੇ) ਚੜੇ ਹੋਏ। ਤੁਰੰਗ=ਘੋੜਾ।
ਕੇ=ਉਤੇ। ਬਿਸਾਲ=ਵਡੇ। ਦਲ=ਪੰਖੜੀ।
ਲੋਚਨ=ਨੈਣ, ਅੱਖਾਂ।
ਕਲਿ=ਕਲਜੁਗ। ਕਲਿਲੋਕਨ=ਕਲਿਜੁਗ ਦੇ ਲੋਕਾਂ ਨੂੰ।
ਵਿਲੋਕਕੇ=ਤੱਕ ਕੇ, ਵੇਖਕੇ। (ਅ) ਨਜ਼ਰ ਨਾਲ।
ਅਸ਼ੋਕ=ਸ਼ੋਕ ਤੋਂ ਰਹਿਤ, ਸੁਖੀ ਕਰ ਦੇਣਾ।
ਸੰਗ=ਰੁਕ, ਰੋਕ। ਸੰਗ+ਵਿਲੋਕ+ਕੇ=ਸ਼ੰਕਾਂ ਨਾਲ ਤੱਕ ਕੇ। (ਅ) ਸ਼ੰਕਾਂ ਵਾਲੀ ਨਜ਼ਰ ਨਾਲ। ਭਾਵ, ਕਨਾਯਾ ਮਾਤ੍ਰ ਨਾਲ, ਮਟੱਕੇ ਮਾਤ੍ਰ ਨਾਲ।
ਸੋਚਨ=ਸੋਚਾਂ, ਫਿਕਰ, ਗ਼ਮ। ਚਿੰਤਾ ਵਾਲੇ ਤੋਂ ਮੁਰਾਦ ਹਿੰਦੂਆਂ ਤੋਂ ਹੈ ਜੋ ਰਾਜ ਦੇ ਜ਼ੁਲਮ ਕਰਕੇ ਚਿੰਤਾ ਵਿਚ ਸਨ।
ਬਿਮੋਚਨ ਕੋ=ਦੂਰ ਕਰਨ ਵਾਲੇ ਨੂੰ।
ਪੋਚਨ=ਫ਼ਾਰਸੀ ਪੂਚ, ਹਿੰਦੀ ਪੋਚ—ਭੈੜੇ ਲੋਕ, ਦੁਸ਼ਟਤਾ ਵਾਲੇ, ਨੀਚ, ਬੁਰੇ=ਲੋਕ, ਇਸ਼ਾਰਾ ਤੁਰਕਾਂ ਵਲ ਹੈ। ਇਸ ਤੁਕ ਦੇ ਇਹ ਅਰਥ ਬੀ ਲਾਉਂਦੇ ਹਨ:—੧. ਜਗਤ ਵਿਚ ਜੋ (ਜਾਤੀ

ਕਰਕੇ) ਨੀਵੇਂ ਸਨ, ਉਨ੍ਹਾਂ ਤੋਂ ਜਿਨ੍ਹਾਂ ਨੂੰ ਸੰਕੋਚ ਨਹੀਂ ਸੀ, ਐਸੇ ਗੁਰੂ ਗੋਬਿੰਦ ਸਿੰਘ ਜੀ। ੨. ਜਗਤ ਵਿਚ ਜੋ (ਜਾਤੀ) ਕਰਕੇ ਨੀਵੇਂ ਸਨ ਉਹ ਸੰਕੋਚ ਦਿੱਤੇ, ਅਰਥਾਤ ਘਟਾ ਦਿੱਤੇ।

ਪ੍ਰਸ਼ਨ—ਕਿਵੇਂ ਘਟਾਏ ? ਕਿ ਅੰਮ੍ਰਿਤ ਛਕਾ ਉੱਚੇ ਕਰ ਲਏ, ਐਉਂ ਓਹ ਘਟ ਗਏ। ੩. ਨੀਚ 'ਬੁਰੇ ਲੋਕ) ਗੁਰੂ ਜੀ ਨੂੰ ਵੇਖਕੇ ਸੰਕੋਚੇ ਭਾਵ ਸ਼ਰਮਿੰਦੇ ਹੋ ਗਏ।

ਜਿਗ੍ਹਾ=ਦਸਤਾਰ ਉਤੇ ਪਹਿਨਣ ਦਾ ਇਕ ਰਾਜਸੀ ਗਹਿਣਾ।

ਖਚੇ=ਜੜੇ ਹੋਏ। ਉਤੰਗ=ਉੱਚੀ।

ਅਰਥ—(ਕਵਿ ਜੀ ਸ਼੍ਰੀ ਗੁਰੂ ਜੀ ਦੇ ਘੋੜੇ ਤੇ 'ਅਸਵਾਰ ਦਰਸ਼ਨ' ਦੀ ਮਾਨੋਂ ਤਸਵੀਰ ਖਿੱਚਦੇ ਹਨ:—)

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋ) ਯਮ ਦੀ ਫਾਹੀ (ਤੋਂ) ਅਪਣੇ ਦਾਸਾਂ ਨੂੰ ਬਚਾ ਲੈਂਦੇ ਹਨ, (ਐਸ ਵੇਲੇ) ਹੱਥ ਵਿਚ ਧਨੁਖ ਬਾਨ (ਲਈ) ਘੋੜੇ ਉਤੇ ਚੜ੍ਹੇ (ਸੁਭਾਇਮਾਨ ਹੋ) ਰਹੇ ਹਨ।

ਵਡੇ ਕਮਲ ਦੀ ਪੰਖੜੀ (ਵਰਗੇ ਆਪ ਦੇ ਸੁੰਦਰ) ਨੈਣ (ਐਤਨੇ) ਦਯਾਲੂ (ਹਨ ਕਿ) ਕਲਿਜੁਗ ਦੇ ਲੋਕਾਂ ਨੂੰ ਮਟੱਕੇ ਮਾਤ੍ਰ (ਨਾਲ) ਤੱਕਕੇ (ਹੀ) ਸੁਖੀ ਕਰ ਦੇਂਦੇ ਹਨ*।

(ਦੁਖੀ ਦਰਦਵੰਦਾਂ ਦੀਆਂ) ਸੋਚਾਂ ਨੂੰ ਦੂਰ ਕਰਨ ਵਾਲੇ (ਸ੍ਰੀ ਗੁਰੂ ਜੀ ਦਾ ਐਸਾ ਦਰਸ਼ਨ ਦੇਖਕੇ) ਜਗਤ ਦੇ ਬੁਰੇ ਲੋਕ (ਭੈ ਨਾਲ) ਸੰਕੋਚ (ਖਾ ਗਏ), (ਪਰ ਹੇ) ਨਵੇਂ ਪੰਥ ਦੇ ਰਚਨਹਾਰ ! (ਤੇਰੇ ਇਸ ਦਰਸ਼ਨ ਨੂੰ ਦੇਖਕੇ ਮੈਂ) ਅੰਗ ਅੰਗ ਤੋਂ ਸਦਕੇ (ਹਾਂ)।

(ਸਦਕੇ ਤੇਰੀ) ਦਸਤਾਰ (ਤੋਂ, ਜਿਸ ਉਤੇ ਸੁਹਣੇ ੩) ਰੰਗ ਰੰਗ ਦੇ ਰਤਨਾਂ ਨਾਲ ਜੜੀ ਹੋਈ ਜਿਗ੍ਹਾ (ਫਬ ਰਹੀ ਹੈ, ਹਾਂ ਜਿਸ ਵਿਚ) ਉੱਚੀ ਕਲਗੀ (ਸ਼ੋਭਾ ਦੇ ਰਹੀ ਹੈ, ਉਸ) ਉਤੋਂ, ਮੇਰੀ ਉਮੰਗ ਹੈ (ਕਿ ਆਪਣਾ ਇਹ ਵਿਮੋਹਿਤ) ਮਨ ਵਾਰ ਦਿਆਂ।

ਸ੍ਵੈਯਾ—

ਛਬਿ ਛਾਪ ਛਲਾਯਨ ਚਾਰੁ ਛਕੀ ਕਟ ਤੇ ਤਟ ਕਾਛ ਕਛੀ ਬਿਧਿ ਆਛੀ।
ਕਰ ਕੰਕਨ ਕੰਚਨ ਹੀਰ ਗਚੇ ਬਿਚ ਚੰਚਲ ਲੋਚਨ ਜਿਉਂ ਜਲ ਮਾਛੀ।
ਗਰ ਪ੍ਰਾਬ੍ਰਿਤ ਨੀਵ ਮਨੋਗ ਬਨ੍ਯੋ ਬਰ ਚੀਰਨ ਕੀ ਕਰਿ ਪੋਸ਼ਿਸ਼ ਕਾਛੀ।
ਖਰ ਤੀਰ ਧਰੇ ਕਰ ਫੇਰਤਿ ਹੇਰਤਿ ਦੇਹਿ ਧਰੇ ਨਰ ਪੂਰਨ ਸਾਛੀ ॥੨੯॥

*ਐਉਂ ਬੀ ਅਰਥ ਲਾਉਂਦੇ ਹਨ:—(ਸਤਿ) ਸੰਗ ਦੇ ਲੋਕਾਂ ਨੂੰ (ਕ੍ਰਿਪਾ ਨਾਲ) ਤੱਕ ਕੇ (ਅਸ਼ੋਕ=) ਨਿਹਾਲ ਕਰ ਦੇਂਦੇ ਹਨ।

ਛਬਿ=ਛਬੀ, ਸੁੰਦਰਤਾ। ਛਾਪ=ਛਾਪਾਂ, ਮੁੰਦਰੀਆਂ, ਜਿਨ੍ਹਾਂ ਵਿਚ ਨਗ ਜੜੇ ਹੁੰਦੇ ਹਨ। ਪਰ ਵਿਸ਼ੇਸ਼ ਕਰਕੇ ਛਾਪ ਉਹ ਹੈ ਜਿਸ ਦੇ ਥੇਵੇ ਵਿੱਚ ਅੱਖਰ ਉੱਕਰੇ ਹੋਣ, ਮੋਹਰ।

ਛਲਾਯਨ=ਛੱਲੇ, ਜਿਹੜੇ ਸਾਦੇ ਹੋਣ ਤੇ ਜੋ ਅਕਸਰ ਗੋਲ ਹੁੰਦੇ ਹਨ।

ਚਾਰੁ=ਸੁੰਦਰਤਾ। ਛਕੀ=ਛਕਨਾ* ਦਾ ਅਰਥ ਅਸਚਰਜ† ਕਰਨਾ ਹੈ।–ਛਕੀ–ਦਾ ਭਾਵ ਹੈ, ਵਿਸਮਾਦ ਦੇ ਨੇੜੇ ਲੈ ਜਾਂਦੀ ਹੈ।

ਕਟ=ਲੱਕ। ਤਟ=ਪਾਸ। ਕਾਛ=ਕੱਛ, ਕਛਹਿਰਾ।

ਕਛੀ=ਕੱਸੀ ਹੋਈ, ਪਹਿਨੀ ਹੋਈ। [ਕਾਛਨਾ=ਪਹਿਨਣਾ]।

ਆਛੀ=ਅਛੀ ਬਿਧਿ ਨਾਲ, ਚੰਗੀ ਤਰ੍ਹਾਂ। ਕਰ=ਹੱਥ।

ਕੰਕਨ=ਕੜੇ। ਕੰਚਨ=ਸੋਨਾ। ਹੀਰ=ਹੀਰੇ। ਗਚੇ=ਜੜੇ ਹੋਏ।

ਚੰਚਲ=ਅਟਿਕਵੇਂ। } ਨਾ ਟਿਕਣ ਵਾਲੇ ਹੋ ਰਹੇ ਹਨ ਨੈਣ। ਭਾਵ ਨਜ਼ਰ
ਲੋਚਨ=ਅੱਖਾਂ, ਨੈਣ। } ਨਹੀਂ ਟਿਕਦੀ।

ਮਾਛੀ=ਮੱਛੀ। ਗਰ=ਗਲ, ਗਲੇ ਵਿਚ। ਪ੍ਰਾਬ੍ਰਿਤ=ਚੋਗਾ, ਉਪਰਲਾ ਜਾਮਾ। [ਸੰਸਃ, ਪ੍ਰਾਵ੍ਰਿਤ]। ਨੀਵ=ਨੀਵਾਂ।

ਮਨੋਗ=ਮਨ ਹਰਨ ਵਾਲਾਂ, ਮਨ ਨੂੰ ਪ੍ਰਸੰਨ ਕਰਨ ਵਾਲਾ।

ਬਰ=ਚੰਗੇ, ਵਧੀਆ, ਕੀਮਤੀ। ਚੀਰਨ=ਕਪੜਿਆਂ।

ਕਾਛੀ=ਪਹਿਨਿਆਂ ਹੋਇਆ ਹੈ।

ਖਰ=ਤ੍ਰਿਖਾ। ਪਰ ਜੇ ਇੱਥੇ ਅਸਲ ਪਾਠ–'ਧਨੁ'–ਹੋਵੇ, ਐਉਂ–'ਧਨੁ ਤੀਰ ਧਰੇ ਕਰ ਫੇਰਤਿ ਹੇਰਤਿ'। ਫੇਰ ਅਰਥ ਇਹ ਬਣੇਗਾ–'ਧਨੁਖ ਬਾਣ ਉਤੇ ਹੱਥ ਰੱਖੇ ਚਾਰ ਚੁਫੇਰੇ ਇਸ ਨੂੰ ਫੇਰਦੇ ਤੇ ਆਪ ਬੀਰਾਸਨ ਹੋਏ ਨਿਸ਼ਾਨਾ ਢੂੰਡਣ ਲਈ ਤੱਕ ਰਹੇ ਹਨ'। ਕਿਉਂਕਿ ਜੇ ਸਤਿਗੁਰ ਜੀ ਚੋਕੜਾ ਮਾਰ ਕੇ ਬੈਠੇ ਸਨ ਤਾਂ ਨੀਵੇਂ ਪ੍ਰਾਵ੍ਰਿਤ ਹੇਠੋਂ ਕਛਹਿਰਾ ਨਹੀਂ ਦਿੱਸ ਸਕਦਾ। ਜੇ ਬੀਰਾਸਨ ਹਨ ਤਾਂ ਪ੍ਰਾਵ੍ਰਿਤ ਇਧਰ ਉਧਰ ਫੈਲਕੇ ਕਛਹਿਰਾ ਕੱਸਿਆ ਹੋਇਆ ਬੀ ਦਿੱਸ ਸਕਦਾ ਹੈ, ਤੇ ਤੀਰ ਉਤੇ ਹਥ ਧਰੇ ਫੇਰਨ ਤੇ ਹੇਰਨ ਵਿਚ ਲਾਵੰਨਤਾ ਬੀ ਵਧਦੀ ਹੈ, ਜਦ ਕਵੀ ਜੀ ਨੂੰ ਗੁਰੂ ਸਾਹਿਬ ਬੀਰਾਸਨ ਹੋਏ ਧਨੁਖ ਤੀਰ ਧਾਰੇ ਹੋਏ ਨਿਸ਼ਾਨਾ ਢੂੰਡਣ ਵਾਲੇ ਰੰਗ ਵਿਚ ਚੰਚਲਤਾ ਨਾਲ ਧਨੁਖ ਬਾਣ ਫੇਰਦੇ ਦਿੱਸ ਰਹੇ ਹੋਣ।

ਹੇਰਤਿ=ਦੇਖ ਰਹੇ ਹਨ।

ਸਾਛੀ=ਦ੍ਰਿਸ਼ਟਾ। ਦੇਖਣ ਵਾਲਾ। ਪਾਰਬ੍ਰਹਮ ਪਰਮੇਸ਼ੁਰ। [ਸੰਸਃ, ਸਾਕ੍ਸ਼ੀ]

*'ਛਕਨਾ' ਦੇ ਹੋਰ ਅਰਥ:–ਨਸ਼ੇ ਵਿਚ ਮਸਤ ਹੋਣਾ, ਰੱਜਣਾ।

† ਜਿਸ ਨੂੰ ਹੁਣ ਪੱਛਮੀ ਲੋਕ aestheties ਆਖਦੇ ਹਨ।

ਅਰਥ–(ਹੁਣ ਕਵੀ ਜੀ ਸਤਿਗੁਰ ਜੀ ਦੇ–ਬੀਰਾਸਨ–ਦਰਸ਼ਨ ਦੀ ਮੂਰਤੀ ਬੰਨ੍ਹਦੇ ਹਨ) ਛਾਪਾਂ ਦੀ ਛਬੀ ਤੇ ਛੱਲਿਆਂ ਦੀ ਸੁੰਦਰਤਾ (ਦਰਸ਼ਨ ਕਰਨ ਵਾਲੇ ਨੂੰ) ਵਿਸਮਾਦ (ਰਸ ਦਾਨ) ਕਰ ਰਹੀ ਹੈ, ਲੱਕ ਉਤੇ ਚੰਗੀ ਬਿਧਿ ਨਾਲ ਕੱਛ ਕੱਸੀ ਹੋਈ ਹੈ।

ਹੀਰਿਆਂ (ਨਾਲ) ਜੜੇ ਹੋਏ ਸੋਨੇ ਦੇ ਕੜੇ ਹੱਥਾਂ (ਵਿਚ ਪਾਏ ਹੋਏ ਹਨ) (ਦੇਖਣ ਵਾਲਿਆਂ ਦੇ) ਨੈਣ (ਉਨ੍ਹਾਂ ਹੀਰਿਆਂ ਦੀ ਚਮਕ ਵਿਚ ਐਉਂ) ਚੰਚਲ ਹਨ, ਜਿਉਂ ਜਲ (ਵਿਚ) ਮੱਛੀ (ਭਾਵ ਹੀਰਿਆਂ ਦੀ ਦਮਕ ਵਿਚ ਨਜ਼ਰ ਨਹੀਂ ਟਿਕਦੀ)।

ਗਲ (ਵਿਚ) ਨੀਵਾਂ ਜਾਮਾਂ ਮਨ ਨੂੰ ਪ੍ਰਸੰਨ ਕਰਨ ਵਾਲਾ (ਪਿਆ) ਫਬ ਰਿਹਾ ਹੈ, (ਨਾਲ) ਚੰਗੇ (ਵਧੀਆ) ਕਪੜਿਆਂ ਦੀ ਬਣੀ ਹੋਈ (ਹੋਰ ਸਾਰੀ) ਪੁਸ਼ਾਕ ਪਹਿਨੀ ਹੋਈ ਹੈ।

ਤ੍ਰਿੱਖਾ ਤੀਰ ਹਥ (ਵਿਚ) ਲੈਕੇ (ਉਸਨੂੰ) ਘੁਮਾਉਂਦੇ ਹੋਏ ਦੇਖ ਰਹੇ ਹਨ, (ਹਾਂ, ਪਰੀ) ਪੂਰਨ ਦ੍ਰਿਸ਼ਟਾ (ਜੀ ਨੇ ਆਪ) ਮਾਨੁਖ ਦੇਹ ਧਾਰਨ ਕੀਤੀ ਹੋਈ ਹੈ।

ਭਾਵ–ਗੁਰੂ ਜੀ ਦੀ 'ਬੀਰਾਸਨ ਮੂਰਤੀ' ਦੇ ਦਰਸ਼ਨ:–

ਹੱਥ ਵਿਚ ਧਨੁਖ ਤੇ ਤੀਰ ਰੱਖੀ ਚੰਚਲਤਾ ਨਾਲ ਫੇਰਦੇ ਨਿਸ਼ਾਨੇ ਢੂੰਡਣ ਦੀ ਤੱਕ ਵਿਚ ਹਨ। ਇਹ ਤਾਂ ਬੀਰਾਸਨ ਹੈ, ਪਰ ਜੋ ਇਹ ਕਿਹਾ ਹੈ ਕਿ ਪੂਰਨ ਸਾਕਸ਼ੀ ਨੇ ਮਨੁਖਾ ਦੇਹ ਧਾਰਨ ਕੀਤੀ ਹੈ, ਇਹ ਇਸ਼ਾਰਾ ਉਨ੍ਹਾਂ ਦੀ ਅਲੂਹੀਅਤ ਵੱਲ ਹੈ ਕਿ ਇਕ ਪਾਸੇ ਤਾਂ ਬੀਰਾਸਨ ਹੋਏ ਨਿਸ਼ਾਨੇ ਦੀ ਤੱਕ ਵਿਚ ਹਨ, ਦੂਜੇ ਪਾਸੇ ਆਪ ਪੂਰਨਸਾਖੀ ਅਵਸਥਾ ਵਿਚ ਹਨ ਤੇ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਨ ਕਿ ਕਿਸ ਅਧਿਕਾਰੀ ਮਨ ਤੇ ਦ੍ਰਿਸ਼ਟੀ ਪਾਉਣ ਜੋ ਉਹ ਦ੍ਰਿਸ਼ਟਮਾਨ ਤੋਂ ਮਰਕੇ ਦ੍ਰਿਸ਼ਟਾ ਪਦ ਵਿਚ ਜੀਉ ਉਠੇ। ਓਹ ਨਿੱਕੇ ਤਮੋਗੁਣੀ ਅਹੰਕਾਰੀ ਜੋਧੇ ਨਹੀਂ, ਪਰ ਨਿਰਹੰਕਾਰ ਨਿਰਵਿਕਾਰ ਕੇਵਲ ਸਾਖੀ ਰੂਪ ਹਨ, ਸਾਖੀ ਹੋਕੇ ਜਗਤ ਦਾ ਉਧਾਰ ਕਰ ਰਹੇ ਹਨ, ਨਾਲ ਦ੍ਰਿਸ਼ਟਾ ਪਦ ਦੇ ਕਟਾਖਸ਼ਾਂ ਨਾਲ ਅਹੰਤਾ ਦੀ ਮੌਤ ਤੇ ਆਤਮ ਜਾਗ੍ਰਤ ਦੇ ਰਹੇ ਹਨ, ਤੇ ਤੀਰ ਚਲਾਕੇ ਦੰਡ ਯੋਗ ਦੋਖੀਆਂ ਤੇ ਖਲਾਂ ਨੂੰ ਪਾਪ ਕਰਨ ਤੋਂ ਅਸਮਰੱਥ ਕਰ ਰਹੇ ਹਨ।

ਪਹਿਲੀਆਂ ਤੁਕਾਂ ਵਿਚ ਜੋ ਛੱਲਿਆਂ ਛਾਪਾਂ ਦੀ ਖੂਬਸੂਰਤੀ, ਹੀਰਿਆਂ ਜੜਤ ਕੰਕਨਾਂ ਦੀ ਸੁੰਦਰਤਾਈ ਦਰਸਾਈ ਹੈ, ਇਹ ਰਾਜਸ਼ੋਭਾ ਵਰਣਨ ਕੀਤੀ ਹੈ, ਭਾਵ ਹੈ ਕਿ ਸਿਪਾਹੀ ਪਦ ਦੇ ਬੀਰਾਸਨੀ ਜੋਧਾ ਨਹੀਂ, ਪਰ ਰਾਜ ਪਦ ਦੇ ਬੀਰਾਸਨੀ ਜੋਧਾ ਹਨ।

ਸੈਯਾ–ਕਟ ਸੋਂ ਪਟ ਤੇਗ਼ ਨਿਖੰਗ ਕਸੇ ਮੁਖ ਮੰਦ ਹਸੇ ਦਮਕੈ ਕਿ ਛਟਾ ਹੀ।
ਮੁਕਤਾ ਗਰ ਮਾਲ ਬਿਸਾਲ ਬਨੀ, ਸ਼ਮਸ਼੍ਰਨਨ ਸ਼ਯਾਮ ਭਲੀ ਉਪਮਾਹੀ।
ਹਿਤ ਸੋਂ ਤਮ ਸੋਮ ਕਿ ਪਾਸ ਬਸਯੋ* ਮੁਖ ਪੰਕਜ ਪੈ ਮਧੁ ਪੁੰਜ ਸੁਹਾਹੀਂ।
ਅਬ ਆਨਕੀ ਆਸ ਨਿਰਾਸ ਭਈ ਕਲਗ਼ੀਧਰ ਬਾਸ ਕੀਯੋਮਨਮਾਹੀ।੩੦।

*ਪਾਠਾਂਤ੍ਰ–ਬਨਯੋ-ਬੀ ਹੈ।

ਕਟ=ਲੱਕ।
ਪਟ=ਕਪੜਾ ਜੋ ਲੱਕ ਨਾਲ ਬੰਨ੍ਹਦੇ ਹੁੰਦੇ ਸਨ। ਪਟਕਾ, ਕਮਰਕੱਸੇ ਦਾ ਕਪੜਾ। ਤੇਗ=ਤਲਵਾਰ। ਨਿਖੰਗ=ਤੀਰਾਂ ਦਾ ਭੱਥਾ।
ਕਸੇ=ਕੱਸੇ ਹੋਏ ਹਨ।
ਮੁਖ ਮੰਦ ਹਸੇ=ਮੂੰਹੋਂ ਥੋੜਾ ਹਸਦੇ ਹਨ, ਭਾਵ ਮੁਸਕ੍ਰਾਹਟ ਤੋਂ ਹੈ।
ਕਿ=ਮਾਨੋਂ। ਛਟਾ=ਬਿਜਲੀ। ਮੁਕਤਾ=ਮੋਤੀਆਂ ਦੀ।
ਗਰ=ਗਲੇ ਵਿਚ। ਮਾਲ=ਮਾਲਾ।
ਬਿਸਾਲ=ਵਡੀ, ਮੋਤੀਆਂ ਦੀ ਵਡੀ ਮਾਲਾ।
ਬਨੀ=ਬਨ ਬਨ ਪੈ ਰਹੀ ਹੈ, ਫਬ ਰਹੀ ਹੈ।
ਸ਼ਮਸ਼੍ਰਾਨਨ=ਸ਼ਮਸ਼੍ਰ=ਦਾੜ੍ਹੀ+ਆਨਨ=ਮੁਖ,ਚਿਹਰਾ। [ਸੰਸ:,ਸ਼ਮਸ਼੍ਰ=ਦਾੜ੍ਹੀ।]
ਸ਼ਜਾਮ=ਕਾਲੀ। ਤਮ=ਹਨੇਰਾ, ਸ਼ਜਾਮਤਾ।
ਸੋਮ=ਚੰਦ੍ਰਮਾ। ਮੁਖਪੰਕਜ=ਮੁਖਾਰਬਿੰਦ, ਮੁਖ ਕਮਲ।
ਮਧੁ+ਪੁੰਜ=ਮਧੁਪ ਪੁੰਜ—ਭੌਰਿਆਂ ਦਾ ਝੁੰਡ। ਸੁਹਾਹੀ=ਸੁਹਾ ਰਿਹਾ ਹੈ।
ਨਿਰਾਸ=ਆਸ ਤੋਂ ਰਹਿਤ। (ਅ) ਨਿਰਾਸ ਦਾ ਅਰਥ ਏਥੇ ਨਿਰੱਸ ਬੀ ਕਰਦੇ ਹਨ।

ਅਰਥ—(ਕਵਿ ਜੀ ਅਪਣੇ ਧਯਾਨ ਬਸੀ ਗੁਰੂ ਮੂਰਤੀ ਦਾ 'ਮਨਮੋਹਨ' ਦਰਸ਼ਨ ਵਰਣਨ ਕਰਦੇ ਹਨ:—) ਲੱਕ ਨਾਲ ਪਟਕਾ (ਤੇ ਉਸ ਵਿਚ) ਤਲਵਾਰ (ਤੇ) ਭੱਥਾ ਕੱਸੇ (ਹੋਏ ਹਨ,) ਮੁਖੜੇ ਤੋਂ ਮੁਸਕ੍ਰਾ ਰਹੇ ਹਨ, ਮਾਨੋਂ ਬਿਜਲੀ ਚਮਕ ਰਹੀ ਹੈ।

ਗਲੇ (ਵਿਚ) ਮੋਤੀਆਂ ਦੀ ਵਡੀ ਮਾਲਾ ਫਬ ਰਹੀ ਹੈ, ਚਿਹਰੇ ਪਰ ਕਾਲੀ ਦਾੜ੍ਹੀ ਸੁਹਾ ਰਹੀ ਹੈ, (ਜਿਸਦੀ ਚੰਗੀ) ਉਪਮਾ (ਐਉਂ ਬਨਦੀ) ਹੈ:—

(ਕਿ) ਪਯਾਰ ਨਾਲ ਹਨੇਰਾ ਚੰਦ੍ਰਮਾ ਦੇ ਪਾਸ ਜਾ ਬਸਿਆ ਹੈ, (ਅਥਵਾ) ਮੁਖ (ਰੂਪੀ) ਕਮਲ ਉਤੇ (ਮਾਨੋਂ) ਭੌਰਿਆਂ ਦੇ ਝੁੰਡ ਸੁਹਾ ਰਹੇ ਹਨ।

(ਐਸੀ ਮਨੋਹਰ ਮੂਰਤੀ ਸ੍ਰੀ) ਕਲਗੀਧਰ ਜੀ ਨੇ (ਮੇਰੇ) ਹਿਰਦੇ ਵਿਚ ਵਾਸਾ ਕਰ ਲਿਆ ਹੈ, ਹੁਣ ਹੋਰ (ਸਭ) ਕਿਸੇ ਦੀ ਆਸਾ (ਦਿਲੋਂ) ਦੂਰ ਹੋ ਗਈ ਹੈ।

ਭਾਵ—੨੫ ਵੇਂ ਸੈਯੇ ਦਾ ਆਰੰਭ ਜਿਸ ਭਾਵ ਤੋਂ ਕੀਤਾ ਸਾਨੇ, ਉਸੇ ਭਾਵ ਤੇ ਕਵੀ ਜੀ ਤੀਸਵੇਂ ਸੈਯੇ ਦਾ ਅੰਤ ਕਰਦੇ ਹਨ:—

੨੫ ਵੇਂ ਸੈਯੇ ਦੀ ਆਰੰਭਕ ਤੁਕ—'ਗੋਬਿੰਦ ਸਿੰਘ ਗੁਰੂ ਗਤਿ ਦਾਯਕ ਆਨ ਕੀ ਆਸ ਨਹੀਂ ਮਨ ਰਾਈ'; ੩੦ਵੇਂ ਸੈਯੇ ਦੀ ਅੰਤਲੀ ਤੁਕ—'ਅਬ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਯੋ ਮਨ ਮਾਹੀ'; ਵਿਚਕਾਰ,—ਅਪਣੀ ਪ੍ਰੇਮ ਬਿਹਬਲਤਾ*, ਗੁਰੂ ਜੀ ਦਾ ਯਸ਼†, ਅਪਣੀ ਅਵਗੁਣੀ ਭਰਪੂਰ ਦਸ਼ਾ ਤੇ ਸਤਿਗੁਰ

*੨੫ਵਾਂ ਸੈਯਾ। †੨੬ਵਾਂ ਕਬਿੱਤ।

ਜੀ ਦਾ ਗੁਣ ਨਿਧਾਨ ਰੂਪ ਤੇ ਗੁਣਕਾਰੀ ਬਿਰਦ* ਦੀ ਕੀਰਤੀ ਕਰਦੇ ਹੋਏ, ਧਯਾਨ ਤੇ ਆਉਂਦੇ ਹਨ, ਪਹਿਲਾਂ ਸਤਿਗੁਰ ਜੀ ਦਾ ਘੋੜੇ ਚੜ੍ਹਿਆ ਦਰਸ਼ਨ†, ਫੇਰ ਬੀਰਾਸਨੀ ਦਰਸ਼ਨ‡ ਅਤੇ ਉਨ੍ਹਾਂ ਦੇ ਦ੍ਰਿਸ਼ਟਾ ਪਦ ਦੇ ਰੁਖ ਨੂੰ ਪੂਰਨ ਰੂਪਕ ਵਿਚ ਗੋਬਿੰਦ ਰੂਪਤਾ ਅਰਥਾਤ ਇਲਾਹੀ ਰੱਬੀ ਰੰਗ ਵਿਚ ਦਰਸਾਯਾ ਹੈ। ਬੀਰਰਸ ਦਾ ਰੂਪਕ ਯੋਗ ਮਾਰਗ ਦੇ 'ਦ੍ਰਿਸ਼ਟਾ ਪਦ' ਵਾਂਙੂ ਦੱਸਦੇ ਹੋਏ ਅਪਣੇ ਧਯਾਨਿਸ਼ਟ§ ਜੀ ਦਾ ਭਗਵੰਤ ਰੂਪ ਹੋਣਾ ਸੂਚਤ ਕਰਾਇਆ ਹੈ। ਫੇਰ ਸਹਿਜ ਸੁਭਾ ਦਾ ਭਗਤਾਂ ਦੇ ਮਨ ਨੂੰ ਹਰਨ ਵਾਲਾ ਦਰਸ਼ਨ, ਜਿਸ ਵਿਚ ਗਲੇ ਵਿਚ ਮਾਲਾ ਦੱਸੀ ਹੈ, ਭਾਵ-ਸਿਮਰਣ ਦੇ ਧਨੀ ਤੇ ਦਾਤੇ ਹੋਣ ਦੀ ਸਮਰੱਥਾ ਤੋਂ ਹੈ, ਇਸਤੋਂ ਪਹਿਲੇ ਬੀਰਰਸੀ ਧਾਰਨਾਂ ਵਰਣਨ ਕੀਤੀ ਹੈ, ਇਹ ਤੀਸਵੇਂ ਸ੍ਵੈਯੇ ਵਿਚ ਦੋਏ ਰੰਗ ਦਰਸਾਏ ਹਨ। ਜਿਸਦੀ ਅੰਤਲੀ ਤੁਕ ਵਿਚ ਕਲਗੀਧਰ ਜੀ ਦੇ ਅਪਣੇ ਹਿਰਦੇ ਵਿਚ ਨਿਵਾਸ ਕਰ ਲੈਣ ਦੀ, ਅਰਥਾਤ ਅਪਣੇ ਮਨ ਦੀ 'ਧਯਾਨ ਸਿੱਧ' ਅਵਸਥਾ ਪ੍ਰਤਿਪਾਦਨ ਕੀਤੀ ਹੈ। ਅੱਗੋਂ ਹੁਣ ਉਸ ਮਨੋਹਰ ਮੂਰਤਿ ਵਾਲੇ ਪਿਆਰੇ ਜੀ ਅੱਗੇ ਅਰਦਾਸ ਆਰੰਭ ਕਰਦੇ ਹਨ:-

ਸ੍ਵੈਯਾ-ਭੂਲ ਜੋ ਚੂਕ ਭਈ ਹਮਤੇ ਗੁਰ ਕਿੰਕਰ ਸੋ ਤੁਮ ਤੇ ਬਖ਼ਸ਼ਾਵਤਿ।
ਲਾਜ ਰਖੋ ਨਿਜ ਨਾਮਹਿ ਕੀ ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤਿ।
ਤੂੰ ਬਖਸ਼ਿੰਦ ਸਦਾ ਸੁਖਦਾਇਕ ਮੋ ਮਨ ਨਾਂਹਿ ਬਿਖੈ ਛੁਟਕਾਵਤਿ।
ਲੋਹ ਤੇ ਹੇਮ,ਇਰੰਡ ਤੇ ਚੰਦਨ,ਮਾਨੁਖ ਤੇ ਸੁਰ ਤੂੰ ਹੀ ਬਨਾਵਤਿ ॥੩੧॥

[ਭੂਲ ਜੋ ਚੂਕ=ਜੋ ਭੁੱਲ ਚੁੱਕ। ਭੁੱਲ=ਭੁੱਲਾਂ। ਚੁੱਕ=ਉਕਾਈਆਂ। ਹਮਤੇ=ਸਾਥੋਂ, ਮੁਰਾਦ ਹੈ-ਮੈਥੋਂ। ਕਿੰਕਰ=ਦਾਸ। ਹੇਮ=ਸੋਨਾ। ਇਰੰਡ=ਹਿਰੰਡ। ਹਰਨੋਲੀ। ਇਕ ਨੀਵਾਂ ਪੇੜ ਹੈ, ਬਾਂਸ ਤੇ ਇਸ ਪਰ ਚੰਦਨ ਦੀ ਖੁਸ਼ਬੋ ਬੀ ਨਹੀਂ ਚੜ੍ਹਦੀ ਇਸ ਕਰਕੇ ਬੀ ਇਸਨੂੰ ਨੀਵਾਂ ਕਹਿੰਦੇ ਹਨ, ਭਾਵ ਅਪਣੇ ਨੀਵੇਂ ਹੋਣ ਤੋਂ ਹੈ। ਇਹੋ ਭਾਵ ਲੋਹੇ ਤੋਂ ਹੈ। ਕਵਿ ਸੰਕੇਤ ਵਿਚ ਅਕਸਰ ਤਾਂਬੇ ਨੂੰ ਪਾਰਸ ਸੋਨਾ ਬਨਾਉਂਦਾ ਦਸਦੇ ਹਨ, ਪਰ ਕਵਿ ਜੀ ਦੱਸਦੇ ਹਨ ਕਿ ਤੁਸੀਂ ਲੋਹੇ ਨੂੰ ਸੋਨਾ ਤੇ ਅਰਿੰਡ ਨੂੰ ਚੰਦਨ ਬਨਾ ਲੈਂਦੇ ਹੋ‖। ਭਾਵ ਅਸੰਭਵ ਨੂੰ ਸੰਭਵ ਕਰ ਲੈਂਦੇ ਹੋ।]

---

*੨੭ਵਾਂ ਕਬਿੱਤ। †੨੮ਵਾਂ ਕਬਿੱਤ। ‡੨੯ਵਾਂ ਸ੍ਵੈਯਾ। §ਉਹ ਪਿਆਰਾ ਜਿਸਦਾ ਧਿਆਨ ਧਰਿਆ ਜਾਵੇ। ‖ਸਤਿਗੁਰਾਂ ਦੀ ਇਸ ਮਹਾਨ ਉੱਚੀ ਮਹਿਮਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਇਹੋ ਦ੍ਰਿਸ਼ਟਾਂਤ ਤੀਸਰੇ ਸਤਿਗੁਰਾਂ ਦੀ ਮਹਿਮਾਂ ਵਿਚ ਗੁਰੂ ਰਾਮਦਾਸ ਜੀ ਉਚਾਰਦੇ ਹਨ:— 'ਹਿਰਡ ਪਲਾਸ ਸੰਗਿ ਹਰਿ ਬੁਹੀਆ।'

ਤੇ 'ਦਾਸ' ਨਾਮੇ ਭੱਟ ਗੁਰੂ ਰਾਮਦਾਸ ਜੀ ਲਈ ਉਚਾਰਦੇ ਹਨ:-

'ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ'। [ਸਵੈ: ਮ: ੪ ਕੇ

ਅਰਥ—ਜੋ ਭੁੱਲ ਚੁੱਕ ਮੈਥੋਂ ਹੋਈ ਹੈ (ਹੇ) ਗੁਰੂ! (ਇਹ) ਦਾਸ ਤੁਹਾਥੋਂ ਉਹ (ਸਭ) ਬਖਸ਼੍ਵਾਉਂਦਾ ਹੈ।

(ਕਿਉਂਕਿ) ਮੈਂ ਜਗਤ ਵਿਚ ਆਪਦਾ ਸਿੱਖ ਅਖਵਾਉਂਦਾ ਹਾਂ (ਇਸ ਲਈ ਆਪ) ਅਪਣੇ ਨਾਮ ਦੀ ਲਾਜ ਰਖੋ।

ਮੇਰਾ ਮਨ ਵਿਸ਼ਿਆਂ ਤੋਂ ਛੁਟਦਾ ਨਹੀਂ, (ਹੇ) ਸੁਖਦਾਤੇ! ਤੂੰ ਸਦਾ ਬਖਸ਼ਿੰਦ ਹੈਂ। (ਅਪਣੀ ਬਖਸ਼ਿਸ਼ ਨਾਲ) ਲੋਹੇ ਤੋਂ ਸੋਨਾ, ਅਰਿੰਡ ਤੋਂ ਚੰਦਨ ਅਤੇ ਮਾਨੁਖ ਤੋਂ ਦੇਵਤਾ ਤੂੰ ਹੀ ਬਨਾਉਂਦਾ ਹੈਂ।

ਭਾਵ—ਪ੍ਰੇਮ ਮਾਰਗ ਦੇ ਜਾਣੂ ਕਵਿ ਜੀ ਇਸ ਸ੍ਵੈਯੇ ਵਿਚ ਸਤਿਗੁਰੂ—ਅਪਣੇ ਇਸ਼ਟ ਤੇ ਸ਼ਿਰਮੌਰ ਤੇ ਪਜਾਰ ਦੇ ਅਵਿਲੰਬ—ਸ੍ਰੀ ਕਲਗੀਧਰ ਜੀ ਅੱਗੇ ਅਪਣੇ ਬਖਸ਼ੇ ਜਾਣ ਦੀ ਅਰਦਾਸ ਕਰਦੇ ਹਨ। ਪਹਿਲੇ ਤਾਂ ਅਪਣੀਆਂ ਜੀਵਨ ਦੀਆਂ ਭੁੱਲਾਂ ਚੁੱਕਾਂ ਦਾ ਇਕਰਾਰ ਕਰਦੇ ਹਨ, ਜੋ ਮਾਨੁਖ ਹੋਣ ਕਰਕੇ ਉੱਚ ਜੀਵਨ ਦੇ ਅੱਪੜਨ ਦੇ ਹੀਲੇ ਕਰਨ ਵਾਲਿਆਂ ਤੋਂ ਹੁੰਦੀਆਂ ਰਹਿੰਦੀਆਂ ਹਨ, ਉਨ੍ਹਾਂ ਦਾ ਵੇਰਵਾ ਨਹੀਂ ਕਰਦੇ, ਕਹਿੰਦੇ ਹਨ ਜੋ ਭੁੱਲ ਤੇ ਚੁੱਕ ਹੋਈ ਹੈ ਸਭ ਬਖਸ਼ੋ। ਜੋ ਕਰਨਾ ਚਾਹੀਦਾ ਸੀ ਤੇ ਨਹੀਂ ਹੋ ਸਕਿਆ ਉਹ 'ਚੂਕ' ਹੈ, ਜੋ ਕਰਨਾ ਨਹੀਂ ਚਾਹੀਦਾ ਸੀ ਤੇ ਹੋ ਗਿਆ ਹੈ ਉਹ 'ਭੁੱਲ' ਹੈ। ਇਨ੍ਹਾਂ ਦੋ ਹੀ ਕਿਸਮਾਂ ਵਿਚ ਸਾਰੇ ਦੋਸ਼ ਵੰਡੇ ਜਾ ਸਕਦੇ ਹਨ, ਸੋ ਕਵਿ ਜੀ ਨੇ ਦੋਹਾਂ ਦਾ ਨਾਉਂ ਲੈਕੇ ਸਾਰੇ ਦੋਸ਼ਾਂ ਦਾ ਇਕਰਾਰ ਕੀਤਾ ਹੈ, ਫਿਰ ਇਕ ਹੋਰ ਦੋਸ਼ ਦਾ ਵੱਖਰਾ ਇਕਰਾਰ ਕਰਦੇ ਹਨ-ਕਿ ਮੇਰੇ ਪਾਸੋਂ ਵਿਸ਼ੇ ਨਹੀਂ ਛੁਟਦੇ। ਇਹ ਦੋ ਹੋਰ ਵੰਡਾਂ ਦੋਸ਼ਾਂ ਦੀਆਂ ਹਨ, ਉਹ ਇਹ ਹਨਃ ਇਕ ਤਾਂ ਬਦੀਆਂ ਹਨ ਜੋ ਦੁੱਖ ਤੇ ਕਸ਼ਟ ਜਗਤ ਵਿਚ ਦੇਂਦੀਆਂ ਹਨ ਯਾ ਵਧਾਉਂਦੀਆਂ ਹਨ, ਜਿਹਾਕੁ: ਧੱਕਾ, ਚੋਰੀ, ਮਾਰ ਕੁਟਾਈ, ਕਤਲ। ਦੂਸਰੇ ਸਰੀਰ ਦੀਆਂ ਸੁਭਾਵਕ ਭੁੱਖਾਂ ਜੋ ਹੱਦ ਬੰਨੇ ਯਾ ਮਰਯਾਦਾ ਰੱਖਕੇ ਦੋਸ਼ ਬਣ ਜਾਂਦੀਆਂ ਹਨ ਅਤੇ ਅਪਣੇ ਫਲ ਵਿਚ ਮਨ ਨੂੰ ਸਰੀਰੀ ਸੁੱਖਾਂ ਵਿਚ ਬੰਨ੍ਹਦੀਆਂ ਹਨ ਤੇ ਉੱਚੇ ਰਸ—ਆਤਮ ਰਸ—ਵਿਚ ਉਠਣ ਨਹੀਂ ਦੇਂਦੀਆਂ, ਇਸ ਵਿਚ ਸਾਰੇ ਇੰਦ੍ਰੀਆਂ ਦੇ ਰਸ ਆ ਜਾਂਦੇ ਹਨ। ਇਸਨੂੰ ਕਵੀ ਜੀ ਨੇ 'ਵਿਖੈ' ਕਹਿਕੇ ਦੱਸਿਆ ਹੈ। ਸੋ ਸਾਰੇ ਦੋਸ਼ ਆ ਗਏ।

'ਭੂਲ, ਚੂਕ, ਵਿਸ਼ੇ ਤੋਂ ਨਾ ਛੁਟਕਾਰਾ' ਕਵਿ ਨੇ ਇਸਤਰ੍ਹਾਂ ਨਹੀਂ ਕਹੇ ਜਿਵੇਂ ਕੋਈ ਨਿਵਰ ਤੇ ਨਿਸੰਗ ਪਾਪੀ ਹੁੰਦਾ ਹੈ; ਪਰ ਇੰਵ ਜਿਵੇਂ ਕੋਈ 'ਉੱਚ ਜੀਵਨ' ਵਿਚ ਉਡਦਾ ਰਾਮਰਸ ਦੇ ਯਤਨਾਂ ਵਿਚ ਹੱਥ ਪੈਰ ਮਾਰਦਾ, ਉੱਕ ਉੱਕ, ਭੁੱਲ ਭੁੱਲ ਤੇ ਆਪੇ ਤੇ ਕਾਬੂ ਰੱਖਣੋਂ ਕਿਸੇ ਵੇਲੇ ਬੇਵਸ ਹੋ ਤਿਲਕਦਾ ਹੈ। ਜਿਵੇਂ ਤਰਨ ਵਾਲੇ ਤਾਰੂ ਤੋਂ ਕਦੇ ਗ਼ਲਤ ਹਥ ਪੈਰ ਵੱਜਕੇ ਗ਼ੋਤੇ ਆ ਜਾਂਦੇ ਹਨ।

ਫਿਰ ਆਪ ਅਪਣੇ ਸੁਭਾਵ ਦੇ ਅਸਲੇ ਦਾ ਇਕਰਾਰ ਕਰਦੇ ਹਨ ਕਿ ਮੇਰਾ ਅਸਲਾ ਹੀ—'ਦੇਵ' ਬਣਨ ਵਾਲਾ—'ਉਚੇ ਜੀਵਨ' ਵਿਚ ਜਾਣ ਵਾਲਾ ਨਹੀਂ ਹੈ, ਮੁਰਾਦ ਹੈ ਕਿ ਇਨਸਾਨ ਅਪਣੇ ਸਰੀਰਕ ਸੁਭਾਵ ਵਿਚ ਤਾਂ ਪਸ਼ੂ ਹੈ, ਸੋ ਇਸਦੇ 'ਮਾਨੁਖ

ਸੁਭਾਵ' ਦੇ ਕੰਮਾਂ ਵਿਚ ਤੇ 'ਦੇਵਤਾ ਸੁਭਾਵ' ਦੇ ਕੰਮਾਂ ਵਿਚ 'ਪਸ਼ੂ ਸੁਭਾਵ' ਪ੍ਰਬਲ ਹੋ ਹੋ ਪੈਂਦਾ ਹੈ, ਇਸ ਗੱਲ ਨੂੰ ਦੱਸਣ ਲਈ ਆਪ ਇਰੰਡ ਤੇ ਲੋਹੇ ਦਾ ਦ੍ਰਿਸ਼ਟਾਂਤ ਵਰਤਦੇ ਹਨ।

ਹੁਣ ਅਪਣੇ ਬਚਣ ਦੀ ਟੇਕ ਅਪਣੇ ਆਪ ਤੋਂ ਉਠ ਗਈ। ਉਹ ਕਿਸ ਪਰ ਗਈ ? ਓਹ ਦੱਸਦੇ ਹਨ, ਕਿ ਹੇ ਸਤਿਗੁਰੂ ਤੂੰ ਸਮਰੱਥ ਹੈਂ ਨੀਚਾਂ ਨੂੰ ਉਚ ਜੀਵਨ ਦਾਨ ਕਰਨ ਵਿਚ, ਕਿ ਇਰੰਡ ਵਰਗੇ ਨੀਵੇਂ ਨਖਿੱਧ ਪੋਲੇ ਤੇ ਲੋਹੇ ਵਰਗੇ ਕਠੋਰ ਤੇ ਕਾਲਿਆਂ ਨੂੰ ਚੰਦਨ ਵਾਂਙੂ ਖੁਸ਼ਬੂਦਾਰ ਤੇ ਸੋਨੇ ਵਾਂਙੂ ਨਿਰਮਲ ਚਮਕਦਾ ਤੇ ਕੀਮਤੀ ਬਨਾਉਣ ਵਾਲਾ ਹੈਂ, ਭਾਵ ਮਾਨੁਖ ਦੇ ਪਸ਼ੂ ਤੇ ਮਾਨੁੱਖੀ ਸੁਭਾਵ ਨੂੰ ਦੇਵਤਾ ਬਣਾ ਦੇਣ ਵਾਲਾ ਤੂੰ ਹੀ ਸਰਬ ਸਮਰੱਥ ਹੈਂ। ਫਿਰ ਤੇਰੀ ਇਕ ਹੋਰ ਸੱਤਯਾ ਹੈ ਕਿ ਜਿਨ੍ਹਾਂ ਤੇ ਤੂੰ ਮੇਹਰ ਕੀਤੀ, ਓਹ ਤੇਰੇ ਰਾਹ ਟੁਰ ਪਏ, ਪਰ ਫੇਰ ਓਹ ਭੁੱਲਦੇ ਡਿਗਦੇ ਢਹਿਦੇ ਹਨ, ਤੂੰ ਬਖਸ਼ੰਦ ਤੇ ਸਦਾ ਸੁਖਦਾਈ ਸੁਭਾਵ ਵਾਲਾ ਉਨ੍ਹਾਂ ਦੀ ਸਹਾਯਤਾ ਕਰਦਾ ਹੈਂ, ਔਗੁਣ ਚਿਤਾਰਕੇ ਤ੍ਰਾਹ ਨਹੀਂ ਦੇਂਦਾ। ਤੀਸਰੀ ਦੁਹਾਈ ਹੈ ਜੋ ਉਨ੍ਹਾਂ ਦੇ ਨਾਮ ਦੀ ਦੇਂਦੇ ਹਨ, ਕਿ ਜਗਤ ਵਿਚ ਮੈਨੂੰ ਤੇਰਾ ਸਿੱਖ ਕਹਿੰਦੇ ਹਨ, ਮੈਨੂੰ ਅਸਿੱਖੀ ਕੰਮਾਂ ਵਿਚ ਤਿਲਕ ਪੈਂਦਿਆਂ ਲੱਜ ਨਹੀਂ ਆਉਂਦੀ, ਪਰ ਆਪ ਨੂੰ ਆਪਣੇ ਨਾਮ ਦੀ ਲਾਜ ਹੈ ਕਿ 'ਮੇਰਾ ਸਿੱਖ ਕਦੇ ਨੀਵਾਂ ਨਹੀਂ, ਸਿੱਖ ਸਦਾ ਉੱਚ ਜੀਵਨ ਵਾਲਾ ਜੀਵ ਹੈ', ਸੋ ਇਸ ਅਪਣੇ ਬਿਰਦ ਕਰਕੇ ਆਪ ਮੈਨੂੰ ਬਖ਼ਸ਼ ਲਓ। ਇਹ ਭਗਤੀ ਭਾਵ ਦੀ ਪੂਰੀ ਤਸਵੀਰ ਹੈ।

ਇਹ ਪਤਾ ਰਹੇ ਕਿ ਜੋ ਅਪਣੇ ਤੋਂ ਟੇਕ ਚਾ ਕੇ ਸਤਿਗੁਰ ਤੇ ਧਰਦੇ ਹਨ ਓਹ ਨਿਰਬਲ ਨਿਤਾਣੇ ਨਹੀਂ ਹੋ ਜਾਂਦੇ, ਭੇਤ ਇਹ ਹੈ ਕਿ ਜੋ ਅਪਣੇ ਤੋਂ ਟੇਕ ਚੁਕਕੇ ਸਤਿਗੁਰ ਨਾਲ ਪ੍ਰੇਮ ਵਿਚ ਜੁੜਦੇ ਹਨ ਉਨ੍ਹਾਂ ਵਿਚ ਸਤਿਗੁਰ ਦੀ ਸੱਤਯਾ ਕੰਮ ਕਰਦੀ ਹੈ, ਓਹ ਸਗੋਂ ਜਗਤ ਦੇ ਹੰਕਾਰੀ ਟੇਕਾਂ ਵਾਲਿਆਂ ਤੋਂ ਵਧੇਰੇ ਤਾਕਤ ਵਾਲੇ ਤੇ ਮਜ਼ਬੂਤ ਚਿੱਤ ਵਾਲੇ ਹੁੰਦੇ ਹਨ।

ਕਬਿੱਤ–ਸੁੰਦਰਤਾ ਸਾਲ ਕਰ ਕਰਭ ਬਿਸਾਲ ਕਰ
ਕਰਿ ਮੱਤ ਚਾਲ ਤਰੁ ਤੁਰਕਨ ਤੋਰੀਆ।
ਹਿੰਦ ਅਵਿਲੰਬ ਤਾਰੇ ਭਵ ਨਿਧਿ ਅੰਬੁ ਸਭਿ
ਦੁਸ਼ਟਨ ਦੰਡ, ਹਰਿ ਰੂਪ ਗੁਰ ਮੋਰੀਆ।
ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ ਨਿਜ
ਲਾਗੀ ਤੇਰੇ ਨਾਮ ਤਾਰ ਛੋਰੀ ਆਸ ਹੋਰੀਆ।
ਪਰਜੋ ਦਰਬਾਰ ਸਭੈ ਥਾਂਵ ਨਿਰਧਾਰ ਕਰਿ
ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ॥ ੩੨॥

ਸੁੰਦਰਤਾ ਸਾਲ=ਸੁੰਦਰਤਾ ਦਾ ਘਰ। ਅਤਿ ਸੁੰਦਰ। ਕਰ=ਹੱਥ, ਬਾਹਵਾਂ।
ਕਰਭ=ਹਾਥੀ ਦਾ ਬੱਚਾ, ਕੁਮਾਰ ਹਾਥੀ। ਕਰ=ਸੁੰਡ।
ਕਰਿ=ਕਰੀ–ਹਾਥੀ। ਮੱਤ=ਮਸਤ। ਤਰੁ=ਬ੍ਰਿਛ।
ਤੁਰਕਨ ਤਰੁ=ਤੁਰਕ ਰੂਪੀ ਬ੍ਰਿਛ। ਤੋਰੀਆ=ਤੋੜੇ, ਭੰਨ ਘੱਤੇ।
ਅਵਿਲੰਬ=ਆਸ਼੍ਰੇ, ਆਸ਼੍ਰੇ ਆਏ, ਆਸ਼੍ਰਿਤ ਆਏ। ਅਥਵਾ ਹਿੰਦੂਆਂ ਨੂੰ ਆਪਣਾ ਆਸਰਾ ਦੇਕੇ ਤਾਰਿਆ।
ਭਵਨਿਧਿ=ਸੰਸਾਰ ਰੂਪੀ ਸਮੁੰਦਰ, ਭਵ ਸਾਗਰ।
ਅੰਬੁ=ਜਲ, ਪਾਣੀ।
ਦੰਡ=ਸਜ਼ਾ। ਕਈ ਜਗਾ ਪਾਠ ਦੰਭ–ਹੈ, ਜੇ 'ਦੰਭ' ਪਾਠ ਹੋਵੇ ਤਾਂ 'ਹਰ' ਦੇਹੁਰੀ ਦੀਪਕ ਲੱਗੇਗਾ–ਦੁਸ਼ਟਾਂ ਦਾ ਦੰਭ ਹਰ ਕੇ ਹੇ ਹਰੀ ਰੂਪ !– ਪਰੰਤੂ 'ਦੰਭ' ਪਾਠ ਅਸ਼ੁਧ ਜਾਪਦਾ ਹੈ।
ਕਿੰਕਰ=ਦਾਸ। ਤਾਰ=ਲਿਵ।
ਨਿਰਧਾਰ=ਨਿਰਣੇ ਕਰਕੇ, ਪਰਖਕੇ। ਭਾਵ ਸਾਰੇ ਆਸਰੇ ਨਿਕੰਮੇ ਪਰਖਕੇ।
ਉਦਾਰ=ਸਖੀ। ਦਾਤਾ। ਕਰ=ਹੱਥ। ਜੋਰੀਆ=ਜੋੜਕੇ।

ਅਰਥ–(ਹੇ ਹਰੀ ਰੂਪ ਮੇਰੇ ਗੁਰੂ ! ਦੁਸ਼ਟਾਂ ਨੂੰ ਦੰਡ ਦੇਣ ਵਾਲੇ ! ਤੂੰ) ਮਸਤ ਹਾਥੀ (ਵਾਕੂ ਗੰਭੀਰ) ਚਾਲੇ (ਟੁਰਦਿਆਂ) (ਆਪਣੀਆਂ) ਕੁਮਾਰ ਹਾਥੀ ਦੀ ਸੁੰਡ ਵਰਗੀਆਂ ਲੰਮੀਆਂ (ਅਤੇ) ਅਤਿ ਸੁੰਦਰ (ਸੁਡੋਲ) ਬਾਹਵਾਂ (ਨਾਲ) ਤੁਰਕਾਂ (ਰੂਪੀ) ਬੂਟੇ (ਨੂੰ) ਤੋੜ ਸਿੱਟਿਆ ਹੈ।

(ਐਉਂ ਸਾਰੇ) ਦੁਸ਼ਟਾਂ ਨੂੰ ਦੰਡ (ਦੇਕੇ) (ਹੇ) ਹਰੀ ਰੂਪ ਮੇਰੇ ਗੁਰੂ ! (ਤੂੰ) ਆਸ਼੍ਰਿਤ ਆਏ ਹਿੰਦੂ ਸੰਸਾਰ (ਰੂਪੀ) ਸਮੁੰਦਰ (ਦੇ) ਪਾਣੀਆਂ ਤੋਂ ਸਾਰੇ ਤਾਰ ਦਿੱਤੇ। (ਹੁਣ) ਦਾਸ ਨੂੰ ਪਾਰ ਉਤਾਰੀਏ (ਅਤੇ) ਆਪਣਾ ਦੀਦਾਰ ਬਖਸ਼ੀਏ, (ਇਸ ਨੂੰ) ਹੋਰ (ਸਾਰੀਆਂ) ਆਸਾਂ ਛੱਡਕੇ (ਇਕ) ਤੇਰੇ ਨਾਮ ਦੀ ਲਿਵ ਲੱਗ ਰਹੀ ਹੈ।

(ਇਹ ਦਾਸ ਹੋਰ) ਸਾਰੀਆਂ ਥਾਵਾਂ ਪਰਖ ਕੇ (ਤੇਰੇ) ਦਰਬਾਰ ਆ ਪਿਆ ਹੈ, (ਅਤੇ ਹੇ) ਮੋਖ ਦੇ ਦਾਤੇ ! ਹੱਥ ਜੋੜ ਕੇ ਤੈਨੂੰ ਨਮਸਕਾਰ ਕਰਦਾ ਹੈ।

ਭਾਵ–ਸਤਿਗੁਰੂ ਜੀ ਦੇ ਤੁਰਕ ਦਮਨ ਦੇ ਉਪਕਾਰੀ ਕੰਮ ਨੂੰ ਮਸਤ ਹਾਥੀ ਦੀ ਬੇਪਰਵਾਹ ਚਾਲ ਵਰਣਨ ਕਰਕੇ, ਹਾਥੀ ਦੇ ਬ੍ਰਿਛਾਂ ਨੂੰ ਸੁੰਡ ਨਾਲ ਤੋੜ ਦੇਣ ਨਾਲ ਉਪਮਾਂ ਦੇਕੇ, ਉਨ੍ਹਾਂ ਦੀ ਗੰਭੀਰਤਾ, ਬੀਰ ਰਸੀ ਸਮਰੱਥਾ ਤੇ ਅਹਿੱਲ ਆਤਮ ਸੁਭਾਵ ਵਿਚ ਰਹਿਕੇ ਐਸੇ ਕਠਨ ਕੰਮਾਂ ਦੇ ਕਰਨ ਦੀ ਸੱਤਜਾ ਦਾ ਦਰਸ਼ਨ ਕਰਾਯਾ ਹੈ; ਫੇਰ ਹਿੰਦੂਆਂ ਨੂੰ ਰਾਜਸੀ ਦੁੱਖਾਂ ਤੋਂ ਤਾਰਨ ਦੇ ਉਪਕਾਰ ਦਾ ਕਥਨ ਕਰਦੇ ਹੋਏ ਉਨ੍ਹਾਂ ਨੂੰ ਭਵਸਾਗਰ ਤੋਂ ਤਾਰ ਦੇਣ ਦਾ ਆਤਮਕ ਲਾਭ ਬੀ ਨਾਲ ਹੀ ਦੱਸਦੇ ਹਨ, ਫਿਰ ਅਰਦਾਸ ਕਰਦੇ ਹਨ ਕਿ ਹੇ ਐਡੇ ਵੱਡੇ ਕੰਮ ਕਰਨ ਵਾਲੇ ਉਦਾਰ ਤੇ ਸਮਰੱਥ, ਮੈਂ

ਇਕ ਦਾਸ ਨੂੰ ਬੀ—ਜਿਸਨੇ ਸਾਰੀਆਂ ਹੋਰ ਆਸਾਂ ਛੱਡਕੇ ਇਕ ਤੇਰੇ ਨਾਮ ਦੀ ਲਿਵ ਦੀ ਡੋਰ ਲਾਈ ਹੈ, ਹਾਂ, ਹੋਰ ਆਸਰੇ ਕੱਚੇ ਨਿਰਣੇ ਕਰਕੇ ਤੇਰੇ ਦਰਬਾਰ ਦੀ ਦਰ-ਢੱਠਣੀ ਫੜੀ ਹੈ, ਹਾਂ ਹੇ ਮੁਕਤੀ ਦਾਤੇ! ਮੈਨੂੰ ਬੀ ਪਾਰ ਕਰੋ, ਬਾਰੰਬਾਰ ਨਮਸਕਾਰ ਤੇ ਜੋਦੜੀ ਹੈ ਕਿ ਇਸ ਦਾਸ ਨੂੰ ਬੀ ਪਾਰ ਕਰੋ। ਹਾਂ, ਹਰ ਸਿੱਖ ਕਵੀ ਜੀ ਨਾਲ ਇਹੋ ਅਰਦਾਸ ਕਰਦਾ ਹੈ: ਤਾਰੋ, ਹੇ ਦਾਤਾ! ਤਾਰੋ।

੧੪. ਗੁਰਮੁਖ—ਵਿਦ੍ਯਾ ਤੇ ਨਾਮ ਦਾਤੇ ਦਾ—ਮੰਗਲ।

ਕਬਿੱਤ—ਨਿਤ ਹੀ ਭੁਗਤਿ ਰਤ, ਨਾਮ ਕੀਨੋ ਬ੍ਰਿਤਿ ਚਿਤ,
ਸੰਤਨ ਸੋਂ ਹਿਤ ਅਤਿ, 'ਸੰਤ ਸਿੰਘ' ਨਾਮ ਹੈ।
ਸੁਜਨ, ਦਿਆਲ, ਧੀਰ, ਧਰਮ ਬਿਸਾਲ ਧਰਿ,
ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।
ਜਾਂਕੇ ਚਰਨੋਦਕ ਕੀ ਬੂੰਦ ਮੈਂ ਬਦਨ ਪਾਇ
ਸੁਮਤਿ ਸਦਨ ਭਯੋ, ਕਦਨ ਬਿਰਾਮ ਹੈ।
ਤਾਂਕੇ ਅਰਬਿੰਦ ਪਦ ਸੁੰਦਰ ਮੁਕੰਦ ਦ੍ਵੰਦ
ਬੰਦ ਕਰ ਬੰਦਨਾਂ ਸਦਾ ਮੈ* ਸੁਖ ਧਾਮ ਹੈ॥੩੩॥

[ਭਗਤਿ=ਭਗਤੀ, ਪਰਮੇਸ਼ੁਰ ਨਾਲ ਪਿਆਰ, ਸੇਵਾ, ਕੀਰਤਨ, ਨਾਮ ਸਿਮਰਣ, ਲਿਵ ਆਦਿ। [ਸੰਸ:, ਭਕ੍ਤਿ]। ਰਤ=ਪ੍ਰੇਮ।
ਬ੍ਰਿਤਿ ਚਿਤ=ਚਿੱਤ ਦੀ ਬ੍ਰਿਤੀ। ਬ੍ਰਿਤੀਆਂ ਪੰਜ ਪ੍ਰਕਾਰ† ਦੀਆਂ ਹਨ।ਸਾਰੀਆਂ ਚਿੱਤ ਤੋਂ ਉਠਦੀਆਂ ਹਨ। ਅਥਵਾ 'ਨਿਰੋਧ' ਤੋਂ ਉਥਾਨ ਹੋਕੇ ਆਤਮਾ ਚਿੱਤ ਬ੍ਰਿਤੀਆਂ ਨਾਲ ਇਕ ਰੂਪ ਹੁੰਦਾ ਹੈ। ਇਹ ਸਾਰੀਆਂ ਬ੍ਰਿਤੀਆਂ ਜੀਵ ਨੂੰ ਸੰਸਾਰਾਕਾਰ ਕਰਦੀਆਂ ਹਨ। ਕਵੀ ਸੰਤੋਖ ਸਿੰਘ ਜੀ ਅਪਣੇ ਵਿੱਦ੍ਯਾ ਦਾਤੇ ਜੀ ਬਾਬਤ ਦਸਦੇ ਹਨ ਕਿ ਉਨ੍ਹਾਂ ਨੇ ਚਿੱਤ ਦੀ ਬ੍ਰਿਤੀ ਹੀ ਨਾਮ ਕਰ ਰੱਖੀ ਹੈ। ਕਟਾਖ੍ਯ ਇਹ ਹੈ ਕਿ ਭਗਤੀ ਮਾਰਗ ਦੀ 'ਚਿਤ ਦੀ ਸਮਾਹਿਤ ਅਵਸਥਾ' ਵਿਚ ਰਹਿੰਦੇ ਹਨ। ਉਨ੍ਹਾਂ ਦੀ ਬ੍ਰਿਤੀ ਹੀ ਨਾਮ ਹੋ ਗਈ ਹੈ; ਭਾਵ ਹੈ, ਸਦਾ ਸਹਿਜ ਸਮਾਧੀ ਵਿਚ ਰਹਿੰਦੇ ਹਨ, ਜੋ

*ਪਾਠਾਂਤ੍ਰ—ਮੇ, ਅਤੇ—ਸੁ—ਬੀ ਹੈ। †ਬ੍ਰਿਤੀਆਂ ਅਨੇਕ ਹਨ, ਪਰ ਪੰਜਾਂ ਵਿਚ ਵੰਡੀਆਂ ਜਾਂਦੀਆਂ ਹਨ:—ਪ੍ਰਮਾਣ, ਵਿਪਰਯਯ, ਵਿਕਲਪ, ਨਿਦ੍ਰਾ, ਸਿਮ੍ਰਤੀ। ਫੇਰ ਪ੍ਰਭਾਵ ਕਰਕੇ ਦੋ ਪ੍ਰਕਾਰ ਦੀਆਂ ਹਨ:—ਕਲਿਸ਼ਟ, ਅਕਲਿਸ਼ਟ। ਤਿੰਨਾਂ ਗੁਣਾਂ ਕਰਕੇ ਬ੍ਰਿਤੀਆਂ ਦੇ ਤ੍ਰੈ ਹੋਰ ਰੂਪ ਹਨ:—ਸ਼ਾਂਤ, ਘੋਰ, ਮੂੜ੍ਹ।

ਉਸਤੋਂ ਉਠਦੇ ਹਨ ਤਦ ਬੀ ਸਾਈਂ ਨਾਲ ਜੁੜਵੇਂ ਰੁਖ ਵਾਲੀ ਬ੍ਰਿਤੀ ਵਿਚ ਰਹਿੰਦੇ ਹਨ। ਉਹ ਜੀਵਨ ਮੁਕਤ ਹਨ ਪਰ ਸਿੱਖੀ ਆਦਰਸ਼ ਦੇ ।

ਸੁਜਨ=ਭਲੇ ਪੁਰਖ । ਹਰ ਇਕ ਨਾਲ ਸੱਜਣਤਾਈ ਕਰਨ ਵਾਲੇ, ਸ੍ਰੇਸ਼ਟ, ਨੇਕ, ਸੱਜਣ ।

ਧੀਰ=ਧੀਰਜੀ। ਧੀਰਜ ਵਾਲੇ।

ਧਰਮ ਬਿਸਾਲ ਧਰਿ=ਵਡੇ ਧਰਮ ਦੇ ਧਾਰਨ ਵਾਲੇ ਹਨ (ਅ) ਵਿ=ਵਿਸ਼ੇਸ਼ ਕਰਕੇ। ਸਾਲ=ਸ੍ਰੇਸ਼ਟ। ਵਡੇ ਸ੍ਰੇਸ਼ਟ ਧਰਮ ਦੇ ਧਾਰਨ ਵਾਲੇ ਹਨ । (ੲ) ਪਰੰਤੂ ਬਿਸਾਲ ਤੋਂ ਕਵੀ ਦਾ ਇਸ਼ਾਰਾ ਸਿੱਖੀ ਮਾਰਗ ਵੱਲ ਹੈ, ਤੇ ਇਹ–ਧਰਿ–ਦਾ ਕ੍ਰਿਯਾ-ਵਿਸ਼ੇਸ਼ਨ ਹੈ ਕਿ–ਧਰਮ ਦੀ (ਧਾਰਨਾ ਨੂੰ) (ਬਿਸਾਲ=) ਪੱਕੀ ਤਰ੍ਹਾਂ ਧਾਰਨ ਵਾਲੇ ਹਨ।

ਬੈਸ=ਉਮਰਾ । ਚਰਨੋਦਕ=ਚਰਨ+ਉਦਕ=ਚਰਨਾਂ ਦਾ ਪਾਣੀ।

ਬਦਨ=ਮੂੰਹ। ਅਕਸਰ ਅਰਥ ਐਉਂ ਕਰਦੇ ਹਨ:–ਜਿਨ੍ਹਾਂ ਦੇ ਚਰਣਾਂ-ਮ੍ਰਿਤ ਦੀ ਬੂੰਦ ਮੂੰਹ ਵਿਚ ਪਾਕੇ । ਪਰੰਤੂ ਪਾਠ ਹੈ, 'ਬੂੰਦ ਮੈਂ ਬਦਨ ਪਾਇ'। ਕਵਿ ਜੀ ਦਾ ਕਟਾਖਸ਼ ਇਹ ਜਾਪਦਾ ਹੈ ਕਿ ਚਰਣਾਂ ਦੇ ਪਾਣੀ ਦੀ ਬੂੰਦ ਪੀਣੀ ਤਾਂ ਕਿਤੇ ਰਹੀ, ਉਸ ਵਿਚ ਅਪਣਾਂ ਮੂੰਹ ਦੇਖਕੇ । ਜਲ ਦੀ ਬੂੰਦ ਸ਼ੀਸ਼ੇ ਵਾਂਙੂ ਸ਼ਫਾਫ ਹੁੰਦੀ ਹੈ, ਉਸ ਵਿਚ ਮੂੰਹ ਦੇਖਣਾ ਮਾਤ੍ਰ ਹੀ ਕਾਫੀ ਹੈ । ਮੁਰਾਦ ਇਹ ਹੈ ਕਿ ਉਨ੍ਹਾਂ ਦੇ ਦਰਸ਼ਨ ਮਾਤ੍ਰ ਨਾਲ ਗਜਾਨਵਾਨ ਹੋ ਜਾਈਦਾ ਹੈ।

ਸੁਮਤਿਸਦਨ=[ਸੁ+ਮਤਿ=ਸ੍ਰੇਸ਼ਟ ਬੁਧੀ। ਸਦਨ=ਘਰ] ਵਿਦ੍ਵਾਨ। ਚਤੁਰ। ਪ੍ਰਬੀਨ ।

ਕਦਨ ਬਿਰਾਮ=[ਕਦਨ=ਕੱਟਣ ਵਾਲਾ। ਬਿਰਾਮ=ਟਿਕਾਉ । ਅਰਾਮ] ਅਰਾਮ ਦੇ ਕੱਟਣ ਵਾਲਾ* ।

ਭਾਵ, ਨਾ ਕੇਵਲ ਕਵੀ ਵਿਦਵਾਨ ਹੋ ਗਿਆ ਹੈ, ਸਗੋਂ ਵਿਦਯਾ ਸਬੰਧੀ ਕੰਮ ਕਰਨ ਵਿਚ ਆਰਾਮ ਦੇ ਕੱਟਣ ਵਾਲਾ, ਭਾਵ ਅਥੱਕ ਮਿਹਨਤੀ–ਅਥੱਕ ਕੰਮ ਕਰਨ ਵਾਲਾ–ਹੋਗਿਆ ਹੈ। (ਅ) [ਕਦਨ=ਦੁਖ, ਪਾਪ, ਕਲੇਸ਼ । ਬਿਰਾਮ=ਸਮਾਪਤੀ, ਅੰਤ] ਦੁਖਾਂ ਦੀ ਸਮਾਪਤੀ ਹੋ ਗਈ ਹੈ।

ਅਰਬਿੰਦ=ਕਮਲ । ਅਰਬਿੰਦ ਪਦ=ਕਮਲਾਂ ਵਰਗੇ ਪੈਰ।

*ਅਥਵਾ ਜੜ੍ਹਤਾ ਦੇ ਨਾਸ਼ ਕਰਨ ਵਾਲਾ, ਯਾ ਚੰਚਲਤਾਈ ਦੂਰ ਕਰਨ ਵਾਲਾ।

ਚਰਣਾਰਬਿੰਦ। ਮੁਕੰਦ=ਮੁਕਤੀ ਦਾਤਾ।
ਦੁੰਦ=ਦੋ। ਜੇ 'ਕਰ' ਨਾਲ ਇਹ ਪਦ ਲਗੇ ਤਾਂ, 'ਦੁੰਦ ਕਰ'=ਦੋਵੇਂ ਹੱਥ। (ਅ) ਜੇ ਦੁੰਦ ਨੂੰ ਪਿੱਛੇ ਲਾਈਏ ਤਾਂ,'ਦੁੰਦ ਪਦ'=ਦੋਹਾਂਚਰਨਾਂ ਉਤੇ। (ੲ) ਜੇ ਦੁੰਦ ਨੂੰ ਦ੍ਵੰਦ੍ਵ ਪੜ੍ਹੀਏ ਤਾਂ=ਦੋ ਪਰਸਪਰ ਵਿਰੋਧੀ ਸ਼ੈਆਂ ਦਾ ਜੋੜਾ, ਜੈਸੇ ਕਾਲਾ ਚਿੱਟਾ, ਸਰਦੀ ਗਰਮੀ, ਸੁਖ ਦੁਖ, ਪਾਪ ਪੁੰਨ। ਭਾਵ ਮਾਯਕ ਜੀਵ ਦ੍ਵੰਦਾਂ ਵਿਚ ਫਸੇ ਹੀ ਮਰ ਜੰਮ ਰਹੇ ਹਨ। ਇਹ ਅਰਥ ਲਾਉਣਾ ਹੋਵੇ ਤਾਂ 'ਮੁਕੰਦ ਦੁੰਦ' ਪਾਠ ਹੋਊ, ਅਰਥਾਤ, ਦ੍ਵੰਦਾਂ ਤੋਂ ਮੁਕਤੀ ਦਾਤਾ ਹਨ।
ਮੈ ਸੁਖ ਧਾਮ ਹੈ=ਮੇਰੇ (ਵਿਦ੍ਯਾ ਉਸਤਾਦ) ਸੁਖ ਦਾ ਧਾਮ (ਘਰ) ਹੈਨ। (ਅ) ਮੈਂ (ਨਿਤ ਬੰਦਨਾ ਕਰਕੇ) ਸੁਖ ਦਾ ਧਾਮ ਹੋਇਆ ਹਾਂ। (ੲ) ਅਸ਼ੀਰਬਾਦ ਮੰਗਦੇ ਹਨ ਕਿ ਮੈਂ ਅਪਣੇ ਉਸਤਾਦ ਨੂੰ ਬੰਦਨਾਂ ਕਰਕੇ ਸੁਖ ਦਾ ਧਾਮ ਹੋਵਾਂ। 'ਹੈ' ਨੂੰ ਫੇਰ 'ਹ੍ਵੈ' ਪੜ੍ਹਨਾ ਪਵੇਗਾ।

ਅਰਥ—(ਮੇਰੇ ਵਿਦ੍ਯਾ ਦਾਤੇ ਜਿਨ੍ਹਾਂ ਦਾ) ਨਾਮ 'ਸੰਤ ਸਿੰਘ' ਹੈ, (ਜਿਨ੍ਹਾਂ ਦਾ) ਗੁਰਮੁਖਾਂ ਨਾਲ ਅਤਿ ਹਿਤ ਹੈ, (ਜਿਨ੍ਹਾਂ ਦਾ) ਸਦਾ ਭਗਤੀ (ਵਿਚ) ਪ੍ਰੇਮ ਹੈ, ਨਾਮ (ਸਿਮਰਣ) ਨੂੰ (ਜਿਨ੍ਹਾਂ) ਚਿਤ ਦੀ ਬ੍ਰਿਤੀ ਹੀ ਬਣਾ ਲਿਆ ਹੈ।

(ਸੁਭਾਵ ਦੇ) ਦਿਆਲੂ, (ਲੋਕਾਂ ਨਾਲ) ਸੱਜਣਤਾਈ ਕਰਨ ਵਾਲੇ, (ਹੌਂਸਲੇ ਦੇ) ਧੀਰਜੀ, (ਸਿੱਖੀ) ਧਰਮ (ਦੀ ਧਾਰਨਾ) ਪੱਕੀ ਤਰ੍ਹਾਂ ਨਾਲ ਧਾਰਨ ਵਾਲੇ, ਜਿਨ੍ਹਾਂ ਨੂੰ ਬਾਲਕ ਅਵਸਥਾ ਤੋਂ ਹੀ ਭਜਨ ਨਾਲ ਕੰਮ ਹੈ।

ਜਿਨ੍ਹਾਂ ਦੇ ਚਰਣਾਂ ਦੀ ਬੂੰਦ ਵਿਚ ਮੂੰਹ ਪਾਕੇ (ਭਾਵ ਵੇਖਕੇ, ਕਵਿ) ਸ੍ਰੇਸ਼ਟ ਬੁੱਧੀ ਦਾ ਘਰ (ਵਿਦ੍ਵਾਨ) ਹੋ ਗਿਆ ਹੈ, ਅਰ ਅਥੱਕ ਕੰਮ ਕਰਨ ਵਾਲਾ ਹੋ ਗਿਆ ਹੈ (ਅਥਵਾ ਉਸਦੇ ਕਲੇਸ਼ਾਂ ਦਾ ਅੰਤ ਹੋ ਗਿਆ ਹੈ)।

ਉਨ੍ਹਾਂ ਦੇ ਸੁੰਦਰ ਚਰਣਾਰਬਿੰਦ (ਉਤੇ ਜੋ) ਮੁਕਤੀ ਦੇ ਦਾਤਾ (ਤੇ) ਸੁੱਖਾਂ ਦਾ ਘਰ ਹਨ ਦੋਵੇਂ ਹੱਥ (ਜੋੜਕੇ) ਮੈਂ ਸਦਾ ਬੰਦਨਾ ਕਰਦਾ ਹਾਂ।

ਭਾਵ—ਹੁਣ ਕਵਿ ਜੀ ਅਪਣੇ ਵਿੱਦ੍ਯਾ ਦਾਤੇ ਭਾਈ ਸੰਤ ਸਿੰਘ ਜੀ ਦਾ ਮੰਗਲ ਕਰਦੇ ਹਨ, ਨਾਮ ਦੱਸਦੇ ਹਨ 'ਸੰਤ ਸਿੰਘ*'। ਉਨ੍ਹਾਂ ਦੇ ਗੁਣ ਦੱਸਦੇ ਹਨ ਕਿ ਸੰਤਾਂ ਦੇ ਪ੍ਰੇਮੀ, ਭਗਤੀ ਉਨ੍ਹਾਂ ਦਾ ਮਾਰਗ ਸੀ, ਜੋ ਸਿੱਖੀ ਦਾ ਇਕ ਮੁੱਖ ਅਸੂਲ ਹੈ ਤੇ ਨਿਰੇ ਨਾਮ ਧ੍ਰੀਕ ਸਿੱਖ ਨਹੀਂ, ਪਰ ਨਾਮ ਦੇ ਰੰਗ ਵਾਲੇ, ਸੁਭਾਵ ਦੇ ਦਿਆਲੂ, ਜਗਤ ਦੇ ਸੱਜਣ, ਧੀਰਜੀ ਤੇ ਪੱਕੇ ਸਿੰਘ। ਉਨ੍ਹਾਂ ਦੀ ਮੁਹਬਤ, ਸੇਵਾ ਤੇ ਸ਼ਾਗਿਰਦੀ ਵਿੱਚ

*ਭਾਈ ਸੰਤ ਸਿੰਘ ਜੀ ਦੇ ਸੰਖੇਪ ਹਾਲ ਲਈ ਪੜ੍ਹੋ ਇਸੇ ਗ੍ਰੰਥਵਾਲੀ ਦੀ ਪਹਿਲੀ ਜਿਲਦ 'ਪ੍ਰਸਤਾਵਨਾ' ਦਾ ਸਿਰਨਾਮਾ 'ਵਿੱਦ੍ਯਾ ਦਾਤਾ'।

ਮੈਂ 'ਵਿਦਯਾ' ਅਰ 'ਆਚਰਣ' ਤੇ 'ਨਾਮ' ਸਿਖਿਆ ਹੈ, ਉਨ੍ਹਾਂ ਪ੍ਰਤੀ ਮੇਰੀ ਬੰਦਨਾ ਹੈ। 'ਬੂੰਦ ਮੈਂ ਬਦਨ ਪਾਇ' ਤੋਂ ਕਵਿ ਜੀ ਅਪਣੀ ਸੇਵਾ ਤੇ ਸ਼ਾਗਿਰਦੀ ਸੂਚਤ ਕਰਾਉਂਦੇ ਹਨ । ਅਗਲੇ ਸਮੇਂ ਲੋਕ ਅਪਣੇ ਉਸਤਾਦਾਂ ਦੀ ਬੜੀ ਇੱਜ਼ਤ ਤੇ ਸਤਿਕਾਰ ਕਰਦੇ ਸਨ, ਤੇ ਫੇਰ ਨਾਮ ਵਾਲੇ, ਉੱਚੇ ਜੀਵਨ ਵਾਲੇ ਗੁਰਮੁਖਾਂ ਦੇ, ਜਿਨ੍ਹਾਂ ਤੋਂ ਨਾਮ ਦਾ ਰਸ ਪ੍ਰਾਪਤ ਹੋਵੇ, ਬਹੁਤ ਪ੍ਰੇਮ ਵਿਚ ਰਹਿੰਦੇ ਸਨ। ਅੱਜ ਕਲ ਮਦਰੱਸਿਆਂ ਦੇ ਉਸਤਾਦ ਨੌਕਰ ਹੁੰਦੇ ਹਨ, ਘਰਾਂ ਵਿਚ ਬੀ ਉਸਤਾਦ 'ਨੌਕਰ' ਰੱਖੀਦੇ ਹਨ, ਇਸ ਕਰਕੇ (ਤੇ ਪੱਛੋਂ ਵਿਚ ਜੋ ਸਤਿਕਾਰ ਉਸਤਾਦਾਂ ਦਾ ਹੈ ਉਸ ਤੋਂ ਬੀ ਨਾਵਾਕਫ਼ ਹੋਣ ਕਰਕੇ) ਲੋਕਾਂ ਵਿੱਚ ਉਸਤਾਦ ਲਈ ਬੇਸਤਿਕਾਰੀ ਦਾ ਮਾਦਾ ਵਧ ਗਿਆ ਹੈ। 'ਮਨ ਵਿਚ ਅਪਣੇ ਹੁਨਰ ਦੇ ਕਮਾਲ' ਉਪਰ 'ਨਿਰਸੰਸੇ ਵਿਸ਼ਵਾਸ਼' ਲਈ 'ਉਸਤਾਦ' ਦੀ ਮੇਹਰ ਤੇ 'ਸਫਲ ਦਾਨ' ਦਾ ਕੋਈ ਐਸਾ ਅਸਰ ਹੈ ਜੋ ਯਕੀਨੀ ਵਸਤੂ ਹੈ। ਉਸਤਾਦਾਂ ਦੀ ਘਾਲ ਨੂੰ ਵਿਸਾਰਨਾ, ਜਿਨ੍ਹਾਂ ਤੋਂ ਸਿੱਖਣਾ ਉਨ੍ਹਾਂ ਦੇ ਦਿਲ ਨੂੰ ਠੁਹਕਰ ਦੇਣੀ ਕ੍ਰਿਤਘਣਤਾ ਹੈ। ਹੁਣ ਪੱਛਮ ਵਾਲੇ ਬੀ 'ਉਸਤਾਦਾਂ ਦੀ ਛੁਹ (ਸੁਹਬਤ) ਨਾਲ ਵਿਦਯਾ ਪ੍ਰਾਪਤੀ' ਦੇ ਸੱਚ ਨੂੰ ਅਨੁਭਵ ਕਰਨ ਲੱਗ ਪਏ ਹਨ।

ਅਪਣੇ ਹੁਨਰ ਦੇ ਕਮਾਲ ਨੂੰ ਕਵਿ ਜੀ ਉਸਤਾਦ ਦੀ ਮਿਹਰ ਦੱਸਦੇ ਹਨ, ਫੇਰ ਗੁਰ ਪ੍ਰਤਾਪ ਸੂਰਜ, ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਰਗੇ ਵਿਸ਼ਾਲ ਗ੍ਰੰਥ ਉੱਚੀ ਕਵਿਤਾ ਵਿਚ ਲਿਖਣ ਦੇ ਸਿਵਾ ਹੋਰ ਕਿਤਨੇ ਗ੍ਰੰਥ: ਜਪੁਜੀ ਸਾਹਿਬ ਦੀ ਟੀਕਾ, ਨਾਮ ਕੋਸ਼, ਵਾਲਮੀਕੀ ਰਾਮਾਯਣ ਦਾ ਅਨੁਵਾਦ, ਤੇ ਆਤਮ ਪੁਰਾਣ ਦਾ ਟੀਕਾ ਆਦਿ ਗ੍ਰੰਥ ਲਿਖ ਸੱਟਣੇ ਇਹ ਉਨ੍ਹਾਂ ਦੀ ਅਥੱਕ ਮਿਹਨਤ 'ਕਦਨ ਵਿਰਾਮ' ਦਾ ਪਰਤੱਖ ਨਮੂਨਾ ਹੈ। ਫਿਰ ਉਸਤਾਦ ਦੇ ਚਰਨਾਂ ਨੂੰ ਮੁਕੰਦ–ਮੁਕਤੀ ਦਾਤਾ–ਕਹਿੰਦੇ ਹਨ, ਜਿਸਦਾ ਭਾਵ ਹੈ ਕਿ–ਨਾਮ ਰਸ ਦੀ ਪ੍ਰਾਪਤੀ–ਬੀ ਉਨ੍ਹਾਂ ਤੋਂ ਹੋਈ ਹੈ। ਸੋ ਭਾਈ ਸਾਹਿਬ ਸੰਤ ਸਿੰਘ ਜੀ ਉਨ੍ਹਾਂ ਦੇ ਨਾ ਕੇਵਲ ਵਿਦਯਾ ਦਾਤੇ ਸਨ, ਪਰ ਨਾਮ ਅਭ੍ਯਾਸ ਤੇ ਆਤਮ ਰਸਤੇ ਦੇ ਉਸਤਾਦ (ਗੁਰਮੁਖ) ਬੀ ਉਹੀ ਸਨ* ।

੧੫. ਨਾਮ–ਗੁਰ ਮੰਤ੍ਰ ਤੇ ਨਾਮ ਮਹਾਤਮ–ਮੰਗਲ।

ਦੋਹਰਾ–ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰ ।
ਬੰਧ ਨਿਕੰਦਨ, ਸੁਖ ਸਦਨ, ਦੁਖ ਮਰਦਨ ਨਿਰਧਾਰ॥੩੪॥

[ਵਾਹਿਗੁਰੂ=ਅਕਾਲ ਪੁਰਖ ਦਾ ਓਹ ਨਾਮ ਹੈ ਜਿਸ ਨੂੰ ਸਿੱਖ ਮੰਤ੍ਰ ਕਰਕੇ ਜਪਦੇ ਹਨ ।
ਸਤਿਨਾਮ=ਸੱਚਾ ਨਾਮ, ਵਿਸ਼ੇਸ਼ਣ ਹੈ ਏਥੇ 'ਵਾਹਿਗੁਰੂ' ਦਾ। ਉਂਞ 'ਸਤਿਨਾਮ' ਆਪ ਬੀ ਵਾਹਿਗੁਰੂ ਜੀ ਦਾ ਸਰੂਪ ਲਖਾਯਕ ਨਾਮ ਹੈ ਤੇ ਰਬ ਜੀ ਦੇ ਨਾਂਵਾਂ ਵਿੱਚੋਂ ਇੱਕ ਨਾਮ ਗਿਣਿਆ ਗਿਆ ਹੈ।]

*ਦੇਖੋ ਇਸੇ ਗ੍ਰੰਥਾਵਲੀ ਦੀ ਪਹਿਲੀ ਪੋਥੀ 'ਪ੍ਰਸਤਾਵਨਾ' ਦਾ ਅੰਕ ੨ 'ਵਿਦਯਾ–ਸ੍ਰੀਅੰਮ੍ਰਿਤਸਰ ਨਿਵਾਸ' ਵਾਲਾ ਲੇਖ।

{ ਇਸ ਸੂਰਤ ਵਿਚ 'ਸਤਿਨਾਮ ਵਾਹਿਗੁਰੂ' ਸਾਰਾ ਇਕ ਪਦ ਵਾਂਙੂ ਬੀ ਹੋਵੇਗਾ, ਪਰੰਤੂ ਅਗੇ ਚੱਲਕੇ ਪਤਾ ਲਗਦਾ ਹੈ ਕਿ ਕਵਿ ਜੀ ਏਥੇ ਨਿਰਾ 'ਵਾਹਿਗੁਰੂ' ਨਾਮ ਨੂੰ ਨਮਸਕਾਰ ਕਰ ਰਹੇ ਹਨ ।
ਨਿਕੰਦਨ=ਕੱਟਣ ਵਾਲਾ, ਨਾਸ਼ ਕਰਨ ਵਾਲਾ । ਸਦਨ=ਘਰ ।
ਮਰਦਨ=ਮਲ ਸਿੱਟਣ ਵਾਲਾ ।
ਨਿਰਧਾਰ=ਨਿਸ਼ਚੇ। (ਅ) ਮਨ ਵਿਚ ਧਾਰਨ ਕੀਤਾ ਹੈ । ਨਿਸ਼ਚੇ ਕੀਤਾ ਹੈ। }

ਅਰਥ—(ਅਕਾਲ ਪੁਰਖ ਜੀ ਦੇ) ਸੱਚੇ ਨਾਮ—ਵਾਹਿਗੁਰੂ—ਨੂੰ ਵਾਰ ਵਾਰ (ਮੇਰੀ) ਨਮਸਕਾਰ (ਹੋਵੇ), ਜੋ ਨਿਸ਼ਚੇ (ਲੋਕ ਪ੍ਰਲੋਕ ਦੀਆਂ) ਬੰਦਸ਼ਾਂ ਦੇ ਕੱਟਣ ਵਾਲਾ ਹੈ, (ਦੋਹੀਂ ਲੋਕੀਂ) ਸੁਖ ਦਾ ਘਰ ਹੈ, (ਤੇ ਸਭ ਕਿਸਮ ਦੇ) ਦੁੱਖਾਂ ਨੂੰ ਮਲ ਸਿੱਟਣੇ ਵਾਲਾ ਹੈ।

ਭਾਵ—ਨਾਮ ਨੂੰ ਪ੍ਰੇਮ ਰੂਪ ਜਾਣਕੇ ਇਸਦੇ ਪ੍ਰਵਾਹ ਵਿਚ ਪਏ ਪ੍ਰੇਮੀ ਕਵੀ ਜੀ ਨਾਮ ਨੂੰ ਇਕ 'ਸ਼ਕਤੀ', 'ਮੱਤਤਾ' ਤੇ 'ਸੱਚ' ਅਨੁਭਵ ਕਰਦੇ ਹਨ, ਉਸ ਅੱਗੇ ਨਮਸਕਾਰ ਕਰਦੇ ਹਨ। ਫਿਰ ਉਸ ਨਾਮ ਦੀ ਤਾਸੀਰ ਦੱਸਦੇ ਹਨ, ਦੁੱਖ ਨਾਸ਼ ਕਰਨ ਵਾਲਾ, ਬੰਧਨ ਕੱਟਣ ਵਾਲਾ ਤੇ ਸੁਖਦਾਤਾ। ਆਪ ਇਹ ਸੁਣੀ ਸੁਣਾਈ ਗੱਲ ਨਹੀਂ ਦੱਸਦੇ, ਆਪ ਇਸਨੂੰ ਧਾਰਨ ਕਰਕੇ—ਪਰਖ, ਪਰਤਾ, ਪ੍ਰਾਪਤੀ ਕਰਕੇ—ਦੱਸਦੇ ਹਨ।

ਅਗਲੇ ਛੰਦਾਂ ਵਿਚ ਹੁਣ ਕਵਿ ਜੀ ਨਾਮ ਦੇ ਜੋ ਵਿਸ਼ੇਸ਼ਨ ਏਥੇ ਕਥੇ ਅਤੇ ਹੋਰ ਮਹਾਤਮਾਂ ਨੇ ਹੋਰਥੇ ਕਥੇ ਹਨ ਉਨ੍ਹਾਂ ਦਾ ਵਿਸਥਾਰ ਪੂਰਬਕ ਕਥਨ ਕਰਨਗੇ।

ਚੌਪਈ—ਵਾਹਿਗੁਰੂ* ਬਰ ਸੁੰਦਰ ਨਾਮੂ। ਸਦਾ ਸਵਾਰੇ ਹਮਰੋ† ਕਾਮੂ।
ਇਕ ਅਵਿਲੰਬ ਨਾਮ ਕੋ ਜਾਨਾ। ਕਲੀ ਕਾਲ ਸਮਰੱਥ ਨ ਆਨਾ॥ ੩੦॥

{ ਬਰ=ਸ੍ਰੇਸ਼ਟ। ਕਾਮੂ=ਕੰਮ। ਅਵਿਲੰਬ=ਆਸਰਾ।
ਕਲੀ ਕਾਲ=ਕਲਜੁਗ ਦੇ ਸਮੇਂ। ਆਨਾ=ਹੋਰ। }

ਅਰਥ—ਵਾਹਿਗੁਰੂ ਸ੍ਰੇਸ਼ਟ (ਤੇ) ਸੁੰਦਰ ਨਾਮ ਹੈ (ਅਕਾਲ ਪੁਰਖ ਦਾ, ਜੋ) ਸਾਡੇ ਕੰਮ ਸਦਾ ਸਵਾਰਦਾ ਹੈ।

---

*'੧ ੳ ਸਤਿਨਾਮੁ.........' ਸਾਰੇ ਮੂਲ ਮੰਤ੍ਰ ਵਿਚ ਜਿਸ 'ਸਦਾ ਸਥਿਰ' ਵਜੂਦ ਯਾ ਹਸਤੀ ਦਾ ਪਤਾ ਦਿੱਤਾ ਹੈ ਉਸ ਦੀ ਪ੍ਰਾਪਤੀ ਲਈ 'ਵਾਹਿਗੁਰੂ' ਗੁਰ ਮੰਤ੍ਰ ਹੈ। ਯਥਾ 'ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈਂ ਖੋਈ' [ਭਾ: ਗੁ: ਵਾ: ੧੩-੨] ਤੇ ਇਹ ਗੁਰ ਮੰਤ੍ਰ ਗੁਰ ਨਾਨਕ ਦੇਵ ਜੀ ਦਿੱਤਾ ਸੀ:—'ਵਾਹਿਗੁਰੂ ਗੁਰ ਸ਼ਬਦ ਸੁਣਾਯਾ' [ਭਾ: ਗੁ: ਵਾ: ੨੪—੧]

†ਪਾਠਾਂਤ੍ਰ—ਸਵਾਰ ਹਮਾਰੇ—ਬੀ ਹੈ।

ਕਲਿਜੁਗ (ਵਿਚ) ਹੋਰ (ਕੋਈ ਸਾਧਨ) ਸਮਰੱਥਾਵਾਨ ਨਹੀਂ ਹੈ, (ਇਸ ਕਰਕੇ ਅਸਾਂ) ਇਕ (ਪਰਮੇਸ਼ੁਰ ਦੇ) ਨਾਮ ਨੂੰ ਹੀ (ਅਪਣਾ) ਆਸ਼ਰਾ ਜਾਣਿਆ ਹੈ।

ਸਦਾ ਲੋਕ ਪਰਲੋਕ ਸਹਾਈ। ਨਾਮ ਲੈਤਿ ਹੀ ਬਿਘਨ ਪਰਾਈ।
ਹਰਹਿ ਕਾਲਕਲਿ ਕਲੁਖ ਸਦੂਖਨ।ਨਾਮ ਕਟਾੋ ਜਿਨ ਗ੍ਰੀਵਾ ਭੂਖਨ।੩੬।

ਲੋਕ=ਇਸ ਜਗਤ ਵਿਚ।
ਪਰਲੋਕ=ਆਉਣ ਵਾਲੇ ਜਗਤ ਵਿਚ।
ਸਹਾਈ=ਜੋ ਸਹਾਯਤਾ ਕਰੇ। ਮਦਦਗਾਰ, ਵੇਲੇ ਸਿਰ ਕੰਮ ਆਉਣ ਵਾਲਾ।
ਬਿਘਨ=ਰੋਕ, ਮੁਸ਼ਕਲ, ਤਕਲੀਫ, ਔਕੜ।
ਪਰਾਈ=ਨੱਸ ਜਾਂਦੇ ਹਨ। [ਪਲਾਯਨ=ਨੱਸ ਜਾਣਾ]।
ਹਰਹਿ=ਹਰ ਲੈਂਦਾ ਹੈ, ਚੁਰਾ ਲੈਂਦਾ ਹੈ। ਦੂਰ ਕਰ ਦੇਂਦਾ ਹੈ।
ਕਲਿ=ਪਿਛਲੀ ਚੋਪਈ ਵਿਚ ਕਹੇ–ਕਲੀ ਕਾਲ ਦਾ–ਹੀ ਉਲਟਵਾਂ ਰੂਪ ਹੈ 'ਕਾਲ ਕਲਿ'। ਮੁਰਾਦ ਹੈ–ਇਸ ਜੁਗ ਤੋਂ, ਜੋ ਜੁਗ ਹੀ ਪਾਪਮਯ ਕਹੀਦਾ ਹੈ। ਇਸ ਪਦ ਦਾ ਅਰਥ–ਕਾਲ ਤੇ ਕਲਿਜੁਗ ਦੇ ਪਾਪ–ਬੀ ਲਾਈਦੇ ਹਨ।
ਕਲੁਖ=ਮੈਲ, ਮਲੀਨਤਾਈ, ਪਾਪ।
ਸਦੂਖਨ=[ਸ+ਦੂਖਣ] ਦੂਖਣ ਉਹੀ ਪਦ ਹੈ ਜਿਸ ਨੂੰ ਪੰਜਾਬੀ ਵਿਚ –ਦੂਸ਼ਣਾਂ ਲਗ ਗਈ–ਕਹਿੰਦੇ ਹਨ। ਜਿਵੇਂ ਚੰਦ ਨੇ ਕੋਈ ਪਾਪ ਕੀਤਾ ਉਸਦੀ ਦੂਸ਼ਣਾ ਲੱਗੀ। ਸੋ ਦੂਖਨ ਦਾ ਅਰਥ ਹੈ ਪਾਪ ਤੇ ਉਨ੍ਹਾਂ ਦੀ ਕਲੰਕਤਾਈ। ਤੁਕ ਦਾ ਭਾਵ ਹੈ, ਕਲਿਜੁਗ ਦੇ ਪਾਪ ਤੇ ਪਾਪਾਂ ਦੀ ਦੂਸਣਾਂ ਨੂੰ ਦੂਰ ਕਰਦਾ ਹੈ।

–ਸ–ਜੋ ਦੂਖਨ ਦੇ ਪਹਿਲੇ ਹੈ ਇਹ ਇਸਦੇ ਨਾਲ ਦਾ ਨਹੀਂ, ਇਹ–ਹਰਹਿ–ਦੇ ਨਾਲ ਹੈ:–ਸ+ਹਰਹਿ=ਭਲੀ ਪ੍ਰਕਾਰ ਹਰਦਾ ਹੈ। ਛੰਦ ਦੇ ਵਜ਼ਨ ਲਈ–ਸ–ਅੱਗੇ ਜਾ ਲੱਗਾ ਹੈ।

(ਅ) ਸਹਿਤ ਦੂਸ਼ਣਾਂ ਦੇ।

ਗ੍ਰੀਵਾ ਭੂਖਨ=ਗਲੇ ਦਾ ਗਹਿਣਾ, ਗਲੇ ਦਾ ਹਾਰ, ਮੁਹਾਵਰਾ ਹੈ–ਨਿਤ ਪ੍ਰਤਿ ਨਾਲ ਰਹਿਣਾ। ਤੁਕ ਦਾ ਅਰਥ ਹੈ, ਜਿਸਨੇ ਨਾਮ ਨੂੰ ਨਿਰੰਤਰ ਧਾਰਨ ਕੀਤਾ ਹੈ। ਦੂਸਰਾ ਕਟਾਖਯ ਗਲੇ ਦੇ ਨਾਲ ਰਹਿਣੇ ਵਿੱਚ ਇਹ ਹੈ ਕਿ ਯਾਦੋਂ ਨਹੀਂ ਭੁੱਲਦਾ, ਕਿਉਂਕਿ 'ਕਿਸੇ ਗੱਲ ਦੇ ਯਾਦ

[ਰਹਿਣ ਨੂੰ' ਕੰਠ ਹੋ ਜਾਣਾ ਬੀ ਕਹਿੰਦੇ ਹਨ।]

ਅਰਥ—(ਨਾਮ) ਲੋਕ ਤੇ ਪ੍ਰਲੋਕ ਦਾ ਸਦਾ ਸਹਾਈ ਹੈ। ਨਾਮ ਦੇ ਲੈਂਦਿਆਂ ਹੀ (ਸਾਰੇ) ਵਿਘਨ ਨੱਸ ਜਾਂਦੇ ਹਨ।

ਜਿਨ੍ਹਾਂ ਨੇ ਨਾਮ ਨੂੰ ਗਲੇ ਦਾ ਗਹਿਣਾ ਬਣਾਇਆ ਹੈ (ਉਨ੍ਹਾਂ ਦੇ) ਕਲੀ ਕਾਲ ਦੇ ਪਾਪਾਂ (ਤੇ ਪਾਪਾਂ ਦੀਆਂ) ਦੂਸ਼ਣਾਂ ਨੂੰ (ਨਾਮ) ਦੂਰ ਕਰ ਦੇਂਦਾ ਹੈ।

ਦੋਹਰਾ—**ਮੰਗਲ ਸੁਖ ਕਲਿਆਨਦਾ ਕਰਹਿ ਅਮੰਗਲ ਹਾਨ।**
ਜਪਤਿ ਜਪਤਿ ਸ੍ਰੀ ਨਾਮ ਕੋ ਪ੍ਰਗਟੈ ਉਰ ਮੈਂ ਗ੍ਯਾਨ ॥੩੭॥

{ ਮੰਗਲ=ਭਲਿਆਈ, ਮਨ ਦੀ ਮੁਰਾਦ ਦੀ ਪੂਰਨਤਾਈ।
ਸੁਖ=ਮਨ, ਸਰੀਰ ਤੇ ਆਤਮਾ ਦੇ ਆਰਾਮ।
ਕਲਿਆਨ=ਸ਼ੁਭ ਹਾਲਤ। ਦਾ=ਦੇਣ ਵਾਲਾ।
ਅਮੰਗਲ=ਵਿਘਨ, ਨਾ ਖੁਸ਼ੀ, ਬੁਰਿਆਈ, ਮੰਦਾ। }

ਅਰਥ—(ਨਾਮ) ਮੁਰਾਦਾਂ ਦੀ ਪੂਰਨਤਾਈ, ਸੁਖ ਅਤੇ ਸ਼ੁਭ ਅਵਸਥਾ ਦਾ ਦਾਤਾ ਹੈ, ਤੇ (ਇਨ੍ਹਾਂ ਦੀ ਪ੍ਰਾਪਤੀ ਵਿਚ ਅਟਕ ਪਾਉਣ ਵਾਲੇ ਸਾਰੇ) ਅਮੰਗਲਾਂ ਦੀ ਹਾਨੀ ਕਰਦਾ ਹੈ। (ਇਹ ਫਲ ਕਾਮਨਾ ਧਾਰਕੇ ਜਪਣ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ।

(ਨਿਸ਼ਕਾਮ ਅਰਾਧਨਾਂ ਵਾਲਿਆਂ ਦੇ) ਹਿਰਦੇ ਵਿਚ ਸ੍ਰੀ ਨਾਮ ਨੂੰ ਜਪਦਿਆਂ ਜਪਦਿਆਂ ਗ੍ਯਾਨ ਪ੍ਰਗਟ ਹੋ ਆਉਂਦਾ ਹੈ।

ਭਾਵ—ਜੋ ਕਾਮਨਾ ਰੱਖਕੇ ਨਾਮ ਜਪਦੇ ਹਨ ਉਨ੍ਹਾਂ ਦੇ ਵਿਘਨਾਂ ਦਾ ਨਾਸ਼ ਹੁੰਦਾ ਹੈ, ਸੁਖ ਤੇ ਸ਼ੁਭ ਹਾਲਤ ਹੁੰਦੀ ਹੈ ਤੇ ਕਾਮਨਾ ਪੂਰਨ ਹੁੰਦੀ ਹੈ, ਪਰ ਜੋ ਨਿਸ਼ਕਾਮ ਹੋਕੇ ਜਪਦੇ ਹਨ ਉਨ੍ਹਾਂ ਦੇ ਹਿਰਦੇ ਗ੍ਯਾਨ ਉਪਜਦਾ ਹੈ। ਨਾਮ ਸਿਮਰਣ ਨਾਲ ਮਨ ਹੋਰ ਫੁਰਨਿਆਂ ਤੋਂ ਹਟਦਾ ਹਟਦਾ ਇਕ ਨਾਮ ਦੇ ਫੁਰਨੇ ਤੇ ਆ ਟਿਕਦਾ ਹੈ, ਐਉਂ ਏਕਾਗ੍ਰਤਾ ਹੋ ਜਾਂਦੀ ਹੈ। ਫਿਰ ਜਪਣ ਵਾਲਾ ਪ੍ਰੇਮੀ ਧ੍ਯਾਨ ਰੱਬ ਦਾ ਰੱਖਦਾ ਹੈ ਕਿ ਜਿਸਦਾ ਨਾਮ ਜਪਦਾ ਹੈ, ਉਸਨੂੰ ਅਪਣੀ ਯਾਦ ਦਾ ਆਸ਼੍ਰਾ ਬਨਾਉਂਦਾ ਹੈ। ਯਾਦ ਪ੍ਰੇਮ ਦਾ ਸਰੂਪ ਹੈ, ਸੋ 'ਸਾਈਂ ਪ੍ਰੇਮ ਰੂਪ ਨਾਮ' ਉਸਨੂੰ ਸਾਈਂ ਦੇ ਨੇੜੇ ਲੈ ਜਾਂਦਾ ਹੈ, ਸਾਈਂ ਪ੍ਰਕਾਸ਼ ਸਰੂਪ ਹੈ, ਉਹ ਗ੍ਯਾਨ ਸਰੂਪ ਹੈ, ਸੋ ਧ੍ਯਾਉਣ ਵਾਲਾ ਉਸੇ ਦੇ ਪ੍ਰਕਾਸ਼ ਸਰੂਪ ਤੋਂ ਗ੍ਯਾਨ ਦਾ ਪ੍ਰਕਾਸ਼ ਪ੍ਰਾਪਤ ਕਰ ਲੈਂਦਾ ਹੈ। ਐਉਂ ਗ੍ਯਾਨ ਅੰਦਰ ਪ੍ਰਗਟਦਾ ਹੈ।

ਅੱਗੇ ਹੁਣ ਨਾਮਹੀਨ ਦਸ਼ਾ ਦੇ ਔਗੁਣ ਦੱਸਦੇ ਹਨ :—

ਚੌਪਈ—**ਬਰਤ ਨੇਮ ਜਪ ਤਪ ਜਗ ਕਰਮੂ। ਨਾਮ ਬਿਨਾ ਬਿਰਥੇ ਸਭਿ ਧਰਮੂ।**
ਨਾਮ ਹੀਨ ਭਵ ਸਾਗਰ ਬੀਚੂ। ਜਨਮ ਧਰਹਿਂ ਊਚੂ ਕਬ ਨੀਚੂ ॥੩੮॥

ਬਰਤ=ਤਪੱਸਯਾ ਦੇ ਤ੍ਰੀਕੇ ਵਿਚ ਕਿਸੇ ਗਲ ਦੇ ਕਰਨ ਯਾ ਨਾ ਕਰਨ ਦਾ ਪ੍ਰਣ ਧਾਰਣ ਕਰਨਾਂ। (ਅ) ਭੁੱਖੇ ਰਹਿਣ ਦੀ ਤਪੱਸਯਾ। [ਸੰਸ:, ਵ੍ਰਤ]
ਨੇਮ=ਰੀਤਿ, ਤ੍ਰੀਕਾ, ਬੱਝੀ ਹੋਈ ਗਲ [ਸੰਸ:, ਨਿਯਮ]।
ਜਗ=ਯੱਗਯ। (ਅ) ਜਗਤ ਵਿਚ।
ਧਰਮੁ=ਜੋ ਧਾਰਣ ਕੀਤਾ ਜਾਇ ਸੋ ਧਰਮ।
ਬਰਤ ਤੇ ਨੇਮ ਦੋ ਧਰਮ ਹਨ।
ਜਪ ਤਪ ਜੱਗਯ ਏਹ ਕਰਮ ਹਨ। ਕਵਿ ਜੀ ਦੀ ਸਮੁੱਚੀ ਮੁਰਾਦ ਇਹ ਹੈ ਕਿ ਕਰਮ ਅਰ ਧਰਮ ਤਾਂ ਹੀ ਸਫਲ ਹਨ ਜੇ ਨਾਮ ਹੋਵੇ, ਨਹੀਂ ਤਾਂ ਨਹੀਂ, ਤੇ ਵੰਨਗੀ ਮਾਤ੍ਰ ਦੋ ਚਾਰ ਗਿਣੇ ਹਨ। ਸਾਰੇ ਨਿਖੇੜ ਕੇ ਵੱਖ ਵੱਖ ਨਹੀਂ ਕੀਤੇ।
ਭਵ ਸਾਗਰ=ਸੰਸਾਰ ਸਾਗਰ।

ਅਰਥ—(ਜਗਤ ਵਿਚ ਪ੍ਰਚਲਤ) ਕਰਮ (ਜੈਸੇ ਕਿ) ਜਪ ਤਪ ਯੱਗਯ, ਅਤੇ ਧਰਮ (ਜੈਸੇ ਕਿ) ਬ੍ਰਤ ਤੇ ਨੇਮ (ਏਹ) ਸਾਰੇ ਨਾਮ ਬਿਨਾਂ ਬਿਰਥਾ ਹਨ।
(ਜੋ ਪ੍ਰਾਣੀ) ਸੰਸਾਰ ਸਾਗਰ ਵਿਚ ਨਾਮ ਹੀਨ ਹਨ, (ਕਦੇ) ਉੱਚਾ ਕਦੇ ਨੀਵਾਂ (ਮੁੜ ਮੁੜ) ਜਨਮ ਧਾਰਦੇ ਹਨ*।

ਨਾਮ ਬਿਨਾ ਧਿਗ ਰਾਜ ਸਮਾਜੂ। ਨਾਮ ਹੀਨ ਜਗ ਜੀਵਨ ਲਾਜੂ।
ਅਭੈ† ਭਵਿਤ ਭੋਗਹਿ ਭਵ ਭੋਗੂ। ਨਾਮ ਬਿਨਾ ਜਾਵਹਿ ਜਮ ਲੋਗੂ ॥ ੩੯ ॥

ਧਿਗ=ਧ੍ਰਿਕਾਰ ਹੈ। [ਸੰਸ:, ਧਿਕ੍]
ਸਮਾਜੂ=ਸਭਾ। ਇਕੱਠ, ਭੀੜ ਭੜੱਕਾ। (ਅ) ਸਾਮਾਨ। ਰਾਜ ਵਿਚ ਸਾਰੇ 'ਸਾਮਾਨ ਤੇ ਲੋਕ' ਜੋ ਸੁਖ ਦਾ ਕਾਰਣ ਹੁੰਦੇ ਹਨ। [ਸੰਸ:, ਸਮਾਜ]
ਲਾਜੂ=ਲਾਜ=ਸ਼ਰਮ। ਇਸ ਤੁਕ ਦਾ ਐਉਂ ਬੀ ਅਰਥ ਲਗਦਾ ਹੈ:— ਨਾਮ ਵਿਹੂਣੇ ਦਾ ਜਗਤ ਵਿਚ ਜੀਵਨ ਸ਼ਰਮਨਾਕ ਜੀਵਨ ਹੈ।
ਅਭੈ=ਅ+ਭੈ=ਨਿਡਰ। ਭਵਿਤ=ਹੋਕੇ।
ਭਵ=ਸੰਸਾਰ ਵਿਚ ਯਾ ਸੰਸਾਰ ਦੇ।
ਭੋਗੂ=ਭੋਗ, ਰਸ ਮਾਣਨ ਵਾਲੇ ਕੰਮ।
ਜਮ ਲੋਗੂ=ਯਮ ਲੋਕ। ਧਰਮ ਰਾਜ ਲੋਕ ਯਾ ਦੇਸ਼। ਮਰ ਕੇ ਪ੍ਰਾਣੀ ਪਹਿਲੇ ਏਥੇ ਜਾਂਦਾ ਤੇ ਉਸਦੇ ਕਰਮਾਂ ਦੀ ਜੋਖ ਹੁੰਦੀ ਹੈ।
ਭਾਵ ਨਾਮ ਵਿਹੂਣੇ ਲੇਖੇ ਦੇ ਅੰਦਰ ਹਨ।

---

*ਕਿਉਂਕਿ ਕਰਮ ਜਾਲ ਨਾਮ ਨਾਲ ਹੀ ਟੁੱਟਦਾ ਹੈ।
†ਪਾਠਾਂਤ੍ਰ—ਅਭਹਿ—ਬੀ ਹੈ।

ਅਰਥ—ਨਾਮ ਤੋਂ ਬਿਨਾਂ ਧ੍ਰਿਕਾਰ ਹੈ ਰਾਜ (ਨੂੰ ਅਤੇ ਰਾਜ ਦੇ) ਸਮਾਜ ਨੂੰ, ਨਾਮ ਤੋਂ ਬਿਨਾ ਜਗਤ ਦਾ ਜੀਵਣਾ (ਨਿਰੀ) ਸ਼ਰਮ ਹੈ।

(ਜੋ ਲੋਕ) ਨਿਡਰ ਹੋਕੇ ਸੰਸਾਰ (ਵਿਚ) ਭੋਗਾਂ ਨੂੰ ਭੋਗ ਰਹੇ ਹਨ (ਓਹ ਨਾਮ ਵਿਹੂਣੇ ਜਮ ਲੋਕ ਨੂੰ ਜਾਣਗੇ।

ਭਾਵ—ਨਾਮ ਵਿਹੂਣੇ ਸਾਈਂ ਤੋਂ ਟੁੱਟੇ ਹੋਏ ਹਨ; ਜੋ ਨਾਮ ਨਾਲ ਜੁੜੇ ਹੋਏ ਹਨ, ਮਰਕੇ ਓਥੇ ਜਾਣਗੇ,ਜਿਸ ਨਾਲ ਜੁੜੇ ਹਨ ਭਾਵ ਪਰਮੇਸ਼ਰ ਪਾਸ। ਜੋ ਟੁੱਟੇ ਹਨ ਓਹ ਕੱਟੀ ਹੋਈ ਗੁੱਡੀ ਵਾਂਙੂ ਰੁਲਣਗੇ।

ਚੌਪਈ—ਸੁੰਦਰ ਮੰਦਰ ਅੰਗਨਾ*ਸੇਜਾ। ਅੰਤ ਸਮੇ ਜਮ ਗਹਿ ਕਰਿ ਲੇ ਜਾ। ਚਤੁਰੰਗਨ ਧੁਜਨੀ ਬਲ ਧਰਨੀ।ਤਿਹਛਿਨ ਕਾਹੁ ਨ ਤੇ ਹੁਇ ਕਰਨੀ।੪੦।

{ ਅੰਗਨਾ=ਅੰਗਨਾ=ਇਸਤ੍ਰੀਆਂ । ਗਹਿ=ਫੜਕੇ ਲੇ ਜਾਏਗਾ ।
ਚਤੁਰੰਗਨ ਧੁਜਨੀ=ਚਾਰ ਤਰ੍ਹਾਂ ਦੀ ਫੌਜ-ਪੈਦਲ, ਘੋੜ ਸਵਾਰ, ਹਾਥੀ ਤੇ ਰਥਾਂ ਵਾਲੀ । ਧੁਜਨੀ=ਸੈਨਾਂ, ਫੌਜ ।
ਬਲ ਧਰਨੀ=ਬਲ ਦੇ ਧਾਰਨ ਕਰਨ ਵਾਲੀ । ਬਲਵਾਨ ।
ਕਰਨੀ=ਮੁਹਾਵਰਾ ਹੈ–ਕਿਸੇ ਤੋਂ ਕਰਨੀ ਨਹੀਂ ਹੋ ਆਉਣੀ; ਜਿਵੇਂ ਪੰਜਾਬੀ ਵਿਚ ਕਹੀਦਾ ਹੈ,–ਕਿਸੇ ਤੋਂ ਕੁਛ ਨਹੀਂ ਸਰਨਾ– ਭਾਵ ਕਿਸੇ ਦੀ ਪੇਸ਼ ਨਹੀਂ ਜਾਣੀ। }

ਅਰਥ—ਸੁਹਣੇ ਮੰਦਰਾਂ, (ਸੁਹਣੀਆਂ) ਛੇਜਾਂ, ਤੇ (ਸੁਹਣੀਆਂ) ਇਸਤ੍ਰੀਆਂ (ਵਿਚੋਂ) ਅੰਤ ਸਮੇਂ ਜਮ ਫੜਕੇ ਲੈ ਜਾਵੇਗਾ । (ਹਾਂ) ਉਸ ਛਿਨ (ਵਿੱਚ) ਬਲਵਾਨ ਚਤੁਰੰਗਨੀ ਸੈਨਾਂ (ਤਾਂ ਕੀਹ) ਕਿਸੇ ਤੋਂ (ਬੀ ਐਸੀ) ਕਰਨੀ ਨਹੀਂ ਹੋ ਸਕਣੀ (ਕਿ ਜਮ ਤੋਂ ਛੁਡਾ ਲਵੇ)।

ਭਾਵ—ਮਰਨਾ ਸੱਚ ਹੈ, ਤੇ ਭੋਗ ਛਿਨ ਭੰਗਰ । ਭੋਗਾਂ ਵਿਚੋਂ ਮੌਤ ਝੋਪ ਲਏਗੀ ਤੇ ਭੋਗ ਧਰੇ ਰਹਿ ਜਾਣਗੇ । ਉਸ ਵੇਲੇ ਕੋਈ ਤਾਕਤ ਬੀ ਮੌਤ ਤੋਂ ਨਹੀਂ ਛੁੜਾ ਸਕੇਗੀ।

ਗਜ, ਬਾਜੀ, ਸਜੰਦਨ, ਬਹੁ ਰੰਗੇ। ਹੋਤਿ ਕੋਸ਼, ਗਮਨੇ ਪਗ ਨੰਗੇ। ਸਿਵਕਾ,ਡੇਰੇ ਤਜਿ ਕਰਿ ਨਾਨਾ। ਨਾਮ ਬਿਨਾ ਜਮਪੁਰੀ ਪਯਾਨਾ ॥੪੧॥

[ਗਜ=ਹਾਥੀ । ਬਾਜੀ=ਘੋੜੇ । ਸਜੰਦਨ=ਰਥ ।
ਬਹੁਰੰਗੇ=ਨਾਨਾ ਪ੍ਰਕਾਰ ਦੇ ਹੋਰ ਸਮਾਨਾਂ ਤੋਂ ਭਾਵ ਹੈ । ਅਥਵਾ ਰਥ ਨਾਨਾ ਪ੍ਰਕਾਰ ਦੇ ਯਾ ਕਈ ਰੰਗਾਂ ਵਾਲੇ ਰੰਗੀਨ ਰਥ।]

*ਪਾਠਾਂਤ੍ਰ–ਅੰਗਨ–ਬੀ ਹੈ । ਪਰ ਅੰਗਨ ਦਾ ਅਰਥ ਵਿਹੜਾ ਹੈ, ਜੋ ਏਥੇ ਢੁਕਦਾ ਨਹੀਂ ।

{ ਕੋਸ਼=ਖਜ਼ਾਨਾ । ਗਮਨੇ=ਚਲੇ ਗਏ । ਸਿਵਕਾ=ਪਾਲਕੀ ।
ਡੋਰੇ=ਡੋਲੇ । ਤਜਿਕਰਿ=ਛੱਡਕੇ । ਨਾਨਾ=ਕਈ ਤਰ੍ਹਾਂ ਦੇ ।
ਪਯਾਨਾ=ਜਾਣਾ । ਤੁਕ ਦਾ ਅਰਥ—ਨਾਮ ਤੋਂ ਬਿਨਾਂ ਜਮ ਪੁਰੀ ਨੂੰ ਚਲਾਣਾ ਹੋ ਗਿਆ (ਲੋਕਾਂ ਦਾ)। }

ਅਰਥ—ਹਾਥੀਆਂ, ਘੋੜਿਆਂ, ਰਥਾਂ, ਨਾਨਾ ਪ੍ਰਕਾਰ ਦੇ (ਹੋਰ ਸਾਮਾਨਾਂ ਅਤੇ) ਖਜ਼ਾਨਿਆਂ ਦੇ ਹੁੰਦਿਆਂ, (ਲੋਕੀ) ਨੰਗੇ ਪੈਰੀਂ ਚਲੇ ਗਏ।

ਪਾਲਕੀਆਂ, ਤੇ ਨਾਨਾ (ਤਰ੍ਹਾਂ ਦੇ) ਡੋਲੇ ਛੱਡਕੇ ਨਾਮ ਤੋਂ ਵਿਹੂਣੇ (ਲੋਕਾਂ ਦਾ) ਜਮ ਪੁਰੀ ਨੂੰ ਚਲਾਣਾ ਹੋ ਗਿਆ।

ਨਾਮ ਹੀਨ ਅਸ ਸ੍ਵਾਸ ਸਹਤਿ ਹੈ। ਜਿਹ ਬਿਧਿ ਭਸਰਾ ਫੂਕ ਬਹਤਿ ਹੈ।
ਨਾਮ ਜਪਤਿ ਸੇ ਵਡੇ ਵਡੇਰੇ। ਤਿਨ ਜਮਦੂਤ ਨ ਆਵਤਿ ਨੇਰੇ* ॥ ੪੨ ॥

{ ਅਸ=ਐਉਂ। ਸ੍ਵਾਸ=ਸਾਹ।
ਸਹਤਿ ਹੈ=ਸਮੇਤ ਹੈ, ਸ੍ਵਾਸਾਂ ਸਮੇਤ ਹੈ, ਇਸਦਾ ਮਤਲਬ ਹੈ:— ਐਉਂ ਸ੍ਵਾਸ ਲੈਂਦਾ ਹੈ।
ਭਸਰਾ=ਖੱਲਾਂ, ਉਹ ਖੱਲਾਂ ਜਿਨ੍ਹਾਂ ਨਾਲ ਲੁਹਾਰ ਭੱਠੀ ਨੂੰ ਹਵਾ ਦੇਂਦਾ ਹੈ। ਉਸ ਵਿਚ ਬੀ ਹਵਾ ਭਰਦੀ ਤੇ ਨਿਕਲਦੀ ਹੈ; ਮਾਨੋਂ ਸਾਹ ਆਉਂਦਾ ਜਾਂਦਾ ਹੈ। }

ਅਰਥ—ਨਾਮ ਤੋਂ ਹੀਨ (ਸਰੀਰ) ਐਉਂ ਸੁਆਸ ਲੈਂਦਾ ਹੈ, ਜਿਵੇਂ ਖੱਲਾਂ (ਵਚੋਂ) ਫੂਕ ਵਹਿੰਦੀ ਹੈ।

(ਜੋ) ਨਾਮ ਜਪਦੇ (ਹਨ) ਓਹ ਵਡੇ (ਤੇ ਵਡਿਆਂ ਤੋਂ ਬੀ) ਵਡੇਰੇ ਹਨ, ਜਮ ਦਾ ਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

ਦੋਹਰਾ—ਨਾਮ ਨ ਜਪਹਿਂ ਅਕ੍ਰਿੱਤਘਣ ਜੋ ਅਭਿਮਤ ਦਾਤਾਰ।
ਜਗ ਵਡਿਆਈ ਬਾਦ ਮਹਿਂ ਉਰਝੇ ਮੰਦ ਗਵਾਰ ॥ ੪੩ ॥

{ ਅਕ੍ਰਿੱਤਘਣ=ਕੀਤਾ ਨਾ ਜਾਣਨ ਵਾਲੇ। ਨਾ ਸ਼ੁਕਰ ਗੁਜ਼ਾਰ।
ਅਭਿਮਤ=ਜੋ ਮਨ ਨੂੰ ਭਾਵੇ, ਮਨ ਜੋ ਮੰਗੇ, ਮਨ ਵਾਂਛਤ।
ਬਾਦ=ਫਜ਼ੂਲ, ਨਿਕੰਮੀ। (ਅ) ਬਾਦ=ਝਗੜਾ। ਭਾਵ ਹੈ, ਵਡਿਆਈਆਂ ਅਤੇ ਝਗੜਿਆਂ ਵਿਚ ਫਸੇ ਹਨ। }

ਅਰਥ—(ਜੋ) ਨਾਮ ਨਹੀਂ ਜਪਦੇ (ਓਹ) ਕ੍ਰਿਤਘਨ ਹਨ (ਉਸਦੇ ਕਿ) ਜੋ ਮਨ ਵਾਂਛਤ (ਪਦਾਰਥਾਂ) ਦਾ ਦਾਤਾ ਹੈ, (ਕਿਉਂਕਿ ਓਹ ਦਾਤੇ ਦਾ ਕੀਤਾ ਨਹੀਂ ਜਾਣ ਰਹੇ)।

(ਹਾਂ ਓਹ) ਜਗਤ ਦੀ ਫਜ਼ੂਲ ਵਡਿਆਈ ਵਿਚ ਫਸੇ ਹੋਏ ਮੰਦੇ

---

*ਨਾਮ ਨਾਲ ਕਰਮ ਕਟ ਜਾਂਦਾ ਹੈ, ਕਰਮ ਸੁਤੰਤ੍ਰਾਂ ਤੇ ਜਮ ਦਾ ਵੱਸ ਨਹੀਂ।

ਮੂਰਖ ਹਨ (ਜੋ ਨਹੀਂ ਸਮਝਦੇ ਕਿ ਇਸਨੇ ਨਾਲ ਨਹੀਂ ਜਾਣਾ ਤੇ ਅੱਗੇ ਕੰਮ ਨਹੀਂ ਆਉਣਾ)।

ਚੌਪਈ–**ਜਾਨਤਿ ਸੰਤ ਨਾਮ ਪਰਤਾਪੂ। ਜਿਹ ਕਿਹ ਪਾਯੋ ਜਾਪ ਅਜਾਪੂ।**
ਨਹਿ ਜਾਨਹਿ ਸਾਕਤ ਪਰਤਾਪਾ। ਧਨ ਵਿਸ਼ਵਾਸ਼ੀ ਅਹਿਮਤ ਆਪਾ॥੪੪॥

[ਪਰਤਾਪੂ=(ਨਾਮ ਦਾ) ਪ੍ਰਤਾਪ, ਉਸਦੀ ਮਹੱਤਤਾ। ਅਰਥਾਤ ਨਾਮ ਜਪਕੇ ਕਿੱਡੀ ਵੱਡੀ ਪ੍ਰਾਪਤੀ ਹੁੰਦੀ ਹੈ।

ਅਜਾਪੂ=ਜਾਪ ਤੋਂ ਜੋ ਪਰੇ ਹੈ। [ਅ+ਜਾਪ+ਉ=ਪ੍ਰਤੇ]। ਇਸ–ਅਜਾਪ–ਪਦ ਦਾ ਭਾਵ ਅਜਪਾ ਜਾਪ ਤੋਂ ਨਹੀਂ ਹੈ। ਇਸ ਅਜਾਪ ਦਾ ਉਹੀ ਅਰਥ ਹੈ ਜੋ ਦਸਮ ਗੁਰ ਜੀ ਦੀ ਬਾਣੀ ਵਿਚ–ਅਜਾਪ ਨਾਥ–ਪਦ ਦਾ ਅਰਥ ਹੈ। ਭਾਵ ਇਹ ਹੈ ਕਿ ਅਸੀਂ ਜਪ ਨਾਲ ਅਪਣੇ ਤੇ ਉਸਦੇ ਵਿਚਲੀ ਵਿੱਥ ਮੇਟਦੇ ਹਾਂ, ਪਰ ਉਹ ਕਿਸੇ ਜਾਪ ਦੀ ਹੱਦ ਅੰਦਰ ਨਹੀਂ ਆ ਸਕਦਾ।

ਸਾਕਤ=ਝਿੱਗਾ ਹੋਇਆ। ਵਾਹਿਗੁਰੂ ਤੋਂ ਜੁਦਾ ਹੋਇਆ। ਜਿਹਦੀ ਸੁਰਤ 'ਕਰਤਾ' ਨਾਲ ਨਾ ਜੁੜੀ ਹੋਵੇ, ਪਰ 'ਕ੍ਰਿੱਤ' ਵਿੱਚ ਡਿੱਗੀ ਹੋਵੇ। ਲਿਵ ਦੇ ਵਿਰੁੱਧ ਅਵਸਥਾ–ਸਾਕਤ ਅਵਸਥਾ–ਹੈ। [ਫ਼ਾ: ਸਾਕ੍ਰਤ*]

ਵਿਸ਼ਵਾਸ਼ੀ=ਵਿਸ਼ਵਾਸ਼ ਕਰਨ ਵਾਲੇ, ਭਰੋਸਾ ਰੱਖਣ ਵਾਲੇ। [ਸੰਸ:, ਵਿਸ਼੍ਵਾਸ਼ਿਨ੍]

ਅਹਿਮਤ=[ਅਹਿ=ਸੱਪ । ਮਤ=ਬੁੱਧੀ] ਸੱਪ ਵਰਗੀ ਬੁੱਧੀ । ਧਨ ਉਤੇ ਬੈਠਣਾ, ਨਾ ਆਪ ਵਰਤ ਸਕਣਾ ਨਾ ਦੇ ਸਕਣਾ, ਕੋਈ ਲੋੜ ਵੰਦ ਲੈਣ ਆਵੇ ਤਾਂ ਉਸਨੂੰ ਡੰਗ ਮਾਰਨਾ, ਇਹ ਸੱਪ ਬੁੱਧੀ ਹੈ।

ਆਪਾ=ਅਪਣਾ ਆਪ। ਮੁਰਾਦ ਦਿਲ ਤੋਂ ਹੈ।
ਪਾਠਾਂਤ੍ਰ–ਅਹੰਮਤਿ ਆਪਾ–ਹੋਵੇ ਤਾਂ ਅਰਥ ਹੈ, ਆਪਾ ਅਹੰਕਾਰ ਬੁੱਧੀ ਵਾਲਾ ਹੈ, ਅਭਿਮਾਨੀ।]

ਅਰਥ–ਜਾਣਦੇ ਹਨ ਸੰਤ ਨਾਮ ਦੇ ਪ੍ਰਤਾਪ ਨੂੰ, (ਕਿ ਉਸ) ਜਪਾਂ ਤੋਂ ਪਰੇ (ਪਰਮੇਸ਼ੁਰ ਨੂੰ) ਜਿਸ ਕਿਸੇ ਨੇ ਪਾਯਾ ਹੈ (ਨਾਮ) ਜਪਕੇ (ਪਾਯਾ ਹੈ)।
(ਪਰ) ਨਹੀਂ ਜਾਣਦੇ (ਨਾਮ ਦਾ ਇਹ) ਪਰਤਾਪ ਸਾਕਤ (ਲੋਕ, ਜੋ) ਧਨ ਉਤੇ ਭਰੋਸਾ ਰੱਖਣ ਵਾਲੇ ਹਨ (ਤੇ ਜਿਨ੍ਹਾਂ ਦਾ) ਆਪਾ ਸਰਪ ਦੀ ਬੁੱਧੀ (ਵਰਗਾ ਹੈ)।

---

*ਸੰਸਕ੍ਰਿਤ ਪਦ 'ਸ਼ਾਕ੍ਰ' ਨੂੰ ਬੀ ਇਸਦਾ ਮੂਲ ਸਮਝਦੇ ਹਨ।

ਸੂਚਨਾ—ਐਸੇ ਲੋਕਾਂ ਦੀ ਕਰਨੀ ਅੱਗੇ ਦੱਸਦੇ ਹਨ:—

ਦਰਬ ਹੇਤ ਸਭਿ ਕਰਹਿਂ ਉਪਾਈ। ਵਾਹਿਗੁਰੂ ਉਰ ਦੀਨ ਭੁਲਾਈ।
ਕੰਚਨ ਰੁਚਿਰ ਰਚਿਤ ਬਰ ਰਤਨਾ। ਤਿਹ ਤਜਿ ਕਰਤਿ ਕਾਚ ਹਿਤ ਜਤਨਾ ॥੪੫॥

ਦਰਬ=ਪਦਾਰਥ, ਦੌਲਤ। ਉਪਾਈ=ਉਪਾਉ, ਤਰੱਦਦ।
ਉਰ=ਦਿਲੋਂ। ਕੰਚਨ=ਸੋਨਾ।
ਰੁਚਿਰ=ਮਨ ਨੂੰ ਭਾਉਣ ਵਾਲਾ, ਪਸੰਦੀਦਾ, ਸੁੰਦਰ।
ਰਚਿਤ=ਰਚਿਆ ਹੋਇਆ। (ਅ) ਖਚਿਤ—ਜੜਿਆ ਹੋਇਆ। ਭਾਵ ਜੜਾਊ ਗਹਿਣੇ ਤੋਂ ਬੀ ਹੋ ਸਕਦਾ ਹੈ।
ਬਰ=ਸ਼੍ਰੇਸ਼ਟ, ਚੰਗਾ।
ਰਤਨਾ=ਰਤਨ, ਜ਼ਾਹਰ, ਗਹਿਣਾ। ਰਤਨ ਤੋਂ ਮੁਰਾਦ ਨਾਮ ਹੈ ਜੋ ਭਾਵਾ ਸੁਹਣਾ ਤੇ ਕੀਮਤੀ ਹੈ। ਨਾਮ ਨੂੰ ਰਤਨ ਕਹਿਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਬਹੁਤ ਵੇਰ ਆਯਾ ਹੈ। ਤਤ ਵਸਤੂ ਦੀ ਸਿਆਣ ਵਿਚ ਕੂਤ, ਕੀਮਤ, ਮੁੱਲ, ਅਮੁੱਲ ਦੀ ਗਲ ਗੁਰੂ ਸਾਹਿਬ ਜੀ ਨੇ ਦੱਸੀ ਹੈ। ਇਸ ਤੁਕ ਦਾ ਅਰਥ ਐਉਂ ਬੀ ਲਗਦਾ ਹੈ:—ਸੋਨੇ ਵਿਚ (ਰਚਿਤ=) ਜੜੇ ਹੋਏ ਸ੍ਰੇਸ਼ਟ ਰਤਨ ਨੂੰ ਤਯਾਗਦਾ ਹੈ ਤੇ ਕੱਚ ਵਾਸਤੇ ਜਤਨ ਕਰਦਾ ਹੈ।
ਤਿਹ=ਉਸਨੂੰ। ਤਜਿ=ਛੱਡਕੇ। ਕਾਚ=ਕੱਚ।
ਹਿਤ=ਵਾਸਤੇ।

ਅਰਥ—(ਸਾਕਤ) ਸਾਰੇ ਦੌਲਤ (ਪ੍ਰਾਪਤੀ) ਵਾਸਤੇ (ਹੀ) ਉਪਾਉ ਕਰਦੇ ਹਨ (ਇਨ੍ਹਾਂ ਨੇ) ਵਾਹਿਗੁਰੂ ਨੂੰ ਦਿਲੋਂ ਹੀ ਭੁਲਾ ਦਿੱਤਾ ਹੈ।

(ਪਰੰਤੂ ਅਸਲ ਵਿੱਚ ਨਾਮ ਤਾਂ) ਸੋਨੇ ਦਾ ਬਣਿਆਂ ਮਨ ਮੋਹ ਲੈਣ ਵਾਲਾ ਗਹਿਣਾ ਹੈ, ਉਸਨੂੰ ਛੱਡਕੇ (ਓਹ ਝੂਠੇ ਧਨ) ਲਈ ਕੱਚ (ਸੰਚਯ ਕਰਨ) ਦਾ ਜਤਨ ਕਰ ਰਹੇ ਹਨ।

ਸੂਚਨਾ—ਹੁਣ ਨਾਮ ਦੀ ਮਹਿਮਾਂ ਦੇ ਜਾਣਨ ਵਾਲੀਆਂ, ਸੰਸਕ੍ਰਿਤ ਸਾਹਿਤ੍ਯ ਵਿਚ ਆਈਆਂ ਵ੍ਯਕਤੀਆਂ ਦਾ ਜ਼ਿਕਰ ਕਰਨਗੇ:—

ਸੈਯਾ—ਜਾਨਤਿ ਹੈ ਮਹਿਮਾ ਅਹਿਸ਼ੇਖ਼ ਸੁ ਨਾਮਹਿ ਕੀ ਪਰਤਾਪ ਵਡਾਈ।
ਸੈਲਨਿ ਕਾਨਨਿ ਸੋਂ ਧਰਨੀ ਪਰਸੂਨਹਿ ਜਯੋਂ ਜਿਨ ਸੀਸ ਉਠਾਈ।
ਨਾਮ ਮਹਾਤਮ ਸ਼ੰਕਰ ਜਾਨਤਿ ਕੰਠ ਹਲਾਹਲ ਲੀਨਿ ਪਚਾਈ।
ਆਤਮਭੂ ਭਲਿ ਰੀਤਿ ਪਛਾਨਤਿ ਜਾਂ ਬਲ ਸੋਂ ਪਰਪੰਚ ਬਨਾਈ ॥੪੬॥

ਮਹਿਮਾ=ਵੱਡਾ ਪਨ, ਜਲਾਲ। (ਅ) ਬੇਹਦ ਦਸ਼ਾ, ਬੇਅੰਤਤਾਈ।
ਅਹਿਸ਼ੇਖ=ਅਹਿ=ਨਾਗ। } ਸ਼ੇਖ਼ਨਾਗ। ਓਹ ਸੱਪਾਂ ਦਾ ਰਾਜਾ ਜਿਸ ਦੇ
ਸ਼ੇਖ=ਸ਼ੇਸ਼। } ਹਜ਼ਾਰ ਮੂੰਹ ਹਨ, ਹਜ਼ਾਰ ਹੀ ਜੀਭ ਨਾਲ
ਓਹ ਪਰਮੇਸ਼ੁਰ ਦੇ ਹਜ਼ਾਰ ਨਾਮ ਨਿਤ ਨਵੇਂ ਲੈਂਦਾ ਹੈ। ਵਿਸ਼ਨੂੰ ਦੀ ਛੇਜਾ ਵੀ ਇਸ ਨੂੰ ਆਖਦੇ ਹਨ। ਸ਼ੇਸ਼ਨਾਗ ਅਬਦੀ ਜੀਵਨ (Eternity) ਦਾ ਇਕ ਰੂਪਕ (Emblem) ਹੈ, ਇਸੇ ਕਰਕੇ ਸ਼ੇਖ਼ਨਾਗ ਦਾ ਇਕ ਨਾਮ 'ਅਨੰਤ' ਬੀ ਹੈ। ਨਾਗ ਇਕ ਪੁਰਾਤਣ ਕੌਮ ਦਾ ਬੀ ਨਾਮ ਹੈ, ਗ਼ਾਲਬਨ ਉਨ੍ਹਾਂ ਦਾ ਕੋਈ ਸ਼ੇਖ (=ਵੱਡਾ, ਆਗੂ,) ਨਾਮ ਦਾ ਅਭਜਾਸੀ ਤੇ ਵਿਸ਼ਨੂੰ ਦਾ ਨਿਜ ਸੇਵਕ ਹੋਇਆ ਹੋਵੇ।
ਸੁ ਨਾਮਹਿ=ਸ੍ਰੇਸ਼ਟ ਨਾਮ ਦੀ।　　ਸੈਲਨਿ=ਪਹਾੜਾਂ।
ਕਾਨਨਿ=ਜੰਗਲਾਂ, ਬਨਾਂ।　　ਧਰਨੀ=ਧਰਤੀ।
ਪਰਸੂਨਹਿ=ਫੁੱਲ, ਕਲੀ [ਸੰਸ:, ਪ੍ਰਸੂਨ]।　　ਸ਼ੰਕਰ=ਸ਼ਿਵਜੀ।
ਹਲਾਹਲ=ਜ਼ਹਿਰ ਜੋ ਸਮੁੰਦ੍ਰ ਰਿੜਕਨ ਵੇਲੇ ਨਿਕਲਿਆ ਸੀ। ਆਮ ਵਿਹੁ ਨੂੰ ਭੀ 'ਹਲਾ ਹਲ' ਕਹਿੰਦੇ ਹਨ।
ਆਤਮਭੂ=ਬ੍ਰਹਮਾ।　　ਪਰਪੰਚ=ਜਗਤ। [ਸੰਸ:, ਪ੍ਰਪੰਚ]

ਅਰਥ—(ਵਾਹਿਗੁਰੂ ਦੇ) ਸ੍ਰੇਸ਼ਟ ਨਾਮ ਦੇ ਪ੍ਰਤਾਪ ਤੇ ਵਡਿਆਈ ਦੀ ਬੇਅੰਤਤਾਈ ਸ਼ੇਸ਼ਨਾਗ ਜਾਣਦਾ ਹੈ,
(ਜਿਸ ਨੇ) ਪਹਾੜਾਂ (ਤੇ) ਬਨਾਂ ਨਾਲ (ਲੱਦੀ ਹੋਈ) ਧਰਤੀ (ਅਪਣੇ ਇਕ) ਸਿਰ (ਉਤੇ) ਫੁੱਲ ਵਾਂਙੂ ਚਾਈ ਹੋਈ ਹੈ।
ਨਾਮ ਦਾ ਮਹਾਤਮ ਸ਼ਿਵਜੀ ਜਾਣਦਾ ਹੈ (ਜਿਸਨੇ ਅਪਣੇ) ਕੰਠ (ਵਿਚ) ਜ਼ਹਿਰ ਪਚਾ ਲਈ।
(ਹਾਂ ਨਾਮ ਮਹਾਤਮ ਨੂੰ) ਬ੍ਰਹਮਾ ਚੰਗੀ ਤਰ੍ਹਾਂ ਪਛਾਣਦਾ ਹੈ, ਜਿਸ (ਨਾਮ) ਦੇ ਬਲ ਨਾਲ (ਉਸਨੇ) ਜਗਤ ਬਣਾਇਆ ਸੀ।

ਸੂਚਨਾ—ਅੱਗੇ ਹੁਣ ਭਗਤੀ ਮਾਰਗ ਦੇ ਪ੍ਰਸਿੱਧ ਪੁਰਖਾਂ ਦਾ ਦ੍ਰਿਸ਼ਟਾਂਤ ਵਰਤਣਗੇ:—

ਸੈਯਾ—

ਪ੍ਰਹਲਾਦ, ਕਵਾਦਿ, ਤਿਲੋਚਨ,ਨਾਰਦ,ਧ੍ਰੂ,ਸਨਕਾਦਿ, ਜਦੇਵ,ਸਧੈਨਾ।
ਅੰਬਰੀਕ, ਕਬੀਰ, ਪਰੂਰਵ, ਅੰਗਰਾ, ਨਾਮੈ,ਬਿਭੀਖਨ,ਕੁੰਭਜ ਮੈਨਾ।
ਰਵਿਦਾਸ, ਅਜਾਮਲ, ਊਧਵ, ਕ੍ਰੂਰ, ਹਨੂਮਤਿ, ਭੀਲਨੀ ਭੀ ਧਨਧੰਨਾ।
ਜੁਗਚਾਰ ਵਿਖੇ ਜਨ ਜੋ ਜਨਮੇ ਜਿਨਹੂਕਿਨ ਨਾਮ ਹੂੰ ਤੇਭ੍ਰਮਭੰਨਾ।੪੭।

ਪ੍ਰਹਲਾਦ=ਪ੍ਰਹਲਾਦ। ਇਕ ਪ੍ਰਸਿੱਧ ਭਗਤ ਦਾ ਨਾਮ।
ਕਵਾਦਿ=ਕਵਿ+ਆਦਿ–ਆਦਿ ਕਵੀ, ਬਾਲਮੀਕ।
ਨਾਰਦ=ਭਗਤੀ ਮਤ ਦੇ ਇਕ ਆਚਾਰ੍ਯ ਦਾ ਨਾਮ।
ਸਨਕਾਦਿ=ਸਨਕ+ਆਦਿ। ਬ੍ਰਹਮਾਂ ਦੇ ਚਾਰ ਪੁੱਤ੍ਰ ਸਨਕ, ਸਨੰਦਨ ਸਨਾਤਨ, ਸਨਕ ਕੁਮਾਰ।
ਪਰੂਰਵ=ਰਾਜਾ ਪਰੂਰਵਸ।
ਕੁੰਭਜ=ਜੋ ਘੜੇ ਤੋਂ ਉਪਜਿਆ, ਅਗਸਤ ਮੁਨੀ।
ਮੰਨਾ=ਮੰਨੇ ਹਨ, ਮੰਨੇ ਹੋਏ ਹਨ (ਭਗਤ)। (ਅ) ਐਉਂ ਬੀ ਅਰਥ ਲਾਉਂਦੇ ਹਨ:–(ਇਨ੍ਹਾਂ ਨੇ) ਮੰਨਿਆਂ ਹੈ (ਨਾਮ ਨੂੰ)।
ਕ੍ਰੂਰ=ਅਕ੍ਰੂਰ, ਸ੍ਰੀ ਕ੍ਰਿਸ਼ਨ ਦਾ ਚਾਚਾ। ਭੀ=ਨਿਸਚੇ।
ਧੰਨ=ਧੰਨੰ ਹਨ। ਧੰਨਾ=ਧੰਨਾ ਭਗਤ, (ਅ) ਜੋ ਧੰਨ ਧੰਨ ਹਨ।

ਅਰਥ–(ਛੇਕੜਲੀ ਤੁਕ ਦਾ ਅਰਥ ਪਹਿਲੇ ਆਰੰਭ ਹੁੰਦਾਹੈ)।

ਚਾਰ ਜੁਗਾਂ ਵਿਚ ਜੋ (ਉੱਤਮ) ਜਨ ਜਨਮੇ, ਜਿਸ ਕਿਸੇ ਦਾ (ਨਾਮ ਲਓ, ਉਸੇ ਦਾ) ਭਰਮ ਨਾਮ ਨਾਲ ਹੀ ਭੱਜਾ।

(ਦ੍ਰਿਸ਼ਟਾਂਤ ਲਈ ਸੁਣੋ) ਪ੍ਰਹਿਲਾਦ, ਬਾਲਮੀਕ, ਤ੍ਰਿਲੋਚਨ, ਨਾਰਦ, ਧ੍ਰੂ, ਸਨਕਾਦਿਕ, ਜੈ ਦੇਵ, ਸਧਨਾ;

ਅੰਬ੍ਰੀਕ, ਕਬੀਰ, ਪੁਰੂਰਵਸ, ਅੰਗਰਾ, ਨਾਮਦੇਵ, ਬਿਭੀਖਨ, ਅਗਸਤ (ਜੋ) ਮੰਨੇ (ਹੋਏ ਭਗਤ ਹਨ)।

ਰਵਿਦਾਸ, ਅਜਾਮਲ, ਊਧਵ, ਕ੍ਰੂਰ, ਹਨੂਮਾਨ, ਭੀਲਣੀ, ਧੰਨਾ, (ਜੋ) ਨਿਸ਼ਚੇ ਧੰਨ ਹਨ।

ਭਾਵ–ਅੰਕ ੪੭ ਵਿਚ ਜੋ ਨਾਮ ਆਏ ਹਨ, ਸੋ ਕਵਿ ਜੀ ਨੇ ਦ੍ਰਿਸ਼ਟਾਂਤ ਦਿੱਤੇ ਹਨ, ਉਹ ਦ੍ਰਿਸ਼ਟਾਂਤ ਜੋ ਕਵਿ ਜੀ ਦੇ ਦੇਸ਼ ਵਿਚ, ਵੱਸਦੇ ਲੋਕਾਂ ਵਿਚ ਆਮ ਪ੍ਰਸਿੱਧ ਹਨ। ਕਵਿ ਜੀ ਉਹਨਾਂ ਦ੍ਰਿਸ਼ਟਾਂਤਾਂ ਨੂੰ ਆਪਣਾ ਸਿੱਧਾਂਤ ਨਿਰੂਪਣ ਕਰਨ ਲਈ ਦ੍ਰਿਸ਼ਟਾਂਤ ਦੇ ਤੌਰ ਤੇ ਵਰਤ ਰਹੇ ਹਨ, ਕਿ ਨਾਮ ਜਪਕੇ ਉਨ੍ਹਾਂ ਨੇ ਸਦਗਤੀ ਪਾਈ। ਏਹ ਸਾਰੇ ਭਗਤੀ ਮਾਰਗ ਦੇ ਟੁਰਨ ਵਾਲੇ, ਨਾਮ ਦੀ ਟੇਕ ਵਾਲੇ ਸਤਿਪੁਰਖ ਹੋਏ ਹਨ।

ਅਪਣੇ 'ਸੱਚ' ਨੂੰ ਬਯਾਨ ਕਰਦਿਆਂ ਉਨ੍ਹਾਂ ਸਾਖੀਆਂ ਪ੍ਰਸੰਗਾਂ ਨੂੰ ਵਰਤ ਲੈਣਾ ਜੋ ਪ੍ਰਜਾ ਵਿਚ ਆਮ ਪ੍ਰਸਿੱਧ ਹੋਣ, ਇਕ ਤ੍ਰੀਕਾ ਹੈ ਜਿਸ ਨੂੰ ਮਹਾਤਮਾ ਵਰਤ ਲੈਂਦੇ ਹਨ, ਇਸ ਲਈ ਕਿ ਲੋਕਾਂ ਨੂੰ ਪ੍ਰਸੰਗ ਪਤਾ ਹੁੰਦੇ ਹਨ, ਤੇ ਓਹ 'ਸੱਚ' ਨੂੰ ਉਨ੍ਹਾਂ ਦੇ ਦ੍ਰਿਸ਼ਟਾਂਤ ਨਾਲ ਛੇਤੀ ਸਮਝ ਲੈਂਦੇ ਹਨ।

ਉਪਰ ਲਿਖੇ ਨਾਵਾਂ ਵਿੱਚੋਂ ਜਿਨ੍ਹਾਂ ਭਗਤਾਂ ਸਤਿਪੁਰਖਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਏਹ ਹਨ:–ਤ੍ਰਿਲੋਚਨ, ਜੈ ਦੇਵ, ਸਧਨਾ, ਕਬੀਰ, ਨਾਮ ਦੇਵ, ਰਵਿਦਾਸ, ਧੰਨਾ।

ਜਿਨ੍ਹਾਂ ਸਤਿਪੁਰਖਾਂ ਦੇ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹਨ,ਓਹ **ਨਾਮ,** ਏਹ ਹਨ:-ਪ੍ਰਹਿਲਾਦ, ਬਾਲਮੀਕ, ਨਾਰਦ, ਧ੍ਰੂ, ਸਨਕਾਦਿ, ਅੰਬ੍ਰੀਕ, ਪੁਰੂਰਵਸ (ਪੁਰੂਰਉ), **ਅੰਗਰਾ,** ਬਿਭੀਖਨ, ਅਜਾਮਲ, ਭੀਲਨੀ, ਹਨੁਮਾਨ, ਊਧਉ, ਅਕ੍ਰੂਰ।

ਕਬਿੱਤ-ਬਾਨੀ ਛਬਿ ਬਨੀ ਅੰਗ, ਸ਼ੇਖ਼ ਤਨ ਸੰਗ ਰੰਗ;
ਗੰਗ ਕੇ ਤਰੰਗ ਸੁ, ਪਤੰਗ ਕੋ ਕਿਕਾਨ ਹੈ।
ਲੰਬੋਦਰ ਰਦਨ ਕੀਨੋ, ਧਨੁਖ ਮਦਨ ਚੀਨੋ,
ਸ੍ਰੀਆ ਕੋ ਸਦਨ, ਚਹੁੰਬਦਨ ਕੋ ਜਾਨ ਹੈ।
ਕਰੁਨਾਨਿਧਾਨ ਸ੍ਰਿਗ, ਜੌਨੁ ਕੀਨੀ ਜਾਨ ਮ੍ਰਿਗ,
ਭਸਮ ਸੁ ਤੀਨਦ੍ਰਿਗ, ਸੁਧਾ ਸੁਰਪਾਨ ਹੈ।
ਮਨ ਕੀਨੋ ਮੁਨੀ ਸਤੋਗੁਨ ਚੀਨ ਲੀਨੋ ਗੁਨੀ
ਨਾਮ ਕੇ ਸੁਜਸ ਤੇ ਏ ਸਭੈ ਸ਼ੋਭਾਵਾਨ ਹੈ॥੪੯॥

ਬਾਨੀ=ਬਾਣੀ, ਮੁਰਾਦ ਸਰਸ੍ਵਤੀ ਯਾ ਸ਼ਾਰਦਾ ਤੋਂ ਹੈ। ਉਸ ਦਾ ਰੰਗ ਉੱਜਲ ਹੈ। ਛਬਿ=ਸੁੰਦਰਤਾ।
ਬਨੀ=ਬਨ ਬਨ ਪੈ ਰਹੀ ਹੈ, ਫਬੀ ਹੋਈ। (ਅ) ਬਨੀ=ਵੱਨ੍ਹੀ=ਅਗਨੀ। ਬਾਨੀ ਛਬਿ ਬਨੀ ਅੰਗ=ਸਰਸ੍ਵਤੀ ਦੇ ਅੰਗਾਂ ਦੀ ਅਗਨੀ ਵਰਗੀ ਸੁੰਦਰਤਾ ਹੈ। ਸ਼ੇਖ=ਸ਼ੇਖਨਾਗ।
ਸੰਗ=ਨਾਲ। (ਅ) ਸੰਗ ਦਾ ਅਰਥ ਭਗਤੀ ਬੀ ਹੈ, ਅਰਥਾਤ ਸ਼ੇਖ ਦੇ ਤਨ ਦਾ ਭਗਤੀ ਵਾਲਾ ਰੰਗ।
ਗੰਗ=ਗੰਗਾ। ਤਰੰਗ=ਲਹਿਰਾਂ।
ਸੁ=ਸ਼ੋਭਾ। (ਅ) ਸੋ:=ਪਾਰਬਤੀ। ਗੰਗ ਕੇ ਤਰੰਗ ਸੁ=ਗੰਗਾ ਦੇ ਤਰੰਗ ਜੋ ਪਾਰਬਤੀ ਵਰਗੇ (ਸੁੰਦਰ ਹਨ)। ਪਤੰਗ=ਸੂਰਜ।
ਕਿਕਾਨ=ਘੋੜਾ। ਸੂਰਜ ਦੇ ਘੋੜੇ ਦਾ ਰੰਗ ਚਿੱਟਾ ਹੈ।
ਲੰਬੋਦਰ=[ਲੰਬ+ਉਦਰ] ਜਿਸ ਦਾ ਢਿਡ ਲੰਮਾ ਹੈ, ਗਣੇਸ਼।
ਰਦਨ=ਦੰਦ। ਜੋ ਚਿੱਟਾ ਹੁੰਦਾ ਹੈ।
ਮਦਨ=ਕਾਮ ਦੇਵ। ਸ੍ਰੀਆ=ਲੱਛਮੀ।
ਸਦਨ=ਘਰ। ਲੱਛਮੀ ਦਾ ਨਿਵਾਸ ਕਵਲ ਵਿਚ ਹੈ।
ਚਹੁੰਬਦਨ=ਚਾਰ ਮੂੰਹਾਂ ਵਾਲਾ, ਬ੍ਰਹਮਾ।
ਜਾਨ=ਵਾਹਨ, (ਅ) ਸਵਾਰੀ। [ਸੰਸ:, ਯਾਨੰ]
ਕਰੁਨਾਨਿਧਾਨ=ਕ੍ਰਿਪਾ ਦਾ ਖਜ਼ਾਨਾ ਯਾ ਸਮੁੰਦਰਏਥੇ ਮੁਰਾਦ ਵਿਸ਼ਨੂੰ ਤੋਂ ਹੈ।

ਸ੍ਰਿਗ=ਮਾਲਾ [ਸੰਸ:, ਸ੍ਰਗ੍, ਸ੍ਰਜ੍=ਸਿਹਰਾ, ਮਾਲਾ]। ਜੌਨ੍ਹ=ਚਾਂਦਨੀ।
ਜਾਨ ਮ੍ਰਿਗ=[ਜਾਨ=ਅਸਵਾਰੀ । ਮ੍ਰਿਗ=ਹਰਨ] । ਹਰਨ ਦੀ ਸਵਾਰੀ ਕਰਨ ਵਾਲਾ, ਚੰਦ੍ਰਮਾ।
ਤੀਨ ਦ੍ਰਿਗ—ਤਿੰਨ ਅੱਖਾਂ ਵਾਲਾ, ਸ਼ਿਵ।
ਸੁਧਾ=ਅੰਮ੍ਰਿਤ।
ਸੁਰਪਾਨ=ਜੋ ਦੇਵਤਿਆਂ ਦੇ ਪੀਣ ਜੋਗ ਹੈ। ਜਿਸ ਨੂੰ ਦੇਵਤੇ ਪੀਂਦੇ ਹਨ।
ਮੁਨੀ=ਸਤਿਕਾਰ ਯੋਗ, ਤਪੱਸ੍ਵੀ, ਸਾਧੂ।
ਮਨ ਕੀਨੋ ਮੁਨੀ=ਜਿਵੇਂ ਮਨ ਨੂੰ ਕੀਤਾ ਹੈ ਮੁਨੀਆਂ ਨੇ ਚਿੱਟਾ। ਅਥਵਾ 'ਸਤੋਗੁਨ' ਦੇਹੁਰੀ ਦੀਪਕ ਹੈ:—'ਮਨ ਕੀਨੋ ਮੁਨੀ ਸਤੋਗੁਨ'=ਮਨ ਨੂੰ ਜਿਵੇਂ ਮੁਨੀਆਂ ਨੇ ਕੀਤਾ ਹੈ ਸਤੋਗੁਨੀ। ਫੇਰ ਸਤੋਗੁਨੀ ਅੱਗੇ ਬੀ ਚੱਲੇਗਾ—'ਸਤੋਗੁਨ ਚੀਨ ਲੀਨੋ ਗੁਨੀ'=ਜਿਵੇਂ ਗੁਨੀਆਂ ਨੇ ਸਤੋਗੁਨ ਨੂੰ ਪਛਾਣ ਲਿਆ ਹੈ।
ਗੁਨੀ=ਤ੍ਰੈ ਗੁਣਾਂ ਦਾ ਵਿਚਾਰ ਕਰਨ ਵਾਲਾ ਜੋ ਹੋਵੇ ਸੋ ਗੁਣੀ, ਯਾ ਸ੍ਰੇਸ਼ਟ ਗੁਣਾਂ (ਖੂਬੀਆਂ) ਨੂੰ (ਜੋ ਸਾਰੇ ਉੱਜਲ ਹੁੰਦੇ ਹਨ) ਜੋ ਵੀਚਾਰ ਤੇ ਵਿਵੇਕ ਨਾਲ (ਗੁਨ ਲਵੇ) ਪਛਾਣ ਲਵੇ ਸੋ ਗੁਨੀ। ਤੁਕ ਦੇ ਅਰਥ ਵਿਚ ਸਤੋਗੁਣੀ [ਸਤ੍ਵ+ਗੁਣ=] ਰਜ, ਤਮ, ਸਤ੍ਵ ਤ੍ਰੈਆਂ ਗੁਣਾਂ ਵਿਚੋਂ ਛੇਕੜਲਾ—ਸਤ੍ਵ। ਸੱਤ੍ਵ ਗੁਣ ਹੈ:—ਨੇਕੀ, ਗਯਾਨ, ਸਚ; ਜੋ ਧਾਰਨ ਕਰਨ ਵਾਲੇ ਨੂੰ ਬਨਾ ਦੇਂਦਾ ਹੈ: ਨੇਕ, ਧਰਮੀ, ਭਗਤ, ਪਵਿੱਤ੍ਰ, ਗਯਾਨ ਦਾ ਪ੍ਰੇਮੀ।
ਚੀਨ ਲੀਨੋ=ਪਛਾਣ ਲਿਆ ਹੈ।
ਸੁਜਸ=ਸ੍ਰੇਸ਼ਟ ਯਸ਼, ਯਸ਼ ਦੇ ਦੋ ਅਰਥ ਹਨ, ਕੀਰਤੀ, (ਅ) ਮਹਿੰਮਾ, ਪ੍ਰਤਾਪ।

ਅਰਥ—(ਅੰਤਲੀ ਤੁਕ ਤੋਂ ਅਰਥ ਤੁਰੇਗਾ) ਨਾਮ ਦੀ ਸ੍ਰੇਸ਼ਟ ਮਹਿੰਮਾ ਕਰਕੇ ਹੀ ਏਹ ਸਾਰੇ ਸ਼ੋਭਾ ਵਾਲੇ ਹੋ ਰਹੇ ਹਨ:—

ਸਾਰਦਾ ਦੇ ਅੰਗਾਂ ਦੀ ਬਣ ਬਣ ਪੈ ਰਹੀ ਸੁੰਦਰਤਾ, ਸ਼ੇਸ਼ਨਾਗ ਦੇ (ਕਾਲੇ) ਸਰੀਰ ਨਾਲ ਜੋ (ਉੱਜਲ) ਰੰਗ (ਲੱਗਾ ਪਿਆ ਹੈ)। ਗੰਗਾ ਦੇ ਤਰੰਗਾਂ ਦੀ ਸ਼ੋਭਾ, ਸੂਰਜ ਦੇ ਘੋੜੇ ਦਾ (ਜੋ ਚਿੱਟਾ ਰੰਗ) ਹੈ।

ਗਣੇਸ਼ ਦਾ ਦੰਦ (ਜੋ ਚਿੱਟਾ) ਕੀਤਾ ਹੋਇਆ ਹੈ, ਕਾਮਦੇਵ ਦਾ ਧਨੁਖ ਦੇਖੋ (ਜੋ ਫੁੱਲਾਂ ਦਾ ਹੈ), ਲੱਛਮੀ ਦਾ ਘਰ (ਕਮਲ), ਬ੍ਰਹਮਾ ਦਾ ਜੋ ਵਾਹਨ (ਹੰਸ) ਹੈ।

ਵਿਸ਼ਨੂੰ ਦੀ ਮਾਲਾ, ਚੰਦ੍ਰਮਾ ਦੀ ਜੋ ਚਾਂਦਨੀ (ਚਿੱਟੀ) ਕੀਤੀ ਹੋਈ ਹੈ, ਸ਼ਿਵ ਦੀ ਜੋ ਸੁਆਹ (ਚਿੱਟੀ ਹੈ), ਦੇਉਤਿਆਂ ਦੇ ਪੀਣ ਜੋਗ

(ਜੋ) ਅੰਮ੍ਰਿਤ ਹੈ।

ਮੁਨੀਆਂ ਦਾ ਮਨ (ਜਿਸਨੂੰ ਉਨ੍ਹਾਂ ਨੇ ਉੱਜਲ) ਕਰ ਲਿਆ ਹੈ, (ਭਾਵ ਮੁਨੀਆਂ ਦਾ ਉੱਜਲ ਮਨ ਅਤੇ) ਗੁਣੀਆਂ ਦਾ ਸਤੋਗੁਣ (ਜਿਸਨੂੰ ਉਨ੍ਹਾਂ ਨੇ ਉਜਲ) ਪਛਾਣਕੇ ਧਾਰਨ ਕਰ ਲਿਆ ਹੈ।

ਭਾਵ—ਦੋ ਮੁਰਾਦਾਂ ਹਨ, ਇਕ ਤਾਂ ਇਹ ਕਿ ਸ਼ਾਰਦਾ ਦੀ ਸੁੰਦਰਤਾ, ਸ਼ੇਸ਼ਨਾਗ ਦਾ ਰੰਗ, ਆਦਿ ਨਾਮ ਦੇ ਸੁਜਸ ਕਰਕੇ ਸ਼ੋਭਾਵਾਨ ਹਨ, ਦੂਸਰੇ ਇਹ ਕਿ ਨਾਮ ਦੇ ਪ੍ਰਤਾਪ ਕਰਕੇ ਸ਼ਾਰਦਾ ਦੇ ਅੰਗ, ਸ਼ੇਸ਼ਨਾਗ ਦਾ ਰੰਗ, ਗੰਗਾ ਦੇ ਤਰੰਗ, ਸੂਰਜ ਦਾ ਘੋੜਾ, ਗਨੇਸ਼ ਦਾ ਦੰਦ, ਕਾਮ ਦਾ ਧਨੁਖ, ਲੱਛਮੀ ਦਾ ਘਰ (ਕਮਲ), ਬ੍ਰਹਮਾ ਦਾ ਵਾਹਨ (ਹੰਸ), ਵਿਸ਼ਨੂ ਜੀ ਦੀ ਮਾਲਾ, ਚੰਦ ਦੀ ਚਾਂਦਨੀ, ਸ਼ਿਵ ਦੀ ਸੁਆਹ, ਦੇਵਤਿਆਂ ਦੇ ਪੀਣ ਯੋਗ ਅੰਮ੍ਰਿਤ, ਮੁਨੀ ਦਾ ਮਨ, ਤੇ (ਗੁਨੀ) ਵਿਚਾਰਸ਼ੀਲ ਸ਼ੁਭ ਗੁਣਾਂ ਵਾਲੇ ਪੁਰਸ਼ਾਂ ਦਾ ਧਾਰਨ ਕੀਤਾ ਹੋਇਆ ਸਤੋਗੁਣ ਦਾ ਰੰਗ, ਇਹ ਸਾਰੇ ਚਿੱਟੇ ਅਰਥਾਤ ਉੱਜਲ ਹੋ ਗਏ ਹਨ।

ਕਵਿ ਜੀ ਦਾ ਭਾਵ ਕੇਵਲ ਇਤਨਾ ਹੈ ਕਿ ਨਾਮ ਦੇ ਅਭਜਾਸ ਨਾਲ ਏਹ ਸਾਰੇ ਉੱਜਲ ਹੋਏ ਹਨ। ਇਸ ਕਬਿੱਤ ਵਿਚ ਆਏ ਪੌਰਾਣਕ ਪ੍ਰਸੰਗ, 'ਦੇਵਤਾਖਜਾਨਕ, (mythological) ਹਨ। ਦੇਵਤਾਖਜਾਨ (mythology) ਨੂੰ ਸਿਆਣਿਆਂ ਨੇ ਤ੍ਰਿਸਕਾਰਿਆ ਨਹੀਂ, ਪਰ ਇਸਨੂੰ 'ਮਜ਼ਹਬ ਦੀ ਕਵਿਤਾ*' ਆਖਿਆ ਹੈ, ਜਿਸ ਵਿਚ ਬੜੇ ਬੜੇ ਅਜ਼ਲੀ ਸੱਚ ਰੱਖੇ ਹੋਏ ਹੁੰਦੇ ਹਨ। ਕਈ ਵੇਰ ਏਹ 'ਧਰਮਾਊ ਸਚਾਂ†' ਦੀਆਂ ਬੁਝਾਰਤਾਂ ਬੀ ਹੁੰਦੇ ਹਨ।

ਕਵਿ ਜੀ ਨੇ ਅਪਣੀ ਵਾਕਫੀਅਤ ਦੇ ਦਾਇਰੇ ਦੇ ਐਸੇ ਚੋਣਵੇਂ ਪ੍ਰਸੰਗਾਂ ਨੂੰ, ਏਥੇ ਦ੍ਰਿਸ਼ਟਾਂਤ ਦੇ ਤੌਰ ਤੇ ਵਰਤਿਆ ਹੈ, ਅਪਣਾ ਅਭਿਪ੍ਰਾਯ ਸਪਸ਼ਟ ਕਰਨ ਲਈ ਜੋ ਇਹ ਹੈ ਕਿ—'ਨਾਮ ਜਪੋ ਤੁਸੀਂ ਪਾਪਾਂ ਦੀ ਮੈਲ ਤੋਂ ਉੱਜਲ ਹੋ ਜਾਓਗੇ'; ਜਿਸਤਰ੍ਹਾਂ ਕਿ ਨਾਮ ਦੇ ਪ੍ਰਤਾਪ ਨੇ ਦੇਵਤਾਖਜਾਨ ਵਿਚ ਬੀ ਅੱਗੇ ਏਹ ਸੁਹਣੇ ਰੰਗ ਲਾਏ ਸੁਣੇਂ ਹਨ।

ਸੂਚਨਾ—ਨਾਮ ਦੀ ਮਹਿਮਾਂ—ਕਹਿਕੇ ਅਪਣੇ ਮਨ ਨੂੰ ਸੰਬੋਧ ਕਰਦੇ ਹਨ ਕਿ ਨਾਮ ਜਪੁ।

ਕਬਿੱਤ—ਤਾਤ ਸੁਤ ਮਾਤ ਹਿਤੂ ਸੋਦਰ ਸਹੋਦਰੀ ਸੁ,
ਮੋਦ ਮੈਂ ਕਿਸ਼ੋਦਰੀ ਸੋਂ ਗਾਢੋ ਲਪਟਾਯੋ ਹੈ।
ਮੱਤ ਜੋ ਮਤੰਗ ਜਵੀ‡ ਚੰਚਲ ਤੁਰੰਗ ਬ੍ਰਿੰਦ
ਅਨੀ ਚਤੁਰੰਗਨੀ ਸੋਂ ਰਿਦਾ ਹੁਲਸਾਯੋ ਹੈ।

*Mythology is the poetry of religion.
†Religious truths.
‡ਪਾਠਾਂਤ੍ਰ—ਜੋਵੀ—ਬੀ ਹੈ।

ਅਥਿ ਨਿਤ ਹਾਥ ਚਾਹੈ, ਜਨਮ ਅਕਾਥ ਖੋਤਿ,
ਅੰਤ ਕੋ ਨ ਸਾਥ ਮਨ ਜਾਂ ਸੋਂ ਡਹਿਕਾਯੋ ਹੈ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ,
ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ ॥੪੯॥

[ਤਾਤ=ਪਿਤਾ । ਸੁਤ=ਪੁੱਤ੍ਰ। ਹਿਤੂ=ਹਿਤ ਵਾਲੇ, ਮਿੱਤ੍ਰ ।
ਸੋਦਰ=[ਸ+ਉਦਰ=] ਇਕ ਪੇਟ ਤੋਂ ਉਪਜਣ ਵਾਲੇ, ਭਿਰਾਉ ।
[ਸੰਸ:, ਸੋਦਰ, ਸ=ਸਮਾਨ+ਉਦਰ]
ਸਹੋਦਰੀ=ਇਕੋ ਪੇਟ ਤੋਂ ਜੋ ਹੋਵੇ, ਭੈਣ। [ਸੰਸ:, ਸਹ+ਉਦਰ+ਈ]
ਸੁ=ਨਾਲ। ਮੋਦ=ਖੁਸ਼ੀ, ਅਨੰਦ। ਮੈਂ=ਵਿਚ ।
ਕ੍ਰਿਸ਼ੋਦਰੀ=[ਕ੍ਰਿਸ਼+ਉਦਰ+ਈ=] ਪਤਲੇ ਲੱਕ ਵਾਲੀ, ਭਾਵ ਇਸਤ੍ਰੀ, ਵਹੁਟੀ । ਮੱਤ=ਮਸਤ । ਮਤੰਗ=ਹਾਥੀ ।
ਜਵੀ*=ਚਾਲ। ਮੱਤ ਜੇ ਮਤੰਗ ਜਵੀ=ਮਸਤ ਚਾਲ ਵਾਲੇ ਹਾਥੀ।
(ਅ) ਬਹੁਤ ਤ੍ਰਿੱਖੇ ਵੇਗ ਵਾਲਾ ਘੋੜਾ । [ਸੰਸ:, ਜਵਨ । ਹਿੰਦੀ, ਜਵੀ ।] (ੲ) ਜਵੀ=ਊਂਠ, ਭਾਵ ਸਾਂਡਨੀ।
ਤੁਰੰਗ=ਘੋੜੇ । ਬ੍ਰਿੰਦ=ਸਮੁਦਾਇ । ਬਹੁਤੇ । ਅਨੀ=ਫੌਜ ।
ਚਤੁਰੰਗਨੀ=ਚਾਰ ਪ੍ਰਕਾਰ ਦੀ ਫੌਜ-ਪੈਦਲ, ਸਵਾਰ, ਹਾਥੀ, ਰਥ ।
ਹੁਲਸਾਯੋ=ਹੁਲਾਸ ਵਿਚ ਆਯਾ ਹੈ, ਖ਼ੁਸ਼ ਹੋ ਰਿਹਾ ਹੈ ।
ਅਥਿ=ਮਾਯਾ, ਦੌਲਤ। [ਪ੍ਰਾਕ੍ਰਿਤ, ਅਤਥ। ਸੰਸ:, ਅਰ੍ਥ]
ਅਕਾਥ=ਅਕਾਰਥ, ਐਵੇਂ । ਖੋਤਿ=ਗੁਆਉਂਦਾ ਹੈ।
ਡਹਿਕਾਯੋ=ਛਲਾਇਆ ਹੈ । ਡਹਿਕਾਣਾ=ਕਿਸੇ ਦੇ ਧੋਖੇ ਵਿਚ ਆਕੇ ਅਪਣਾ ਕੁਛ ਗੁਆਉਣਾ, ਬ੍ਰਿਥਾ ਗੁਆ ਬੈਠਣਾ, ਨਸ਼ਟ ਕਰਨਾ ।
ਰੂੜ=ਸੁੰਦਰ।]

ਅਰਥ—ਪਿਤਾ, ਪੁੱਤ੍ਰ, ਮਾਤਾ, ਮਿੱਤ੍ਰ, ਭਰਾ, ਭੈਣ, ਵਹੁਟੀ ਵਿਚ (ਕਿਵੇਂ) ਆਨੰਦ ਨਾਲ ਗੂੜ੍ਹਾ ਲਪਟ ਰਿਹਾ ਹੈ।

ਮਸਤ ਚਾਲ ਵਾਲੇ (ਹਨ) ਜੋ ਹਾਥੀ (ਅਤੇ) ਤ੍ਰਿੱਖੇ ਘੋੜਿਆਂ ਦੇ ਸਮੁਦਾਇ (ਤੇ) ਚਤੁਰੰਗਨੀ ਫੌਜ (ਇਨ੍ਹਾਂ) ਨਾਲ ਦਿਲ ਹੁਲਾਸ ਵਿਚ ਆ

---

*ਡਿੰਗਲ ਭਾਖਾ ਵਿਚ ਬੀ—ਜਵਨ—ਨਾਮ 'ਵੇਗ ਵਾਲੇ ਘੋੜੇ' ਦਾ ਦਿੱਤਾ ਹੈ। ਜੇ 'ਜਵੀ' ਦਾ ਅਰਥ 'ਘੋੜਾ' ਲਾਉਣਾ ਹੋਵੇ, ਤਾਂ ਜਾਪਦਾ ਹੈ ਕਿ 'ਚੰਚਲ ਤੁਰੰਗ' ਤਾਂ ਤ੍ਰਿੱਖੇ ਘੋੜੇ ਦਾ ਨਾਮ ਹੈ, ਤੇ 'ਜਵੀ' ਘੋੜ ਦੌੜ ਵਿਚ ਲੱਗਣ ਵਾਲੇ ਘੋੜੇ ਦਾ ਨਾਮ ਹੈ।

ਰਿਹਾ ਹੈ ।

ਮਾਯਾ ਨੂੰ ਸਦਾ (ਆਪਣੇ) ਹੱਥ (ਵਿੱਚ ਰੱਖਣਾ) ਚਾਹੁੰਦਾ ਹੈ, (ਇਸਤਰ੍ਹਾਂ) ਜਨਮ ਅਕਾਰਥ ਗੁਆ ਰਿਹਾ ਹੈ, (ਪਰ) ਅੰਤ ਨੂੰ ਨਾਲ ਨਹੀਂ (ਜਾਣਾ ਇਸ ਮਾਯਾ ਨੇ ਕਿ) ਜਿਸ ਨਾਲ ਮਨ ਨੂੰ ਛਲਾਇਆ ਹੈ ।

ਹੇ ਮੂਰਖ ਮਨ ! (ਇਹ ਸਭ) ਝੂਠ ਹੈ, ਝੂਠ ਹੈ (ਇਹ), ਇਸ ਕਰਕੇ ਸਤ੍ਯ ਹੋਕੇ (ਭਾਸਦਾ ਹੈ ਯਾ) ਸ਼ੋਭਾ ਦੇਂਦਾ ਹੈ (ਕਿ ਇਸ ਨੂੰ) ਸੱਚੇ (ਵਾਹਿਗੁਰੂ) ਨੇ ਬਨਾਯਾ ਹੈ (ਸੋ ਤੂੰ ਉਸ ਸੱਚੇ ਦੇ) ਸੁਹਣੇ ਨਾਮ ਨੂੰ ਲੱਗ ।

ਭਾਵ—ਇਸ ਜਗਤ ਦੇ ਸਬੰਧੀਆਂ, ਪਦਾਰਥਾਂ ਤੇ ਮਾਯਾ ਦੇ ਸਾਮਾਨਾਂ ਨੂੰ ਗਿਣਕੇ ਦੱਸਦੇ ਹਨ ਕਿ ਇਨ੍ਹਾਂ ਵਿਚੋਂ ਕਿਸੇ ਨੇ ਨਾਲ ਨਹੀਂ ਜਾਣਾ, ਇਸ ਕਰਕੇ ਸਭ ਕੂੜ ਪਸਾਰਾ ਹੈ, ਤਾਂਤੇ ਕੂੜ ਨੂੰ ਛੱਡ । ਪ੍ਰਸ਼ਨ ਉਪਜਦਾ ਹੈ; ਕਿ ਲਗਦਾ ਤਾਂ ਸੱਚ ਹੈ । ਉੱਤਰ ਦੇਂਦੇ ਹਨ ਕਿ ਇਸਦਾ ਰਚਨਹਾਰ ਸੱਚਾ ਹੈ, ਇਸ ਕਰਕੇ ਸੱਚਾ ਲਗਦਾ ਹੈ । ਤੇ ਹੇ ਮਨ ! ਤੈਨੂੰ ਚਾਹੀਦਾ ਹੈ ਕਿ ਉਸ ਰਚਨਹਾਰ ਨੂੰ ਤੂੰ ਲਗੇਂ, ਤਾਂ ਤੂੰ ਉਸਦੀ ਸਮੀਪਤਾ ਵਿਚ ਉਸਦੇ ਗੁਣਾਂ ਨਾਲ ਭੂਸ਼ਿਤ ਹੋਵੇਂ ਤੇ ਸਾਰੇ ਸੁਖਾਂ ਦਾ ਭਾਈਵਾਲ ਬਣੇਂ । ਇਹੋ ਨਾਮ ਹੀ ਇਕ ਸੱਚਾ ਤੇ ਸੁੰਦਰ (ਨਾਲ ਨਿਭਣੇ ਵਾਲਾ) ਪਦਾਰਥ ਹੈ, ਤਾਂਤੇ ਇਸੇ ਨੂੰ ਲੱਗ ।

ਕਬਿੱਤ—**ਬਾਜੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ,**
ਪਾਜੀ ਕੋ ਅਪਾਜੀ ਲਖਿ ਤਾਂਸੋ ਬਿਰਮਾਯੋ ਹੈਂ ।
ਸੁਪਨੇ ਪਦਾਰਥ ਸੁਆਰਥ ਮੈਂ ਰਚਸੋ ਸੋਚੇ,
ਸੋਚਿ ਸੋਚਿ ਜਾਗੇ ਤੇ ਬਹੁਰਿ ਪਛੁਤਾਯੋ ਹ ।
ਸੁਕਤਾ ਰਜਤ, ਮ੍ਰਿਗ ਤ੍ਰਿਸ਼ਨਾ ਮੈਂ ਨੀਰ ਜੈਸੇ,
ਰਜੂ ਮੈਂ ਸਰਪ ਆਦਿ ਅੰਤ ਹੂੰ ਨ ਪਾਯੋ ਹੈ ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ,
ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ ॥ ੫੦ ॥

[ਬਾਜੀਗਰ=ਮਦਾਰੀ, ਨਜ਼ਰਬੰਦੀਦੇ ਯਾਹੋਰਤਮਾਸ਼ੇਕਰਨਵਾਲਾ [ਫ਼ਾ:, ਬਾਜ਼ੀਗਰ]]
ਬਾਜੀ=ਖੇਲ, ਤਮਾਸ਼ਾ । [ਫ਼ਾਰਸੀ, ਬਾਜ਼ੀ]
ਕਨਾਤ=ਮੋਟੇ ਕਪੜੇ ਦਾ ਪਰਦਾ । ਮਦਾਰੀ ਕਨਾਤ ਤਾਣਕੇ ਤਮਾਸ਼ਾ ਕਰਦਾ ਹੈ । ਜਿਵੇਂ ਉਸਦੀ ਕਨਾਤ ਤਿਵੇਂ ਇੱਥੇ ਮਾਯਾ ਦੀ ਕਨਾਤ । [ਤੁਰਕੀ, ਕਿਨਾਤ] (ਅ) ਅਥਵਾ—ਭੁਲੇਵੇ ਦੀ ਕਨਾਤ । ਭਾਵੇਹ ਕਿ ਜੋ ਕਨਾਤ ਬਾਜ਼ੀਗਰ ਦੀ ਦਿੱਸ ਰਹੀ ਹੈ ਉਹ ਬੀ ਨਜ਼ਰਬੰਦੀ ਦੀ ਹੈ ।
ਸਾਜੀ=ਬਨਾਈ ।
ਪਾਜੀ=ਮੁਲੰਮਾ । ਉਹ ਸ਼ੈ ਜੋ ਅਸਲ ਵਿਚ ਨਾ ਹੋਵੇ, ਪਰ ਬਨਾਉਟੀ ਹੋਵੇ,

ਭਾਵ ਝੂਠੀ।
ਅਪਾਜੀ=ਜੋ ਪਾਜੀ ਨਾ ਹੋਵੇ, ਬਨਾਵਟੀ ਨਾ ਹੋਵੇ; ਸੱਚੀ, ਅਸਲੀ।
ਬਿਰਮਾਯੋ=ਭਰਮਿਆ, ਭੁੱਲ ਰਿਹਾ।
ਸੁਪਨੇ ਪਦਾਰਥ=ਸੁਪਨੇ ਵਿਚ ਦੇ ਪਦਾਰਥ, ਜੋ ਵਾਸਤਵ ਵਿਚ ਤਾਂ ਹੁੰਦੇ ਹੀ ਨਹੀਂ ਜੋ ਕੱਠੇ ਹੋ ਸਕਣ; ਸੋ ਸੁਪਨੇ ਵਿਚ ਹੀ ਪਦਾਰਥ ਰਚਦਾ ਹੈ ਤੇ ਸੁਪਨੇ ਵਿਚ ਹੀ ਕੱਠੇ ਕਰਦਾ ਹੈ। (ਅ) ਰਚਜੋ=ਰਚਕੇ, ਖਚਤ ਹੋਕੇ। ਤੁਕ ਦਾ ਅਰਥ ਫੇਰ ਐਉਂ ਲਗੇਗਾ=ਸੁਆਰਥ ਵਿਚ ਲਗਾ ਹੋਇਆ ਸੁਪਨੇ ਦੇ ਪਦਾਰਥ ਕੱਠੇ ਕਰਦਾ ਹੈ, ਕੱਠੇ ਕਰ ਕਰ ਕੇ ਜਦ ਜਾਗਦਾ ਹੈ ਤਾਂ ਪਛੁਤਾਉਂਦਾ ਹੈ।
ਸੁਆਰਥ=ਅਪਣੇ ਅਰਥ ਲਈ। ਅਪਣੇ ਮਤਲਬ ਲਈ।
ਸੰਚੈ=ਕੱਠੇ ਕਰਦਾ ਹੈ। ਬਹੁਰਿ=ਮਗਰੋਂ, ਫਿਰ।
ਸੁਕਤਾ=ਸਿਪ। [ਸੰਸ:, ਸ਼ੁਕ੍ਤਿ:]
ਰਜਤ=ਚਾਂਦੀ [ਸੰਸ:, ਰਜਤ]
ਮ੍ਰਿਗ ਤ੍ਰਿਸ਼ਨਾ=ਹੁਨਾਲੇ ਵਿਚ ਰੇਤਥਲਿਆਂ ਯਾ ਰੜਿਆਂ ਪਰ ਕੜਕਦੀ ਪੈਂਦੀ ਧੁੱਪੇ ਜਲ ਦੇ ਡਲ ਨਜ਼ਰ ਪੈਣੇ, ਇਸ ਭੁਲੇਵੇ ਵਿਚ ਮ੍ਰਿਗ ਉਧਰ ਨੂੰ ਲਲਚਦੇ ਹਨ।
ਰੱਜੂ=ਰੱਸੀ। ਹਨੇਰੇ ਵੇਲੇ ਰੱਸੀ ਵਲ ਖਾਕੇ ਪਈ ਦਿੱਸੇ ਤਾਂ ਕਈ ਵੇਰੀ ਸੱਪ ਦਾ ਭੁਰਮ ਹੋ ਜਾਂਦਾ ਹੈ।
ਆਦਿ ਅੰਤ=ਮੁੱਢ ਤੇ ਮੁੱਕਣ। ਮੁਹਾਵਰਾ ਹੈ, ਭਾਵ—ਕਦੇ ਬੀ—।
(ਅ) ਅਰਥ ਐਉਂ ਬੀ ਲਗਦਾ ਹੈ, ਕਿ ਇਹਨਾਂ ਦਾ ਆਦਿ ਤਾਂ ਹੈ ਕਿ ਜਦੋਂ ਭਰਮ ਪੈਂਦਾ ਹੈ, ਪਰ ਅੰਤ ਨਹੀਂ ਕਿਉਂਕਿ ਵਿਚੋਂ ਨਿਕਲਦਾ ਕੁਝ ਨਹੀਂ।

ਅਰਥ—ਬਾਜੀਗਰ ਦੀ ਬਾਜੀ ਵਰਗੀ ਮਾਯਾ ਦੀ (ਮਾਨੋਂ) ਕਨਾਤ ਸਾਜੀ (ਗਈ ਹੈ, ਜਿਸ ਵਿਚ ਪ੍ਰਪੰਚ ਦੀ ਰਚਨਾ ਰਚੀ ਗਈ ਹੈ, ਪਰ ਹੇ ਮਨ! ਤੂੰ) ਇਸ ਬਨਾਵਟ ਨੂੰ ਅਸਲੀ ਲਖਕੇ ਉਸ ਵਿਚ ਭਰਮ ਗਿਆ ਹੈਂ।

(ਪਰ ਤੂੰ ਉਸ ਮਨੁੱਖ ਵਾਙੂ ਪਛੁਤਾਏਂਗਾ ਜੋ ਸੁਪਨੇ ਵਿਚ) ਸੁਪਨੇ ਦੇ ਪਦਾਰਥ ਸੁਆਰਥ ਲਈ ਰਚਕੇ ਇਕੱਠੇ ਕਰਦਾ ਹੈ, ਫਿਰ ਕੱਠੇ ਕਰ ਕਰਕੇ ਜਾਗਿਆਂ ਤੇ ਪਛੁਤਾਉਂਦਾ ਹੈ।

ਜਿਵੇਂ (ਕਿਸੇ ਨੇ) ਸਿੱਪੀ (ਵਿਚੋਂ) ਚਾਂਦੀ, ਮ੍ਰਿਗ-ਤ੍ਰਿਸ਼ਨਾ ਵਿਚੋਂ ਪਾਣੀ, ਰੱਸੀ ਵਿਚੋਂ ਸੱਪ ਕਦੇ ਬੀ ਨਹੀਂ ਲੱਭਿਆ ਹੈ।

(ਤਿਵੇਂ) ਹੇ ਮੂਰਖ ਮਨ! (ਇਹ ਸਭ) ਝੂਠ ਹੈ, ਝੂਠ ਹੈ, (ਇਹ) ਇਸ

ਕਰਕੇ ਸੱਤਜ ਹੋਕੇ (ਭਾਸਦਾ ਹੈ ਯਾ) ਸ਼ੋਭਾ ਦੇਂਦਾ ਹੈ (ਕਿ ਇਸਨੂੰ) ਸੱਚੇ (ਵਾਹਿਗੁਰੂ) ਨੇ ਬਨਾਯਾ ਹੈ (ਸੋ ਤੂੰ ਉਸ ਸੱਚੇ ਦੇ) ਸੁਹਣੇ ਨਾਮ ਨੂੰ ਲੱਗ* ।

ਦੋਹਰਾ—ਜਿਹ ਕਰੁਨਾ ਤੇ ਜਠਰ ਮਹਿਂ ਅਗਨਿ ਸਪਰਸ਼ ਨ ਹੋਇ।
ਜਨਮਤਿ ਹੀ ਪੁਨ ਜਗ ਰਚ੍ਯੋ ਰਿਦੈ ਬਿਸ਼ਾਰ੍ਯੋ ਸੋਇ ॥ ੫੧ ॥

ਕਰੁਨਾ=ਮਿਹਰ, ਫ਼ਜ਼ਲ, ਕਿਰਪਾ [ਸੰਸ:, ਕਰੁਣਾ]। ਜਠਰ=ਪੇਟ ।
ਸਪਰਸ਼=ਛੋਹ। ਮੁਰਾਦ ਹੈ ਕਿ ਮਾਤਾ ਦੇ ਪੇਟ ਵਿਚ ਜੋ ਨਿੱਘ ਯਾ ਗਰਮੀ ਹੈ, ਜਿਸ ਨਾਲ ਉਸਦੇ ਸਰੀਰ ਦੇ ਅੰਨ ਆਦਿ ਪਚਦੇ ਹਨ, ਉਹ ਗਰਮੀ ਤੇਰੇ ਤੇ ਅਸਰ ਬੁਰਾ ਨਹੀਂ ਕਰ ਸਕੀ। ਪੇਟ ਵਿਚ ਜਦ ਪਰਵੇਸ਼ ਹੁੰਦਾ ਹੈ ਤਾਂ ਖਸਖਸ ਦੇ ਦਾਣੇ ਤੋਂ ਬੀ ਕਿਤੇ ਛੋਟਾ ਵਜੂਦ ਹੁੰਦਾ ਹੈ, ਜੋ ਵਧੀ ਹੋਈ ਗਰਮੀ ਯਾ ਓਥੇ ਮੌਜੂਦ ਰਸ ਦੀ ਖਟਾਈ ਦੇ ਵਧਣ ਮਾਤ੍ਰ ਨਾਲ ਮਰ ਸਕਦਾ ਹੈ, ਪਰ ਉਹ ਸੂਖਮ ਸ਼ੈ ਅੰਦਰ ਮਾਤਾ ਦੇ ਪੇਟ ਵਿਚ ਮਰੀ ਨਹੀਂ ਤਾਂ ਹੀ ਤੂੰ ਬਣਿਓਂ ।
ਰਚ੍ਯੋ=ਤੂੰ ਰਚ ਗਿਆ, ਲੱਗ ਗਿਆ । ਰਿਦੈ=ਦਿਲ ਤੋਂ ।
ਸੋਇ=ਉਸਨੂੰ ।

ਅਰਥ—ਜਿਸਦੀ ਕ੍ਰਿਪਾ ਨਾਲ (ਮਾਤਾ ਦੇ) ਪੇਟ ਵਿਚ (ਪੇਟ ਦੀ) ਅਗਨੀ (ਤੈਨੂੰ) ਛੁਹ ਨਹੀਂ ਸਕੀ, (ਪਰ ਤੂੰ) ਜਨਮਦਿਆਂ ਹੀ ਫੇਰ ਜਗਤ ਵਿਚ ਰਚ ਗਿਓਂ (ਅਤੇ) ਹਿਰਦੇ ਤੋਂ ਉਸਨੂੰ ਵਿਸਾਰ ਦਿੱਤੋ ਈ।

ਚੌਪਈ—ਜਿਹ ਕਰੁਨਾ ਤੇ ਰੂਪਅਨੂਪਾ। ਤਿਹ ਤਜਿ ਪਰ੍ਯੋ ਅੰਧ ਜੋ ਕੂਪਾ।
ਜਿਸ ਕਰੁਨਾ ਸਭਿ ਦਏ ਪਦਾਰਥ॥ਤਿਸਤਜਿ ਫਿਰਤ ਬਿਸ਼ੈਕੇਸ੍ਵਾਰਥ।੫੨।
ਮਨ ਮੂਰਖ ਅਜਹੂੰ ਨਹਿਂ ਜਾਨਤਿ। ਜਿਸ ਕਰੁਨਾ ਤੇ ਸਭਿ ਤੁਝ ਮਾਨਤਿ।
ਮਧੁਰ ਜਾਨ ਬਿਸ਼ਯਨਿ ਬਿਲਸਾਤੂ। ਸੇ ਹੋਵਹਿਂ ਕਟੁ ਬਡ ਦੁਖ ਦਾਤੂ ॥੫੩॥

ਕਰੁਨਾ=ਕਿਰਪਾ । ਅਨੂਪਾ=ਅਨੁਪਮ, ਸੁੰਦਰ ।
ਤਜਿ=ਛੱਡਕੇ ।
ਅੰਧ ਜੋ ਕੂਪਾ=ਜੋ ਖੂਹ ਅੰਧ ਹੈ, ਭਾਵ ਹਨੇਰਾ ਖੂਹ, ਮੁਰਾਦ ਮਾਯਾ ਦੇ ਮੋਹ ਤੋਂ ਹੈ।
ਸ੍ਵਾਰਥ=ਮਤਲਬ, ਅਪਨਾ ਅਰਥ । ਮਾਨਤਿ=ਮਾਨ ਦੇਂਦੇ ਹਨ ।

*ਇਸ ਤੁਕ ਦਾ ਐਉਂ ਬੀ ਅਰਥ ਲਗਦਾ ਹੈ—ਹੇ ਮੂਰਖ ਮਨ ! ਇਹ ਝੂਠ ਹੈ ਝੂਠ ਹੈ, ਤੂੰ ਸੁਹਣੇ ਨਾਮ ਨੂੰ ਲਗ (ਕਿਉਂਕਿ ਤੂੰ) ਸੱਚੇ (ਵਾਹਿਗੁਰੂ) ਦਾ ਬਨਾਇਆ ਹੋਇਆ ਹੈਂ (ਸੋ ਤੂੰ) ਸੱਚੇ (ਵਾਹਿਗੁਰੂ) ਨਾਲ (ਲੱਗਕੇ ਹੀ) ਸੁਹਣਾ ਲਗੇਂਗਾ ।

ਮਧੁਰ=ਮਿੱਠੇ। ਬਿਸ਼ਯਨਿ=ਵਿਸ਼ਿਆਂ ਵਿਚ, ਭੋਗਾਂ ਵਿੱਚ।
ਬਿਲਸਾਤੂ=ਕ੍ਰੀੜਾ ਕਰਦਾ ਹੈਂ, ਭੋਗਦਾ ਹੈਂ। [ਸੰਸ:, ਵਿਲਸਨ]
ਕਟੁ=ਕੌੜੇ। ਦੁਖ ਦਾਤੂ=ਦੁਖ ਦੇਣ ਵਾਲੇ, ਦੁਖਦਾਈ।

ਅਰਥ—(ਮਨ ਪ੍ਰਤਿ ਹੋਰ ਸੰਬੋਧ ਕਰਦੇ ਹਨ) ਜਿਸਦੀ ਕ੍ਰਿਪਾ ਨਾਲ (ਤੈਨੂੰ ਮਿਲਿਆ ਹੈ) ਸੁੰਦਰ ਰੂਪ, ਉਸਨੂੰ ਛੱਡਕੇ ਤੂੰ ਪਿਆ ਹੈਂ ਖੂਹ ਵਿਚ ਜੋ ਅੰਧ ਹੈ (ਭਾਵ ਅੰਨ੍ਹੇ ਖੂਹ ਵਿਚ) । ਜਿਸਦੀ ਕ੍ਰਿਪਾ ਨੇ (ਤੈਨੂੰ) ਸਾਰੇ ਪਦਾਰਥ ਦਿੱਤੇ ਹਨ ਉਸਨੂੰ ਛੱਡਕੇ ਤੂੰ ਵਿਸ਼ਿਆਂ ਦੇ ਸੁਾਰਥ ਮਗਰ ਫਿਰਦਾ ਹੈਂ!

(ਹੇ) ਮੂਰਖ ਮਨ! (ਤੂੰ) ਅਜੇ ਬੀ (ਉਸਨੂੰ) ਨਹੀਂ ਪਛਾਣਦਾ (ਕਿ) ਜਿਸਦੀ ਕਿਰਪਾ ਨਾਲ ਸਾਰੇ ਤੈਨੂੰ ਮਾਨ ਦੇਂਦੇ ਹਨ। (ਜਿਨ੍ਹਾਂ) ਵਿਸ਼ਿਆਂ ਨੂੰ (ਤੂੰ) ਮਿੱਠਾ ਜਾਣਕੇ ਭੋਗਦਾ ਹੈਂ, ਓਹ (ਅੰਤ ਨੂੰ ਬੜੇ) ਕੌੜੇ ਤੇ ਬੜੇ ਦੁਖਦਾਈ (ਸਾਬਤ) ਹੋਣਗੇ।

ਦੋਹਰਾ—ਨਾਮਹਿ ਤੇ ਸਭਿ ਕੁਛ ਬਨ੍ਯੋ ਖੰਡ ਬ੍ਰਹਮੰਡ ਸਰੀਰ।
ਸੋ ਕਿਉਂ ਨਾਮ ਬਿਸਾਰਿਓ? ਨਿਤ ਸਮਾਰਿ ਮਤਿ ਧੀਰ ॥ ੫੪ ॥

ਖੰਡ=ਹਿੱਸਾ। ਮੁਰਾਦ ਹੈ, ਊਰਧਵ ਖੰਡ ਤੇ ਅਧੋਖੰਡ ਤੋਂ, ਜੋ ਬ੍ਰਹਮੰਡ ਦੇ ਦੋ ਹਿੱਸੇ ਮੰਨੇ ਗਏ ਹਨ। ਪਹਿਲੇ ਵਿਚ ਸ੍ਵਰਗ ਆਦਿ ਲੋਕ ਤੇ ਦੂਸਰੇ ਵਿਚ ਪ੍ਰਿਥ੍ਵੀ ਆਦਿ ਲੋਕ ਮੰਨੇ ਹਨ।
(ਅ) ਖੰਡ ਤੋਂ ਮੁਰਾਦ ਪ੍ਰਿਥਵੀ ਦੇ ਨੌਂ ਹਿੱਸਿਆਂ ਦੀ ਬੀ ਹੈ।
ਬ੍ਰਹਮੰਡ=ਬ੍ਰਹਮਾਂਡ, ਵਿਸ਼੍ਵ, ਸਾਰਾ ਜਗਤ। [ਸੰਸ:, ਬ੍ਰਹਮ+ਅੰਡ]
ਸਰੀਰ=ਮਾਨੁਖ ਦੀ ਦੇਹ। ਅਥਵਾ ਧਰਤੀ ਉਤੇ ਵਿਚਰਨ ਵਾਲੇ ਸਾਰੇ ਸਰੀਰ ਧਾਰੀ।
ਸਮਾਰਿ=ਸੰਭਾਰ—ਪੂਰਣਤਾਈ। (ਅ) ਸੰਭਾਲ=ਭਲੀ ਤਰ੍ਹਾਂ ਧ੍ਯਾਨ ਵਿਚ ਰਖ; ਸਿਮਰ। ਮਤਿ=ਸਮਝ, ਬੁੱਧੀ।
ਧੀਰ=[ਧੀ=ਬੁਧੀ+ਰ=ਧਾਰਨ ਵਾਲਾ=] ਬੁੱਧੀ ਮਾਨ। (ਅ) ਧੀਰ=ਧੀਰਜ ਵਾਲਾ। ਮਤਿ ਧੀਰ=ਬੁੱਧੀ ਕਰਕੇ ਧੀਰਜਵਾਨ।
(ੲ) ਸਮਝ ਅਰ ਬੁੱਧੀ ਵਾਲੇ। (ਸ) ਧੀਰ ਮਤਿ=ਇਸਥਿਤ ਬੁੱਧੀ ਵਾਲੇ। 'ਧੀਰ' ਵਿਸ਼ੇਖਣ ਹੋ ਗਿਆ 'ਮਤਿ' ਦਾ।

ਅਰਥ—ਬ੍ਰਹਿਮੰਡ ਤੇ ਖੰਡ (ਤੇ ਇਨ੍ਹਾਂ ਵਿਚ ਵੱਸਣ ਵਾਲੇ) ਸਰੀਰ, (ਗਲ ਕੀਹ) ਸਾਰਾ ਕੁਛ ਨਾਮ ਤੋਂ ਹੀ ਬਣਿਆ ਹੈ*, ਉਸ ਨਾਮ ਨੂੰ (ਤੂੰ) ਕਿਉਂ

*'ਨਾਮ ਕੇ ਧਾਰੇ ਆਗਾਸ ਪਾਤਾਲ ॥' ਆਦਿ, ਸੁਖਮਨੀ ਸਾਹਿਬ ਵਿਚ ਦੱਸਿਆ ਹੈ।

ਵਿਸਾਰਿਆ ਹੈ? ਹੇ ਸਮਝ ਤੇ ਬੁੱਧੀ ਵਾਲੇ! (ਉਸ ਨੂੰ) ਨਿੱਤ ਸੰਭਾਲ (ਤੇ ਯਾਦ ਕਰ)।

ਸੈਯਾ—ਨਾਗੁਨ ਤੇ ਪੁਨ ਸਾਗੁਨ ਤੇ ਗੁਰ ਕੇ ਮਤਿ ਮੈਂ ਵਡ ਨਾਮ ਪਛਾਨੋ।
ਸ਼੍ਰੀ ਮੁਖ ਨਾਨਕ ਗੋਬਿੰਦ ਸਿੰਘ 'ਵਡੋ ਸਭਿ ਤੇ' ਕਹਿ ਨਾਮ ਬਖਾਨੋ।
ਬੇਦ ਪੁਰਾਨ ਗਰੰਥ ਭਨੈਂ, ਕਵਿ ਕੋਵਿਦ ਜੇ ਸਭਿ ਹੀ ਮਨ ਮਾਨੋ।
ਰੇ ਮਨ ਮੂੜ! ਸੁ ਨਾਮ ਪ੍ਰਤਾਪਹਿ ਜਾਨ ਅਜਾਨਭਯੋ ਕਿਮਜਾਨੋ॥੫੫॥

ਨਾਗੁਨ=ਜਿਸ ਵਿਚ ਰਜ, ਤਮ, ਸਤ, ਤ੍ਰੈ ਗੁਣ ਨਹੀਂ ਹਨ। ਨਿਰਗੁਣ। [ਨਾ=ਨਹੀਂ। ਗੁਨ=ਗੁਣ]

ਸਾਗੁਨ=ਜਿਸ ਵਿਚ ਰਜ, ਤਮ, ਸਤ, ਤ੍ਰੈਏ ਗੁਣ ਹੋਣ। [ਸਾ=ਸਹਿ, ਸਹਿਤ+ਗੁਨ=ਗੁਣ। ਸਾਗੁਣ=ਤ੍ਰੈ ਗੁਣਾਂ ਸਮੇਤ]।

ਪਛਾਨੋ=ਪਛਾਣਿਆਂ ਹੈ। ਇਸ਼ਾਰਾ ਖੋਜ (ਮੁਤਾਲਜਾ) ਵਲ ਹੈ ਕਿ ਗੁਰੂ ਦੇ ਮਤ ਨੂੰ ਖੋਜਿਆਂ।

ਬਖਾਨੋ=ਆਖਿਆ ਹੈ। ਵਰਣਨ ਕੀਤਾ ਹੈ।

ਬੇਦ=ਸਭ ਤੋਂ ਪੁਰਾਣੇ ਸਮੇਂ ਦੇ ਪੁਸਤਕ—ਵੇਦ।

ਪੁਰਾਨ=ਮੰਝਲੇ ਸਮੇਂ ਦੇ ਪੁਸਤਕ—ਪੁਰਾਣ।

ਗਰੰਥ=ਸਭ ਤੋਂ ਅੰਤਲੇ ਸਮੇਂ ਦੇ ਧਰਮ ਪੁਸਤਕ—ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ; ਗ੍ਰੰਥ ਪਦ ਤੋਂ ਇਹੋ ਮੁਰਾਦ ਹੈ। ਕਈ ਸਿਆਣੇ 'ਕਵੀਆਂ ਤੇ ਪੰਡਤਾਂ ਦੇ ਗ੍ਰੰਥ' ਐਉਂ ਬੀ ਅਰਥ ਲਾਉਂਦੇ ਹਨ, ਪਰ—ਭਨੈਂ—ਕ੍ਰਿਯਾ ਪਦ ਹੈ ਤੇ ਪਦ—ਕਵਿ, ਕੋਵਿਦ—ਉਸਤੋਂ ਪਿੱਛੇ ਪਏ ਹਨ।

ਭਨੈ=ਕਹਿੰਦੇ ਹਨ*।

ਕਵਿ=ਕਵਿਤਾ ਕਰਨ ਵਾਲੇ। ਮੁਰਾਦ ਉਨ੍ਹਾਂ ਕਵੀਆਂ ਤੋਂ ਹੈ ਜੋ ਅਗੰਮ ਵਿਚ ਅਨੰਤ ਦੀ ਛੁਹ ਲੈਕੇ ਕਵਿਤਾ ਕਰਦੇ ਹਨ।

ਕੋਵਿਦ=ਪੰਡਤ, ਗਜਾਨੀ। ਜੋ ਵਿਦਜਾ ਪਾਕੇ ਸਿਆਣੇ ਤੇ ਸਿਖਜਾਦਾਤੇ ਬਣੇ ਹਨ। [ਕੋ=ਜੋ ਉਚਾਰੇ ਯਾ ਸਿਖਾਵੇ+ਵਿਦ=ਗਿਆਨ]

ਮਾਨੋ=ਮੰਨਿਆ ਹੈ। ਮਨਮਾਨੋ=ਮੰਨਿਆ ਤੇ ਮਾਨ ਦਿੱਤਾ ਹੈ। (ਅ) ਮਨ ਵਿਚ ਮੰਨਿਆ ਹੈ।

---

*ਜੇ—ਭਨੈਂ—ਨੂੰ ਦੇਹੁਰੀ ਦੀਪਕ ਰੱਖੋ ਤਾਂ ਅਰਥ ਐਉਂ ਲੱਗੇਗਾ—ਵੇਦ, ਪੁਰਾਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ, ਤੇ ਸਾਰੇ ਹੀ ਕਵਿ ਕੋਵਿਦ ਆਖਦੇ ਹਨ, (ਇਹ ਗੱਲ) ਮਨ ਵਿਚ ਮੰਨ ਲਓ, ਪਰ ਇਸ ਅਰਥ ਵਿਚ ਲਾਵੰਨਤਾ ਨਹੀਂ।

ਜਾਨੋ=ਜਾਣਿਆ ਜਾਏ । (ਅ) ਜਾਣਨੋ । ਸਚਖੰਡ ਵਾਸੀ ਸ੍ਰੀ ਮਾਨ ਡਾਕਟਰ ਚਰਣ ਸਿੰਘ ਜੀ ਤੁਕ ਦਾ ਦੂਜਾ ਅਰਥ ਐਉਂ ਲਾਉਂਦੇ ਹੁੰਦੇ ਸਨ:–ਨਾਮ ਦਾ ਪ੍ਰਤਾਪ ਜਾਣਨੋਂ ਕਿਉਂ ਜਾਣਕੇ ਅਜਾਨ ਹੋਇਆ ਹੈਂ ?

ਅਰਥ–ਗੁਰੂ ਜੀ ਦੇ ਮਤ ਵਿਚ ਨਾਮ ਨੂੰ ਨਿਰਗੁਣ ਤੇ ਫੇਰ ਸਰਗੁਣ ਦੋਹਾਂ ਤੋਂ ਵੱਡਾ ਪਛਾਣਿਆ ਹੈ।

[ਦੂਸਰਾ ਅਰਥ–ਨਿਰਗੁਣ* (ਮਤ ਵਿਚ) ਅਤੇ ਫੇਰ ਸਰਗੁਣ† (ਮਤ ਵਿਚ) ਅਤੇ ਸਤਿਗੁਰੂ ਜੀ ਦੇ ਮਤ‡ ਵਿਚ ਨਾਮ ਨੂੰ ਹੀ ਵੱਡਾ ਪਛਾਣਿਆ ਹੈ ।]

(ਸ੍ਰੀ ਗੁਰੂ) ਨਾਨਕ (ਦੇਵ ਜੀ ਅਤੇ ਸ੍ਰੀ ਗੁਰੂ) ਗੋਬਿੰਦ ਸਿੰਘ (ਜੀ ਨੇ ਅਪਣੇ) ਸ਼੍ਰੀ ਮੁਖ (ਤੋਂ) ਨਾਮ ਨੂੰ ਸਭ ਤੋਂ ਵੱਡਾ ਕਹਿਕੇ ਵਰਣਨ ਕੀਤਾ ਹੈ। ਵੇਦ, ਪੁਰਾਣ (ਤੇ ਸ਼੍ਰੀ ਗੁਰੂ) ਗ੍ਰੰਥ (ਸਾਹਿਬ ਜੀ ਇਹੋ ਗਲ) ਆਖਦੇ ਹਨ, ਕਵਿ ਤੇ ਪੰਡਤ ਜੋ ਹਨ, ਸਾਰਿਆਂ ਹੀ (ਇਸ ਸਿੱਧਾਂਤ ਨੂੰ) ਮੰਨਿਆ ਤੇ ਮਾਨ ਦਿੱਤਾ ਹੈ।

(ਫੇਰ) ਹੇ ਮੂਰਖ ਮਨ ! ਤੂੰ ਉਸ ਨਾਮ ਦੇ ਪ੍ਰਤਾਪ ਤੋਂ ਜਾਣਕੇ ਅਜਾਣ ਹੋ ਰਿਹਾ ਹੈਂ, (ਇਸਦਾ ਕਾਰਣ) ਕਿਵੇਂ ਜਾਣਿਆ ਜਾਏ।

ਸੂਚਨਾ–ਹੁਣ ਨਾਮ ਦੇ 'ਨਿਰਗੁਣ ਸਰਗੁਣ' ਤੋਂ ਵਡੇ ਹੋਣ ਦਾ ਕਾਰਣ ਦੱਸਦੇ ਹਨ:–

ਸੈਯਾ–ਨਾਗੁਨ ਤੇ ਇਮ ਜਾਨ ਵਡੋ ਪਰਮਾਤਮ ਦੇਹਿਨ ਮੈਂ ਸਭਿ ਸੋਊ।
ਚੇਤਨ ਕੇ ਅਵਿਲੰਬਤਿ ਹ੍ਵੈ ਨਰ ਨਾਰਿ ਬਿਰਾਜਤਿ ਜੰਗਮ ਜੋਊ।
ਹੋਵਤਿ ਹੀ ਤਿਹ ਕੇ ਘਟ ਮੈਂ ਨਰ ਜੀਵ ਦੁਖੀ ਭਵ ਮੈਂ ਸਭਿ ਕੋਊ।
ਨਾਮ ਜਪੈ ਜਬ ਹੀ ਸੁਖ ਸਾਗਰ ਚੇਤਨ ਚੀਤ ਉਦੋਤਿ ਸੁ ਹੋਊ।੫੬।

ਨਾਗੁਨ=ਨਿਰਗੁਣ । ਅਵਿਲੰਬਤਿ=ਆਸਰੇ । [ਸੰਸ:, ਅਵਿਲੰਬਿਤ] ਹ੍ਵੈ=ਹੋਕੇ । ਬਿਰਾਜਤਿ=ਪ੍ਰਕਾਸ਼ਮਾਨ, ਸ਼ਸ਼ੋਭਿਤ । (ਅ)–ਜੜ੍ਹ–

---

*ਨਿਰਗੁਣ ਦੇ ਮਤ ਤੋਂ ਇਸ਼ਾਰਾ ਵੇਦ ਵੱਲ ਜਾਪਦਾ ਹੈ, ਉਸ ਸਮੇਂ ਦੇ ਵਿਦ੍ਵਾਨ ਵੇਦ ਤੋਂ ਮੁਰਾਦ ਉਪਨਿਖਧ ਦੀ ਲੈਂਦੇ ਹੁੰਦੇ ਸਨ । ਉਪਨਿਖਧਾਂ ਵਿਚ ਵਿਸ਼ਾ ਨਿਰਗੁਣ ਦਾ ਹੀ ਅਕਸਰ ਕਰਕੇ ਹੈ।

†ਸਰਗੁਣ ਦੇ ਮਤ ਤੋਂ ਪੁਰਾਣਾਂ ਦੀ ਮੁਰਾਦ ਹੈ, ਜਿਨ੍ਹਾਂ ਵਿਚ ਵਿਸ਼ੇਸ਼ ਸਰਗੁਣ ਦਾ ਹੀ ਜ਼ਿਕਰ ਹੈ।

‡ਗੁਰ ਕੇ ਮਤ ਤੋਂ ਮੁਰਾਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਧਾਂਤ ਤੋਂ ਹੈ । ਇਸੇ ਸੈਯੇ ਦੀ ਤੀਸਰੀ ਤੁਕ ਵਿਚ ਕਵਿ ਜੀ ਨੇ ਵੇਦ, ਪੁਰਾਣ, ਸ਼੍ਰੀ ਗੁਰੂ ਗ੍ਰੰਥ ਸਾਹਿਬ ਤ੍ਰਏ ਫੇਰ ਗਿਣੇ ਹਨ।

{ ਬੀ ਅਰਥ ਕਰਦੇ ਹਨ।
ਜੰਗਮ=ਉਹ ਜੋ ਟੁਰ ਫਿਰ ਸਕੇ। ਮੁਰਾਦ—ਜੀਵ ਧਾਰੀਆਂ—ਤੋਂ ਹੈ।
ਭਵ=ਸੰਸਾਰ। ਸੁਖ ਸਾਗਰ=ਸੁਖ ਦਾ ਸਮੁੰਦਰ, ਭਾਵ ਸੁਖ ਦਾਤਾ।
ਉਦੋਤਿ=ਚੜ੍ਹਨਾ, ਉਦੇ ਹੋਣਾ, ਪ੍ਰਗਟਣਾ। ਇਸ ਤੁਕ ਵਿਚ ਚੇਤਨ ਨੂੰ—ਸੁਖ ਸਾਗਰ—ਇਸ ਭਾਵ ਲਈ ਕਿਹਾ ਹੈ ਕਿ ਉਸਦੇ ਪ੍ਰਗਟ ਹੋਣ ਨਾਲ ਜੀਵ ਸੁਖੀ ਹੋ ਜਾਂਦਾ ਹੈ। ਸੁ=ਚੰਗੀਤਰ੍ਹਾਂ। }

ਅਰਥ—ਨਿਰਗੁਣ ਤੋਂ (ਨਾਮ ਨੂੰ) ਐਉਂ ਵਡਾ ਜਾਣੋ:—ਕਿ (ਭਾਵੇਂ) ਉਹੋ (ਇੱਕੋ ਸਦਾ ਸੁਖਦਾਈ) ਪਰਮਾਤਮਾਂ ਸਾਰੀਆਂ ਦੇਹਾਂ ਵਿਚ (ਵਸ ਰਿਹਾ) ਹੈ—
(ਜਿਤਨੇ(ਬੀ) ਜੀਵਧਾਰੀ (ਹਨ, ਕੀ) ਨਰ, (ਕੀ) ਨਾਰੀ (ਉਸੇ) ਚੇਤਨ ਦੇ ਆਸਰੇ ਹੋਕੇ ਸ਼ਸ਼ੋਭਿਤ (ਹੋ ਰਹੇ ਹਨ)—
(ਫੇਰ) ਇਨ੍ਹਾਂ (ਸਾਰਿਆਂ) ਦੇ ਹਿਰਦਿਆਂ ਵਿਚ (ਨਿਰਗੁਣ ਚੇਤਨ ਦੇ) ਹੁੰਦਿਆਂ ਸੰਦਿਆਂ ਮਾਨੁਖ ਤੇ ਜੀਵ ਸੰਸਾਰ ਵਿਚ ਸਭ ਕੋਈ ਦੁਖੀ ਹੈ,
(ਪਰ ਦੇਖੋ) ਜਦੋਂ (ਕੋਈ) ਨਾਮ ਜਪੇ (ਤਦੋਂ ਉਹੋ) ਚੇਤਨ ਚਿੱਤ (ਵਿਚ) ਪ੍ਰਗਟ (ਹੋਕੇ) ਚੰਗੀ ਤਰ੍ਹਾਂ ਸੁਖਦਾਤਾ ਹੋ ਜਾਂਦਾ ਹੈ।

ਭਾਵ—ਪ੍ਰਮਾਤਮਾ ਪਰੀ ਪੂਰਣ, ਘਟ ਘਟ ਵਿਚ ਵਿਆਪਕ ਹੈ, ਪਰ ਫੇਰ ਸਭ ਕੋਈ ਦੁਖੀ ਹੈ। ਅਚਰਜ ਹੈ ਕਿ ਉਹ ਸੁੱਖਾਂ ਦਾ ਸਾਗਰ ਹੈ, ਉਸਦੇ ਅੰਦਰ ਹੁੰਦਿਆਂ ਜਗਤ ਦੁਖੀ ਹੈ। ਪਰ ਜਦ ਨਾਮ ਜਪੋ ਤਾਂ ਉਹੋ ਚਤਨ ਅੰਦਰੋਂ ਪ੍ਰਗਟ ਹੋ ਜਾਂਦਾ ਹੈ,ਤੇ ਸੁਖਾਂ ਦਾ ਦਾਤਾ ਬਣ ਜਾਂਦਾ ਹੈ। ਇਸ ਵਿਚ ਇਸ਼ਾਰਾ ਇਹ ਹੈ ਕਿ ਪਹਿਲਾਂ ਉਹ ਸਮਾਨ ਸੱਤਾ ਕਰਕੇ ਹੁੰਦਾ ਹੈ, ਪ੍ਰਗਟ ਨਹੀਂ ਹੁੰਦਾ। ਨਾਮ ਨਾਲ ਉਹ ਪ੍ਰਗਟਦਾ ਹੈ। ਜਦ ਪ੍ਰਗਟਦਾ ਹੈ ਤਾਂ ਉਹਦੀ ਸੁਖ ਸਾਗਰਤਾ ਦਾਨ ਕਰਨ ਵਾਲੀ ਕਲਾ ਅਪਣਾ ਸੁਖਦਾਈ ਪ੍ਰਭਾਵ ਬਖਸ਼ਦੀ ਹੈ, ਜਿਸਤੋਂ ਜੀਵ ਸੁਖੀ ਹੁੰਦਾ ਹੈ। ਸੋ ਸੁਖ ਸਾਗਰ ਦੇ ਅੰਦਰ ਹੁੰਦਿਆਂ ਦੁਖੀ ਜੀਵ ਨੂੰ ਸੁਖੀ ਨਾਮ ਨੇ ਕੀਤਾ। ਤਾਂਤੇ ਨਾਮ ਨਿਰਗੁਣ ਤੋਂ ਵਡਾ ਹੋਇਆ, ਜੋ ਉਸਦੇ ਹੋਣ ਨੂੰ ਸਫਲਤਾ ਦੇਂਦਾ ਹੈ।

ਸੈਯਾ—ਸੰਗੁਨ ਤੇ ਵਧਿ ਜਾਨਤਿ ਹੈਂ ਇਵ ਜੋ ਰਸ ਜਾਪ ਮੈਂ ਲੀਨਵਿਸ਼ਾਲਾ।
ਪ੍ਰੇਮ ਸੋਂ ਨਾਮ ਵਸਯੋ ਜਬ ਹੀ ਤਬ ਗੋਚਰ ਹੋਤਿ ਸਰੂਪ ਕ੍ਰਿਪਾਲਾ।
ਯਾਂਹੀ ਤੇ—ਨਾਮ ਅਧੀਨ ਸਰੂਪ—ਲਖਯੋ ਭਗਤੰਨ ਭਲੀ ਮਤਿ ਸ਼ਾਲਾ।
ਧਾਰਿਰਿਦੇ ਤਜਿਬੋ ਨ ਕਰੈਂ ਨਿਸਬਾਸੁਰ ਜੀਹ ਮੈਂ ਜਯੋਂ ਗਲਮਾਲਾ॥੫੭।

[ਸੰਗੁਨ=ਸਰਗੁਣ। [ਸੰ=ਸੰਗ, ਨਾਲ। ਗੁਨ=ਗੁਣ]।
ਵਿਸ਼ਾਲਾ=ਬਹੁਤ। [ਸੰਸ:,ਵਿਸ਼ਾਲ]।]

ਗੋਚਰ ਹੋਤਿ=ਇੰਦ੍ਰਿਆਂ ਦੇ ਅਨੁਭਵ ਵਿਚ ਆ ਜਾਂਦਾ ਹੈ।
ਗੋਚਰ ਹੋਣਾ=ਪ੍ਰਗਟਣਾ, ਸਾਖਯਾਤ ਹੋਣਾ।
ਸਰੂਪ ਕ੍ਰਿਪਾਲਾ*=ਕ੍ਰਿਪਾਲੂ ਸਰੂਪ।
ਸ੍ਵਰੂਪ=ਅਪਣਾ ਆਪ, ਵਜੂਦ। ਕ੍ਰਿਪਾਲਾ=ਜੋ ਕ੍ਰਿਪਾਲੂ ਹੈ। ਭਾਵ ਉਸ ਕ੍ਰਿਪਾਲੂ ਦਾ ਵਜੂਦ ਕਿ ਜਿਸ ਦਾ ਨਾਮ ਜਪ ਰਹੇ ਹਾਂ। ਨਾਮੀ ਦਾ ਸਰੂਪ।
ਭੁਲੀ ਮਤਿ ਸ਼ਾਲਾ=ਭਲੀ=ਚੰਗੀ, ਮਤਿ=ਬੁਧੀ, ਸ਼ਾਲਾ=ਘਰ } ਚੰਗੀ ਬੁਧੀ ਦਾ ਘਰ, ਸ਼੍ਰੇਸ਼ਟ ਬੁੱਧੀ ਵਾਲੇ।
(ਅ) ਸ਼ਾਲ–ਧਾਤੂ ਹੈ,–ਸ਼ਲਾਘਾ–ਅਰਥ ਵਿੱਚ।
ਭਲੀ ਮਤਿ ਸ਼ਾਲਾ=ਜਿਨ੍ਹਾਂ ਦੀ ਬੁੱਧੀ ਵਾਹਿਗੁਰੂ ਦੀ ਸ਼ਲਾਘਾ ਵਿਚ ਲਗੀ ਹੋਣ ਕਰਕੇ ਭਲੀ ਹੈ।
ਨਿਸ ਬਾਸੁਰ=ਦਿਨ ਰਾਤ।

ਅਰਥ—ਜੋ (ਕਰਨੀ ਵਾਲੇ ਮਹਾਂਪੁਰਖ) ਜਾਪ (ਸਿਮਰਣ ਦੇ ਰਸ ਵਿਚ) ਬਹੁਤ ਲੀਨ ਹੈਨ (ਨਾਮ ਨੂੰ) ਸਰਗੁਣ ਤੋਂ ਵਡਾ ਐਉਂ ਜਾਣਦੇ ਹਨ:–

(ਕਿ) ਜਦੋਂ ਹੀ ਨਾਮ ਪ੍ਰੇਮ ਨਾਲ (ਹ੍ਰਿਦੇ ਵਿਚ) ਵੱਸ ਗਿਆ ਤਦੋਂ ਹੀ ਪ੍ਰਤੱਖ ਹੋ ਜਾਂਦਾ ਹੈ ਕ੍ਰਿਪਾਲੂ ਸਰੂਪ (ਕਿ ਜਿਸ ਦਾ ਨਾਮ ਜਪ ਰਹੇ ਹਾਂ)। ਏਸੇ ਕਰਕੇ ਸ੍ਰੇਸ਼ਟ ਬੁੱਧੀ ਵਾਲੇ ਭਗਤਾਂ ਨੇ 'ਸਰੂਪ ਨੂੰ ਨਾਮ ਦੇ ਅਧੀਨ' ਲਖਿਆ ਹੈ।

(ਤੇ ਇਸੇ ਕਰਕੇ ਨਾਮ ਨੂੰ) ਹ੍ਰਿਦੇ (ਵਿਚ) ਧਾਰਨ ਕਰਕੇ (ਫੇਰ) ਛਡਦੇ ਨਹੀਂ, ਦਿਨ ਰਾਤ ਜੀਭ ਤੇ (ਸਿਮਰਣ ਜਾਰੀ ਰਖਦੇ ਹਨ) ਜਿਵੇਂ ਗਲ ਵਿਚ ਪਈ ਮਾਲਾ (ਅੱਠੋ ਪਹਿਰ ਗਲੇ ਵਿਚ ਰਹਿੰਦੀ ਹੈ)।

ਭਾਵ—ਰਚਨ, ਪਾਲਨ, ਸਿੰਘਾਰ, ਰੱਖਿਆ, ਉਧਾਰ, ਮੇਹਰ, ਬਖਸ਼ਿਸ਼ ਆਦਿ ਗੁਣ ਵਾਹਿਗੁਰੂ ਦੇ ਹੀ ਹਨ, ਇਨ੍ਹਾਂ ਗੁਣਾਂ ਸੰਯੁਕਤ ਉਸਦੇ ਸਰੂਪ ਨੂੰ ਸਰਗੁਣ ਸਰੂਪ ਕਹੀ-ਦਾ ਹੈ। ਇਹ ਉਸੇ ਨਿਰਾਕਾਰ ਦਾ ਹੀ ਇਕ ਅਰੂਪ ਰੂਪ ਹੈ ਜੋ ਜਗਤ ਦਾ ਪ੍ਰਬੰਧ ਕਰਦਾ ਹੈ, ਉਹੀ ਸਾਕਾਰ ਪਰਮੇਸ਼ੁਰ ਹੈ। ਪਿਛਲੀ ਯੁਕਤੀ ਮੂਜਬ ਅਰੂਪ ਰੂਪ ਵਾਲਾ ਕ੍ਰਿਪਾਲੂ ਸਰੂਪ ਜੋ ਸਰਗੁਣ ਹੈ, ਸੋ ਉਹ ਆਪੇ ਕਿਸੇ ਅੱਗੇ ਅਪਣਾ ਸਰੂਪ ਪ੍ਰਗਟ ਨਹੀਂ ਕਰਦਾ।

---

*ਇਸ ਤੋਂ ਭਾਵ, ਵਾਹਿਗੁਰੂ ਦਾ ਸਰੂਪ, ਗੁਰੂ ਮੂਰਤੀ ਵਿੱਚ, ਯਾ ਗੁਰਮੁਖ ਮੂਰਤੀ ਵਿਚ ਬੀ ਲੈਂਦੇ ਹਨ। 'ਸਿਗੁਨ' ਤੇ 'ਸਰੂਪ ਕ੍ਰਿਪਾਲਾ' ਤੋਂ ਮੁਰਾਦ ਪਰਮੇਸ਼ੁਰ ਦੇ ਉਸ ਰੂਪ ਤੋਂ ਬੀ ਲੈਂਦੇ ਹਨ, ਜਿਸਨੂੰ ਕਈ ਮਤਾਂ ਵਾਲੇ ਆਪੋ ਆਪਣੇ ਖ੍ਯਾਲ ਮੂਜਬ ਈਸ਼੍ਵਰ, ਵਿਸ਼ਨੂ, ਆਦਿ ਸੰਕੇਤਕ ਨਾਮਾਂ ਨਾਲ ਬੀ ਜਣਾਉਂਦੇ ਹਨ।

ਪਰ ਕਵਿ ਜੀ ਦੱਸਦੇ ਹਨ ਕਿ ਮੈਂ ਹੁਣ ਯੁਕਤੀ ਤੋਂ ਉਪਰ ਕਰਨੀ ਵਾਲੇ ਮਹਾਂ ਪੁਰਖਾਂ ਦੀ ਦੱਸੀ ਗਲ ਦਸਦਾ ਹਾਂ, ਓਹ ਮਹਾਂ ਪੁਰਖ ਕਿ ਜੋ ਸਿਮਰਣ ਦੇ ਰਸ ਵਿਚ ਬਹੁਤ ਲੀਨ ਰਹਿਣ ਵਾਲੇ ਹਨ, ਓਹ ਦਸਦੇ ਹਨ ਕਿ ਨਾਮ ਜਪਦਿਆਂ ਜਦੋਂ ਨਾਮ ਹਿਰਦੇ ਵਿਚ ਉਤਰ ਗਿਆ ਅਰ ਜਪਣ ਵਾਲਾ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ ਤਦੋਂ ਹੀ ਨਾਮੀ ਦਾ ਕ੍ਰਿਪਾਲੂ ਸਰੂਪ ਪ੍ਰਗਟ ਹੋ ਜਾਂਦਾ ਹੈ। ਸਰਗੁਣ ਨਿਰਗੁਣ ਦੀ ਹੀ 'ਸਰੂਪ' ਧਾਰੀ ਹਸਤੀ ਮੰਨੀ ਗਈ ਹੈ, ਪਰੰਤੂ ਉਹ ਪ੍ਰਤੱਖ ਨਹੀਂ ਹੁੰਦੀ, ਭਾਵੇਂ ਹੈ ਉਹ ਸਾਰੇ ਮੌਜੂਦ, ਪਰ ਜਦੋਂ ਹੀ ਕਿ ਨਾਮ ਜਪਕੇ ਉਸਦੀ ਆਰਾਧਣਾ ਕਰੋ, ਤਾਂ ਉਹ ਸਾਖਯਾਤਕਾਰ ਹੋ ਜਾਂਦੀ ਹੈ। ਨਾਮ ਉਸ ਦਾ ਸਾਖਯਾਤਕਾਰ ਕਰਾਉਣ ਕਰਕੇ ਉਸਦੇ ਸਰੂਪ ਦੇ ਕ੍ਰਿਪਾਲੂ ਸੁਭਾਵ ਨੂੰ ਸਫਲ ਕਰਦਾ ਹੈ ਜੋ ਭਗਤਾਂ ਦੀ ਮਨੋਂ ਕਾਮਨਾ ਪੂਰੀ ਕਰਦਾ ਹੈ, ਭਾਵ ਦਰਸ਼ਨ ਦੇਂਦਾ ਹੈ। ਸਰਗੁਣ ਨਾਮ ਦੀ ਵਿਸ਼ੇਸ਼ ਵਿਚਾਰ ਲਈ ਦੇਖੋ ਅੰਕ ੬੫ ਇਸੇ ਅਧ੍ਯਾਯ ਦਾ।

ਚੌਪਈ–ਨਿਜ ਤੇ ਅਧਿਕ ਹੇਤੁ ਸ਼੍ਰੀਰਾਮੂ। ਜਗਹਿ ਲਖਾਯੋ ਲਿਖ ਕਰਿਨਾਮੂ।
ਸਰੁਵਰ ਪਰ ਗਿਰਿਵਰ ਧਰਿ ਭਾਰੇ। ਤਰੁਵਰ ਕੇ ਪਾਤਨਿ ਸਮ ਤਾਰੇ। ੫੯।

ਨਿਜ ਤੇ=ਅਪਣੇ ਆਪ ਤੋਂ। ਅਧਿਕ=ਵੱਧ।
ਹੇਤੁ=ਇਸੇ ਕਰਕੇ, ਇਸੇ ਹੇਤੁ ਕਰਕੇ, ਇਸੇ ਲਈ।
ਸਰੁਵਰ=ਛੰਭ, ਵੱਡਾ ਤਲਾਉ। ਏਥੇ ਮਤਲਬ ਸਮੁੰਦਰ ਤੋਂ ਹੈ। ਯਾ ਪਾਣੀ ਦੇ ਓਹ ਵਡੇ ਵਡੇ ਡਲ, ਜੋ ਸਮੁੰਦਰ ਵਿਚ ਖੜੇ ਚਿਟਾਨਾਂ ਦੇ ਵਿਚਾਲੇ ਹਨ। [ਸੰਸ:, ਸਰੋਵਰ]
ਗਿਰਿਵਰ=ਪਹਾੜ, ਚਿਟਾਨ। [ਸੰਸ:, ਗਿਰਿ+ਵਰ]
ਤਰੁਵਰ=ਬ੍ਰਿੱਛ। [ਸੰਸ:, ਤਰੁ+ਵਰ]
ਪਾਤਨਿ=ਪੱਤੇ। ਤਾਰੇ=ਤਾਰ ਦਿੱਤੇ।

ਅਰਥ–ਇਸੇ ਲਈ ਸ਼੍ਰੀ ਰਾਮ ਨੇ ਜਗਤ ਨੂੰ ਦੱਸਿਆ ਹੈ (ਕਿ ਨਾਮ ਮੇਰੇ) ਅਪਣੇ ਆਪ ਤੋਂ ਵਡਾ ਹੈ (ਐਉਂ ਕਿ) ਭਾਰੇ ਚਿਟਾਨਾਂ (ਉਤੇ ਸਾਈਂ ਦਾ) ਨਾਮ ਲਿਖਕੇ ਸਮੁੰਦਰ ਉਤੇ ਧਰਕੇ (ਉਨ੍ਹਾਂ ਨੂੰ) ਬ੍ਰਿਛ ਦੇ ਪੱਤਿਆਂ ਵਾਂਙੂ ਤਾਰਿਆ।

ਭਾਵ–ਕਵਿ ਜੀ ਰਾਮਚੰਦ੍ਰ ਜੀ ਸੰਬੰਧੀ ਉਸ ਪ੍ਰਸਿੱਧ ਘਟਨਾਂ ਵਲ ਇਸ਼ਾਰਾ ਕਰਦੇ ਹਨ, ਕਿ ਰਾਮੇਸ਼੍ਵਰ ਦੇ ਪਾਸ ਲੰਕਾ ਤੱਕ ਆਪ ਨੇ ਪੁਲ ਬਣਾ ਲਿਆ ਸੀ। ਜਾਪਦਾ ਹੈ ਕਿ ਇੱਥੇ ਕੁਦਰਤੀ ਚਿਟਾਨਾਂ ਦੀ ਇਕ ਲੜੀ ਹੈ, ਇਸ ਦੀਆਂ ਵਿੱਥਾਂ ਉੱਪਰ ਪੁਲ ਦਾ ਸਾਮਾਨ ਕਰਕੇ ਸਾਰਾ ਰਸਤਾ ਖੁਸ਼ਕੀ ਦਾ ਬਣਾ ਲਿਆ ਗਿਆ ਸੀ, ਹੁਣ ਉਥੇ ਪੁਲ ਨਹੀਂ ਹੈ ਪਰ ਚਿਟਾਨਾਂ ਦੀ ਲੜੀ ਖੜੀ ਹੈ ਇਸ ਨੂੰ ਉਸੇ ਪੁਲ ਦਾ ਬਕ੍ਰੀਆ ਦੱਸਦੇ ਹਨ*।

*ਮੁਸਲਮਾਨ ਇਸ ਨੂੰ ਬਾਬੇ ਆਦਮ ਦਾ ਪੁਲ ਦੱਸਦੇ ਹਨ।

ਕਥਾ ਇਹ ਹੈ ਕਿ ਪੱਥਰਾਂ ਪਰ ਨਾਮ ਲਿਖਕੇ ਸਮੁੰਦਰ ਵਿਚ ਛੱਡ ਦੇਂਦੇ ਸਨ ਤੇ ਓਹ ਤਰਦੇ ਹੋਏ ਟਿਕਾਣੇ ਜਾ ਟਿਕਦੇ ਸਨ। ਇਹ ਕਥਾ ਲੋਕ ਪ੍ਰਸਿੱਧ ਹੈ, ਕੇਵਲ ਦ੍ਰਿਸ਼ਟਾਂਤ ਲਈ ਵਰਤੀ ਗਈ ਹੈ। ਮੁਰਾਦ ਕੇਵਲ ਪੁਲ ਦੇ ਮਹਾਨ ਕਾਰਯ ਦੇ ਸਿਰੇ ਚੜ੍ਹਨ ਦੀ 'ਨਾਮ ਦੇ ਪ੍ਰਤਾਪ ਕਰਕੇ ਹੋਈ' ਦੱਸਣ ਤੋਂ ਹੈ।

ਪੁਨ ਸ੍ਰੀ ਗੁਰ ਅਰਜਨ ਗਤਿਦਾਈ। ਨਿਜ ਤੇ ਮਹਿਮਾ ਅਧਿਕ ਲਖਾਈ।
ਸ੍ਰੀ ਸੁ ਗ੍ਰੰਥ ਮਹਿਂ* ਲਿਖਿਜਸੁ ਨਾਮੂ। ਤਿਹ ਤੇ ਅਧੋ ਭਏ ਸੁਖਧਾਮੂ॥ ੫੯॥

{ ਗਤਿਦਾਈ=ਮੁਕਤੀ ਦਾਤਾ। ਲਖਾਈ=ਜ਼ਾਹਰ ਕੀਤੀ, ਜਣਾਈ।
ਅਧੋ ਭਏ=ਨੀਵੇਂ ਹੋਏ। ਭਾਵ—ਅਦਬ ਕੀਤਾ।
ਸੁਖ ਧਾਮੂ=[ਸੁਖ+ਧਾਮ=] ਸੁਖ ਦਾ ਘਰ, ਸੁਖਦਾਤੇ। }

ਅਰਥ—ਫੇਰ ਸ੍ਰੀ ਗੁਰੂ ਅਰਜਨ (ਦੇਵ ਜੀ ਨੇ, ਜੋ) ਮੁਕਤੀ ਦਾਤਾ ਹਨ, (ਨਾਮ ਦੀ) ਮਹਿਮਾ ਅਪਣੇ ਆਪ ਤੋਂ ਵੱਧ ਲਖਾਈ, (ਐਉਂ ਕਿ) ਸ੍ਰੀ ਸ੍ਰੇਸ਼ਟ ਗ੍ਰੰਥ ਵਿਚ ਨਾਮ ਦਾ ਜਸ ਲਿਖਕੇ, (ਆਪ ਜੋ) ਸੁੱਖਾਂ ਦਾ ਘਰ (ਹਨ), ਉਸ (ਸ੍ਰੀ ਗੁਰੂ ਗ੍ਰੰਥ ਜੀ) ਤੋਂ ਨੀਵੇਂ ਹੋਏ।

ਭਾਵ—ਇੱਥੇ ਕਵਿ ਜੀ ਉਸ ਘਟਨਾਂ ਵਲ ਇਸ਼ਾਰਾ ਕਰਦੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣੇ ਪਰ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਪਰ ਸਵਾਰ ਕਰਕੇ ਸ੍ਰੀ ਗੁਰੂ ਜੀ ਆਪ ਚੌਰ ਕਰਦੇ ਪਾਲਕੀ ਨੂੰ ਸ੍ਰੀ ਹਰਿਮੰਦਿਰ ਜੀ ਲੈ ਗਏ ਤੇ ਓਥੇ ਮੰਜੀ ਸਾਹਿਬ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਥਾਪਨ ਕੀਤਾ ਤੇ ਆਪ ਨੀਵੇਂ ਫਰਸ਼ ਉਤੇ ਬੈਠੇ ਅਥਵਾ ਚੌਰ ਕਰਦੇ ਖੜੇ ਰਹੇ। ਫਿਰ 'ਸ੍ਰੀ ਸੁ ਗ੍ਰੰਥ' ਲਿਖਿਆ, 'ਸੁ'=(ਵਿਸ਼ੇਸ਼ਤਾ ਨਾਲ) ਦੱਸਦਾ ਹੈ ਕਿ ਮੁਰਾਦ ਕਿਸੇ ਹੋਰ ਪੁਸਤਕ ਤੋਂ ਨਹੀਂ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੈ, ਜਿਸਨੂੰ ਗੱਦੀ ਦਸਮੇ ਪਾਤਸ਼ਾਹ ਨੇ ਦਿੱਤੀ ਹੈ। ਫਿਰ ਕਵਿ ਜੀ ਦੱਸਦੇ ਹਨ ਕਿ 'ਸ੍ਰੀ ਸੁ ਗ੍ਰੰਥ' ਵਿਚ ਨਾਮ ਹੋਣ ਕਰਕੇ ਭਾਵੇਂ ਤਿਆਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੇ ਸਨ, ਤੇ ਆਪ ਗੁਰੂ ਗਾਦੀ ਤੇ ਸਨ, ਪਰ ਉਨ੍ਹਾਂ ਦਾ ਸਨਮਾਨ ਸ੍ਰੀ ਗੁਰੁ ਜੀ ਨੇ ਆਪਣੇ ਤੋਂ ਵੱਧ ਕੀਤਾ ਸੀ।

ਦੋਹਰਾ—**ਆਪ ਅਛਤ ਸਮਰੱਥ ਪ੍ਰਭੁ ਦਈ ਬਡਾਈ ਨਾਮ।**
ਅਪਰ ਤਰਕ ਕੋ ਕਰ ਸਕਹਿ? ਸਭਿ ਮਾਨਹਿਂ ਗੁਨਧਾਮ॥ ੬੦॥

[ਅਛਤ=ਹੁੰਦਿਆਂ, ਮੌਜੂਦਗੀ ਵਿਚ, ਸਾਹਮਣੇ।
ਸਮਰੱਥ ਪ੍ਰਭੁ=ਸਮਰੱਥਾ ਵਾਲੇ ਪ੍ਰਭੂ ਨੇ, ਮੁਰਾਦ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬੀ ਲੈਂਦੇ ਹਨ, ਪਰ ਅਸਲ ਵਿਚ ਇੱਥੋਂ ਮੁਰਾਦ

*ਪਾਠਾਂਤ੍ਰ—ਸ੍ਰੀ ਗ੍ਰੰਥ ਮਹਿ—, ਗੁਰੂ ਗ੍ਰੰਥ ਮਹਿਂ—ਬੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੈ।
ਅਪਰ=ਹੋਰ। ਤਰਕ=ਹੁੱਜਤ। ਕੋ=ਕੌਣ।
ਗੁਨਧਾਮ=ਗੁਣ+ਧਾਮ—ਗੁਣਾਂ ਦਾ ਘਰ, ਭਾਵ ਗੁਣੀ ਲੋਕ। ਵਿੱਦਵਾਨ ਤੇ ਕਰਨੀ ਵਾਲੇ।
ਗੁਣ ਧਾਮ ਨੂੰ ਨਾਮ ਦਾ ਵਿਸ਼ੇਸ਼ਣ ਬੀ ਲਾਉਂਦੇ ਹਨ ਕਿ ਸਾਰੇ ਲੋਕ ਨਾਮ ਨੂੰ ਗੁਣਾਂ ਦਾ ਘਰ ਮੰਨਦੇ ਹਨ।

ਅਰਥ—(ਜਦੋਂ) ਸਮਰੱਥ ਪ੍ਰਭੂ (ਜੀ ਨੇ) ਅਪਣੀ ਮੌਜੂਦਗੀ ਵਿਚ (ਆਪ) ਨਾਮ ਨੂੰ ਵਡਿਆਈ ਦਿੱਤੀ (ਤਦ) ਹੋਰ ਕੌਣ ਤਰਕ ਕਰ ਸਕਦਾ ਹੈ ? (ਤਦੇ ਹੀ) ਸਾਰੇ ਗੁਣੀ (ਇਸ ਅਸੂਲ ਨੂੰ) ਮੰਨਦੇ ਹਨ।

ਭਾਵ—ਪਿਛਲੇ ਅੰਕ ੫੯ ਤੋਂ ਜਾਪਦਾ ਹੈ ਕਿ ਇਹ ਦੋਹਾਂ (ਅੰਕ ੬੦) ਪਿਛਲੇ ਦੀ ਹੀ ਪੂਰਣਤਾ ਹੈ, ਅਰ 'ਪ੍ਰਭੁ' ਤੋਂ ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲੈਂਦੇ ਹਨ, ਪਰੰਤੂ ਦੀਰਘ ਵਿਚਾਰ ਕਰਨ ਨਾਲ ਇੱਥੇ ਮਤਲਬ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਦੇਣ ਤੋਂ ਹੈ। ਜਿਵੇਂ ਸੱਦ ਵਿਚ ਆਖਿਆ ਹੈ:— 'ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ' ॥ ਤੇ ਫੇਰ ਦਾਸ ਭੱਟ ਨੇ ਕਿਹਾ ਹੈ:—'ਬਿਦਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ'। ਭਾਵ ਇਹ ਹੈ ਕਿ ਗੁਰੂ ਅਮਰਦੇਵ ਜੀ ਨੇ ਆਪ ਪਰਤੱਖ ਹੁੰਦਿਆਂ, ਵਿਦਜਮਾਨ (ਮੌਜੂਦ) ਹੁੰਦਿਆਂ ਗੁਰ ਗਾਦੀ ਪਰ ਗੁਰੂ ਰਾਮਦਾਸ ਜੀ ਨੂੰ ਥਾਪਿਆ। ਤਿਵੇਂ ਕਵਿ ਜੀ ਏਥੇ ਉਸੇ ਭਾਵ ਵਿਚ ਕਹਿੰਦੇ ਹਨ ਕਿ:—

ਸਮਰੱਥ ਪ੍ਰਭੂ—ਸ੍ਰੀ ਗੁਰੂ ਗੋਬਿੰਦ ਸਿੰਘ ਜੀ—ਨੇ ਆਪ ਅੱਛਤ—ਆਪਣੇ ਹੁੰਦਿਆਂ (ਭਾਵ ਵਿਦਜਮਾਨ ਹੁੰਦਿਆਂ) ਨਾਮ ਨੂੰ ਬਡਾਈ ਦਿੱਤੀ, ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗਾਦੀ ਦਿੱਤੀ ਹੈ।

ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣੇ ਤੋਂ ਵੱਧ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ, ਇਹ ਪਿੱਛੇ ਕਹਿ ਦਿੱਤਾ ਹੈ। 'ਅਪਣੇ ਹੁੰਦਿਆਂ ਵਡਾਈ ਦੇਣਾ' ਫੇਰ ਕਹਿਣ ਦੀ ਲੋੜ ਦੱਸਦੀ ਹੈ ਕਿ ਇਹ ਇਸ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਜਾਈ ਦੀ ਵਡਜਾਈ ਮਿਲਨ ਵੱਲ ਹੈ, ਤੇ ਓਹ ਦਸਮੇਂ ਪਾਤਸ਼ਾਹ ਜੀ ਨੇ ਦਿੱਤੀ ਹੈ, ਤਾਂਤੇ 'ਸਮਰਥ ਪ੍ਰਭੁ' ਉਨ੍ਹਾਂ ਲਈ ਹੀ ਕਿਹਾ ਗਿਆ ਹੈ।

ਸੂਚਨਾ—ਸਫੇ ੬੬ ਤੋਂ ਪੰਦਰਵਾਂ ਮੰਗਲ ਟੁਰਿਆ ਹੈ, ਇਹ ਮੰਗਲ ਨਾਮ ਦਾ ਹੈ, ਇਸਦੇ ਆਪ ਨੇ ਦੋ ਹਿੱਸੇ ਕੀਤੇ ਹਨ। ਪਹਿਲੇ ਨਾਮ ਦੀ ਮਹਿਮਾ ਦੱਸੀ ਹੈ, ਜੋ ੬੦ ਅੰਕ ਦੇ ਛੰਦ ਤੱਕ ਟੁਰੀ ਆਈ ਹੈ। ਹੁਣ ਨਾਮਾਂ ਵਿਚੋਂ ਅਪਣੇ ਇਸ਼ਟਰੂਪੀ ਨਾਮ—ਵਾਹਿਗੁਰੂ—ਦੀ, ਜੋ ਗੁਰਮੰਤ੍ਰ ਹੈ, ਮਹਿਮਾ ਤੇ ਵਿਸ਼ੇਸ਼ਤਾ ਦੱਸਣ ਲੱਗੇ ਹਨ।

[‘ਵਾਹਿਗੁਰੂ’ ਨਾਮ ਦੀ ਵਿਸ਼ੇਸ਼ਤਾ]

ਦੋਹਰਾ–ਨਿਰਗੁਨ ਸਰਗੁਨ* ਨਾਮੁ ਜੋ ਵਾਹਿਗੁਰੂ ਤਿਨ ਮੇਰੁ।
ਸਭ ਤੇ ਊਚਾ ਜਾਨੀਏ ਲੇਤਿ ਨ ਕੀਜੈ ਦੇਰਿ ॥ ੬੧ ॥

{ ਮੇਰੁ=ਸੁਮੇਰੁ ਪਰਬਤ। (ਅ) ਮਾਲਾ ਦੇ ਸਿਰੇ ਦਾ ਮਣਕਾ, ਹਾਰ ਦਾ ਵਿਚਕਾਰਲਾ ਰਤਨ। ਜਿਵੇਂ ਮਣਕਿਆਂ ਵਿਚ ਮੇਰੂ ਵੱਡਾ ਹੈ ਤਿਵੇਂ ਨਾਂਵਾਂ ਵਿੱਚੋਂ–ਵਾਹਿਗੁਰੂ–ਨਾਮ ਸ਼ਿਰੋਮਣੀ ਹੈ। }

ਅਰਥ–(ਪਰਮੇਸ਼੍ਵਰ ਜੀ ਦੇ) ਨਿਰਗੁਣ (ਸ੍ਵਰੂਪ ਅਤੇ) ਸਰਗੁਣ (ਸਰੂਪ ਦੇ) ਜੋ ਨਾਮ (ਹਨ) ਤਿਨ੍ਹਾਂ (ਸਾਰਿਆਂ ਦੇ ਸਿਰ) ‘ਵਾਹਿਗੁਰੂ’ (ਨਾਮ) ਮੇਰੂ (ਸਮਾਨ) ਸਭ ਤੋਂ ਉੱਚਾ ਜਾਣੀਏ (ਤੇ ਇਸਨੂੰ) ਲੈਂਦਿਆਂ (=ਜਪਦਿਆਂ) ਦੇਰ ਨਾ ਕਰੀਏ।

ਚੌਪਈ–ਨਿਰਗੁਨ ਨਾਮਨ ਤੇ ਵਧਿ ਐਸੇ। ਸੋ ਕਰਿ ਅਰਥ ਬਖਾਨੋਂ ਜੈਸੇ:–
‘ਵਾਹਿ’† ਨਾਮੁ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ ॥ ੬੨ ॥
‘ਗੋ’ਤਮ ਨਾਮ‡ ਅਗ੍ਯਾਨ ਅਨਿੱਤ। ‘ਰੋ’ ਪਰਕਾਸ਼§ ਕਿਯੋ ਜਿਨ ਚਿੱਤੁ।
ਇਉਂ ਸ਼੍ਰੀ ਨਾਨਕ ਨਾਮ ਬਨਾਯੋ। ਸੁਨਿ ਸ਼੍ਰੁਤਿ ਸੰਤਨ¶ ਚਿਤ ਸੁਖ ਪਾਯੋ ॥ ੬੩ ॥

---

*ਪਾਠਾਂਤ੍ਰ–ਨਿਰਗੁਣ ਸਰਗੁਣ–ਬੀ ਹੈ। †ਪਾਠਾਂਤ੍ਰ–ਵਾਹ–ਬੀ ਹੈ।

‡ਇਕ ਲਿਖਤੀ ਨੁਸਖੇ ਵਿਚ ਪਾਠ–ਨਾਮ–ਹੈ। ਛਾਪੇ ਦੇ ਸਾਰਿਆਂ ਤੇ ਲਿਖਤੀ ਕਈਆਂ ਵਿਚ ਪਾਠ–ਤਨ–ਹੈ। ਇਸ ਪਾਠ ਨਾਲ ਤੁਕ ਦਾ ਅਰਥ ਇਹ ਬਣੇਗਾ–ਗੋ (ਨਾਮ ਹੈ) ਅਨ੍ਹੇਰੇ ਦਾ (ਜੋ ਇਸ) ਤਨ (ਵਿਚ) ਅਗ੍ਯਾਨ (ਦੇ ਰੂਪ ਵਿਚ ਬੈਠਾ ਹੈ, ਪਰ ਇਹ ਅਗ੍ਯਾਨ ਹੈ) ਅਨਿੱਤ। ਅਨਿੱਤ ਇਸ ਕਰਕੇ ਕਿਹਾ ਹੈ ਕਿ ਜੇ ਅਗ੍ਯਾਨ ਨਿੱਤ ਹੋਵੇ ਤਾਂ ਫਿਰ ਉਹ ਪ੍ਰਕਾਸ਼ ਨਾਲ ਦੂਰ ਨਹੀਂ ਹੋ ਸਕਦਾ।

ਕਈ ਸੱਜਣ ਅਨਿੱਤ ਨੂੰ ਤਨ ਨਾਲ ਲਾ ਲੈਂਦੇ ਹਨ ਕਿ ਅਨਿੱਤ ਸਰੀਰ ਵਿਚ ਅਗ੍ਯਾਨ ਦਾ ਨਿਵਾਸ ਹੈ, ਇਸ ਪਰ ਸ਼ੰਕਾ ਹੋ ਜਾਂਦੀ ਹੈ ਕਿ ਅਗ੍ਯਾਨ ਦਾ ਨਿਵਾਸ ਜੇ ਤਨ ਵਿਚ ਹੈ ਤਾਂ ‘ਰੋ’ ਨੇ ਪ੍ਰਕਾਸ਼ ਤਨ ਵਿਚ ਨਹੀਂ ਪਰ ਮਨ ਵਿਚ ਕਰਨਾ ਹੈ, ਏਥੇ ਫੇਰ–ਤਨ–ਦਾ ਅਰਥ ‘ਲਿੰਗ ਸ਼ਰੀਰ’ ਕਰ ਲੈਣ ਨਾਲ ਸ਼ੰਕਾ ਦੂਰ ਹੋ ਜਾਂਦੀ ਹੈ। ਉਂਞ ਬੀ, ਮਨ ਤਨ ਦੇ ਵਿੱਚ ਹੀ ਹੈ।

ਇਕ ਹੋਰ ਸਮਝਣ ਦੀ ਵਿਉਂਤ ਇਸ ਤੁਕ ਦੀ ਇਹ ਹੈ:–‘ਗੋ’ (ਨਾਮ ਹੈ) ਅਨ੍ਹੇਰੇ ਦਾ (ਅਨ੍ਹੇਰਾ ਦੋ ਪ੍ਰਕਾਰ ਦਾ ਹੈ ਇਕ) ਸਰੀਰ ਦਾ (ਜੋ ਪ੍ਰਸਿੱਧ ਹੈ, ਦੂਸਰੇ ਮਨ ਦਾ ਜਿਸਨੂੰ) ਅਗ੍ਯਾਨ (ਕਹਿੰਦੇ ਹਨ, ਪਰ ਦੋਇ ਅਨ੍ਹੇਰੇ) ਅਨਿੱਤ ਹਨ।

§‘ਰੋ ਪਰਕਾਸ਼ ਕਿਯੋ’ ਦੀ ਥਾਂ ਪਾਠਾਂਤ੍ਰ ਹੈ ‘ਰੋ ਸੁ ਪ੍ਰਕਾਸ਼ ਕਿਯੋ’। ¶ਪਾਠਾਂਤ੍ਰ–ਸ਼੍ਰੋਤਨ–ਬੀ ਹੈ।

ਬਖਾਨੌਂ=ਵਰਣਨ ਕਰਦਾ ਹਾਂ। ਪਰਿ=ਪਰੇ।
ਉਕਤਿ=ਬਾਣੀ=ਕਥਨ। ਉਹ ਜੋ ਕੁਛ ਕਿਹਾ ਜਾ ਸਕੇ।
ਸੂਚਨਾ-'ਵਾਹ' ਨੂੰ ਪੰਚਮ ਸਤਿਗੁਰੂ ਜੀ ਨੇ ਪਾਰਬ੍ਰਹਮ ਦਾ ਲਖਾਯਕ ਕਿਹਾ ਹੈ:-'ਨਾਨਕ ਵਾਹੁ ਵਾਹੁ ਕਹੁ ਤਾਕਉ ਜਾਕਾ ਅੰਤੁ ਨ ਪਾਰੁ॥' [ਸਾਰੰਗ ਮ:੫
ਗੋ*=ਗੁ-ਅਨ੍ਹੇਰਾ। [ਸੰਸ:, ਗੁਹੁ=ਆਛਾਦਨ ਕਰਨਾ] ਗੁਰੂ-ਗੀਤਾ ਵਿਚ ਐਉਂ ਦਿੱਤਾ ਹੈ:-
ਗੁਕਾਰਾਸਤੁ ਅੰਧਕਾਰਾ ਸ੍ਯਾਤ ਰਕਾਰਸ ਤਨ ਨਿਰੋਧਕ:
ਅੰਧਕਾਰ ਵਿਨਾਸ਼ਤ੍ਵਾਤ ਗੁਰੂ ਇਤ੍ਯਭਿਧੀਯਤੇ।
ਅਰਥਾਤ-ਗੁ-ਦਾ ਅਰਥ ਹੈ ਅਨ੍ਹੇਰਾ, ਤੇ-ਰੁ-ਦਾ ਅਰਥ ਹੈ ਅੰਨ੍ਹੇਰੇ ਨੂੰ ਦੂਰ ਕਰਨ ਵਾਲਾ (ਪ੍ਰਕਾਸ਼), (ਤਾਂਤੇ) ਅਨ੍ਹੇਰੇ (ਅਗ੍ਯਾਨ) ਨੂੰ ਜੋ ਦੂਰ ਕਰੇ ਉਸਨੂੰ ਗੁਰੂ ਆਖੀਦਾ ਹੈ।
ਤਮ=ਅਨ੍ਹੇਰਾ।
ਅਗ੍ਯਾਨ=ਨਾ ਜਾਨਣ ਦੀ ਅਵਸਥਾ, ਮਨ ਬੁੱਧੀ ਦਾ ਅੰਧਕਾਰ।
ਅਨਿੱਤ=ਜੋ ਨਿੱਤ ਨਾ ਹੋਵੇ। ਕਦੇ ਹੋਵੇ ਕਦੇ ਦੂਰ ਹੋ ਸਕੇ।
ਰੋ*=ਰੁ, ਰੂ-ਚਾਨਣਾ। ਦੇਖੋ ਉੱਪਰਲਾ ਪਦ 'ਗੋ'।
ਚਿੱਤ=ਓਹ ਅੰਦਰਲਾ ਚੇਤੰਨ ਮੰਡਲ, ਜਿਸਤੋਂ ਬ੍ਰਿਤੀਆਂ ਉਠਦੀਆਂ ਹਨ। (ਅ) ਚੇਤਨਤਾ। (ੲ) ਕਈ ਗਿਆਨੀ ਏਥੇ ਚਿੱਤ ਦਾ ਅਰਥ ਚੇਤਨ=ਪਰਮਾਤਮਾ ਕਰਦੇ ਹਨ। ਸ੍ਰੁਤਿ=ਕੰਨਾਂ ਨਾਲ।

ਅਰਥ-(ਵਾਹਿਗੁਰੂ ਨਾਮ) ਨਿਰਗੁਣ ਨਾਂਵਾਂ ਤੋਂ ਵੱਧ ਜਿਸਤਰ੍ਹਾਂ (ਹੈ) ਮੈਂ ਉਸ ਤਰ੍ਹਾਂ ਉਸਦੇ ਅਰਥ ਕਰਕੇ ਵਰਣਨ ਕਰਦਾ ਹਾਂ:-

'ਵਾਹਿ'-ਨਾਮ ਹੈ ਅਚਰਜ ਦਾ, ਅਚਰਜ ਤੋਂ ਪਰੇ ਕੋਈ ਬਾਣੀ ਨਹੀਂ ਹੈ।

'ਗੁ' ਨਾਮ ਹੈ ਹਨੇਰੇ (ਦਾ ਜੋ) ਅਗ੍ਯਾਨ (ਦੇ ਰੂਪ ਵਿਚ ਚਿੱਤਾਂ ਤੇ ਛਾ ਰਿਹਾ ਹੈ, ਪਰ ਉਹ ਹੈ) ਅਨਿੱਤ।

---

*ਗੋ, ਰੋ, ਨੂੰ ਜੋ ਹੋੜੇ ਲੱਗੇ ਹਨ ਏਹ ਕਿਸੇ ਅਰਥ ਲਈ ਨਹੀਂ ਹਨ, ਇਨ੍ਹਾਂ ਦਾ ਮਤਲਬ ਹੈ, ਗੁ, ਰੁ। ਜਿਵੇਂ ਅੱਖਰ ਉਚਾਰਣ ਵੇਲੇ ਕੋਈ ਤਾਂ 'ਗ' ਨੂੰ ਪੜ੍ਹਦਾ ਹੈ-ਗੱਗਾ, ਕੋਈ ਪੜ੍ਹਦਾ ਹੈ 'ਗਾ'। 'ਰ' ਨੂੰ ਪੜ੍ਹਦਾ ਹੈ ਰਰਾ, ਤੇ ਕੋਈ ਪੜ੍ਹਦਾ ਹੈ ਰਾ, ਸੰਸਕ੍ਰਿਤ ਵਿਚ ਬੀ, 'ਗ' ਤੇ 'ਰ' ਨੂੰ ਪੜ੍ਹ ਦੇਣਗੇ 'ਗਕਾਰ' ਤੇ 'ਰਕਾਰ'। ਇਸੇਤਰ੍ਹਾਂ 'ਗੁ' ਤੇ 'ਰੁ' ਯਾ 'ਰੂ' ਨੂੰ ਭਾਈ ਸਾਹਿਬ ਨੇ ਪੜ੍ਹਿਆ ਹੈ 'ਗੋ' ਤੇ 'ਰੋ'।

'ਰੂ' (ਨਾਮ ਹੈ ਉਸ ਪ੍ਰਕਾਸ਼ ਸ੍ਵਰੂਪ ਦਾ ਕਿ) ਜਿਸਨੇ (ਐਸੇ ਅਗਜ਼ਾਨ ਵਾਲੇ) ਚਿਤ ਨੂੰ ਪ੍ਰਕਾਸ਼ਿਤ ਕੀਤਾ।

[ਦੂਸਰਾ ਅਰਥ–ਜਿਸਨੇ (ਜੜ੍ਹ ਦੇਹ ਨੂੰ) ਚੇਤਨਤਾ ਨਾਲ ਤੇ (ਤੇ ਮਨ ਨੂੰ ਗਜ਼ਾਨ ਨਾਲ) ਪ੍ਰਕਾਸ਼ ਕੀਤਾ ਹੈ]।

ਐਉਂ ਸ੍ਰੀ (ਗੁਰੂ) ਨਾਨਕ ਦੇਵ ਜੀ ਨੇ (ਵਾਹਿਗੁਰੂ) ਨਾਮ ਬਣਾਇਆ ਹੈ*।
(ਜਿਸਨੂੰ) ਕੰਨਾਂ ਨਾਲ ਸੁਣਕੇ ਸੰਤਾਂ ਦੇ ਚਿੱਤ ਨੇ ਸੁਖ ਪਾਇਆ ਹੈ।

ਭਾਵ–ਜਿੱਥੋਂ ਤਕ ਮਨ ਦੀ, ਬਾਣੀ ਦੀ ਗੰਮਤਾ ਹੈ, ਓਥੋਂ ਤਾਈਂ ਦੀ ਸਮਝ ਆਦਮੀ ਵਰਣਨ ਕਰਦਾ ਹੈ ਅਰ ਓਹ ਸਾਰਾ ਮੰਡਲ ਦੇਸ਼ ਕਾਲ ਵਸਤੂ ਅਥਵਾ ਦੇਸ਼ ਕਾਲ ਨਮਿੱਤ ਦਾ ਹੈ, ਮਨ ਦਾ ਅਪਣਾ ਸ੍ਵਰੂਪ ਦੇਸ਼ ਕਾਲ ਨਮਿੱਤ ਵਾਲਾ ਹੈ, ਇਸ ਤੋਂ ਪਰੇ ਇਸਦੀ ਸਮਝ ਲੜ ਹੀ ਨਹੀਂ ਸਕਦੀ। ਪਰ ਕਦੇ ਕੋਈ ਅਤਿ ਸੁੰਦਰ ਝਲਕੇ ਹੇਠਾਂ ਯਾ ਕਿਸੇ ਬੰਦਗੀ ਸਿਫਤ ਸਲਾਹ ਦੇ ਅਸਰ ਨਾਲ ਇਕ ਸੁਤੇ ਸਮਾਧੀ ਦੀ ਅਵਸਥਾ ਲੰਘਦੀ ਹੈ, ਜਿਸ ਵੇਲੇ ਕਿ ਮਨ ਹੁਰੀਂ ਮਾਨੋਂ ਉੱਕੇ ਖੜੋ ਜਾਂਦੇ ਯਾ ਉਰੇ ਰਹਿ ਜਾਂਦੇ ਹਨ। 'ਆਪਾ', ਜੋ ਮਨ ਤੋਂ ਪਰੇ ਮਨ ਦਾ ਪ੍ਰਕਾਸ਼ਕ ਹੈ ਤੇ ਇਸਤੋਂ ਮਾਨੋਂ ਅਲੱਗ ਹੈ, 'ਅਨੰਤ' ਨਾਲ ਜਾ ਛੁਹੰਦਾ ਹੈ; ਜਦੋਂ ਇਸਤੋਂ ਮੁੜ ਆਪਾ ਪਰਤਦਾ ਹੈ ਅਰਥਾਤ ਮਨ ਤੇ ਬੁੱਧੀ ਅਪਣਾ ਕੰਮ ਫੇਰ ਅਰੰਭਦੇ ਹਨ ਤਾਂ ਮਨ ਓਥੇ ਨਾ ਜਾ ਸਕਣ ਕਰਕੇ ਦੱਸ ਨਹੀਂ ਸਕਦਾ ਕਿ ਓਥੇ ਕੀਹ ਸੀ, ਪਰ ਉਸਦੀ ਸੁੰਦਰਤਾ ਤੇ ਅਕਹਿ ਰਸ ਭਰੀ ਦਸ਼ਾ ਦਾ ਅਸਰ ਐਸਾ ਕੁਛ ਸੰਸਕਾਰ ਮਾਤ੍ਰ ਉਸਤੇ ਪਿਆ ਹੁੰਦਾ ਹੈ ਕਿ ਮਨ ਹੁਰੀਂ 'ਵਾਹਿ' ਵਾਹਿ' ਕਹਿ ਉਠਦੇ ਹਨ। ਮਾਨੋਂ ਜਦੋਂ ਉਸ ਦੇਸ਼ ਕਾਲ ਤੋਂ ਪਰੇ ਦਾ ਝਲਕਾ ਵੱਜਦਾ ਹੈ ਤਾਂ ਆਤਮਾ ਯਾ ਆਪਾ 'ਅਨੰਤ' ਦਾ ਰਸ ਅਨੁਭਵ ਕਰਦਾ ਹੈ, ਪਰ ਉਥਾਨ ਹੋਕੇ 'ਮਨ' ਉਸਦਾ ਪਤਾ 'ਵਾਹਿ' 'ਵਾਹਿ' ਉਚਾਰਨ ਤੋਂ ਸਿਵਾ ਕੁਛ ਨਹੀਂ ਦੱਸ ਸਕਦਾ। ਕਵਿ ਜੀ ਇਸ ਅਵਸਥਾ ਵਲ ਇਸ਼ਾਰਾ ਕਰਕੇ ਕਹਿੰਦੇ ਹਨ ਕਿ 'ਵਾਹਿ' ਨਾਮ ਉਸ ਅਚਰਜ ਦਾ ਹੈ ਕਿ ਜਿਸਤੋਂ ਪਰੇ ਬਾਣੀ ਜਾ ਨਹੀਂ ਸਕਦੀ। ਮਨ ਬਾਣੀ ਤੋਂ ਪਰੇ ਦੀ ਅਵਸਥਾ ਨੂੰ ਜਦ ਕੋਈ ਦਰਸ਼ਨ ਕਰਨਹਾਰਾ, ਰਸ ਮਾਣਨਹਾਰਾ, ਸੱਚੀ ਮੁੱਚੀਂ ਪਹੁੰਚਾ ਹੋਇਆ ਸ੍ਰੇਸ਼ਟ ਪੁਰਖ ਕਿਸੇ ਤਰ੍ਹਾਂ ਕੋਈ ਨਾਮ ਦੇਣਾ ਚਾਹੇ ਤਾਂ ਦੇ ਨਹੀਂ ਸਕਦਾ, ਕਿਉਂਕਿ ਮਨ ਬਾਣੀ ਦੀ ਪਹੁੰਚ ਹੀ ਨਹੀਂ ਜਿੱਥੇ ਉਥੋਂ ਦਾ ਨਾਮ ਪਤਾ ਕੀ ਦੇਵੇ ? ਹਾਂ ਉਸ ਯਥਾਰਥ ਦਾ ਪਤਾ ਦੇਖਣਹਾਰ 'ਵਾਹਿ' ਤੋਂ ਬਿਨਾ ਕਹਿ ਨਹੀਂ ਸਕਦਾ, ਸੋ ਵਾਹਿ ਨਾਮ ਉਸ 'ਨਿਰਗੁਣ ਯਥਾਰਥ' ਦਾ ਹੈ, ਜਿੱਥੇ ਮਨ ਬਾਣੀ ਦੀ ਪਹੁੰਚ ਨਹੀਂ ਤੇ ਏਹ 'ਵਾਹਿ' ਉਸਦਾ ਕਲਪਨਾ ਮਾਤ੍ਰ,

*'ਵਾਹਿਗੁਰੂ ਗੁਰ ਸਬਦ ਸੁਣਾਯਾ॥' [ਭਾ: ਗੁ: ਵਾ: ੨੪–੧

ਨਾਮ ਨਹੀਂ, ਪਰ ਆਤਮਾ ਦੇ ਮਿਲਾਪ ਪ੍ਰਾਪਤੀ ਦਾ ਉਹ ਅਵਾਜ਼ਾ ਹੈ ਕਿ ਜਿਸ ਤੋਂ ਅੱਗੇ ਮਨ ਬਾਣੀ ਦੀ ਗੰਮਤਾ ਹੈ ਨਹੀਂ।

ਉਸ ਨੂੰ 'ਵਾਹਿ' ਹੀ ਕਹਿਣਾ ਜੋਗ ਹੈ, ਜੋ ਨਾਮ ਬੀ ਹੈ, ਸਿਫਤ ਸਲਾਹ ਬੀ ਹੈ, ਉਸ ਦਾ ਯਸ਼ ਤੇ ਕੀਰਤਨ ਬੀ ਹੈ। ਅਰਥਾਤ ਜੋ ਕੋਈ ਉਸ ਰੰਗ ਵਿਚ ਅੱਪੜਦਾ ਹੈ, ਉਸ ਬਾਬਤ ਆਵਾਜ਼ਾ ਇਹੋ ਦੇਂਦਾ ਹੈ। ਇਧਰ ਜੋ ਮਿਲਾਪ ਲਈ ਸਾਧਨ ਅਰੰਭ ਕਰਦਾ ਹੈ ਤੇ ਜਗਜਾਸੂ ਹੈ, ਉਹ ਬੀ ਇਸੇ ਨੂੰ ਜਪਦਾ ਹੈ, ਉਹ ਉਸ ਅਨੰਤ ਦੇ ਅੱਗੇ ਅਰਦਾਸ ਕਰਦਾ ਹੈ ਕਿ ਮੈਂ 'ਵਾਹਿ ਵਾਹਿ' ਕਰਦਿਆਂ ਉਸ ਟਿਕਾਣੇ ਅੱਪੜਨਾ ਹੈ ਜਿੱਥੇ ਮਨ ਨੇ ਲੀਨ ਹੋ ਜਾਣਾ ਹੈ, ਬਾਣੀ ਨੇ 'ਵਾਹਿ' ਕਹਿਕੇ ਮੁੱਕ ਜਾਣਾ ਹੈ, ਜਿਸ ਦੇ ਅਨੁਭਵ ਰਸਲੀਨਤਾ ਮਗਰੋਂ ਉਥਾਨ ਹੋਕੇ ਮੈਂ ਰਸ ਭਰੇ ਸਰੂਰ ਵਿਚ ਕੁਛ ਕਹਿ ਨਹੀਂ ਸਕਣਾ, ਪਰ ਜੇ ਕੁਝ ਕਥਨ ਕਰ ਸਕਣਾ ਹੈ ਤਾਂ 'ਵਾਹਿ'।

ਅਗੇ ਦੱਸਦੇ ਹਨ ਕਿ 'ਗੁ' ਨਾਮ ਹੈ ਅਨ੍ਹੇਰੇ ਦਾ, ਅਨ੍ਹੇਰਾ ਨਾਮ ਹੈ ਰੋਸ਼ਨੀ ਦੇ ਅਭਾਵ ਦਾ। ਰੋਸ਼ਨੀ ਦਾ ਅਭਾਵ ਦੋ ਪ੍ਰਕਾਰ ਦਾ ਹੈ, ਇਕ ਜੋ ਅੱਖਾਂ ਪਰ ਆਪ ਨੂੰ ਲਖਾਉਂਦਾ ਹੈ, ਦੂਸਰੇ ਜੋ ਚਿੱਤ ਪਰ ਆਪ ਨੂੰ ਲਖਾਉਂਦਾ ਹੈ। ਅੱਖਾਂ ਵਾਲੇ ਨੂੰ 'ਅਨ੍ਹੇਰਾ', 'ਅੰਧਕਾਰ' ਆਖਦੇ ਹਨ, ਚਿੱਤ ਵਾਲੇ ਨੂੰ 'ਅਗਜਾਨ' ਆਖਦੇ ਹਨ। ਸੋ ਕਵਿ ਜੀ ਦੱਸਦੇ ਹਨ ਕਿ 'ਗੁ' ਨਾਮ ਹੈ ਅਗਜਾਨ ਰੂਪੀ ਅਨ੍ਹੇਰੇ ਦਾ ਤੇ 'ਰੁ' ਨਾਮ ਹੈ ਉਸ ਪ੍ਰਕਾਸ਼ ਸਰੂਪ ਦਾ ਜੋ ਇਸ ਅਗਜਾਨ ਨੂੰ ਦੂਰ ਕਰਕੇ ਪ੍ਰਕਾਸ਼ ਕਰਦਾ ਹੈ। ਸੋ ਗੁਰੂ ਪਦ ਉਸ ਦਾ ਵਾਚਕ ਸਰੂਪ ਹੈ ਜੋ ਪ੍ਰਕਾਸ਼ ਸਰੂਪ ਹੈ ਤੇ ਅਗਜਾਨ ਅੰਧਕਾਰ ਦਾ ਦੂਰ ਕਰਕੇ ਚਿੱਤ ਨੂੰ ਪ੍ਰਕਾਸ਼ਿਤ ਕਰ ਦੇਣ ਵਾਲਾ ਹੈ। ਅਭਜਾਸੀਆਂ ਦੇ ਤਜਰਬੇ ਵਿਚ ਆਈ ਇਕ ਅਮਲੀ ਗੱਲ ਇਹ ਬੀ ਹੈ ਕਿ ਜਿਸ ਕਿਸੇ ਨੇ ਸਾਈਂ ਦੇ ਰਸ ਵਿਚ ਲਿਵ ਪਾਈ ਹੈ, ਉਸ ਨੂੰ ਐਉਂ ਹੀ ਭਾਸਦਾ ਹੈ ਕਿ ਮੈਂ ਅੰਧਕਾਰ ਵਿਚ ਸਾਂ ਮੈਨੂੰ ਇਕ ਜਾਗ੍ਰਤ ਆਈ ਹੈ, ਇਕ ਪ੍ਰਕਾਸ਼ ਆਯਾ ਹੈ, ਧੰਨ ਉਹ ਦਾਤਾ ਹੈ ਜਿਸ ਨੇ ਪ੍ਰਕਾਸ਼ ਦਿੱਤਾ ਹੈ। ਸੋ 'ਗੁਰੂ' ਦਾ ਅਰਥ ਹੈ 'ਅੰਧਕਾਰ ਤੋਂ ਪ੍ਰਕਾਸ਼ ਦੇਣ ਵਾਲਾ, ਪ੍ਰਕਾਸ਼ ਸ੍ਵਰੂਪ।'

ਪਹਿਲਾਂ, 'ਵਾਹਿ' ਪਦ ਜਣਾਉਂਦਾ ਹੈ ਪਰਮੇਸ਼੍ਵਰ ਦੇ ਸ੍ਵਰੂਪ ਨੂੰ, ਜੋ ਅਗੰਮ ਹੈ। ਪਰ ਜਿਸ ਦੇ ਮਿਲਾਪ ਦਾ ਆਤਮਾ ਵਿਚ ਭਰਿਆ ਰਸ, ਮਨ ਵਿਚ ਪ੍ਰਤਿਬਿੰਬਤ ਹੋਕੇ ਉਸ ਤੋਂ 'ਵਾਹਿ ਵਾਹਿ' ਦੀ ਸਿਫਤ ਸਲਾਹ ਕਰਾਉਂਦਾ ਹੈ, ਤੇ ਮਨ ਬੁੱਧੀ ਦੇ ਗਜਾਨ ਮੰਡਲ ਕਹੋ ਯਾ ਚਿੱਤ ਮੰਡਲ ਕਹੋ ਉਸ ਵਿਚ ਉਸ ਦਾਤੇ ਦੇ ਸਰੂਪ ਦਾ 'ਅਮਲੀ ਤੇ ਤਜਰਬੇ ਵਿਚ ਆਯਾ ਸਰੂਪ' ਇਹੋ ਨਾਉਂ ਬੰਨ੍ਹਦਾ ਹੈ ਕਿ ਉਹ 'ਗੁਰੂ' ਹੈ, ਅਰਥਾਤ ਪ੍ਰਕਾਸ਼ ਦਾਤਾ ਪ੍ਰਕਾਸ਼ ਸਰੂਪ ਹੈ, ਤੇ ਉਸ ਨੂੰ 'ਵਾਹਿ' ਕਹਿਕੇ ਹੀ ਆਰਾਧ ਤੇ ਸਲਾਹ ਸਕਦੇ ਹਾਂ। ਤਾਂਤੇ—ਵਾਹਿਗੁਰੂ=ਸ਼ਲਾਘਾ ਯੋਗ ਪ੍ਰਕਾਸ਼ ਦਾਤਾ—ਹੈ।

'ਸ੍ਵਰੂਪ ਪ੍ਰਾਪਤ ਸ਼੍ਰੀ ਗੁਰੂ ਨਾਨਕ ਦੇਵ ਜੀ' ਨੇ ਅਮਲੀ ਤੇ ਤਜਰਬੇ ਵਿਚ ਆ ਜਾਣ ਵਾਲਾ ਸਰੂਪ ਲਖਾਇਕ ਇਹ ਨਾਮ ਰਚਿਆ ਹੈ, ਜੋ ਜਗਜਾਸੂ ਇਸ ਦਾ ਸਿਮਰਣ ਕਰਨਗੇ ਓਹ ਉਸ ਅਵਸਥਾ ਨੂੰ ਪ੍ਰਾਪਤ ਹੋਣਗੇ ਕਿ ਜਿਸ ਦਾ ਇਹ

ਲਖਾਇਕ ਹੈ। ਜੋ ਇਕ ਅਵਸਥਾ ਹੈ, ਨਹੀਂ ਉਹ ਅਵਸਥਾ ਤੋਂ ਬੀ ਪਰੇ ਹੈ ਜਿਸ ਦਾ ਇਹ ਅਨੁਭਵ ਦੁਆਰੇ ਪ੍ਰਾਪਤ ਹੋਇਆ ਨਾਮ ਸਤਿਗੁਰ ਨੇ ਸਿਫਤ ਸਲਾਹ ਦੇ ਅਰਥਾਂ ਵਾਲਾ ਰਚਿਆ ਹੈ।

ਜਿਸ ਪਰਮਾਤਮਾ ਦੇ ਮੇਲ ਤੋਂ ਉਥਾਨ ਹੋਕੇ ਮਨ ਉਸ ਲਈ 'ਵਾਹ ਵਾਹ' ਦਾ ਅਵਾਜ਼ਾ ਦੇਂਦਾ ਹੈ, ਉਸ ਪਰਮਾਤਮਾ ਦੇ ਮਿਲਨ ਦੀ ਪ੍ਰਾਪਤੀ ਦਾ ਰਸਤਾ ਬੀ 'ਵਾਹਿ ਵਾਹਿ' ਹੀ ਠੀਕ ਹੈ। ਇਸੇ ਨੂੰ ਸਤਿਗੁਰ ਨੇ 'ਸਿਫਤ ਸਲਾਹ' (admiration & adoration) ਕਿਹਾ ਹੈ, ਕਿ ਉਸ ਨੂੰ ਮਿਲਨੇ ਲਈ ਉਸੇ ਦੀ ਸਿਫਤ–ਸਲਾਹ ਹੀ ਕਰਨੀ ਚਾਹੀਏ। ਗੁਰੂ ਜੀ ਨੇ ਦੱਸਿਆ ਹੈ ਕਿ ਸਿਫਤ ਸਲਾਹ ਇਕ ਪਦਵੀ ਹੈ:–'ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥' ਫਿਰ ਇਸੇ 'ਵਾਹ' ਪਦ ਨੂੰ ਆਖਿਆ ਹੈ ਕਿ ਇਹੋ ਸਿਫਤ ਸਲਾਹ ਹੈ, ਯਥਾ 'ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥' ਫਿਰ ਦੱਸਿਆ ਹੈ ਕਿ ਇਸ 'ਵਾਹ' ਕਰਨ ਨਾਲ ਸਾਈਂ ਮਿਲਦਾ ਹੈ। ਯਥਾ:–'ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥' ਪਰਮੇਸ਼੍ਵਰ ਦੇ ਮਿਲਨ ਤੋਂ ਪਹਿਲਾਂ ਨਾਮ ਦਾ ਮਨ ਵਿੱਚ ਵੱਸਣਾ ਬੀ ਸਿਫਤ ਸਲਾਹ ਨਾਲ ਹੀ ਹੁੰਦਾ ਹੈ, ਯਥਾ:–'ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥' ਸੋ ਇਸ 'ਵਾਹਿਗੁਰੂ' ਪਦ ਵਿੱਚ ਨਾਲੇ ਨਿਰਗੁਣ ਦਾ ਸਰੂਪ ਦੱਸਿਆ ਹੈ ਨਾਲੇ ਉਸਦੀ ਸਿਫਤ ਸਲਾਹਿ ਦਾ ਪ੍ਰਭਾਵ ਹੈ, ਸਿਫਤ ਸਲਾਹ ਬੀ ਮਨ ਬਾਣੀ ਤੋਂ ਪਰੇ ਵਾਲੀ ਹੈ। ਇਸ ਲਈ ਇਹ ਸਾਰੇ ਨਿਰਗੁਣ ਨਾਵਾਂ ਤੋਂ ਸ਼ਿਰੋਮਣੀ ਹੈ। ਸੋ ਕਵਿ ਜੀ ਨੇ–ਵਾਹਿ ਨਾਮ ਦਸਿਆ 'ਅੱਖਰ' (ਅਕਸ਼ਰ*) ਦਾ, 'ਸਦਾ ਇਕ ਰਸ ਮੂਲ ਤੇ ਅਸਲੇ' ਦਾ, ਜਿਸਦੀ ਸੱਤਜਾ ਨਾਲ ਇਹ ਸਾਰਾ ਦਿੱਸਦਾ ਜਗਤ ਪ੍ਰਗਟਿਆ ਹੈ, ਜੋ ਆਪ ਦਿਸਦਾ ਨਹੀਂ ਪਰ ਦੇਖਦਾ ਹੈ, ਜਿਸ ਨੂੰ ਜਗਜਾਸੂ ਦਾ ਆਪਾ ਪ੍ਰਾਪਤ ਹੋਕੇ ਮੁੜਕੇ ਆਇਆਂ 'ਰਸ ਪ੍ਰਤੀਤੀ' ਦਾ ਸੰਸਕਾਰ ਮਨ ਨੂੰ ਦੇਂਦਾ ਹੈ ਤੇ ਮਨ ਬਾਣੀ ਤੋਂ ਕਿਸੇ ਮਦ ਭਰੇ ਸਰੂਰ ਵਿਚ ਅਖਵਾਉਂਦਾ ਹੈ 'ਵਾਹਿ ਵਾਹਿ ਵਾਹਿ ਵਾਹਿ ਵਾਹਿ।'

'ਵਾਹਿ' ਉਸੇ ਨੂੰ ਕਿਹਾ ਜਾਂਦਾ ਹੈ ਜੋ ਅਤੀ ਸੁੰਦਰ, ਪਿਆਰ ਸਰੂਪ ਹੈ, ਅਨੰਦ ਸਰੂਪ ਹੈ, ਤੇ ਗੁਰੂ ਨਾਮ ਹੈ ਉਸੇ 'ਅਸਲੇ' ਦੇ ਪ੍ਰਕਾਸ਼ ਸਰੂਪ ਹੋਣ ਦਾ। ਉਸਦਾ ਅਸਲਾ ਪ੍ਰਕਾਸ਼ ਹੈ ਤੇ ਪ੍ਰਕਾਸ਼ 'ਨਿੱਤ ਵਸਤੂ' ਹੈ। 'ਸਦਾ ਹੈ' ਉਸਦਾ ਰੂਪ ਹੈ, ਤੇ 'ਸਦਾ ਚੇਤਨ' ਉਸ ਦਾ ਸਰੂਪ ਹੈ। ਉਹ 'ਨਿੱਤ ਪ੍ਰਕਾਸ਼' ਸਦਾ ਪ੍ਰਕਾਸ਼ ਆਪ ਹੈ ਤੇ ਜਿੱਥੇ ਕਿਤੇ ਬ੍ਰਹਮੰਡ ਵਿਚ, ਸਰੀਰਾਂ ਵਿਚ, ਕਿ ਸਰੀਰਾਂ ਵਿਚ ਵਸਦੇ ਮਨਾਂ ਵਿੱਚ ਅੰਧਕਾਰ ਹੈ ਅਰਥਾਤ ਜੜ੍ਹਤਾ ਹੈ ਯਾ ਅਗਯਾਨ ਹੈ, ਭਾਵੇਂ ਹਨ੍ਹੇਰਾ ਕਿਸੇ ਹੀ ਰੂਪ ਦਾ ਹੈ, ਉਹ ਪ੍ਰਕਾਸ਼ ਸਰੂਪ ਅੰਧਕਾਰ ਤੇ ਅਗਯਾਨ ਸੱਭ ਨੂੰ ਦੂਰ ਕਰਕੇ ਪ੍ਰਕਾਸ਼ ਤੇ ਗਯਾਨ ਦਾ ਦਾਤਾ ਹੈ।

ਸੂਚਨਾ–ਉੱਪਰ ਅਸਾਂ ਕਵਿ ਜੀ ਦੇ ਅਭਿਪ੍ਰਾਯ ਨੂੰ ਅਰਥ ਅਰ ਭਾਵ ਵਿਚ

*ਜੋ ਕਦੇ ਨਾ ਖਰੇ।

ਖੁਹਲਿਆ ਹੈ, ਜਿਵੇਂ ਕਿ ਅੱਖਰ ਰਸਤਾ ਦੇਂਦੇ ਹਨ ਤੇ ਵਿਚਾਰ ਸਮਝਦੀ ਹੈ ਤੇ ਗੁਣੀ ਜਨ ਕਥਨ ਕਰਦੇ ਹਨ। ਕਵਿ ਜੀ ਨੇ ਵਾਹਿਗੁਰੂ ਪਦ ਦੇ ਅਰਥ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਦੇ ਅਧ੍ਯਾਯ ੪੩ ਤੇ ੫੭ ਵਿਚ, ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ ੭ ਅੰਸੂ ੩ ਵਿਚ ਫੇਰ ਦਿੱਤੇ ਹਨ। ਅਤੇ 'ਗਰਬ ਗੰਜਨੀ' ਟੀਕਾ ਸ੍ਰੀ ਜਪੁ ਸਾਹਿਬ ਵਿਚ ਬੀ ਆਪ ਨੇ ਗੁਰ ਪਦ ਦੇ ਅਰਥ ਦਿੱਤੇ ਹਨ, ਉਨ੍ਹਾਂ ਦੀ ਵਿਚਾਰ ਬੀ ਏਥੇ ਸੁਖਦਾਈ ਹੋਵੇਗੀ ਕਿਉਂਕਿ ਉਹ ਕਵਿ ਜੀ ਦੇ ਚਿੱਤ ਦੇ ਆਸ਼ਯ ਨੂੰ ਸਮਝਾਉਣ ਵਿਚ ਸਹਾਯਕ ਹੋਣਗੇ।

੧. ਇੱਥੇ, ਅਰਥਾਤ ਅਧ੍ਯਾਯ ੧ ਵਿੱਚ, ਆਪ ਨੇ ਕਿਹਾ ਹੈ:—

...'ਵਾਹਿ' ਨਾਮੁ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ॥ ੬੨ ॥
'ਗੋ' ਤਮ ਨਾਮ*ਅਗ੍ਯਾਨ ਅਨਿੱਤ।
'ਰੋ' ਪਰਕਾਸ਼ ਕਿਯੋ ਜਿਨ ਚਿੱਤ।.....੬੩।

੨. ਸ੍ਰੀ ਗੁ: ਨਾ: ਪ੍ਰ: ਉ: ਦੇ ੪੩ ਅਧ੍ਯਾਯ ਵਿਚ ਕਵਿ ਜੀ ਨੇ ਕਿਹਾ ਹੈ:—

'ਵਾਹਿ' ਨਾਮ ਅਚਰਜ ਪਹਿਚਾਨੋ । ਜਿਹ ਕੀ ਸੱਤਜਾ ਜਗ ਪ੍ਰਗਟਾਨੋ ।
ਜਿਹ ਸੱਤਜਾ ਕਰਿ ਲਖਿਯਤਿ ਭਵ ਹੈ। ਸੋ ਨਹਿਂ ਲਖੀ ਜਾਇ, ਅਨੁਭਵ ਹੈ। ੬੨।
ਦੋਹਰਾ—ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ।
ਅੰਧਕਾਰ 'ਗੋ' ਨਾਮ ਹੈ 'ਰੂ' ਪ੍ਰਕਾਸ਼ ਪਹਿਚਾਨ। ੬੩।
ਚੌਪਈ—ਅੰਧਕਾਰ ਵਤ ਦੇਹਿ ਅਨਿੱਤਾ। ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ... ।

੩. ਸ੍ਰੀ ਗੁ: ਨਾ: ਪ੍ਰ: ਉ: ਅਧ੍ਯਾਯ ੫੭ ਦੇ ਅੰਕ ੩੭ ਵਿਚ ਕਵਿ ਜੀ ਨੇ ਕਿਹਾ ਹੈ:—

'ਗੋ' ਤਮ ਨਾਮ ਅਗ੍ਯਾਨ ਮਹਾਨ ਕੋ ਪਾਇ ਬੰਧਾਨ ਸਦੀਵ ਬੁਰੂ।
ਦੇਹਿ ਅਨੇਕ ਧਰੇ ਜਨਮੇ ਮ੍ਰਿਤੁ ਸੰਕਟ ਹੋਤਿ ਬਿਸਾਲ ਸੁਰੂ ।
ਸੋ ਤਤਕਾਲ ਬਿਲੀਨ ਕਰੈ ਹੁਇ ਜਾਤਿ ਪ੍ਰਕਾਸ਼ ਕਹੈਂ ਇਸ 'ਰੂ'।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੇ ਮੁਖ ਵਾਹਿਗੁਰੂ ॥ ੩੭॥

੪. ਸ੍ਰੀ ਗੁਰ ਪ੍ਰਤਾਪ ਸੂਰਜ ਰਾਸ ੧. ਅੰਸੂ ੨੦ ਦੇ ਅੰਕ ੨੭ ਤੋਂ 'ਵਾਹ' ਦੀ ਵ੍ਯਾਖ੍ਯਾ ਕਰਦੇ ਅੰਕ ੩੩ ਵਿਚ ਕਹਿੰਦੇ ਹਨ:—

ਅਚਰਜ ਰੂਪ ਜੁ ਐਸੋ ਅਹੈ । ਤਿਸ ਕੋ ਨਾਮ 'ਵਾਹਿ' ਕਰਿ ਕਹੈਂ ॥
'ਗੋ' ਤਮ ਜੜ ਅਗ੍ਯਾਨ ਅਨਿੱਤ। ਕਰਿ ਪ੍ਰਕਾਸ਼ ਚੇਤਨ 'ਰੁ' ਨਿੱਤ॥ ੩੩ ॥

੫. ਗੁ: ਪ੍ਰ: ਸੂਰਜ ਰਾਸ ੭, ਅੰਸੂ ੩ ਵਿਚ ਲਿਖਿਆ ਹੈ:—

...'ਵਾਹਿ' ਅਰਥ ਬਿਸਮਯ ਪਦ ਗਾਵਾ। ਨੇਤਿ ਨੇਤਿ ਜਿਹ ਬੇਦ ਬਤਾਵਾ ॥ ੨੮।
...ਮਨ ਬੁਧਿ ਚਿੱਤ ਗਿਰਾ ਲਹਿ ਨਾਂਹੀ। ਅਨੁਭਵ ਲਖਿ, ਬੋਧਕ ਵਸ ਮਾਂਹੀ। ੩੧।
...'ਗੋ' ਇਤਿ ਅੰਧਕਾਰ ਸ਼ਿਵ ਭਾਖਾ। 'ਰੋ' ਚੈਤੰਨ੍ਯ ਵੇਦ ਮਤਿ ਸਾਖਾ ॥ ੩੩ ।

*ਪਾਠਾਂਤ੍ਰ—'ਤਨ' ਹੈ।

੬. ਗਰਬ ਗੰਜਨੀ ਟੀਕਾ ਸ੍ਰੀ ਜਪੁਜੀ ਸਾਹਿਬ ਪੰਨਾ ੬੫ ਪਰ ਕਵਿ ਜੀ ਨੇ ਕਿਹਾ ਹੈ:—

'ਗੁਰ' ਨਾਮ ਬ੍ਰਹਮ ਕੋ।
—ਗੋ—ਅਰਥ ਅੰਧੇਰੇ ਕੋ, ਲੱਛਨਾ ਸੋਂ ਜੜ੍ਹ ਕੋ।
—ਰੁ—ਨਾਮ ਪ੍ਰਕਾਸ਼ ਕੋ, ਲੱਛਨਾ ਸੋਂ ਚੇਤਨ ਕੋ।
ਜੋ ਜੜ੍ਹ ਅੰਤਹਕਰਨ ਤੇ ਆਦਿ ਤਿਨ ਕੋ ਚੇਤਨ ਕਰੇ, ਸੋ 'ਗੁਰੁ'।

ਇਨ੍ਹਾਂ ਛੇਆਂ ਪ੍ਰਮਾਣਾਂ ਨੂੰ, ਜੋ ਕਵਿ ਜੀ ਦੇ ਅਪਣੇ ਰਚਿਤ ਹਨ, ਵਿਚਾਰ ਕੀਤਿਆਂ ਜੋ ਭਾਵ ਅਸੀਂ ਉਪਰ ਦੇ ਆਏ ਹਾਂ ਕਵਿ ਜੀ ਦਾ ਆਸ਼ਯ ਉਸ ਵਿਚ ਖੁੱਲ੍ਹ ਗਿਆ ਹੈ। ਏਹ ਪ੍ਰਮਾਣ ਸਾਨੂੰ ਉਨ੍ਹਾਂ ਦੇ ਮਨਸ਼ਾ ਤਕ ਲੈ ਜਾਂਦੇ ਹਨ। 'ਵਾਹਿ' ਨਾਮ ਆਪ ਅਚਰਜ ਦਾ ਦੱਸਦੇ ਹਨ, ਪਰ ਇਸ ਅਸਚਰਜ ਨੂੰ ਉਹ ਨਿਰਾ 'ਅਚਰਜ ਦਾ ਭਾਵ ਮਾਤ੍ਰ' ਯਾ 'ਅਚਰਜ ਦਾ ਉਚਾਰਨ ਮਾਤ੍ਰ' ਕਹਿਕੇ ਬੱਸ ਨਹੀਂ ਕਰਦੇ; ਓਹ ਇਸ ਨੂੰ ਉਹ 'ਮੂਲ ਹਸਤੀ', 'ਅਸਲੀ ਵਜੂਦ' ਦੱਸਦੇ ਹਨ, ਜਿਸ ਤੋਂ ਸਾਰਾ ਜਗਤ ਪ੍ਰਗਟਦਾ ਹੈ। ਵਾਹ ਨਾਮ ਉਸ ਮੂਲ ਦਾ ਹੈ ਜੋ ਇਕ ਰਸ ਰਹਿੰਦਾ ਹੈ, ਤੇ ਇਸ ਤੋਂ ਪ੍ਰਗਟਦਾ ਹੈ ਜਗਤ*, ਜਿਸ ਨੂੰ ਵੇਦ 'ਨੇਤਿ ਨੇਤਿ' ਕਹਿੰਦਾ ਹੈ, ਮਨ ਬਾਣੀ ਦੀ ਜਿੱਥੇ ਗੰਮਤਾ ਨਹੀਂ, ਜੋ ਕੇਵਲ ਅਨੁਭਵ ਨਾਲ ਲਖਿਆ ਜਾ ਸਕਦਾ ਹੈ।

ਹੁਣ 'ਗੁਰੂ' ਪਦ ਦਾ ਅਰਥ ਬੀ ਓਹੋ ਕਰਦੇ ਹਨ। ਕਹਿੰਦੇ ਹਨ—'ਗੁਰੂ ਨਾਮ ਬ੍ਰਹਮ ਕੋ।' ਇਹ ਕਹਿਕੇ ਵ੍ਯਤਪਤੀ ਇਹ ਕਰਦੇ ਹਨ: 'ਗੋ' ਨਾਮ ਹੈ ਹਨੇਰੇ ਦਾ ਤੇ ਲੱਛਣਾ ਬ੍ਰਿਤੀ ਨਾਲ ਇਸਦਾ ਅਰਥ ਬਣੇਗਾ—'ਜੜ੍ਹ' (ਅਜਿੰਦ)।

ਤੇ 'ਰੋ' ਨਾਮ ਹੈ ਪ੍ਰਕਾਸ਼ ਦਾ, ਲੱਛਣਾ ਬ੍ਰਿਤੀ ਦੁਆਰਾ ਇਸਦਾ ਅਰਥ ਬਣੇਗਾ 'ਚੇਤਨ' (ਜਿੰਦ)। ਹੁਣ 'ਗੁਰੁ' ਦਾ ਅਰਥ ਹੋਯਾ:—ਜੋ ਅੰਤਹ ਕਰਨ ਤੋਂ ਲੈਕੇ ਸਰੀਰ ਤਕ ਸਾਰੀ ਜੜ੍ਹਤਾ ਨੂੰ ਚੇਤੰਨ ਕਰ ਦੇਵੇ ਸੋ 'ਗੁਰੂ'। ਮੁਰਾਦ ਹੈ—'ਪ੍ਰਕਾਸ਼ ਸਰੂਪ ਤੇ ਪ੍ਰਕਾਸ਼ਕ।' ਇਹ ਅਰਥ ਬੀ ਨਿਰਗੁਣ ਦਾ ਵਾਚਕ ਰਿਹਾ।

ਗਹੁ ਕਰਕੇ ਸਮਝ ਲੈਣ ਵਾਲੀ ਇਕ ਹੋਰ ਗਲ ਬੀ ਹੈ ਕਿ ਕਵਿ ਜੀ ਨੇ ਜਦ 'ਗੁਰੂ' ਪਦ ਦਾ ਅਰਥ ਪਰਮੇਸ਼ਰ ਨਹੀਂ ਪਰ 'ਸਤਿਗੁਰੂ' ਕੀਤਾ ਹੈ ਤਾਂ ਇਹੋ ਹੀ ਵ੍ਯਤਪਤੀ ਦੇਕੇ ਭਾਵ ਹੋਰਵੇਂ ਕੱਢਿਆ ਹੈ, ਗਰਬਗੰਜਨੀ ਪੰਨਾ ੧੪ ਦੇ ਅੰਤ ਵਿਚ ਆਪ ਲਿਖਦੇ ਹਨ:—'ਗੋ' ਨਾਮ ਅੰਧੇਰੇ ਕੋ ਤਿਸਤੇ ਅਗ੍ਯਾਨ ਕੋ ਅਰਥ, 'ਰੁ' ਨਾਮ ਪ੍ਰਕਾਸ਼ ਕੋ ਤਿਸਤੇ ਗਿਆਨ ਕੋ ਅਰਥ। ਅਗ੍ਯਾਨ ਕੇ ਨਸ਼ਟ ਕਰ ਜੋ ਗ੍ਯਾਨ ਦੇਇ ਸੋ 'ਗੁਰੂ'। ਮੁਰਾਦ ਹੈ ਸਤਿਗੁਰੂ ਤੋਂ ਜੋ ਅਪਣੇ ਉਪਦੇਸ਼ ਤੇ ਜੀਅਦਾਨ ਨਾਲ ਅਗ੍ਯਾਨ ਦੂਰ ਕਰਦੇ ਹਨ। ਪਰੰਤੂ ਉੱਪਰਲੇ ਛੇ ਪ੍ਰਮਾਣਾਂ ਵਿਚ ਵਾਹਿਗੁਰੂ ਪਦ ਦੀ ਵ੍ਯਤਪਤੀ ਵਿਚ ਕਵੀ

---

*ਇਹ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਹੀ ਕਵਿ ਜੀ ਨੇ ਅਨੁਭਵ ਕੀਤਾ ਜਾਪਦਾ ਹੈ, ਯਥਾ:—ਵਾਹੁ ਵਾਹੁ ਕਾ ਬਡਾ ਤਮਾਸਾ ॥ ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ ॥

[ਮਵ. ਮ: ੪ ਕੇ

ਜੀ ਜੜ ਨੂੰ ਚੇਤਨਤਾ ਦੇਣ ਵਾਲਾ ਤੇ ਅਗ੍ਯਾਨ ਨੂੰ ਗ੍ਯਾਨ ਨਾਲ ਦੂਰ ਕਰਨ ਵਾਲਾ ਇਹ ਪਦ ਪਰਮੇਸ਼ੁਰ ਦਾ ਵਾਚਕ ਦੱਸ ਰਹੇ ਹਨ।

ਹੁਣ ਸਪਸ਼ਟ ਹੋ ਗਿਆ ਕਿ ਕਵਿ ਜੀ ਨੇ ਜਦ ਇਹ ਅੰਕ ੬੨, ੬੩ ਕਹੇ ਹਨ, ਉਨ੍ਹਾਂ ਦੀ ਮੁਰਾਦ–ਵਾਹਿ–ਤੋਂ ਇਹ ਹੈ–(ੳ) ਅਚਰਜ ਰੂਪ, ਅਚਰਜ ਕਰ ਦੇਣ ਵਾਲੀ, ਸਦਾ ਇਕ ਰਸ, ਅਬਦਲ, ਅਕਸ਼ਰ, ਅਵਿਨਾਸ਼, ਤ੍ਰੈਕਾਲ ਅਬਾਧ ਰੂਪ, ਸੁਤੇ ਪ੍ਰਕਾਸ਼ ਤੇ ਪ੍ਰਕਾਸ਼ਕ ਸਤ੍ਯਤਾ (ਹਸਤੀ)* । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀ ਉਸ ਅਕਾਲ ਦਾ ਇਹੋ ਰੂਪ ਦਿੱਤਾ ਹੈ। ਜਾਪਦਾ ਹੈ, ਕਿ ਉਹੋ ਭਾਵ ਕਵਿ ਜੀ ਦੇ ਹ੍ਰਿਦੇ ਵਿਚ ਠਾਠਾਂ ਮਾਰ ਰਿਹਾ ਸੀ† ਜਦੋਂ ਕਿ ਆਪ ਨੇ ਇਹ ਛੰਦ ਰਚਿਆ ਹੈ। ਯਥਾ:–

ਨ ਸਿਖੰ ਨ ਚਕ੍ਰੰ ਨ ਗਦਾ ਨ ਸਿਆਮੰ॥ ਅਸ੍ਚਰਜ ਰੂਪੰ‡ ਰਹੰਤ ਜਨਮੰ॥
ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ ।

[ਸਲੋ: ਸਹਸ: ਮ: ੫, ਅੰਕ ੫੭

ਸੋ ਵਾਹਿਗੁਰੂ ਦੇ ਅਰਥ ਏਹ ਹੋਏ–ਅਸਚਰਜ ਸਰੂਪ (ਇਕ ਰਸ ਜ੍ਯੋਤਿ) ਪ੍ਰਕਾਸ਼ ਸਰੂਪ (ਤੇ ਪ੍ਰਕਾਸ਼ਕ)।

ਹੁਣ ਇਸ ਰੋਸ਼ਨੀ ਵਿਚ, ਜੋ ਸਾਨੂੰ ਕਵਿ ਜੀ ਦੇ ਆਪਣੇ ਉਪਰ ਕਥੇ ਉਚਾਰਨਾਂ ਤੋਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਦੀ ਹੈ, ਅੰਕ ੬੨ ਤੇ ੬੩ ਦਾ ਜੋ ਅਖਰਾਰਥ ਬਣਦਾ ਹੈ, ਲਿਖਣ ਦਾ ਯਤਨ ਕਰਦੇ ਹਾਂ:–

'ਵਾਹਿ' ਨਾਮੁ ਅਚਰਜ ਕੋ ਹੋਈ।	'ਵਾਹਿ' ਨਾਮ ਹੈ ਅਚਰਜ ਦਾ
ਅਚਰਜ ਤੇ ਪਰਿ ਉਕਤਿ§ ਨ ਕੋਈ।	ਅਚਰਜ ਤੇ ਪਰੇ ਕੋਈ ਬਾਣੀ ਨਹੀਂ ਹੈ।
'ਗੋ' ਤਮ ਨਾਮ ਅਗ੍ਯਾਨ ਅਨਿੱਤ।	'ਗੋ' ਨਾਮ ਹੈ ਅੰਧਕਾਰ ਦਾ, ਅਤੇ ਅਗ੍ਯਾਨ ਦਾ ਜੋ ਅਨਿੱਤ ਹੈ।
'ਰੋ' ਪਰਕਾਸ਼ ਕਿਯੋ ਜਿਨ ਚਿੱਤ।	'ਰੁ' (ਦਾ ਅਰਥ ਹੈ ਪ੍ਰਕਾਸ਼) ਜਿਸਨੇ (ਜੜ ਦੇਹ ਨੂੰ) ਚੇਤਨਤਾ ਨਾਲ (ਤੇ ਮਨ ਨੂੰ ਗ੍ਯਾਨ ਨਾਲ) ਪ੍ਰਕਾਸ਼ ਕੀਤਾ ਹੈ।

ਦੋਹਰਾ–ਪੁਨ ਸਰਗੁਨ ਕੇ ਨਾਮ ਤੇ ਅਧਿਕ ਜਾਨ ਮਨ ਮਾਂਹਿ।
ਜਿਹ ਸਿਮਰਤਿ ਕਲਿਕਾਲ ਕੋ¶ ਕਲਮਲ ਅਖਿਲ ਨਸਾਹਿਂ ॥ ੬੪ ॥

*ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧਅਧ੍ਯਾਯ ੫੭ਅੰਕ੩੬ਤੋਂ੪੪ਤਕ ਵਾਹਿਗੁਰੂ ਅਸ਼੍ਟਕ।

†'ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ' ॥ [ਸੂਹੀ ਮ: ੩

‡ਪੁਨਾ:–ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥ [ਸਿਰੀਰਾਗ ਮ: ੫

§ਅਚਰਜੁ ਕਿਛੁ ਕਹਣੁ ਨ ਜਾਈ। [ਰਾਮਕਲੀ ਮ: ੫

¶ਪਾਠਾਂਤ੍ਰ 'ਤੇ' ਬੀ ਹੈ।

[ਸਰਗੁਨ=ਸਗੁਣ—ਸਿਫਤਾਂ ਵਾਲਾ। ਜਿਸ ਵਿਚ ਭਲੇ ਗੁਣ ਹੋਣ। ਕਿਸੇ ਵਜੂਦ ਯਾ ਸਰੂਪ ਦੇ ਗੁਣਾਂ ਵਾਲਾ ਰੂਪ। ਦੇਖੋ ਇਸੇ ਅਧਯਾਯ ਦੇ ਅੰਕ ੫੭ ਦਾ ਭਾਵ।
ਕਲਿਕਾਲ=ਕਲਜੁਗ ਦੇ ਸਮੇਂ ਦੇ। ਕਲਮਲ=ਪਾਪ।
ਅਖਿਲ=ਸਾਰੇ।]

ਅਰਥ-ਫਿਰ ਸਰਗੁਣ ਦੇ ਨਾਂਵਾਂ ਤੋਂ ਬੀ (ਇਸ ਨਾਮ ਨੂੰ) ਮਨ ਵਿੱਚ ਵਧੀਕ (ਚੰਗਾ) ਜਾਣੋ, ਜਿਸਦੇ ਸਿਮਰਿਆਂ ਕਲਜੁਗ ਦੇ ਸਮੇਂ ਦੇ ਸਾਰੇ ਪਾਪ ਨੱਸ ਜਾਂਦੇ ਹਨ।

ਭਾਵ—ਸਾਰੇ ਸਰਗੁਣ ਨਾਵਾਂ ਤੋਂ ਬੀ ਵਾਹਿਗੁਰੂ ਨਾਮ ਸ੍ਰੇਸ਼ਟ ਹੈ। ਨਿਰਗੁਣ ਨਾਮ ਤਾਂ ਓਹ ਹਨ ਜੋ ਕੇਵਲ ਨਿਰਗੁਣ ਪਰਮਾਤਮਾਂ ਦੇ ਸਰੂਪ ਨੂੰ ਵਰਣਨ ਕਰਨ, ਸਰਗੁਣ ਨਾਮ ਓਹ ਹਨ ਜੋ ਉਸਦੀਆਂ ਕਰਨੀਆਂ, ਸਿਫਤਾਂ, ਬਿਰਦ ਆਦਿ ਗੁਣਾਂ ਤੋਂ ਉਸਨੂੰ ਵਰਣਨ ਕਰਨ। ਵਿਸ਼ੇਸ਼ ਵਿਚਾਰ ਅਗਲੇ ਛੰਦ ਦੇ ਭਾਵ ਵਿਚ ਆਵੇਗੀ।

ਚੌਪਈ—ਵੱਵਾ ਵਾਸੁਦੇਵ ਤੇ ਲੀਨੋ। ਹਰੀ ਬਿਸਨੁ ਤੇ ਹਾਹਾ ਚੀਨੋ।
ਗੱਗਾ ਗੋਬਿੰਦ ਤੇ ਲਿਯ ਜਾਨੋ। ਰਾਰਾ ਰਾਮਚੰਦ ਮਨ ਮਾਨੋ* ॥ ੬ ॥

[ਵਾਸੁਦੇਵ†=ਸਾਰੇ ਜਗਤ ਦਾ ਆਤਮਾ, ਪੂਰਨ ਬ੍ਰਹਮ। [ਸ੍ਰੀ ਗੁਰੂ ਗ੍ਰੰਥ ਜੀ ਦੱਸਦੇ ਹਨ—ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ=ਵਸੁਦੇਵ ਉਹ ਹੈ ਜੋ ਸਭ ਵਿਚ ਪਰੀ ਪੂਰਨ ਹੈ ਤੇ ਕਿਤੇ ਊਣਾ ਨਹੀਂ]। (ਅ) ਵਿਸ਼ਨੂ ਦਾ ਬੀ ਨਾਮ ਹੈ।
(ੲ) ਵਸੁਦੇਵ ਦਾ ਪੁੱਤ੍ਰ:—ਵਾਸਦੇਵ=ਕ੍ਰਿਸ਼ਨ।]

---

*ਸ੍ਰੀ ਗੁ: ਨਾ: ਪ੍ਰਕਾਸ਼ ਉਤ੍ਰਾਰਧ, ਅਧਯਾਯ ੪੩ ਅੰਕ ੫੯ ਵਿਚ ਫਿਰ ਇਹੋ ਖਯਾਲ ਐਉਂ ਦੁਹਰਾਇਆ ਹੈ:—

ਦੋਹਰਾ—ਵਾਸੁਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ।
ਗਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ। ੫੯।

ਇਸਦੇ ਨਾਲ ਪੜ੍ਹੋ ਵਾਹਿਗੁਰੂ ਸਤੋਤ੍ਰ। ਗੁ: ਪ੍ਰ: ਸੂ: ਰਾਸ ੭. ਅੰਸੂ ੩. ਦਾ ਅੰਤ।

†ਵਾਸੁ:—ਆਤਮਾ ਪੂਰਨ ਬ੍ਰਹਮ ਜੋ ਸਾਰੇ ਜਗਤ ਦਾ ਮਾਨੋਂ ਰੂਹ ਸਮਾਨ ਹੈ (ਵਸ੍=ਨਿਵਾਸੇ) ਧਾਤੂ ਹੈ।

ਗੀਤਾ ਵਿਚ ਬੀ ਲਿਖਿਆ ਹੈ:—'ਵਾਸਦੇਵ ਸਰਵਮਿਤੀ ਸ ਮਹਾਤਮਾ ਸਹ ਦੁਰਲਭ:'। ਅਰਥਾਤ ਸਾਰੇ ਹੀ ਜੋ ਦੇਵ ਵਸ ਰਿਹਾ ਹੈ ਉਸਦੇ ਜਾਣਨ ਵਾਲਾ ਮਹਾਤਮਾ ਹੈ, ਪਰ ਹੈ ਉਹ ਦੁਰਲੱਭ। ਇੱਥੇ ਬੀ ਵਾਸਦੇਵ ਦਾ ਅਰਥ ਵਯਾਪਕ ਵਾਹਿਗੁਰੂ ਆਇਆ।

ਹਰੀ ਬਿਸ਼ਨੁ=ਹਰਿ ਵਿਸ਼੍ਣੂ—ਹਰਿ=ਮਨਾਂ ਨੂੰ ਯਾ ਪਾਪਾਂ ਨੂੰ ਹਰਿ ਲੈਣ ਵਾਲਾ। 'ਹਰੀਰ ਹਰਤਿ ਪਾਪਾਨਿ'। [ਸਿਮ੍ਰਤੀ]
ਵਿਸ਼੍ਣੂ=ਜੋ ਸਾਰੇ ਵਜਾਪਕ ਹੋਵੇ, । (ਅ) ਤ੍ਰੈ ਮੁੱਖ ਦੇਵਤਿਆਂ ਵਿਚੋਂ ਇਕ ਜੋ ਪਾਲਣਾ ਕਰਦਾ ਹੈ।
} ਪਾਪਾਂ ਨੂੰ ਹਰਿ ਲੈਣ ਵਾਲਾ ਵਜਾਪਕ—ਪਰਮਾਤਮਾ

ਗੋਬਿੰਦ=ਜਿਸਦੀ ਅਰਾਧਨਾ ਤੋਂ ਵੈਕੁੰਠ ਪ੍ਰਾਪਤ ਹੋਵੇ, ਪਰਮੇਸ਼ਰ। [ਸੰਸ:, ਗੋ=ਵੈਕੁੰਠ, ਵਿੰਦ=ਪ੍ਰਾਪਤ]
(ਅ) ਗੋਵਿੰਦ ਨਾਮ ਵਿਸ਼ਨੂ ਦੇਵਤਾ ਤੇ ਕ੍ਰਿਸ਼ਨ ਅਵਤਾਰ ਦਾ ਬੀ ਹੈ।

ਰਾਮ ਚੰਦੁ=ਰਾਮ ਚੰਦ੍ਰ- ਰਾਮ=ਕ੍ਰੀੜਾ ਕਰਨ ਵਾਲਾ, ਜੋ ਘਟ ਘਟ ਵਿਚ ਕ੍ਰੀੜਾ ਕਰ ਰਿਹਾ ਹੈ।
(ਅ) ਉਹ ਸਤਿ ਚਿਤ ਆਨੰਦ ਜਿਸ ਵਿਚ ਯੋਗੀ ਕ੍ਰੀੜਾ ਕਰਦੇ ਹਨ।
ਚੰਦ੍ਰ=ਚਮਕਦਾਰ, ਸੁੰਦਰ। [ਧਾਤੂ, ਚਦਿ=ਚਮਕਣਾ]
} ਘਟ ਘਟ ਵਿਚ ਕ੍ਰੀੜਾ ਕਰਨ ਵਾਲਾ ਪ੍ਰਕਾਸ਼ ਸਰੂਪ —ਪ੍ਰਮਾਤਮਾ।

(ਅ) ਵਿਸ਼ਨੂ ਦਾ ਤ੍ਰੇਤੇ ਜੁਗ ਦਾ ਅਵਤਾਰ ਦਸ਼ਰਥ ਦਾ ਪੁੱਤ੍ਰ 'ਸ੍ਰੀ ਰਾਮ ਚੰਦ੍ਰ'।

ਅਰਥ—ਵਾਸਦੇਉ ਤੋਂ ਵੱਵਾ ਲੀਤਾ, ਹਰੀ ਵਿਸ਼ਨੁ ਤੋਂ ਹਾਹਾ ਪਛਾਣਿਆ*, ਗੋਵਿੰਦ ਤੋਂ ਗੱਗਾ ਲੀਤਾ ਜਾਣੋ, ਰਾਮਚੰਦ (ਤੋਂ) ਰਾਰਾ ਮਨ (ਵਿਚ) ਮੰਨੋ (ਕਿ ਲੀਤਾ)।

ਭਾਵ—ਨਿਰਗੁਣ ਦੀ ਵਿਚਾਰ ਅੰਕ ੬੨, ੬੩ ਦੇ ਭਾਵ ਤੇ ਸੂਚਨਾਂ ਵਿਚ ਦੱਸ ਆਏ ਹਾਂ, ਨਿਰਗੁਣ ਨੂੰ ਅਕਸਰ 'ਨਹੀਂ' ਕਹਿਕੇ ਜਣਾਉਂਦੇ ਹਨ, ਜੈਸੇ ਉਹ ਨਿਰਵਿਕਾਰ ਹੈ, ਉਹ ਜਨਮ ਜੋਨਿ ਵਿਚ ਨਹੀਂ।

ਇਹ 'ਵਾਹ' ਪਦ ਦਸਦਾ ਹੈ ਕਿ ਇਹ ਉਸ 'ਮੂਲ' ਦਾ ਨਾਮ ਹੈ ਜਿਸਤੋਂ ਸਭ ਕੁਛ ਪ੍ਰਗਟਦਾ ਹੈ, ਜੋ ਸਾਰੇ ਜਗਤ ਨੂੰ ਦਿਖਾਲਦਾ ਹੈ ਪਰ ਆਪ ਦਿਖਾਈ ਨਹੀਂ ਦਿੰਦਾ, ਓਹ ਆਪ ਦੇਖਦਾ ਹੈ ਪਰ ਉਸਨੂੰ ਕੋਈ ਨਹੀਂ ਦੇਖਦਾ। ਭਾਵ ਜੋ ਇਕਰਸ

*ਚੀਨਿਆ=ਚੁਣ ਲਿਆ, ਬੀ ਅਰਥ ਹੈ।

ਅਸਲੀ ਅਸਲਾ ਹੈ, ਤੇ ਜੋ ਅਸਚਰਜ ਰੂਪ ਹੈ ਆਪ। ਜੇ ਉਸਦੇ ਦਰਸ਼ਨ ਕਰ ਚੁਕੇ ਕਿਸੇ ਮਹਾਂਪੁਰਖ ਨੂੰ ਕਦੇ ਬੋਲਦਾ ਦੇਖੋ ਤਾਂ ਉਹ ਅਗੰਮ ਵਿਚ ਧਿਆਨ ਲਾਏ ਬੈਠਾ 'ਵਾਹਿ ਵਾਹਿ' ਦੇ ਭਾਵ ਵਿਚ ਹੈ। ਇਹ 'ਵਾਹਿ ਵਾਹਿ' ਨਿਰਗੁਣ ਨੂੰ ਜਣਾ ਰਿਹਾ ਹੈ, ਇਹ ਸੁਤੇ ਉਚਾਰ ਕਿਸੇ ਅਕਹਿ ਆਨੰਦ ਨੂੰ ਲਖਾ ਰਿਹਾ ਹੈ, ਜਿਸ ਦਾ ਪ੍ਰਭਾਵ ਉਸਦੇ ਅੰਤਹਕਰਣ ਤੇ ਉਸਨੂੰ ਕਿਸੇ ਰੰਗ ਵਿਚ ਸੁਆਦ ਮਗਨ ਕਰ ਰਿਹਾ ਹੈ। ਹੋਰਨਾਂ ਨਿਰਗੁਣ ਨਾਵਾਂ ਵਿਚ 'ਹੈ' ਤੇ 'ਨਹੀਂ' ਦੀ ਵਿਵੇਚਨਾ ਹੈ, ਵਾਹਿਗੁਰੂ ਨਾਮ ਵਿਚ ਰਸਮਗਨਤਾ, ਸੁਆਦ ਅਨੁਭਵ, ਆਨੰਦ ਪ੍ਰਤੀਤੀ ਦਾ ਉਮਾਹ ਪ੍ਰਗਟ ਹੋ ਰਿਹਾ ਹੈ, ਸੋ ਇਸਦਾ ਸਿਮਰਨ ਕਰਨ ਵਾਲਾ ਜਗਯਾਸੂ ਬੀ ਕਿਸੇ ਸੁਆਦ, ਰਸ, ਉਮਾਹ, ਆਨੰਦ ਦੇ ਖਿਆਲ ਵਿਚ ਉਠੇਗਾ, ਉਸਦੇ ਸਾਧਨ ਵਿਚ ਹੀ ਰਸ ਦੀ ਚਾਹਨਾ, ਰਸ ਵਲ ਹੰਬਲਾ, ਰਸ ਦਾ ਆਦਰਸ਼ ਹੋਵੇਗਾ; ਐਉਂ ਬੀ ਇਹ ਨਾਮ ਹੋਰ ਨਿਰਗੁਣ ਨਾਮਾਂ ਤੋਂ ਵੱਡਾ ਕਵਿ ਜੀ ਨੇ ਦੱਸਿਆ ਹੈ।

ਹੁਣ ਸਰਗੁਣ ਨਾਮ ਤੋਂ ਉਨ੍ਹਾਂ ਦਾ ਭਾਵ ਉਨ੍ਹਾਂ ਨਾਵਾਂ ਤੋਂ ਹੈ ਜੋ ਉਸਦੇ ਗੁਣਾਂ ਯਾ ਖਾਸ ਕੰਮਾਂ ਯਾ ਬਿਰਦਾਂ ਤੋਂ ਬਣੇ ਹਨ। ਉਨ੍ਹਾਂ ਵਿਚੋਂ ਸ੍ਰੇਸ਼ਟ ਵਾਹਿਗੁਰੂ ਨਾਮ ਇਉਂ ਹੈ ਕਿ ਇਹ ਸਭ ਤੋਂ ਉੱਚੇ ਵਸਫਾਂ ਤੋਂ ਬਣਿਆਂ ਆਪ ਸੰਭਾਵਨਾ ਕਰਦੇ ਹਨ। ਜੈਸੇ, 'ਵਾਸੁਦੇਵ'।—ਜੇ ਇਸ ਸੰਸਾਰ ਨੂੰ ਇਕ ਸਰੀਰ ਸਮਝੀਏ ਤੇ ਪਰਮਾਤਮਾ ਦੀ ਇਸ ਵਿਚ ਥਾਂ ਲੋੜੀਏ ਤਦ ਓਹ ਇਸ ਵਿਚ ਐਉਂ ਹੈ ਜੀਕੂੰ ਸਾਡੇ ਸਰੀਰ ਵਿਚ ਆਤਮਾ ਹੈ; ਸਾਰੇ ਦ੍ਰਿਸ਼ਟਮਾਨ ਪਸਾਰੇ ਦੀ ਰੂਹ, ਅਰਥਾਤ ਜੀਵਨ, ਉਹ ਆਤਮਾ ਹੈ; ਇਹ ਹੈ ਭਾਵ—ਵਾਸੁਦੇਵ—ਪਦ ਦਾ। ਅਰਾਧਨਾ ਕਰਨ ਵਾਲੇ ਲਈ ਉਸਦਾ ਉਸਦੇ ਅੰਦਰ ਤੇ ਬਾਹਰ ਸਾਰੇ ਵ੍ਯਾਪਕ ਹੋਣਾ ਉਹ ਗੁਣ ਹੈ ਜੋ ਅਰਾਧਨਾ ਲਈ ਉੱਦਮ ਤੇ ਧੀਰਜ ਦੇਂਦਾ ਹੈ ਕਿ ਚਾਹੇ ਦਿੱਸਦਾ ਨਹੀਂ ਪਰ ਹੈ ਮੇਰੇ ਅੰਦਰ ਵੱਸਦਾ। ਇਸ 'ਵਾਸੁਦੇਵ' ਪਦ ਤੋਂ ਆਪ ਦੱਸਦੇ ਹਨ 'ਵਵਾ' ਲੀਤਾ। ਇਸੇ ਤਰ੍ਹਾਂ 'ਹਰੀ' ਪਦ—ਹਰਿ ਲੈਣ ਵਾਲੇ—ਦਾ ਵਾਚਕ ਹੈ। ਜੀਵ ਦੇ ਪਾਪਾਂ ਨੂੰ ਪਰਮਾਤਮਾਂ ਦੂਰ ਕਰਦਾ ਹੈ, ਅਰ ਕ੍ਰਿਪਾਲੂ ਹੋਕੇ ਅਪਣੀ ਸੁੰਦਰਤਾ ਦਾ ਝਲਕਾ ਪਾ ਕੇ ਇਸਦੇ ਮਨ ਨੂੰ 'ਹਰਿ' (ਮੋਹਿਤ ਕਰ) ਲੈਂਦਾ ਹੈ, ਇਹ ਉਸਦਾ ਕ੍ਰਿਪਾਲੂ ਬਿਰਦ ਹੈ, ਹਰੀ ਨਾਮ ਇਸ ਬਿਰਦ ਤੋਂ ਪਿਆ ਹੈ। ਜੈਸਾ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ: "ਹਰਿ ਹਰਿ ਕਰਤਾ ਦੂਖ ਬਿਨਾਸਨੁ [ਆਸਾ ਮ: ੪]"। ਹਰੀ ਦੇ ਨਾਲ ਕਵਿ ਜੀ ਨੇ ਵਿਸ਼ਨੂ ਪਦ ਬੀ ਦਿੱਤਾ ਹੈ, ਇਹ ਇਸ ਲਈ ਹੈ ਕਿ ਮਨ ਨੂੰ ਤਾਂ ਸੁੰਦਰਤਾ ਵਾਲਾ ਕੋਈ ਪਦਾਰਥ ਹਰਿ ਸਕਦਾ ਹੈ ਅਰ ਪਾਪਾਂ ਦੀ ਮੈਲ ਸਾਧੂ ਸੰਤਾਂ ਦਾ ਸਤਿਸੰਗ ਬੀ ਦੂਰ ਕਰ ਸਕਦਾ ਹੈ, ਪਰ ਵ੍ਯਾਪਕ ਹੋਣਾ ਸ਼ਰਤ ਇਸ ਵਾਸਤੇ ਲਾਈ ਕਿ ਓਹ ਪਰਮੇਸ਼ੁਰ ਦਾ ਲਖਾਯਕ ਰਹੇ, ਹੋਰ ਪਰ ਨਾ ਘਟ ਸਕੇ। ਇਸ ਤਰ੍ਹਾਂ 'ਗੋਬਿੰਦ' ਪਦ ਲੀਤਾਂ ਹੈ। ਗੋਬਿੰਦ ਦੇ ਕਈ ਅਰਥ ਹਨ, ਜਿਸਦੀ ਮਿਹਰ ਨਾਲ ਬੈਕੁੰਠ ਪ੍ਰਾਪਤ ਹੋਵੇ ਸੋ 'ਗੋਬਿੰਦ' [ਗੋ=ਵੈਕੁੰਠ+ਵਿਦ੍, ਵਿੰਦ=

ਪ੍ਰਾਪਤ] ਮੁਰਾਦ ਹੈ, ਮੁਕਤੀ ਦਾਤਾ। (ਅ) [ਗੋ=ਪ੍ਰਿਥਵੀ, ਜਗਤ+ਵਿਦ=ਜੋ ਜਾਣੇ, ਜਿਸਨੂੰ ਸਾਰੇ ਜਗਤ ਦਾ ਗ੍ਯਾਨ ਹੋਵੇ*]। ਸੋ ਇਸਤੋਂ ਗੱਗੇ ਅਖਰ ਦੇ ਲਏ ਜਾਣ ਦੀ ਸੰਭਾਵਨਾ ਦੱਸਦੇ ਹਨ। ਇਹ ਬਿਰਦ ਜਗਜਾਸੂਆਂ ਨੂੰ ਤਾਰਨੇ ਲਈ ਹੈ। ਇਸੇ ਤਰ੍ਹਾਂ ਰਾਰੇ ਅੱਖਰ ਦਾ ਲਿਆ ਜਾਣਾ ਰਾਮਚੰਦ੍ਰ ਤੋਂ ਦੱਸਦੇ ਹਨ। 'ਰਾਮ' ਪਦ—'ਰਮ' =ਕ੍ਰੀੜਾਯਾਂ) ਧਾਤੂ ਤੋਂ ਬਣਦਾ ਹੈ। ਓਹ ਪਰਮਾਤਮਾ ਜੋ ਜਗਤ ਤੋਂ ਵੱਖਰਾ ਨਹੀਂ ਇਸ ਵਿਚ ਰੂਹ ਵਾਂਙੂ ਹੈ; ਸਮਸ਼ਟੀ ਦੀ ਰੂਹ (ਆਤਮਾ) ਮਾਤ੍ਰ ਹੀ ਨਹੀਂ, ਸਗੋਂ ਇਹ ਘਟ ਘਟ ਵਿਚ ਕ੍ਰੀੜਾ ਕਰ ਰਿਹਾ ਹੈ। ਅਥਵਾ ਉਹ ਸੱਚਿਦਾ ਨੰਦ ਸਰੂਪ ਕਿ ਜਿਸ ਵਿਚ ਯੋਗੀ ਜਨ ਕ੍ਰੀੜਾ ਕਰਦੇ ਹਨ। ਫਿਰ ਉਹ ਸੁੰਦਰਤਾ ਦਾ ਘਰ ਹੈ, ਭਾਵ—ਸਾਡੇ ਮਨਾਂ ਵਿਚ ਸਾਡੇ ਅੰਦਰ ਵ੍ਯਾਪਕ ਹੈ, ਕਿਸੇ ਨਿਰਜਿੰਦ ਯਾ ਸਮਾਧੀ ਦਸ਼ਾ ਵਿਚ ਨਹੀਂ ਪਰ ਕ੍ਰੀੜਾ ਕਰ ਰਿਹਾ ਹੈ, ਅਰ ਅਪਣੀ ਸੁੰਦਰਤਾ ਨਾਲ ਸਾਡੇ ਵਿਚ ਵਿਸਮਾਦ ਉਤਪਤ ਕਰਦਾ ਹੈ। ਇਹ ਉਸਦਾ ਹੋਰ ਉਪਕਾਰੀ ਗੁਣ ਦੱਸਿਆ। ਗੋਯਾ ਇਨ੍ਹਾਂ ਸਾਰਿਆਂ ਗੁਣਾਂ ਯਾ ਵਸਫਾਂ, ਬਿਰਦਾਂ ਤੇ ਸ਼ਕਤੀਆਂ ਦੇ ਭਾਵ ਵਾਲਾ ਇਹ ਨਾਮ ਹੈ, ਸੋ ਇਹ ਉਸਦੇ ਸਰਗੁਣ ਨਾਂਵਾਂ ਤੋਂ ਸ੍ਰੇਸ਼ਟ ਹੈ, ਕਿਉਂਕਿ ਇਸ ਵਿਚ ਉਸਦੇ ਸ਼ੁਭ ਗੁਣਾਂ ਦੇ ਡਾਢੇ ਉੱਚੇ ਪਹਿਲੂ ਆਏ ਹਨ। ਸਾਰੇ ਗੁਣਾਂ ਵਾਲੇ ਯਾ ਸਿਫਾਤੀ ਨਾਂਵਾਂ ਤੋਂ ਉੱਚਾ ਨਾਮ ਇਹ ਹੈ।

ਸਰਗੁਣ ਨਾਮ ਦਾ ਇਕ ਹੋਰ ਪਹਿਲੂ ਬੀ ਲਿਆ ਜਾ ਸਕਦਾ ਹੈ। ਉਹ ਹੈ ਪਰਮੇਸ਼ਰ ਦੇ ਅਵਤਾਰੀ ਹੋਏ ਅਵਤਾਰਾਂ ਦੇ ਨਾਮਾਂ ਤੋਂ ਪਹਿਲਾ ਪਹਿਲਾ ਅੱਖਰ ਲੈਣਾ। ਇਸ ਵਿਚ—ਵਾਸੁਦੇਵ—ਨਾਮ ਕ੍ਰਿਸ਼ਨ ਦਾ ਹੋ ਸਕਦਾ ਹੈ, ਹਰੀ ਵਿਸ਼ਨ ਤੋਂ ਮੁਰਾਦ ਹਰੇ ਕ੍ਰਿਸ਼ਨ ਦੀ ਲਈ ਜਾ ਸਕਦੀ ਹੈ, ਕਿਉਂਕਿ ਵਿਸ਼ਨੂ ਦਾ ਅਵਤਾਰ ਕ੍ਰਿਸ਼ਨ ਹੈ, ਅਤੇ ਜਾਪ ਹਰੀ ਵਿਸ਼ਨੂ ਨਹੀਂ, ਪਰ 'ਹਰੇ ਕ੍ਰਿਸ਼ਨ' ਪਦ ਜਪਿਆ ਜਾਂਦਾ ਹੈ। ਗੋਵਿੰਦ ਨਾਮ ਬੀ ਵਿਸ਼ਨੂ ਯਾ ਕ੍ਰਿਸ਼ਨ ਦਾ ਹੈ ਅਤੇ ਰਾਮਚੰਦ੍ਰ ਨਾਮ ਤ੍ਰੇਤੇ ਜੁਗ ਦੇ ਅਵਤਾਰ ਦਸਰਥ ਦੇ ਬੇਟੇ ਦਾ ਹੈ। ਸੋ ਏਹ ਸਾਰੇ ਪਦ ਕ੍ਰਿਸ਼ਨ ਤੇ ਰਾਮ ਦੇ ਵਾਚਕ ਹੋਏ, ਜੋ ਹਿੰਦੂ ਮਤ ਵਿਚ ਪਰਮਾਤਮਾ ਦੇ ਸਰਗੁਣ ਰੂਪ ਮੰਨੇ ਜਾਂਦੇ ਹਨ, ਇਸ ਕਰਕੇ ਇਹ ਕਹਿਣਾ ਕਿ ਸਰ-ਗੁਣਾਂ ਦੇ ਨਾਮਾਂ ਵਿਚੋਂ ਵਾਹਿਗੁਰੂ ਨਾਮ ਸ੍ਰੇਸ਼ਟ ਹੈ ਕਿ ਉਸ ਵਿਚ ਸਾਰੇ ਆ ਗਏ, ਠੀਕ ਨਹੀਂ। ਕਿਉਂਕਿ ਏਸ ਵਿਚ ਵਿਸ਼ੇਸ਼ਤਾ ਨਹੀਂ ਦੱਸੀ ਗਈ। ਇਸਤਰ੍ਹਾਂ ਤਾਂ ਪਦ ਵਾਹਿਗੁਰੂ ਲਖਾਯਕ ਰਿਹਾ ਉਨ੍ਹਾਂ ਅਵਤਾਰਾਂ ਦਾ ਜਿਨ੍ਹਾਂ ਦੇ ਸੂਚਕ ਵਾਸੁਦੇਵ, ਹਰੀ ਵਿਸ਼ਨ, ਗੋਵਿੰਦ ਤੇ ਰਾਮਚੰਦ੍ਰ ਸਨ। ਸੋ ਵਿਸ਼ੇਸ਼ਤਾ ਕੀਹ ਹੋਈ ? ਵਿਸ਼ੇਸਤਾ ਤਾਂ ਹੈ ਕਿ ਜੋ ਇਹ ਪਦ ਸਰਗੁਣ ਅਵਸਥਾ ਦੇ ਡਾਢੇ ਉਚੇ ਪਹਿਲੂ ਦਾ ਯਾ ਸਰਗੁਣਤਾ ਦੇ ਬੀ ਡਾਢੇ ਸੂਖਮ ਰੁਖ ਦਾ ਲਖਾਯਕ ਹੋਵੇ, ਸੋ ਅਸੀਂ ਉੱਤਰ ਦਰਸਾ ਆਏ ਹਾਂ।

ਬਾਕੀ ਰਹੀ ਇਨ੍ਹਾਂ ਚਹੁੰ ਅਵਤਾਰਾਂ ਪਰ ਵਿਚਾਰ। ਵਾਸੁਦੇਵ, ਹਰੀ, ਗੋਬਿੰਦ

*ਹੋਰ ਬੀ ਕਈ ਅਰਥ ਹਨ—ਜੋ ਇੰਦ੍ਰੀਆਂ ਨੂੰ ਸੱਤ੍ਯਾ ਦੇਵੇ, ਜੋ ਸੱਤ ਵਿਦ੍ਯਾ ਕਰਕੇ ਪਾਇਆ ਜਾ ਸਕੇ।

ਤ੍ਰੈਏ ਕ੍ਰਿਸ਼ਨ ਦੇ ਵਾਚਕ ਹਨ, (ਜੋ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ); ਏਹ ਪਦ ਅਡ ਅਡ ਅਵਤਾਰਾਂ ਦੇ ਵਾਚਕ ਨਹੀਂ ਹਨ। ਜੇ ਚਹੁੰ ਜੁਗਾਂ ਦੇ ਚਾਰ ਅਵਤਾਰਾਂ ਦੇ ਨਾਮ ਹੁੰਦੇ ਤਾਂ ਬੀ ਕੁਛ ਅਰਥ ਬਣ ਜਾਂਦਾ, ਕੇਵਲ ਤ੍ਰੇਤੇ ਤੇ ਦੁਆਪਰ ਦੇ ਅਵਤਾਰਾਂ ਦਾ ਨਾਮ ਆਯਾ ਹੈ। ਕਲਿਯੁਗ ਦੇ ਅਵਤਾਰ ਗੁਰ 'ਨਾਨਕ' ਦਾ ਨਨਾ ਨਹੀਂ ਆਯਾ ਤੇ ਸਤਿਯੁਗ ਦਾ ਅਵਤਾਰ—ਵਾਸਦੇਵ—ਨਹੀਂ ਸੀ, ਵਾਸੁਦੇਵ ਨਾਮ ਕ੍ਰਿਸ਼ਨ ਦਾ ਹੈ ਜੋ ਦੁਆਪਰ ਦਾ ਅਵਤਾਰ ਹੈ। ਜੇ ਵਾਸੁਦੇਵ ਦਾ ਅਰਥ ਵਿਸ਼ਨੂ ਲਈਏ ਤਾਂ ਵਿਸ਼ਨੂ ਨਾਮ ਦੇਹ ਰਹਿਤ ਦਾ ਹੈ, ਉਹ ਕਿਸੇ ਜੁਗ ਦਾ ਆਪ ਅਵਤਾਰ ਨਹੀਂ, ਹਾਂ ਸਾਰੇ ਅਵਤਾਰ ਉਸਦੇ ਮੰਨੇ ਹਨ। ਜੇ ਵਾਸੁਦੇਵ ਤੋਂ ਮੁਰਾਦ 'ਅਠ ਵਸੂ' ਦੀ ਹੈ ਤਦ 'ਅਠ ਵਸੂ' ਦੇਵਤਾ ਹਨ, ਓਹ ਅਵਤਾਰ ਅਰ ਪਰਮਾਤਮਾ ਦਾ ਇਨਹਾਂ ਅਰਥਾਂ ਵਿਚ ਸਰਗੁਣ ਸਰੂਪ ਨਹੀਂ ਹਨ। ਸੋ ਇਸ ਕ੍ਰਮ ਨੂੰ ਜੋ ਕਈ ਲੋਕੀਂ ਸਮਝੀ ਬੈਠੇ ਹਨ, ਕਵਿ ਜੀ ਨੇ ਆਪ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੭ ਅੰਸੂ ੩ ਅੰਕ ੩੭ ਤੇ ੩੮ ਵਿਚ ਤੋੜਕੇ ਦੱਸਿਆ ਹੈ। ਯਥਾ:—

ਵਾਸੁਦੇਵ ਸਤਿਜੁਗ ਮਹਿ ਨਾਮ ।	ਸਤਿਜੁਗ ਵਿਚ ਸ਼ਿਰੋਮਣੀ ਨਾਮ 'ਵਾਸਦੇਵ' ਸੀ,
ਹਰਿ ਹਰਿ ਤ੍ਰੇਤਾ ਫਲਦ ਅਕਾਮ ।	ਤ੍ਰੇਤਾ ਵਿਚ 'ਹਰਿ ਹਰਿ' ਨਾਮ ਨਿਸ਼ਕਾਮ ਫਲ ਦਾਤਾ ਸੀ।
ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ ।	ਦ੍ਵਾਪਰ ਵਿਚ 'ਗੋਬਿੰਦ' (ਨਾਮ) ਤੇਜ ਤੇ ਫਤਹ (ਦੇਣ ਵਾਲਾ ਸੀ)।
ਕਲਿ ਕੇਵਲ ਰਾਕਾਰ ਅਖੰਡ ।	ਕਲਿਜੁਗ ਵਿਚ ਕੇਵਲ ਰਾਕਾਰ (ਵਾਲਾ ਹੀ) ਅਵਛਿੰਨ (ਨਾਮ, ਭਾਵ ਰਾਮ) ਸੀ।
ਵੇਦ ਚਤੁਰ ਜੁਗ ਜਿਹ ਨਿਸਤਾਰੇ।	ਗਿਆਨ ਨੇ ਚਾਰ ਜੁਗ ਜਿਸ ਨਾਲ ਤਾਰੇ।
ਵਾਹਿਗੁਰੂ ਅਵਿਲੰਬ ਹਮਾਰੇ ।	(ਚੋਹਾਂ ਦਾ ਸੰਪੁਟ) ਵਾਹਿਗੁਰੂ (ਹੁਣ) ਸਾਡਾ ਆਸ਼੍ਰਾ ਹੈ।

ਕਵਿ ਜੀ ਇਸ ਵਿਚ ਦੱਸਦੇ ਹਨ ਕਿ ਸਤਿਜੁਗ ਵਿਚ ਨਾਮ 'ਵਾਸੁਦੇਵ' ਸੀ, ਇਹ ਨਹੀਂ ਦੱਸਦੇ ਕਿ ਸਤਿਜੁਗ ਦੇ ਅਵਤਾਰ ਦਾ ਇਹ ਨਾਮ ਸੀ। ਤ੍ਰੇਤੇ ਦਾ ਆਪ ਹਰਿ ਹਰਿ ਦੱਸਦੇ ਹਨ, ਤ੍ਰੇਤੇ ਦਾ ਅਵਤਾਰ 'ਰਾਮ' ਸੀ, ਪਰ ਜਾਪ ਆਪ 'ਹਰਿ ਹਰਿ' ਦੱਸਦੇ ਹਨ, 'ਹਰਿ' ਨਾਮ ਕ੍ਰਿਸ਼ਨ ਦਾ ਹੈ। ਦ੍ਵਾਪਰ ਦਾ ਜਾਪ ਗੋਬਿੰਦ ਦੱਸਦੇ ਹਨ, ਪਰ ਕ੍ਰਿਸ਼ਨ ਤੋਂ ਇਹ ਪਦ ਲੀਤਾ ਗਿਆ ਨਹੀਂ ਦੱਸਦੇ। ਕਲਿਜੁਗ ਵਿਚ 'ਰਕਾਰ' ਦਸਦੇ ਹਨ, ਰਕਾਰ ਨਾਲ ਅਰੰਭ ਹੋਣ ਵਾਲੇ ਨਾਮ ਵਾਲਾ ਕੋਈ ਅਵਤਾਰ ਕਲਜੁਗ ਵਿਚ ਨਹੀਂ ਹੋਇਆ, ਜੇ ਰਕਾਰ ਤੋਂ ਮੁਰਾਦ ਰਾਮ ਜੀ ਤੋਂ ਹੈ, ਤਾਂ ਓਹ ਤ੍ਰੇਤੇ ਵਿਚ ਹੋਏ ਹਨ। ਰਾਮ ਤੋਂ ਭਾਵ ਸਭ ਵਿਚ ਕ੍ਰੀੜਾ ਕਰਨੇ ਵਾਲਾ ਪਰਮੇਸੁਰ ਹੈ। ਸੋ ਕਵਿ ਜੀ ਦਾ ਆਸ਼ਾ 'ਚਹੁੰ ਜੁਗਾਂ ਦੇ ਚਹੁੰ ਅਵਤਾਰਾਂ ਦੇ ਨਾਮ ਤੋਂ ਪਹਿਲੇ ਅੱਖਰ ਲੈਣ ਦਾ ਨਹੀਂ' ਸਾਫ

ਹੋ ਗਿਆ। ਚਹੁੰ ਜੁਗਾਂ ਦੇ ਜਪੇ ਜਾਣ ਵਾਲੇ ਨਾਵਾਂ ਦੇ ਪਹਿਲੇ ਅੱਖਰ ਤੋਂ ਭਾਵ ਰਹਿ ਗਿਆ ਤੇ ਇਨ੍ਹਾਂ ਨਾਵਾਂ ਦੀ ਅਰਥ ਵਿਚਾਰ ਸਾਨੂੰ ਏਥੇ ਹੀ ਲੈ ਗਈ ਕਿ ਵਾਸਦੇਵ, ਹਰਿ ਹਰਿ, ਗੋਬਿੰਦ, ਰਾਮ ਪਰਮੇਸ਼ਰ ਦੇ ਸਿਫਾਤੀ ਨਾਮ ਹਨ।

ਅੱਗੇ ਚੱਲਕੇ (ਅੰਕ ੬੬ ਵਿਚ) ਕਵਿ ਜੀ ਕਹਿੰਦੇ ਹਨ ਕਿ 'ਉਰਧਾਰੇ ਜਿਸ ਹੋਤਿ ਬਿਬੇਕੁ' ਜਿਸ ਵਾਹਿਗੁਰੂ ਨਾਮ ਦੇ ਹਿਰਦੇ ਵਿਚ ਧਾਰਨ ਕਰਨੇ ਨਾਲ ਵਿਵੇਕ (ਗਯਾਨ) ਹੋ ਜਾਂਦਾ ਹੈ। ਜੇ ਕਦੇ 'ਵਾਹਿਗੁਰੂ' ਨਾਮ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦਾ ਹੈ ਤਾਂ ਇਸ ਦੇ ਉਰ ਧਾਰਣੇ ਨਾਲ ਉਨ੍ਹਾਂ ਅਵਤਾਰਾਂ ਦੇ ਸਰੂਪ ਦਾ ਸਾਖਯਾਤਕਾਰ ਇਸ ਦਾ ਫਲ ਹੋਣਾ ਚਾਹੀਦਾ ਹੈ; ਪਰ ਕਵਿ ਜੀ ਫਲ 'ਵਿਵੇਕ' ਦੱਸਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਵਾਹਿਗੁਰੂ ਪਦ ਅਕਾਲ ਪੁਰਖ ਦੇ ਸਰੂਪ ਦਾ ਲਖਾਯਕ ਹੈ—ਉਸ ਸਰੂਪ ਦਾ ਲਖਾਯਕ ਕਿ ਜੋ ਉਸਦੇ ਗੁਣਾਂ, ਵਸਫਾਂ, ਬਿਰਦ ਯਾ ਕਰਮਾਂ ਵਾਲਾ ਸਮਝਿਆ ਗਿਆ ਹੋਵੇ, ਜਿਸ ਦੇ ਨਾਮਾਂ ਨੂੰ ਦਸਮ ਗੁਰੂ ਜੀ ਨੇ ਕਰਮ ਨਾਮ* ਕਰਕੇ ਕਿਹਾ ਹੈ, ਉਸ ਨਾਮ ਦਾ ਆਰਾਧਨ, ਵਿਵੇਚਨ ਤੇ ਹਿਰਦੇ ਵਿਚ ਧਾਰਨ, ਅਪਣੇ ਫਲ ਵਿਚ 'ਵਿਵੇਕ' ਦੀ ਉਤਪਤੀ ਕਰੇਗਾ, ਜਿਸਦੇ ਅਰਥਾਂ ਵਿਚ ਵਾਹਿਗੁਰੂ ਦੇ ਗੁਣਾਂ, ਵਸਫਾਂ, ਤਾਕਤਾਂ, ਕਰਨੀਆਂ, ਬਿਰਦਾਂ ਵਿਚੋਂ ਸਾਰੇ ਯਾ ਕੁਛ ਦਾ ਅਰਥ ਰਖਿਆ ਗਿਆ ਹੋਵੇ। ਤਾਂਤੇ ਨਿਰਗੁਣ ਨਾਮ ਤੋਂ ਮੁਰਾਦ ਉਸ ਨਾਮ ਦੀ ਹੈ ਜੋ 'ਸਰੂਪ ਦਾ ਲਖਾਯਕ' ਕਿਸੇ ਨਾਂ ਕਿਸੇ ਸ਼ਕਲ ਵਿਚ ਹੋਵੇ ਤੇ ਸਰਗੁਣ ਨਾਮ ਤੋਂ ਉਨ੍ਹਾਂ ਦੀ ਏਥੇ ਮੁਰਾਦ ਉਸ ਨਾਮ ਦੀ ਹੈ ਜੋ 'ਬਿਰਦ, ਗੁਣ, ਕਰਮ, ਆਦਿ ਵਸਫਾਂ (ਸਿਫਤਾਂ)' ਦੁਆਰਾ ਉਸ ਦਾ ਲਖਾਯਕ ਹੋਵੇ, ਜਿਸਦੇ ਵਿਚਾਰ ਕਰਨੇ ਤੇ ਉਸਦਾ ਗਯਾਨ ਪ੍ਰਾਪਤ ਹੋਵੇ।

ਵੇਦਾਂ ਸ਼ਾਸਤ੍ਰਾਂ ਵਿਚ ਕਥੇ ਅਵਤਾਰਾਂ ਦਾ ਲਖਾਯਕ ਵਾਹਿਗੁਰੂ ਪਦ ਨਹੀਂ ਹੈ, ਇਸ ਪਰ ਭਾਈ ਗੁਰਦਾਸ ਜੀ ਦਾ ਵਾਕ ਹੈ:—ਵੇਦ ਕਤੇਬ ਅਗੋਚਰਾ

*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ॥ [ਜਾਪਜੀ ਪਾ: ੧੦

ਕਵਿ ਜੀ ਦਾ ਜੋ ਮਨੋਰਥ 'ਵਾਹਿਗੁਰੂ' ਪਦ ਤੋਂ ਹੈ, ਉਹ ਆਪ ਨੇ ਸਤਵੀਂ ਰਾਸ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਤੀਸਰੇ ਅੰਸੂ ਵਿੱਚ ਐਉਂ ਦਸਿਆ ਹੈ:—

ਵਿੱਦਯਾ ਮੂਲ ਜੋਗ ਅਵਸਾਨੀ। ਜਾਹਿ ਸਮਾਵਤਿ ਮੁਨਿਵਰ ਗਯਾਨੀ।
ਸ਼ੂੰਨਵਾਦ ਸ਼ੂੰਨਹਿ ਜਿਹ ਗਾਵਹਿ। ਬ੍ਰਹਮਵਾਦ ਜਿਹ ਬ੍ਰਹਮ ਬਤਾਵਹਿ। ੩੪।
ਕਾਲ ਮਤੀ ਜਿਹ ਕਾਲ ਪ੍ਰਮਾਨਾ। ਨਾਨਾ ਮਤਿ ਠਾਨਜੇ ਮਤਿ ਨਾਨਾ।
ਸਗੁਣ ਜਾਂਹਿ ਨਾਰਾਯਣ ਕਹਿ ਹੀਂ। ਕਰਮ ਬ੍ਰਿੰਦ ਕਰਿ ਜਾਂ ਪਦ ਲਹਿ ਹੀਂ। ੩੫।
ਲੱਖ ਰੂਪ ਵਾਚਾਰਥ ਜਾਸ ਕਹਿੰ। ਅਵਰ ਨ ਪਾਵਨ ਰਹਤਿ ਜਾਸ ਲਹਿ।
ਤੱਤ੍ਵਮਸੀ ਵੇਦਾਰਥ ਪ੍ਰਮਾਨਤਿ। ਵਾਹਿਗੁਰੂ ਸੋ ਸ਼੍ਰੀ ਗੁਰੁ ਠਾਨਤਿ। ੩੬।

[ਭਾ: ਗੁ: ਵਾ: ੧੨-੧੭.

ਵਾਹਿਗੁਰੂ*ਗੁਰ ਸਬਦ ਸੁਣਾਇਆ।

ਚਹੁੰ ਅਵਤਾਰਾਂ ਦੇ ਨਾਵਾਂ ਤੋਂ ਚਾਰ ਅੱਖਰ ਲੈਕੇ—ਵਾਹਿਗੁਰੂ- ਪਦ ਦੀ ਰਚਨਾ ਲਈ ਮੁਕਾਬਲਾ ਕਰੋ, ਵਾਰਾਂ ਭਾਈ ਗੁਰਦਾਸ, ਵਾਰ ੧ ਪੌੜੀ ੪੯। ਇਸ ਵਿਸ਼ੇ ਤੇ ਵਧੇਰੇ ਵੀਚਾਰ ਪੜ੍ਹਨੀਹੋਵੇਤਾਂਟੀਕਾ ਵਾਰਾਂਭਾਈ ਗੁਰਦਾਸ ਕ੍ਰਿਤ ਸਚਖੰਡਵਾਸੀ ਗਯਾਨੀ ਹਜ਼ਾਰਾ ਸਿੰਘ ਜੀ ਦੇਖੋ।

ਚਤੁਰ ਬਰਨ ਕੋ ਏਕ ਬਨਾਯਾ। ਫਲ ਦਾਇਕ ਇਹ ਅਧਿਕ ਸੁਹਾਯਾ।
ਚਤੁਰ ਨਾਮ ਸਿਮਰਨ ਕਿਯ ਏਕੂ। ਉਰਧਾਰੇ ਜਿਸ ਹੋਤਿ ਬਿਬੇਕੂ।੬੬।

{ ਚਤੁਰ=ਚਾਰ। ਚਤੁਰ ਪਦ ਦਾ ਅਰਥ ਪ੍ਰਬੀਨ ਸਿਆਣਾ ਬੀ ਹੈ, ਇਸਦਾ ਅਰਥ ਦ੍ਰਿਸ਼ਟੀ ਗੋਚਰ ਬੀ ਹੈ। }

ਅਰਥ—ਚਹੁੰ ਅੱਖਰਾਂ ਨੂੰ ਇਕ (ਕਰਕੇ ਜੋ ਵਾਹਿਗੁਰੂ ਨਾਮ) ਬਨਾਯਾ ਹੈ, ਇਹ ਵਧੇਰੇ ਫਲਦਾਯਕ (ਹੋਕੇ) ਫਬਿਆ ਹੈ, (ਇਸ) ਇੱਕ ਨਾਮ ਦੇ ਸਿਮਰ੍ਣ ਕਰਨ (ਨਾਲ) ਚੌਹਾਂ (ਨਾਮਾਂ ਦਾ ਮਾਨੋ ਸਿਮਰ੍ਣ ਹੁੰਦਾ ਹੈ ਅਤੇ) ਜਿਸ ਨੂੰ ਮਨ ਵਿਚ ਧਾਰਣ (ਨਾਲ) ਵਿਵੇਕ (ਯਾ ਗਯਾਨ) ਹੁੰਦਾ ਹੈ।

ਭਾਵ—ਚਹੁੰ ਅਖਰਾਂ 'ਵ' 'ਹ' 'ਗ' 'ਰ' ਤੋਂ ਵਾਹਿਗੁਰੂ ਨਾਮ ਬਨਾਯਾ ਹੈ, ਇਹ ਵਧੇਰੇ ਫਲਦਾਇਕ ਹੋ ਢੁਕਿਆ ਹੈ, ਐਉਂ ਕਿ ਚਾਰ ਨਾਮ, ਜਿਨ੍ਹਾਂ ਦਾ ਪਹਿਲਾ ਪਹਿਲਾ ਅੱਖਰ ਜੁੜਕੇ ਇਹ ਬਣਿਆ ਹੈ, ਉਨ੍ਹਾਂ ਚਹੁੰਆਂ ਨਾਵਾਂ ਦਾ ਸਿਮਰ੍ਣ ਇਸ ਇੱਕ ਨਾਮ ਵਿੱਚ ਹੈ, ਤੇ ਜਦ ਇਸ ਦਾ ਸਿਮਰ੍ਣ ਕੀਤਾ ਜਾਏਗਾ, ਅਰ ਹਿਰਦੇ ਵਿਚ ਟਿਕੇਗਾ ਤਦ ਬੁੱਧੀ ਪਰਮੇਸ਼ਰ ਦੇ ਉਨ੍ਹਾਂ ਗੁਣਾਂ ਦਾ ਚਿੰਤਨ ਕਰੇਗੀ ਜੋ ਪਿੱਛੇ ਅਸੀਂ 'ਵਾਸੁਦੇਵ' 'ਹਰੀ ਵਿਸ਼ਨ' 'ਗੋਬਿੰਦ' ਤੇ 'ਰਾਮ' ਦੇ ਅਰਥਾਂ ਵਿਚ ਦੱਸ ਆਏ ਹਾਂ। ਇਸ ਗੁਣ ਚਿੰਤਨ ਦਾ ਫਲ ਚਿੱਤ ਦੀ ਏਕਾਗ੍ਰਤਾ ਤੇ ਗਯਾਨ ਹੋਵੇਗਾ, ਉਹ ਉੱਚ ਬੁੱਧੀ ਉਦਿਤ ਹੋਵੇਗੀ ਜੋ ਆਤਮ ਵਿਸ਼ੇਣੀ ਹੋ ਜਾਏਗੀ, ਜੋ ਸਰਬ ਅਨਾਤਮ ਤੋਂ ਆਤਮਾ ਨੂੰ ਪਰਖ ਲਏਗੀ।

ਸੋਰਠਾ—ਸ੍ਰੀ ਸਰਗੁਨ ਜੋ ਨਾਮ, ਤਿਨ ਤੇ ਇਉਂ ਜਾਨਣੋ ਅਧਿਕ।
ਔਰ ਅਰਥ ਮਤਿਧਾਮ, ਕਰਿਹੈਂ ਸੁਖਦ†ਅਨੰਤ ਗਤਿ ॥੬੭॥

{ ਸਰਗੁਨ ਨਾਮ=ਓਹ ਨਾਮ ਜੋ ਪਰਮੇਸ਼ੁਰ ਦੇ ਗੁਣਾਂ ਯਾ ਬਿਰਦ ਯਾਂ ਕਰਨੀਆਂ ਕਰਕੇ ਬਣੇ ਹਨ। ਸਿਫ਼ਾਤੀ ਨਾਮ। ਦੇਖੋ ਪਿੱਛੇ ਆ ਚੁਕੇ ਛੰਦ ੫੫, ੫੭, ੬੨, ੬੩। ਅਧਿਕ=ਵੱਧ।
ਮਤਿ ਧਾਮ=ਮਤਿ=ਬੁਧੀ। ਧਾਮ=ਘਰ। } ਬੁੱਧੀ ਦਾ ਘਰ, ਬੁੱਧੀਵਾਨ। }

*ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣ ਦੱਸਦਾ ਹੈ—'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।' [ਗੁ: ਵਾ: ਸਲੋਕ ਮ: ੩

†ਪਾਠਾਂਤ੍ਰ—ਕਰਿ ਹੈਂ ਸੁਖਦ- ਦੀ ਥਾਂ—ਕਰਤਿ ਬਿਚਾਰ—ਬੀ ਹੈ।

ਸੁਖਦ=ਸੁਖ ਦੇਣ ਵਾਲੇ, ਸੁਖਦਾਈ। ਅਨੰਤ=ਅਨੇਕ।
ਗਤਿ=ਭਾਂਤ, ਤਰ੍ਹਾਂ।

ਅਰਥ—ਐਸ ਤਰ੍ਹਾਂ (ਮੈਂ) ਜੋ ਸ੍ਰੀ (ਪਰਮੇਸ਼ੁਰ ਦੇ) ਸਰਗੁਨ ਨਾਮ (ਹਨ) ਉਨ੍ਹਾਂ ਤੋਂ (ਵਾਹਿਗੁਰੂ ਨਾਮ ਨੂੰ) ਵੱਧ ਜਾਣਿਆਂ ਹੈ, (ਪਰ) ਬੁੱਧੀਮਾਨ (ਲੋਕ ਇਸਦੇ) ਹੋਰ ਕਈ ਤਰ੍ਹਾਂ ਦੇ ਸੁਖਦਾਈ ਅਰਥ (ਬੀ) ਕਰਦੇ ਹਨ।

ਭਾਵ—ਕਵਿ ਜੀ ਨੇ ਅਪਣੀ ਵੱਲੋਂ ਸੰਖੇਪ ਅਰਥ ਦੇਕੇ ਦੱਸ ਦਿੱਤੇ ਹਨ, ਹੋਰ ਅਰਥ ਬਹੁਤ ਬੁੱਧੀਮਾਨ ਓਸ ਸਮੇਂ ਬੀ ਕਰਦੇ ਹੋਣਗੇ। ਮਗਰੋਂ ਨਰੋਤਮ ਪੰਡਤ ਤਾਰਾ ਸਿੰਘ ਜੀ ਨੇ ਕਈ ਅਰਥ ਸਿੱਧ ਕੀਤੇ ਹਨ। ਪੰਡਤ ਈਸ਼ਰ ਸਿੰਘ ਜੀ ਨੇ ੫੦੦ ਅਰਥਾਂ ਦੀ ਇਕ ਪੋਥੀ ਲਿਖੀ ਸੁਣੀ ਸੀ। ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਬੀ ਕੁਛ ਅਰਥ ਨਿਰਣੇ ਕੀਤੇ ਹਨ।

ਦੋਹਰਾ—**ਬੀਜਮੰਤ੍ਰ ਬਰ ਨਾਮ ਹੈ ਰਿੱਧਿਨਿ ਸਿੱਧਿਨਿ ਧਾਮ।**
ਮੋਖ ਪਰਮ ਸੁਖ ਦੇਤਿ ਹੈ ਸਿਮਰਹੁ ਆਠਹੁ ਜਾਮ॥ ੬੮॥

ਬੀਜਮੰਤ੍ਰ=ਕਿਸੇ ਮੰਤ੍ਰ ਦਾ ਮੂਲ ਅਥਵਾ ਜ਼ਰੂਰੀ ਹਿੱਸਾ, ਜੋ ਕਦੇ ਕੋਈ ਪਦ ਹੁੰਦਾ ਹੈ, ਕਦੇ ਅੱਖਰ ਮਾਤ੍ਰ, ਜੋ ਅਕਸਰ ਗੁਹਜ ਭਾਵੀ (ਗੁੱਝੇ ਭਾਵ ਵਾਲਾ) ਹੁੰਦਾ ਹੈ। ਐਸਾ ਮੰਤ੍ਰ 'ਕਿਸੇ ਦੇਵਤਾ ਤੋਂ ਕਿਸੇ ਪ੍ਰਕਾਰ ਦੀ ਸਿੱਧੀ ਪ੍ਰਾਪਤੀ ਲਈ' ਜਪਿਆ ਜਾਂਦਾ ਹੈ। ਪਰਮੇਸ਼ੁਰ ਦੇ ਭਗਤ ਭਗਤੀ ਲਈ ਨਾਮ ਜਪਦੇ ਅਪਣੇ ਐਸੇ ਨਾਮ ਨੂੰ ਬੀਜਮੰਤ੍ਰ ਕਹਿੰਦੇ ਹਨ।
(ਅ) ਕੋਈ ਸੰਕੇਤ ਕੀਤਾ ਅੱਖਰ, ਪਦ ਯਾ ਸ਼ਬਦ ਜਿਸ ਵਿਚ ਕਈ ਅਰਥ ਆਪੇ ਰੱਖੇ ਜਾਣ—ਜੋ ਅਰਥ ਕਿ ਦੱਸੇ ਬਿਨਾਂ ਦੂਸਰੇ ਨੂੰ ਨਾ ਆ ਸੱਕਣ—ਅਰ ਜੋ ਜਪਣੇ ਲਈ ਹੋਵੇ।
(ੲ) ਕਿਸੇ ਮੰਤ੍ਰ ਯਾ ਜਪੇ ਜਾਣ ਵਾਲੇ ਵਾਕਜ ਦਾ ਆਦਿ ਤੇ ਮੂਲ ਅੱਖਰ ਯਾ ਪਦ ( ) ਜਿਸਤੋਂ ਕਿ ਮੰਤ੍ਰ ਆਰੰਭ ਹੋਵੇ।
(ਸ) ਗੁਰਮਤ ਵਿਚ '੧ ਓ' ਨੂੰ ਬੀਜ ਮੰਤ੍ਰ ਆਖਦੇ ਹਨ, 'ਵਾਹਿਗੁਰੂ' ਸਬਦ ਗੁਰਮੰਤ੍ਰ ਕਹੀਦਾ ਹੈ*। ਜਪੁਜੀ ਦਾ ਪਹਿਲਾ ਆਰੰਭਕ ਸਲੋਕ ਮੂਲਮੰਤ੍ਰ ਯਾ ਮਹਾਂਮੰਤ੍ਰ† ਹੈ। ਕਵਿ ਜੀ ਨੇ ਇਥੇ 'ਵਾਹਿਗੁਰੂ' ਮੰਤ੍ਰ ਵਿਚ ਬੀਜ ਮੰਤ੍ਰ ਰੂਪਤਾ ਦਿਖਾਈ ਹੈ, ਚਹੁਵਾਂ ਅੱਖਰਾਂ ਦੇ ਅਰਥ ਦਿਖਾਕੇ।

*ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈਂ ਖੋਈ। [ਵਾ: ਭਾ: ਗੁ: ੧੩-੨
†ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥ [ਸਾਰ ਮ: ੫
ਪੁਨਾ:—ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੋ। [ਭਾ: ਗੁ: ਵਾਰ-੬-੧੯

ਅਰਥ—(ਇਹ) ਨਾਮ (ਵਾਹਿਗੁਰੂ, ਬੀਜਮੰਤ੍ਰਾਂ ਵਿਚੋਂ ਬੀ) ਸ੍ਰੇਸ਼ਟ ਬੀਜਮੰਤ੍ਰ ਹੈ (ਕਿਉਂਕਿ ਇਹ ਨਾਲੇ ਤਾਂ) ਰਿੱਧੀਆਂ ਸਿੱਧੀਆਂ ਦਾ ਦਾਤਾ ਹੈ (ਨਾਲੇ) ਮੁਕਤੀ (ਰੂਪੀ) ਪਰਮ ਸੁਖ ਦੇਂਦਾ ਹੈ (ਤਾਂਤੇ ਇਸਨੂੰ) ਅੱਠੇ ਪਹਿਰ ਸਿਮਰੋ।

ਭਾਵ—ਕਵਿ ਜੀ ਏਥੇ ਵਾਹਿਗੁਰੂ ਨਾਮ ਨੂੰ ਬੀਜਮੰਤ੍ਰਾਂ ਤੋਂ ਸ੍ਰੇਸ਼ਟ ਬੀਜਮੰਤ੍ਰ ਦੱਸਦੇ ਹਨ। ਪਿਛੇ ਆਪ ਚਾਰ ਅੱਖਰਾਂ ਦਾ ਅੱਡ ਅੱਡ ਅਰਥ ਸੰਕੇਤ ਕਰ ਆਏ ਹਨ, ਏਸ ਕਰਕੇ ਇਸਨੂੰ ਬੀਜਮੰਤ੍ਰ ਬੀ ਆਖਦੇ ਹਨ, ਤੇ ਹੋਰ ਬੀਜਮੰਤ੍ਰਾਂ ਤੋਂ ਸ੍ਰੇਸ਼ਟ ਦੱਸਦੇ ਹਨ। ਹੋਰ ਬੀਜਮੰਤ੍ਰਾਂ ਤੋਂ ਮੁਰਾਦ ਦੂਸਰੇ ਮਤ ਮਤਾਂਤ੍ਰਾਂ, ਸਿੱਧੀਆਂ ਸ਼ਾਸਤ੍ਰਾਂ ਦੇ ਬੀਜਮੰਤ੍ਰਾਂ ਤੋਂ ਹੈ। ਸ੍ਰੇਸ਼ਟਤਾਈ ਇਸ ਗਲ ਵਿਚ ਹੈ ਕਿ ਹੋਰ ਬੀਜਮੰਤ੍ਰ ਨਿਰੇ ਸਿੱਧੀ ਦਾਤਾ ਮੰਨੇ ਜਾਂਦੇ ਹਨ, ਏਹ ਨਾਲੇ ਮੋਖ ਦਾਤਾ ਹੈ ਨਾਲੇ ਸਿੱਧੀ ਦਾਤਾ ਕਵਿ ਜੀ ਨੇ ਦੱਸਿਆ ਹੈ। ਓਹ ਬੀਜਮੰਤ੍ਰ ਦੇਵਤਿਆਂ ਨਮਿੱਤ ਹੁੰਦੇ ਹਨ ਤੇ ਦੇਵਤੇ ਵਰ ਸ੍ਰਾਪ ਦੇ ਸਕਦੇ ਹਨ, ਮੁਕਤੀ ਨਹੀਂ ਦੇ ਸਕਦੇ। ਤੇ ਇਹ ਵਾਹਿਗੁਰੂ ਪਦ ਦੇ ਸਾਰੇ ਅਰਥ ਅਕਾਲ ਪੁਰਖ ਦੇ ਸਰੂਪ ਦੇ ਗੁਣਾਂ ਦੇ ਅਰਥਾਂ ਨੂੰ ਲਈ ਬੈਠੇ ਹਨ, ਇਸਦੇ ਆਰਾਧਨ ਨਾਲ ਚਿੱਤ ਪਰਮੇਸ਼ੁਰ ਵਿਚ ਲੀਨ ਹੁੰਦਾ ਹੈ, ਇਸੇ ਦੇ ਸਿਰੇ ਚੜ੍ਹਨ ਨਾਲ ਅਕਾਲ ਪੁਰਖ ਜੀ ਪ੍ਰਸੰਨ ਹੁੰਦੇ ਹਨ। ਅਕਾਲ ਪੁਰਖ ਪਾਸ ਸਿੱਧੀ ਤੇ ਮੋਖ ਦੋਵੇਂ ਵਸਤ੍ਹਾਂ ਹਨ, ਓਹ ਧਰਮ, ਅਰਥ, ਕਾਮ, ਮੋਖ, ਸਭ ਪਦਾਰਥਾਂ ਦੇ ਮਾਲਕ ਹਨ, ਇਸ ਕਰਕੇ ਉਹਨਾਂ ਦੀ ਪ੍ਰਸੰਨਤਾ ਲੈਣੀ ਮਾਨੋਂ ਰਿਧੀਆਂ, ਸਿਧੀਆਂ, ਸਾਰੇ ਸੁਖਾਂ ਦੀ ਤੇ ਨਾਲ ਹੀ ਮੁਕਤੀ ਦੀ ਪ੍ਰਾਪਤੀ ਲੈਣੀ ਹੈ। ਇਹ ਬੀਜਮੰਤ੍ਰ ਦੇਵਤਾ ਸਿੱਧੀ ਲਈ ਨਹੀਂ ਜੋ ਛੋਟੇ ਹਨ ਤੇ ਕੀਤੇ ਹੋਏ ਹਨ, ਪਰ ਇਹ ਬੀਜਮੰਤ੍ਰ ਕਰਤਾਰ ਦੀ ਪ੍ਰਾਪਤੀ ਕਰਾਉਂਦਾ ਹੈ, ਤੇ ਫੇਰ ਮੁਕਤੀ ਤੇ ਸਿੱਧੀ ਦਾ ਦਾਤਾ ਹੈ, ਇਸ ਲਈ ਸਭਨਾਂ ਤੋਂ ਸ੍ਰੇਸ਼ਟ ਹੈ।

ਇਸ ਦੋਹੇ ਵਿਚ ਕਵਿ ਜੀ ਦਾ ਇਹ ਭਾਵ ਸਾਫ ਪ੍ਰਤੀਤ ਹੋਂਦਾ ਹੈ ਕਿ—ਵਾਹਿਗੁਰੂ ਪਦ ਐਸਾ ਮੰਤ੍ਰ ਯਾ ਨਾਮ ਹੈ ਜਿਸ ਨੂੰ 'ਬੀਜ—ਮੰਤ੍ਰਾਤਮਿਕ' ਕਹਿਣਾ ਚਾਹੀਏ, ਕਿਉਂਕਿ ਕਵਿ ਜੀ ਅੰਕ ੬੫ ਵਿਚ ਦੱਸ ਆਏ ਹਨ ਕਿ ਇਸ ਦੇ ਚਾਰੋਂ ਅੱਖਰ ਚਾਰ ਸਿਫਾਤੀ ਨਾਮਾਂ—ਵਾਸਦੇਵ, ਹਰਿ ਵਿਖਣ, ਗੋਬਿੰਦ, ਰਾਮ, ਦੇ ਆਦਿ ਅੱਖਰਾਂ ਤੋਂ ਬਣੇ ਹਨ, ਤੇ ਅਰਥ ਸੰਕੇਤ ਹੋ ਚੁੱਕੇ ਹਨ ਇਸ ਕਰਕੇ ਇਹ ਸਾਰਾ ਹੀ ਬੀਜਮੰਤ੍ਰ ਰੂਪ ਹੈ। ਇਹ ਹੋਰਨਾਂ ਨਾਮਾਂ ਯਾ ਮੰਤ੍ਰਾਂ ਵਾਂਙੂ ਨਹੀਂ ਕਿ ਜਿਸਦਾ ਪਹਿਲਾ ਅੱਖਰ ਤਾਂ ਬੀਜਮੰਤ੍ਰ ਹੋਵੇ ਤੇ ਬਾਕੀ ਦੇ ਅੱਖਰ ਬੀਜਮੰਤ੍ਰ ਨਾ ਹੋਣ। ਗੁਰ ਪ੍ਰਤਾਪ ਸੂਰਜ ਦੀ ਰਾਸ ਸੱਤਵੀਂ ਦੇ ਅੰਸੂ ਛਿਨ ਅੰਕ ੪੧ ਵਿਚ ਕਵਿ ਜੀ ਇਹੋ ਭਾਵ ਅਪਣਾ ਆਪ ਸਪਸ਼ਟ ਕਰਦੇ ਹਨ। ਯਥਾ:—

ਚਤੁਰ ਵੀਜ ਚਹੁੰ ਜੁਗ ਕੇ ਕਾਢੇ। ਵੀਜ ਪ੍ਰਤਾਪ ਜੁਗਨ ਬਲ ਬਾਢੇ।
ਚਾਰ ਪਦਾਰਥ ਵੀਜ ਮਹੀ ਪੁਨ। ਪ੍ਰਣਵ ਆਦਿ ਪ੍ਰਗਟੇ ਹੈਂ ਧਰ ਧਨ ॥ ੪੧ ॥

ਚਵ੍ਹਾਂ ਅੱਖਰਾਂ ਦੀ ਵ੍ਯਾਖ੍ਯਾ ਲਈ ਦੇਖੋ ਪਿੱਛੇ, ਅੰਕ ੬੫ ਸਾਰਾ।

ਚੌਪਈ–ਅੱਖਰ ਮਧੁਰ ਮਨੋਹਰ ਚਾਰ। ਚਾਰ ਬੇਦ ਕੇ ਜਾਨਹੁ ਸਾਰ।
ਚਾਰ ਬਰਨ ਕੋ ਹਰਨ ਬਿਕਾਰ। ਚਾਰ ਜੁ ਆਸ਼੍ਰਮ ਸੁਖਦ ਅਚਾਰ॥੬੯॥

ਮਧੁਰ=ਮਿੱਠੇ, ਕੋਮਲ। ਤ. ਢ. ਭ. ਆਦਿ ਅੱਖਰ ਉਚਾਰਨ ਵਿਚ ਕਰੜੇ ਹਨ, ਪਰ ਵ. ਹ. ਗ. ਰ. ਚਾਰੇ ਉਚਾਰਣ ਵਿਚ ਕੋਮਲ ਹਨ। (ਅ) ਸਿਮਰਣ ਕਰਦਿਆਂ ਜੋ ਰਸ ਅਵਸਥਾ ਹੁੰਦੀ ਹੈ ਉਸ ਵਲ ਬੀ ਇਸ਼ਾਰਾ ਹੈ।

ਮਨੋਹਰ=ਮਨ ਨੂੰ ਹਰ ਲੈਣ ਵਾਲੇ। ਜਦੋਂ ਨਾਮ ਮਨ ਵਿਚ ਨਿਵਾਸ ਕਰਦਾ ਹੈ ਤਦ ਮਨ ਦਾ ਰੁਖ਼ ਸਾਈਂ ਵਲ ਹੋ ਜਾਂਦਾ ਹੈ, ਇਹ ਰੁਖ਼ ਲਿਵ ਬਣਦੀ ਜਾਂਦੀ ਹੈ, ਕਦੇ ਮਨ ਉਸ ਇਕਾਗ੍ਰਤਾ ਵਿਚ ਮਾਨੋਂ ਗੁੰਮ ਹੋ ਜਾਂਦਾ ਹੈ, ਉਸ ਵੱਲ ਇਸ਼ਾਰਾ ਹੈ 'ਮਨੋਹਰ' ਪਦ ਤੋਂ।

ਚਾਰ=ਚਾਰ। ਮੁਰਾਦ ਹੈ ਇਹ ਚਾਰ ਅੱਖਰ।
(ਅ) ਅਥਵਾ ਚਾਰੁ=ਸੁੰਦਰ, ਮਨ ਨੂੰ ਭਾ ਜਾਣ ਵਾਲੇ। ਨਿਤ ਸਿਮਰਣ ਕਰਨ ਵਾਲੇ ਦੇ ਮਨ ਨੂੰ ਨਾਮ ਐਸਾ ਭਾ ਜਾਂਦਾ ਹੈ ਕਿ ਉਸ ਤੋਂ ਫਿਰ ਵਿੱਛੁੜ ਨਹੀਂ ਸਕਦੇ।

ਚਾਰ ਬੇਦ=ਚਤੁਰ ਵੇਦ–ਪਰਮੇਸ਼ੁਰ, ਈਸ਼੍ਵਰ*।
(ਅ) ਚਾਰੋਂ ਵਿਦਜਾ ੧. ਵੇਦ–ਅਰਥਾਤ ਤਿੰਨੇ (ਹੁਣ ਚਾਰੇ) ਵੇਦ। ੨. ਆਨ੍ਵੀਕਿਸ਼ਕੀ, ਨਜਾਯ ਤੇ ਫਿਲਸਫਾ ਆਦਿ। ੩. ਡੰਡ ਨੀਤੀ=ਰਾਜਨੀਤੀ ਆਦਿ। ੪. ਵਾਰਤਾ=ਵਰਤਾਰੇ ਦੀਆਂ ਵਿਦਜਾਂ ਜਿਹਾ ਕੁ ਚਕਿਤਸਾ, ਵਪਾਰ, ਖੇਤੀ, ਸ਼ਿਲਪ ਆਦਿ।
(ੲ) ਚਾਰ ਬੇਦ=ਰਿਗ, ਯਜੁਰ, ਸ਼ਾਮ, ਅਥਰਬਣ। ਚੋਹਾਂ ਵਿਚ ਗੀਤ ਤੇ ਸਤਰਾਂ ਹਨ ਸਤੁਤੀ ਦੀਆਂ ਯਾ ਯੱਗ ਆਦਿ ਲਈ। ਮੁਰਾਦਾਂ ਅਕਸਰ ਦੋ ਹਨ, ੧. ਅਰਥ ਸਿੱਧੀ ਜੋ ਬਹੁਤੀ ਹੈ, ੨. ਕਿਤੇ ਕਿਤੇ ਮਹਿਮਾਂ ਤੇ ਪਾਪਾਂ ਤੋਂ ਛੁਟਕਾਰੇ ਦੀ ਮੰਗ, ਮੋਖ ਆਦਿ ਹਨ। ਪਰੰਤੂ ਉਸ ਸਮੇਂ ਦੇ ਵਿਦ੍ਵਾਨ 'ਵੇਦ' ਪਦ ਅਕਸਰ ਉਪਨਿਖਧਾਂ ਲਈ ਤੇ ਕਈ ਵੇਰ ਸਾਰੇ ਹੀ ਸ਼ਾਸਤ੍ਰਾਂ ਲਈ ਸਮੁੱਚਾ ਵਰਤ ਲੈਂਦੇ ਸਨ।

*ਦੇਖੋ ਹਿੰਦੀ ਵ੍ਰਿਹਤ ਸ਼ਬਦ ਸਾਗਰ ਪੰਨਾ ੯੩੬ ਕਾਲਮ ੨, चतुर्वेद परमेश्वर।

ਸਾਰ*=ਸਿੱਧ ਯੁਕਤੀ, ਜਿਸ ਨੂੰ ਕੋਈ ਖੰਡਨ ਨਾ ਕਰ ਸਕੇ।
(ਅ) ਸਭ ਤੋਂ ਉੱਤਮ ਤੇ ਚੋਣਵਾਂ ਹਿੱਸਾ, ਉੱਤਮ ਤੇ ਸ੍ਰੇਸ਼ਟ।
(ੲ) ਅੰਮ੍ਰਿਤ।
(ਸ) ਸਿੱਧਾਂਤ, ਸਿੱਟੇ ਦੀ ਗਲ।
ਚਾਰ ਵਰਨ=ਚਾਰ ਰੰਗ, ਭਾਵ ਚਾਰ ਮੁੱਖ ਜਾਤੀਆਂ:–
ਕਸ਼ੱਤ੍ਰੀ, ਬ੍ਰਹਮਣ, ਵੈਸ਼, ਸੂਦ੍ਰ।
ਹਰਨ=ਦੂਰ ਕਰਨ ਵਾਲੇ। ਬਿਕਾਰ=ਮਾੜੇ ਕੰਮ, ਪਾਪ, ਐਬ।
ਚਾਰ ਆਸ਼੍ਰਮ=ਜ਼ਿੰਦਗੀ ਦੇ ਚਾਰ ਵਰਤਾਰੇ। ਬ੍ਰਹਮਚਰਯ, ਗ੍ਰਿਹਸਤ, ਬਾਣ ਪ੍ਰਸਤ, ਸੰਨਯਾਸ। ਸੁਖਦ=ਸੁਖਦਾਈ।
ਅਚਾਰ=ਆਚਰਣ–ਵਰਤਾਉ, ਕਿਸੇ ਧਾਰਨਾਂ ਨੂੰ ਧਾਰਨ ਕਰਨਾ। ਭਾਵ ਸਿਮਰਣ ਤੋਂ ਹੈ। (ਅ) ਆਚਾਰ:=ਕੰਮ, ਚਲਨ, ਤ੍ਰੀਕਾ, ਮਰਯਾਦਾ, ਕਿਸੇ ਆਸ਼੍ਰਮ ਯਾ ਧਰਮ ਦਾ ਸੰਕੇਤਕ ਤ੍ਰੀਕਾ। ਖਾਸ ਤਰ੍ਹਾਂ ਜ਼ਿੰਦਗੀ ਬਸਰ ਕਰਨ ਦਾ ਤ੍ਰੀਕਾ। ਫਰਜ਼। ਧਰਮ।

ਅਰਥ–(ਏਹ) ਚਾਰੋਂ ਅੱਖਰ ਮਿੱਠੇ (ਤੇ) ਮਨੋਹਰ ਹਨ, ਪਰਮੇਸ਼ੁਰ ਦੇ (ਲਖਾਉਣ ਲਈ) ਸਿੱਧ ਯੁਕਤੀ ਜਾਣ ਲਓ।

ਚਹੁੰ ਹੀ ਵਰਨਾਂ ਦੇ ਪਾਪ ਹਰਨ ਨੂੰ (ਸਮਰੱਥ ਹਨ), ਚੌਹਾਂ ਹੀ ਆਸ਼੍ਰਮਾਂ (ਲਈ ਇਸ ਦਾ) ਆਚਰਨ (=ਧਾਰਨ ਕਰਨਾ) ਸੁਖ ਦੇਣ ਵਾਲਾ ਹੈ।

ਭਾਵ–ਚਾਰ ਅਖਰ – ਵ. ਹ. ਗ. ਰ. ਦਾ ਉਚਾਰਣ ਕੋਮਲ ਹੈ, ਇਸ ਕਰਕੇ ਇਨ੍ਹਾਂ ਨੂੰ ਮਧੁਰ ਕਿਹਾ ਹੈ, ਮਿੱਠੀ ਸ਼ੈ ਮਨ ਨੂੰ ਸੁਤੇ ਪਿਆਰੀ ਲਗਦੀ ਹੈ ਇਸ ਕਰਕੇ ਮਨੋਹਰ ਕਿਹਾ ਹੈ। ਫਿਰ ਚਾਰ ਅੱਖਰਾਂ ਦੀ ਮਹਿਮਾ ਨਿਰੀ ਅੱਖਰਾਂ ਦੀ ਹੈਸੀਅਤ ਵਿਚ ਹੀ ਨਹੀਂ, ਸਗੋਂ ਉਨ੍ਹਾਂ ਤੋਂ ਬਣੇ ਨਾਮ–ਵਾਹਿਗੁਰੂ–ਦੇ ਸਿਮਰਣ ਦੀ ਤਾਸੀਰ ਨੂੰ ਬੀ ਕੀਰਤੀ ਦੇ ਰੂਪ ਵਿਚ ਵਰਣਨ ਕਰ ਰਹੇ ਹਨ। ਜੋ ਸਿਮਰਣ ਕਿ ਸ਼ੁਰੂ ਵਿਚ ਅਲੂਣੀ ਸਿਲ ਪਰ ਅੰਤ ਨੂੰ ਉਹ 'ਅਮਿਓ ਰਸ ਇਖੀ' ਤੋਂ ਬੀ ਮਿੱਠਾ ਤੇ ਮਨ ਨੂੰ ਪਿਆਰ ਵਿਚ ਗੀਨ੍ਹ ਦੇਣ ਵਾਲਾ ਹੈ। ਤਾਸੀਰ ਵਾਹਿਗੁਰੂ ਸਿਮਰਣ ਦੀ ਮਨ ਨੂੰ ਇਕਾਗਰ ਲਿਵ ਵਾਲਾ ਤੇ ਰਸੀਆ ਬਣਾ ਦੇਣ ਵਾਲੀ ਵਰਣਨ ਕੀਤੀ ਹੈ। ਹੁਣ ਵਿਚਾਰ ਪਖ ਦੀ ਤਾਸੀਰ ਦੱਸਦੇ ਹਨ:–ਕਿ ਵਾਹਿਗੁਰੂ ਦੇ ਲਖਾਉਣ ਲਈ ਇਹ ਅਖੰਡਨ

---

*ਸਾਰ ਪਦ ਦੇ ਹੋਰ ਅਰਥ ਇਹ ਬੀ ਹਨ:–ਉੱਤਮ, ਵਧੀਆ, ਸਿੱਧ ਯੁਕਤੀ, ਰਸ, ਤਾਕਤ, ਸੱਤਯਾ, ਤੱਤ, ਕਿਸੇ ਵਸਤੂ ਦਾ ਸਤ, ਅੰਮ੍ਰਿਤ, ਸਿੱਧਾਂਤ, ਸਿੱਟੇ ਦੀ ਗਲ, ਮਿੱਝ, ਹਵਾ, ਬੀਮਾਰੀ, ਪਾਕ, ਕਰੜਾਈ, ਮਜ਼ਬੂਤੀ, ਦਹੀਂ, ਮਲਾਈ, ਮੱਖਣ, ਬਹਾਦਰੀ, ਦੌਲਤ, ਸ਼ਤ੍ਰੰਜ ਦਾ ਮੋਹਰਾ, ਕੀਮਤ, ਸੰਖੇਪ ਭਾਵ, ਸੱਜੀ, ਪਾਣੀ, ਯੋਗਤਾ, ਲੋਹਾ, ਜੰਗਲ, ਅਸਲੀ, ਦੂਰਬਾ ਘਾਸ, ਸਾਰਿਕਾ ਬ੍ਰਿਛ, ਇਕ ਪੰਛੀ ਸਾਰਿਕਾ।

ਯੁਕਤੀਆਂ ਹਨ। ਯੁਕਤੀਆਂ ਖੰਡਨ ਮੰਡਨ ਹੁੰਦੀਆਂ ਹਨ ਪਰ ਜਿਸ ਦੇ ਹਿਰਦੇ ਵਿਚ ਰਸ ਲਿਵ,ਇਕਾਗ੍ਰਤਾ ਆਕੇ ਅਕਾਲ ਪੁਰਖ ਦੀ ਅਨੁਭਵਤਾ ਯਾ ਸਾਖਯਾਤਕਾਰ ਹੋ ਜਾਂਦਾ ਹੈ, ਫੇਰ ਕਿਸੇ ਯੁਕਤੀ ਦੀ ਲੋੜ ਬਾਕੀ ਨਹੀਂ ਰਹਿੰਦੀ; ਇਹ ਪ੍ਰਤੱਖ ਅਨੁਭਵ ਵਿਚ ਆ ਜਾਣਾ ਉਹ ਯੁਕਤੀ ਹੈ ਜਿਸ ਦਾ ਖੰਡਨ ਨਹੀਂ ਹੈ।

ਇਸ ਤੁਕ ਦੇ ਹੋਰ ਅਰਥ ਭੀ ਹੋ ਸਕਦੇ ਹਨ। ਵੇਦ ਨਾਮ ਵਿਦਯਾ ਦਾ ਬੀ ਹੈ, ਵਿਦਯਾ ੪ ਹਨ, ਇਕ ਹੋਰ ਹਿਸਾਬ ਨਾਲ ਵਿਦਯਾ ੧੪ ਬੀ ਹਨ! ਚਾਰ* ਵਿਦਯਾ ਦਾ ਵੇਰਵਾ ਅਸੀਂ ਪਿੱਛੇ 'ਚਾਰ ਬੇਦ' ਦੇ ਪਦਾਰਥਾਂ ਵਿਚ ਦੱਸ ਆਏ ਹਾਂ। ਇਨ੍ਹਾਂ ਚਹੁੰਆਂ ਵਿਦਯਾ ਵਿਚੋਂ 'ਵਾਹਿਗੁਰੂ' ਪਦ ਉਤਮ ਤੇ ਸ੍ਰੇਸ਼ਟ ਬ੍ਰਹਮ-ਵਿਦਯਾ ਦਾ ਹੈ; ਕਿਉਂਕਿ ਇਹ ਅੱਖਰ ਆਤਮ ਤੱਤ ਵਸਤੂ ਦੇ ਲਖਾਯਕ ਹਨ, ਇਹ ਆਤਮ ਵਿੱਦਯਾ ਦਾ ਸਰੂਪ ਹਨ। ਜੋ ਅਰਥ ਚਹੁੰਆਂ ਅਖਰਾਂ ਦੇ ਕਵਿ ਜੀ ਨੇ ਕੀਤੇ ਹਨ ਉਨ੍ਹਾਂ ਦੀ ਵਿਚਾਰ ਆਤਮ ਵਿੱਦਯਾ ਦੀ ਦਾਤੀ ਹੈ। ਇਥੇ ਕਵਿ ਜੀ ਦਾ ਸਿੱਧਾਂਤ ਵਾਹਿਗੁਰੂ ਨੂੰ ਚਹੁੰ ਵਿਦਯਾ ਤੋਂ ਸ੍ਰੇਸ਼ਟ ਪੰਜਵੀਂ ਵਿੱਦਯਾ -ਆਤਮਾ ਨੂੰ ਪ੍ਰਾਪਤ ਹੋ ਜਾਣ ਦੀ ਅਮਲੀ ਵਿੱਦਯਾ- ਆਖਣ ਤੋਂ ਹੈ। ਜਿਸਦੇ ਅਭ੍ਯਾਸ ਨਾਲ ਆਤਮਾ ਨੂੰ ਜਾਣਨਾ ਮਾਤ੍ਰ ਨਹੀਂ ਪਰ ਪ੍ਰਾਪਤੀ ਹੱਥ ਆਉਂਦੀ ਹੈ।

ਜੇ ਇਸ ਤੁਕ ਦਾ ਇਹ ਅਰਥ ਕੀਤਾ ਜਾਵੇ ਕਿ 'ਚਾਰਾਂ ਵੇਦਾਂ ਦਾ ਸਿੱਧਾਂਤ ਇਹ ਚਾਰ ਅੱਖਰ ਹਨ' ਤਾਂ ਇਸ ਯੁਕਤੀ ਨਾਲ ਸਾਰਥਕ ਹੋ ਜਾਂਦਾ ਹੈ-'ਸਗਲ ਮਤਾਂਤ ਕੇਵਲ ਹਰਿ ਨਾਮ।' [ਪਉੜੀ ਸੁਖਮਨੀ ਮ: ੫] । ਸਾਰੇ ਮਤਾਂ ਦਾ ਅੰਤਲਾ ਸਿਧਾਂਤ- ਪਰਮੇਸ਼ੁਰ ਦਾ ਨਾਮ ਹੈ। ਸੋ ਵੇਦ ਬੀ ਇਕ ਮਤ ਨੂੰ ਪ੍ਰਤਿਪਾਦਨ ਕਰਦੇ ਹਨ-ਸਗਲ- ਪਦ ਦੇ ਓਹ ਅੰਤ੍ਰਭੂਤ ਹਨ, ਇਸ ਕਰਕੇ ਉਨ੍ਹਾਂ ਦਾ ਸਿੱਧਾਂਤ ਬੀ ਨਾਮ ਹੀ ਹੈ। ਕਵਿ ਜੀ ਨੇ ਇਹ ਖਯਾਲ ਕਈ ਵੇਰ ਦੁਹਰਾਯਾ ਹੈ ਤੇ ਵੇਦ ਦਾ ਸਾਰ ਆਖਿਆ ਹੈ; ਉਥੇ ਇਹ ਆਸ਼ਾ ਜਾਪਦਾ ਹੈ ਕਿ ਜੋ ਕੁਛ ਵੇਦਾਂ ਵਿਚ-ਸਾਰ-ਗਲ ਹੈ, ਸੋ ਇਹੋ ਹੈ: ਕਵਿ ਜੀ ਆਪ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੭ ਅੰਸੂ ੪ ਵਿਖੇ ਗੁਰਬਾਣੀ ਨੂੰ ਸ਼ਾਸਤ੍ਰ ਵੇਦ ਤੋਂ ਚਾਰ ਗੁਣਾ ਵਧੇਰਾ ਫਲਦਾਯਕ ਦੱਸਦੇ ਹਨ। ਯਥਾ:-

ਦੋਹਰਾ-ਸ਼ਾਸਤ੍ਰ ਵੇਦ ਕੇ ਅਰਥ ਫਲ ਜਦਪਿ ਵਿਚਾਰੇ ਧਾਰਿ।
ਸ੍ਰੀ ਗੁਰ ਗ੍ਰੰਥ ਵਿਲੋਕ ਤੇ ਦੇਵੈਗੋ ਫਲ ਚਾਰ।੧੦।

ਗੁਰਬਾਣੀ ਨੂੰ ਸਾਰ (ਤੱਤ) ਇਉਂ ਕਹਿੰਦੇ ਹਨ ਕਿ ਇਸ ਵਿਚ ਨਿਰਾ ਤੱਤ੍ਵ ਹੈ, ਬਹੁਤ ਅਸਾਰ ਵਿਚ ਲੁਕਾਕੇ ਥੋੜਾ ਸਾਰ ਰਖਿਆ ਹੋਇਆ ਨਹੀਂ, ਪਰ ਇਹ ਸਾਰਾ ਹੀ ਸਾਰ ਹੈ। ਅਪਣੇ ਸਾਰ ਵਿਚ ਗੁਰੁ ਸਿੱਧਾਂਤ ਕਿਸੇ ਸਤ ਸ਼ਾਸਤ੍ਰ ਦੇ ਸੱਚ ਦਾ ਵਿਰੋਧੀ ਨਹੀਂ।

ਪਰੰਤੂ ਚੋਹਾਂ ਵੇਦਾਂ ਵਿਚ ਵਾਹਿਗੁਰੂ ਨਾਮ ਹੈ, ਯਾ ਚੋਹਾਂ ਨੇ ਇਸ ਵਾਹਿਗੁਰੂ ਨਾਮ ਨੂੰ ਪ੍ਰਤਿਪਾਦਨ ਕੀਤਾ ਹੈ, ਚਾਰ ਅੱਖਰ ਇਕ ਇਕ ਵੇਦ ਦੇ ਸਿੱਧਾਂਤ ਨਾਲ ਤਅੱਲੁਕ ਰਖਦੇ ਹਨ ਇਹ ਗਲ ਗ਼ਲਤ ਹੈ, ਭਾਈ ਗੁਰਦਾਸ ਜੀ ਦੱਸਦੇ ਹਨ:-

*ਮਨੂੰ ਜੀ ਨੇ ੭.੪੩ ਵਿਚ ਚਾਰ ਵਿਦਯਾ ਗਿਣੀਆਂ ਹਨ।

'ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਯਾ'। ਤੀਸਰੇ ਸਤਿਗੁਰੂ ਜੀ ਨੇ ਬੀ ਕਿਹਾ ਹੈ:—'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ'। ਅਰਥਾਤ ਏਹ ਕਿਸੇ ਪੁਸਤਕ ਦੀ ਬਾਣੀ ਨਹੀਂ ਇਹ ਆਪਣੀ ਨਿਰੰਕਾਰ ਦੀ ਘੱਲੀ ਬਾਣੀ ਹੈ। ਫਿਰ, ਵਾਹਿਗੁਰੂ ਨਾਮ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਗਯਾਨ ਨੂੰ ਕਿਸੇ ਵੇਦ ਕਤੇਬ ਦਾ ਟੀਕਾ ਕਹਿਣਾ ਬੀ ਗੁਰੂ ਸਿੱਧਾਂਤ ਵਿਰੁੱਧ ਹੈ। ਗੁਰੂ ਸਾਹਿਬ ਆਪ ਦੱਸਦੇ ਹਨ ਕਿ ਉਨ੍ਹਾਂ ਨੂੰ ਸਿੱਧਾ ਵਾਹਿਗੁਰੂ ਤੋਂ ਗਯਾਨ ਪ੍ਰਾਪਤ ਹੁੰਦਾ ਹੈ:—

'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ'॥ [ਸੂ: ਮ: ੫

'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ'॥ [ਗਉ: ਵਾ: ਮ: ੪

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ'॥ [ਤਿਲੰ: ਮ: ੧

'ਜੋ ਨਿਜ ਪ੍ਰਭੁ ਮੋ ਸੋ ਕਹਾ ਸੋ ਕਹਿ ਹੋ ਜਗ ਮਾਹਿ'॥ [ਬਚਿੱਤ੍ਰ ਨਾ:ਧਾ: ੧੦

ਵੇਦਾਂ ਵਿਚ ਚੰਦ ਸੂਰਜ ਅਗਨੀ ਆਦਿ ਕੁਦਰਤੀ ਜਲਵਿਆਂ, ਅਤੇ ਬ੍ਰਹਮਾਂ ਵਿਸ਼ਨੂੰ ਆਦਿ ਦੇਵਤਿਆਂ, ਧਨ ਧਾਨ ਗਊਆਂ ਦੀ ਬ੍ਰਿਧੀ ਦੀਆਂ ਬੇਨਤੀਆਂ ਆਦਿ ਦੇ ਬਿਨਾਂ ਇਕ ਵਾਹਿਗੁਰੂ ਦਾ ਬੀ ਜ਼ਿਕਰ ਹੈ (ਖਾਸ ਕਰ ਉਪਨਿਖਧ ਵਿਚ)। ਸੋ ਇਹ ਵੇਦਾਂ ਵਿਚ ਸਾਰ ਵਸਤੂ ਹੈ, ਤੇ ਵਾਹਿਗੁਰੂ ਦਾ ਅਰਥ ਬੀ ਇਕ ਅਕਾਲ ਪੁਰਖ ਹੈ, ਐਉਂ ਦੋਵੇਂ ਸਾਰ ਮਿਲ ਜਾਂਦੇ ਹਨ।

ਏਹ ਚਾਰ ਅੱਖਰ, ਚਹੁੰ ਵਰਨਾਂ ਦਾ ਵਿਕਾਰ ਹਰਨ ਵਾਲੇ ਹਨ। ਭਾਵ ਏਹ ਕਿ ਇਹ ਮੰਤ੍ਰ ਚੌਹਾਂ ਵਰਣਾਂ ਦੇ ਸਿਮਰਣ ਦਾ ਹੈ। ਇਹ ਨਹੀਂ ਕਿ ਕਿਸੇ ਵਰਣ ਨੂੰ ਇਹ ਵਿਹਤ ਹੈ ਤੇ ਕਿਸੇ ਨੂੰ ਅਵਿਹਤ। ਕਿਸੇ ਵਰਣ ਦਾ ਆਦਮੀ ਹੋਵੇ, ਅਰ ਉਸ ਦੇ ਵਿਚ ਕੋਈ ਅਵਗੁਣ ਹੋਵੇ, ਕੋਈ ਵਿਕਾਰ ਹੋਵੇ ਵਾਹਿਗੁਰੂ ਨਾਮ ਦੇ ਸਿਮਰਣ ਦੇ ਨਾਲ ਉਸ ਦਾ ਓਹ ਵਿਕਾਰ ਔਗੁਣ ਦੂਰ ਹੋਵੇਗਾ ਤੇ ਉਹ ਪਰਮ ਪਦ ਤੇ ਅੱਪੜੇਗਾ।

ਚਾਰ ਆਸ਼੍ਰਮ। ਜੀਵਨ ਦੇ ਚਾਰ ਹਿੱਸੇ:—੧. ਬ੍ਰਹਮਚਰਯ, ਅਰਥਾਤ ਵਿਦਯਾ ਪਾਉਣ ਦਾ ਸਮਾਂ। ੨. ਗ੍ਰਿਹਸਤ। ੩. ਬਾਣ ਪ੍ਰਸਤ, ਬਨਬਾਸੀ ਯਾ ਤਪਸਯਾ। ੪. ਸੰਨਯਾਸ, ਤਯਾਗ ਯਾ ਭਿੱਖੂ ਅਵਸਥਾ। ਏਹ ਚਾਰੇ ਆਸ਼੍ਰਮ ਜੇ ਨਾਮ ਨੂੰ ਧਾਰਨ ਕਰ ਲੈਣ ਤਾਂ ਇਹ ਚਉਹਾਂ ਨੂੰ ਸੁਖਦਾਈ ਹੈ, ਹਰ ਆਸ਼੍ਰਮ ਵਾਲੇ ਨੂੰ ਨਾਮ ਦੀ ਧਾਰਨਾਂ ਸੁਖਦਾਈ ਹੈ। ਜੇ ਆਚਾਰ ਦਾ ਦੂਸਰਾ ਅਰਥ ਧਰਮ ਲੀਤਾ ਜਾਏ ਤਾਂ ਵਿਚਾਰ ਐਉਂ ਹੈ:—ਸ਼ਾਸਤ੍ਰਾਂ ਨੇ ਇਨ੍ਹਾਂ ਚਹੁੰ ਆਸ਼੍ਰਮਾਂ ਦੇ ਅੱਡ ਅੱਡ ਆਚਾਰ ਯਾ ਧਰਮ ਥਾਪੇ ਹਨ। ਚੌਹਾਂ ਵਿਚ ਜੇ ਧਯਾਨ ਅਕਾਲ ਪੁਰਖ ਵੱਲ ਨਾ ਹੋਵੇ ਤਾਂ ਸਾਰੇ ਧਰਮ 'ਫ਼ਰਜ਼ਾਂ ਦੇ ਨਿਬਾਹ ਮਾਤ੍ਰ' ਦੇ 'ਸ਼੍ਰਮ ਅਰ ਥਕਾਨ ਦਾ ਘਰ' ਹਨ। ਅਕਾਲ ਪੁਰਖ ਵੱਲ ਧਯਾਨ ਸਿਮਰਣ ਨਾਲ ਰਹਿੰਦਾ ਹੈ ਤੇ ਸਿਮਰਣ ਲਈ ਵਾਹਿਗੁਰੂ ਮੰਤ੍ਰ ਦੀ ਵਿਸ਼ੇਸ਼ਤਾ ਕਵਿ ਜੀ ਪਿੱਛੇ ਕਹਿ ਆਏ ਹਨ ਸੋ ਚੌਹਾਂ ਆਸ਼੍ਰਮਾਂ ਵਿਚ ਵਾਹਿਗੁਰੂ ਦਾ ਸਿਮਰਣ ਕਰਨਾ ਚੌਹਾਂ ਲਈ ਹੀ ਸੁਖਾਂ ਦਾ ਦਾਤਾ ਹੈ।

ਚਾਰ ਮੁਕਤਿ ਕੇ ਇਹੁ ਦਰ ਚਾਰ। ਕਿਧੌਂ ਵਿਸ਼ਨੁ ਕੀ ਹੈਂ ਭੁਜ ਚਾਰ।
ਚਾਰੁਪਦੇਸ਼ ਚੱਕ ਜੇ ਚਾਰ। ਚਾਰ ਅਵਸਥਾ ਮਹਿਂ ਸੁਖਕਾਰ॥ ੭੦॥

ਚਾਰ ਮੁਕਤਿ=ਚਾਰ ਮੁਕਤੀਆਂ, ਜੋ ਏਹ ਹਨ:–
ਸਾਲੋਕ=ਉਸ ਦੇ ਦੇਸ਼ ਦਾ ਨਿਵਾਸ।
ਸਾਰੂਪ=ਉਸਦੇ ਰੂਪ ਜੇਹਾ ਰੂਪ। ਸਾਮੀਪ=ਉਸ ਦੇ ਨੇੜੇ ਨਿਵਾਸ।
ਸਾਯੁਜ=ਉਸ ਨਾਲ ਮਿਲਾਪ (ਵਸਲ)।
ਦਰ=ਦਰਵਾਜਾ। ਭਾਵ ਅਪੜਾਉਣ ਦਾ ਵਸੀਲਾ।
ਕਿਧੌਂ=ਕਿਧਰੋਂ, ਭਾਂਵੇਂ, ਮਾਨੋ, ਯਾ।
ਭੁਜ ਚਾਰ=ਚਾਰ ਭੁਜਾਂ ਵਿਸ਼ਨੂੰ ਦੀਆਂ, ਇਨ੍ਹਾਂ ਵਿਚ ਚਾਰ ਚੀਜ਼ਾਂ ਹਨ:– ਸੰਖ=ਚਿੰਨ੍ਹ ਹੈ ਸੁਤਿਆਂ ਨੂੰ ਬੰਦਗੀ ਲਈ ਜਗਾਉਣ ਦਾ। ਯਾ ਸੁੱਤੀ ਸੁਰਤ ਨੂੰ ਜਾਗ੍ਰਤ ਦੇਣ ਦਾ। ਚੱਕ੍ਰ=ਵੈਰੀ ਨੂੰ ਦੂਰੋਂ ਮਾਰ ਦੇਣ ਦਾ ਸ਼ਸਤ੍ਰ। ਕਾਮ ਕ੍ਰੋਧ ਆਦਿ ਨੂੰ ਨੇੜੇ ਨਾ ਢੁਕਣ ਦੇਣ ਦੀ ਸ਼ਕਤੀ। ਗਦਾ=ਨੇੜੇ ਆ ਢੁਕੇ ਵੈਰੀ ਨੂੰ ਮਾਰਨ ਦਾ ਸ਼ਸਤ੍ਰ। ਅੰਦਰ ਵਸਦੇ ਬੁਰੇ ਸੰਸਕਾਰਾਂ ਦੀ ਰੁਚੀ ਨੂੰ ਮਾਰਨ ਵਾਲੀ ਸ਼ਕਤੀ। ਪਦਮ=ਬਿਰਾਜਮਾਨ ਹੋਕੇ ਸੁਖ, ਮੰਗਲ। ਸ਼ਾਂਤਿ, ਆਨੰਦ ਅਵਸਥਾ ਦਾ ਚਿੰਨ੍ਹ।
ਚਾਰੁਪਦੇਸ਼=ਚਾਰ ਉਪਦੇਸ਼। ਜੋ ਏਹ ਹਨ,–ਭਗਤਿ, ਯੋਗ, ਵਿਰਾਗ, ਗਿਆਨ। (ਅ) ਚਾਰੁ ਉਪਦੇਸ਼=ਸੁੰਦਰ ਉਪਦੇਸ਼।
ਚੱਕ ਜੇ ਚਾਰ=ਚਾਰ ਚੱਕ, ਪੂਰਬ, ਪੱਛਮ, ਉੱਤਰ, ਦੱਖਣ ਦੇ ਸਾਰੇ ਦੇਸ਼, ਭਾਵ ਸਾਰਾ ਜਗਤ।
ਚਾਰ ਅਵਸਥਾ=ਜਾਗ੍ਰਤ, ਸ੍ਵਪਨ, ਸਖੋਪਤ, ਤੁਰੀਆ।
(ਅ) ਚਾਰ ਉਮਰਾ–ਬਾਲਕ, ਕਿਸ਼ੋਰ, ਜੁਵਾ, ਬਿੱਧ।

ਅਰਥ–(ਮਾਨੋ) ਚਾਰ ਮੁਕਤੀਆਂ ਦੇ ਇਹ ਚਾਰ ਦਰਵਾਜੇ (ਅਪੜਾਉਨ ਦੇ ਵਸੀਲੇ) ਹਨ, ਯਾ (ਮਾਨੋ) ਵਿਸ਼ਨੁ ਦੀਆਂ ਚਾਰ ਭੁਜਾਂ ਹਨ, (ਯਾ) ਚਾਰ ਚੱਕਾਂ ਨੂੰ ਸੁੰਦਰ ਉਪਦੇਸ਼ ਹਨ, ਚਾਰੋਂ (ਹੀ) ਅਵਸਥਾ ਵਿੱਚ ਸੁਖਦਾਤੇ ਹਨ।

ਭਾਵ–ਚਾਰ ਅੱਖਰਾਂ ਵਾਲੇ ਵਾਹਿਗੁਰੂ ਪਦ ਦਾ ਸਿਮਰਣ ਮਾਨੋ ਚਾਰ ਮੁਕ-ਤੀਆਂ ਦੀ ਪ੍ਰਾਪਤੀ ਦਾ ਵਸੀਲਾ ਹੈ, ਅਰਥਾਤ ਇਕ ਇੱਕ ਮੁਕਤੀ ਲਈ ਵੱਖਰੇ ਵੱਖਰੇ ਸਾਧਨਾਂ ਦੀ ਲੋੜ ਨਹੀਂ, ਇਸੇ ਇੱਕ ਨਾਮ ਦੇ ਪ੍ਰਤਾਪ ਨਾਲ ਪ੍ਰੇਮੀ ਪੁਰਖ ਚੋਹਾਂ ਦੇ ਵਿਚਦੀ ਲੰਘਦਾ ਪੂਰਨ ਪਦ ਤੇ ਪਹੁੰਚ ਜਾਵੇਗਾ। ਚੌਹਾਂ ਮੁਕਤੀਆਂ ਵਿਚੋਂ ਜਿਹੜੀ ਦੀ ਲੋੜ ਹੋਵੇ ਉਹ, ਯਾ ਚੌਹਾਂ ਦੇ ਰੰਗ ਦੇਖਦਿਆਂ ਅੰਤਲੀ ਤਕ ਅੱਪੜਨਾ, ਇਹ ਵਾਹਿਗੁਰੂ ਭਜਨ ਦੇ ਪ੍ਰਤਾਪ ਨਾਲ ਪ੍ਰਾਪਤ ਹੋ ਸਕਦਾ ਹੈ।

ਵਿਸ਼ਨੂੰ ਦੀਆਂ ਚਾਰ ਭੁਜਾਂ ਤੋਂ ਮਤਲਬ ਉਨ੍ਹਾਂ ਵਿਚ ਫੜੀਆਂ ਚਾਰ ਵਸਤਾਂ ਦਾ ਹੈ ਜੋ ਚਾਰ ਪ੍ਰਾਪਤੀਆਂ ਦੇ ਮਾਨੋਂ ਚਾਰ ਚਿੰਨ੍ਹ ਹਨ, ਵਾਹਿਗੁਰੂ ਨਾਮ ਦਾ ਜਪਣਾ 'ਸੰਖ'-ਦਾ ਅਸਰ ਰੱਖਦਾ ਹੈ, ਮਾਯਾ ਦੇ ਮਦ ਵਿਚ ਸੁੱਤੀ ਸੁਰਤੀ ਨੂੰ ਜਗਾ ਦੇਂਦਾ ਹੈ। 'ਗਦਾ'-ਅਪਣੇ ਕੀਤੇ ਬੁਰੇ ਕਰਮਾਂ ਦੇ ਫਲ, ਜੋ ਨਾਮ ਵਿਚ ਪੈਣੋ ਰੋਕਦੇ ਹਨ, ਜੋ ਸੂਖਮ ਸੰਸਕਾਰ ਯਾ ਮਨ ਦੀ ਅਰੁਚੀ, ਆਲਸ, ਵਿਖੇਪ ਬਣਕੇ ਮਾਯਾ ਵੱਲ ਝੁਕਾਉਂਦੇ ਹਨ, ਉਸ ਰੁਚੀ ਨੂੰ ਸਿਮਰਣ ਪ੍ਰਾਜੈ ਕਰਦਾ ਹੈ। 'ਚੱਕ੍ਰ' ਤੋਂ ਮੁਰਾਦ ਇਹ ਹੈ ਕਿ ਸੁੰਦਰ ਪਦਾਰਥ ਆਦਿ, ਅਤੇ ਮੋਹਿਤ ਕਰਨ ਵਾਲੇ ਵਿਸ਼ੇ ਕਾਮ, ਕ੍ਰੋਧ, ਲੋਭ, ਮੋਹ ਆਦਿ ਦੇ ਪ੍ਰਾਜੈ ਹੋ ਜਾਣ ਦੀ ਸ਼ਕਤੀ 'ਵਾਹਿਗੁਰੂ' ਸਿਮਰਣ ਵਿੱਚ ਹੈ। 'ਪਦਮ'-ਅੰਤ ਵਿਚ ਸਹਿਜ ਸੁਖ ਤੇ ਪਰਮਪਦ ਦੀ ਪ੍ਰਾਪਤੀ ਦੀ ਸੱਤਯਾ ਇਸ ਵਿੱਚ ਹੈ। ਪਦਮ ਦਾ ਅਰਥ ਹੈ ਕਮਲ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਮਲ ਦਾ ਖਿੜਨਾ ਪਰਮਪਦ ਦੇ ਭਾਵ ਵਿੱਚ ਆਇਆ ਹੈ। ਸੋ ਪਦਮ ਦਾ ਭਾਵ ਹੋਇਆ ਪਰਮ ਪਦ ਦੀ ਪ੍ਰਾਪਤੀ।

ਚਾਰ ਚੱਕ-ਸਾਰੀ ਦੁਨੀਆਂ (ਉੱਤਰ, ਪੂਰਬ, ਪੱਛਮ, ਦੱਖਣ ਸਾਰੀਆਂ ਦਿਸ਼ਾਂ ਵੱਲ ਫੈਲੇ ਇਲਾਕੇ) ਵਿੱਚ ਏਹ ਚਾਰ ਅੱਖਰ ਸੁੰਦਰ ਉਪਦੇਸ਼ ਹਨ; ਭਾਵ ਸਾਰੇ ਜਗਤ ਨੂੰ ਤਾਰਨ ਦੀ ਖੂਬਸੂਰਤੀ ਰੱਖਦੇ ਹਨ। ਜਾਂ ਭਗਤਿ, ਜੋਗ, ਵਿਰਾਗ, ਗਿਆਨੁ ਇਨ੍ਹਾਂ ਚਹੁਆਂ ਉਪਦੇਸ਼ਾਂ ਨੂੰ ਪ੍ਰਗਟ ਕਰਨ ਵਾਲੇ ਹੈਨ।

ਜਾਗ੍ਰਤ, ਸ੍ਵਪਨ, ਸਖੋਪਤ, ਤੁਰੀਆ ਚਹੁੰ ਹੀ ਅਵਸਥਾ ਵਿੱਚ ਵਾਹਿਗੁਰੂ ਨਾਮ ਸੁਖਦਾਈ ਹੈ। ਜਾਗ੍ਰਤ ਵਿਚ ਜਪਿਆ ਅੰਦਰ ਸਿੰਜਰ ਕੇ ਨੀਂਦ ਵਿਚ ਬੀ ਨਹੀਂ ਭੁੱਲਦਾ, ਗਾੜ੍ਹੀ ਨੀਂਦ ਵਿਚ ਬੀ ਨਹੀਂ ਭੁੱਲਦਾ, ਤੇ ਤੁਰੀਆ ਵਿਚ ਜਾਕੇ ਆਨੰਦ ਤੇ ਬਿਮਲ ਰੰਗ ਵਿਚ ਦਮਕਦਾ ਹੈ, ਅਵਸਥਾ ਤੋਂ ਪਾਰ ਹੋਕੇ ਨਾਮੀ ਵਿਚ ਪੁਚਾ ਦੇਂਦਾ ਹੈ। ਅਥਵਾ ਬਾਲਕ, ਕਿਸ਼ੋਰ, ਯੁਵਾ, ਬ੍ਰਿੱਧ ਆਦਿ ਸਭ ਅਵਸਥਾਂ (ਉਮਰਾਂ) ਵਿਚ ਜਾਪਕਾਂ ਨੂੰ ਸੁਖ ਦਾਤਾ ਹੈ।

ਦੋਹਰਾ-ਨ੍ਰਿਪ ਬਿਬੇਕ ਕੀ ਸੈਨ ਮਹਿਂ ਸੈਨਾਪਤਿ ਏ ਚਾਰ।
ਮੋਹ ਕਟਕ ਕੋ ਜੀਤਿ ਕੈ ਛਿਨ ਮਹਿਂ ਲੇਵਤਿ ਮਾਰ॥ ੭੧॥

{ ਨ੍ਰਿਪ=ਰਾਜਾ ਬਿਬੇਕ=ਗਯਾਨ। ਸੈਨ=ਸੈਨਾ, ਫੌਜ।
ਸੈਨਾਪਤਿ=ਸੈਨਾ ਦੇ ਮਾਲਕ, ਸਿਪਹ ਸਾਲਾਰ। ਕਟਕ=ਫੌਜ। }

ਅਰਥ-ਗਯਾਨ (ਰੂਪੀ) ਰਾਜੇ ਦੀ ਸੈਨਾ ਵਿਚ ਏਹ ਚਾਰ (ਅੱਖਰ ਮਾਨੋ ਚਾਰ) ਸੈਨਾਪਤਿ ਹਨ, (ਜੋ) ਮੋਹ (ਦੀ) ਫੌਜ ਨੂੰ ਜਿੱਤ ਕੇ ਛਿਨ ਵਿਚ ਮਾਰ ਲੈਂਦੇ ਹਨ।

ਭਾਵ-ਇੱਥੇ ਹੁਣ ਹੋਰ ਅਲੰਕਾਰ ਵਿੱਚ ਬੋਲਦੇ ਹਨ। ਮੋਹ ਤੇ ਗਯਾਨ ਦੀ ਲੜਾਈ ਦਾ ਖ਼ਯਾਲ ਬੰਨ੍ਹਦੇ ਹਨ, ਇਕ ਪਾਸੇ ਮੋਹ ਦੇ ਆਸੁਰੀ ਗੁਣਾਂ ਦੀ ਸੈਨਾਂ ਹੈ, ਦੂਸਰੇ ਪਾਸੇ ਵਿਵੇਕ ਦੇ ਦੈਵੀ ਗੁਣਾਂ ਦੀ ਸੈਨਾ ਹੈ। ਉਸ ਸੈਨਾ ਉਤੇ ਵਾਹਿਗੁਰੂ

ਨਾਮ ਦੇ ਚਾਰ ਅੱਖਰ ਮਾਨੋ ਚਾਰ ਸੈਨਾਪਤਿ ਹਨ, ਜੋ ਮੋਹ ਦੀ ਸੈਨਾ ਨੂੰ ਤੁਰਤ ਮਾਰ ਲੈਂਦੇ ਹਨ* । ਸ਼ੁਭ ਗੁਣ ਮਾੜੇ ਗੁਣਾਂ ਨੂੰ ਜਿੱਤ ਲੈਂਦੇ ਹਨ, ਪਰ ਸਾਰੇ ਸ਼ੁਭ ਗੁਣਾਂ ਨੂੰ ਧਾਰਦਿਆਂ ਅੰਦਰ ਭਾਵ ਅਹੰਕਾਰ ਦਾ ਰਹਿੰਦਾ ਹੈ । ਗੁਣ ਮਾਨਸਿਕ ਮੰਡਲ ਦੀ ਵਸਤੂ ਹਨ, ਪਰ ਸਿਮਰਣ ਆਤਮ ਮੰਡਲ ਵਿਚ ਲੈ ਜਾਂਦਾ ਹੈ । ਸ਼ੁਭ ਗੁਣ ਤ੍ਰਿਗੁਣੀ ਅਵਸਥਾ ਤੋਂ ਪਰੇ ਨਹੀਂ ਲੈ ਜਾਂਦੇ, ਨਾਮ ਤ੍ਰਿਗੁਣੀ ਅਵਸਥਾ ਤੋਂ ਪਾਰ ਤੁਰੀਆ ਪਦ ਵਿਚ ਲੈ ਜਾਂਦਾ ਹੈ, ਸੋ ਤੁਰੀਆ ਵਿਚ ਅੱਪੜਨਾ ਸਾਰੀ ਮੋਹ ਮਾਯਾ ਦੀ ਅਵਸਥਾ ਤੇ ਫਤਹ ਹੈ । ਸ਼ੁਭ ਗੁਣ ਅਹੰਕਾਰ ਦੇ ਆਸ਼੍ਰਿਤ ਹੁੰਦੇ ਹਨ, ਪਰ ਨਾਮ ਜਿਉਂ ਜਿਉਂ ਸੁਰਤ ਨੂੰ ਉੱਪਰ ਲਈ ਜਾਂਦਾ ਹੈ, ਅਹੰਕਾਰ ਟੁੱਟਦਾ ਜਾਂਦਾ ਹੈ, ਅੰਤ ਇਹ ਬੀ ਮਰ ਜਾਂਦਾ ਹੈ; ਐਉਂ ਮੋਹ ਤੇ ਹੋਰ ਅਵਗੁਣ ਆਪੇ ਹੀ ਮਰ ਜਾਂਦੇ ਹਨ । ਯਥਾ—'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ' । (ਵਾ: ਮਾਝ

ਚੌਪਈ—ਪ੍ਰੇਮ ਭਗਤਿ ਕੇ ਭੂਖਨ ਚਾਰੁ । ਲਖਨ ਗਯਾਨ ਕੋ ਲੋਚਨ ਚਾਰ ।
ਚਾਰ ਪਦਾਰਥ ਕੋ ਦਾਤਾਰ। ਚਾਰ ਜੁ ਯੁਗ ਤਿਨ ਮਹਿਂ ਗਤਿ ਕਾਰਿ ।੭੨।

ਭੂਖਨ ਚਾਰੁ=ਸੁੰਦਰ ਗਹਿਣੇ । (ਅ) ਚਾਰ ਤਰ੍ਹਾਂ ਦੇ ਗਹਿਣੇ । ਗਹਿਣੇ ਚਾਰ ਪ੍ਰਕਾਰ ਦੇ ਹੁੰਦੇ ਹਨ:—

੧. ਆਰੋਪਯ=ਓਹ ਜੋ ਕਿਸੇ ਅੰਗ ਦੁਆਲੇ ਲਟਕਾਕੇ ਪਹਿਨਾਏ ਜਾਣ, ਜੈਸੇ ਮਾਲਾ, ਹਾਰ, ਕੰਠੀ, ਜੰਜੀਰੀ, ਕੈਂਠਾ ।

੨. ਕਸ਼ੇਪਯ=ਜਿਨ੍ਹਾਂ ਵਿਚ ਕੋਈ ਅੰਗ ਪਾਯਾ ਜਾਏ, ਜੈਸੇ ਛੱਲਾ, ਮੁੰਦ੍ਰੀ, ਚੂੜੀ, ਬੰਦ, ਕੜੇ, ਗੋਖੜੂ, ਪੰਜੇਬਾਂ, ਲੱਛੇ, ਕੜੀਆਂ ਆਦਿ ।

੩. ਆਵੇਧਯ=ਜੋ ਕਿਸੇ ਅੰਗ ਨੂੰ ਛੇਕ ਕਰਕੇ ਪਹਿਨੇ ਜਾਣ, ਜੈਸੇ ਨੱਥ, ਲੌਂਗ, ਤੀਲੀ, ਤਨੌੜਾ, ਵਾਲੀ, ਵਾਲਾ, ਬੁੰਦੇ ਆਦਿ ।

੪. ਬੰਧਨੀਯ=ਜੋ ਬੰਨ੍ਹਕੇ ਪਹਿਨੇ ਜਾਣ, ਜੈਸੇ ਦਾਉਣੀ, ਟਿੱਕਾ, ਤਵੀਤੜੀਆਂ, ਸਿੰਗਾਰ ਪਟੀ, ਪਹੁੰਚੀ, ਬਾਜੂਬੰਦ, ਬਹੁੱਟੇ, ਤੜਾਗੀ।

ਲਖਨ=ਲਖ ਲੈਣ ਵਾਸਤੇ ।

ਚਾਰ ਪਦਾਰਥ=ਧਰਮ, ਅਰਥ, ਕਾਮ, ਮੋਖ ।

ਅਰਥ—(ਏਹ ਚਾਰ ਅੱਖਰ) ਪ੍ਰੇਮਾ ਭਗਤੀ ਦੇ (ਮਾਨੋ) ਚਾਰ ਗਹਿਣੇ ਹਨ (ਅਥਵਾ ਸੁੰਦਰ ਗਹਿਣੇ ਹਨ), (ਯਾ) ਗਯਾਨ ਦੇ ਲਖ ਲੈਣ ਵਾਸਤੇ ਚਾਰ ਅੱਖਾਂ ਹਨ, (ਫੇਰ ਏਹ) ਚਾਰ ਪਦਾਰਥਾਂ ਦੇ ਦਾਤੇ ਹਨ, ਚਾਰ ਜੋ ਜੁਗ (ਹਨ) ਤਿਨ੍ਹਾਂ ਵਿਚ ਮੁਕਤੀ ਦਾਤਾ ਹਨ ।

---

*ਸੈਨਾ ਚਾਰ ਪ੍ਰਕਾਰ ਦੀ ਹੁੰਦੀ ਹੈ:—ਪੈਦਲ, ਰਥ, ਘੋੜੇ, ਹਾਥੀ । 'ਵਾਹਿਗੁਰੂ' ਪਦ ਦੇ ਵੀ ਚਾਰੇ ਅੱਖਰ ਹਨ । ਸੋ ਚਾਰ ਹੀ ਸੈਨਾਪਤੀ ਹੋਏ ।

ਭਾਵ—ਪ੍ਰੇਮਾ ਭਗਤੀ ਮਾਨੋਂ ਇਕ ਦੇਵੀ ਹੈ। ਸ਼ਰਧਾ, ਇਸ਼ਨਾਨ, ਸੇਵਾ, ਦਾਨ, ਕੀਰਤਨ, ਸਤਿਸੰਗ, ਪੂਜਾ, ਨਿੰਮ੍ਰਤਾ, ਨਿੱਤਨੇਮ ਆਦਿ ਉਸ ਦੇਵੀ ਦੇ ਅੰਗ ਹਨ। ਨਾਮ ਦਾ ਸਿਮਰਨ ਰੂਪੀ ਗਹਿਣਾ ਇਸ ਦੇਵੀ ਨੂੰ ਜੇ ਪਹਿਨਾਯਾ ਜਾਏ ਤਾਂ ਉਸਦੀ ਖੂਬਸੂਰਤੀ ਲਿਸ਼ਕਾਰੇ ਮਾਰਦੀ ਹੈ। ਭਾਵ ਇਹ ਹੈ ਕਿ ਭਗਤੀ ਦੇ ਸਾਰੇ ਸਾਧਨ ਕਰਦਿਆਂ ਜਦ ਤਕ ਨਾਮ ਦਾ ਰੰਗ ਨਹੀਂ ਚੜ੍ਹਦਾ ਤਦ ਤਕ ਅੰਤਰ ਆਤਮੇ ਬਿਮਲਤਾ ਦੀ ਪ੍ਰਤੀਤੀ ਯਾ ਇਉਂ ਕਹੋ ਕਿ ਹਰ ਵੇਲੇ ਸੁਰਤ ਦਾ ਇਕ ਸੁੰਦਰਤਾ ਦੇ ਪੰਘੂੜੇ ਵਿਚ ਝੂਟਦੇ ਰਹਿਣ ਦਾ ਪ੍ਰਭਾਵ, ਉੱਚਤਾ, ਪਵਿੱਤ੍ਰਤਾ, ਲਿਵ ਆਦਿ ਦਾ ਸੰਮਿਲਵਾਂ ਪ੍ਰਭਾਵ ਤੇ ਉਸ ਦੀ ਪ੍ਰਤੀਤੀ ਅਪਣਾ ਰੰਗ ਨਹੀਂ ਜਮਾਉਂਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਨੂੰ ਰਤਨ ਗਹਿਣਾ ਆਦਿ ਸ਼ੋਭਾ ਨਾਲ ਯਾਦ ਕੀਤਾ ਹੈ, ਯਥਾ 'ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ।' [ਟੋਡੀ ਮ: ੫]

ਏਹ ਚਾਰ ਅੱਖਰ ਜੋ ਜਪੇ ਜਾਂਦੇ ਹਨ, ਮਾਨੋਂ ਜੀਵਾਤਮਾਂ ਨੂੰ ਚਾਰ ਅੱਖਾਂ ਲਗ ਜਾਂਦੀਆਂ ਹਨ।

ਸਿਮਰਨ ਨਾਲ ਰਸ ਪੈਂਦਾ ਹੈ ਤੇ ਜੀਵਾਤਮਾ ਸਿਮਰਨ ਰਸ ਆਰੂੜ ਹੋਕੇ ਚਾਰ ਭਾਵਾਂ ਵਿਚ ਸਾਈਂ ਨੂੰ ਤੱਕਦਾ ਹੈ। ਵਿਆਪਕਤਾ, ਪਵਿੱਤ੍ਰਤਾ, ਆਨੰਦ ਤੇ ਸੁੰਦਰਤਾ*। ਪਵਿੱਤ੍ਰਤਾ ਤੇ ਆਨੰਦ ਦੋ ਅੰਦਰਲੇ ਨੇਤ੍ਰ ਹਨ ਜਿਨ੍ਹਾਂ ਨਾਲ ਆਤਮਾ ਪਰਮਾਤਮਾ ਨੂੰ ਅੰਦਰ ਅਨੁਭਵ ਕਰਦਾ ਰਹਿੰਦਾ ਹੈ। 'ਸੁੰਦਰਤਾ' ਤੇ 'ਵ੍ਯਾਪਕਤਾ' ਦੋ ਬਾਹਰਲੇ ਨੇਤ੍ਰ ਹਨ, ਜਿਨ੍ਹਾਂ ਨਾਲ ਉਸ ਸੁੰਦਰ ਨੂੰ ਤੇ ਉਸਦੀ ਸੁੰਦਰਤਾ ਨੂੰ ਦ੍ਰਿਸ਼ਟਮਾਨ ਵਿਚ ਬੀ ਸਾਰੇ ਪਰੀ ਪੂਰਨ ਅਨੁਭਵ ਕਰਦਾ ਰਹਿੰਦਾ ਹੈ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਫੁਰਮਾਯਾ ਹੈ 'ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ।' [ਸੋ: ਕਬੀਰ ਜੀ।] ਅਰਥਾਤ ਦੋ ਅੰਦਰਲੇ ਤੇ ਦੋ ਬਾਹਰਲੇ ਚੋਹਾਂ ਨੇਤ੍ਰਾਂ ਨਾਲ ਵੇਖਾਂ; ਕੀ ? ਵਾਹਿਗੁਰੂ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪੰਜਵੀਂ ਰੁਤ ਅੰਸੂ ੪੬ ਦੇ ਅੰਕ ੨ ਵਿਚ ਕਵਿ ਜੀ ਨੇ ਗ੍ਯਾਨ ਚਾਰ ਪ੍ਰਕਾਰ ਦਾ ਦੱਸਿਆ ਹੈ। ਯਥਾ—

ਚਾਰ ਪ੍ਰਕਾਰ ਅਹੈ ਬ੍ਰਹਮ ਗ੍ਯਾਨ। ਸ਼੍ਰਵਣ ਮਨਨ ਨਿੱਧ੍ਯਾਸਨ ਜਾਨ।
ਚੌਥੇ ਸਾਖ੍ਯਾਤ ਗੁਰ ਕਹੈਂ। ਜਿਸਕੋ ਪਾਇ ਨ ਜਗ ਮਹਿ ਬਹੈ। ੨।

---

*ਚਾਰ ਅਖਰ ਚਾਰ ਸਿਫਾਤੀ ਨਾਵਾਂ ਦੇ ਸੰਖੇਪ ਪਿੱਛੇ ਕਹੇ ਹਨ। ਚੋਹਾਂ ਸਿਫਾਤੀ ਨਾਵਾਂ ਦੀ ਅਸਲੀਅਤ ਤੇ ਜੋ ਸਿਫਤ ਉਨ੍ਹਾਂ ਦੇ ਅਰਥਾਂ ਵਿਚ ਲੁਕੀ ਬੈਠੀ ਹੈ ਐਉਂ ਹੀ ਕਹੀ ਜਾ ਸਕਦੀ ਹੈ:—

ਵਾਸੁਦੇਵ=ਵਿਆਪਕਤਾ।
ਹਰਿ=ਪਵਿੱਤ੍ਰਤਾ। ਪਾਪ ਹਰੇ ਗਏ ਤਾਂ ਪਵਿੱਤ੍ਰਤਾ ਆਈ।
ਗੋਬਿੰਦ=ਆਨੰਦ। ਬੈਕੁੰਠ ਪ੍ਰਾਪਤੀ ਦਾ ਭਾਵ ਆਨੰਦ ਪ੍ਰਾਪਤੀ ਹੈ।
ਰਾਮਚੰਦ=ਸੁੰਦਰਤਾ। ਸੁਹਣਾ ਤੇ ਸੁਹਣੇ ਵਿੱਚ ਰਸ ਮਾਨਣਾ।

ਸੋ ਹੋ ਸਕਦਾ ਹੈ ਉਨ੍ਹਾਂ ਦਾ ਭਾਵ ਇਹੋ ਏਥੇ ਹੈ ਕਿ ਇਸ ਚਾਰ ਪ੍ਰਕਾਰ ਦੇ ਗਯਾਨ ਨੂੰ (ਲਖਨ=) ਲਖ ਲੈਣ ਲਈ ਇਹ ਚਾਰ ਅੱਖਰ ਚਾਰ ਨੇਤ੍ਰਾਂ ਸਮਾਨ ਹਨ।

ਚਾਰ ਪਦਾਰਥਾਂ ਦੇ ਦਾਤਾਰ ਕਿਸਤਰ੍ਹਾਂ ਹਨ ? ਇਸਦਾ ਉੱਤਰ ਕਵੀ ਜੀ ਨੇ ਆਪ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਅਧਯਾਯ ੪੩ ਵਿਚ ਇਉਂ ਦਿੱਤਾ ਹੈ:–

੧. ਧਰਮ–ਗੁਰੂ ਭਜਨੋ ਸਤਿ ਸੰਗਤਿ ਜਾਤੇ। ਤਗ ਤਗ ਅਸ੍ਵ ਮਖ ਹ੍ਵੈ ਫਲ ਤਾਂਤੇ।੬੪।

੨. ਅਰਥ–ਜਿਹ ਧਨ ਕਾਰਨ ਜਤਨ ਜੋ ਕਰਿਹੈਂ ਲੋਕ ਅਪਾਰ। ਸੋ ਧਨ ਹਰਿ ਕੇ ਭਗਤ ਕੋ ਮਾਨਵ ਦੇਹਿਂ ਹਜ਼ਾਰ।੬੫। ਚੌਪਈ। ਬੰਦਨ ਕਰਹਿਂ ਦੇਹਿਂ ਧਨ ਆਈ। ਜਨ ਤੇ ਜਾਚਹਿਂ ਅਪਨਿ ਭਲਾਈ।

੩. ਕਾਮ–ਰਿਦੇ ਕਾਮਨਾ ਭਗਤਨ ਜੋਈ। ਸ਼੍ਰੀ ਕਰਤਾਰ ਪੂਰਿ ਹੈ ਸੋਈ।੬੬।

੪. ਮੋਖ–ਅਰਥ ਵਾਹਿਗੁਰੂ ਸਮਝਨ ਕਰਿਕੈ। ਹੁਇ ਹੈ ਗਯਾਨ ਜਾਇ ਤਮ ਟਰਿਕੈ। ਚਤੁਰ ਪਦਾਰਥ ਨਾਮ ਅਧੀਨਾ। ਸਿਮਰਨ ਕਰਹੁ ਹੋਇ ਦੁਖ ਛੀਨਾ।੬੭।

ਫੇਰ ਕਵਿ ਜੀ ਸ਼੍ਰੀ ਗੁ: ਪ੍ਰ: ਸੂ: ਰਾਸ ੭ ਅੰਸੂ ੩ ਵਿੱਚ ਐਉਂ ਲਿਖਦੇ ਹਨ:–

ਵਿਸ਼੍ਵ ਪਦਾਰਥ ਅਮਰ ਤੇਤੀਸਾ। ਚਤੁਰਾਖਰ ਵਿਸ ਵਿਸਵੇ ਵੀਸਾ।

ਯੰ ਯੰ ਚਿੰਤਿਤਿ ਰੁਚਿ ਅਵਗਾਹਾ। ਤੰ ਤੰ ਲਹਤਿ ਭਗਤਿ ਇਨ ਮਾਹਾ।੪੨।

ਅਰਥ ਇਹ ਕਿ ਵਾਹਿਗੁਰੂ ਨਾਮ ਦੇ ਸਿਮਰਣ ਨਾਲ ਅੰਤਰਾਤਮੇ ਜੋ ਚਿਤ ਬ੍ਰਿਤੀ ਦੀ ਇਕਾਗ੍ਰਤਾ ਵਾਲੀ ਅਵਸਥਾ ਹੋ ਜਾਂਦੀ ਹੈ, ਉਹ ਐਸੀ ਹੁੰਦੀ ਹੈ ਕਿ ਸੰਸਾਰ ਦੇ ਸਾਰੇ ਪਦਾਰਥ ਤੇ ਬਲ ਉਸਦੇ ਵੱਸ ਹੁੰਦੇ ਹਨ, ਫਿਰ ਉਸ ਨਾਮ ਆਰੂੜ ਅਵਸਥਾ ਵਿਚ ਜੋ ਜੋ ਕੁਛ ਭਗਤ ਚਿਤਵੇ ਸੋ ਸੋ ਪ੍ਰਾਪਤ ਹੁੰਦਾ ਹੈ। ਇਹ ਨਾਮ ਦੀ ਸੱਤਯਾ ਦੱਸੀ ਹੈ। ਉਂਞ ਭਗਤ ਜਨ ਉਥੇ ਜਾਕੇ ਬੀ ਵਾਹਿਗੁਰੂ ਮਿਲਾਪ ਬਿਨਾਂ ਹੋਰ ਸਰਬ ਇੱਛਾ ਤ੍ਯਾਗ ਕਰਦੇ ਹਨ। ਪਰ ਪਰਮੇਸ਼ੁਰ ਦਾ ਬਿਰਦ ਉਨ੍ਹਾਂ ਦੀ ਚਿਤਵੀ ਗੱਲ ਸਿਰੇ ਚਾੜ੍ਹਦਾ ਹੈ: 'ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ' ॥ [ਬਿਲਾ:ਮ:੫]

ਫੇਰ ਚਹੁੰ ਜੁਗਾਂ ਵਿਚ ਨਾਮ ਨੂੰ ਗਤਿਕਾਰ ਕਿਹਾ ਹੈ। ਇਸ ਪਰ ਸ਼੍ਰੀ ਗੁਰੂ ਜੀ ਆਪ ਫੁਰਮਾਉਂਦੇ ਹਨ:–'ਜੁਗ ਚਾਰੇ ਨਾਮਿ ਵਡਿਆਈ ਹੋਈ ॥' [ਗਮ: ਮ:੩]

ਭਗਤਨ ਕੰਠਾਭਰਨ ਸੁ ਚਾਰੁ। ਜਿਹ ਛਬਿ ਦੋਨੋਂ ਲੋਕ ਉਜਾਰ।
ਚਾਰੁ ਬਰਨ ਕੋ ਧਰਮ ਅਧਾਰੁ। ਚਾਰ ਬਰਨ ਉਰ ਕਬਿ ਨ ਬਿਸਾਰਿ।੭੩।

[ਕੰਠਾਭਰਨ=ਕੰਠ ਵਿਚ ਪਹਿਨੇ ਜਾਣ ਵਾਲਾ ਗਹਿਣਾ*।
ਚਾਰੁ=ਸੁੰਦਰ। ਚਾਰ=੪। ਛਬਿ=ਸੁੰਦਰਤਾ।]

*ਗਹਿਣੇ ਚਾਰ ਪ੍ਰਕਾਰ ਦੇ ਹੁੰਦੇ ਹਨ ਦੇਖੋ–ਭੂਸ਼ਣ ਚਾਰੁ–ਪਦ, ਅੰਕ ੭੨ ਇਸੇ ਅਧਯਾਯ ਦਾ। ਗਲ ਦੇ ਗਹਿਣੇ ਬੀ ਚਾਰ ਪ੍ਰਕਾਰ ਦੇ ਹਨ:–

(੧) ਜੋ ਗਿੱਚੀ ਦੇ ਨਾਲ ਲਗੇ ਰਹਿਣ, ਜੈਸੇ–ਕੰਠਾ, ਗੁਲੂਬੰਦ, ਗਾਨੀ।

(੨) ਜੋ ਗੋਲ ਯਾ ਚੌਕੋਰ ਟੁਕੜੇ ਸੁਵਰਨ ਦੇ ਯਾ ਜੜਾਊ ਪ੍ਰੋਕੇ ਗਲੇ ਵਿਚ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਉਜਾਰ=ਉਜਾਲਾ, ਚਾਨਣਾ।
ਬਰਨ=ਜਾਤੀਆਂ; ਚਾਰ ਮੁੱਖ ਜਾਤੀਆਂ, ਬ੍ਰਹਮਣ, ਖੱਤ੍ਰੀ, ਵੈਸ਼, ਸ਼ੂਦ੍ਰ।
ਬਰਨ=ਅੱਖਰ।

ਅਰਥ—(ਇਹ ਵਾਹਿਗੁਰੂ ਨਾਮ ਦੇ) ਚਾਰ (ਅਖਰ) ਭਗਤਾਂ ਦੇ ਗਲੇ ਦਾ ਸੁੰਦਰ ਗਹਿਣਾ ਹਨ। ਜਿਨ੍ਹਾਂ ਦੀ ਛਬੀ (ਨਾਲ) ਦੋਹਾਂ ਲੋਕਾਂ (ਵਿਚ) ਚਾਨਣਾ (ਹੁੰਦਾ ਹੈ)। ਚਾਰ ਵਰਣਾਂ ਦੇ ਧਰਮ ਦਾ (ਏਹ) ਆਧਾਰ (ਹਨ, ਤਾਂਤੇ) ਚਹੁੰ ਅੱਖਰਾਂ ਨੂੰ ਮਨੋਂ ਕਦੀ ਨਾਂ ਵਿਸਾਰ।

ਭਾਵ— ਗਲੇ ਦਾ ਗਹਿਣਾ ਕਹਿਣ ਤੋਂ ਮੁਰਾਦ ਹੁੰਦੀ ਹੈ ਕਦੇ ਨਾ ਵਿਛੜਨ ਦੀ ਕਿਉਂਕਿ ਗਲੇ ਦਾ ਗਹਿਣਾ ਦਿਨ ਰਾਤ ਗਲੇ ਪਿਆ ਰਹਿੰਦਾ ਹੈ। ਸੋ ਵਾਹਿਗੁਰੂ ਨਾਮ ਮਨ ਵਿਚ ਇਉਂ ਪਵੇ ਕਿ ਜਿਵੇਂ ਚਾਰ ਪ੍ਰਕਾਰ ਦੇ ਗਹਿਣੇ ਇਕ ਵੇਰੀ ਪਏ ਆਪੇ ਕਦੀ ਨਹੀਂ ਉਤਰਦੇ। ਫਿਰ ਉਨਹਾਂ ਗਲੇ ਦੇ ਗਹਿਣਿਆਂ ਦਾ ਦੂਸਰਾ ਗੁਣ ਸੁੰਦਰਤਾ ਹੈ, ਪਰ ਓਹ ਛਬੀ ਇਸੇ ਇਕੋ ਲੋਕ ਦੀ ਹੈ, ਪਰ ਵਾਹਿਗੁਰੂ ਨਾਮ ਰੂਪ ਗਹਿਣੇ ਦੇ ਧਾਰਨ ਵਾਲੇ ਪੁਰਖ ਦੀ ਏਥੇ ਸ਼ੋਭਾ ਤੇ ਅੱਗੇ ਮੁਖ ਉਜਲਾ ਹੁੰਦਾ ਹੈ।

'ਈਤ ਊਤ ਜਨ ਸਦਾ ਸੁਹੇਲੇ'। [ਸੂਹੀ ਕਬੀਰ ਜੀ

ਪੁਨਾ—	ਮੁਖੁ ਊਜਲੁ	ਅਗਲੇ ਲੋਕ ਵਿਚ।
	ਸਦਾ ਸੁਖੀ	ਇਸ ਲੋਕ ਵਿਚ।
	ਨਾਨਕ ਸਿਮਰਤ ਏਕ ॥ [ਗਾਮ: ਮ: ੫	ਇਕ ਦੇ ਸਿਮਰਨ ਕਰਨ ਨਾਲ।

ਫਿਰ ਜਾਤੀ ਭੇਦ ਕੋਈ ਨਹੀਂ, ਕਿਸੇ ਵਰਣ ਦਾ ਆਦਮੀ ਜਪੇ, ਸਭਨਾਂ ਦੇ ਧਰਮ ਦਾ ਆਸਰਾ ਹਨ। ਇਸ ਤੋਂ ਬਿਨਾਂ ਨਿਰੇ ਧਰਮ ਫੋਕਟ ਰਹਿ ਜਾਂਦੇ ਹਨ ਜੈਸੇ ਸਤਿਗੁਰ ਜੀ ਨੇ ਦੱਸਿਆ ਹੈ:—'ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥ ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ' ॥ [ਅਕਾਲ ਉਸਤਤ

ਪੁਨਾ:—'ਕੇਵਲ ਕਰਮ' ਭਰਮ ਸੇ ਚੀਨਹੁ 'ਧਰਮ ਕਰਮ' ਅਨੁਰਾਗੋ। [ਗਾਮ: ਪਾ: ੧੦

ਸੋ ਨਾਮ ਸਾਰੇ ਧਰਮਾਂ ਦਾ ਆਧਾਰ ਹੈ। ਅੰਕ ੬੯ ਵਿਚ ਦੱਸ ਆਏ ਹਨ ਕਿ ਚਹੁੰ

☞ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਲਟਕਣ ਤੇ ਕੰਠੇ ਤੋਂ ਲਮੇਰੇ ਹੋਣ, ਜੈਸੇ—ਚੌਂਕੀ, ਜੁਗਨੀ, ਬੁਤਕੀ, ਮੁਹਰਾਂ, ਨਾਮ।

(੩) ਜੋ ਜੜਾਊ ਯਾ ਸਾਦੇ, ਰਤਨਾਂ ਵਾਲੇ ਯਾ ਕੱਚ ਦੇ ਥੇਵਿਆਂ ਵਾਲੇ ਹੋਣ, ਜੈਸੇ—ਹਾਰ, ਚੰਦ੍ਰਸੈਨੀ ਹਾਰ, ਰਾਣੀ ਹਾਰ, ਜੰਜੀਰੀ, ਨੌਲੱਖਾ ਹਾਰ, ਆਦਿ।

(੪) ਜੋ ਹਾਰ ਤੋਂ ਬੀ ਲੰਮੇ ਹੋਣ, ਨਕਲੀ ਯਾ ਅਸਲੀ ਮਣੀਆਂ ਜਿਨ੍ਹਾਂ ਵਿਚ ਪ੍ਰੋਤੀਆਂ ਜਾਣ ਯਾ ਸੋਨੇ ਦੇ ਮਣਕੇ ਬਣਾ ਕੇ ਪ੍ਰੋਤੇ ਜਾਣ, ਜੈਸੇ—ਲੰਮੀ ਮਾਲਾ, ਮੋਤੀ ਮਾਲਾ, ਕਪੂਰ ਮਾਲਾ, ਆਦਿ।

ਵਰਨਾਂ ਦਾ ਵਿਕਾਰ ਹਰਨ ਵਾਲੇ ਏਹ ਅੱਖਰ ਹਨ, ਏਥੇ ਦੱਸਦੇ ਹਨ ਕਿ ਚਾਰ ਵਰਨਾਂ ਦੇ ਧਰਮਾਂ ਦਾ ਆਸਰਾ ਵੀ ਏਹੀ ਹਨ।

ਤੀਸਰੀ ਤੁਕ ਵਿਚ ਬੀ 'ਬਰਨ' ਦਾ ਅਰਥ 'ਅੱਖਰ ਕਰੀਏ' ਤਾਂ ਅਰਥ ਬਣਦਾ ਹੈ:- (ਕਿ) ਇਹਨਾਂ ਚਾਰ ਅਖਰਾਂ ਨੂੰ (ਸਾਰੇ) ਧਰਮਾਂ ਦਾ ਆਧਾਰ (ਜਾਣਕੇ ਇਨ੍ਹਾਂ) ਚਾਰ ਅਖਰਾਂ ਨੂੰ ਕਦੇ ਮਨੋਂ ਨ ਵਿਸਾਰ। ਪਰ ਇਸ ਵਿਚ ਲਾ°ਨਤਾ ਨਹੀਂ।

ਦੋਹਰਾ-**ਜੀਵ ਪਰਾਤਮ ਮੇਲਕੇ ਕਿਧੌਂ ਦੁਭਾਸ਼ੀ ਚਾਰੁ।**
ਗਾਹਿਕ ਜੇ ਅਪਵਰਗ ਕੇ ਭਲੇ ਦਲਾਲ ਬਿਚਾਰਿ ॥78॥

{ ਦੁਭਾਸ਼ੀ=ਦ੍ਵਿਭਾਖਿਨ੍=ਦੋ ਬੋਲੀਆਂ ਜਾਨਣ ਵਾਲਾ, ਜੋ ਇੱਕੋ ਇੱਕ ਬੋਲੀ ਜਾਣਨ ਵਾਲਿਆਂ ਦਾ ਵਿਚੋਲਾ ਹੋਕੇ ਦੋਹਾਂ ਨੂੰ ਇਕ ਦੂਜੇ ਦੀ ਗਲ ਸਮਝਾ ਦੇਂਦਾ ਹੈ। ਵਿਚੋਲਾ।
ਚਾਰੁ=ਚਾਰੁ, ਸੁੰਦਰ। (ਅ) ਚਾਰ=੪। ਅਪਵਰਗ=ਮੁਕਤੀ। }

ਅਰਥ-(ਏਹ) ਚਾਰ (ਅੱਖਰ) ਜੀਵ ਤੇ ਪਰਮਾਤਮਾਂ ਦੇ ਮੇਲ ਦੇ ਮਾਨੋਂ ਦੁਭਾਸ਼ੀਏ ਹਨ, ਯਾ) ਜੋ (ਲੋਗ) ਮੁਕਤੀ ਦੇ ਖ਼ਰੀਦਾਰ ਹਨ (ਇਨ੍ਹਾਂ ਅੱਖਰਾਂ ਨੂੰ ਉਨ੍ਹਾਂ ਦੇ) ਭਲੇ ਦਲਾਲ ਵਿਚਾਰ ਲਓ।

ਭਾਵ-'ਵਾਹਿਗੁਰੂ' ਪਦ ਇਕ ਚਾਰ ਅੱਖਰੇ 'ਰੂਪਵਾਲਾ' ਪਦ ਹੈ, ਏਹ ਚਾਰੋਂ ਅੱਖਰ ਜ਼ਬਾਨ ਦੇ ਸਿਮਰਣ ਦਾ ਵਿਸ਼ਾ ਹਨ। ਇਸ ਤਰ੍ਹਾਂ ਤਾਂ ਏਹ ਰੂਪ ਵਾਲੇ ਹਨ ਤੇ ਦੇਹ ਧਾਰੀ ਜੀਵ ਦੇ ਸਮਝਣ ਤੇ ਵਰਤਣ ਗੋਚਰੇ ਹਨ, ਮਾਨੋਂ ਜੀਵ ਦੀ ਬੋਲੀ ਜਾਣਦੇ ਹਨ। ਫਿਰ ਇਨ੍ਹਾਂ ਦਾ ਭਾਵ ਅਰਥ ਅਕਾਲ ਪੁਰਖ ਜ੍ਯੋਤੀ ਸਰੂਪ ਹੈ। ਐਉਂ ਏਹ ਅੱਖਰ ਅਰੂਪ ਪਰਮਾਤਮਾਂ ਦਾ ਭਾਵ ਅਪਣੇ ਵਿਚ ਰੱਖਦੇ ਹਨ, ਮਾਨੋ ਪਰਮਾਤਮਾਂ ਦੀ ਬੋਲੀ ਬੋਲ ਜਾਣਦੇ ਹਨ, ਸੋ 'ਪਰਮੇਸ਼੍ਵਰ ਦੇ ਮਿਲਾਪ ਦੇ ਲੋੜਵੰਦਾਂ' ਤੇ 'ਪਰਮੇਸ਼੍ਵਰ' ਦੇ ਵਿਚਕਾਰ ਏਹ ਵਿਚੋਲੇ ਹਨ, ਜੋ ਦੋਵੇਂ ਅਵਸਥਾ ਰਖਦੇ ਹਨ।

ਜਦੋਂ ਪਿਆਰਾ ਅੱਖਾਂ ਦੇ ਸਾਹਮਣੇ ਹੋਵੇ ਤਾਂ ਪ੍ਰੇਮ ਦਾ ਸਰੂਪ ਇਹ ਹੁੰਦਾ ਹੈ ਕਿ ਅੱਖਾਂ ਉਸ ਨੂੰ ਉਹਲੇ ਹੋਣ ਦੇਣਾ ਨਹੀਂ ਚਾਹੁੰਦੀਆਂ। ਜਦੋਂ ਪਜਾਰਾ ਉਹਲੇ ਹੋਵੇ ਤਾਂ ਹ੍ਰਿਦੇ ਵਿਚ ਉਸ ਦੇ ਪ੍ਰੇਮ ਦਾ ਵਿਦਤ ਸਰੂਪ 'ਯਾਦ' ਹੁੰਦੀ ਹੈ। ਸੋ ਯਾਦ ਉਚਾਰਨ ਮਾਤ੍ਰ ਵਸਤੂ ਨਹੀਂ, ਇਹ ਤੇ ਇਸ ਤੋਂ ਵੱਧ ਹੈ। ਇਹ ਪ੍ਰੇਮ ਹੈ, ਯਾ ਯਾਦ ਦਾ ਅਭ੍ਯਾਸ ਪ੍ਰੇਮ ਵਿਚ ਪ੍ਰਫੁਲਤ ਹੁੰਦਾ ਹੈ। ਪਰ ਅਸੀਂ ਸਰੀਰਧਾਰੀ ਹੋਣ ਕਰਕੇ 'ਯਾਦ' ਨਾਮ ਦੁਆਰਾ ਹੀ ਕਰ ਸਕਦੇ ਹਾਂ। ਸੋ ਸਾਡਾ 'ਨਾਮ ਜਪਣਾ' 'ਯਾਦ ਕਰਨਾਂ' ਹੈ, ਯਾਦ ਪ੍ਰੇਮ ਦਾ ਰੂਪ ਹੈ। ਨਾਮ ਦੁਭਾਸ਼ੀਆ ਐਉਂ ਹੈ ਕਿ ਸਾਡੇ ਇਹ ਪ੍ਰੇਮ ਵਲਵਲੇ-ਜੋ ਕਦੇ ਗੁਣਾਨੁਵਾਦ ਦੇ ਰੂਪ ਵਾਲੇ ਹੁੰਦੇ ਹਨ ਤੇ ਕਦੇ ਬੇਨਤੀ ਵਾਲੇ, ਕਦੇ ਸ਼ੁਕਰ ਵਾਲੇ ਤੇ ਕਦੇ ਸਿਫਤ ਸਲਾਹ ਦੀ ਲੀਨਤਾ ਵਾਲੇ-ਸਾਈਂ ਪਾਸ ਪਹੁੰਚਾਉਂਦਾ ਹੈ। ਫਿਰ ਸਾਈਂ ਦਰੋਂ ਸਾਨੂੰ

ਸੰਦੇਸ਼ਾ ਐਉਂ ਪਹੁੰਚਾਉਂਦਾ ਹੈ ਕਿ ਸਾਈਂ ਵੱਲੋਂ ਜਦੋਂ ਸਿਮਰਨ ਕਰਦਿਆਂ ਸਾਡੇ ਤੇ ਮਿਹਰ ਹੁੰਦੀ ਹੈ ਤਾਂ ਸਾਡੇ ਸਿਮਰ੍ਣ ਵਿਚ ਹੀ ਬਰਕਤ ਪੈਂਦੀ ਹੈ ਤੇ ਰਸ ਪੈਣ ਲਗ ਜਾਂਦਾ ਹੈ,ਇਹ 'ਰਸ ਆਵੇਸ਼' ਪਰਮਾਤਮਾ ਦੇ ਦੇਸ਼ ਦਾ ਸੰਦੇਸ਼ਾ ਹੈ। ਸੋ ਸਾਡੇ ਜੀਵਾਂ ਦੀ ਮੋਟੀ ਬੋਲੀ ਦਾ 'ਨਾਮ ਸਿਮਰ੍ਣ' ਦਾ ਅਰਥ--ਪ੍ਰੇਮ--ਹੈ ਇਹੋ ਨਾਮ ਸਾਈਂ ਸ਼ਰਨ ਪਹੁੰਚਾਉਂਦਾ ਹੈ,ਸਾਈਂ ਦੀ ਮਿਹਰ– ਰਸ ਆਵੇਸ਼ ਰੂਪ ਵਿਚ– ਸਾਡੇ ਅੰਦਰ ਪਹੁੰਚਾਉਂਦਾ ਹੈ।

ਦਲਾਲ ਬੀ ਵੇਚਣ ਵਾਲੇ ਤੇ ਖ਼੍ਰੀਦਾਰ ਵਿਚ ਸੌਦਾ ਸਮਝੌਤਾ ਕਰਾਉਂਦਾ ਹੈ। ਇਥੇ ਰੂਪਕ ਇਹ ਹੈ ਕਿ ਵਾਹਿਗੁਰੂ ਸ਼ਾਹ ਹੈ ਜੀਵ ਖ਼ਰੀਦਾਰ ਹੈ। ਸੌਦਾ (ਅਪਵਰਗ) ਮੁਕਤੀ ਯਾ ਪਰਮ ਪਦ ਹੈ, ਜਗਯਾਸੂ ਦੇ ਪਾਸ ਰਾਸ ਸ਼ੁਭ ਗੁਣਾਂ ਦੀ ਹੈ। ਇਸ ਰਾਸ ਨਾਲ ਪਦਾਰਥ ਮਿਲਦਾ ਨਹੀਂ, ਜੀਵ ਨੂੰ ਭੇਤ ਪਤਾ ਨਹੀਂ। ਜਦ ਨਾਮ ਦਲਾਲ ਲੱਭ ਪੈਂਦਾ ਹੈ ਤਾਂ ਜੀਵ ਦੇ ਗੁਣਾਂ ਉਤੇ 'ਪ੍ਰੇਮ' ਦੀ ਪੇਉਂਦ–ਨਾਮ–ਕਰ ਦੇਂਦਾ ਹੈ*, ਪ੍ਰੇਮ ਰੂਪੀ ਰਾਸ ਵਾਹਿਗੁਰੂ ਨੂੰ ਪਜਾਰੀ ਹੈ, ਇਸ ਕਰਕੇ ਨਾਮ ਹੀ ਹੈ ਜੋ ਮੁਕਤੀ ਦਾ ਸੌਦਾ ਵਾਹਿਗੁਰੂ ਤੋਂ ਜੀਵ ਨੂੰ ਲੈ ਦੇਂਦਾ ਹੈ। ਯਥਾ–

'ਕਲ ਮੈ ਮੁਕਤਿ ਨਾਮ ਤੇ ਪਾਵਤ' [ਬਿਲਾ: ਮ: ੯

ਇਸੇ ਭਾਵ ਨੂੰ ਗੁਸਾਈਂ ਤੁਲਸੀ ਦਾਸ ਜੀ ਨੇ ਐਉਂ ਕਥਨ ਕੀਤਾ ਹੈ–

ਅਗੁਨ ਸਗੁਨ ਵਿਚ ਨਾਮ ਸੁ ਸਾਖੀ। ਉਭਯ ਪ੍ਰਬੋਧਕ ਚਤੁਰ ਦੁਭਾਖੀ।

ਭਵ ਬੰਧਨੁ ਕੇ ਆਮ ਕੋ ਆਖਯ ਭੇਖਜੁ ਚਾਰੁ।
ਭ੍ਰਮ ਤਮ ਕੋ ਸਮ ਭਾਨੁ ਕੇ ਦੇਤਿ ਸਪਦ ਉਰ ਟਾਰਿ ॥ ੭੫ ॥

[ਭਵ ਬੰਧਨੁ=ਸੰਸਾਰ ਦੇ ਬੰਧਨ। ਸੰਸਾਰ ਦੇ ਓਹ ਧੰਧੇ, ਓਹ ਖਿੱਚਾਂ ਵਾਲੇ ਕੰਮ ਜੋ ਮਨ ਨੂੰ ਸਾਈਂ ਵਲ ਲੱਗਣ ਦੀ ਵਿਹਲ ਤੇ ਅਵਸਰ ਹੀ ਨਹੀਂ ਲਗਣ ਦੇਂਦੇ। ਇਨ੍ਹਾਂ ਦਾ ਕਾਰਣ ਹਉਮੈਂ ਹੈ।

ਆਮ=ਬੀਮਾਰੀ, ਰੋਗ।

ਆਖਯ=ਅਕਸ਼ਯ ਜੋ ਖੈ ਨਾ ਹੋਵੇ, ਅਪਣਾ ਅਸਰ ਕੀਤੇ ਬਿਨਾਂ ਬ੍ਰਿਥਾ ਨਾ ਜਾਣ ਵਾਲੀ।

ਭੇਖਜੁ ਚਾਰੁ–ਭੇਖਜੁ=ਦਵਾਈ, ਦਾਰੂ। } ਸੁਹਣੀ ਦਵਾਈ।
ਚਾਰੁ=ਸੁੰਦਰ। }

(ਅ) ਚਾਰ ਪ੍ਰਕਾਰ ਦੀ ਦਵਾਈ। ਔਸ਼ਧੀਆਂ ਆਪਣੇ ਮੂਲ ਵਿਚ ਚਾਰ ਕਿਸਮਾਂ ਦੀਆਂ ਹਨ:–(੧) ਧਾਤਾਂ ਤੋਂ ਬਨਣ ਵਾਲੀਆਂ, ਜੈਸੇ:–ਫਟਕੜੀ, ਕੁਸ਼ਤਾ ਫੌਲਾਦ। (੨) ਜੜੀ ਬੂਟੀ, ਬਨਸਪਤੀ ਤੋਂ, ਜੈਸੇ: -ਮੁਲੱਠੀ। (੩) ਜੋ ਜਾਨਵਰਾਂ ਤੋਂ ਉਪਜੇ, ਜੈਸੇ:–ਕਸਤੂਰੀ। (੪) ਜੋ ਇਨ੍ਹਾਂ ਤਿੰਨਾਂ ਯਾ ਦੋਹੂੰ ਦੇ ਮੇਲ ਤੋਂ ਬਣੇ।

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣ–
ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ। [ਸਰੀ: ਮ: ੧

ਅਤ੍ਰੀਫਲ ਆਦਿ ਮਿਸ੍ਰਤ ਦਵਾਈਆਂ।
ਤਾਸੀਰ ਦੇ ਲਿਹਾਜ਼ ਤੇ ਬੀ ਦਵਾਈਆਂ ਚਾਰ ਪ੍ਰਕਾਰ ਦੀਆਂ ਹਨ:–

੧. ਸ਼ੋਧਨ–ਜੋ ਸਰੀਰ ਤੋਂ ਮੈਲ ਦੂਰ ਕਰਕੇ ਨਿਰੋਗ ਕਰਨ, ਜੈਸੇ:–ਜੁਲਾਬ, ਫਸਦ ਆਦਿ।
੨. ਸ਼ਮਨ–ਸਰੀਰਕ ਖੇਚਲ ਨੂੰ ਕਿਸੇ ਪ੍ਰਕਾਰ ਠੰਢ ਪਾਵਨ, ਜੈਸੇ:–ਪੀੜਾ ਨੂੰ ਅਫੀਮ।
੩. ਆਕਰਖਣ–ਜੋ ਦੋਸ਼ਾਂ ਨੂੰ ਸ਼ੋਧਨ ਵਾਂਙੂ ਕੱਢੇ ਬਿਨਾਂ ਬੀਮਾਰੀ ਨੂੰ ਵੱਲ ਕਰਨ, ਜਿਸ ਤਰ੍ਹਾਂ ਲੰਘਨ (ਫ਼ਾਕਾ)।
੪. ਪੋਸ਼ਟਕ–ਜੋ ਖੀਣ ਧਾਤੂਆਂ ਦੀ ਪੂਰਤੀ ਕਰਕੇ ਤਾਕਤ ਭਰਨ, ਸੁਸਥ ਕਰਨ। ਫੌਲਾਦ ਆਦਿ।

ਤਮ=ਹਨੇਰਾ, ਭ੍ਰਮ ਰੂਪੀ ਹਨੇਰਾ; ਹਿਰਦੇ ਵਿਚ ਜੋ ਅਗ੍ਯਾਨ ਦਾ ਹਨੇਰਾ ਹੁੰਦਾ ਹੈ। (ਅ) ਜੜ੍ਹਤਾ।
ਭਾਨੁ=ਸੂਰਜ। ਸਪਦ=ਸ਼ੀਘ੍ਰ, ਛੇਤੀ। ਉਰ=ਹਿਰਦਾ।
ਟਾਰਿ=ਟਾਲਣਾ, ਦੂਰ ਕਰਨਾ, ਇਹ ਤੁਕ ਅਰਥ ਕਰਨ ਤੋਂ ਪਹਿਲਾਂ ਐਉਂ ਪੜ੍ਹਨੀ ਚਾਹੀਏ:–
ਭ੍ਰਮ ਤਮ ਕੋ ਭਾਨੁ ਕੇ ਸਮ ਉਰ (ਤੇ) ਸਪਦ ਟਾਰ ਦੇਤਿ।

ਅਰਥ–(ਜੀਵ ਦੇ) ਸੰਸਾਰ ਦੇ ਬੰਧਨਾਂ (ਵਿਚ ਬੰਧਾਇਮਾਨ ਹੋਣ) ਦੀ ਬੀਮਾਰੀ (ਹਉਮੈਂ) ਲਈ (ਇਹ ਵਾਹਿਗੁਰੂ ਨਾਮ ਦੇ ਅੱਖਰ) ਖਾਲੀ ਨਾ ਜਾਣ ਵਾਲੀ ਸੁੰਦਰ (ਯਾ ਚਾਰ ਪ੍ਰਕਾਰ ਦੀ) ਦਵਾਈ ਹੈ। ਭਰਮ ਰੂਪੀ ਅੰਧੇਰੇ ਨੂੰ (ਇਹ ਅੱਖਰ) ਸੂਰਜ ਵਾਂਙੂ ਹਿਰਦੇ ਵਿਚੋਂ ਛੇਤੀ ਦੂਰ ਕਰ ਦੇਂਦੇ ਹਨ!

ਭਾਵ–ਭਵ ਬੰਧਨ ਹਨ ਓਹ ਰੁਕਾਵਟਾਂ ਜੋ ਸਾਈਂ ਵੱਲ ਲਗਣ ਨਹੀਂ ਦੇਂਦੀਆਂ। ਉਨ੍ਹਾਂ ਦਾ ਮੂਲ ਹੈ, ਹਉਮੈਂ। ਹਉਮੈਂ ਬੀਮਾਰੀ ਹੈ। ਸਤਿਗੁਰ ਜੀ ਨੇ ਦੱਸਿਆ ਹੈ ਕਿ ਹਉਮੈਂ ਮਹਾਨ ਰੋਗ ਹੈ। ਯਥਾ:–ਹਉਮੈ ਦੀਰਘ ਰੋਗੁ ਹੈ [ਆਸਾ ਵਾਰ ਮ: ੧]। ਉਸ ਰੋਗ ਨੂੰ ਦੂਰ ਕਰਨ ਵਾਲੀ ਦਵਾਈ 'ਵਾਹਿਗੁਰੂ' ਨਾਮ ਹੈ। ਯਥਾ:– 'ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜਿ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥' [ਆਸਾ ਵਾਰ ਮ: ੧]। ਨਾਮ ਦੀ ਕਮਾਈ ਨਾਲ ਹਉਮੈ ਰੋਗ ਦੂਰ ਹੁੰਦਾ ਹੈ।

ਜਿਹੜਾ ਨਾਮ ਨੂੰ ਚਾਰ ਪ੍ਰਕਾਰ ਦੀ ਔਖਧੀ ਲਿਖਿਆ ਹੈ, ਉਸ ਦੀ ਵੀਚਾਰ ਏਹ ਹੈ:–

(੧) ਸ਼ੋਧਨ–ਮਨ ਦਾ ਇਕ ਵਿਕਾਰ ਹੈ ਮੈਲ=ਪਾਪਾਂ ਵਲ ਰੁਚੀ, ਇਸ ਨੂੰ ਨਾਮ ਸਿਮਰਣ ਦੂਰ ਕਰ ਦੇਂਦਾ ਹੈ। ਯਥਾ ਗੁਰਵਾਕ:–'ਪ੍ਰਭ ਕੈ ਸਿਮਰਨਿ

ਮਨ ਕੀ ਮਲੁ ਜਾਇ।'

(੨) ਸ਼ਮਨ–ਮਨ ਦਾ ਇਕ ਵਿਕਾਰ ਹੈ, ਵਿਕਸ਼ੇਪ=ਖਿੰਡੇ ਰਹਿਣਾ। ਇਸ ਰੋਗ ਨੂੰ ਨਾਮ ਸਿਮਰਣ ਟਿਕਾਉ ਬਖਸ਼ਦਾ ਹੈ। ਯਥਾ ਗੁਰਵਾਕ:–'ਮਨੁ ਪਰਬੋਧਹੁ ਹਰਿਕੈ ਨਾਇ॥ ਦਹਦਿਸਿ ਧਾਵਤ ਆਵੈ ਠਾਇ॥' [ਗਉ: ਸੁਖ. ਮ: ੫

(੩) ਆਕਰਖਣ–ਮਨ ਦੀ ਇਕ ਬੀਮਾਰੀ ਹੈ–ਵਿਸ਼ਯਾਸ਼ਕਤੀ=ਇੰਦ੍ਰਿਆਂ ਦੇ ਭੋਗ ਰਸਾਂ ਵਿਚ ਆਸ਼ਕਤ ਹੋਣਾ। ਨਾਮ ਸਿਮਰਣ ਨਾਲ ਮਨ ਇੰਦ੍ਰੇ-ਭੋਗਾਂ ਤੋਂ ਉਪ੍ਰਾਮ ਹੋ ਮਾਨੋਂ ਲੰਘਨ ਕਰਦਾ ਹੈ। ਯਥਾ ਗੁਰਵਾਕ:–'ਜਾਸੁ ਜਪਤ ਵਸਿ ਆਵਹਿ ਪੰਚਾ॥' [ਗਉ: ਮ: ੫

(੪) ਪੋਸ਼ਟਕ–ਮਨ ਦੈਵੀ ਗੁਣਾਂ ਦੇ ਧਾਰਨ ਤੋਂ ਕਮਜ਼ੋਰ ਤੇ ਦ੍ਰਿਸ਼ਟਾ ਪਦ ਵਿਚ ਸਿੱਧਾ ਖੜਾ ਹੋ ਪਰਮਾਤਮਾ ਨਾਲ ਸਦਾ ਲੱਗੇ ਰਹਿਣ ਤੋਂ ਨਿਤਾਣਾ ਹੈ। ਨਾਮ ਸਿਮਰਣ ਨਾਲ ਦੈਵੀ ਗੁਣ ਸੁਤੇ ਸਿੱਧ ਆ ਟਿਕਦੇ ਹਨ। ਅਰ ਦ੍ਰਿਸ਼ਟਾ ਪਦ ਵਿਚ ਖੜੋਨਾ ਤੇ ਸਾਂਈ ਮੇਲ ਵਿਚ ਲਗਾਉ ਅਰਥਾਤ 'ਕਮਲ ਪ੍ਰਕਾਸ਼' ਪ੍ਰਾਪਤ ਹੋ ਜਾਂਦਾ ਹੈ। ਯਥਾ ਗੁਰਵਾਕ:–'ਖੇਮ ਸਾਂਤਿ ਰਿਧਿ ਨਵ ਨਿਧਿ॥ ਬੁਧਿ ਗਿਆਨੁ ਸਰਬਤਹ ਸਿਧਿ॥ ਬਿਦਿਆ ਤਪੁ ਜੋਗੁ ਪ੍ਰਭ ਧਿਆਨੁ। ਗਿਆਨੁ ਸ੍ਰੇਸਟ ਊਤਮ ਇਸਨਾਨੁ॥ ਚਾਰਿ ਪਦਾਰਥ ਕਮਲ ਪ੍ਰਗਾਸ॥ ਸਭ ਕੈ ਮਧਿ ਸਗਲ ਤੇ ਉਦਾਸ॥ ਸੁੰਦਰੁ ਚਤੁਰੁ ਤਤ ਕਾ ਬੇਤਾ॥ ਸਮਦਰਸੀ ਏਕ ਦ੍ਰਿਸਟੇਤਾ॥ ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥ ੬॥' [ਗਉ: ਸੁਖ: ਮ: ੫

ਚੌਪਈ–ਜੇ ਭਵ ਸਾਵਜ ਕਰਹਿਂ ਅਤੰਕਾ। ਨਾਮੁ ਕੇਹਰੀ ਤਕਹਿਂ ਸੁ ਅੰਕਾ।
ਜੇ ਨਰ ਗ੍ਰਸੇ ਕਲੁਖ ਅਹੇਸ਼ਾ*। ਜਾਹਿਂ ਸ਼ਰਨ ਸੋ ਨਾਮ ਖਗੇਸ਼ਾ ॥੭੬॥

[ਸਾਵਜ=ਸਾਮਜ–ਹਾਥੀ।
ਸਾਵਕ=ਹਾਥੀ ਦਾ ਬੱਚਾ। ਕਿਸੇ ਜਾਨਵਰ ਦਾ ਬੱਚਾ।
ਕਰਹਿਂ ਅਤੰਕਾ=ਡੋਰ ਕਰਦੇ ਹਨ, ਭਾਵ ਡਰ ਮੰਨਦੇ ਹਨ।
ਕੇਹਰੀ=ਸ਼ੇਰ। [ਹਿੰਦੀ, ਕੇਹਰੀ। ਪੰਜਾਬੀ, ਕੇਹਰ। ਸੰਸ:, ਕੇਸਰੀ]। ਸ਼ੇਰ ਹਾਥੀ ਨੂੰ ਮਾਰ ਸੁਟਦਾ ਹੈ।
ਅੰਕ=ਗੋਦ, ਮੁਰਾਦ ਸ਼ਰਣ ਤੋਂ ਹੈ। ਤਕਹਿਂ ਸੁ ਅੰਕਾ=ਓਹ ਸ਼ਰਣ ਤੱਕਣ, ਭਾਵ ਓਹ ਸ਼ਰਣ ਲੈਣ।
ਕਲੁਖ=ਦੋਖ, ਪਾਪ।
ਅਹੇਸ਼ਾ=[ਅਹਿ+ਈਸ਼=ਅਹੀਸ਼] ਅਹੀਸ਼ ਦਾ ਅਰਥ ਹੈ ਸੱਪਾਂ ਦਾ ਰਾਜਾ, ਸੱਪਾਂ ਦਾ ਰਾਜਾ ਸ਼ੇਸ਼ਨਾਗ ਹੈ, ਉਹ ਆਪ ਨਾਮ ਜਪਣ

*ਪਾਠਾਂਤ੍ਰ–ਜੇ ਨਰ ਗ੍ਰਸੇ ਕਲੁਖ ਅਹੇਸ਼ਾ–ਬੀ ਹੈ।

{ ਵਾਲਾ ਹੈ ਇਸ ਕਰਕੇ ਇਹ ਅਰਥ ਢੁਕਦਾ ਨਹੀਂ।
ਸੰਸਕ੍ਰਿਤ ਰੀਤੀ ਮੂਜਬ ਅਹਿ+ਈਸ਼=ਅਹੀਸ਼ ਬਨਣਾ ਚਾਹੀਏ, ਅਹੇਸ਼—ਬਣਨਾ ਠੀਕ ਨਹੀਂ, ਪਰ ਜੇ ਭਾਸ਼ਾ ਵਿਚ ਅਹੇਸ਼ ਠੀਕ ਸਮਝ ਲਈਏ ਤਾਂ ਇਸਦਾ ਅਰਥ ਨਾਗ ਕਰ ਲੈਣਾ ਠੀਕ ਹੈ। ਕਿਉਂਕਿ ਵਾਸਕਿ ਆਦਿ ਨਾਗਾਂ ਨੂੰ ਬੀ 'ਅਹਿਪਤ' ਕਹ ਲੈਂਦੇ ਹਨ। ਏਹ ਨਾਗ ਪੁਰਾਣਾਂ ਵਿਚ ਅੱਠ ਲਿਖੇ ਹਨ:—ਅਨੰਤ, ਵਾਸੁਕਿ, ਪਦਮ, ਮਹਾਂਪਦਮ, ਤਕਸ਼ਕ, ਕੁਲੀਰ, ਕਕੋਰਟਕ, ਸ਼ੰਖ।
ਖਗੇਸ਼=ਖਗ=ਪੰਛੀ।
ਈਸ਼=ਈਸ਼੍ਵਰ। } ਖਗੇਸ਼=ਪੰਛੀਆਂ ਦਾ ਰਾਜਾ, ਗਰੁੜ।
ਗਰੁੜ ਸੱਪਾਂ ਨੂੰ ਮਾਰ ਸੁਟਦਾ ਹੈ। }

ਅਰਥ—ਜੋ ਸੰਸਾਰ (ਰੂਪੀ) ਹਾਥੀ (ਤੋਂ) ਡਰ ਮੰਨਦੇ ਹਨ ਓਹ ਨਾਮ (ਰੂਪੀ) ਸ਼ੇਰ ਦੀ ਸ਼ਰਣ ਲੈਣ। ਜੋ ਪੁਰਖ ਪਾਪ (ਰੂਪੀ) ਨਾਗ ਨੇ ਗ੍ਰਸ ਲਏ ਹਨ (ਉਨ੍ਹਾਂ ਨੂੰ ਚਾਹੀਦਾ ਹੈ ਕਿ) ਓਹ ਨਾਮ (ਰੂਪੀ) ਗਰੁੜ ਦੀ ਸ਼ਰਣ ਜਾ ਪੈਣ।

ਭਵ ਸਾਗਰ ਮਹਿਂ ਖਾਤਿ ਜਿ ਗੋਤੂ। ਗਹੈਂ ਕਿਉਂ ਨ ਸ੍ਰੀ ਨਾਮ ਜਿ ਪੋਤੂ।
ਸਿਮਰਨ ਮਹਿਂ ਕਿਛੁ ਖਰਚ ਨ ਖੇਦਾ॥ਹੈ ਸੁਖੇਨ ਸੁਖਦਾਨ ਅਛੇਦਾ ॥੭੭॥

{ ਗੋਤੂ=ਗੋਤੇ। ਗਹੈਂ=ਪਕੜਦੇ। ਪੋਤੂ=ਪੋਤ—ਜਹਾਜ਼।
ਸੁਖਦਾਨ=ਸੁਖ ਦਾ ਦਾਤਾ।
ਅਛੇਦਾ=ਅਛੇਦ੍ਯ—ਜੋ ਛੇਦਿਆ ਨਾ ਜਾ ਸਕੇ, ਕੱਟਿਆ ਨਾ ਜਾ ਸਕੇ, ਅਟੱਲ। ਜੋ ਮਰਕੇ ਬੀ ਨਾ ਟੁੱਟੇ, ਏਥੇ ਬੀ ਰਹੇ ਤੇ ਅਗੇ ਬੀ ਨਾਲ ਜਾਵੇ। ਸਦਾ ਰਹਿਣ ਵਾਲਾ। }

ਅਰਥ—ਸੰਸਾਰ ਰੂਪੀ ਸਮੁੰਦਰ ਵਿਚ ਜੋ (ਨਰ) ਗੋਤੇ ਖਾਂਦੇ ਹਨ, ਉਹ ਸ੍ਰੀ (ਵਾਹਿਗੁਰੂ) ਨਾਮ ਰੂਪੀ ਜਹਾਜ਼ (ਦਾ ਆਸ੍ਰਾ) ਕਿਉਂ ਨਹੀਂ ਫੜ ਲੈਂਦੇ? (ਨਾਮ) ਸਿਮਰ੍ਣ ਵਿਚ (ਨਾ ਤਾਂ) ਕੁਛ ਖਰਚ (ਹੈ ਤੇ) ਨਾ ਖੇਚਲ, (ਨਾਮ ਜਪਣਾ) ਸੌਖਾ (ਕੰਮ) ਹੈ (ਤੇ) ਅਛੇਦ ਸੁਖ ਦਾ ਦਾਤਾ ਹੈ।

ਭਾਵ—ਇੱਥੇ ਹੁਣ ਨਾਮ ਨੂੰ ਜਹਾਜ਼ ਦਾ ਰੂਪਕ ਦਿੱਤਾ ਹੈ, ਭਾਵ ਉਹੋ ਕਿ ਇਹ ਰੱਖਿਆ ਕਰਨ ਵਾਲਾ ਤੇ ਤ੍ਰਾਣ ਕਰਤਾ ਹੈ। ਖਰਚ ਤੇ ਖੇਦ ਰਹਿਤ ਕਹਿਣ ਤੋਂ ਭਾਵ ਹੈ:—

੧. ਵਾਹਿਗੁਰੂ ਨਾਮ ਨੂੰ ਸੰਸਾਰੀ ਧਨ ਤੋਂ ਰਹਿਤ ਪੁਰਖ ਭੀ ਜਪ ਸਕਦਾ ਹੈ। ਧੁਨੀ ਏਹ ਹੈ ਕਿ ਯੱਗ੍ਯ, ਦਾਨ, ਤੀਰਥ ਆਦਿ ਧਨ ਤੋਂ ਬਿਨਾਂ ਸਿੱਧ ਨਹੀਂ ਹੋ ਸਕਦੇ। ਜੇ ਹੋ ਜਾਣ ਤਾਂ ਉਨ੍ਹਾਂ ਦਾ ਫਲ ਪਾਪ ਪੁੰਨ ਮਿਸ਼੍ਰਤ ਹੈ। ਵਾਹਿਗੁਰੂ ਸਿਮਰ੍ਣ ਵਿਚ ਮਾਯਾ ਤੇ ਧਨ ਕੁਛ ਨਹੀਂ ਖਰਚ ਹੁੰਦਾ ਤਾਂਤੇ ਪ੍ਰਾਣੀ ਮਾਤ੍ਰ ਇਸਨੂੰ ਜਪ ਸਕਦੇ ਹਨ, ਇਹ ਇਉਂ ਅਮੁੱਲ (ਮੁੱਲ ਤੋਂ ਬਿਨਾਂ) ਮਿਲਦਾ ਹੈ। ਪਰ ਆਪਣੇ ਫਲ ਵਿਚ ਇਹ ਅਮੁੱਲ (ਅਮੋਲਕ) ਹੈ। ਜੋ

ਅਮੁੱਲ ਦੁਆਰਾ ਵਿਸਮਾਦ ਵਿਚ ਲੈ ਜਾਂਦਾ ਹੈ। ਯਥਾ 'ਅਮੁਲਾ ਸਮਾਹਿ'। ਫਿਰ ਏਹ ਨਿਰੋਲ ਪੁੰਨ ਰੂਪ ਹੈ।

੨. ਇਸੇ ਤਰ੍ਹਾਂ ਤਪ, ਆਸਨ, ਪ੍ਰਾਣਾਯਾਮ ਆਦੀ ਕਰਮ ਭਾਵੇਂ ਧਨ ਤੋਂ ਬਿਨਾ ਹੀ ਸਿੱਧ ਹੋ ਸਕਦੇ ਹਨ ਪਰ ਉਨ੍ਹਾਂ ਵਿਚ ਖੇਦ ਹੁੰਦਾ ਹੈ। ਵਾਹਿਗੁਰੂ ਸਿਮਰ੍ਣ ਵਿਚ ਨਿਰੋਲ ਸੁਖ ਹੀ ਸੁਖ ਹੈ (ਭਾਵੇਂ ਲਗਾਤਾਰ ਚੇਤੇ ਰੱਖਣ ਦਾ ਜਤਨ ਜ਼ਰੂਰੀ ਹੈ) ਪਰ ਤਨ ਤਾਪਨ ਤੇ ਤਨ ਪੀੜਨ ਆਦਿ ਖੇਦ ਕੋਈ ਭੀ ਨਹੀਂ।

[ਇਤਿ ਮੰਗਲ]।

ਸੂਚਨਾ—ਹੁਣ ਪਿਛਲੇ ਮੰਗਲ ਕਥਨ ਦਾ ਕਵਿ ਜੀ ਦਾ ਅਪਨਾ ਮਨੋਰਥ ਵਰਣਨ ਹੁੰਦਾਹੈ:—

ਦੋਹਰਾ—**ਸੁੰਦਰ ਸਤਿਗੁਰੁ ਕੀ ਕਥਾ ਗੁਨ ਮੰਦਿਰ ਸੁਖਕੰਦ।**
ਬਰਨਨ ਤਿਸਕੋ ਅਬ ਕਰੋਂ ਹੋਵਹਿ ਬਿਘਨ ਨਿਕੰਦ।੮੮।

[ਗੁਨ ਮੰਦਿਰ=ਗੁਣ ਮੰਦਿਰ—ਗੁਣਾਂ ਦਾ ਮੰਦਿਰ, ਗੁਣਾਂ ਦਾ ਘਰ, ਸਾਰੇ ਗੁਣਾਂ ਦਾ ਸਮੁਦਾਇ। (ਅ) ਗੁਣ+ਮੰਦਰ=ਗੁਣਾਂ ਦਾ ਮੰਦ੍ਰਾਚਲ। ਗੁਣਾਂ ਦਾ ਪਰਬਤ।

ਸੁਖ ਕੰਦ=ਸੁਖ ਰੂਪੀ ਫਲ, ਸੁਖ ਫਲ।

ਕੰਦ=ਅਸਲ ਵਿਚ ਜੜ੍ਹ ਨੂੰ ਕਹਿੰਦੇ ਹਨ ਪਰ ਉਸ ਜੜ੍ਹ ਨੂੰ ਜੋ ਮੁਲਾਇਮ ਤੇ ਖਾਣ ਦੇ ਕੰਮ ਦੀ ਹੋਵੇ, ਜਿਸ ਤਰ੍ਹਾਂ ਸ਼ਕਰਕੰਦੀ ਹੁੰਦੀ ਹੈ। ਹੈਨ ਤਾਂ ਇਹ ਚੀਜ਼ਾਂ ਜੜ੍ਹਾਂ ਪਰ ਖਾਣ ਵਿਚ ਮਾਨੋ ਜ਼ਿਮੀਂ ਦੇ ਅੰਦਰਲੇ ਫਲਾਂ ਸਮਾਨ ਹਨ। ਇਸ ਵਾਸਤੇ ਆਮ ਤੌਰ ਤੇ ਕੰਦ ਦਾ ਅਰਥ ਫਲ ਕਰਨ ਲਗ ਪਏ ਹਨ। (ਅ) ਸੁਖਾਂ ਦਾ ਬੱਦਲ, ਭਾਵ ਸੁੱਖਾਂ ਦਾ ਦਾਤਾ।]

ਅਰਥ—ਹੁਣ ਮੈਂ ਸੁਹਣੇ ਸਤਿਗੁਰ (ਗੁਰੂ ਨਾਨਕ ਦੇਵ ਜੀ) ਦੀ ਕਥਾ (ਜੋ) ਗੁਣਾਂ ਦਾ ਪਰਬਤ ਤੇ ਸੁਖਾਂ ਦਾ ਕੰਦ ਹੈ ਤਿਸ ਨੂੰ ਵਰਣਨ ਕਰਦਾ ਹਾਂ, (ਮੇਰੇ ਕਾਰਜ ਵਿਚ ਹੋਣ ਵਾਲੇ ਸਾਰੇ) ਵਿਘਨ ਮੂਲੋਂ ਕੱਟੇ ਜਾਣ।

ਸੂਚਨਾ—ਹੁਣ ਸ੍ਰੀ ਗੁਰ ਨਾਨਕ ਪ੍ਰਕਾਸ਼ ਦਾ ਖਾਕਾ ਮਾਨੋਂ ਖਿੱਚਦੇ ਹਨ:—

ਸ੍ਰੀ ਨਾਨਕ ਸੁ* ਪ੍ਰਕਾਸ਼ ਮੈਂ ਕਹੌਂ ਕਥਾ ਇਹ ਆਦਿ।
ਅੰਗਦ ਬਾਲੇ ਕੋ ਮਿਲਨ ਪੁਨ ਤਿਨ ਕੋ ਸੰਬਾਦ॥੮੯॥

ਚੌਪਈ—**ਪੁਨ ਸ਼੍ਰੀਨਾਨਕ ਜਨਮੁ ਸੁਹਾਵਾ। ਸ਼ਿਸ਼ਲੀਲਾ ਬਹੁਨਰਨਦਿਖਾਵਾ॥**
ਕਹੌਂ ਕਥਾ ਕਿਯ† ਮੋਦੀ ਖਾਨਾ। ਤਿਹ ਤਜਿ ਦੇਸ਼ ਬਿਲੋਕੇ ਨਾਨਾ॥੯੦॥

---

*ਕਈਆਂ ਨੁਸਖਿਆਂ ਵਿਚ ਪਾਠ—ਸੁ—ਨਹੀਂ ਹੈ ਤੇ—ਨਾਨਕ ਪਰਕਾਸ਼—ਪਾਠ ਹੈ।
†ਪਾਠਾਂਤ੍ਰ—ਕੀਜ—ਤੇ—ਕਿਓ—ਬੀ ਹਨ।

ਜਹਿਂ ਤਹਿਂ ਸਿੱਖੀ ਰੀਤਿ ਚਲਾਈ। ਪੁਰਿ ਕਰਤਾਰ ਬਸੇ ਪੁਨ ਆਈ।
ਸਿੱਖੀ ਪਰਖੀ ਸਿੱਖਨ ਕੀ ਜਬ। ਸ੍ਰੀ ਅੰਗਦ ਕੋ ਤਖਤ ਦਿਯੋ ਤਬ।੯੧।
ਅਸ ਗੁਰ ਕੀਰਤਿ ਕਰਿਹੋਂ ਗ੍ਰੰਥੂ। ਸੁਨਿ ਸੁਖ ਪਾਵਹਿਂ ਗੁਰ ਕੇ ਪੰਥੂ।

ਸੰਬਾਦ={ ਸੰ=ਭਲੀ ਪ੍ਰਕਾਰ / ਬਾਦ=(ਵਦ੍=ਬੋਲਨਾ) ਬਚਨ }=ਗਲ ਬਾਤ। ਬਾਤ ਚੀਤ।
ਸੁਹਾਵਾ=ਸੁੰਦਰ।
ਸ਼ਿਸ਼ੁ ਲੀਲਾ=ਬਾਲਕ ਪਨੇ ਦੀ ਲੀਲਾ। ਬਚਪਨ ਦੇ ਕੌਤਕ। ਬਾਲ ਚੋਜ।
ਨਰਨ=ਨਰਾਂ ਨੂੰ। ਬਿਲੋਕੇ=ਦੇਖੇ। ਨਾਨਾ=ਬਹੁਤੇ।
ਪੁਨ=ਫੇਰ। ਅਸ=ਐਸੀ।
ਗ੍ਰੰਥੂ=ਗ੍ਰੰਥਨ—ਬੰਨ੍ਹਣਾ, ਤਰਤੀਬ ਦੇਣੀ। ਗੁੰਥਨ ਕਰਨਾ, ਜਿਵੇਂ ਪੋਥੀ।
ਕਰਹੋਂ ਗ੍ਰੰਥੂ=ਗ੍ਰੰਥਨੰ ਕਰਾਂਗਾ। ਗ੍ਰੰਥ ਰਚਾਂਗਾ।
(ਅ) ਕਿਤੇ ਪਾਠ ਹੈ 'ਕਹੋਂ ਗਰੰਥੂ', ਇਸ ਦਾ ਬੀ ਅਰਥ ਹੋਊ ਗਰੰਥ ਯਾ ਪੋਥੀ ਰਚਾਂਗਾ।
ਪੰਥੂ=ਪੰਥ ਵਾਲੇ, ਮੁਰਾਦ ਸਿੱਖਾਂ ਤੋਂ ਹੈ।

ਅਰਥ—(ਇਸ ਪੋਥੀ ਅਰਥਾਤ) ਸ੍ਰੀ (ਗੁਰ) ਨਾਨਕ ਪ੍ਰਕਾਸ਼ ਵਿਚ ਪਹਿਲੀ ਕਥਾ ਮੈਂ ਇਹ ਕਹਾਂਗਾ (ਜਿਸ ਵਿਚ ਸ੍ਰੀ ਗੁਰੂ) ਅੰਗਦ (ਦੇਵ ਜੀ ਨੂੰ) ਬਾਲੇ ਦਾ ਮਿਲਨਾ ਤੇ ਫਿਰ (ਗੁਰ ਨਾਨਕ ਜੀ ਦੇ ਇਤਿਹਾਸ ਪਰ ਪਰਸਪਰ) ਬਾਤਚੀਤ (ਦਾ ਜ਼ਿਕਰ ਹੋਵੇਗਾ)।

ਫੇਰ ਸ੍ਰੀ (ਗੁਰੂ) ਨਾਨਕ (ਦੇਵ ਜੀ ਦੇ) ਸੁਹਣੇ ਅਵਤਾਰ (ਲੈਣ ਦੀ, ਫੇਰ) ਬਾਲਕ ਲੀਲਾ (ਜੋ) ਬਹੁਤੇ ਨਰਾਂ ਨੂੰ ਦਿਖਾਈ, (ਫੇਰ) ਮੋਦੀ ਖਾਨੇ ਕਰਨ ਦੀ, (ਫੇਰ) ਉਸ ਨੂੰ ਛੱਡਕੇ ਨਾਨਾ ਦੇਸ਼ ਦੇਖਣ (ਦੀ) ਕਥਾ ਕਹਾਂਗਾ।

(ਫੇਰ) ਜਿੱਥੇ ਕਿੱਥੇ ਸਿੱਖੀ ਰੀਤ (ਜਿਵੇਂ) ਚਲਾਈ, ਫਿਰ ਕਰਤਾਰ ਪੁਰ ਆਕੇ (ਜਿਵੇਂ) ਵੱਸੇ, (ਫੇਰ) ਜਦ ਸਿੱਖਾਂ ਦੀ ਸਿੱਖੀ (ਜਿਵੇਂ) ਪਰਖੀ (ਤੇ) ਸ੍ਰੀ (ਗੁਰੂ) ਅੰਗਦ ਜੀ ਨੂੰ ਤਦੋਂ (ਜਿਵੇਂ) ਤਖ਼ਤ ਦਿੱਤਾ (ਸਭਨਾਂ ਗੱਲਾਂ ਦਾ) ਐਸਾ ਗੁਰੂ ਜੱਸ ਦਾ ਗ੍ਰੰਥ ਰਚਾਂਗਾ (ਕਿ ਜਿਸ ਨੂੰ) ਸੁਣਕੇ ਗੁਰੂ ਜੀ ਦੇ ਪੰਥ (ਤੇ ਟੁਰਨ) ਵਾਲੇ ਸੁਖ ਪਾਉਣਗੇ।

ਸੂਚਨਾ—ਹੁਣ ਗੁਰ ਕੀਰਤੀ ਨੂੰ ਨਦੀ ਦੇ ਰੂਪਕ ਵਿਚ ਵਰਣਨ ਕਰਦੇ ਹਨ ਤੇ ਇਸ ਤੋਂ ਲਾਭ ਲੈਣ ਦੀ ਜਾਚ ਦੱਸਦੇ ਹਨ।

ਗੁਰ ਕੀਰਤਿ ਸਰਿਤਾ ਜਿਵ ਬਰਨੀ।ਮੰਗਲ ਕਰਨਿ ਅਮੰਗਲ ਹਰਨੀ।੯੨।

ਦੋਹਰਾ—ਭਵ ਬੰਧਨੁ ਬ੍ਰਿਖ ਕੇ ਸਹਿਤ ਭਰਮ ਬਿਮੁਖਤਾ* ਕੂਲ।
ਕਹਨਿ ਸੁਨਨਿ ਪਰਵਾਹਿ ਤਿਹ ਢਾਹਿ ਉਖਾਰਹਿ ਮੂਲ ॥੯੩॥

ਸਰਿਤਾ=ਨਦੀ। ਬਰਨੀ=ਵਰਣਨ ਕੀਤੀ ਹੈ।
ਅਮੰਗਲ=ਅ+ਮੰਗਲ=ਜੋ ਮੰਗਲ ਨਾ ਹੋਵੇ। ਦੁਖ, ਵਿਘਨ ਆਦਿ।
ਹਰਨੀ=ਦੂਰ ਕਰਨ ਵਾਲੀ।
ਭਵ ਬੰਧਨ ਬ੍ਰਿਖ=ਸੰਸਾਰ ਦੇ ਬੰਧਨਾਂ ਰੂਪੀ ਬ੍ਰਿੱਛ, ਜਿਸ ਦਾ ਬੀਜ ਹੈ ਹਉਮੈਂ ਤੇ ਅੰਕੁਰ ਹੈ ਮਮਤਾ [ਦੇਖੋ ਸ੍ਰੀ ਗੁ: ਨਾ: ਪ੍ਰ: ਉ: ਅਧਜਾ: ੫੫ ਅੰਕ ੧] ਬਿਮੁਖਤਾ=ਬੇਮੁਖਤਾਈ।
ਭਰਮ=ਸੰਸਾ। ਕੂਲ=ਕਿਨਾਰਾ, ਕੰਢਾ।
ਪਰਵਾਹਿ=ਨਦੀ ਦਾ ਵੇਗ ਨਾਲ ਚਲ ਰਿਹਾ ਜਲ।
(ਅ) ਕਥਾ, ਵਾਰਤਾ; ਵਜਾਖਜਾਨ ਆਦਿ ਜਦ ਸੁੰਦਰਤਾ ਨਾਲ ਕਥੇ ਜਾ ਰਹੇ ਹੋਣ ਤਾਂ ਉਸ ਨੂੰ ਬੀ ਪਰਵਾਹ ਕਹਿੰਦੇ ਹਨ।
ਮੂਲ=ਜੜ੍ਹਾਂ। ਭਾਵ, ਹਉਮੈਂ।

ਅਰਥ—ਗੁਰੂ (ਜੀ ਦੀ) ਕੀਰਤੀ (ਜੋ ਮੈਂ) ਵਰਣਨ ਕੀਤੀ (ਹੈ) ਨਦੀ ਵਾਂਙੂ ਹੈ, (ਜੋ) ਮੰਗਲ ਦੇਣ ਵਾਲੀ ਤੇ ਅਮੰਗਲ ਦੂਰ ਕਰ ਦੇਣ ਵਾਲੀ ਹੈ।

ਭਰਮ ਤੇ ਬੇਮੁਖਤਾਈ (ਰੂਪੀ ਦੋ) ਕਿਨਾਰੇ (ਹਨ,ਜਿਨ੍ਹਾਂ ਉਤੇ) ਸੰਸਾਰ ਦੇ ਬੰਧਨਾਂ (ਰੂਪੀ) ਬ੍ਰਿੱਛ (ਉਗ ਰਿਹਾ ਹੈ,ਇਸ ਸੁੱਕੀ ਨਦੀ ਵਿਚ ਜੇ ਗੁਰੂ ਕੀਰਤੀ)ਦੇ ਕਥਨ ਕਰਨ ਤੇ ਸੁਣਨ ਦਾ ਪ੍ਰਵਾਹ (ਚਲ ਪਵੇ ਤਾਂ) ਤਿਨ੍ਹਾਂ (ਦੋਹਾਂ ਕਿਨਾਰਿਆਂ ਨੂੰ) ਢਾਹ ਘੱਤੇਗਾ, (ਨਾਲ ਹੀ ਉਸ ਬ੍ਰਿੱਛ ਨੂੰ) ਜੜੋਂ ਪੁਟ ਸੱਟੇਗਾ।

ਚੌਪਈ—ਗੁਰ ਸਿੱਖਨ ਮੱਜਨ ਹੈ ਜੋਗੂ। ਗੁਰ ਸਿੱਖੀ ਸੁਖ ਆਨੰਦ ਭੋਗੂ।
ਨਿੰਦਕ ਜੌਨ ਅਸੂਯਾ ਸਹਿਤੂ।ਤਿਨਕੇ ਯੋਗ ਨ ਇਹੁ ਦੁਖ ਦਹਿਤੂ।੯੪।

ਮੱਜਨ=ਇਸ਼ਨਾਨ।
ਅਸੂਯਾ=ਈਰਖਾ, ਸਾੜਾ। ਦੂਸਰੇ ਦੇ ਗੁਣ ਦੇਖਕੇ ਜਲਨਾ।
'ਜੌਨ ਅਸੂਯਾ ਸਹਿਤੂ' ਨਿੰਦਕ ਦਾ ਵਿਸ਼ੇਸ਼ਨ ਨਹੀਂ ਹੈ, ਕਿਉਂਕਿ ਨਿੰਦਕ ਤਾਂ ਈਰਖਾ ਤੋਂ ਖਾਲੀ ਕਦੇ ਹੁੰਦਾ ਹੀ ਨਹੀਂ। ਦੂਸਰੇ, ਅਗਲੀ ਤੁਕ ਵਿਚ ਪਦ 'ਤਿਨਕੇ' ਹੈ, ਤਿਨਕੇ ਬਹੁ ਬਚਨ ਹੈ, ਜਿਸ ਤੋਂ ਸਪਸ਼ਟ ਹੈ ਕਿ ਨਿੰਦਕ ਤੇ ਈਰਖਾ ਵਾਲੇ ਦੋਹਾਂ ਵਾਸਤੇ—ਤਿਨਕੇ—ਪਦ ਆਯਾ ਹੈ।
ਦਹਿਤੂ=ਸਾੜ। ਦੁਖ ਦਹਿਤੂ=ਸਾੜੇ ਦਾ ਦੁਖ। ਅਥਵਾ ਦੁਖ ਦੇਂਦੀ ਹੈ ਅਰ ਸਾੜਦੀ ਹੈ, ਭਾਵ ਜੋ ਗੁਰ ਸਿੱਖਾਂ ਨੂੰ ਠੰਢ ਪਾਉਂਦੀ ਹੈ ਉਹ

---

*ਪਾਠਾਂਤ੍ਰ—ਭਰਮ ਬੇਮੁਖਤਾ—ਬੀ ਹੈ।

ਨਿੰਦਕਾਂ ਨੂੰ ਸਾੜਦੀ ਹੈ, ਜਿਵੇਂ ਬਿਰਹਨੀ ਨੂੰ ਚੰਦ ਤੱਤਾ ਲਗਦਾ ਹੈ। (ਅ) ਨਦੀ ਦਾ ਵਿਸ਼ੇਖਣ ਹੈ, ਭਾਵ ਇਹ ਕਿ ਗੁਰ ਕੀਰਤੀ ਰੂਪੀ ਨਦੀ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ।

ਅਰਥ—(ਇਹ ਗੁਰ ਕੀਰਤੀ ਰੂਪੀ ਨਦੀ) ਗੁਰ ਸਿੱਖਾਂ ਦੇ ਇਸ਼ਨਾਨ ਕਰਨ ਦੇ ਜੋਗ ਹੈ, ਗੁਰੂ ਕੀ ਸਿੱਖੀ (ਇਸ ਇਸ਼ਨਾਨ ਨਾਲ) ਸੁਖ ਤੇ ਆਨੰਦ ਭੋਗਦੀ ਹੈ, (ਪਰੰਤੁ) ਨਿੰਦਕ (ਅਤੇ ਹੋਰ ਜੋ ਕੋਈ) ਈਰਖਾ ਵਾਲਾ ਹੈ ਇਹ ਦੁਖਾਂ ਨੂੰ ਦੂਰ ਕਰਨੇ ਵਾਲੀ (ਨਦੀ) ਉਨ੍ਹਾਂ ਦੇ (ਇਸ਼ਨਾਨ) ਜੋਗ ਨਹੀਂ ਹੈ।

ਸ੍ਰੁਤ ਦਰ ਸੋਂ ਚਲਿ ਕੈ ਸੁ ਪ੍ਰਵਾਹੂ। ਉਰ ਸਾਗਰ ਮਹਿ ਇਸਥਿਤ ਆਹੂ।
ਤੌਬ ਮਤਿ ਸੁਕਤਾ ਤਿਹ ਪਰ ਤਰਿਹੀ।ਪ੍ਰੇਮ ਬੂੰਦਕੀ ਲਾਲਸ ਕਰਿਹੀ॥੯੫॥

ਸ੍ਰੁਤ ਦਰ=ਕੰਨਾਂ ਰੂਪੀ ਦ੍ਰਾੜ [ਸੰਸ:, ਦਰ=ਦ੍ਰਾੜ]। ਇੱਥੇ ਦਰ ਦਾ ਅਰਥ ਦਰਵਾਜ਼ਾ ਨਹੀਂ, ਨਦੀਆਂ ਦਰਵਾਜ਼ੇ ਥਾਣੀ ਨਹੀਂ ਲੰਘਦੀਆਂ। ਕੰਨ ਦੀ ਸੂਰਤ ਬੀ ਦ੍ਰਾੜ ਵਰਗੀ ਹੈ।
ਸ੍ਰੁਤ ਦਰ ਸੋਂ ਚਲਿ ਕੈ=ਕੰਨਾਂ ਰੂਪੀ ਦ੍ਰਾੜ ਦੇ ਵਿੱਚ ਦੀ ਲੰਘਕੇ।
ਸੁ=ਉਹ। ਉਰ ਸਾਗਰ=ਹਿਰਦੇ ਰੂਪੀ ਸਮੁੰਦਰ।
ਇਸਥਿਤਿ ਆਹੂ=ਸਥਿਤ ਹੋ ਜਾਂਦੀ ਹੈ, ਟਿਕ ਜਾਂਦੀ ਹੈ।
ਮਤਿ=ਬੁੱਧੀ।
ਸੁਕਤਾ=ਸ਼ੁਕ੍ਤਿ—ਸਿੱਪ, ਸਿੱਪੀ ਜਿਸ ਵਿਚੋਂ ਮੋਤੀ ਨਿਕਲਦੇ ਹਨ।

ਅਰਥ—ਕੰਨਾਂ ਰੂਪੀ ਦ੍ਰਾੜ ਦੇ ਵਿਚਦੀ ਲੰਘਕੇ ਉਹ (ਕੀਰਤੀ ਦਾ) ਪ੍ਰਵਾਹ ਹਿਰਦੇ (ਰੂਪੀ) ਸਮੁੰਦਰ ਵਿਚ (ਜਾਕੇ) ਟਿਕ ਜਾਂਦਾ ਹੈ, ਤਦ ਬੁੱਧੀ (ਰੂਪੀ) ਸਿੱਪੀ ਉਸ (ਟਿਕੇ ਪਾਣੀ) ਉਤੇ ਤਰ ਪੈਂਦੀ ਹੈ ਤੇ ਪ੍ਰੇਮ ਬੂੰਦ ਦੀ (ਪ੍ਰਾਪਤੀ ਦੀ) ਲਾਲਸਾ ਕਰਦੀ ਹੈ।

ਭਾਵ—ਗੁਰੂ ਜੀ ਦੀ ਕੀਰਤੀ ਸੁਣਕੇ ਮਤ ਵਿਚ ਉਮੰਗ ਪੈਦਾ ਹੁੰਦੀ ਹੈ ਜੋ ਪ੍ਰੇਮ ਦੀ ਲਾਲਸਾ ਕਰਦੀ ਹੈ। ਪ੍ਰੇਮ ਨੂੰ ਅਗਲੇ ਦੋਹੇ ਵਿਚ ਸ੍ਵਾਂਤਿ ਬੂੰਦ ਨਾਲ ਤੁੱਲਤਾ ਦੇਂਦੇ ਹਨ, ਕਿ ਇਸਨੂੰ ਫੇਰ ਪ੍ਰੇਮ ਦੀ ਬੂੰਦ ਮਿਲ ਜਾਂਦੀ ਹੈ ਤਾਂ ਬੁੱਧੀ ਫੇਰ ਟਿਕ ਜਾਂਦੀ ਹੈ, ਉਹ ਪ੍ਰੇਮ ਵਿਚ ਟਿਕੀ ਬੁੱਧੀ ਫੇਰ ਅਮੋਲਕ ਹੋ ਜਾਂਦੀ ਹੈ।

ਦੋਹਰਾ—**ਸ੍ਵਾਂਤਿ ਬੂੰਦ ਜਬ ਪ੍ਰੇਮ ਕੀ ਪਰਸੀ* ਤਿਹ ਕੋ ਆਇ।**
ਹੁਇ ਅਡੋਲ ਤਬ ਬੈਸਹੀ ਨਹਿੰ ਇਤ ਉਤ ਕੋ ਧਾਇ॥ ੯੬॥

ਅਰਥ—(ਇਸ ਹਾਲ ਵਿਚ) ਜਦ ਪ੍ਰੇਮ ਦੀ ਸ੍ਵਾਂਤੀ ਬੂੰਦ ਉਸ ਨੂੰ ਆਕੇ ਛੁਹ ਜਾਏ ਤਦ (ਤਤਛਿਨ ਉਹ) ਅਡੋਲ ਹੋਕੇ ਬੈਠ ਜਾਂਦੀ ਹੈ, (ਫਿਰ) ਇਧਰ ਉਧਰ

*ਪਾਠਾਂਤ੍ਰ—ਪਰਮੇ—ਬੀ ਹੈ।

ਨਹੀਂ ਧਾਉਂਦੀ, (ਭਾਵ ਏਹ ਕਿ ਚਿਤ ਬ੍ਰਿਤੀ ਏਕਾਗ੍ਰ ਹੋਕੇ ਆਪੇ ਵਿਚ ਟਿਕ ਜਾਂਦੀ ਹੈ)।

ਚੌਪਈ–ਸਾਕਤ ਖਰ ਨਹਿਮੱਜਨਕਰਿਹੀਂ। ਬਿਸ਼ੈਠੌਰਦੁਰਗੰਧਹਿਫਿਰਹੀਂ।
ਜਿਉਂ ਕਿਉਂ ਤਿਹ ਬਨੁ ਜਾਇਸੰਜੋਗੂ।ਹੋਤਿ ਗੁੜਾਕਾ ਤਿਨਤਨੁ ਰੋਗੂ।੯੭।

[ਸਾਕਤ=ਟੁੱਟੇ ਹੋਏ, ਵਾਹਿਗੁਰੂ ਤੋਂ ਜਿਨਾਂ ਦੀ ਲਿਵ ਟੁੱਟੀ ਹੋਈ ਹੈ। ਈਸ਼੍ਵਰ ਵਿਮੁਖ। [ਸੰ:, ਸਾਕ੍ਤ]
ਖਰ=ਖੋਤਾ। [ਫਾ:, ਖ਼ਰ]। ਬਿਸ਼ੈ ਠੌਰ=ਵਿਸ਼ੇ ਵਿਕਾਰਾਂ ਦੀ ਥਾਂ।
ਦੁਰਗੰਧਹਿ=ਦੁਰਗੰਧੀ ਵਾਲੀ ਥਾਂ, ਭਾਵ ਅਰੂੜੀਆਂ ਤੇ।
ਗੁੜਾਕਾ=ਨੀਂਦ। [ਸੰਸ:, ਗੁਡਾਕਾ]]

ਅਰਥ–(ਪਰੰਤੂ) ਸਾਕਤ (ਪੁਰਖ) ਖੋਤੇ (ਸਮਾਨ ਹਨ ਉਹ ਇਸ ਗੁਰ ਕੀਰਤੀ ਰੂਪੀ ਨਦੀ ਵਚ) ਇਸ਼ਨਾਨ ਨਹੀਂ ਕਰਦੇ, (ਓਹ ਜਿਵੇਂ ਖੋਤਾ ਦੁਰਗੰਧੀ (ਵਾਲੀ ਥਾਂ ਫਿਰਦਾ ਹੈ ਤਿਵੇਂ) ਵਿਸ਼ੇ ਵਿਕਾਰ ਵਾਲੀਆਂ ਥਾਂਵਾਂ ਤੇ ਫਿਰਦੇ ਹਨ, (ਭਲਾ ਜੇ) ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੂੰ (ਗੁਰਕੀਰਤੀ ਸੁਣਨ ਦਾ) ਸੰਜੋਗ ਬਣ (ਹੀ) ਜਾਵੇ (ਤਦ) ਉਨ੍ਹਾਂ ਦੇ ਸਰੀਰ ਨੂੰ (ਉਸ ਵੇਲੇ) ਨੀਂਦ ਦਾ ਰੋਗ ਲਗ ਜਾਂਦਾ ਹੈ।

ਭਾਵ–ਜੇ ਕਿਸੇ ਨਾ ਕਿਸੇ ਤਰ੍ਹਾਂ ਸੰਜੋਗ ਬਣ ਜਾਏ, ਭਾਵ ਕਿਸੇ ਕਾਰਣ ਸਾਕਤ ਲੋਗ ਸਤਿਸੰਗ ਵਿਚ ਆ ਹੀ ਜਾਣ ਤਾਂ ਸੌਂ ਜਾਂਦੇ ਹਨ, ਗੁਰੂ ਜਸ ਫੇਰ ਬੀ ਸੁਣਨੋਂ ਰਹਿ ਜਾਂਦੇ ਹਨ।

ਸੋਰਠਾ–ਸਰਿਤਾ ਤਟ ਸਤਿਸੰਗ ਪਾਇ ਨ ਸ੍ਰਵਨ ਸ਼ਨਾਨ ਭਾ।
ਗੁਰ ਜਸੁ ਗੂੜ੍ਹਓ ਰੰਗ ਰੰਗਯੋ ਨ ਮਨ ਦਹਦਿਸਿ ਫਿਰਯੋ।੯੮।

[ਸਰਿਤਾ=ਨਦੀ। ਤਟ=ਕਿਨਾਰਾ। ਭਾਵ, ਘਾਟ।
ਪਾਇ=ਪਾਕੇ, ਅੱਪੜ ਕੇ। ਨ ਸ਼ਨਾਨ ਭਾ=ਇਸ਼ਨਾਨ ਨਾ ਪ੍ਰਾਪਤ ਹੋਇਆ।
ਫਿਰਯੋ=ਮਨ ਫਿਰਿਆ, ਭਾਵ ਭਟਕਿਆ।
ਇਹ ਸੋਰਠਾ ਪਿਛਲੇ ਕਹੇ ਗੁੜਾਕੂਆਂ ਲਈ ਹੈ ਕਿ ਸਤਿਸੰਗ ਵਿਚ ਅਪੱੜਕੇ ਭੀ ਲਾਭ ਨਾ ਹੋਯਾ, ਸਗੋਂ ਮਨ ਸੁਪਨਿਆਂ ਵਿਚ ਭਟਕਦਾ ਫਿਰਿਆ।
ਪਰ ਹੋ ਸਕਦਾ ਹੈ ਕਿ ਕਵਿ ਜੀ ਨਿਜ ਮਨ ਨੂੰ ਸੰਬੋਧ ਕਰਦੇ ਹੋਣ ਕਿ ਤੂੰ ਸਤਿਸੰਗ ਤੋਂ ਗੁਰੂ ਜਸ ਨਾਲ ਉੱਜਲਤਾ ਤੇ ਪ੍ਰੇਮ ਪ੍ਰਾਪਤ ਨਹੀਂ ਕੀਤੇ।]

ਅਰਥ–(ਗੁਰ ਕੀਰਤੀ ਰੂਪੀ) ਨਦੀ ਦੇ ਸਤਿਸੰਗ (ਰੂਪੀ) ਘਾਟ (ਤੇ) ਅੱਪੜਕੇ

(ਗੁਰੂ ਯਸ਼) ਸੁਣ ਲੈਣ (ਰੂਪੀ) ਇਸ਼ਨਾਨ ਪ੍ਰਾਪਤ ਨਾ ਹੋਇਆ, (ਨਾਂ ਹੀ ਮਨ) ਗੁਰੂ ਜਸ ਦੇ (ਪ੍ਰੇਮ ਰੂਪੀ) ਗੂੜ੍ਹੇ ਰੰਗ (ਨਾਲ) ਰੰਗਿਆ ਗਿਆ, (ਸਗੋਂ) ਮਨ ਦਸੋ ਦਿਸ਼ਾ (ਵਿਚ ਭਟਕਦਾ) ਫਿਰਿਆ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੰਗਲਾ ਚਰਨ, ਨਾਮ ਮਹਿਮਾ ਬਰਨਨੰ' ਨਾਮ ਪ੍ਰਥਮੋ ਧ੍ਯਾਇ*।

{ ਇਤਿ=ਸਮਾਪਤ ਹੋਇਆ। ਪੂਰਬਾਰਧ=ਪਹਿਲਾ ਅੱਧਾ ਹਿੱਸਾ।
ਬਰਨਨੰ=ਵਰਣਨ। ਪ੍ਰਥਮੋ ਧ੍ਯਾਇ=ਪਹਿਲਾ ਅਧ੍ਯਾਯ। }

ਅਰਥ—ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧੇ (ਹਿੱਸੇ ਦਾ) ਪਹਿਲਾ ਅਧ੍ਯਾਯ ਜਿਸਦਾ ਨਾਮ 'ਮੰਗਲਾ ਚਰਨ, ਨਾਮ ਮਹਿਮਾ ਵਰਣਨ' ਹੈ, ਸਮਾਪਤ ਹੋਇਆ।

ਅਧ੍ਯਾਯ ਦੂਜਾ

[ਮੰਗਲ। ਪੱਟੀ ਲਿਆਉਲੀ, ਬਾਲੇ ਦਾ ਗੁਰੂ ਅੰਗਦ ਜੀ ਨੂੰ ਮਿਲਣਾ]

ਸੈਯਾ-ਬਲਵੰਡ ਬਡੇ ਭੁਜਦੰਡ ਪ੍ਰਚੰਡ ਅਖੰਡ ਅਦੰਡ ਕਰੇ ਖਲ ਖੰਡਾ।
ਰਨਮੰਡ ਉਮੰਡ ਘਮੰਡਿਤ ਚੰਡਿ ਅਖੰਡਲ ਕੇ ਅਰਿ ਕੀਨ ਬਿਹੰਡਾ।
ਕਰ ਹੇਰਿ ਕੁਵੰਡਹ ਤੁੰਡਹ ਪੰਡੁ ਭਗੇ ਜਸ ਮੰਡਨ ਭਾ ਬ੍ਰਹਮੰਡਾ।
ਸਿਧਿਦਾ ਨਿਧਿਦਾ ਰਿਧਿਦਾ ਬੁਧਿਦਾ ਜੁਧ ਮੱਧ ਸਹਾਇਸਦਾਭਵਮੰਡਾ॥੧॥

[ਬਲਵੰਡ=ਬਲਵੰਤ—ਬਲਵਾਨ।
ਭੁਜਦੰਡ=ਡੰਡੇ ਵਰਗੀਆਂ ਮਜ਼ਬੂਤ ਬਾਹਾਂ। (ਅ) ਬਾਹਾਂ ਦੇ ਡੌਲੇ।]

---

*ਲਿਖਤ ਦੇ ਇਕ ਨੁਸਖੇ ਵਿਚ ਪਾਠ ਹੈ:—ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ, ਨਾਨਕ ਪ੍ਰਕਾਸ਼ੇ, ਪੂਰਬਾਰਧੇ, ਮੰਗਲਾ ਚਰਨ ਨਾਮ ਮਹਿਮਾ ਬਰਨਨੰ ਨਾਮ ਪ੍ਰਥਮੋ ਅੰਸੂ।

ਇਸਤੋਂ ਜਾਪਦਾ ਹੈ ਕਿ ਲੇਖਕ ਜੀ ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸ਼ਾਮਲ ਕਰ ਰਹੇ ਹਨ, ਪਤਾ ਨਹੀਂ ਇਹ ਕਿਸੇ ਲਿਖਾਰੀ ਦਾ ਜਤਨ ਹੈ ਯਾ ਕਰਤਾ ਜੀ ਨੇ ਆਪ ਗੁਰ ਪ੍ਰਤਾਪ ਸੂਰਜ ਗ੍ਰੰਥ ਮੁਕਾਕੇ ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਵਿਚ ਸ਼ਾਮਲ ਕੀਤਾ ਹੈ। ਕਿਵੇਂ ਹੋਵੇ, ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਸ੍ਰੀ ਗੁਰ ਨਾਨਕ ਪ੍ਰਕਾਸ਼ ਦਾ ਸ਼ਾਮਲ ਕਰਨਾ, ਗ੍ਰੰਥ ਦੀ ਆਯੂ ਬ੍ਰਿਧੀ ਲਈ ਬੜਾ ਗੁਣਦਾਇਕ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਜੋ ਦੋ ਹਿਸਿਆਂ ਵਿਚ ਵੰਡਿਆ ਹੈ ਇਸ ਵਿਚ ਭੀ ਗ਼ਾਲਬਨ ਇਹੋ ਮੁਰਾਦ ਹੈ, ਦਿਨ ਦਾ ਪਹਿਲਾ ਹਿੱਸਾ ਪੂਰਬਾਰਧ ਤੇ ਪਿਛਲਾ ਹਿੱਸਾ ਉੱਤ੍ਰਾਰਧ ਕਹੀਦਾ ਹੈ। ਗੋਯਾ ਨਾਨਕ ਪ੍ਰਕਾਸ਼ ਵਿਚ ਗੁਰੂ ਰੂਪੀ ਸੂਰਜ ਚੜ੍ਹਿਆ ਹੈ, ਤੇ ਇਸਨੂੰ ਸੂਰਜ ਉਦੇ ਦਿਨ ਮਿਥਕੇ ਦੋ ਹਿੱਸੇ ਕੀਤੇ ਹਨ, ਅੱਗੋਂ ਉਸੇ ਸੂਰਜ ਤੋਂ ਬਣੀਆਂ ਰਾਸ਼ੀਆਂ, ਰੁੱਤਾਂ ਤੇ ਐਨ ਪਦ ਵਰਤੇ ਹਨ। ਪਰੰਤੂ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਹਿੱਸਿਆਂ ਨੂੰ—ਅਧ੍ਯਾਯ—ਕਿਹਾ ਹੈ ਤੇ ਰਾਸਾਂ ਰੁੱਤਾਂ ਐਨਾਂ ਦੇ ਹਿੱਸਿਆਂ ਨੂੰ—ਅੰਸੂ—ਕਿਹਾ ਹੈ।

ਪ੍ਰਚੰਡ=ਤੇਜ ਵਾਲੇ। ਅਖੰਡ=ਅਟੁੱਟ, ਜੋ ਭੱਜ ਨ ਸੱਕਣ।
ਅਦੰਡ=ਅ+=ਦੰਡ=ਜਿਨ੍ਹਾਂ ਨੂੰ ਦੰਡ ਨਾ ਦਿੱਤਾ ਜਾ ਸਕੇ, ਨਿਰਭੈ।
ਖਲ=ਮੂਰਖ। ਖੰਡਾ=ਖੰਡ ਦਿੱਤੇ, ਟੋਟੇ ਕਰ ਸਿੱਟੇ, ਨਾਸ਼ ਕੀਤੇ।
ਰਨਮੰਡ=ਰਣ+ਮੰਡ=ਮੈਦਾਨ ਜੰਗ ਸਜੇ ਹੋਏ ਵਿਚ। ਰਣ ਤੱਤੇ ਯਾ ਰਣ ਮੱਤੇ ਵਿਚ। ਉਮੰਡ=ਜੋਸ਼ ਨਾਲ।
ਘਮੰਡਿਤ=ਘਮੰਡ ਵਿਚ ਆਕੇ, ਭਾਵ ਰਣ ਵਿਚ ਵੈਰੀ ਨੂੰ ਵੰਗਾਰਕੇ (ਮਾਰਨਾ)। ਵੰਗਾਰਕੇ।
ਚੰਡ=ਇੱਕ ਦੈਂਤ ਜਿਸਨੂੰ ਦੇਵੀ ਨੇ ਮਾਰਿਆ ਸੀ। (ਅ) ਚੰਡਿ, ਚੰਡੀ=ਚੰਡਿਕਾ ਦੇਵੀ। ਰਾਖਸ਼ਾਂ ਨੂੰ ਮਾਰਨ ਵਾਲਾ ਦੇਵੀ ਦਾ ਰੂਪ। ਸ਼ਕਤੀ।
ਅਖੰਡਲ=ਆਖੰਡਲ=ਇੰਦ੍ਰ*। ਅਰਿ=ਵੈਰੀ।
ਬਿਹੰਡਾ=[ਸੰਸ:, ਵਿਘਟਨ, ਵਿਹਨਨੰ। ਪ੍ਰਾਕ੍ਰਿਤ, ਬਿਹੰਡਨ]=ਟੋਟੇ ਟੋਟੇ ਕਰ ਸਿਟਣੇ, ਮਾਰ ਦੇਣਾ, ਪ੍ਰਾਜੇ ਕਰਨਾ।
ਕਰ=ਹੱਥ। ਹੇਰਿ=ਦੇਖਕੇ।
ਕੁਵੰਡਹ=ਧਨੁਖ। [ਸੰਸ: ਕੋਦੰਡ, ਹਿੰਦੀ, ਕੁਬੰਡ]।
ਤੁੰਡਹ=ਤੁੰਡ–ਮੂੰਹ।
ਪੰਡੁ=ਪਾਂਡੂ ਰੰਗ ਦੇ, ਪੀਲੇ, ਪਿੱਲੇ। ਮੂੰਹ ਪੀਲਾ ਹੋਣਾ, ਭੈ ਖਾਣਾ ਹੈ।
ਮੰਡਨਭਾ=ਅਸਥਾਪਨ ਹੋਇਆ, ਫੈਲਿਆ ਹੋਇਆ।
ਬ੍ਰਹਮੰਡਾ=ਜਗਤ ਵਿਚ।
ਸਿਧਿ ਦਾ ਨਿਧਿ ਦਾ ਰਿਧਿ ਦਾ ਬੁਧਿ ਦਾ=ਸਿਧਿ, ਨਿਧਿ, ਰਿਧੀ ਤੇ ਬੁੱਧੀ ਦਾ ਦਾਤਾ। ਨਿਧੀਆਂ ਤੇ ਸਿਧੀਆਂ ਲਈ ਵੇਖੋ ਪਹਿਲੇ ਅਧ੍ਯਾਯ ਦੇ ੧੭ ਵੇਂ ਛੰਦ ਦੇ ਪਦਾਰਥ।
ਰਿਧਿ=ਖੁਸ਼ਹਾਲੀ। ਕਿਸੇ ਸ਼ੁਭ ਵਸਤੂ ਦੀ ਅਮੁੱਕ ਪ੍ਰਾਪਤੀ। ਪਿੱਛੇ ਜੁੱਧ ਦੇ ਗੁਣ ਗਿਣੇ ਹਨ; ਹੁਣ ਬੁੱਧਿ ਦਾਤਾ ਅਰਥਾਤ ਵਿਦ੍ਯਾ ਆਦਿਕ ਗੁਣ ਗਿਣੇ ਹਨ ਤੇ ਵਿਦ੍ਯਕ ਕੰਮਾਂ ਵਿਚ ਸਿਧਿ (ਕਾਮਯਾਬੀ) ਦੇਣ ਵਾਲੇ ਗੁਣ ਕਹੇ ਹਨ।
ਭਵਮੰਡਾ=ਭਵ [ਭਯ]=ਡਰ। ਮੰਡਾ [ਮਰਦਨ ਤੋਂ]=ਮਲ ਸਿੱਟਣ ਵਾਲੀ। (ਅ)–ਭਵ=ਸੰਸਾਰ : ਮੰਡਾ [ਮੰਡਨੰ]=ਸੰਵਾਰ ਦੇਣ ਵਾਲੀ। ਭੂਸ਼ਿਤ ਕਰਨ ਵਾਲੀ। ਸੰਸਾਰ ਨੂੰ ਵਿਦ੍ਯਾ ਆਦਿ ਸੁੰਦਰਤਾਈਆਂ ਨਾਲ ਭੂਸ਼ਿਤ ਕਰਨ ਵਾਲੀ।
ਭਵਮੰਡਾ=ਦਾ ਅਰਥ ਜਗਤ ਰਚਨ ਵਾਲੀ ਬੀ ਹੋ ਸਕਦਾ ਹੈ, ਪਰ ਉਹ ਏਥੇ ਅਪ੍ਰਸੰਗਕ ਹੈ।

*ਅਖੰਡਲ=ਅਟੱਟ। ਪਰ ਏਥੇ ਮਰਾਦ ਆਖੰਡਲ ਤੋਂ ਹੈ।

ਅਰਥ—ਤੇਜਵਾਨ, ਬਲਵਾਨ (ਤੇ) ਵੱਡੇ (ਹਨ) ਬਾਹਵਾਂ ਦੇ ਡੋਲੇ (ਜਿਸਦੇ ਅਤੇ ਜਿਸਨੇ) ਨਾ ਖੰਡੇ ਜਾ ਸਕਣ ਵਾਲੇ ਨਿਰਭੈ ਮੂਰਖ ਖੰਡ ਸਿੱਟੇ* ।

(ਉਸ) ਸ਼ਕਤੀ ਨੇ ਰਣ ਤੱਤੇ (ਵਿਚ) ਉਮੰਡ ਕੇ ਤੇ ਵੰਗਾਰ ਕੇ ਇੰਦ੍ਰ ਦੇ ਵੈਰੀਆਂ ਨੂੰ ਪ੍ਰਾਜੈ ਕੀਤਾ।

(ਉਸਦੇ) ਹੱਥਾਂ (ਵਿਚ) ਧਨੁਖ ਦੇਖਕੇ (ਵੈਰੀਆਂ ਦੇ) ਮੂੰਹ ਪੀਲੇ (ਹੋ ਗਏ ਤੇ ਭੈ ਖਾਕੇ) ਨੱਸ ਗਏ, ਬ੍ਰਹਮੰਡ (ਵਿਚ ਫਿਰ ਜਿਸਦਾ) ਜਸ ਹੋਇਆ।

(ਉਹ ਹੀ ਹੈ) ਸਿੱਧੀ ਨਿੱਧੀ ਰਿੱਧੀ (ਤੇ) ਬੁੱਧੀ ਦੀ ਦਾਤਾ, ਜੁੱਧ ਵਿਚ ਸਹਾਇਕ (ਅਤੇ) ਸਦਾ ਸੰਸਾਰ ਨੂੰ ਭੂਸ਼ਿਤ ਰੱਖਣ ਵਾਲੀ।

ਭਾਵ—ਏਹ ਮੰਗਲ ਫੇਰ ਸ਼ਾਰਦਾ ਦਾ ਹੈ, ਪਿਛਲੇ ਅਧਜਾਯ ਵਿਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਸਾਰੇ ਮੰਗਲ ਕਰ ਆਏ ਹਨ। ਏਥੇ ਕੇਵਲ ਦੂਜੇ ਅਧਜਾਯ ਦਾ ਮੰਗਲ ਕਰਦੇ ਹਨ। ਪਹਿਲਾਂ ਇਥੇ ਸਾਰਦਾ ਦਾ ਆਵਾਹਨ ਕੀਤਾ ਹੈ, ਅਗਲੇ ਦੋਹੇ ਵਿਚ ਸੰਤਾਂ ਦਾ ਤੇ ਇਸਤੋਂ ਅਗਲੀ ਚੌਪਈ ਵਿਚ ਸਤਿਗੁਰੂ ਜੀ ਦਾ ਮੰਗਲ, ਤੇ ਉਨ੍ਹਾਂ ਅੱਗੇ ਅਰਦਾਸ ਹੈ ਕਿ ਮੇਰੇ ਇਸ ਉੱਦਮ ਨੂੰ ਨਿਰਵਿਘਨ ਸਮਾਪਤ ਕਰ ਦੇਣ।

ਕਵਿ ਜੀ ਇਕ ਜੰਗਜੂ ਤੇ ਨਰ ਸੁਭਾਵ ਕੌਮ ਦੇ ਗੁਣੀ ਹੋਣ ਕਰਕੇ ਸ਼ਾਰਦਾ ਨੂੰ ਜੁੱਧ ਜੰਗ ਦਾ ਸਹਾਯਕ, ਜਲਾਲ ਤੇ ਜਮਾਲ ਦੋਹਾਂ ਸੁੰਦਰਤਾ ਵਾਲੀ ਫ਼ਰਜ਼ ਕਰਕੇ ਅਖ਼ੀਰਲੀ ਤੁਕ ਵਿਚ ਕਹਿੰਦੇ ਹਨ:—ਸਿਧਿ ਨਿਧਿ ਰਿਧਿ ਬੁਧਿ ਦੀ ਦਾਤਾ ਹੈ। ਜੇ ਕੋਈ ਇਨ੍ਹਾਂ ਵਸਤਾਂ ਦਾ ਜਗਤ ਵਿਚੋਂ ਨਾਸ਼ ਕਰੇ ਤਾਂ ਜੁੱਧ ਜੰਗ ਕਰਕੇ ਖਲਾਂ ਦਾ ਨਾਸ਼ ਕਰਕੇ ਫੇਰ ਵਿਦਜਾ ਆਦਿ ਨਾਲ ਜਗਤ ਨੂੰ ਸਦਾ ਭੂਸ਼ਤ ਰਖਦੀ ਹੈ।

ਵਿਸਥਾਰ ਵਾਸਤੇ ਪਹਿਲੇ ਅਧਜਾਯ ਦੇ ਕਬਿੱਤ ਅੰਕ ੨ ਦਾ ਟੀਕਾ ਤੇ ਭਾਵ ਪੜ੍ਹੋ।

ਦੋਹਰਾ—ਬੰਦੌਂ ਸੰਤ ਸੰਦੋਹਿ ਪਦ ਜਿਨਤੇ ਹੋਤਿ ਉਧਾਰ।
ਜਮ ਤਮ ਸਮ ਤਿਹ ਤਰਨਿ ਸੇ ਭ੍ਰਮ ਘਨ ਬਾਤ ਬਿਚਾਰ। ੨।

ਸੰਦੋਹਿ—ਸੰਗਤ, ਇਕੱਤ੍ਰਤਾ, ਇਕੱਠ, ਸਮਾਜ, ਸਾਰੇ, ਸਮੂਹ। [ਸੰਸ:, ਸੰਦੋਹ]
ਉਧਾਰ=ਕਲਜਾਣ, ਮੁਕਤੀ। ਜਮ=ਯਮ। ਤਮ=ਹਨੇਰਾ।
ਤਰਨਿ=ਤਰਣਿ=ਸੂਰਜ। (ਅ) ਤਰਣ=ਜਹਾਜ਼, ਬੇੜਾ।
ਘਨ=ਬੱਦਲ। ਬਾਤ=ਵਾਤ—ਹਵਾ, ਪੌਣ, ਹਨੇਰੀ।

ਅਰਥ—(ਉਨ੍ਹਾਂ) ਸਮੂਹ ਸੰਤਾਂ ਦੇ ਚਰਨਾਂ ਨੂੰ (ਮੈਂ) ਮੱਥਾ ਟੇਕਦਾ ਹਾਂ, ਜਿਨ੍ਹਾਂ ਤੋਂ (ਮਨੁਖ ਜਨਮ ਦਾ) ਉਧਾਰ ਹੁੰਦਾ ਹੈ।

ਜਮ ਹਨੇਰੇ ਦੇ ਸਮਾਨ (ਹੈ) ਉਸ (ਲਈ ਓਹ ਸੰਤ) ਸੂਰਜ ਸਮਾਨ (ਹਨ ਅਤੇ) ਭ੍ਰਮ (ਰੂਪੀ) ਬੱਦਲਾਂ (ਨੂੰ ਉਡਾ ਦੇਣ ਲਈ ਉਨ੍ਹਾਂ ਨੂੰ) ਹਵਾ

*ਐਉਂ ਬੀ ਅਰਥ ਢੁਕਦਾ ਹੈ:—(ਜਿਸ ਸ਼ਕਤੀ ਨੇ) ਵਡੇ ਬਲਵਾਨ (ਤੇ) ਤੇਜਵਾਨ ਡੰਡੇ ਵਰਗੀਆਂ ਭੁਜਾਂ ਵਾਲੇ ਮੂਰਖਾਂ ਨੂੰ, (ਜੋ) ਨਾ ਖੰਡੇ ਜਾਣ ਵਾਲੇ (ਤੇ) ਨਾ ਸੋਧੇ ਜਾ ਸਕਣ ਵਾਲੇ (ਸਨ,) ਖੰਡ ਸਿੱਟਿਆ।

(ਸਮਾਨ) ਸਮਝ ਲਓ ।

ਭਾਵ—ਹਵਾ ਬੱਦਲਾਂ ਨੂੰ ਉਡਾ ਲਿਜਾਂਦੀ ਹੈ, ਸੂਰਜ ਹਨੇਰੇ ਨੂੰ ਦੂਰ ਕਰਦਾ ਹੈ। ਤਿਵੇਂ ਉਨ੍ਹਾਂ ਸੰਤਾਂ ਦੀ ਸੰਗਤ ਜੋ 'ਆਪਿ ਮੁਕਤੁ ਮੁਕਤੁ ਕਰੈ ਸੰਸਾਰੁ' [ਗਉ: ਸੁਖ: ਮ: ੫] ਦਾ ਗੁਣ ਰੱਖਦੇ ਹਨ, ਮਨ ਤੋਂ ਭ੍ਰਮ ਤੇ ਜਮ ਦਾ ਭੈ ਦੂਰ ਕਰਦੇ ਹਨ । ਐਸੇ ਸਾਰੇ ਸੰਤਾਂ ਨੂੰ ਨਮਸਕਾਰ ਕਰਦਾ ਹਾਂ ।

ਚੌਪਈ—ਮੋਰ ਮਨੋਰਥ ਭਯੋ ਜਹਾਜੂ। ਸਿੰਧੁ ਜਿ ਬਿਘਨ ਅਥਾਹਿ ਸਮਾਜੂ ।
ਕਰਨਧਾਰ ਕਰਿਹੀ ਗੁਰ ਕਰੁਨਾ।ਤਬ ਪਹੁੰਚੌਂ ਤਟਿ ਕਰਿ ਤਿਨ ਪਰਨਾ।੩।

ਮਨੋਰਥ=ਮਨ ਦਾ ਅਰਥ—ਮੁਰਾਦ, ਮੁਦਆ । ਮਨੋਰਥ ਤੋਂ ਭਾਵ ਏਥੇ ਸ੍ਰੀ ਗੁਰ ਨਾਨਕ ਪ੍ਰਕਾਸ਼ ਰਚਣ ਦੀ ਚਾਹਨਾ ਤੋਂ ਹੈ ।
ਜਹਾਜੂ=ਜਹਾਜ਼, ਬਹੁਤ ਵੱਡਾ ਬੇੜਾ ਜੋ ਸਮੁੰਦਰਾਂ ਤੋਂ ਮਾਲ ਤੇ ਆਦਮੀ ਆਦਿ ਲੈ ਤਰਦਾ ਹੈ ਤੇ ਪਾਰ ਉਰਾਰ ਆਂਦਾ ਜਾਂਦਾ ਹੈ [ਅ਼ਰਬੀ, ਜਹਾਜ਼] । ਸਿੰਧੁ=ਸਮੁੰਦਰ । ਸਮਾਜੂ=ਸਾਮਾਨ।
ਕਰਨਧਾਰ=ਮਲਾਹ [ਸੰਸ:, ਕਰਣਧਾਰ] ਕਰਣ=ਉਹ ਪੁਰਜ਼ਾ ਜਿਸ ਨਾਲ ਜਹਾਜ਼ ਸੇਧ ਬੰਨ੍ਹਕੇ ਟੋਰਿਆ ਜਾਵੇ ।
ਧਰ=ਧਾਰਨ ਕਰਨ ਵਾਲਾ ।
ਕਰੁਨਾ=ਕ੍ਰਿਪਾ, ਮੇਹਰ । [ਸੰਸ:, ਕਰੁਣ, ਕਰੁਣਾ] । ਤਟਿ=ਕਿਨਾਰਾ ।
ਪਰਨਾ=ਆਸਰਾ । [ਸੰਸ:, ਪ੍ਰਣਯ] ।

ਅਰਥ—ਮੇਰਾ ਮਨੋਰਥ (ਗ੍ਰੰਥ ਰਚਨ ਦਾ ਮਾਨੋ ਇਕ ਬੜੇ) ਸਮਾਜ (ਨਾਲ ਭਰਿਆ) ਜਹਾਜ਼ ਬਣ ਗਿਆ ਹੈ । ਵਿਘਨਾ (ਰੂਪੀ) ਅਥਾਹ ਸਮੁੰਦਰ ਹੈ । (ਜੇ) ਗੁਰੂ (ਰੂਪੀ) ਮਲਾਹ ਕ੍ਰਿਪਾ ਕਰਨਗੇ, ਤਦ (ਮੈਂ) ਉਨ੍ਹਾਂ ਦੇ ਆਸਰੇ ਨਾਲ (ਪਾਰਲੇ) ਕਿਨਾਰੇ ਅੱਪੜਾਂਗਾ ।

ਭਾਵ—ਕਵਿ ਜੀ ਅਪਣੇ ਕੰਮ ਨੂੰ ਬੜਾ ਕਠਨ ਸਮਝ ਰਹੇ ਹਨ । ਉਸ ਦਾ ਰੂਪਕ ਸਮੁੰਦਰ ਵਿਚ ਠਿੱਲੇ ਜਹਾਜ਼ ਨਾਲ ਬੰਨ੍ਹਦੇ ਹਨ । ਸਮੁੰਦਰੀ ਸਫਰ ਵਿਚ ਕਈ ਵਿਘਨ ਹੁੰਦੇ ਹਨ, ਉਨ੍ਹਾਂ ਤੋਂ ਬਚਾਉ ਸਿਆਣੇ ਮਲਾਹਾਂ ਦੇ ਹੱਥ ਹੁੰਦਾ ਹੈ ਤੇ ਵਧੇਰੇ ਉਸ ਮਲਾਹ ਦੇ, ਜੋ ਜਹਾਜ਼ ਦੇ ਉਸ ਪੁਰਜ਼ੇ ਤੇ ਕੰਮ ਕਰਦਾ ਹੈ, ਜੋ ਜਹਾਜ਼ ਦੀ ਸੇਧ ਬੰਨ੍ਹਦਾ ਹੈ। ਉਹ ਜਹਾਜ਼ ਨੂੰ ਚਿਟਾਨਾਂ ਨਾਲ ਟਕਰਾਉਣੋਂ ਬਚਾਉਂਦਾ ਤੇ ਟਿਕਾਣੇ ਅਪੜਾਉਂਦਾ ਹੈ । ਹੋਰ ਅਨੇਕ ਤਰ੍ਹਾਂ ਦੇ ਵਿਘਨ ਹੁੰਦੇ ਹਨ, ਸਤਿਗੁਰੂ ਦਾ ਪਰਨਾ ਲੈਕੇ ਉਨ੍ਹਾਂ ਦੀ ਮਿਹਰ ਤੇ ਤਕੀਆ ਰੱਖਕੇ ਆਪ ਪਾਰ ਪਹੁੰਚਣ ਦੀ ਅਰਥਾਤ ਅਪਣੇ ਛੋਹੇ ਕੰਮ ਦੀ ਨਿਰਵਿਘਨ ਸਮਾਪਤੀ ਦਾ ਨਿਰਭਰ ਰਖਦੇ ਹਨ ।

ਪਦਾਂ ਦੀ ਅਰਥ ਵਿਚਾਰ ਇਹ ਰਸਤਾ ਵਧੇਰੇ ਦੇਂਦੀ ਹੈ ਕਿ ਭਾਈ ਸਾਹਿਬ ਜੀ ਦੀ ਆਸ਼ਾ ਹੈ 'ਮੇਰਾ ਮਨੋਰਥ ਸਮੁੰਦਰ ਵਿਚ ਜਹਾਜ਼ ਵਾਂਙੂ ਹੈ;' ਅਰਥਾਤ ਕਠਨਤਾ ਵਾਲਾ ਕੰਮ ਹੈ, ਫੇਰ ਉਸ ਸਮੁੰਦਰੀ ਸਫਰ ਵਿਚ ਵਿਘਨਾ ਦਾ ਭੈ ਹੈ ।

[ਬਿਨਤੀ]

ਤੁਮਰੋ ਨਾਮ ਨਿਬਾਹਹੁ ਲਾਜਾ। ਕਰਹੁ ਗ੍ਰਿੰਥ ਪੂਰਨ ਸ਼ੁਭ ਕਾਜਾ।
ਤਵ ਕਰੁਨਾ ਬਿਨ ਅੱਖਰ ਏਕੂ। ਨਹਿਂ ਉਪਜਤਿ ਮੁਝ ਰਿਦੈ ਬਿਬੇਕੂ।੪।

ਦੋਹਰਾ—ਗੁਰੁ ਪਗ ਪ੍ਰੇਮ ਸਮੁੰਦਰ ਸਮ ਸੁਧਾ ਪਰਦਿ ਕਵਿਤਾ ਸੁ।
ਸਿੱਖ ਬਿੰਦਾਰਿਕ ਪੀਵਹੀਂ ਨਿੱਤ ਹ੍ਵੈ ਸੁਮਤਿ ਪ੍ਰਕਾਸ਼।੫।

[ਨਾਮ=ਨਾਮ ਤੋਂ ਮੁਰਾਦ ਨਾਮ ਦੇ ਬਿਰਦ ਦੀ ਹੈ ਕਿ ਮੈਂ ਆਪਦਾ ਹਾਂ ਤੇ ਆਪਦਾ ਯਸ਼ ਗਾਉਣ ਲਗਾ ਹਾਂ।

ਨਿਬਾਹਹੁ ਲਾਜਾ=ਲਾਜ ਨਿਬਾਹੋ ਦਾ ਮਤਲਬ ਹੈ ਕਿ ਮੇਰੇ ਵਿਚ ਕੋਈ ਗੁਣ ਨਹੀਂ, ਮੈਂ ਤੁਹਾਡਾ ਜੁ ਹੋਯਾ, ਇਸ ਦੀ ਲਾਜ ਪਾਲੋ।

ਸ਼ੁਭ ਕਾਜਾ='ਸ਼ੁਭ' ਪਦ 'ਕਾਜ' ਦਾ ਵਿਸ਼ੇਸ਼ਣ ਹੈ, ਪਰੰਤੂ ਪੂਰਨ ਕਰੋ ਦਾ ਕ੍ਰਿਯਾ ਵਿਸ਼ੇਸ਼ਣ ਹੋਕੇ ਬੀ ਲਗਦਾ ਹੈ ਕਿ ਸ਼ੁਭ ਰੀਤੀ ਨਾਲ, ਭਾਵ ਨਿਰਵਿਘਨ ਸੰਪੂਰਣ ਕਰੋ। ਕਰੁਨਾ=ਕ੍ਰਿਪਾ।

ਬਿਬੇਕੂ=ਵਿਵੇਕ—ਗਿਆਨ, ਪਛਾਣ, ਸਿਆਣ, ਨਿਰਣੇ ਕਰ ਲੈਣ ਦੀ ਸ਼ਕਤੀ, ਨਿਰਣੈ ਕੀਤਾ ਹੋਯਾ ਸਿੱਟਾ। (ਅ) ਐਉਂ ਬੀ ਤੁਕਾਂ ਦਾ ਅਰਥ ਲਾਉਂਦੇ ਹਨ:—ਤੇਰੀ ਕਿਰਪਾ ਬਿਨਾ ਮੇਰੇ ਹਿਰਦੇ (ਵਿਚ) ਵਿਵੇਕ (ਤਾਂ ਕੀ) ਇਕ ਅੱਖਰ ਬੀ ਨਹੀਂ ਉਪਜ ਸਕਦਾ। (ੲ) ਤੇਰੀ ਕਿਰਪਾ ਬਿਨਾਂ ਮੇਰੇ ਰਿਦੇ ਵਿਚ ਇਕ ਅੱਖਰ ਦਾ ਗਿਆਨ ਨਹੀਂ ਉਪਜ ਸਕਦਾ।

ਸੁਧਾ=ਅੰਮ੍ਰਿਤ। ਪਰਦਿ=ਦਾਤਾ [ਸੰਸ:,ਪ੍ਰਦ=ਦਾਤਾ]।

ਕਵਿਤਾਸੁ=ਕਵਿਤਾ+ਸੁ=ਕਵਿਤਾ=ਸ਼ਾਇਰੀ, ਪਦਜ ਰਚਨਾ, ਮਨ ਦੇ ਭਾਵ ਆਦਕਾਂ ਨੂੰ ਰਮਣੀਕ ਤ੍ਰੀਕੇ ਨਾਲ ਛੰਦ ਵਿਚ ਕਹਿਣ ਦੀ ਮਤੀ। ਸੁ=ਉਹ; ਇਸ਼ਾਰਾ—ਸਮੁੰਦਰ—ਵਲ ਹੈ।

ਬਿੰਦਾਰਕ=ਵ੍ਰਿੰਦਾਰਕ=ਦੇਵਤਾ, ਅਮਰ ਜੀਵਨ ਵਾਲਾ। [ਸੰਸ:, ਵ੍ਰਿੰਦਾਰਕ=ਸੁੰਦਰ, ਮਨੋਰੰਜਕ, ਉੱਤਮ, ਸ੍ਰੇਸ਼ਟ। ਦੇਵਤਾ]

ਸੁਮਤਿ=[ਸੁ=ਸ੍ਰੇਸ਼ਟ,ਮਤਿ=ਬੁਧੀ]। ਸ੍ਰੇਸ਼ਟਬੁਧੀ ਭਾਵ ਆਤਮ ਵਿਸ਼ੇਣੀਬੁਧੀ ਹੈ।]

ਅਰਥ—(ਹੇ ਸਤਿਗੁਰੂ ਜੀ! ਤੁਹਾਨੂੰ) ਅਪਣੇ ਨਾਮ (ਦਾ ਬਿਰਦ ਹੈ, ਦਾਸ ਦੀ) ਲਾਜ ਨਿਬਾਹ ਦਿਓ, (ਮੇਰਾ ਇਹ) ਸ਼ੁਭ ਕੰਮ ਗ੍ਰੰਥ (ਰਚਣ ਦਾ) ਸੰਪੂਰਨ ਕਰ ਦਿਓ। (ਮੈਨੂੰ ਇਹ)ਗਜਾਨ(ਪੱਕਾ ਹੈ ਕਿ)ਆਪ ਦੀ ਕਿਰਪਾ ਬਿਨਾ ਇਕ ਇਕ ਅੱਖਰ(ਬੀ)ਮੇਰੇ ਹਿਰਦੇ (ਵਿਚੋਂ) ਨਹੀਂ ਉਪਜ ਸਕਦਾ।ਗੁਰਾਂ ਦੇ ਚਰਨਾਂ ਦਾ ਪ੍ਰੇਮ ਸਮੁੰਦਰ ਸਮਾਨ ਹੈ,ਉਹ (ਸਮੁੰਦਰ) ਕਵਿਤਾ (ਰੂਪੀ) ਅੰਮ੍ਰਿਤ ਦਾ ਦਾਤਾ ਹੈ। (ਜਿਸਨੂੰ) ਸਿੱਖ (ਰੂਪੀ)ਦੇਵਤੇ ਨਿੱਤ ਹੀ ਪੀਂਦੇ ਹਨ(ਜਿਸਤੋਂ ਉਨ੍ਹਾਂ ਦੇ ਹਿਰਦੇ ਵਿਚ)ਨਿਤ ਹੀ ਸੁਭ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ।

ਸੂਚਨਾ—ਅੱਗੋਂ ਹੁਣ ਕਥਾ ਆਰੰਭ ਹੁੰਦੀ ਹੈ।

ਚੌਪਈ ॥ ਵਿਚ ਕਰਤਾਰਪੁਰੇ ਜਗਰਾਈ[੧]। ਸ੍ਰੀ ਅੰਗਦ ਕੋ ਦੀਨਿ ਬਡਾਈ। ਅਪਨ ਕੀਨ ਸਚਖੰਡ ਪਯਾਨਾ[੨]। ਜੋਤਿ ਰੂਪ ਬਿਬ ਤਨ[੩] ਪਲਟਾਨਾ॥੬॥ ਜਿਉਂ ਅਧਿਪਤਿ[੪] ਇਕ ਪੋਸ਼ਿਸ਼[੫] ਤਜਿਕੈ[੬]। ਬੈਸਹਿ[੭] ਸਭਾ ਦੁਤਿਯ[੮] ਤਨ-ਸਜਿਕੈ[੯]। ਤਿਉਂ ਖਡੂਰ ਮਹਿਂ ਆਨ ਬਿਰਾਜੇ। ਜਿਨ ਸਿਮਰਨਿ ਕਲਿ ਕਲਮਲ[੧੦] ਭਾਜੇ ॥੭॥ ਦੋਹਰਾ ॥ ਤਖਤ ਬੈਠਿ ਅੰਗਦ ਗੁਰੂ ਕੀਨ ਖਡੂਰ ਨਿਵਾਸ। ਨਰਨ[੧੧] ਉਧਾਰਨ ਕਾਰਨੇ ਕਰਤਿ ਸੁ ਭਗਤਿ ਪ੍ਰਕਾਸ਼ ॥੮॥ ਸ੍ਵੈਯਾ ॥ਇਕ ਬਾਸੁਰ[੧੨] ਆਸਨ ਡਾਸਿ[੧੩] ਅਸੀਨ[੧੪] ਸੁ ਧਯਾਨ ਬਿਖੈ ਗੁਰ ਅੰਗਦ ਹੋਇ। ਗੁਰ ਨਾਨਕ ਕੇ ਪਦਪੰਕਜ[੧੫]ਲੀਨ ਨਿਰੰਤਰ[੧੬] ਹੀ ਮੂਦ[੧੭] ਲੋਚਨ ਕੋਇ[੧੮]। ਪੁਨ ਧੌ ਉਪਜੀ ਉਰ[੧੯] ਬੀਚ ਬਿਚਾਰ –ਸੁ ਕਿੰਕਰ[੨੦] ਕੇ ਭ੍ਰਮ ਜਾਸ[੨੧] ਬਿਗੋਇ[੨੨]। ਪਰਮੇਸ਼ੁਰ ਸ੍ਰੀ ਗੁਰ ਨਾਨਕ ਸੋ ਜਿਨ*ਭੇਦ[੨੩] ਨ ਮੱਧ ਤਰੰਗਹ[੨੪] ਤੋਇ[੨੫]–॥੯॥ਸ੍ਵੈਯਾ॥ ਚਿਤ ਪ੍ਰੀਤਿ ਕੀ ਰੀਤਿ ਚਿਤੈ[੨੬] ਨਿਤ ਹੀ– ਭਵ[੨੭] ਮੈਂ ਭਵ[੨੮] ਸ੍ਰੀ ਗੁਰੁ ਕੋ ਬਿਧਿ[੨੯] ਲੀਨੋ ?। ਪੁਨ ਬਾਲ ਜੁਵਾ ਕੇ[੩੦] ਬਿਲਾਸ[੩੧] ਜੋਊ ਇਤਿਹਾਸ ਕਹੈ ਸਿਖ ਕੌਨ ਪ੍ਰਬੀਨੋ[੩੨] ?।ਸਭਿ ਦੇਸ਼ ਬਿਦੇਸ਼ਨ[੩੩] ਕੋ ਰਟਨੋ[੩੪],ਕਟਨੋ ਕੁਟਿਲੈ[੩੫] ਬਡ ਦੰਭ[੩੬] ਜੁ ਕੀਨੋ। ਚਿਤ ਚਿੰਤਤਿ ਦੇਤਿ ਅਚਿੰਤਤਤਾ ਜੋਊ ਬੈਸ ਇਕੰਤ ਗੁਰੂ ਰਸ ਭੀਨੋ–॥੧੦॥ਦੋਹਰਾ॥ ਸ੍ਰੀ ਗੁਰ ਬਰ ਸਰਬੱਗ[੩੭] ਉਰ ਡਰ[੩੮] ਹਰਿ[੩੯] ਅਰੁ ਜੁਰ ਤੀਨ[੪੦]। ਪਢਹਿ ਸੁਨਹਿ ਸਿਖ ਹੋਇ ਗਤਿ[੪੧] ਰਿਦੇ ਮਨੋਰਥ ਕੀਨ॥੧੧॥ ਚੌਪਈ ॥ਉਤ[੪੨] ਬਾਲੇ ਸੰਧੂ ਸੁ ਵਿਚਾਰਾ। 'ਸ੍ਰੀ ਨਾਨਕ ਭੇ ਹਰਿ ਅਵਤਾਰਾ। ਨਿਜ[੪੩] ਅਸਥਾਨ ਸੁ ਕੌਨ ਬਿਠਾਯੋ?। ਤਿਸ ਦਰਸਨ ਜਿਯਰਾ[੪੪] ਲਲ-ਚਾਯੋ' ॥੧੨॥ ਬਹੁ ਨਰ ਮਹਿਂ ਬੋਲਯੋ ਇਮ ਬਾਲਾ॥ ਇਕ ਸਿਖ[੪੫] ਬਚ[੪੬] ਭਾਖਯੋ[੪੭] ਤਿਹਕਾਲਾ[੪੮]। 'ਤਿਹਣ ਗੋਤ ਅੰਗਦ ਤਿਹ ਨਾਮੂ। ਗੁਰਤਾ

[੧]ਜਗਤ ਦੇ ਪਾਤਸ਼ਾਹ(ਗੁਰੂ ਨਾਨਕ ਦੇਵ ਜੀ) ਨੇ।[੨]ਚਲਾਣਾ। [੩]ਦੂਜਾ ਸਰੀਰ। [੪]ਰਾਜਾ।[੫]ਪੁਸ਼ਾਕ। [੬]ਉਤਾਰਕੇ। [੭] ਬੈਠੇ। [੮] ਦੂਜੀ। [੯]ਪਹਿਨਕੇ। [੧੦]ਕਲਿਜੁਗ ਦੇ ਪਾਪ।[੧੧]ਮਨੁੱਖਾਂ ਦੇ। [੧੨]ਦਿਨ। [੧੩]ਡਾਹਕੇ। [੧੪]ਬੈਠੇ। [੧੫]ਚਰਣ ਕਮਲਾਂ ਵਿਚ। [੧੬]ਇਕਰਸ। [੧੭]ਬੰਦ (ਅ) ਖਿੜੇ। [੧੮]ਅੱਖਾਂ ਦੇ ਕੋਏ। [੧੯]ਦਿਲ।[੨੦]ਦਾਸਾਂ ਭਾਵ ਸਿੱਖਾਂ ਦੇ। [੨੧]ਜਿਨ੍ਹਾਂ(ਗੁਰੂਨਾਨਕਦੇਵ)ਨੇ। [੨੨]ਭ੍ਰਮ ਦੂਰ ਕੀਤੇ। [੨੩]. [੨੪]. [੨੫]ਜਿਨ੍ਹਾਂ ਦਾ ਵਾਹਿਗੁਰੂ ਨਾਲ ਭੇਦ ਨਹੀਂ ਜੀਕੂੰ ਜਲ ਤੇ ਲਹਿਰਾਂ ਦਾ ਫਰਕ ਨਹੀਂ। [੨੬]ਚਿਤਵਦੇ ਹਨ(ਦੂਜੇ ਗੁਰੂਜੀ)। [੨੭]ਸੰਸਾਰ। [੨੮]ਜਨਮ। [੨੯]ਕਿਸ ਤਰ੍ਹਾਂ।[੩੦]ਜਆਨੀ ਦੇ।[੩੧]ਕੌਤਕ ਬਚਨ,ਆਦਿ ਹਾਲ। [੩੨]ਚਤੁਰ। [੩੩]ਦੇਸ਼ਾਂ ਪ੍ਰਦੇਸ਼ਾਂ। [੩੪]ਫਿਰਨਾ। [੩੫]ਪਾਪ।[੩੬]ਪਖੰਡ। [੩੭]ਅੰਤਰ-ਜਾਮੀ।[੩੮]ਦਿਲ ਦਾ ਡਰ। [੩੯]ਦੂਰ ਕਰਦੇ ਹਨ। [੪੦]ਅਤੇ ਤਿੰਨੇ ਤਾਪ। [੪੧]ਮੁਕਤ। [੪੨]ਉਧਰ। [੪੩]ਆਪਣੇ।[੪੪]ਦਿਲ। [੪੫]ਸਿਖ ਨੇ।[੪੬]ਬਚਨ।[੪੭]ਆਖਿਆ। [੪੮]ਉਸਵਕਤ।*ਪਾਠਾਂਤ੍ਰ–ਜਿਮ।

ਉਚਿਤ[੧] ਭਯੋ ਅਭਿਰਾਮੂ[੨]' ॥੧੩॥ਕਬਿੱਤ॥ ਸ੍ਰੁਤ[੩] ਸੁਨਿ ਬਾਲੇ ਬਾਤ, ਭਯੋ ਪੁਲਕਾਤ ਗਾਤ[੪],ਅੰਗ ਨ ਸਮਾਤਿ, ਚਲ੍ਯੋ ਤੌਹਾ ਤਬ ਧਾਇਕੈ[੫]। ਕਾਤਿਕ ਦਿਵਸ[੬] ਪੁੰਨ੍ਯੋ, ਆਇ ਸੁ ਦਿਦਾਰ ਕੀਨੋ, ਕਰੀ[੭] ਕਰ[੮] ਬੰਦ[੯] ਅਭਿਬੰਦ[੧੦] ਸੀਸ[੧੧] ਨਾਇਕੈ[੧੨]। ਦੇਖਤਿ ਮਗਨ ਭਯੋ ਆਵਨ ਸਫਲ ਕਿਯੋ, ਬੈਠ੍ਯੋ ਸੁਖ ਮਾਨ ਗੁਰ ਆਇਸੁ[੧੩] ਕੋ ਪਾਇਕੈ। 'ਸਤਿਕਰਤਾਰ' ਕੋ ਉਚਾਰਿਕੈ[੧੪] ਬੂਝਤਿ[੧੫] ਪੁਨ[੧੬] 'ਕਿਤਹੂੰ ਤੇ[੧੭] ਆਏ ਤੁਮ ਦੀਜੀਏ ਸੁਨਾਇਕੈ?' ॥੧੪॥ ਦੋਹਰਾ॥ ਜਥਾਸ਼ਕਤ ਜੋ ਭੇਟ ਥੀ ਆਗੈ ਧਰੀ ਬਨਾਇ[੧੮]। ਪੁਨ ਬਾਲਾ ਬੋਲਤਿ ਭਯੋ ਬਿਨੈ ਬਚਨ ਮਹਿਂ ਪਾਇ ॥੧੫॥ਚੌਪਈ॥'ਸ਼੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ! ਸੰਧੂ ਗੋਤ ਨਾਮ ਮੁਹਿ ਬਾਲਾ। ਰਾਇ ਭੋਇ ਤਲਵੰਡੀ ਜੋਊ। ਵਤਨ ਜਨਮ ਹਮਰਾ ਹੈ ਸੋਊ ॥੧੬॥ ਗੁਰ ਦਰਸ਼ਨ ਕੀ ਲਾਲਸ ਭੂਰੀ[੧੯]। ਯਾਤੇ ਹੌਂ ਚਲ ਆਇ ਹਦੂਰੀ[੨੦]। ਅਜਰਜਰਨ[੨੧] ਉਰਿ[੨੨] ਧੀਰਜ ਧਾਰੀ। ਸੁਨੀ ਆਪ ਕੀ ਮਹਿਮਾ ਭਾਰੀ' ॥੧੭॥ ਕਹਿ ਸ੍ਰੀ ਅੰਗਦ 'ਤੁਮ ਗੁਰ ਕੋ ਹੈ?। ਕਰਹੁ ਉਚਾਰਨ ਨਿਜ ਮਤਿ[੨੩] ਜੋ ਹੈ। ਮਧੁਰ ਬਚਨ ਸ਼ੁਭ ਮ੍ਰਿਦੁਲ ਸੁਭਾਊ। ਬਿਸ਼ਿਯਨ[੨੪] ਬਾਉ ਸਪਰਸ ਨ ਕਾਊ' ॥੧੮॥ਹਾਥਬੰਦਿ[੨੫] ਬੋਲ੍ਯੋ ਬਚ ਬਾਲਾ। 'ਸਭਿ ਰਾਵਰ ਕੋ[੨੬] ਗ੍ਯਾਤ[੨੭] ਬਿਸਾਲਾ[੨੮]। ਤਦਪਿ[੨੯] ਜੁ ਤੁਮ ਪੂਛਨ ਅਨੁਸਾਰਾ। ਸੁਨਹੁ ਆਪ ਮੈਂ ਕਹੌਂ ਸੁਧਾਰੀ ॥੧੯॥ ਸ਼੍ਰੀ ਨਾਨਕ ਜੀ ਮਮ ਗੁਰੁ ਪੂਰਨ। ਕਲਿ ਕਲਮਲ ਰੁਜ[੩੦] ਪਦ[੩੧] ਰਜ[੩੨] ਚੂਰਨ[੩੩]। ਦੰਭ[੩੪] ਮਤੰਗਹਿ[੩੫] ਕੋ[੩੬] ਸਰਿ[੩੭] ਕੇਸਰਿ[੩੮]। ਭਾਉ ਭਗਤਿ ਕ੍ਰਿਖਿ[੩੯] ਜਗਤ ਸੁ ਜਲਧਰ[੪੦]' ॥੨੦॥ ਸੁਨਿ ਸ੍ਰੀ ਅੰਗਦ ਬਚਨ ਉਚਾਰ੍ਯੋ। 'ਤੁਮ ਗੁਰ ਨਾਨਕ ਰੂਪ ਨਿਹਾਰ੍ਯੋ[੪੧]। ਕਬ ਕੀ ਗੁਰ ਸਿੱਖੀ ਮਨ ਮਾਨੀ?। ਪਰਮ ਪ੍ਰੇਮ ਮਹਿਂ ਮਤਿ ਲਪਟਾਨੀ' ॥੨੧॥ ਬਾਲਾ ਬੋਲ੍ਯੋ 'ਸੁਨਹੁ ਦਯਾਲਾ। ਤਿਨਕੇ ਸੰਗਿ ਰਹ੍ਯੋ ਚਿਰਕਾਲਾ। ਤੀਨ ਬਰਖ ਤਨ ਬੈਸ ਵਡੇਰੀ।ਬਾਲ[੪੨] ਤਰੁਨ[੪੩]

[੧]ਲਾਇਕ। [੨]ਸੁੰਦਰ। [੩]ਕੰਨੀਂ। [੪]ਰੋਮ ਖੜੇ ਹੋ ਗਏ ਸਰੀਰ ਦੇ। [੫]ਦੌੜਕੇ। [੬]ਦਿਨ। [੭]ਕੀਤੀ। [੮]ਹੱਥ। [੯]ਜੋੜਕੇ। [੧੦]ਨਮਸਕਾਰ। [੧੧]ਸਿਰ। [੧੨]ਨਿਵਾਕੇ। [੧੩]ਆਗਜ਼ਾ। [੧੪](ਗੁਰੂ ਅੰਗਦ ਜੀ) ਸਤਿ ਕਰਤਾਰ ਉਚਾਰਕੇ। [੧੫]ਪੁੱਛਣ ਲੱਗੇ। [੧੬]ਫਿਰ। [੧੭]ਕਿਧਰੋਂ। [੧੮](ਭਾਵ ਬਾਲੇ ਨੇ)। [੧੯]ਬਹੁਤੀ। [੨੦]ਹਜ਼ੂਰੀ ਵਿਚ। [੨੧]ਅਜਰ ਨੂੰ ਜਰਨ ਵਾਲੇ। [੨੨]ਦਿਲ। [੨੩]ਸਿੱਧਾਂਤ। [੨੪]ਵਿਕਾਰਾਂ ਦੀ। [੨੫]ਹੱਥ ਜੋੜਕੇ। [੨੬]ਆਪਨੂੰ। [੨੭]ਖਬਰ। [੨੮]ਬਹੁਤੀ। [੨੯]ਤਾਂ ਭੀ। [੩੦]ਰੋਗ। [੩੧]ਚਰਣ। [੩੨]ਧੂੜੀ। [੩੩]ਨਾਸ਼ ਕਾਰਕ। [੩੪]ਪਖੰਡ ਰੂਪੀ। [੩੫]ਹਾਥੀ। [੩੬]ਨੂੰ। [੩੭]ਬਰਾਬਰ। [੩੮]ਸ਼ੇਰ ਦੇ। [੩੯]ਖੇਤੀ। [੪੦]ਬੱਦਲ। [੪੧]ਵੇਖਿਆ। [੪੨]ਬਾਲਪਨ। [੪੩]ਜਵਾਨੀ।

ਬਯ[੧] ਬਿਤੀ[੨] ਬਤੇਰੀ ॥੨੨॥ ਦੋਹਰਾ॥ ਦਹਦਿਸ਼ ਦਰਸ ਦਿਖਾਇਓ ਦਯਾ ਦ੍ਰਿਸ਼੍ਟਿ ਕੋ ਦੇਖਿ॥ਨਿਕਟ ਰਹਿਤ ਤਿਨ ਚਰਨ ਹਮ ਤਾਰਯੋ ਜਗਤ ਬਿਸੇਖ[੩]' ॥੨੩॥ ਦਯਾਐਨ[੪] ਸੁਨਿ ਬੈਨ ਇ ਦੈਨ ਭਗਤਿ ਨਿਜਦਾਸ। ਉਠਕਰਿ ਭੁਜਭਰਿ[੫] ਗਰ[੬] ਮਿਲੇ, ਉਰ ਧਰਿ ਪਰਮ[੭] ਹੁਲਾਸ ॥੨੪॥ਚੌਪਈ॥ ਬਹੁਰ[੮] ਬਿਲੋਚਨ[੯] ਮੁਚਾ[੧੦] ਬਿਰਾਗਾ[੧੧]।ਕਰਿ ਉਰ[੧੨] ਚਰਨਨ ਬਰ[੧੩]ਅਨੁਰਾਗਾ[੧੪]। ਧੀਰ ਨ ਧਰਹਿਂ ਅਧਿਕ[੧੫]ਧਰ[੧੬]ਆਂਸੂ[੧੭]। ਪਰਤਿ[੧੮], ਪ੍ਰੀਤ* ਕੀ ਭਗਤਿ[੧੯] ਉਲਾਸੂ[੨੦]॥੨੫॥ ਸਵਿਤਾ[੨੧] ਅਸਤਿ[੨੨] ਨਿਸਾ[੨੩] ਹੁਇ ਆਈ। ਬਾਲਾ ਰਹਤਿ ਭਯੋ ਤਿਹ ਥਾਂਈ॥ਸਿਖ ਸੰਗਤਿ ਜਹਿਂ ਮਿਲ ਸਮੁਦਾਯਾ[੨੪]। ਤਹਾਂ ਬਸ੍ਯੋ ਸਭਿਹਿਨਿ ਮਨ ਭਾਯਾ[੨੫]॥੨੬॥ਨਿਸਮੈਂ ਭਨਤਿ ਰਹ੍ਯੋਤਿਨਸਾਥ॥ ਸ੍ਰੀ ਨਾਨਕ ਕੀ ਸੁੰਦਰ ਗਾਥ॥ ਅੰਗਦ ਮਗਨਲਗ੍ਯੋ ਮਨ ਧ੍ਯਾਨਾ॥ਆਸਨ ਬੈਸ੍ਯੋ ਭਈ ਬਿਹਾਨਾ[੨੬]॥੨੭॥ਪੁਨ ਪੂਖਨ[੨੭]ਪਰਕਾਸ਼ਤਿ ਭਯੋ॥ਛੁਟੀਸਮਾਧਿ ਸ਼ਨਾਨੰ[੨੮] ਕਯੋ। ਬੈਸੇ[੨੯] ਬਹੁਰ[੩੦] ਬੁਲਾਯੋ ਬਾਲਾ। ਬੰਦਨ ਕਰੀ ਆਨ ਤਤਕਾਲਾ[੩੧]॥੨੮॥ਦੋਹਰਾ॥ ਗੁਰ ਅੰਗਦ ਸ੍ਰੀਮੁਖ ਕਹ੍ਯੋ'ਸਭਿ ਇਤਿਹਾਸ[੩੨] ਸੁਨਾਉ॥ਸ੍ਰੀਨਾਨਕ ਕੇ ਜਨਮ ਤੇ ਸਕਲ[੩੩] ਕਥਾ ਸਮਝਾਉ' ॥੨੯॥ਚੌਪਈ॥ ਬਾਲੇ ਗੁਰ ਪ੍ਰਤਿ ਗਿਰਾ[੩੪] ਉਚਾਰੀ[੩੫]।'ਜਨਮ ਕਥਾ ਅਨਜਾਨ ਅਗਾਰੀ[੩੬]। ਬਹੁਤ ਨਰਨ ਤੇ[੩੭] ਇਹਬਿਧਿ ਸੁਨੀ॥ਸੋਤੁਮ ਪਾਸ ਬਖਾਨਤਿਗੁਨੀ[੩੮]॥੩੦॥ ਉਰਜ[੩੯] ਮਾਸ ਕੀ[੪੦] ਪੂਰਨਮਾਸ਼ੀ†। ਬਿਸਤ ਸਪਤ[੪੧] ਨਿਛੱਤ੍ਰ ਸੁਰਾਸੀ। ਔਰ ਸੁਨੀ ਸੋ ਕਰੋਂ ਉਚਾਰੀ। ਪੱਤ੍ਰੀ ਜਨਮ ਲਿਖੀ ਦਿਜ[੪੨] ਸਾਰੀ ॥੩੧॥ ਕਾਲੂ ਨਾਨਕ[੪੩] ਜਨਕ[੪੪] ਜਨੀਜੈ[੪੫]। ਧਾਮ[੪੬] ਮੱਧ[੪੭] ਤਿਹ[੪੮] ਧਰੀ[੪੯] ਲਖੀਜੈ[੫੦]। ਭਾ ਪਰਲੋਕ[੫੧]ਕਾਲਬਹੁ ਕਾਲੂ[੫੨]।ਜੀਵਤਿਅਨੁਜ[੫੩] ਨਾਮ ਤਿਹ

[੧]ਉਮਰ। [੨]ਗੁਜਰੀ। [੩]ਬਹੁਤ ਸਾਰਾ। [੪]ਦਯਾ ਦਾ ਘਰ। [੫]ਬਾਹਾਂ ਵਿਚ ਲੈਕੇ। [੬]ਗਲ। [੭]ਬਹੁਤ। [੮]ਫੇਰ। [੯]ਅੱਖਾਂ ਵਿੱਚੋਂ। [੧੦]ਛੁਟਿਆ। [੧੧]ਪ੍ਰੇਮ ਦਾ ਜਲ। [੧੨]ਰਿਦੇ। [੧੩]ਸ੍ਰੇਸ਼੍ਟ ਚਰਨਾਂ ਦਾ। [੧੪]ਪ੍ਰੇਮ। [੧੫]ਬਹੁਤ। [੧੬]ਜ਼ਮੀਨ ਤੇ। [੧੭]ਅੱਥਰੂ। [੧੮]ਡਿਗਦੇ ਹਨ। [੧੯]ਪ੍ਰੇਮਾ ਭਗਤੀ ਦੇ। [੨੦]ਉਛਾਲੇ ਨਾਲ। [੨੧]ਸੂਰਜ। [੨੨]ਛਿਪਿਆ। [੨੩]ਰਾਤ। [੨੪]ਸਾਰੀ। [੨੫]ਪਿਆਰਾ ਲੱਗਾ। [੨੬]ਸਵੇਰਾਹੋਗਿਆ। [੨੭]ਸੂਰਜ। [੨੮]ਇਸ਼ਨਾਨ। [੨੯]ਬੈਠੇ। [੩੦]ਫੇਰ। [੩੧]ਉਸਵੇਲੇ। [੩੨]ਕਥਾ। [੩੩]ਸਾਰੀ। [੩੪]ਬਾਣੀ। [੩੫]ਕਹੀ। [੩੬]ਪਹਿਲੋਂਦੀ(ਮੈਨੂੰ)ਪਤਾਨਹੀਂ। [੩੭]ਮਨੁਖਾਂ ਤੋਂ। [੩੮]ਸੋਚਕੇ। [੩੯]ਕੱਤਕ ਦੇ। [੪੦]ਮਹੀਨੇ ਦੀ। [੪੧]ਵੀਹ ਤੇ ਸਤ=ਸਤਾਈ। [੪੨]ਬ੍ਰਾਹਮਣ ਨੇ। [੪੩]ਗੁਰੂ ਨਾਨਕ ਜੀ ਦੇ। [੪੪]ਪਿਤਾ [੪੫]ਜਾਣੀਏ। [੪੬]ਘਰ। [੪੭]ਵਿਚ। [੪੮]ਉਸ ਦੇ। [੪੯]ਰੱਖੀ। [੫੦]ਜਾਣੋ। [੫੧]ਚਲਾਣਾਹੋਗਿਆ ਹੈ। [੫੨]ਬਹੁਤ ਚਿਰ ਹੋਯਾ ਕਾਲੂ ਜੀਦਾ। [੫੩]ਛੋਟਾ ਭਿਰਾਓ।

*ਪਾਠਾਂਤ੍ਰ—ਨੀਰ।

†ਵਲੈਤ ਪਹੁੰਚੀ ਤੇ ਹਾਫ਼ਜ਼ਾ ਬਾਦ ਵਾਲੀ ਜਨਮਸਾਖੀ ਵਿਚ 'ਵੈਸਾਖ ਦੀ ਤ੍ਰਿਤੀਆ' ਲਿਖਿਆ ਹੈ।

ਲਾਲੂ ॥ ੩੨ ॥ ਦੋਹਰਾ–ਬ੍ਰਿੱਧ[1] ਬੈਸ[2] ਬਪੁ[3] ਬਲ ਬਿਨਾ ਬੀਤੇ ਬਰਖ[4] ਬਿ-ਸਾਲ[5]। ਤਲਵੰਡੀ ਮਹਿਂ ਸਦਨ[6] ਤਿਸੁ ਸੁਨਹੁ ਸ਼੍ਰੋਨ[7] ਗੁਰੁ ਦਯਾਲੁ'!॥੩੩॥ ਚੌਪਈ–ਸ਼੍ਰੀ ਅੰਗਦ ਸੁਨਿ ਉਰ ਬਹੁ ਹਰਖਾ। ਪਰਮ ਪ੍ਰੇਮ ਜਨੌਂ ਜਲਧਰ[8] ਬਰਖਾ[9]। ਬੋਲੇ ਗਿਰਾ ਰਸਾਲ[10] ਕ੍ਰਿਪਾਲਾ। 'ਕਿਤਿ ਬਿਧਿ[11] ਲੀਜੈ ਪੱਤ੍ਰੀ ਬਾਲਾ? ॥੩੪॥ ਐਸਾ ਕੌਨ ਮੀਤ ਸਿਖ ਹੋਈ? ਪੱਤ੍ਰੀ ਕੋ ਦਰਸਾਵਹਿ[12] ਜੋਈ'। ਬਾਲਾ ਕਹੈ 'ਖੋਜ ਜੋ ਕੀਜੈ। ਤੌ ਨਿਹਚੈ ਪੱਤ੍ਰੀ ਕਰ ਲੀਜੈ[13]॥੩੫॥ ਲਾਲੂ ਆਲਯ[14] ਮਿਲਕਰਿ ਤਾਸੂ[15]। ਖੁਜਵਾਵਹਿਂ[16] ਜਬ ਤਿਹ ਕੇ ਪਾਸੂ। ਤੌ ਕਰ ਆਵਹਿ,ਪਠਵਹੁ[17] ਕੋਈ।ਹੇਰਹੁ[18] ਪੂਰ[19] ਮਨੋਰਥ[20] ਹੋਈ'॥੩੬॥ ਦੋਹਰਾ–ਸ਼੍ਰੀ ਅੰਗਦ ਭਾਖੀ ਗਿਰਾ 'ਹੋਵਹਿ ਤੁਮ ਤੇ ਕਾਮ[21]। ਤਾਹਿਂ ਨਗਰ ਮਹਿਂ ਰਹਿਤ ਹੋ ਖੁਜਵਾਵਹੁ ਤਿਹ ਧਾਮ' ॥ ੩੭ ॥ ਚੌਪਈ–ਕਹਿ ਬਾਲਾ ਮੁਖ ਸਸਹਿ[22] ਸੁਧਾ ਸੀ[23]। 'ਸ਼੍ਰੀ ਅੰਗਦ ਸੁਨਿਯੇ ਸੁਖਰਾਸੀ[24]! ਏਕ ਸਿੱਖ ਦੀਜੈ ਮੁਝ ਸਾਥੂ। ਜਾਵਹਿਂ ਜਸਪਦ[25] ਦੀਨਾ ਨਾਥੂ! ॥ ੩੮ ॥ ਲਾਲੂ ਆਲਯ ਲੇਹਿਂ ਟੁਲਾਈ[26]। ਆਨਹਿਂਗੇ ਹਮ ਜੇ ਤਹਿਂ ਪਾਈ[27]'। ਗੁਰ ਪਰਸੀਦੇ[28] ਬਾਲੇ ਪਰ ਤਬ। *'ਚਿਤ ਕਰਤਾਰ ਨ ਬਿਸਰੈ ਉਰ[29] ਕਬਿ[30]' ॥ ੩੯ ॥ ਲਾਲਾ ਪੰਨੂ ਸਿੱਖ ਸਦਾਯਾ। ਸ਼੍ਰੀ ਮੁਖ ਤੇ ਇਵ[31] ਵਾਕ ਅਲਾਯਾ। 'ਗੁਰੁਸਿੱਖੀ ਤੁਮ ਮਹਿਂ ਅਧਿਕਾਈ[32]। ਜਿਵ ਸਾਵਨ ਸਰਿਤਾ[33] ਬਹੁਤਾਈ ॥ ੪੦ ॥ ਦੋਹਰਾ–ਬਾਲੇ ਸੰਗ ਜੱਯੈ ਤਹਾਂ, ਜਹਿਂ ਜਨਮਯੋ ਮਮ[34] ਨਾਥ[35]। ਭਵਪੱਤ੍ਰੀ[36] ਕੋ ਆਨਿਕੈ ਕੀਜੈ ਜਨਮ ਸਕਾਥ[37]' ॥੪੧॥ ਚੌਪਈ–ਸੁਨਿ ਸ਼੍ਰੁਤ[38] ਬਚਨ ਸਮਾਤਿ ਨ ਅੰਗਾ। ਭਯੋ ਤਯਾਰ ਚਲਨ ਕੋ ਸੰਗਾ। ਧੰਨ ਭਾਗ ਅਪਨੇ ਕਰਿ ਜਾਨੇ। ਪੱਤ੍ਰੀ ਨਾਨਕ ਦਰਸ਼ਨ ਮਾਨੇ† ॥੪੨॥ ਬੰਦਨ ਕਰਿ ਸੁਨਿ 'ਸਤਿ ਕਰਤਾਰ'। ਚਲਤਿ ਭਏ ਨਾਨਕ ਉਰ ਧਾਰਿ। ਮਗ ਮਹਿਂ[39] ਮਹਿਮਾਂ ਅਮੀ ਪਟੰਤਰ[40]। ਕਹਤਿ ਸੁਨਤਿ ਜੁਗ[41] ਚਲਤਿ

[1]ਬੁੱਢੀ। [2]ਉਮਰ। [3]ਸਰੀਰ। [4]ਵਰ੍ਹੇ। [5]ਬਹੁਤੇ। [6]ਘਰ। [7]ਕੰਨੀਂ। [8]ਬੱਦਲ। [9]ਵਸਿਆ। [10]ਸੁੰਦਰ। [11]ਕਿਸਤਰ੍ਹਾਂ। [12]ਦਿਖਲਾਵੇ। [13]ਪ੍ਰਾਪਤ ਕਰ ਸਕਦੇ ਹੋ। [14]ਘਰ। [15]ਉਸਨੂੰ। [16]ਲਭਵਾਈਏ। [17]ਭੇਜੋ। [18]ਦੇਖੋਗੇ। [19]ਪੂਰੀ। [20]ਇੱਛਾ। [21]ਕੰਮ। [22]ਚੰਦ੍ਰਮਾ (ਰੂਪੀ)ਮੁਖ ਤੋਂ। [23]ਅੰਮ੍ਰਿਤ ਵਰਗੀ (ਬਾਣੀ)। [24]ਸੁੱਖਾਂ ਦੀ ਖਾਣ। [25]ਛੇਤੀ। [26]ਲੱਭ ਲਵਾਂਗੇ। [27]ਜੇ ਉਥੋਂ ਲੱਭੀ ਤਾਂ ਲੈ ਆਵਾਂਗੇ। [28]ਖੁਸ਼ ਹੋਏ। [29]ਦਿਲੋਂ। [30]ਕਦੇ। [31]ਇਸ ਤਰ੍ਹਾਂ। [32]ਬਹੁਤੀ। [33]ਨਦੀ। [34]ਮੇਰਾ। [35]ਸੁਆਮੀ (ਗੁਰੂ ਨਾਨਕ)। [36]ਜਨਮ ਪੱਤ੍ਰੀ। [37]ਸਫਲ। [38]ਕੰਨੀਂ। [39]ਰਾਹ ਵਿੱਚ। [40]ਅੰਮ੍ਰਿਤ ਦੇ ਬਰੱਬਰ। [41]ਦੋਵੇਂ।
*ਇਹ ਅਸੀਸ ਦਿੱਤੀ। †ਭਾਵ ਅਵਤਾਰ ਦੀ ਖਿੱਤਵਾਟ ਠੀਕ ਲੱਭਣ ਲਈ ਪੱਤ੍ਰੀ ਦੀ ਖੋਜ ਹੋਈ।

ਨਿਰੰਤਰ[੧]॥੪੩॥ ਪਹੁੰਚੇ ਜਬ ਤਲਵੰਡੀ ਜਾਇ। ਲਾਲੂ ਆਲਯ[੨] ਮਿਲਿ-ਏ ਆਇ। ਕਰਿ ਬੰਦਨ ਪੁਨ ਬਚਨ ਉਚਾਰਾ।'ਸੁਨਿ ਲਾਲੂ ! ਇਕ ਪਰ-ਉਪਕਾਰਾ॥ ੪੪ ॥ ਦੋਹਰਾ—ਸੋਧ੍ਯੋ ਹਮ ਜੋ ਗੁਰ ਭਯੋ ਅੰਗਦ ਪਰਮਨਿਧਾਨ। ਸ੍ਰੀ ਨਾਨਕ ਪੁਨ ਤਿਨ ਬਿਖੈ ਭੇਦ ਨ ਕੋਊ ਜਾਨਿ ॥੪੫॥ ਚੌਪਈ—ਦੀਨੀ ਅੰਗਦ ਕੋ ਗੁਰਿਆਈ।ਤਿਨ ਪੱਤ੍ਰੀ ਤੁਮ ਸੋਂ ਮੰਗਵਾਈ। ਲਾਲਸ[੩] ਹੇਰਨ[੪] ਤਾਸੁ ਬਿਸਾਲਾ[੫]। ਸੁਨਿ ਕਰਿ ਸਿੱਖ ਪਠ੍ਯੋ ਤਤਕਾਲਾ[੬]'॥੪੬॥ ਲਾਲੂ ਕਹੈ: 'ਨ ਮੁਝ ਸੁਧ[੭] ਕੋਊ। ਭਵਪੱਤ੍ਰੀ[੮] ਤੁਮ ਜਾਚਤਿ[੯] ਜੋਊ। ਨਾਨਕ ਕੇ ਤੁਮ ਬਹੁਤ ਪਧਾਰੇ। ਹਮ ਸੋਂ ਕਹੁ ਸਭਿ ਭੇਦ ਵਿਚਾਰੇ॥੪੭॥ਗੁਰੁ ਅੰਗਦ ਹੈ ਕੈ ਸ੍ਰੀ ਚੰਦ॥ ਮੰਜੀ ਕਿਹਿ ਢਿਗ ਆਨੰਦ ਕੰਦ ? ਸੁਤ ਨੇ ਲਈ ਕਿ ਸੇਵਕ ਪਾਈ। ਤਖਤ ਬੈਸ ਕਿਸ ਗੁਰਤਾ ਆਈ ?' ॥੪੮॥ ਦੋਹਰਾ—ਕਹਿ ਬਾਲਾ: 'ਅੰਗਦ ਗੁਰੂ ਜਿਹ ਸ੍ਰੀਨਾਨਕ ਆਪ।ਪੈਸੇ ਪੰਚ ਨਲੇਰ ਧਰਿ ਸਿਰ ਨਿਵਾਇ ਦਿਯ ਥਾਪਿ॥ ੪੯ ॥ ਚੌਪਈ—ਤਿਨਕੀ ਸਮਤਾ ਹੋਵਹਿ ਕੈਸੇ। ਥਾਪ੍ਯੋ ਗੁਰੁ ਨਾਨਕ ਜਬ ਐਸੇ। ਖੋਜ ਲਯੋ ਹਮ ਗੁਰੁ ਮਤਧੀਰਾ[੧੦]। ਜਿਉਂ ਖਨ-ਵਾਰੀ[੧੧] ਪਾਵਹਿ ਹੀਰਾ॥ ੫੦ ॥ ਸਿਰੀ ਚੰਦ ਗੁਰ ਸੰਤਤਿ[੧੨] ਜਾਨੇ। ਮਾਨਹਿਂ ਮਾਨਵ[੧੩] ਮਨ ਅਨੁਮਾਨੇ[੧੪]।ਗੁਰ ਅੰਗਦ ਕੋ ਗੁਰਤਾ ਦਏ।ਕਿਧੌਂ ਦੁਤਿਯ[੧੫] ਨਾਨਕ ਪ੍ਰਗਟਏ'॥੫੧॥ ਸੁਨਿ ਕਰਿ ਲਾਲੂ ਗਿਰਾ[੧੬] ਅਲਾਈ[੧੭]। 'ਖੋਜਹੋ ਜੇ ਪੱਤ੍ਰੀ ਹੁਇ ਭਾਈ। ਕਾਗਰ ਲੇਖੇ ਕੇ ਇਕ ਥਾਂਈ। ਬਹੁ ਮਹਿਂ ਮਿਲੀ ਨ ਜਾਨੀ ਜਾਈ' ॥ ੫੨ ॥ ਦੋਹਰਾ—ਕਹਿ ਬਾਲਾ 'ਲਾਲੂ ਸੁਨਹੁ!ਤੂੰ ਕਾਲੂ ਕੋ ਭ੍ਰਾਤ॥ ਜਨਨਿ ਜਨਕ ਨਾਨਕ ਨਹਿਨ, ਤੁਮ ਤੇ ਅਬਹਿ ਅਗਾਤਿ[੧੮] ॥ ੫੩ ॥ ਚੌਪਈ—ਤੁਮ ਬਿਨ ਕੌਨ ਕਰੇ ਹਮ ਕਾਮਾ। ਭਵਪੱਤ੍ਰੀ ਉਠ ਖੋਜਹੁ ਧਾਮਾ'।ਬਾਲੇ ਕੀ ਸੁਨਿ ਗਿਰਾ ਰਸਾਲੂ। ਕਾਗਰ ਗ੍ਰਿਹ ਖੋਜਤਿ ਭਾ ਲਾਲੂ॥ ੫੪॥ ਖੋਜਤਿ ਖੋਜਤਿ ਪੱਤ੍ਰੀ ਜਬਹੀ।ਦਿਵਸ ਪੰਜਵੇਂ ਪਾਈ ਤਬਹੀ। ਦੀਨੀ ਲਾਲੂ ਨੈ ਕਰ[੧੯] ਬਾਲਾ। ਤਾਂਹਿ ਦਈ ਕਰ ਪੰਨੂ ਲਾਲਾ ॥੫੫॥ ਲੇ ਪੰਨੂ ਪੁਨ ਬਚਨ ਉਚਾਰੇ। 'ਬਾਲੇ ! ਚਲੀਏ ਸੰਗ ਹਮਾਰੇ। ਹੇਰਹਿਂ ਗੁਰੁ ਉਰ ਹਰਖ

[੧]ਲਗਾਤਾਰ। [੨]ਘਰ। [੩]ਇੱਛਾ। [੪]ਵੇਖਣ ਦੀ। [੫]ਬਹੁਤੀ। [੬]ਛੇਤੀ। [੭]ਖਬਰ। [੮]ਜਨਮ ਪੱਤ੍ਰੀ [੯]ਮੰਗਦੇ ਹੋ। [੧੦]ਬੁੱਧੀ ਦਾ ਧੀਰਜਵਾਨ। [੧੧]ਖਨਨਵਾਲਾ। [੧੨]ਸੰਤਾਨ, ਔਲਾਦ। [੧੩]ਮਨੁਖ। [੧੪]ਸੋਚਕੇ। [੧੫]ਮਾਨੋਂ ਦੂਜੇ। [੧੬]ਬਾਣੀ। [੧੭]ਕਹੀ। [੧੮]ਗੁਰਨਾਨਕ ਜੀ ਦੇ ਮਾਤਾਪਿਤਾ ਨਹੀਂ ਨਾਬੇਠੇ, ਹੁਣ ਤਾਂ ਤੁਸਾਂ ਤੋਂ ਹੀ ਮਿਲੇਗੀ। [ਅਗਾਤਿ=ਪ੍ਰਾਪਤ ਹੋਵੇਗੀ। ਸੰਸ:, ਆਗਤ]। [੧੯]ਹੱਥ ਵਿਚ।

ਅਪਾਰ।ਪਰਮ[੧] ਪ੍ਰਸੀਦਹਿਂ[੨]ਪਰਉਪਕਾਰਾ'॥੫੬॥ਸੁਨਿ ਸ਼੍ਰੋਨਨਿ[੩] ਮਨਮਹਿਂ
ਅਨੁਮਾਨੀ[੪]।'ਬਾਨੀ ਭਨਤਿ ਸੁਖਨ ਮਮ[੫] ਸਾਨੀ[੬]'। ਗਵਨੇ[੭] ਜੁਗਲ[੮] ਸੰਗ[੯]
ਮਗ ਮਾਂਹੀ[੧੦]। ਬਾਲਾ ਪੁਨ ਪੰਨੂ ਦਿਸ ਤਾਂਹੀ ॥ ੫੭ ॥ ਦੋਹਰਾ—ਲਾਲੂ
ਚਲਤਯੋ ਮਿਲ ਤਬੈ ਪੈਸੇ ਪੰਜ ਨਲੇਰ। ਅਪਨੀ ਦਿਸ਼ਿ[੧੧] ਤੇ ਭੇਟ ਦੀ
ਬੋਲਯੋ ਮੁਖ ਤੇ ਫੇਰ ॥ ੫੮ ॥ ਚੌਪਈ—'ਹਮਰੀ ਦਿਸ਼ਿ ਤੇ ਦੇਹੁ ਸੰਦੇਸ਼ਾ[੧੨]।
ਸ਼੍ਰੀ ਅੰਗਦ ਜਿਸੁ ਦੋਸ਼ੁ ਨ ਲੇਸ਼ਾ। ਸਿਰੀ ਚੰਦ ਜੋ ਰਿਸਿ[੧੩] ਕੋ ਧਰੈ। ਛਿਮਾ
ਧਰਤਿ ਜਿਉਂ ਤਿਹ ਪਰ ਕਰੈਂ[੧੪]'॥੫੯॥ਬਾਲੇ ਬਹੁਰੋ ਬਚਨ ਉਚਾਰਾ। 'ਸ਼੍ਰੀ
ਅੰਗਦ ਨਾਨਕ ਅਵਤਾਰਾ।ਪੰਚ ਦੋਖ ਨਹਿਂ ਤਿਨ ਮਹਿਂ ਪਾਵਹਿਂ। ਨਿਕਟਿ
ਤਰਨਿ[੧੫] ਜਿਉਂ ਤਿਮਰ[੧੬] ਨ ਆਵਹਿ ॥ ੬੦ ॥ ਸਮ[੧੭] ਦਮ[੧੮] ਸੌਂ ਤਨ[੧੯]
ਗਯਾਨ ਸੁਹਾਵਹਿ। ਆਤਪ ਭਗਤਿ[੨੦] ਜਗਤ ਬਿਦਤਾਵਹਿਂ[੨੧]'। ਪੱਤ੍ਰੀ
ਲੇਯ ਚਲੇ ਤਤਕਾਲਾ ॥ ਜਹਿਂ ਖਡੂਰ[੨੨] ਮਹਿਂ ਗੁਰੂ ਕ੍ਰਿਪਾਲਾ ॥ ੬੧ ॥
ਦੋਹਰਾ—ਬੈਸੇ ਅੰਗਦ ਰਾਜਹੀ[੨੩] ਬੰਦੇ[੨੪] ਪਦ[੨੫] ਅਰਬਿੰਦ[੨੬]। ਰਿਦੇ[੨੭] ਪ੍ਰਸੀਦੇ[੨੮]
ਸਤਿਗੁਰੂ ਕਹਿ 'ਰਹਿ ਚਿੱਤ ਗੁਬਿੰਦ[੨੯]' ॥ ੬੨ ॥ ਚੌਪਈ—ਖੁਸ਼ੀ ਬਹੁਤ ਬਾਲੇ
ਪਰ ਕੀਨੀ। ਪੁਨ ਪੱਤ੍ਰੀ ਅਪਨੇ ਕਰ[੩੦] ਲੀਨੀ। ਸਾਦਰ[੩੧] ਸੋ ਨਿਜ[੩੨]
ਸੀਸ[੩੩] ਚਢਾਈ[੩੪]। ਭਾਉ ਬਹੁਤ ਕਰਿ ਉਰ ਮਹਿਂ[੩੫] ਲਾਈ ॥ ੬੩ ॥
'ਦਰਸ਼ਨ ਤੁਮ ਕਰਿਵਾਯੋ ਗੁਰੁ ਕਾ। ਜਿਸ ਤੇ ਭ੍ਰਮ ਭਾਗਯੋ ਹੈ ਉਰ ਕਾ'।
ਸਹਸਕ੍ਰਿਤਿ ਅੱਛਰ[੩੬] ਜਬ ਚੀਨੇ[੩੭]। ਤਬ ਅੰਗਦ ਜੀ ਬਚਨ ਸੁ ਕੀਨੇ ॥
੬੪॥ 'ਇਨ ਅਛਰਨ ਕੋ ਜੋਊ ਜਾਨੈ ॥ ਸੋ ਯਾ ਕੋ ਪਢਿ[੩੮] ਅਰਥ ਬਖਾਨੈ।
ਗੁਰਮੁੱਖੀ ਚਹਿਯੇ ਕਰਵਾਈ। ਪਢਹਿ ਸੁਨਹਿਂ ਸਿਖ ਗੁਰਮਤਿ ਪਾਈ' ॥
੬੫ ॥ ਸੋਰਠਾ—ਸਤਿਗੁਰ ਕ੍ਰਿਪਾ ਨਿਧਾਨ ਸ਼੍ਰੀ ਨਾਨਕ ਜਗ ਬਿਦਤ ਜਬ।
ਸੰਗਤਿ ਕੀਨਿ ਮਹਾਨ ਜਾਨੀ ਬਿਦਯਾ ਬਰਨ ਤਬ ॥੬੬॥ਦੋਹਰਾ—ਮਹਿਮਾ
ਖਹਿਰਾ ਜੱਟ ਇਕ ਕਹਿ ਸ਼੍ਰੀ ਅੰਗਦ ਪਾਸ। 'ਪੈੜਾ ਮੋਖਾ ਖੱਤਰੀ ਸੁਲਤਾਨ-
ਹਿਪੁਰਿ ਬਾਸ[੩੯]॥੬੭॥ ਚੌਪਈ—ਅੱਛਰ,ਜਾਨਤਿ ਹੈ ਵਹਿ ਦੋਊ। ਪਢਿ ਲਿਖਿ

[੧]ਬਹੁਤ।[੨]ਖੁਸ਼ ਹੋਣਗੇ।[੩]ਕੰਨੀਂ।[੪]ਸੋਚੀ। [੫]ਮੇਰੇ ਸੁਖਾਂ ਨਾਲ।[੬]ਮਿਲੀ ਹੋਈ।[੭]ਟੁਰੇ।[੮]ਦੋਵੇਂ।[੯]ਕੱਠੇ।
[੧੦]ਰਾਹ ਵਿਚ।[੧੧]ਤਰਫੋਂ,ਵੱਲੋਂ।[੧੨]ਸੁਨੇਹਾ। [੧੩]ਗੁੱਸੇ। [੧੪]ਧਰਤੀ ਵਰਗੀ ਖਿਮਾ ਉਸ ਪਰ ਕਰਨ।
[੧੫]ਸੂਰਜ ਦੇ।[੧੬]ਅਨ੍ਹੇਰਾ।[੧੭]ਮਨ ਤੇ ਕਾਬੂ। [੧੮]ਇੰਦ੍ਰੇ ਵੱਸ ਵਿੱਚ।[੧੯]ਸ਼ਰੀਰ।[੨੦]ਭਗਤੀ ਰੂਪੀ ਧੁੱਪ।
[੨੧]ਪ੍ਰਗਟਾਉਂਦੇ ਹਨ।[੨੨]ਪਿੰਡ ਦਾ ਨਾਮ। [੨੩]ਬਿਰਾਜਮਾਨ ਹਨ।[੨੪]ਮੱਥਾ ਟੇਕਿਆ। [੨੫] [੨੬]ਚਰਣ
ਕਵਲਾਂ ਉੱਤੇ।[੨੭]ਦਿਲੋਂ।[੨੮]ਖੁਸ਼ ਹੋਏ।[੨੯]ਵਾਹਿਗੁਰੂ ਚਿਤ ਆਵੇ।[੩੦]ਹੱਥ ਵਿਚ।[੩੧]ਅਦਬ ਨਾਲ।
[੩੨]ਆਪਣੇ।[੩੩]ਸਿਰ ਤੇ।[੩੪]ਰੱਖੀ।[੩੫]ਛਾਤੀ ਨਾਲ।[੩੬]ਅੱਖਰ।[੩੭]ਪਛਾਣੇ। [੩੮]ਪੜ੍ਹਕੇ। [੩੯]ਵਸਦਾ ਹੈ।

ਹੈ ਬੁਲਵਾਈਯੋ ਸੋਊ’। ਸ਼੍ਰੀ ਅੰਗਦ ਕਹਿ ‘ਤੁਮਹੀ ਜਾਵਹੁ। ਕਰਿ ਸਤਿਕਾਰ ਤੁਰਤ ਲੇ ਆਵਹੁ’॥੬੮॥ ਮਹਿਮਾ ਪਹੁੰਚਯੋ ਤਾਂਹਿ ਅਵਾਸਾ[੧]। ਆਨਯੋ ਜਸ-ਪਦ[੨] ਸਤਿਗੁਰ ਪਾਸਾ॥ ਪਰਯੋ ਚਰਨ ਗੁਰ ਆਗ੍ਯਾ ਦੀਨੀ। ‘ਪਢਹੁ ਪੱਤ੍ਰਿਕਾ ਸੁਖ ਪ੍ਰਦ[੩] ਚੀਨੀ’॥ ੬੯ ॥ ਕਰ ਮਹਿੰ ਲੇਯ ਪੱਤ੍ਰਿਕਾ ਬਾਚੀ। ਜਨੁ ਬਾਨੀ[੪] ਰਸਨਾ ਪਰ ਨਾਚੀ। ਸੁਨਕਰਿ ਖੁਸ਼ੀ ਕਰੀ ਤਿਹ ਸਿਖ ਪਰ। ‘ਗੁਰਮੁੱਖੀ ਲਿਖੀਏ ਇਹ ਅੱਖਰ’॥੭੦॥ ਕਹਿਕਰਿ ਕਾਗਰ ਲੀਨਿ ਮੰਗਾਈ। ਸ਼੍ਰੀ ਅੰਗਦ ਸਭਿ ਹੀ ਲਿਖਵਾਈ। ਆਸਨ ਡਾਰਿ[੫] ਅਸੀਨਹਿੰ ਦ੍ਯਾਲਾ*। ਆਨ ਸੁਨਹਿ ਤਹਿੰ ਸਿੱਖ ਬਿਸਾਲਾ[੬] ॥੭੧॥ ਇਕ ਬੁੱਢਾ[੭] ਜੋ ਹੈ ਤਤਵੇਤਾ। ਮੋਹ ਆਦਿ ਜੋਧਾ ਅਤਿ ਜੇਤਾ[੮]। ਬਚਨ ਪਾਇ ਗੁਰੁ ਜੋ ਸਿਸੁਬੈਸਾ[੯]। ਭਯੋ ਪਰਮ ਬ੍ਰਿੱਧਨ[੧੦] ਤਨ[੧੧] ਜੈਸਾ ॥੭੨॥ ਖਟ[੧੨] ਪਾਤਿਸ਼ਾਹੀ ਰਹਯੋ ਹਦੂਰਾ। ਨਿਪੁਨ[੧੩] ਸੇਵ ਮਹਿੰ ਬਚਨਨ ਪੂਰਾ॥ ਸੋ ਸ਼੍ਰੋਤਾ ਬੈਸਯੋ[੧੪] ਮਤਿ ਧੀਰਾ[੧੫]। ਸੁਨਨ ਕਥਾ ਜੁ ਹਰਹਿ ਭਵਪੀਰਾ[੧੬] ॥੭੩॥ ਅਮਰਦਾਸ[੧੭] ਤੇਜੋ ਕੇ ਨੰਦਨ[੧੮]। ਸੇਵੇ ਜਿਨ ਅੰਗਦ ਦੁਖ ਕੰਦਨ[੧੯]। ਗੁਰਤਾ ਪਾਈ ਜਿਨ ਪਸ਼ਚਾਤੀ[੨੦]। ਸੁਨਤਿ ਭਯੇ ਸੋ ਕਥਾ ਸੁਹਾਤੀ[੨੧] ॥ ੭੪ ॥ ਪੁਨ ਗੁਰਮੁਖ ਇਕ ਜੀਵਾ[੨੨] ਭਾਈ। ਮਨ ਬਚ[੨੩] ਕ੍ਰਮ[੨੪] ਜਿਨ ਸੇਵ ਕਮਾਈ। ਸ਼੍ਰੀ ਅੰਗਦਹਿਤ ਭੋਜਨ[੨੫] ਤਯਾਰੀ। ਕਰਤਿ ਪ੍ਰੀਤਿ ਸੌਂ ਰੁਚਿਰ[੨੬] ਸਵਾਰੀ ॥੭੫॥ ਪਾਰੋ ਜੁਲਕਾ[੨੭] ਪੁਨ ਸਿਖ ਏਕੂ। ਪਰਮ ਹੰਸ ਕੋ ਜਾਸ ਬਿਬੇਕੂ[੨੮]। ਤਜਨ ਅਸਾਰਿ[੨੯] ਸਾਰ[੩੦] ਗ੍ਰਹੀਤੀ[੩੧]। ਪੈ[੩੨] ਅਪ ਕੀ[੩੩], ਜਿਉ ਹੰਸਨ ਰੀਤੀ ॥੭੬॥ ਸੈਨ ਸਰਸ[੩੪] ਇਕ ਧਿੰਙਾ[੩੫] ਨਾਈ। ਜਿਨ ਸਿੱਖੀ ਕੀ ਰੀਤ ਕਮਾਈ। ਭਾ ਮੁਰੀਦ ਮੁਰਦੇ ਕੀ ਨਯਾਈ। ਗੁਰੂ ਗੋਰ

[੧]ਉਸਦੇ ਘਰ। [੨]ਛੇਤੀ। [੩]ਸੁਖ ਦੇਣ ਵਾਲੀ। [੪]ਮਾਨੋ ਸਰਸ੍ਵਤੀ। [੫]ਡਾਹਕੇ। [੬]ਬਹੁਤੇ। [੭]ਬਾਬਾ ਬੁੱਢਾ ਜੀ ਦੀ ਕਥਾ ਲਈ ਦੇਖੋ ਸ਼੍ਰੀ ਗੁਰ ਨਾਃ ਪ੍ਰਃ ਉਤ੍ਰਾਰਧ ਅਧ੍ਯਾਯ ੪੬। [੮]ਜਿੱਤਣ ਵਾਲਾ। [੯]ਬਾਲ ਉਮਰ ਤੋਂ। [੧੦]ਬੁੱਢਿਆਂ ਦੇ। [੧੧]ਸਰੀਰ। [੧੨]ਛੇਵੀਂ... ਤਕ। [੧੩]ਚਤੁਰ। [੧੪]ਬੈਠਾ। [੧੫]ਬੁੱਧੀ ਦਾ ਧੀਰਜੀ। [੧੬]ਸੰਸਾਰ ਪੀੜਾ। [੧੭]ਸ਼੍ਰੀ ਗੁਰੂ ਅਮਰਦਾਸ ਜੀ ਦੀ ਕਥਾ ਲਈ ਦੇਖੋ ਗੁਰ ਪ੍ਰਤਾਪ ਸੂਰਜ ਰਾਸ ੧, ਅੰਸੂ ੨੯ ਤੋਂ ਅੱਗੇ। [੧੮]ਸਪੁੱਤ੍ਰ। [੧੯]ਦੁਖ ਨਾਸ਼ ਕਰਨ ਵਾਲੇ। [੨੦]ਪਿੱਛੋਂ। [੨੧]ਸ਼ੋਭਨੀਕ। [੨੨]ਇਨ੍ਹਾਂ ਦੀ ਕਥਾ ਲਈ ਦੇਖੋ ਗੁਃਪ੍ਰਃਸੂਃ ਰਾਸ ੧ ਅੰਸੂ ੧੧। [੨੩]ਬਾਣੀ। [੨੪]ਸ਼ਰੀਰ (ਕਰਕੇ)। [੨੫]ਪ੍ਰਸ਼ਾਦ। [੨੬]ਸੁਆਦਲੇ, ਚੰਗੇ। [੨੭]ਇਨ੍ਹਾਂ ਦੀ ਕਥਾ ਲਈ ਦੇਖੋ ਸੂਃ ਪ੍ਰਃ ਰਾਸ ੧ ਅੰਸੂ ੧੧। [੨੮]ਵਿਚਾਰ (ਅ) ਜਿਨ੍ਹਾਂ ਨੂੰ ‘ਪਰਮ ਹੰਸ’ ਕਹਿਕੇ ਪਛਾਣੀਦਾ ਸੀ। ਭਾਵ ਇਹ ਉਨ੍ਹਾਂ ਦੀ ਅੱਲ ਸੀ। [੨੯]ਫੋਗ ਨੂੰ। [੩੦]ਤੱਤ੍ਵ ਨੂੰ। [੩੧]ਗ੍ਰਹਣ ਕਰਨ ਵਾਲਾ। [੩੨]ਦੁੱਧ। [੩੩]ਪਾਣੀ ਦੀ। [੩੪]ਵਰਗਾ। [੩੫]ਇਨ੍ਹ ਦੀ ਕਥਾ ਲਈ ਦੇਖੋ ਗੁਃ ਪ੍ਰਃ ਸੂਃ ਰਾਸ ੧ ਅੰਸੂ ੧੧।

*ਪਾਠਾਂਤ੍ਰ ਹੈ—ਆਸਨ ਡਾਸਿ ਅਸੀਨ ਦਯਾਲਾ। ਦੂਜਾ ਪਾਠਾਂਤ੍ਰ—ਆਸਨ ਡਾਰਿ ਸੁ ਦੀਨ ਦਿਆਲਾ।

ਮਹਿਂ ਕੀਨਿ ਸਮਾਈ ॥੭੭॥ ਇਤ੍ਯਾਦਿਕ ਜੋ ਸੇਵਕ ਪ੍ਰੇਮੀ। ਭਏ ਕਥਾ ਸੁਨਨੇ ਕੇ ਨੇਮੀ। ਅਪਰ ਮਨੁਜ[1] ਆਵਹਿਂ ਕਰਿ ਹੇਤੂ[2]। ਸੁਨਹਿਂ ਕਥਾ ਬੇਦੀ ਕੁਲ ਕੇਤੂ[3] ॥੭੮॥ ਦੋਹਰਾ—ਬਾਲਾ ਕਰਤਿ ਉਚਾਰ ਮੁਖ, ਪੈੜੇ ਲਿਖੀ ਸੁਧਾਰ। ਲਿਖਵਾਈ ਅੰਗਦ ਗੁਰੂ ਜਗ ਕੇ ਕਾਜ ਉਧਾਰਿ ॥੭੯॥ ਸੋ ਸੁਨਿ ਬਰਨਨ ਕਰਤਿ ਕਵਿ ਛੰਦ ਚੌਪਈ ਬੰਦ। ਸ੍ਰੀ ਨਾਨਕ ਪਰਮਾਤਮਾ ਬੰਦਨ ਕਰਿ ਸੁਖ ਕੰਦ[4] ॥੮੦॥ ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪੱਤ੍ਰੀ ਆਨਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅਧ੍ਯਾਯ ॥ ੨ ॥

ਅਧ੍ਯਾਯ ਤੀਸਰਾ

[ਸ਼੍ਰੀ ਗੁਰ ਨਾਨਕ ਦੇਵ ਜੀ ਦਾ ਅਵਤਾਰ]

ਕਬਿੱਤ—ਕੋਊ ਕਵਿ ਉਪਮਾ ਸੁ ਦੇਤਿ ਪਾਰਜਾਤ ਪਗ, ਕੋਊ ਕਹੈ ਗੁਰੂ ਪਗ ਕਮਲ ਅਮਲ ਹੈਂ। ਜੋਊ ਪਾਰਜਾਤ ਨ ਚਿਤੰਨ ਗਤਿਦਾਨ ਨਾਹੀ, ਅਮਲ ਕਮਲ ਰੈਨ ਵਿਖੇ ਮੁਖ ਮਿਲ ਹੈ। ਵੈ ਤੋ ਸਹਿਚੇਤ ਦੇਤ ਕਾਮਨਾ ਭਗਤ ਨਿਜ, ਬਾਸੁਰ ਔ ਰਜਨੀ ਮੇਂ ਏਕ ਸੇ ਸਤੁਲ ਹੈਂ। ਲਖੇ ਪਦ ਆਦ-ਰ ਨ ਪਾਰਜਾਤ ਕਮਲ ਕੋ ਤਾਂਤੇ ਪਗ ਪਗ ਪਾਰਜਾਤ ਨ ਕਮਲ ਹੈਂ॥੧॥

ਪਾਰਜਾਤ=ਕਲਪ ਬ੍ਰਿਛ। [ਸੰਸ:, ਪਾਰਿਜਾਤ]। ਪਗ=ਚਰਣ।
ਅਮਲ=ਅ+ਮਲ—ਮੈਲ ਤੋਂ ਰਹਿਤ।
ਚਿਤੰਨ=ਚੇਤਨਤਾ, ਮਨ ਬੁੱਧੀ ਸੰਯੁਕਤ ਹੋਣ ਦੀ ਤਾਕਤ।
ਗਤਿ=ਮੁਕਤੀ। ਰੈਨ=ਰੈਣ, ਰਾਤ।
ਸਹਿਚੇਤ=[ਸਹਿ+ਚੇਤ=] ਚੇਤਨਤਾਈ ਸਮੇਤ।
ਬਾਸੁਰ=ਦਿਨ। ਰਜਨੀ=ਰਾਤ।
ਏਕ ਸੇ=ਇਕੋ ਜੇਹੇ, ਭਾਵ ਅਪਣੇ ਆਪ ਦੇ ਖੇੜੇ ਵਿਚ ਇਕ ਰਸ ਖਿੜੇ ਰਹਿੰਦੇ ਹਨ।
ਸਤੁਲ=ਸ+ਤੁਲ—ਇਕ ਬ੍ਰਾਬਰ, ਭਾਵ ਮੁਕਤੀ ਦਾਨ ਦੇ ਸੁਭਾਵ ਵਿਚ ਇਕ ਤੁੱਲ—ਦਾਤੇ—ਹੀ ਰਹਿੰਦੇ ਹਨ। ਇਕ ਰੰਗ ਹਨ।
ਲਖੇ=ਪਛਾਣੇ, ਸਿਆਣੇ, ਸਮਝੇ। ਪਦ=ਚਰਣ।
ਆਦਰ ਨ......=ਸਤਿਕਾਰ ਯਾ ਆਦਰ ਯੋਗ ਨਹੀਂ। 'ਲਖੇ' ਤੋਂ ਮੁਰਾਦ ਹੈ ਕਿ ਦੋਹਾਂ ਦੀ ਸਦਰਸ਼ਤਾ ਨਹੀਂ ਹੈ। ਚਰਨ ਨੂੰ ਕਲਪ ਬ੍ਰਿਛ ਤੇ ਕਮਲ ਦੀ ਉਪਮਾ ਦੇਣੀ, ਚਰਨਾਂ ਦਾ ਆਦਰ ਕਰਨਾ ਨਹੀਂ।

[1]ਹੋਰ ਮਨੁੱਖ। [2]ਪ੍ਰੇਮ ਕਰਕੇ। [3]ਬੇਦੀ ਕੁਲ ਦੇ ਨਿਸ਼ਾਨ (ਸਤਿਗੁਰ ਨਾਨਕ ਦੇਵ ਜੀ) ਦੀ। [4]ਸੁਖਦਾਤੇ ਨੂੰ ਮੱਥਾ ਟੇਕ ਕੇ।

ਪਗ ਪਗ=ਚਰਣ ਚਰਣ ਹੀ ਹਨ, ਭਾਵ ਉਨ੍ਹਾਂ ਦੀ ਉਪਮਾ ਦੀ ਹੋਰ ਕੋਈ ਵਸਤੂ ਨਹੀਂ ਹੈ।

ਅਰਥ–ਕੋਈ ਕਵਿ (ਗੁਰੂ ਜੀ ਦੇ) ਚਰਣਾਂ (ਨੂੰ) ਕਲਪ ਬ੍ਰਿੱਛ (ਨਾਲ) ਉਪਮਾ ਦੇਂਦਾ ਹੈ, ਕੋਈ ਕਹਿੰਦਾ ਹੈ (ਕਿ) ਗੁਰੂ (ਜੀ ਦੇ) ਚਰਣ ਨਿਰਮਲ ਕਮਲ (ਸਮ ਨ) ਹਨ;

(ਪਰ ਕਵਿ ਇਹ ਨਹੀਂ ਵਿਚਾਰਦੇ ਕਿ) ਜੇਹੜਾ (ਤਾਂ) ਕਲਪ ਬ੍ਰਿੱਛ (ਹੈ) ਨਾਂ (ਤਾਂ ਓਹ) ਚੇਤਨ (ਹੈ) ਨਾਂ ਹੀ ਮੁਕਤੀ ਦੇ ਦੇਣ ਵਾਲਾ ਹੈ, (ਅਤੇ ਜੇਹੜਾ) ਨਿਰਮਲ ਕਮਲ ਹੈ (ਉਸ ਦਾ) ਰਾਤ ਵਿਖੇ ਮੂੰਹ ਬੰਦ ਹੋ ਜਾਂਦਾ ਹੈ।

(ਪਰੰਤੂ ਜੋ ਸਤਿਗੁਰੂ ਜੀ ਦੇ ਚਰਣ ਹਨ) ਓਹ ਤਾਂ ਚੇਤਨਾਂ ਵਾਲੇ (ਹਨ,) ਅਪਣੇ ਭਗਤਾਂ ਦੀਆਂ (ਮਨੋ) ਕਾਮਨਾ (ਪੂਰੀਆਂ ਕਰ) ਦੇਂਦੇ ਹਨ (ਅਤੇ) ਦਿਨ ਤੇ ਰਾਤ (ਹਰ ਸਮੇਂ) ਵਿਖੇ ਇਕੋ ਜੇਹੇ (ਭਾਵ, ਇਕ ਰੱਸ ਰਹਿਣ ਵਾਲੇ ਅਤੇ) ਇਕ ਬਰੱਬਰ (ਭਾਵ, ਇਕ ਰੰਗ ਰਹਿਣ ਵਾਲੇ) ਹਨ।

(ਸੋ ਮੈਂ) ਨਾਂਹੀ ਕਲਪ ਬ੍ਰਿੱਛ (ਤੇ ਨਾਂਹੀ) ਕਮਲ (ਗੁਰੂ ਜੀ ਦੇ) ਚਰਣਾਂ ਦੇ ਆਦਰ ਯੋਗ ਸਮਝੇ ਹਨ, ਇਸ ਲਈ ਚਰਣ ਚਰਣ ਹੀ ਹਨ, ਨਾਂ (ਹੀ) ਕਲਪ ਬ੍ਰਿੱਛ (ਹਨ ਤੇ ਨਾਂ ਹੀ) ਕਮਲ।

ਚੌਪਈ–*ਕਰ[੧] ਤੂੰਬੀ[੨] ਕਟ[੩] ਕੀਨਿ ਕੁਪੀਨਾ[੪]। ਤਨ[੫] ਊਪਰ[੬] ਕਮਰੀ[੭] ਸਿਤ[੮] ਲੀਨਾ। ਊਚੀ ਕੁਲਹ[੯] ਸੀਸ[੧੦] ਪਰ ਧਾਰੀ। ਸ਼ਮਸ਼[੧੧] ਸ੍ਵੇਤ[੧੨] ਦੀਰਘ[੧੩] ਇਕਸਾਰੀ[੧੪]॥੨॥ਉਰ ਮੈਂ[੧੫] ਕਰ ਗੁਰ ਨਾਨਕ ਧ੍ਯਾਨਾ। ਬੰਦੇ ਪਦ[੧੬] ਅਰਬਿੰਦ[੧੭] ਬਿਧਾਨਾ[੧੮]। ਬਾਲਾ ਬਰਨਨ ਕਰਨ ਲਗਾ ਬਰ[੧੯]। ਸਸਿ ਮੁਖ ਤੇ[੨੦] ਇਤਿਹਾਸ[੨੧] ਸੁਧਾ[੨੨] ਸਰ[੨੩]॥੩॥ਸ੍ਰੀ ਬਾਲਾਸੰਧੁਰੁ† ਵਾਚ:–ਕਲਿਜੁਗ ਪਾਇ ਅਕਾਲ ਪ੍ਰਜੋਰਾ[੨੪]। ਪ੍ਰਗਟ ਭਏ ਅਘ[੨੫] ਓਘ[੨੬] ਪ੍ਰਘੋਰਾ[੨੭]। ਆਦਿ ਦੁਕਾਲ[੨੮] ਹੋਤਿ ਉਤਪਾਤਾ[੨੯]। ਭਯੋ ਮਲੇਛ ਰਾਜ

---

[੧]ਹੱਥ ਵਿਚ। [੨]ਛੋਟਾ ਤੂੰਬਾ। [੩]ਲੱਕ ਨਾਲ। [੪]ਲੰਗੋਟੀ। [੫]ਸਰੀਰ। [੬]ਉਤੇ। [੭]ਕੰਬਲੀ। [੮]ਚਿੱਟੀ। [੯]ਟੋਪੀ। [੧੦]ਸਿਰ। [੧੧]ਦਾਹੜਾ। [੧੨]ਚਿੱਟਾ। [੧੩]ਲੰਬਾ। [੧੪]ਇਕੋ ਜੇਹਾ। [੧੫]ਦਿਲ ਵਿਚ। [੧੬]ਚਰਣ। [੧੭]ਕਵਲ। [੧੮]ਵਿਧੀ ਨਾਲ। [੧੯]ਸ੍ਰੇਸ਼ਟ। [੨੦]ਚੰਦ੍ਰ ਮੁਖ ਤੋਂ। [੨੧]ਕਥਾ। [੨੨]ਅੰਮ੍ਰਿਤ। [੨੩]ਵਰਗਾ। [੨੪]ਕੁਰੁੱਤਾ ਜ਼ੋਰ। [੨੫]ਪਾਪ। [੨੬]ਬਹੁਤੇ। [੨੭]ਭਯਾਨਕ। [੨੮]ਕਾਲ ਪੈ ਜਾਣਾ ਆਦਕ। [੨੯]ਉਪੱਦ੍ਰਵ।

*ਭਾਈ ਬਾਲੇ ਜੀ ਦਾ ਰੂਪ ਵਰਣਨ।

†'ਸੰਧੁਰੁ' ਦਾ ਇਥੇ ਰਾਰਾ ਔਂਕੜ ਵਾਲਾ ਹੈ, ਸੰਸਕ੍ਰਿਤ ਦੇ ਵ੍ਯਾਕਰਣ ਅਨੁਸਾਰ 'ਰੁ' ਜਿਸ ਦਾ ਭਾਵ ਰਾਰੇ ਦੀਆਂ ਵਿਸਰਗਾਂ (ః) ਬਣਕੇ ਔਂਕੜ ਦਾ 'ਉ' ਬਣਕੇ 'ਉਵਾਚ' ਬਣ ਜਾਏਗਾ। ਅਰਥ–ਇਹ ਭਾਈ ਬਾਲਾ ਸੰਧੂ ਜੀ ਕਥਨ ਕਰਦੇ ਹਨ।

ਬਖਯਾਤਾ[੧] ॥੪॥ ਪੰਥ ਮੁਹੰਮਦ ਬਢਤਿ ਅਪਾਰਾ। ਕਲਮਲ ਮਯ[੨] ਮਤਿਹੀਨ ਬਿਚਾਰਾ। ਗੋ[੩] ਗਰੀਬ ਕੋ ਹਤਹਿਂ ਕੁਸਾਲੀ[੪]। ਕਲ ਕੇ ਕਾਲਹਿ 'ਕੀਨਿ ਕੁਚਾਲੀ[੫] ॥ ੫ ॥ ਨ੍ਰਿਪਤ[੬] ਭਏ ਮਤਿਮੰਦ[੭] ਮਲੀਨਾ[੮]। ਜਨੁ ਸ਼ੁਭ ਕਰਮ ਖੋਸ[੯] ਕਿਸ ਲੀਨਾ। ਮੰਤ੍ਰੀ ਲੋਲਪ[੧੦] ਬੇਸਯਾਗਾਮੀ[੧੧]। ਦੁਰਾਚਾਰ[੧੨] ਕਰਿਹੀਂ ਮਨਬਾਮੀ[੧੩] ॥ ੬ ॥ ਦੋਹਰਾ ॥ ਦੁਰਮਤਿ[੧੪] ਦੁਸ਼ਟ[੧੫] ਦਰੋਦਰੀ[੧੬] ਦੁੱਕ੍ਰਿਤ[੧੭] ਦੁਖਤਿ[੧੮] ਕਲੇਸ਼[੧੯]। ਸੁਨ ਸਿੰਘਕਾ[੨੦] ਸਰਸ[੨੧] ਸੋ, ਧਰਮ ਭਯੋ ਰਾਕੇਸ਼[੨੨] ॥੭॥ ਚੌਪਈ॥ ਨ੍ਰਿਪਤ[੨੩] ਪੁਕਾਰ[੨੪] ਨ ਸੁਨਿਹੈਂ ਕਾਈ। ਕਾਜੀ ਰਿਸ਼ਵਤ ਬਸਿ ਅਧਿਕਾਈ[੨੫]। ਝੂਠੇਕੋ ਸਾਚਾ ਕਰਿ ਦੇਈ। ਸਤਿ ਨਯਾਉਂ ਕੋ ਨਾਉਂ ਨ ਲੇਈ॥੮॥ ਜਹਿ ਤਹਿਂ ਚਲੀ ਮਲੇਛਨ ਭਾਖਾ। ਨਿਜ ਨਿਜ[੨੬] ਧਰਮ ਨਰਨ[੨੭] ਸਭਿ ਨਾਖਾ[੨੮] ਪੁੰਨ ਹੀਨ ਤਨ ਪਾਪਨ ਪੀਨਾ[੨੯]। ਦਰਬ[੩੦] ਖਸੋਟਹਿਂ[੩੧] ਦੇਖਤਿ ਦੀਨਾ[੩੨] ੯ ॥ ਪਰ[੩੩] ਕਾਰਜ[੩੪] ਕੇ ਕਰਤਾ[੩੫] ਹਾਨੀ[੩੬]। ਸਨਿ ਜਿਉਂ ਤਨੁ ਖੋਵਹਿ ਦੁਖ ਦਾਨੀ[੩੭]॥ ਪਰ ਧਨ[੩੮], ਪਰ ਨਿੰਦਿਆ, ਪਰਦਾਰਾ[੩੯]। ਨਿਸਦਿਨ ਤਨ ਮਨ ਸੋਂ ਹਿਤ[੪੦] ਧਾਰਾ ॥ ੧੦ ॥ ਦੋਹਰਾ—ਜੰਗਮ[੪੧] ਬਹੁਤ ਸਰੇਵਰੇ[੪੨] ਕਰਤਿ ਦਿਗੰਬਰ[੪੨] ਰਾਰ[੪੩]। ਖਟ[੪੪] ਦਰਸ਼ਨ[੪੫] ਹਰਿਨਾਮ ਬਿਨ ਹੋਤਿ ਬਾਦ[੪੬] ਮਰਿ ਖ੍ਵਾਰ[੪੭] ॥ ੧੧ ॥ ਚੌਪਈ॥ ਕੀਨੇ ਦ੍ਵਾਦਸ਼[੪੮] ਮਾਰਗ[੪੯] ਜੋਗੀ*। ਭਾਉ ਭਗਤਿ ਬਿਨ ਭਏ ਬਿਓਗੀ[੫੦]। ਕਰਹਿਂ ਸ਼ਾਸਤ੍ਰਨ ਬਿਪਰ[੫੧] ਕੁਬਾਦਾ[੫੨]। ਬਹੁ ਪਰਸਪਰ[੫੩] ਵਧਤਿ ਬਿਖਾਧਾ[੫੪] ॥੧੨॥ ਮੂੰਡ[੫੫] ਮੁੰਡਾਵਹਿਂ[੫੬] ਹੁਇ ਸਨਿਆਸ

[੧]ਪ੍ਰਗਟ। [੨]ਪਾਪ ਰੂਪ। [੩]ਗਊ। [੪]ਅਨਜਾਈ। [੫]ਖੋਟੀ ਚਾਲ। [੬]ਰਾਜੇ। [੭]ਬੁਧਿ ਭੈੜੀ ਵਾਲੇ। [੮]ਮੈਲੇ [੯]ਖੋਹ। [੧੦]ਲੰਪਟ। [੧੧]ਵਿਭਚਾਰੀ। [੧੨]ਭੈੜੇ ਕਰਮ। [੧੩]ਵਿੰਗੇ ਮਨ ਵਾਲੇ। [੧੪]ਖੋਟੀ ਬੁੱਧਿ [੧੫]ਦੁਸ਼ਟਤਾ। [੧੬]ਜੂਏ ਬਾਜ਼ੀ, ਬਖੀਲੀ। [੧੭]ਪਾਪ। [੧੮]ਦੁਖਾਉਣਾ। [੧੯]ਸੰਤਾਪ। [੨੦], [੨੧](ਏਹ ਸਾਰੇ ਸਿੰਘਕਾ ਰਾਖਸ਼ਣੀ ਦੇ ਪੁੱਤ੍ਰ—ਰਾਹੂਸਮਾਨ (ਹੋ ਗਏ)। [੨੨]ਧਰਮ ਪੂਰਨਮਾਸ਼ੀ ਦਾ ਚੰਦ੍ਰਮਾਂ(ਹੋਗਿਆ [੨੩]ਰਾਜੇ। [੨੪]ਫਰਿਆਦ। [੨੫]ਬਹੁਤ। [੨੬]ਆਪੋ ਆਪਣਾ। [੨੭]ਮਨੁਖਾਂ ਨੇ। [੨੮]ਛੱਡ ਦਿਤਾ। [੨੯]ਤਕੜੇ [੩੦]ਧਨ। [੩੧]ਖੋਹ ਲੈਂਦੇ ਹਨ। [੩੨]ਗਰੀਬ ਦੇਖ ਕੇ। [੩੩]ਪਰਾਏ। [੩੪]ਕੰਮ। [੩੫]ਕਰਨ ਵਾਲੇ। [੩੬]ਨਾਸ਼। [੩੭]ਸਣ ਸਿੱਕੁਣ (ਆਪਣਾ) ਆਪ (ਕੁਟਾਕੇ ਰੱਸੇਦਾ ਰੂਪ ਹੋਕੇ ਦੂਜੇ ਨੂੰ ਬੰਨ੍ਹਣ ਦੇ ਕੰਮ ਆਕੇ) ਦੁਖਦਾਈ ਹੁੰਦੀ ਹੈ। [੩੮]ਪਰਾਇਆ ਧਨ। [੩੯]ਪਰ ਇਸਤ੍ਰੀ। [੪੦]ਪ੍ਰੇਮ। [੪੧]ਟੱਲੀਆਂ ਖੜਕਾ ਮੰਗਣ ਵਾਲੇ ਫਿਰਤੂ [੪੨]ਜੈਨੀਆਂਦੇਦੋਭੇਦ। [੪੩]ਝਗੜਾ। [੪੪]ਛੇ। [੪੫]ਮਤ। [੪੬]ਝਗੜਿਆਂ। [੪੭]ਖਰਾਬ। [੪੮]ਬਾਰਾਂ। [੪੯]ਰਾਹ। [੫੦]ਸਾਈ ਤੋਂ ਵਿੱਛੁੜੇ। [੫੧]ਬ੍ਰਾਹਮਨ। [੫੨]ਭੈੜੇ ਝਗੜੇ। [੫੩]ਆਪੋ ਵਿਚੀਂ। [੫੪]ਝਗੜਾ। [੫੫]ਸਿਰ। [੫੬]ਮੁਨਾਕੇ

*ਜੋਗੀਆਂ ਦੇ ਬਾਰਾਂ ਪੰਥ ਇਹ ਹਨ:—੧. ਹੇਤੁ। ੨. ਪਾਵ। ੩. ਆਈ ੪. ਗੰਮਯ। ੫. ਪਾਗਲ। ੬. ਗੋਪਾਲ। ੭. ਦਾਸ। ੮. ਕੰਥੜੀ। ੯. ਬਨ। ੧੦. ਧ੍ਵਜ ੧੧. ਚੋਲੀ। ੧੨. ਰਾਵਲ।

ਦਰਬ[੧] ਨਾਰ[੨] ਮਹਿਂ ਰਿਦਾ[੩] ਦੁਰਾਸੀ[੪]। ਭਏ ਅਤੀਤ ਕਹਾਇਂ ਬੈਰਾਗੀ। ਗ੍ਰਿਸਤੀ ਤੇ ਵਧਿ ਮਨ ਦੌ[੫] ਲਾਗੀ ॥ ੧੩ ॥ ਪੰਡਤ ਪਹਰੂਆ[੬] ਕਰਹਿਂ ਸਤੈਈ[੭]। ਰਖਵਾਰੀ ਕੋ ਸਦਨ ਕਰੇਈ[੮] ? ਹੁਤੀ ਬਾਰ[੯] ਰਖਬਾਰ ਨ੍ਰਿਪਾਲਾ[੧੦]। ਪ੍ਰਜਾ ਖੇਤ ਕੋ ਖਾਤਿ ਕੁਵਾਲਾ[੧੧]* ॥੧੪॥ ਦੋਹਰਾ–॥ ਭਯੋ ਭਾਰ ਧਰ[੧੨] ਪਰ[੧੩] ਅਧਿਕ[੧੪] ਧਰਮ ਧਰਤਿ ਨਹਿਂ ਧੀਰ[੧੫]। ਭਾਉ ਭਗਤਿ ਨਹਿਂ ਜਗਤ ਮੇਂ, ਬਿਕੁਲ[੧੬] ਭਈ ਭਯ[੧੭] ਭੀਰ[੧੮] ॥੧੫॥ ਚੌਪਈ॥ ਏਕੰਕਾਰ ਅਰਾਧਨ ਕੀਨਾ। ਭਨਤਿ[੧੯] ਬੇਨਤੀ ਭਈ ਅਧੀਨਾ। 'ਪਰਮੇਸੁਰ ਪਰ ਪੁਰਖ ਪੁਰਾਤਨ[੨੦]। ਪਰਮ ਪਰਾਵਰਨਾਥ[੨੧] ਸਨਾਤਨ ॥ ੧੬ ॥ ਦੀਨ ਬੰਧੁ[੨੨] ਪ੍ਰਭੁ ਦੀਨ ਦਯਾਲਾ। ਦੀਨਾਨਾਥ[੨੩] ਪ੍ਰੋਖ[੨੪] ਪ੍ਰਤਿਪਾਲਾ। ਅਜਰ[੨੫] ਅਮਰ[੨੬] ਅਨਵੱਦ[੨੭] ਅਭੇਖਾ[੨੮]। ਅਭੈ[੨੯] ਨਿਰੰਜਨ[੩੦] ਅਲਖ ਅਲੇਖਾ[੩੧] ॥੧੭॥ ਕਲਮਲ[੩੨] ਕਲਿ[੩੩] ਕੇ ਕਾਲ[੩੪] ਬਿਥਾਰਾ[੩੫]। ਅਬਹਿ[੩੬] ਭਾਰ ਨਹਿਂ ਜਾਇ ਸੰਭਾਰਾ॥ ਅਤਿ[੩੭] ਦੁਸ਼ਤਰ[੩੮] ਦੁਖ ਵੇਲਾ ਭਯੋ। ਬਿਨ ਅਵਿਲੰਬ[੩੯] ਜਾਤਿ ਨਹਿਂ ਰਹਯੋ ॥ ੧੮ ॥ ਦੋਹਰਾ॥ ਸਤਿਜੁਗ ਮਹਿਂ ਚਾਰੋਂ ਚਰਨ ਤ੍ਰੇਤੇ ਤੀਨ ਰਹਾਇ। ਦ੍ਵਾਪਰ ਮਹਿਂ ਦੋਊ ਰਹੇ ਕਲਿ ਇਕ ਚਰਨ[੪੦] ਟਿਕਾਇ ॥੧੯॥ ਚੌਪਈ॥ ਕਲਮਲਮਯ[੪੧] ਆਯੋ ਕਲਿਕਾਲਾ। ਭਯੋ ਸੁ ਧਾਂਤੇ ਭਾਰ ਬਿਸਾਲਾ[੪੨]। ਏਕ ਚਰਨ ਤੇ ਟਿਕਾ ਨ ਜਾਈ। ਬਿਨ ਅਵਿਲੰਬ ਨ ਥਿਰਤਾ[੪੩] ਪਾਈ ॥੨੦॥ ਏਕੰਕਾਰ! ਬਿਨੈ[੪੪] ਸੁਨਿ ਲੀਜੈ। ਥਿਰ ਹੋਵੋਂ ਕੋ ਅਵਿਲੰਬ ਦੀਜੈ'। ਜੋਤੀ ਰੂਪ ਆਤੁਰੀ ਬਾਨੀ[੪੫]। ਸੁਨਤਿ ਬਿਚਾਰ ਕੀਨਿ ਸੁਖਦਾਨੀ ॥੨੧॥ 'ਇਸ ਕਾਰਜ ਕੋ ਬਹੁਤ ਪਠਾਏ। ਜਾਇ ਤਹਾਂ ਨਿਜ ਪੰਥ ਚਲਾਏ। ਬਿਸਰੇ ਜਾਂ ਕਾਰਜ ਤਹਿਂ ਗਏ।

---

[੧]ਧਨ। [੨]ਇਸਤ੍ਰੀ। [੩]ਵਿਚ ਦਿਲ ਹੈ। [੪]ਭੈੜੀ ਆਸਾ ਵਾਲਾ। [੫]ਤ੍ਰਿਸ਼ਨਾ ਦੀ ਅੱਗ। [੬]ਪਹਿਰੇਦਾਰ। [੭]ਚੋਰੀ। [੮]ਘਰ ਦੀ ਰਖਵਾਲੀ ਕੌਣ ਕਰੇ? [੯]ਵਾੜ। [੧੦]ਰਾਜੇ। [੧੧]ਭੈੜੀ ਤਰ੍ਹਾਂ। [੧੨]ਜ਼ਮੀਨ। [੧੩]ਤੇ। [੧੪]ਬਹੁਤ। [੧੫]ਹੌਸਲਾ। [੧੬]ਵਿਆਕੁਲ। [੧੭],[੧੮](ਧਰਤੀ) ਭੈ ਨਾਲ ਭੈਭੀਤ ਹੋ ਗਈ (ਅ) ਭੀੜਾ ਪੈ ਗਈ। [੧੯]ਆਖਦੀ ਹੋਈ। [੨੦]ਅਨਾਦੀ। [੨੧]ਦੇਖੋ ਇਸ ਦੇ ਪਹਿਲੇ ਅਧਯਾਯ ਵਿਖੇ ਮੰਗਲ ਸ੍ਰੀ ਸਤਿਗੁਰੂ ਗੁਰੂ ਨਾਨਕ ਦੇਵ ਜੀ ਦਾ, ਛੰਦ ੫। [੨੨]ਦੀਨਾਂ ਦਾ ਪਿਆਰਾ। [੨੩]ਦੀਨਾਂ ਦਾ ਸੁਆਮੀ। [੨੪]ਗੁਪਤ। [੨੫]ਬੁਢਾਪੇ ਤੋਂ ਬਿਨਾਂ। [੨੬]ਮੌਤ ਤੋਂ ਰਹਿਤ। [੨੭]ਕਥਨ ਤੋਂ ਪਰੇ। [੨੮]ਭੇਖ ਤੋਂ ਰਹਿਤ। [੨੯]ਡਰ ਤੋਂ ਪਾਰ। [੩੦]ਮਾਇਆ ਮੈਲ ਤੋਂ ਪਾਰ। [੩੧]ਲੇਖੇ ਤੋਂ ਰਹਿਤ। [੩੨]ਪਾਪ। [੩੩]ਕਲਿਜੁਗ। [੩੪]ਸਮੇਂ। [੩੫]ਫੈਲ ਗਏ। [੩੬]ਹੁਣ ਤਾਂ। [੩੭]ਬਹੁਤ। [੩੮]ਔਖਾ। [੩੯]ਆਸਰੇ ਦੇ ਬਿਨਾਂ। [੪੦]ਪੈਰ। [੪੧]ਪਾਪ ਰੂਪ। [੪੨]ਬਹੁਤ। [੪੩]ਇਸਥਿਤੀ। [੪੪]ਏਨਤੀ। [੪੫]ਦੁਖ ਭਰੀ ਬਾਣੀ।

*ਭਾਈ ਗੁਰਦਾਸ ਜੀ ਨੇ ਬੀ ਏਹੋ ਹਾਲ ਦਿੱਤੇ ਹਨ। ਉਸ ਸਮੇਂ ਦੀਆਂ ਅਨਮਤੀ ਤਾਰੀਖ਼ਾਂ ਬੀ ਦੇਸ਼ ਦਾ ਬੁਰਾ ਹਾਲ ਦੱਸਦੀਆਂ ਹਨ।

ਅਪਨੇ ਅਪਨੇ ਮਤਿ ਠਹਿਰਾਏ[੧]॥੨੨॥ਕਿਨਹੁੰ[੨]ਨ ਮਹਿਮਾ ਨਾਮਬਿਥਾਰੀ।
ਭਾਉ ਭਗਤਿ ਕੀ ਰੀਤਿ ਨ ਡਾਰੀ। ਜਿਉਂ ਹੋਵਤਿ ਅਵਿਲੰਬਤਿ[੩] ਛੋਨੀ[੪]।
ਇਉਂ ਬਿਚਾਰ ਬੋਲੇ ਜਗ ਜੋਨੀ[੫]॥ ੨੩ ॥ 'ਨਾਮ ਕੀਰਤਨ ਬਿਥਰਹੁ ਜਬ-
ਹੀ । ਤੁਝ ਅਵਿਲੰਬ ਹੋਇ ਹੈ ਤਬ ਹੀ । ਯਾਂਤੇ ਪ੍ਰਗਟਾਵੇਂ ਜਗ ਆਇ।
ਮੋ ਬਿਨ ਹੋਤਿ ਨ ਆਨ[੬] ਉਪਾਇ'॥੨੪॥ਧਰਮ ਧਾਮ[੭] ਧਰ[੮] ਧੀਰਜ ਦੀਨੋ।
'ਪਾਇ ਅਲੰਬ ਹੋਇ ਦੁਖ ਛੀਨੋ[੯]'। ਸੁਨਿ ਕਰਿ ਗਿਰਾ ਗਗਨ[੧੦] ਕੀ ਛੋਨੀ[੪]।
ਉਰ ਕਰਿ ਪਰਮ ਹਰਖ ਮੁਖ ਮੋਨੀ॥੨੫॥ਜਗ ਮਹਿਂ ਰਘੁਵਰ[੧੧] ਕੁਲ ਅ-
ਕਲੰਕਾ॥ਪ੍ਰਗਟੇ ਬੇਦੀ ਕੁਮੁਦ[੧੨] ਮਯੰਕਾ[੧੩]। ਏਕੰਕਾਰ ਧਾਰਿ ਨਿਜ ਰੂਪਾ[੧੪]।
ਪ੍ਰਗਟੇ ਸਤਿਗੁਰ ਰੂਪ ਅਨੂਪਾ॥੨੬॥ਦੋਹਰਾ—ਨਿਸ[੧੫] ਕੁਚਾਲ[੧੬]ਕਲਿਕਾਲ
ਤਮ[੧੭] ਉਡਗਨ[੧੮]ਦੰਭ[੧੯]ਸਮਾਜ। ਭਏ ਕੁਮੁਦਿ[੧੨]ਸੇ ਅਨਿਕ ਮਤ ਇੰਦੁ[੨੦]
ਮੁਹੰਮਦ ਰਾਜ ॥੨੭॥ ਚੌਪਈ—ਤਿਨਕੋ ਹਰਨ ਬਾਲਦਿਨਰਾਊ[੨੧]। ਉਦੇ[੨੨]
ਸੁ ਨਾਨਕ ਤੇਜ ਪ੍ਰਭਾਊ। ਬਚਨ ਕਿਰਨ ਜਾਂ ਮਹਿਂ ਪਰਕਾਸ਼ੇ। ਸੰਤ ਤਾਮ-
ਰਸ[੨੩] ਹੇਰਿ[੨੪] ਵਿਕਾਸ਼ੇ[੨੫]॥੨੮॥ਦੰਭੀ ਸਮ ਉਲੂਕੁ[੨੬]ਦੁਖ ਭਾਰੀ। ਕਿੰਕਰ[੨੭]
ਕੋਕ[੨੮] ਭਏ ਸੁਖਿਯਾਰੀ। ਆਤਪ ਭਗਤਿ ਜਗਤ ਪਰਕਾਸ਼ੀ।ਨੀਂਦ ਅਵਿ-
ਦਯਾ ਸਿੱਖਨ ਨਾਸ਼ੀ ॥੨੯॥ ਗਯਾਨ ਨਾਮ ਮਹਿਂ ਨਰਬਰ[੨੯] ਜਾਗੇ। ਕਲ-
ਮਲ[੩੦] ਸੁਪਨਾ ਜਿਉਂ ਮਨ ਤਯਾਗੇ।ਧਰਮ ਧਰਤਿ ਧੀਰਜਕੇ ਹੇਤਾ[੩੧]।ਪ੍ਰਗਟੇ
ਸ੍ਰੀ ਬੇਦੀ ਕੁਲਕੇਤਾ[੩੨] ॥ ੩੦ ॥ ਸ਼੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ—ਕਾਰਨ[੩੩]
ਗੁਰੁ ਅਵਤਾਰ ਕੋ ਮੈਂ ਬਰਨਯੋਂ[੩੪] ਚਿਤ ਲਾਇ। ਸੁਨਹੁ ਜਨਮ ਕੀ ਅਬ
ਕਥਾ ਸ੍ਰੀ ਅੰਗਦ ਸੁਖਦਾਇ[੩੫] !॥ ੩੧ ॥ ਚੌਪਈ- ਬਾਰ ਦੇਸ਼[੩੬] ਸਭਿ ਦੇਸ਼

---

[੧]ਇਹ ਵਾਰਤਾ ਬਚਿੱਤ੍ਰ ਨਾਟਕ ਵਿਚ ਬੀ ਹੈ । [੨]ਕਿਸੇ ਨੇ। [੩]ਆਸਰੇ ਵਾਲੀ। [੪]ਪ੍ਰਿਥਵੀ। [੫]ਜਗਤ ਦਾ ਕਾਰਨ, ਪਰਮਾਤਮਾਂ। [੬]ਹੋਰ। [੭]ਧਰਮ ਦੇ ਘਰ ਨੇ। [੮]ਪ੍ਰਿਥਵੀ ਨੂੰ। [੯]ਨਾਸ਼। [੧੦]ਅਕਾਸ਼। [੧੧]ਸ੍ਰੀ ਰਾਮ ਚੰਦ੍ਰ ਜੀ। [੧੨]ਕਵੀਆਂ। [੧੩]ਚੰਦ੍ਰਮਾ ਵਤ। [੧੪]ਇਸਤੋਂ ਮੁਰਾਦ ਉਹੀ ਹੈ ਜੋ ਪੰਜਵੇਂ ਸਤਿਗੁਰਾਂ ਦੀ ਇਸ ਤੁਕ ਤੋਂ ਹੈ 'ਗੁਰ ਨਾਨਕ ਦੇਵ ਗੋਵਿੰਦ ਰੂਪ'। ਇਹ ਪਰਮੇਸ਼ੁਰ ਦਾ ਜੋਨੀ ਵਿਚ ਆਉਣਾ ਨਹੀਂ, ਪਰਮੇਸ਼ੁਰ ਆਦਿ ਗੁਰ ਹੈ, ਉਹਦੀ ਗੁਰੂ ਸ਼ਕਤੀ ਗੁਰ ਨਾਨਕ ਵਿਚ ਪੂਰਨ ਰੂਪ ਲੈ ਕੇ ਪ੍ਰਗਟਦੀ ਹੈ। ਐਉਂ ਗੁਰੂ ਜੀ ਗੋਬਿੰਦ ਰੂਪ ਹਨ। [੧੫]ਰਾਤ੍ਰੀ। [੧੬]ਭੈੜੀਆਂ ਰਸਮਾਂ। [੧੭]ਅਨ੍ਹੇਰਾ। [੧੮]ਤਾਰੇ। [੧੯]ਪਖੰਡ। [੨੦]ਚੰਦ੍ਰਮਾ। [੨੧]ਬਾਲ ਅਵਸਥਾ ਦਾ ਸੂਰਜ। [੨੨]ਪ੍ਰਗਟੇ। [੨੩]ਕਵਲ। [੨੪]ਵੇਖਕੇ। [੨੫]ਖਿੜੇ। [੨੬]ਉੱਲੂ। [੨੭]ਸਿੱਖ, ਦਾਸ। [੨੮]ਚਕਵੀ ਚਕਵਾ। [੨੯]ਚੰਗੇ ਪੁਰਸ਼। [੩੦]ਪਾਪ। [੩੧]ਵਾਸਤੇ। [੩੨]ਬੇਦੀ ਕੁਲ ਦੇ ਨਿਸ਼ਾਨ। [੩੩]ਸਬੱਬ। [੩੪]ਦਸਿਆ ਹੈ। [੩੫]ਹੇ ਸੁਖ ਦੇਣ ਵਾਲੇ ਗੁਰੂ ਅੰਗਦ ਜੀਓ ! [੩੬]ਬਾਰ ਦਾ ਦੇਸ਼।

ਨਰੇਸ਼ੂ[੧]।ਗ੍ਰਾਮ ਪ੍ਰਜਾ ਕੋ[੨] ਹਰਤਿ[੩] ਕਲੇਸ਼ੂ[੪]। ਐਰਾਵਤੀ[੫] ਏਕਦਿਸ਼ਿ[੬]ਬਾਰੀ[੭]।
ਸੁੰਦਰ ਰੰਗ ਤਰੰਗ ਉਛਾਰੀ[੮] ॥੩੨॥ ਸੋ ਬਰ[੯] ਬਿਜਨ[੧੦] ਹੋਤਿ ਹੈ ਤਾਂਪੈ[੧੧]।
ਨ੍ਰਿਪਤਾ[੧੨]ਕੋ ਲੱਛਨ[੧੩]ਛਬਿ ਥਾਪੈ[੧੪]।ਚੰਦ੍ਰਭਗਾ[੧੫] ਦਿਸ਼ਿਦੁਤਿਯ[੧੬]ਸੁਹਾਈ।
ਮਾਲ ਤਰੰਗਨਿ[੧੭] ਸੂੱਛ ਉਠਾਈ॥੩੩॥ ਤਾਂਪਰ ਹੋਤਿ ਚਮਰ ਛਬਿ ਭਾਰੀ।
ਮਹਿਮਾਂ ਮਹਾਂ ਜਨਾਵਨ ਕਾਰੀ। ਸਦਾ ਸੁਕਾਲ ਸਸਿਨ[੧੮]ਕੋ ਸਾਲੀ[੧੯]।ਤਹਿੰ
ਦੁਕਾਲ[੨੦] ਕੀ ਕੌਨ ਕੁਚਾਲੀ? ॥੩੪॥ ਸਪਤਈਤ[੨੧] ਕੋ ਭੀਤ[੨੨] ਨ ਪਾਵਾ।
ਤਸਕਰ ਕੁਲ[੨੩] ਤਜਿ ਅਨਤ[੨੪] ਪਰਾਵਾ[੨੫] ॥ ਪਥਕ ਜਾਤ[੨੬] ਜਹਿਂ ਮਨ
ਬਿਰਮਾਵਾ[੨੭] । ਹੇਰਿ[੨੮] ਹਿਤੂ ਨਰ[੨੯] ਕੁਟੰਬ ਭੁਲਾਵਾ[੩੦]॥੩੫॥ ਫਲ ਫੂਲਨ
ਦਲਯੁਤ[੩੧] ਤਰੁ ਚਾਰੂ[੩੨]। ਪਥਕ ਹੇਤ ਠਾਢੇ[੩੩] ਸੁਖਕਾਰੂ[੩੪]। ਬਸਹਿਂ ਲੋਕ
ਜਹਿਂ ਸੁਜਨ[੩੫] ਸੁਚਾਲੀ[੩੬]।ਦਯਾ ਧਰਮ ਕੇ ਜੇ ਪ੍ਰਿਤਪਾਲੀ॥੩੬॥ਅਥਿਤ[੩੭]
ਸੇਵ ਮਹਿਂ ਜਿਨ ਮਨ ਰਾਤਾ।ਗੁਨ ਗ੍ਰਾਹੀ ਸਭਿ ਬਿਦ੍ਯਾ ਗ੍ਯਾਤਾ।ਉਪਜਹਿਂ
ਜਹਿਂ ਤੁਰੰਗ[੩੮] ਬਹੁ ਸੁੰਦਰ। ਬਲੀ ਤਰਲਤਾ[੩੯] ਗੁਨ ਕੇ ਮੰਦਰ ॥ ੩੭ ॥
ਔਰ ਪਸ਼ੂ ਬਹੁ ਸੁਭਗ[੪੦]ਸੁ ਜਾਤੀ।ਤਿਨਕੀਖਾਨ ਕੀਨਿ ਬਿਧਿ[੪੧]ਖ੍ਯਾਤੀ[੪੨]।
ਜੋ ਐਸ ਦੇਸ਼ ਰੁਚਿਰ[੪੩] ਬਰ[੪੪] ਸਗਰਾ[੪੫]। ਭਰਤਖੰਡ ਮਹਿਂ ਸ਼ੁਭਤਿ[੪੬]
ਉਜਗਰਾ[੪੭] ॥ ੩੮ ॥ ਤਿਹ ਮਹਿਂ ਤਲਵੰਡੀ ਭਲ ਨਗਰੀ। ਚਾਰਬਰਨ[੪੮]
ਕਰਿ ਪੂਰਤਿ ਸਗਰੀ। ਜਿਹ ਕੇ ਚਹੁੰਦਿਸ ਬਾਗ਼ ਸੁਹਾਵਾ। ਕੁਸਮ[੪੯]
ਬਾਟਿਕਾ[੫੦] ਬਹੁ ਛਬਿ ਪਾਵਾ॥੩੯॥ ਨਗਰ ਕੋਟ[੫੧]ਦਿਢ ਬਨ੍ਯੋ ਉਤੰਗਾ[੫੨]।
ਮਤਸਰ ਧਰਤਾ ਜੋ[੫੩] ਗਿਰਿ ਸੰਗਾ[੫੪] । ਅਟਾ[੫੫] ਘਟਾ ਸੰਗ[੫੬] ਕਰਤਿ

---

[੧]ਸਾਰੇ ਦੇਸ਼ਾਂ ਦਾ ਰਾਜਾ। [੨]ਗ੍ਰਾਮਾਂ (ਰੂਪ)ਪਰਜਾ ਦੇ। [੩]ਦੂਰ ਕਰਦਾ ਹੈ। [੪]ਦੁਖ। [੫]ਰਾਵੀ (ਨਦੀ) ਦਾ। [੬]ਇਕ ਪਾਸੇ। [੭]ਜਲ। [੮]ਉਛਾਲ ਰਿਹਾ ਹੈ। [੯]ਸ੍ਰੇਸ਼ਟ। [੧੦]ਪੱਖਾ। [੧੧]ਉਸਤੇ। [੧੨]ਰਾਜ ਪਨੇ। [੧੩]ਨਿਸ਼ਾਨ। [੧੪]ਥਾਪਿਆਹੈ। [੧੫]ਚਨਾਬ। [੧੬]ਦੂਜੇ ਪਾਸੇ। [੧੭]ਲਹਿਰਾਂ ਦੀ ਪੰਗਤੀ। [੧੮]ਖੇਤੀਆਂਦਾ। [੧੯]ਘਰ। [੨੦]ਕਾਲ਼, ਅੰਨ ਦਾਘਾਟਾ। [੨੧]ਖੇਤੀ ਨੂੰ ਹਾਨੀ ਪਹੁੰਚਾਉਣ ਵਾਲੇ ਸੱਤ ਉਪੱਦ੍ਰਵ:—੧.ਬਰਖਾ ਨਾ ਹੋਣੀ।੨.ਬਹੁਤ ਹੋਣੀ, ੩. ਚੂਹੇ ਪੈਣੇ, ੪. ਮੱਕੜੀ, ੫. ਪੰਛੀਆਂ ਨੇ ਖਾ ਜਾਣਾ, ੬. ਰਾਜਾ ਦੀ ਚੜ੍ਹਾਈ, ੭.ਕੁੰਗੀ। [੨੨]ਡਰ। [੨੩]ਚੋਰਜਾਤੀ। [੨੪]ਹੋਰਥਾਂ। [੨੫]ਦੌੜਗਈ। [੨੬]ਰਾਹੀਆਂ ਦਾਜਾਂਦਿਆਂ। [੨੭]ਜਿਥੇਮਨਮੋਹਤ ਹੋਜਾਂਦਾਹੈ। [੨੮]ਦੇਖਕੇ। [੨੯]ਜਿੱਥੋਂ ਦੇ ਪਿਆਰ ਵਾਲੇ ਮਨੁੱਖ। [੩੦]ਸੰਬੰਧੀ ਭੁੱਲ ਜਾਂਦੇ ਹਨ। [੩੧]ਪੱਤਿਆਂ ਸਮੇਤ। [੩੨]ਸੁਹਣੇ ਬਿੱਛ। [੩੩]ਰਾਹੀਆਂ ਵਾਸਤੇ ਖੜੇ ਹਨ। [੩੪]ਸੁਖ ਦਾਤੇ। [੩੫]ਚੰਗੇ। [੩੬]ਸਦਾ ਚਾਰ ਵਾਲੇ। [੩੭]ਲੋੜਵੰਦ,ਗਰੀਬ। [੩੮]ਘੋੜੇ। [੩੯]ਤ੍ਰਿੱਖੇ। [੪੦]ਚੰਗੇ। [੪੧]ਬਿਧਾਤਾ ਨੇ। [੪੨]ਪ੍ਰਗਟ। [੪੩]ਸੁੰਦਰ। [੪੪]ਚੰਗਾ। [੪੫]ਸਾਰਾ। [੪੬]ਸ਼ੋਭਦਾ ਹੈ। [੪੭]ਪ੍ਰਗਟ। [੪੮]ਬ੍ਰਾਹਮਨ, ਖੱਤ੍ਰੀ, ਵੈਸ਼, ਸੂਦ੍ਰ। [੪੯]ਫੁੱਲ। [੫੦]ਬਗੀਚੇ। [੫੧]ਨਗਰ ਦੁਾਲੇਸਫੀਲ। [੫੨]ਉੱਚੀ। [੫੩]ਜੋਮੁਕਾਬਲਾਕਰਦੀਹੈ। [੫੪]ਪਹਾੜਨਾਲ। [੫੫]ਅਟਾਰੀਆਂ। [੫੬]ਬੱਦਲਾਂ ਨਾਲ

ਬਿਲਾਸਾ[੧]।ਮਨਹੁ ਨਿਰੋਧਨਕੀ[੨] ਹਿਯ[੩]ਆਸ॥੪੦॥ ਮੰਦਿਰ ਜਹਿਂ ਸੁੰਦਰ ਛਬਿ ਪਾਈ।ਸਰਬ ਰੁਤਿਨ ਮਹਿਂ ਜੋ ਸੁਖਦਾਈ।ਅਸ਼ਟਾਪਦ[੪]ਸਮ ਬਿਪਨੀ[੫] ਭੂਰੀ[੬]। ਬਨਜ[੭] ਸੌਜ[੮] ਸੋਂ ਆਪਨ[੯] ਪੂਰੀ[੧੦] ॥੪੧॥ ਸ੍ਰੀ ਨਾਨਕ ਆਗਮ ਕੇ[੧੧] ਹੇਤੂ[੧੨]।ਰਚ੍ਯੋ ਸੁਰਗ ਵਿਧਿ[੧੩]ਸੁਖ ਸੰਕੇਤੂ[੧੪]। ਸੁਰਭੀ[੧੫]ਖੀਰ[੧੬]ਪਯੂਖ[੧੭] ਸਮਾਨਾ।ਸੁਰਸਮ[੧੮] ਸੁੰਦਰ ਮਨੁਜ ਸੁਜਾਨਾ ॥੪੨॥ਜਿਹ ਕੀ ਰਚਨਾ ਹੇਰਿ ਬਚਿੱਤ੍ਰਾ[੧੯]। ਵਿਸ਼ਕਰਮਾ[੨੦] ਹੋਇਓ ਚਿਤ ਚਿੱਤ੍ਰਾ[੨੧] । ਸ੍ਰੁਤਿ[੨੨]ਪਾਠੀ ਹੋਤੀ[੨੩] ਤਤਵੇਤ੍ਰੂ।ਖਟਕਰਮੀ[੨੪]ਕ੍ਰਿਤ[੨੫]ਕੈਵਲ[੨੬]ਹੇਤੂ[੨੭] ॥੪੩॥ ਅਸ ਦ੍ਵਿਜਵਰ[੨੮] ਜਹਿਂ ਬਸੇ ਸੁਖਾਰੇ । ਛੱਤ੍ਰੀ ਧਰਮਯੁੱਧ ਹਿਤ ਧਾਰੇ[੨੯] । ਬਨਕ[੩੦] ਧਨੀ ਕ੍ਰਿਤ ਬਨਜ ਬਿਨੀਤਾ[੩੧]।ਬਾਤ ਕੁਸਲ[੩੨]ਬੇਦਨ ਪਥ ਪ੍ਰੀਤ॥੪੪॥ਸੂਦ੍ਰ ਸਭਿਨਿ ਕੀ ਸੇਵ ਕਰੇਈਂ।ਨਿਪੁਨ[੩੩]ਕਾਰ ਨਿਜ ਨਿਜ ਮਹਿਂ ਤੇਈ।ਨਰ ਅਰੋਗਤਾ ਯੁਤਿ[੩੪]ਕੁਸ਼ਲਾਤਾ[੩੫]।ਵੈਦਕ ਪਠਹਿ ਹੇਤੁ ਸਭਿ ਗਜਾਤਾ*।੪੫॥ ਬੇਦੀਬੰਸ ਬਸਹਿਂ ਧਨੁਧਾਰੀ[੩੬]। ਯੁੱਧ ਬੇਦਕਾ[੩੭] ਜਿਨਹਿਂ ਸੁਧਾਰੀ। ਤੁੰਡ[੩੮] ਕਾਲਿਕਾ ਪਾਵਕਕੁੰਡਾ[੩੯]। ਯੱਗ ਥੰਭ[੪੦] ਸੋ ਸ਼ੋਭਤਿ ਝੰਡਾ ॥੪੬॥ ਕਿਰਪਨ[੪੧] ਸਮ ਕਾਤੁਰਤਾ[੪੨] ਖੋਇ। ਕਰਵਾਰਨਕੇ[੪੩]ਕੀਨ ਸਰੋਏ[੪੪]। ਦੁਸਟਾਮਿਖ[੪੫] ਬਹੁ ਦੀਨ ਅਹੂਤੀ। ਜਹਿਂ ਸਰਪੀ[੪੬] ਸ਼੍ਰੋਣਤ[੪੭] ਸੰਯੁਤੀ[੪੮]† ॥੪੭॥ ਅਸ ਬੇਦੀ

[੧]ਗੱਲਾਂ ਕਰਦੀਆਂ ਹਨ।[੨]ਰੋਕਣ ਦੀ । [੩]ਦਿਲ ਵਿਚ। [੪]ਚੌਪੜ। [੫]ਮੰਡੀ। [੬]ਸਾਰੀ। [੭]ਵਪਾਰ।[੮]ਸੌਦੇ। [੯]ਹੱਟੀਆਂ। [੧੦]ਭਰੀਆਂ ਹੋਈਆਂ। [੧੧]ਆਵਨਦੇ। [੧੨]ਵਾਸਤੇ। [੧੩]ਬਿਧਾਤਾ ਨੇ [੧੪]ਸੁਖਾਂ ਦਾ ਘਰ। [੧੫]ਗਊਆਂ। [੧੬]ਦੁੱਧ। [੧੭]ਅੰਮ੍ਰਿਤ। [੧੮]ਦੇਵਤਿਆਂਵਰਗੇ। [੧੯]ਸੁੰਦਰ। [੨੦]ਕਾਰੀਗਰੀ ਦਾ ਦੇਵਤਾ। [੨੧]ਹੈਰਾਨ। [੨੨]ਬਦ। [੨੩]ਯਗ ਵਿਚ ਆਹੂਤੀ ਦੇਣ ਵਾਲੇ। [੨੪]ਛੇ ਕਰਮੀ। [੨੫]ਕਰਨ ਵਾਲੇ। [੨੬]ਮੋਖ। [੨੭]ਵਾਸਤੇ,(ਅ)ਹਿਤਵਾਲੇ।[੨੮]ਬ੍ਰਾਹਮਨ।[੨੯]ਪ੍ਰੇਮ ਕਰਨ ਵਾਲੇ।[੩੦]ਵੈਸ਼।[੩੧]ਨੀਤੀ ਸੰਯੁਕਤ ਵਿਹਾਰ।[੩੨]ਚਤੁਰ, ਆਦਰਵਾਲੀਆਂ। [੩੩]ਚਤੁਰ। [੩੪]ਸਹਿਤ। [੩੫]ਪ੍ਰਸੰਨਤਾ।[੩੬]ਸ਼ਸਤ੍ਰਧਾਰੀ।[੩੭]ਥੜੀ, ਵੇਦੀ। [੩੮]ਮੁਖ। [੩੯]ਅਗਨਿ ਕੁੰਡ। ਕੁੰਡ, ਚੁਲ੍ਹਾ। [੪੦]ਥੰਮਾਂ। [੪੧]ਸੂਮ। [੪੨]ਕਮਜ਼ੋਰੀ। [੪੩]ਤਲਵਾਰਾਂ ਦੇ। [੪੪]ਚਮਚੇ। [੪੫]ਦੁਸ਼ਟਾਂ ਦਾ ਮਾਸ। [੪੬]ਘਿਉ। [੪੭]ਲਹੂ। [੪੮]ਸਹਿਤ।

*ਬਾਰ ਦਾ ਇਲਾਕਾ ਉਸ ਸਮੇਂ ਬਹੁਤ ਆਬਾਦ ਸੀ, ਮਗਰੋਂ ਵੈਰਾਨ ਹੋਇਆ, ਹੁਣ ਫੇਰ ਵਸਦਾ ਹੈ। †ਬੇਦੀਆਂ ਦਾ ਖਾਨਦਾਨ ਧਨੁਧਾਰੀ ਸ਼ੂਰਬੀਰ ਤੇ ਉਨ੍ਹਾਂ ਦੇ ਯੁੱਧ ਨੂੰ ਯੱਗ ਦੇ ਅਲੰਕਾਰ ਨਾਲ ਦਿਖਾਉਂਦੇ ਹਨ। [ਬੇਦਕਾ] ਯੱਗ ਸਮੇਂ ਅੱਗ ਬਾਲਣ ਵਾਲੇ ਕੁੰਡ ਦੇ ਪਾਸ ਸਮਿੱਗ੍ਰੀ ਰੱਖਣ ਵਾਲੀ ਥੜ੍ਹੀ,ਇੱਥੇ ਯੁੱਧ ਦਾ ਅਸਥਾਨ ਹੀ ਥੜ੍ਹੀ ਹੈ। ਕਾਲਕਾ ਦਾ ਮੁਖ ਭਾਵ ਯੁੱਧ ਦਾ ਉਤਸਾਹ ਹੀ ਅਗਨੀ ਕੁੰਡ ਹੈ,ਯੱਗ ਦਾ ਥੰਭਾ ਕੀ ਹੈ ਜੋ ਝੰਡਾ ਹੈ। ਯਗ ਕਰਤਾ ਨੂੰ ਸ਼ੂਮਤਾ ਛੱਡਣੀ ਪੈਂਦੀ ਹੈ, ਇਥੇ ਕਾਇਰਪਣਾ ਛੋਡ ਦਿੱਤਾ ਹੈ। ਯੱਗ ਵਿਚ ਘਿਉ ਤਿਲ ਜਵ ਆਦ ਸਮਿੱਗ੍ਰੀ ਨੂੰ ਚੁੱਕਣ ਲਈ ਚਮਚੇ ਹੁੰਦੇ ਹਨ ਇਥੇ ਕ੍ਰਿਪਾਨਾਂ ਹੀ ਚਮਚੇ ਹਨ।ਦੁਸ਼ਟ ਪੁਰਸ਼ਾਂ ਦਾ ਮਾਸ ਹੀ ਅਹੂਤੀ ਹੈ, ਲਹੂ ਹੀ ਘ੍ਰਿਤ ਹੈ, ਐਸੇ ਬੇਦੀ ਖਾਨਦਾਨ ਤਲਵੰਡੀ ਦੇ ਵਾਸੀ ਹਨ

ਵਾਸੀ ਤਲਵੰਡੀ। ਜਿਨਕੀ ਬਹੁ ਕੀਰਤਿ ਜਗਮੰਡੀ[੧] । ਚਿਰੰਕਾਲ ਤਹਿੰ
ਰਹਿਤਿ[੨] ਬਿਤਾਈ।ਭਾ[੩] ਸ਼ਿਵਰਾਮ[੪] ਤਾਸੁ ਕੁਲਮਾਂਹੀ॥੪੮॥ ਬ੍ਰਿੱਤਿ ਸ਼ਾਂਤਕੀ
ਜਿਨ ਮਨ ਕੀਨੀ।ਜੀਵਾ[੫] ਰਜ[੬] ਤਮ ਕੀ[੭] ਤਜਿ ਦੀਨੀ। ਹੁਇ ਅਹਿੰਸ[੮]
ਆਯੁਧ[੯] ਕਰ ਛੋਰੇ[੧੦]।ਸ਼੍ਰੀਪਤਿ[੧੧] ਕੇ ਪਦ ਪਦਮ[੧੨] ਨਿਹੋਰੇ[੧੩] ॥੪੯॥ ਤਿਹ
ਬਨਾਰਸੀ ਨਾਮ ਸੁ[੧੪] ਤੀਯਾ[੧੫]।ਪਤਿਬ੍ਰਤਿ ਧਰਮ ਜਾਸੁ[੧੬] ਦ੍ਰਿਢ[੧੭] ਕੀਆ।
ਤਿਨਤੇ ਸੁਤ[੧੮] ਜੁਗ[੧੯] ਭਏ ਸੁਚਾਲੂ[੨੦]। ਵਡ ਕਾਲੂ ਛੋਟੇ ਸ਼ੁਭਲਾਲੂ॥੫੦॥
*ਵਡਭਾਗੀ ਜੋ ਹੈ ਸ਼ੁਭ ਕਰਮੀ। ਭਗਤਿ ਪਰਾਯਨ[੨੧] ਨਿਸ਼ਚਲ ਧਰਮੀ।
ਜਪਤਪ ਬ੍ਰੱਤ ਨੇਮ ਸਮੁਦਾਏ[੨੨]।ਕਰਤਿ ਬਹੁਤ ਜਿਹ ਜਨਮਬਿਤਾਏ।੫੧।
ਅਨਿਕਜਨਮਕੀ ਇੱਛਾ ਜਾਸੂ।-ਵਿਸ਼ਨੁ†ਹੋਇ ਸੁਤ[੨੩] ਗਯਾਨ ਨਿਵਾਸੂ[੨੪]-।
ਰਿਦੈਕਰਤਿਸੰਕਲਪਵਿਕਲਪਾ।-ਭਗਤ ਅਧੀਨ ਰਿਝੈ[੨੫] ਗੁਨ ਅਲਪਾ[੨੬]
॥੫੨॥ ਜੇ ਮੁਝ ਲਖੈਂ[੨੭] ਦੀਨ[੨੮] ਗੁਨ ਨਾਂਹੀ। ਭਏ ਸੂਕਰੀ[੨੯] ਸਫਰੀ[੩੦]
ਮਾਂਹੀ। ਕਮਠੀ[੩੧] ਆਦਿਕ ਬਿਮਤਿ[੩੨] ਕੁਜਾਤੀ। ਤਿਨਕੇ ਜਨਮ ਲੀਨ
ਜਗ ਖ੍ਯਾਤੀ[੩੩]॥੫੩॥ ਪ੍ਰੇਮ ਡੋਰ ਸੋਂ ਕਰਹਿਂ ਅਕਰਨੀ[੩੪]।ਕੀਰਤਿ ਬਿਮਲ
ਬੇਦ ਇਮ ਬਰਨੀ[੩੫] । ਅਦਿਤੀ[੩੬]‡ਕੱਸਯਪ[੩੭] ਕੇ ਜਿਮ ਧਾਮਾ[੩੮]। ਉਪ-
ਜਤਿ[੩੯] ਭਏ ਉਪੇਂਦ੍ਰ[੪੦] ਨਾਮਾ-॥੫੪॥ਅਸਆਸਾ ਧਰਿ ਅਸੁਰਬਿਨਾਸ਼ੀ[੪੧]।

---

[੧]ਜਗਤ ਵਿਚ ਕਾਇਮ ਹੋ ਚੁਕੀ ਸੀ। [੨]ਰਹਿੰਦਿਆਂ । [੩]ਹੋਇਆ । [੪]ਬਾਬੇ ਕਾਲੂ ਜੀ ਦਾ ਪਿਤਾ। [੫]ਗੁਜ਼ਰਾਨ । [੬]ਰਜੋਗੁਨੀ । [੭]ਤਮੋਗੁਨੀ । [੮]ਹਿੰਸਾ ਰਹਿਤ । [੯]ਸ਼ਸਤਰ । [੧੦]ਹੱਥੋਂ ਛੱਡ ਦਿੱਤੇ । [੧੧]ਮਾਇਆ ਦੇ ਮਾਲਕ, ਵਾਹਿਗੁਰੂ ਦੇ। [੧੨]ਚਰਣ ਕਵਲਾਂ ਦੀ। [੧੩]ਸ਼ਰਣ ਲਈ। [੧੪]ਸ੍ਰੇਸ਼ਟ। [੧੫]ਇਸਤ੍ਰੀ ਦਾ। [੧੬]ਜਿਸਨੇ। [੧੭]ਪੱਕਾ। [੧੮]ਪੁੱਤ੍ਰ । [੧੯]ਦੋ। [੨੦]ਸਦਾਚਾਰੀ। [੨੧]ਧਾਰਨ ਵਾਲਾ। [੨੨]ਸਾਰੇ। [੨੩]ਪੁੱਤ੍ਰ । [੨੪]ਗਯਾਨ ਦਾ ਘਰ । [੨੫]ਪ੍ਰਸੰਨ ਹੁੰਦਾ ਹੈ। [੨੬]ਥੋੜੇ ਗੁਣਾਂ ਤੇ ਹੀ। [੨੭]ਜਾਣਨ। [੨੮]ਗਰੀਬ। [੨੯]ਸੂਰ ਜਾਤੀ । [੩੦]ਮੱਛੀ । [੩੧]ਕਛੂਣੀ। [੩੨]ਬੁੱਧੀ ਬਿਨਾਂ । [੩੩]ਪ੍ਰਗਟ ਹੈ। [੩੪]ਨਾ ਕਰਨ ਵਾਲੀ ਕਰਨੀ ਬੀ ਕਰਦੇ ਹਨ। [੩੫]ਕਹੀ ਹੈ। [੩੬]ਨਾਮ ਹੈ । [੩੭]ਰਿਖੀ ਦਾ ਨਾਮ ਹੈ। [੩੮]ਘਰ। [੩੯]ਪੈਦਾ ਹੋਏ । [੪੦]ਬਾਵਨ । [੪੧]ਦੈਂਤ ਦੇ ਨਾਸ਼ ਕਰਨ ਵਾਲੇ ਭਗਵਾਨ ਦੀ।

*ਬਾਬੇ ਕਾਲੂ ਜੀ ਦੀ ਪੂਰਬ ਜਨਮ ਦੀ ਕਥਾ ਤੇ ਸ਼ੁਧ ਭਾਵਨਾਂ ਦਾ ਏਥੋਂ ਪ੍ਰਸੰਗ ਟੁਰਿਆ ਹੈ ।

†ਹਿੰਦੂ ਧਰਮ ਦੇ ਨਿਸ਼ਚੇ ਵਿਚ ਇਹ ਹੈ ਕਿ ਵਾਹਿਗੁਰੂ ਜੀ ਦਾ ਸਗੁਣ ਸਰੂਪ ਵਿਸ਼ਨੂ ਭਗਵਾਨ ਹੈ, ਜਿਸ ਨੇ ਆਪਣੇ ੨੩ ਅਵਤਾਰ ਵੱਖੋ ਵੱਖ ਸਮਿਆਂ ਵਿਚ ਧਾਰੇ ਹਨ ਤੇ ਚੌਬੀਸਵਾਂ ਅਵਤਾਰ ਅਜੇ ਧਾਰਨਾਂ ਹੈ। ਬਾਬੇ ਕਾਲੂ ਜੀ ਦੇ ਤਪ ਸਮੇਂ ਦੇ ਦਿਲੀ-ਭਾਵ ਨੂੰ ਕਵੀ ਜੀ ਨੇ ਉਨ੍ਹਾਂ ਦੇ ਆਪਣੇ ਨਿਸ਼ਚੇ ਅਨੁਸਾਰ ਇੱਥੇ ਦੱਸਿਆ ਹੈ।

‡ਕੱਸ਼ਪ ਇਕ ਰਿਖੀ ਹੋਏ ਹਨ ਜਿਨ੍ਹਾਂ ਦੀ ਸੁਪਤਨੀ ਦਾ ਨਾਮ ਅਦਿੱਤੀ ਸੀ, ਇਨ੍ਹਾਂ ਦੇ ਘਰ ਹੀ ਬਾਵਨ ਅਵਤਾਰ ਪ੍ਰਗਟ ਹੋਏ ਸਨ ।

ਭਯੋ ਨਿਰੰਤਰ ਰੂਪ ਉਪਾਸੀ॥ਕਾਲੂ ਨਾਮ ਜਨਮ ਜਬ ਧਾਰਾ॥ਪੂਰਨਆਸਾ ਕੀਨਿ ਮੁਰਾਰਾ[੧]॥੫੫॥ਸੁਤ ਕਾਲੂ ਪਿਖ ਪਿਤ ਸ਼ਿਵਰਾਮੂ॥ਪਾਨਗ੍ਰਹਨ[੨]ਕਿਯ ਕੀਰਤਿ ਧਾਮੂ॥ਤਿਯ[੩]ਪਤਿਬਰਤਾ ਗੁਣਨਿਧਿ ਸੋਊ॥ਤਿਹ ਸੁਸ਼ੀਲਤਾ ਕਹਿ-ਸਕ[੪] ਕੋਊ[੫]?॥੫੬॥ ਸਾਧ੍ਵੀ[੬] ਪਾਇ ਕਾਲ[੭] ਬਹੁ ਕਾਲੂ। ਕਿਯੇ ਬਰਤ ਤਪ ਕਠਨ ਬਿਸਾਲੂ[੮]।ਚਿਰੰਕਾਲ[੯] ਇਵ[੧੦] ਦੰਪਤਿ[੧੧] ਬੀਤਾ। ਹਰਿ ਪਦਪੰਕਜ ਜਿਨ ਮਨ ਪ੍ਰੀਤਾ ॥੫੭॥ ਤਲਵੰਡੀ ਮਹਿੰ ਰਾਇਬੁਲਾਰੂ॥ ਸੋਦਰ[੧੨] ਸਮ[੧੩] ਕਾਲੂ ਸੰਗ ਪਯਾਰੂ। ਜਿਤੇ ਗ੍ਰਾਮ ਕੋ ਸੋ ਅਧਿਕਾਰੀ[੧੪]।ਸਭਿਕੀ ਦਈ ਕਾਰ ਪਟਵਾਰੀ ॥੫੮॥ ਅਸਬਿਧਿ[੧੫] ਬਿਲਸਤਿ ਅਨਿਕ ਬਿਲਾਸਾ॥ਦੰਪਤਿ ਉਰ ਧਰਿਹੀ ਸੁਤ[੧੬] ਆਸਾ॥ਸਾਧ੍ਵੀ[੧੭]ਗਰਭ ਧਰਨ ਪੁਨ ਕੀਨਾ॥ਜਨਮੀ ਤਨਿਯਾ ਸੁਮਤਿ[੧੮] ਪ੍ਰਬੀਨਾ[੧੯]॥੫੯॥ਹਿਮ ਗਿਰ ਮੈਨਾ ਕੇ* ਘਰ ਮਾਂਹੀ। ਪਾਰਬਤੀ ਜਨਮੀ ਜਿਵਆਹੀ[੨੦]।ਭਈ ਸੁਸ਼ੀਲਾ ਸਭਿ ਗੁਣ ਖਾਨੀ। ਮਨਹੁੰ ਭਗਤਿ ਧਰਿ ਦੇਹਿ ਸੁਹਾਨੀ॥੬੦॥ ਕਾਲ[੨੧] ਬਿਤੀਤ ਭਯੋ[੨੨] ਪਸ਼ਚਾਤਾ[੨੩]। ਕਾਲੂ ਰਤਿ[੨੪] ਲਖਕਰਿ[੨੫] ਜਗਦਾਤਾ[੨੬]।–ਹੋਵੌਂ ਪੁੱਤ੍ਰ ਤਾਸ[੨੭] ਮੈਂ ਜਾਈ†–।ਅਸ ਵਿਚਾਰ ਆਇ ਜਗਰਾਈ[੨੮]।੬੧।ਦੁਤਿਯ[੨੯]ਗਰਭ ਕੋ ਧਾਰਨ ਕੀਨਾ॥ਪਤਿ-ਬ੍ਰਤ ਧਰਮ ਜਾਸੁ ਮਨ ਲੀਨਾ॥ਜਿਉਂ ਦੁਤੀਆ[੩੦]ਕੋ ਬ੍ਰਿੱਧਤਿ[੩੧]ਚੰਦੂ[੩੨]।ਤਿਹ

[੧]ਵਾਹਿਗੁਰੂ ਨੇ। [੨]ਵਿਵਾਹ। [੩]ਇਸਤ੍ਰੀ। [੪]ਕਹਿ ਸਕੇ। [੫]ਕੌਣ। [੬]ਸ੍ਰੇਸ਼ਟ ਇਸਤ੍ਰੀ। [੭]ਸਮਾਂ। [੮]ਬੜੇ। [੯]ਬਹੁਤ ਚਿਰ। [੧੦]ਇਸਤਰ੍ਹਾਂ। [੧੧]ਇਸਤ੍ਰੀ ਭਰਤਾ ਦਾ। [੧੨]ਭਿਰਾ। [੧੩]ਵਾਂਗ। [੧੪]ਹਾਕਮ। [੧੫]ਇਸਤਰ੍ਹਾਂ। [੧੬]ਪੁੱਤ੍ਰ ਦੀ। [੧੭]ਸ੍ਰੇਸ਼੍ਟ ਇਸਤ੍ਰੀ ਨੇ। [੧੮]ਸ੍ਰੇਸ਼੍ਟ ਬੁੱਧੀ ਵਾਲੀ ਲੜਕੀ ਜਨਮੀ। [੧੯]ਲਾਇਕ। [੨੦]ਜਿਸ ਤਰ੍ਹਾਂ ਸੀ। [੨੧]ਸਮਾਂ। [੨੨]ਗੁਜ਼ਰ ਗਏ ਦੇ। [੨੩]ਪਿੱਛੋਂ। [੨੪]ਪ੍ਰੀਤੀ। [੨੫]ਜਾਨਕੇ। [੨੬]ਜਗਤ ਦੇ ਦਾਤੇ ਨੇ। [੨੭]ਤਿਸਦਾ। [੨੮]ਜਗਤ ਦੇ ਰਾਜੇ। [੨੯]ਦੂਜੇ। [੩੦]ਦੂਜੀ ਤਿੱਥ ਦਾ। [੩੧]ਵਧਦਾ ਹੈ। [੩੨]ਚੰਦ੍ਰਮਾਂ।

*ਪੁਰਾਨ ਵਿਚ ਲਿਖਿਆ ਹੈ ਕਿ ਹਿਮਾਲੇ ਪਹਾੜ ਦੀ ਇਸਤ੍ਰੀ ਦਾ ਨਾਮ ਮੈਨਾ ਸੀ, ਉਸਤੇ ਜੋ ਲੜਕੀ ਜਨਮੀ ਉਸਦਾ ਨਾਮ ਪਾਰਬਤੀ ਰੱਖਿਆ, ਅਰਥਾਤ ਪਰਬਤ ਤੋਂ ਪੈਦਾ ਹੋਣ ਵਾਲੀ। ਪਾਰਬਤੀ ਇਕ ਪੂਜੀ ਜਾ ਰਹੀ ਵ੍ਯਕਤੀ ਹੈ, ਇਸ ਕਰਕੇ ਦ੍ਰਿਸ਼ਟਾਂਤ ਵਿਚ ਆਦਰ ਲਈ ਕਵਿ ਨੇ ਵਰਤੀ ਹੈ।

†ਕਵਿ ਜੀ ਦਾ ਆਸ਼ਾ ਵਾਹਿਗੁਰੂ ਨੂੰ ਗਰਭ ਜੋਨਿ ਵਿਚ ਆਉਂਦਾ ਦੱਸਣ ਤੋਂ ਨਹੀਂ ਸਮਝਣਾ ਚਾਹੀਏ, ਭਾਵ ਉਹੋ–ਗੋਬਿੰਦ ਰੂਪਤਾ–ਦਾ ਲੈਣਾ ਚਾਹੀਏ। ਕਵੀ ਜੀ ਇਸੇ ਅਧ੍ਯਾਯ ਦੇ ਅੰਤ ਵਿਚ ਜਦ 'ਅਵਤਾਰ' ਦਾ ਜ਼ਿਕਰ ਕਰਦੇ ਹਨ ਤਦ 'ਜਗਤ ਗੁਰੂ' ਦਾ ਜਨਮ ਲੈਣਾ–ਦੱਸਦੇ ਹਨ (ਦੇਖੋ ਅੰਕ ੮੦)। ਤੇ ਪਿੱਛੇ ਵੀ ਦੱਸ ਆਏ ਹਨ–'ਏਕੰਕਾਰ ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰ ਰੂਪ ਅਨੂਪਾ ॥ ੨੬ ॥' ਵਾਹਿਗੁਰੂ ਗਰਭ ਜੋਨਿ ਵਿਚ ਨਹੀਂ ਆਯਾ। ਪਰ– 'ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ'।

ਸਮ ਗਰਭ ਰੂਪ ਸੁਖਕੰਦੂ ॥ ੬੨ ॥ ਜੱਦਪਿ[੧] ਭੂਖਨ[੨] ਸਕਲ ਉਤਾਰੇ। ਤਦਪਿ[੩] ਸੁੰਦ੍ਰਤਾ*ਅਧਿਕ[੪] ਉਜਾਰੇ[੫]।ਕਾਲੂ ਤਿਯ ਬੈਸੇ ਜਿਸ ਅੰਦਰ।ਅਤਿ ਸ਼ੋਭਾ ਸੋਂ ਲਗੈ ਸੁ ਸੁੰਦਰ॥੬੩॥ਸੁਨਿ ਸੰਦੇਹ[੬]ਕਰੈਜਿਨ[੭]ਕੋਊ।ਕੋਟਿਬ੍ਰਹਮੰਡ ਸ਼ੋਭਦਾ ਜੋਊ।ਤਿਹ ਨਿਵਾਸ ਕੀਨੋ ਜਿਹਥਾਈਂ।ਕਿਉਂ ਨ ਹੋਇ ਤਿਹ ਸ਼ੋਭ ਸਵਾਈ॥੬੪॥ਜਾਂ ਦਿਨ ਤੇ ਆਏ ਜਗ ਸ੍ਵਾਮੀ । ਭਏ ਸਰਲ ਪੁਰਿ ਮਹਿਂ ਜੇ ਥਾਮੀ[੮]।ਸੁਚਿ,ਸੰਤੋਖਿ,ਧਰਮ,ਸਤਿ,ਕਰੁਨਾ। ਅਸ ਸ਼ੁਭ ਕਰਮਨ ਮਹਿਂ ਆ-ਚਰਨਾ[੯]॥੬੫॥ਸੀਤ[੧੦]ਸੁਗੰਧਤਿ[੧੧]ਮੰਦ[੧੨]ਸਮੀਰਾ[੧੩]।ਚਲੈ ਜੁ ਹਰਿ ਹੀ ਸਭਿ ਬਿਧਿ ਪੀਰਾ। ਬਾਦਰ[੧੪]ਆਵਹਿਂ ਭਰਿਭਰਿ ਬਾਰੀ[੧੫] । ਬਰਖਹਿਂ ਨਰ ਇੱਛਾ ਅਨੁਸਾਰੀ ॥੬੬॥ਫੂਲਹਿਂ ਫਲਹਿਂ ਬ੍ਰਿੱਖ[੧੬] ਸਮੁਦਾਈ। ਜਨੁ[੧੭] ਅਨੰਦਤਾ[੧੮] ਬਾਹਰਆਈ।ਅੰਤਰ ਤਿਨਕੈ ਭਈ ਅਮੇਊ[੧੯]। ਮਨਹੁਂ ਨਰਨ ਦਿਖਰਾਵਹਿ ਤੇਊ॥੬੭॥ਛਿਤ ਸੋਹਤਿ ਧਰਿ ਨਵ ਸਬਜ਼ਾਈ[੨੦]।ਜਿਹਉਰਸਭਿਤੇਅਧਿਕ[੨੧] ਬਧਾਈ । ਜਵ[੨੨] ਜੰਗਮ[੨੩] ਤਲਵੰਡਿ ਅਨੰਦੂ । ਭ੍ਯਾ[੨੪] ਪ੍ਰਵੇਸ਼ ਜਬ ਕੋ ਸੁਖ-ਕੰਦੂ[੨੫]॥੬੮॥ ਅਸ ਜਬ ਬੀਤ ਗਏ ਦਸ ਮਾਸਾ[੨੬] । ਸਰਦ ਸੁੰਦਰੀ ਇੰਦੁ[੨੭] ਪ੍ਰਕਾਸ਼ਾ । ਬਿਮਲ ਅਕਾਸ਼ ਸੋਹਿ ਗਣ ਤਾਰਾ[੨੮] । ਜਿਮ ਜੱਗਯਾਸੀ[੨੯] ਉਰ ਆਚਾਰਾ[੩੦]॥੬੯॥ ਨਿਰਸ[੩੧] ਮੇਘ[੩੨] ਹੁਇ, ਗੇ ਨਿਜ ਦੇਸੂ । ਜਿਮ[੩੩] ਸਤਿ-ਸੰਗਤਿ ਮਿਟਹਿਂ ਕਲੇਸ਼ੂ। ਉਰਜ[੩੪] ਮਾਸ ਕੀ[੩੫]ਪੂਰਨਮਾਸ਼ੀ†।ਹਰਿਕੀਰਤਿ ਸੋ[੩੬]ਜੌਨ੍ਹ[੩੭]ਪ੍ਰਕਾਸ਼ੀ॥੭੦॥ਸੰਬਤ ਨੌ ਖਟ[੩੮]ਸਹਸ[੩੯]ਛਬੀਸਾ[੪੦] । ਭੇ ਅਵਤਾਰ ਪ੍ਰਗਟ ਜਗਦੀਸ਼ਾ। ਭਯੋ‡ ਅਚਾਨਕ[੪੧] ਸਭਿਨਿ ਉਛਾਹਾ[੪੨]।ਬਿਨ ਕਾਰਨ ਮਨ ਲਖਿ ਨ ਸਕਾਹਾ[੪੩]॥੭੧॥ ਧਰਾ[੪੪] ਅਕਾਸ਼ ਬਿਖੈ ਜੇ ਬਾਸੀ[੪੫]।ਮੰਗਲ

[੧]ਭਾਵੇਂ । [੨]ਗਹਿਣੇ । [੩]ਤਾਂਹਵੀ । [੪]ਬਹੁਤ । [੫]ਪ੍ਰਕਾਸ਼ੇ। [੬-੭]ਮਤਾਂ ਕੋਈ ਸੰਸਾ ਕਰੇ। [੮]ਜਿਹੜੇ(ਨਰ) ਵਿੰਗੇ (ਸਨ ਉਹ ਸਰਲ)ਸਿੱਧੇ ਹੋ ਗਏ। [੯]ਵਰਤਨ ਲਗ ਪਏ। [੧੦]ਠੰਢੀ। [੧੧]ਸੁਗੰਧੀ ਵਾਲੀ। [੧੨]ਧੀਮੀ । [੧੩]ਹਵਾ । [੧੪]ਬੱਦਲ। [੧੫]ਪਾਣੀ । [੧੬]ਦਰਖਤ। [੧੭]ਮਾਨੋਂ। [੧੮]ਖੁਸ਼ੀ। [੧੯]ਨਾ ਸਮਾਵਣ ਵਾਲੀਹੋਗਈ। [੨੦]ਧਾਰਕੇ ਨਵੀਂ ਹਰਿਆਵਲ। [੨੧]ਬਹੁਤੀ। [੨੨]ਨਾ ਤੁਰਨ ਵਾਲੇ । [੨੩]ਤੁਰਨ ਵਾਲੇ । [੨੪]ਹੋਇਆ । [੨੫] ਸੁਖਦਾਤੇ ਦਾ। [੨੬]ਦਸ ਮਹੀਨੇ। [੨੭] ਸਰਦ (ਰੁਤ ਦੀ) ਰਾਤ ਦਾ ਚੰਦ੍ਰਮਾਂ। [੨੮]ਤਾਰਿਆਂ ਦੇ ਝੁੰਡ ਸ਼ੋਭਦੇ ਹਨ । [੨੯]ਸਾਧਕ । [੩੦]ਨੇਕ ਚਲਨੀ ਦੇ ਗੁਣ । [੩੧]ਪਾਣੀ ਰਹਤ ਹੋਕੇ। [੩੨]ਬੱਦਲ। [੩੩]ਜਿਸਤਰ੍ਹਾਂ । [੩੪]ਕੱਤਕ ਦੇ। [੩੫]ਮਹੀਨੇ ਦੀ। [੩੬]ਵਾਂਙੂ । [੩੭]ਚਾਂਦਨੀ। [੩੮]ਨੌ ਤੇ ਛੇ ਪੰਦਰਾਂ। [੩੯]ਸੌ । [੪੦]ਛਬੀ, ਅਰਥਾਤ ੧੫੨੬ ਸੰਮਤ । [੪੧]ਅਚਣ ਚੇਤ। [੪੨]ਖੁਸ਼ੀ । [੪੩]ਜਾਣ ਨਾਂ ਸਕੇ। [੪੪]ਜ਼ਮੀਨ ਤੇ। [੪੫]ਵੱਸਣ ਵਾਲੇ ।

*ਮੁਰਾਦ ਸਤੋਗੁਣੀ, ਪ੍ਰਭਾਵ ਸ਼ਾਲੀ ਤੇ ਰੂਹਾਨੀ ਸੁੰਦਰਤਾ ਤੋਂ ਹੈ। †ਜਃ ਸਾਃ ਭਾਈ ਮਨੀ ਸਿੰਘ ਤੇ ਪੁਰਾਤਨ ਜਨਮਸਾਖੀ ਵਿਚ 'ਵੈਸਾਖ ਦੀ ਤ੍ਰਿਤੀਆ' ਲਿਖਿਆ ਹੈ । ‡ਪਾਠਾਂਤ੍ਰ—ਕਰਜੋ—ਬੀ ਹੈ।

ਕਰਹਿਂ ਸਿਮਰ ਅਬਿਨਾਸ਼ੀ।ਲੈ ਨਿਜ ਹਾਥਨਿ ਸੰਖ ਬਜਾਇ।ਜੈ ਜੈ ਜੈ ਮੁਖ ਬਚਨ ਸੁਨਾਇ ॥੭੨॥ ਅਮਰਨ[੧] ਮਿਲ ਕਰਿ ਮੱਲਯ[੨] ਘਸਾਈ। ਕੁੰਕਮ[੩] ਪੁਨ ਘਨਸਾਰ[੪] ਮਿਲਾਈ। ਕਾਲੂ ਕੇ ਮੰਦਰ ਪਰ ਚਰਚਹਿਂ[੫]। ਮੰਦਾਰਨ ਕੁਸਮਾਂਜਲਿ[੬] ਅਰਚਹਿਂ ॥ ੭੩ ॥ ਧਾਇਨ ਸੇਬਯੋਮਾਨ[੭] ਕੁਲੀਨਾ[੮]। ਭਈ ਪ੍ਰਸੂਤਾ[੯] ਅਤਿ ਸੁਖ ਲੀਨਾ॥ਅਸ਼ਟਦੀਪ[੧੦]*ਦੀਪਤਿ[੧੧] ਗ੍ਰਿਹ ਜਾਨੋ। ਛਬਿ[੧੨] ਘਟਿ ਗਈ ਬਾਲ ਰਵਿ ਮਾਨੋ[੧੩] ॥ ੭੪ ॥ ਦਿਪਤ[੧੪] ਤੇਜ[੧੫] ਜਿਂਹ ਕਾਂਤਿ ਅਨੂਪਾ। ਬਿਸਮੈ[੧੬] ਧਾਇ[੧੭] ਹੇਰਿ[੧੮] ਸਿਸ ਰੂਪਾ[੧੯]। -ਜਨਮਤਿ ਮ੍ਰਿਦੁਲ[੨੦] ਬਾਲ ਮੁਸਕਾਈ[੨੧]। ਸਗਨ ਕੁਸਗਨ ਨ ਜਾਨਯੋ ਜਾਈ॥੭੫॥ ਅਨਤ[੨੨] ਬਾਲ ਜਨਮਤਿ ਸਭਿ ਰੋਤੇ[੨੩]। ਬਿਗਸਤਿ ਇਹ[੨੪] ਜਿਵ ਆਨੰਦ ਹੋਤੇ-। ਅਲਪ ਬੁੱਧਿ[੨੫] ਕਿਉਂ ਧਾਇ[੨੬] ਲਖਾਹੀ[੨੭]। ਜਨਮ ਮਰਨ ਇਸ ਪੀਰਾ ਨਾਹੀ ॥ ੭੬ ॥ ਦਾਸੀ ਦੌਰਿ ਦਈ ਸੁਧਿ[੨੮] ਕਾਲੂ। 'ਲੇਹੁ ਵਧਾਈ ਅਨੰਦ ਬਿਸਾਲੂ। ਕਾਂਤਿਮਾਨ ਭਾ ਤਾਤ[੨੯] ਤੁਮਾਰੋਮੰਗਲ ਕਰਹੁ ਬਿਬਿਧ ਪਰਕਾਰੇ[੩੦]'॥੭੭॥ਸੁਤ ਉਪਜਨ ਕੇ ਸੁਨਿ ਕਰਿ ਬੈਨਾ॥ਮਨਹੁਂ ਜਗਤ ਸੁਖ ਪ੍ਰਾਪਤਿ ਐਨਾ[੩੧]।ਜਨਮ ਰੰਕ ਜਿਉਂ[੩੨] ਸਦਨ[੩੩] ਸੰਤਾਨਾ[੩੪]।ਆਨ ਲਗਯੋ, ਤਿਉਂ ਉਰ ਹਰਖਾਨਾ ॥ ੭੮ ॥ ਜਸਪਦ[੩੫] ਜਾਇ ਕੀਨ ਇਸ਼ਨਾਨਾ। ਬਸਤ੍ਰਨ ਯੁਤਿ[੩੬] ਜਿਉਂ ਬੇਦ ਬਖਾਨਾ॥ਉਰ ਪਰਮੇਸ਼ੁਰ ਕੋ ਕਰਿ ਧਯਾਨਾ। ਬੰਦਨ ਕਰਹਿ ਬੰਦ[੩੭] ਜੁਗ[੩੮] ਪਾਨਾ[੩੯] ॥ ੭੯ ॥ ਇਹ ਬਿਧਿ ਜਨਮ ਭਯੋ ਜਗ ਗੁਰ ਕੋ। ਸੁਖ ਦੇਵਨ ਭਗਤਨਿ ਪੁਨ ਧਰ ਕੋ[੪੦]।ਆਗੈ ਜਿਉਂ ਜਿਉਂ ਭਯੋ ਉਛਾਹੂ[੪੧]। ਸੁਨਹੁ ਕਥਾ ਭਵ[੪੨] ਵਡ[੪੩] ਰੁਜ ਦਾਹੂ[੪੪] ॥ ੮੦ ॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼੍ਰੀ ਗੁਰੁ ਜਨਮ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅਧਯਾਯ ॥ ੩ ॥

---

[੧]ਦੇਵਤਿਆਂ ਨੇ। [੨]ਚੰਦਨ। [੩]ਕੇਸਰ। [੪]ਕਪੂਰ। [੫]ਛਿੜਕਨ ਲਗੇ। [੬]ਕਲਪ ਬ੍ਰਿਛ ਦੇ ਫੁੱਲਾਂ ਦੇ ਬੁਕ। [੭]ਦਾਈਆਂ ਕਰਕੇ ਸੇਵਾ ਕਰਨੇ ਯੋਗ। [੮]ਚੰਗੀ ਕੁਲ ਦੀ (ਮਾਤਾ ਜੀ)। [੯]ਵਿਆਈ। [੧੦]ਅੱਠ ਦੀਵੇ।(ਅ)ਸ਼ਮਾਂਦਾਨ। [੧੧]ਜਗ ਰਹੇ ਹਨ। [੧੨.੧੩](ਉਨ੍ਹਾਂ ਦੀਵਿਆਂ ਦੀ) ਛਬ ਘਟ ਗਈ ਮਾਨੋਂ ਸਵੇਰ ਦਾ ਸੂਰਜ (ਚੜ੍ਹ ਪਿਆ ਹੈ)। [੧੪]ਪ੍ਰਕਾਸ਼ ਰਿਹਾ ਹੈ। [੧੫]ਪ੍ਰਕਾਸ਼। [੧੬]ਅਚਰਜ ਹੋਈ। [੧੭]ਦਾਈ। [੧੮]ਵੇਖਕੇ। [੧੯]ਬਾਲਕ ਦਾ ਰੂਪ। [੨੦]ਕੋਮਲ। [੨੧]ਹੱਸਦਾਹੈ। [੨੨]ਹੋਰ। [੨੩]ਰੋਂਦੇ ਹਨ। [੨੪]ਹੱਸਦੇਹਨ ਏਹ। [੨੫]ਥੋੜੀ ਬੁਧੀਵਾਲੀ। [੨੬]ਦਾਈ। [੨੭]ਕਿਵੇਂ ਸਮਝੇ ਕਿ। [੨੮]ਖਬਰ। [੨੯]ਪੁੱਤ੍ਰ [੩੦]ਅਨੇਕ ਤਰ੍ਹਾਂ ਦੇ। [੩੧]ਘਰ। [੩੨]ਜਿਵੇਂ ਜਨਮ ਦੇ ਕੰਗਾਲ ਦੇ. [੩੩]ਘਰ। [੩੪]ਕਲਪਬ੍ਰਿੱਛ। [੩੫]ਛੇਤੀ। [੩੬]ਕਪੜਿਆਂ ਸਮੇਤ। [੩੭]ਜੋੜ ਕੇ। [੩੮]ਦੋਵੇਂ। [੩੯]ਹੱਥ। [੪੦]ਧਰਤੀ ਨੂੰ ਤੇ ਭਗਤਾਂ ਨੂੰ। [੪੧]ਖੁਸ਼ੀ। [੪੨]ਸੰਸਾਰ ਦੇ। [੪੩]ਵਡੇ। [੪੪]ਰੋਗਾਂ ਨੂੰ ਸਾੜਨ ਵਾਲੀ।

*ਅਸ਼ਟਦੀਪ ਨਾਮ ਅੱਠ ਮੁਖੀਏ ਸ਼ਮਾਦਾਨ ਦਾ ਬੀ ਹੈ।

ਅਧਯਾਯ ਚੌਥਾ

[ਗੁਰੂ ਜੀ ਦਾ ਅਵਤਾਰ ਉਤਸਾਹ ਤੇ ਨਾਮ ਧਰਨਾ]

ਕਬਿੱਤ–ਅੰਧ ਜੁ ਬਧਰ ਪਿੰਗ ਨਗਨ ਮ੍ਰਿਤਕ ਛੰਦ ਰੁਕਤ ਅਪਾਰਥ ਕੀ, ਸਮਝ ਨ ਆਵਈ। ਵੈਰ ਦੇਸ਼ ਕਾਲ ਗਨ ਅਗਨ ਨਵੋਂ ਹੀ ਰਸ ਬਿਬਧਾ-ਲੰਕਾਰ ਹੂੰ ਕੋ ਭੇਦ ਨਹਿੰਪਾਵਈ।ਕੋਊ ਗੁਨ ਹੈ ਨ ਮੈਂ ਭਨਤਿ ਮੱਧ ਜਾਨੋ ਮਨ ਗੁਨੀਅਨ ਹਾਸ ਜੋਗ ਅਟਪਟੀ ਜਾਵਈ।ਏਕ ਗੁਨ ਯਾਮੈ ਸੁ ਬਿਦਤ ਸ੍ਰੁਤਿ ਸੰਤ ਸੁਨੋ ਸਤਿਗੁਰੂ ਕੀਰਤਿ ਸੁ ਨਿਰਮਲ ਭਾਵਈ ॥ ੧ ॥

ਅੰਧ=ਕਵਿਤਾ ਦਾ ਇਕ ਦੂਖਣ, ਜਿਸ ਵਿਚ ਪਿਛਲੇ ਮੰਨੇ ਪ੍ਰਮੰਨੇ ਕਵੀਆਂ ਦੇ ਬੰਨ੍ਹੇ ਹੋਏ ਤ੍ਰੀਕੇ ਦੇ ਉਲਟ ਕੁਛ ਕਿਹਾ ਜਾਏ।

ਬਧਰ=ਬਧਿਰ–ਡੋਰਾ, ਕਵਿਤਾ ਦਾ ਇਕ ਦੂਖਣ, ਰਚਨਾਂ ਵਿਚ ਪਏ ਕਿਸੇ ਪਦ ਦਾ ਦੂਸਰਾ ਅਰਥ ਪਹਿਲੇ ਦਾ ਵਿਰੋਧੀ ਹੋਵੇ।

ਪਿੰਗ=ਪਿੰਗਲੀ–ਕਵਿਤਾ ਦਾ ਇਕ ਦੂਖਣ, ਜਿਸ ਵਿਚ ਛੰਦ ਘੱਟ ਵੱਧ ਲਗਦਾ ਹੋਵੇ।

ਨਗਨ=ਨੰਗੀ, ਕਵਿਤਾ ਦਾ ਇਕ ਦੋਖ ਜਿਸ ਵਿਚ ਅਲੰਕਾਰ ਕੋਈ ਨਾ ਹੋਵੇ।

ਮ੍ਰਿਤਕ=ਮੋਈ ਹੋਈ–ਇਕ ਕਵਿਤਾ ਦਾ ਦੂਖਣ, ਜਿਸ ਕਵਿਤਾ ਵਿਚ ਅਰਥ ਕੋਈ ਨਾ ਬਣੇ।

ਛੰਦ=ਨਜ਼ਮ, ਕਵਿਤਾ।

ਰੁਕਤ=ਰੁਕਤ ਤੋਂ ਮੁਰਾਦ ਪੁਨਰੁਕਤਿ ਹੈ। ਕਿਸੇ ਇਕ ਗੱਲ ਨੂੰ ਬਾਰਬਾਰ ਕਹਿਣਾ। ਅਰਥ ਭ੍ਰਾਵ ਉਹੋ ਹੋਵੇ, ਤੇ ਬੇਲੋੜਾ ਕਹਿਣਾ।

ਅਪਾਰਥ=ਜਿਸ ਕਵਿਤਾ ਵਿਖੇ ਐਸੇ ਬਚਨ ਕਹੇ ਹੋਣ ਜਿਸ ਦੇ ਅਰਥ ਕੀਤਿਆਂ ਗੱਲ ਅਟਪਟੀ ਬਣੇ।

ਵੈਰ=ਵਿਰੋਧ। ਦੇਸ਼=ਸਥਾਨ। ਕਾਲ=ਸਮਾਂ।

ਕਵਿਤਾ ਦੇ ਦੋ ਦੂਸ਼ਣ, 'ਦੇਸ਼ ਵਿਰੋਧ' ਤੇ 'ਕਾਲ ਵਿਰੋਧ'। ਦੇਸ਼ ਵਿਰੋਧ–ਜਿਹੜੀ ਸ਼ੈ ਜਿਸ ਦੇਸ਼ ਵਿਚ ਨਾ ਹੋਵੇ ਉਸ ਦੇਸ਼ ਵਿਚ ਵਰਣਨ ਕਰਨੀ।

ਕਾਲ ਵਿਰੋਧ–ਜਿਹੜੀ ਸ਼ੈ ਜਿਸ ਸਮੇਂ ਨਾ ਹੋਵੇ ਉਸ ਸਮੇਂ ਵਿਚ ਵਰਣਨ ਕਰਨੀ।

ਗਨਅਗਨ=ਪਿੰਗਲ ਵਿਚ ਜੋ ਵਜ਼ਨ ਲਈ ਗਣ ਰਖੇ ਹਨ ਓਹ ਕੁਛ ਸੁਭ ਗਣ ਤੇ ਕੁਛ ਅਸ਼ੁਭ ਗਣ ਮੰਨੇਜਾਂਦੇ ਹਨ। ਅਸ਼ੁਭ ਗਣ ਨੂੰ

ਕਵੀ 'ਅਗਣ' ਕਹਿੰਦੇ ਹਨ ।
(ੳ) ਚੰਗੇ ਗਣ ਇਹ ਹਨ:—ਮਗਣ, ਨਗਣ, ਭਗਣ, ਯਗਣ।
(ਅ) ਅਸ਼ੁਭ ਗਣ=ਸਗਣ, ਤਗਣ, ਰਗਣ, ਜਗਣ* ।
ਇਨ੍ਹਾਂ ਨੂੰ ਸਮਝਣ ਤੇ ਵਰਤਣ ਦੀ ਜਾਚ ਨਾ ਹੋਣੀ ਗਣ ਅਗਣ ਦੀ ਬੇਸਮਝੀ ਹੈ।

ਨਵੋਂ ਹੀ ਰਸ=ਕਾਵਜ ਵਿਚ ਨੌ ਰਸ ਗਿਣੀਂਦੇ ਹਨ, ਸਾਰੀ ਹਿੰਦੀ ਕਵਿਤਾ ਇਨ੍ਹਾਂ ਰਸਾਂ ਵਿਚ ਹੀ ਘੁੰਮਦੀ ਹੈ। ਰਸ ਏਹ ਹਨ:— ਸ਼੍ਰਿੰਗਾਰ, ਬੀਰ, ਹਾਸਜ, ਰੌਦ੍ਰ, ਭਜਾਨਕ, ਕਰੁਣਾ, ਬੀਭਤਸ, ਅਧਭੁਤ, ਸ਼ਾਂਤਿ।
ਇਨ੍ਹਾਂ ਰਸਾਂ ਨੂੰ ਸਮਝੇ ਬਿਨਾਂ ਇਨ੍ਹਾਂ ਦੇ ਮੇਲ ਅਨਮੇਲ ਕਰਨੇ ਯਾ ਇਨ੍ਹਾਂ ਦੇ ਸਥਾਈ ਸੰਚਾਰੀ ਭਾਵਾਂ ਆਦਿ ਵਿਚ ਸੰਕੇਤ ਤੋਂ ਉਲਟ ਕਰਨਾ ਇਹ ਨੌ ਰਸਾਂ ਦੀ ਬੇਸਮਝੀ ਹੈ । ਜੇ ਨਵਾਂ ਰਸਾਂ ਵਿਚੋਂ ਕੋਈ ਰਸ ਨਾ ਵਰਣਨ ਹੋਵੇ ਤਾਂ ਹੀਨ ਰਸ ਕਵਿਤਾ ਹੈ, ਅਥਵਾ ਰਸ ਵਰਣਨ ਕਰਦਿਆਂ ਰਸ ਬਿਰੱਸਾ ਹੋ ਜਾਵੇ ।

ਬਿਬਧਾਲੰਕਾਰ=ਨਾਨਾ ਪ੍ਰਕਾਰ ਦੇ ਅਲੰਕਾਰ (ਜੋ ਕਵਿ ਜਨ ਕਵਿਤਾ ਨੂੰ ਸੁਹਣਾ ਕਰਨੇ ਲਈ ਵਰਤਦੇ ਹਨ, ਇਸ ਵਿਸ਼ੇ ਤੇ ਕਈ ਗ੍ਰੰਥ ਲਿਖੇ ਹੁੰਦੇ ਹਨ) ਉਪਮਾ, ਅਨੁਪ੍ਰਾਸ, ਉਤਪ੍ਰੇਛਾ ਆਦਿ ਸੈਂਕੜੇ ਅਲੰਕਾਰ ਹਨ, ਕਵਿ ਜੀ ਕਹਿੰਦੇ ਹਨ ਕਿ ਇਨ੍ਹਾਂ ਦੇ ਭੇਦ ਪ੍ਰਤਿ ਭੇਦ ਮੈਨੂੰ ਨਹੀਂ ਆਉਂਦੇ।

ਅਰਥ (ਮੈਨੂੰ ਅਪਣੀ ਕਵਿਤਾ ਵਿਚ ਪੈ ਰਹੇ ਦੂਖਣਾਂ ਦੀ ਜੈਸੇ ਕਿ) ਅੰਨ੍ਹੀ, ਬੋਲੀ, ਪਿੰਗਲੀ, ਨੰਗੀ, ਮੋਈ ਹੋਈ, ਪੁਨਰੁਕਤੀ ਵਾਲੀ, ਅਰਥ ਹੀਨ, ਦੇਸ਼ ਕਾਲ ਦੇ ਵੈਰ, ਗਨ, ਅਗਨ ਵਾਲੀ ਦੀ ਸਮਝ ਨਹੀਂ ਆ ਰਹੀ, (ਇਸੀ ਤਰ੍ਹਾਂ ਕਵਿਤਾ ਦੇ ਭੂਖਣਾਂ ਦੇ ਨਿਬਾਹ ਵਿਚ ਜੈਸੇ ਕਿ) ਨਵਾਂ ਰਸਾਂ ਤੇ ਨਾਨਾਂ ਪ੍ਰਕਾਰਾਂ ਦੇ ਅਲੰਕਾਰ ਦੇ (ਵਰਣਨ ਕਰਨ ਦੇ) ਭੇਦ (ਪਰਿ-ਭੇਦ ਹੁੰਦੇ ਹਨ, ਸੋ ਮੈਨੂੰ) ਨਹੀਂ ਆ ਰਹੇ।

(ਇਸ ਕਰਕੇ ਮੇਰੀ ਕਵਿਤਾ ਵਿਚ) ਕੋਈ ਗੁਣ ਨਹੀਂ ਹੈ, ਮੈਂ (ਆਪ) ਆਖ ਰਿਹਾ ਹਾਂ (ਤੇ ਹੇ) ਗੁਣੀ ਜਨੋਂ ! (ਤੁਸੀਂ ਬੀ) ਮਨ ਵਿਚ ਜਾਣਦੇ ਹੋ (ਕਿ ਮੇਰੀ ਕਵਿਤਾ) ਅਟਪਟੀ ਤੇ ਹਾਸੋਹੀਣੀ ਹੈ,

ਹਾਂ, ਇਕ ਗੁਣ ਇਸ ਵਿਚ ਪ੍ਰਤੱਖ ਹੈ, ਕੰਨਾਂ ਨਾਲ ਸੁਣੋ ਹੇ ਸੰਤ ਜਨੋਂ !

*ਮਗਨ, ਨਗਨ, ਭਨਿ ਭਗਨ ਔ ਯਗਨ ਸਦਾ ਸ਼ੁਭ ਆਨ।
ਜਗਨ ਰਗਨ ਸੋਂ ਸਗਨ ਕੋ ਤਗਨਹਿ ਅਸ਼ੁਭ ਬਖਾਨ ॥ ੧੮ ॥ [ਕਵਿ ਪ੍ਰਯਾਧ

(ਇਸ ਵਿਚ) ਸਤਿਗੁਰੂ ਜੀ ਦੀ ਕੀਰਤੀ ਨਿਰਮਲ (ਤੇ ਮਨ ਨੂੰ) ਭਾਉਣ ਵਾਲੀ (ਵਰਣਿਤ) ਹੈ।

ਭਾਵ—ਕਵਿ ਜੀ ਕਾਵ੍ਯ ਦੇ ਪੰਡਤ ਹਨ, ਤੇ ਏਹ ਕੁਛ ਨਿੰਮ੍ਰਤਾ ਨਾਲ ਆਖ ਰਹੇ ਹਨ, ਪ੍ਰੰਤੂ ਇਕ ਕਟਾਖ੍ਯ ਬੀ ਇਸ ਵਿਚ ਹੈ ਕਿ ਇਸ ਕਵਿਤਾ ਵਿਚ ਤੁਕਬੰਦੀਏ ਯਾ ਦਰਬਾਰੀ ਕਸਬੀਏ ਕਵੀਆਂ ਵਾਕੂ ਮੈਂ ਨਿਰਾ ਬੱਝੇ ਕਾਇਦਿਆਂ ਦੀ ਖ਼ਾਨਾਪੁਰੀ ਵਾਲੀ ਕਵਿਤਾ ਨਹੀਂ ਘੜ ਰਿਹਾ; ਮੈਂ, ਜੋ ਸੁਤੇ ਸਿੱਖ ਅਪਣੇ ਅਗੰਮੀ ਪ੍ਰਵਾਹ ਵਿਚ ਉਚਾਰੀ ਜਾਂਦੀ ਹੈ, ਉਚਾਰਦਾ ਹਾਂ।

ਕਿਉਂਕਿ ਪ੍ਰਯੋਜਨ ਛੰਦਾ ਬੰਦੀ ਨਹੀਂ ਪਰ ਸਤਿਗੁਰ ਦੀ ਕੀਰਤੀ ਹੈ। ਕੀਰਤੀ ਚਿੱਤ ਦੇ ਪ੍ਰੇਮ ਵਿਚੋਂ ਨਿਕਲਦੀ ਹੈ ਤੇ ਪ੍ਰੇਮ ਅਸਲੀ ਰੱਬੀ ਉੱਚੀ ਕਵਿਤਾ ਦਾ ਮੂਲ ਕਾਰਣ ਹੈ, ਸੋ ਨਿੰਮ੍ਰਤਾ ਦੇ ਲਹਿਜੇ ਵਿਚ ਕਵਿ ਜੀ ਤੋਂ ਉਨ੍ਹਾਂ ਦੀ ਕਵਿਤਾ ਦੇ 'ਸੁਤੇ ਆਈ' ਤੇ 'ਪ੍ਰੇਮ ਤੋਂ ਉਪਜੀ' ਕਵਿਤਾ ਦੀ ਸੂਚਨਾ ਹੋ ਰਹੀ ਹੈ। ਇਹ ਗਲ ਅਗਲੇ ਦੋਹੇ ਤੋਂ ਬੀ ਪ੍ਰਗਟ ਹੁੰਦੀ ਹੈ:—

ਦੋਹਰਾ॥ ਨੀਰਾ[੧] ਸੁਰਸਰਿ[੨] ਬਕ੍ਰਗਤਿ[੩] ਗੁਨੀ ਨ ਔਗੁਨ ਜਾਨ। ਸਾਦਰ[੪] ਸੋ ਤਿਹ ਮਹਿਂ ਸਦਾ ਕਰਿਹੈਂ ਪਾਨ ਸ਼ਨਾਨ* ॥ ੨ ॥ ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ॥ ਕਹਿ ਬਾਲਾ ਸ੍ਰੀ ਅੰਗਦ ਸੁਨੀਏ। ਸ੍ਰੀ ਗੁਰੁ ਕਥਾ ਬਿਮਲ[੫] ਗੁਨ ਗੁਨੀਏ। ਭਈ ਭੋਰ[੬] ਨਿਜ ਦਾਸ ਬੁਲਾਯਾ। 'ਦਿਜਬਰ[੭] ਸਦਨ[੮] ਜਾਹ ਤੂੰ ਧਾਯਾ[੯] ॥ ੩ ॥ ਦੈਵਗ[੧੦] ਜੋ ਹਰਿਦਯਾਲ[੧੧] ਪ੍ਰਬੀਨਾ। ਆਨਹੁ[੧੨] ਤਾਂਹਿ ਬਿਲੰਬ ਬਿਹੀਨਾ[੧੩]'। ਸੁਨਤਿ ਦਾਸ ਦਿਜ ਸਦਨ ਸੁ ਜਾਈ। ਦਰ ਪਰ[੧੪] ਤਿਸ਼ਟਿ[੧੫] ਗੁਹਾਰ[੧੬] ਸੁਨਾਈ॥੪॥ਸ੍ਰੁਤਵਾ[੧੭] ਬਚਨ ਬਿੱਪ੍ਰ[੧੮] ਹਰਿਦਯਾਲਾ। ਆਲਯ ਦਰ ਨਿਕਸ੍ਯੋ ਤਤਕਾਲਾ[੧੯]। 'ਦਿਜਜੂ! ਕਾਲੂ ਮੁਝਹਿ ਪਠਾਯਾ। ਚਲਹੁ ਆਪ, ਤਤਕਾਲ ਬੁਲਾਯਾ'॥੫॥ ਕਹਿਦਿਜ'ਹੌਂ ਆਵੌਂ ਕਰਿਪੂਜਾ। ਬਹੁਰਿ ਕਰੌਂ ਨਹਿਂ ਕਾਰਜ ਦੂਜਾ'। ਸੁਨਿ ਉੱਤਰ ਕੋ ਤਿਹਛਿਨ ਦਾਸਾ। ਕਾਲੂ ਪਾਸ ਕਰੀ ਅਰਦਾਸਾ ॥ ੬ ॥ ਘਟੀ ਪਾਂਚ ਲੌ ਅਰੁਨਾ[੨੦] ਕਰਿਕੈ। ਆਯੋ ਦ੍ਵਿਜ ਸ਼ੁਭ ਸ਼ਗੁਨ ਬਿਚਰਿਕੈ। ਕਾਲੂ ਕੋ ਸ੍ਰਸਤੈਨ[੨੧] ਸੁਨਾਯੋ।ਪਿਖ ਉਛਾਹ ਕੋ ਉਰ ਹੁਲਸਾਯੋ[੨੨] ॥੭॥ ਦੋਹਰਾ॥ ਦਿਜਬਰ ਕੋ ਲੈ ਅਜਰ ਮਹਿਂ[੨੩]

[੧]ਪ੍ਰਵਾਹ। [੨]ਗੰਗਾ। [੩]ਵਿੰਗਾ ਚਲਨਾ। [੪]ਸਤਿਕਾਰ ਨਾਲ। [੫]ਨਿਰਮਲ। [੬]ਸਵੇਰ ਹੋਈ ਤੇ। [੭]ਬ੍ਰਹਮਨ ਦੇ। [੮]ਘਰ। [੯]ਦੌੜਕੇ ਜਾਹ। [੧੦]ਜੋਤਸ਼ੀ। [੧੧]ਪੰਡਤ ਦਾ ਨਾਉਂ ਹੈ। [੧੨]ਲੈਆ। [੧੩]ਦੇਰੀ ਤੋਂ ਬਿਨਾਂ, ਛੇਤੀ। [੧੪]ਦਰਵਾਜੇ ਤੇ। [੧੫]ਖੜੋਕੇ। [੧੬]ਅਵਾਜ਼। [੧੭]ਸੁਣਕੇ। [੧੮]ਬ੍ਰਹਮਨ। [੧੯]ਘਰ ਦੇ ਬੂਹਿਓਂ ਛੇਤੀ ਨਿਕਲਿਆ। [੨੦]ਪੂਜਾ। [੨੧]ਆਸ਼ੀਰਵਾਦ। [੨੨]ਪ੍ਰਸੰਨ ਹੋਇਆ। [੨੩]ਘਰ ਦੇ ਵੇਹੜੇ ਵਿਚ।

*ਜਿਵੇਂ ਗੰਗਾ ਦਾ ਪ੍ਰਵਾਹ ਵਿੰਗਾ ਟੇਢਾ ਅਟਪਟਾ ਚਲਦਾ ਹੈ, ਪਰ ਗੁਣੀ ਇਸ ਔਗੁਣ ਵਲ ਨਹੀਂ ਤੱਕਦੇ, ਗੰਗਾ ਜਲ ਦੀ ਤਾਜ਼ਗੀ ਤੇ ਠੰਢ ਆਦਿ ਗੁਣਾਂ ਨੂੰ ਆਦਰ ਦੇਂਦੇ ਹਨ।

ਸਾਦਰ[੧] ਆਸਨ ਡਾਸ।ਬੈਠਾਯੋ ਬਹੁ ਭਾਉ [੨]ਕਰਿ ਆਪ ਬੈਸ ਤਿਸੁ ਪਾਸ।
੮ ॥ ਚੌਪਈ॥ ਕਹਿ ਕਾਲੂ 'ਸੁਨਿ ਸ੍ਰੇਨ ਦਿਜਿੰਦੂ[੩]! ਦਯੋ ਸਦਨ ਮਮ[੪]ਤਾਤ[੫]
ਗੁਬਿੰਦੂ[੬]। ਮੁਝ ਪਰ ਨਿਜ[੭] ਅਨੁਕੰਪਾ[੮] ਧਾਰਹੁ। ਸੋਧ ਮਹੂਰਤ ਲਗਨ
ਵਿਚਾਰਹੁ॥ ੯ ॥ ਭੇਦ ਸ਼ੁਭਾਸ਼ੁਭ[੯] ਸਭਿ ਲਖਿ ਲੀਜੈ[੧੦]। ਭੁਵਪੱਤ੍ਰੀ[੧੧] ਇਸ-
ਕੀ ਲਿਖਿ ਦੀਜੈ'। 'ਕੁੰਕਮ[੧੨] ਕਾਗਦ ਕਾਲੂ! ਆਨਹੁ । ਗਣਪਤਿ ਪੂਜ
ਗ੍ਰਿਹਨ[੧੩] ਸਨਮਾਨਹੁ* ॥੧੦॥ ਬਾਲਕ ਸ਼ਬਦ ਲੇਯ ਜੋ ਜਨਮਾ। ਸੋਊ
ਸ਼ਬਦ ਸੁਨਾਉ ਸ਼੍ਰਵਨਮਾ[੧੪]।ਭਯੋ ਕਾਲ ਕਿਸੁ[੧੫] ਜਨਮ ਸੁਨਾਵਹੁ।ਬੂਝਹੁ[੧੬]
ਧਾਇ[੧੭] ਹਜ਼ੂਰ ਬੁਲਾਵਹੁ'॥ ੧੧ ॥ ਸ੍ਰੀ ਨਾਨਕ ਕੀ ਦੌਲਤ[੧੮] ਦਾਈ। ਸੋ
ਕਾਲੂ ਤਤਕਾਲ ਬੁਲਾਈ। ਪਠੇ ਦਾਸ ਸਭਿ ਸੌਜ[੧੯] ਮੰਗਾਈ। ਜੋ ਜੋ ਦਿਜ-
ਬਰ ਦੀਨਿ ਰਜਾਈ[੨੦]॥ ੧੨ ॥ ਦੋਹਰਾ ॥ ਗ੍ਰਿਹਭਿਖੇਕ[੨੧] ਕੀ ਵਸਤੁ ਸਭਿ
ਕਾਲੂ ਤਹਿਂ ਤੇ ਲਨਾਇ।ਬਹੁਰੋ[੨੨] ਬੈਸਨੋ[੨੩]ਪਾਸ ਬਿਪ[੨੪] ਬਦਨਹਿ[੨੫]ਬਚਨ
ਅਲਾਇ[੨੬] ॥ ੧੩ ॥ ਚੌਪਈ॥ 'ਘਟੀ ਏਕ[੨੭] ਦੋ ਜਾਮ[੨੮] ਤ੍ਰਿਜਾਮਾ[੨੯] ।
ਬਿਤੀ ਹੁਤੀ[੩੦] ਸਿਸ[੩੧] ਭਵ[੩੨] ਅਭਿਰਾਮਾ[੩੩]' । 'ਕੌਨ ਸ਼ਬਦ ਲੇ ਉਪਜਨੋ
ਬਾਲਿਕ?। ਧਾਇ[੩੪] ! ਬਤਾਵਹੁ ਸੋ ਤਤਕਾਲਿਕ' ॥ ੧੪ ॥ ਬੋਲੀ ਬਚਨ

---

[੧]ਆਦਰ ਨਾਲ। [੨]ਪ੍ਰੇਮ। [੩]ਹੇ ਸ੍ਰੇਸ਼ਟ ਬ੍ਰਾਹਮਣ! [੪]ਮੇਰੇ ਘਰ। [੫]ਪੁੱਤ੍ਰ। [੬]ਰੱਬ ਨੇ। [੭]ਅਪਨੀ। [੮]ਕਿਰਪਾ। [੯]ਚੰਗਾ ਮਾੜਾ। [੧੦]ਜਾਣ ਲਓ। [੧੧]ਜਨਮ ਪੱਤ੍ਰੀ। [੧੨]ਕੇਸਰ। [੧੩]ਗ੍ਰੇਹਾਂ ਨੂੰ। [੧੪]ਮੇਰੇ ਕੰਨਾਂ ਵਿਚ। [੧੫]ਕਿਸ ਵਕਤ। [੧੬]ਪੁੱਛੋ। [੧੭]ਦਾਈ ਨੂੰ। [੧੮]ਦਾਈ ਦਾ ਨਾਮ। [੧੯]ਚੀਜ਼, ਸਮਿੱਗ੍ਰੀ। [੨੦]ਆਗਿਆ। [੨੧]ਗ੍ਰੇਹਾਂ ਨੂੰ ਪੂਜਣ। [੨੨]ਫੇਰ। [੨੩]ਬੈਠਾ। [੨੪]ਬ੍ਰਾਹਮਣ ਦੇ ਪਾਸ। [੨੫]ਮੁਖ ਤੋਂ। [੨੬]ਕਹਿਆ। [੨੭]ਘੜੀ ਇਕ। [੨੮]ਦੋ ਪਹਿਰ। [੨੯]ਰਾਤ। [੩੦]ਗੁਜਰੀ ਹੋਈ ਸੀ। [੩੧]ਬਾਲਕ। [੩੨]ਜਨਮਿਆ ਹੈ। [੩੩]ਸੁੰਦਰ। [੩੪]ਹੇ ਦਾਈ!

*ਸਿੱਖੀ ਅਜੇ ਪ੍ਰਚਾਰ ਨਹੀਂ ਹੋਈ ਸੀ, ਸ੍ਰੀ ਕਾਲੂ ਜੀ ਖੱਤਰੀ ਹਿੰਦੂ ਸੇ, ਉਨ੍ਹਾਂ ਨੇ ਕੁਲਾਰੀਤ ਕਰਨੀ, ਬ੍ਰਾਹਮਣ ਸੱਦਣਾ, ਪੱਤਰੀ ਬਨਵਾਉਣੀ ਕੁਦਰਤੀ ਗੱਲ ਸੀ। ਇੱਥੇ ਬ੍ਰਾਹਮਣ ਦੇ ਕਥਨ ਦਾ ਭਾਈ ਸਾਹਿਬ ਅਨੁਵਾਦ ਕਰ ਰਹੇ ਹਨ, ਇਨ੍ਹਾਂ ਗੱਲਾਂ ਦਾ ਗੁਰਸਿੱਖਯਾ ਨਾਲ ਕੋਈ ਸੰਬੰਧ ਨਹੀਂ। ਸਤਿਗੁਰੂ ਜੀ ਜੋ ਆਪਣੀ ਸਿੱਖਯਾ ਦੇਣਗੇ ਓਹ ਸ੍ਰੀ ਮੁਖਵਾਕਾਂ ਤੋਂ ਅੱਗੇ ਗੋਪਾਲ ਪਾਂਧੇ ਪ੍ਰਤੀ ਸ਼ਬਦ 'ਜਾਲਿ ਮੋਹੁ ਘਸਿ ਮਸੁ ਕਰਿ' ਵਿਚ ਪ੍ਰਗਟ ਹੋਵੇਗੀ, ਬਾਕੀ ਪੰਡਤ ਹਰਿਦਿਆਲ ਜੀ ਦੀ ਆਪਣੀ ਸ਼ਰਧਾ ਜੋ ਸਤਿਗੁਰੂ ਜੀ ਵਿਚ ਹੈ ਓਹ ਅੰਕ ੨੬, ੩੨ ਅਰ ੫੦ ਤੋਂ ੫੫ ਤਕ, ਇਸੇ ਅਧਯਾਯ ਵਿਚ, ਪ੍ਰਗਟ ਹੈ ਤੇ ਅੱਗੇ ਜਨੇਊ ਪਾਵਣ ਦੇ ਪ੍ਰਸੰਗ ਵਿਚ ਵਧੇਰੇ ਸਪਸ਼ਟ ਹੈ, ਜਿੱਥੋਂ ਸਤਿਗੁਰੂ ਜੀ ਤੋਂ ਸੱਚਾ ਜੰਞੂ ਪਾਕੇ ਪੰਡਤ ਜੀ ਆਪ ਕ੍ਰਿਤਾਰਥ ਹੋਣਗੇ।

ਦੌਲਤਾ ਦਾਈ। 'ਸੁਨਹੁ ਬ੍ਰਿਤਾਂਤ ਅਹੋ ਦਿਜਰਾਈ[1]! ਬਹੁ ਸਿਸ ਜਨਮੇ ਮਮ ਕਰ ਮਾਂਹੀ[2]। ਯਹਿ ਅਚਰਜ ਕਬਿ[3] ਦੇਖਯੋ ਨਾਂਹੀ॥ ੧੫॥ ਦੀਰਘ ਨਰ[4] ਜਿਉਂ ਬਿਗਸ[5] ਮਿਲੇ ਹੈਂ। ਤਿਉਂ ਇਨ ਕੀਨੇ ਸ਼ਬਦ ਭਲੇ ਹੈਂ। ਸ਼ੁਭ ਲੱਛਨ ਸ਼ੁਭ ਅੰਗਨ ਮਾਂਹੀ। ਆਨ[6] ਨਰਨ[7] ਜਿਉਂ[8] ਨਰ[9] ਇਹ ਨਾਂਹੀ' ॥੧੬॥ ਦੋਹਰਾ॥ ਸੁਨਿ ਦਿਜਬਰ ਸਭਿ ਬਚਨ ਕੋ ਜੋਤਿਸ਼ ਕੀਨ ਵਿਚਾਰ। –ਸ਼ੁਭ ਨਿਛੱਤ੍ਰ ਸ਼ੁਭ ਕਾਲ ਮਹਿਂ ਸ਼ੁਭ ਥਿਤ ਪੁਨ ਸ਼ੁਭ ਵਾਰ॥੧੭॥ ਚੌਪਈ॥ ਭਲੇ ਲਗਨ ਮਹਿਂ ਬਾਲਿਕ ਜਨਮਾ–। ਬਿਦ੍ਰਖ[10] ਵਿਚਾਰ ਕਰਤਿ ਬਹੁ ਮਨ ਮਾ।–ਯਹਿ ਸਿਸੁ ਹੈ ਅਵਤਾਰੀ ਕੋਊ। ਵਡਭਾਗ ਕਾਲੂ ਕੇ ਹੋਊ॥੧੮॥ ਕੈ ਬਿਧਿ[11] ਬਿਸ਼ਨੁ ਕਿ ਸ਼ਿਵ ਭੁਵ ਲੀਨੋ[12]*। ਜਗਤ ਉਧਾਰਨ ਲੱਛਨ ਚੀਨੋ। ਆਤਪੱਤ੍ਰ[13] ਇਸ ਸੀਸ ਝੁਲਾਰੇ। ਪੁਰਬੀ ਨਿਸਾ[14] ਜਨਮ ਭਯੋ ਬਾਰੇ[15] ॥੧੯॥ ਚੱਕ੍ਰਵਰਤਿ[16] ਹੋਵਹਿ ਭੁਵ ਮਾਂਹੀ[17]। ਕਰਹਿ ਦਿਗਬਿਜੈ[18] ਸੰਸੈ ਨਾਂਹੀ–। ਦਰਸ਼ਨ ਕੀ ਉਰ[19] ਲਾਲਸ[20] ਕੀਨੀ। ਦੇਹਿ ਸਫਲ ਅਪਨੀ ਦਿਜ ਚੀਨੀ[21] ॥ ੨੦ ॥ ਦੋਹਰਾ ॥ ਕਾਲੂ ਸੋਂ ਪੁਨ ਦਿਜ ਕਹੀ 'ਬਾਲਕ ਮੋਹਿ ਦਿਖਾਇ'। ਸੁਨਿ ਕਰਿ ਦਾਈ ਦੌਲਤਾਂ ਲੀਨੀ ਸਪਦ[22] ਬੁਲਾਇ॥੨੧॥ ਚੌਪਈ॥ 'ਬਾਲਿਕ ਆਨ[23] ਬਿੱਪ੍ਰ ਕੇ[24] ਪਾਸਾ[25]'। ਧਾਇਗਈ ਸੁਨਿ ਮੱਧ ਅਵਾਸਾ[26]। ਜਾਚਯੋ[27] ਬਾਲਕ ਜਨਨਿ[28] ਨ ਦੇਈ। ਜਿਉਂ ਕਿਰਪਨ ਧਨ ਪ੍ਰੀਤਿ ਰਖੇਈ॥੨੨॥ ਕਹਹਿ 'ਸਰਦਿ ਰੁਤਿ ਸਰਦੀ ਲਾਗਹਿ। ਮ੍ਰਿਦੁਲ ਬਾਲ ਬਾਹਰ ਕਸ[29] ਮਾਂਗਹਿ?' ਬਹੁਰ ਬਿਦ੍ਰਖਹ[30] ਬਾਰੰਬਾਰਾ[31]। ਜਾਚਯੋ[32] ਦਿਯੋ ਤਾਤ[33] ਅਤਿ ਪਯਾਰਾ ॥ ੨੩॥ ਲੇਕਰਿ ਦੌਲਤ ਬਾਹਰ ਆਈ। ਆਨਨ ਆਰਨਜਾਤ[34] ਸੁਹਾਈ। ਲਘੁ ਤਨ[35] ਜੋਤਿ ਬਿਸਾਲ[36] ਬਿਰਾ-

[1]ਹੇ ਪੰਡਿਤ ਜੀ! [2]ਮੇਰੇ ਹੱਥਾਂ ਵਿਚ। [3]ਕਦੀ। [4]ਵੱਡੇ ਮਨੁੱਖ। [5]ਖੁਸ਼ੀ ਨਾਲ, ਖਿੜ ਕੇ। [6]ਹੋਰਨਾਂ। [7]ਮਨੁੱਖਾਂ। [8]ਜੇਹਾ। [9]ਮਨੁੱਖ। [10]ਪੰਡਿਤ। [11]ਯਾ ਬ੍ਰਹਮਾ। [12]ਜਨਮ ਲਿਆ ਹੈ। [13]ਛਤਰ। [14]ਪੁਰਬ ਵਾਲੀ ਰਾਤ। [15]ਬਾਲਕ ਦਾ। [16]ਸ਼ਹਨਸ਼ਾਹ। [17]ਸੰਸਾਰ ਵਿਚ। [18]ਜਗਤ ਤੇ ਫਤਹ। [19]ਦਿਲ ਵਿਚ। [20]ਇੱਛਾ। [21]ਬ੍ਰਹਮਨ ਨੇ ਅਪਣੀ ਦੇਹੀ ਸਫਲ ਜਾਣੀ। [22]ਛੇਤੀ। [23]ਬਾਲਕ ਲੇ ਆ। [24]ਬ੍ਰਾਹਮਨ ਦੇ। [25]ਕੋਲ। [26]ਘਰ ਦੇ ਅੰਦਰ। [27]ਮੰਗਿਆ। [28]ਮਾਤਾ। [29]ਕਿਸ ਲਈ। [30]ਪੰਡਤ ਨੇ। [31]ਘੜੀ ਮੁੜੀ। [32]ਮੰਗਿਆ। [33]ਪੁੱਤਰ। [34]ਮੁਖ ਦੀ (ਸ਼ੋਭਾ) ਕਮਲ (ਵਰਗੀ)। [35]ਛੋਟਾ ਸਰੀਰ। [36]ਬੜੀ।

*ਪੰਡਤ ਅਪਣੇ ਨਿਸ਼ਚੇ ਦੇ ਵਾਕ ਦਿਲ ਵਿਚ ਹੀ ਕਹਿ ਰਿਹਾ ਹੈ।

ਜਹਿ। ਜਿਉਂ ਬਟ[੧] ਅਖੈ[੨]*ਰੂਪ ਲਘੁ[੩] ਛਾਜਹਿ[੪] ॥੨੪॥ ਦੋਹਰਾ॥ ਦਿਜਵਰ ਅਤਿ ਮਤਿਵਾਨ[੫] ਮਨ ਸਰਬ ਲਿੰਗ[੬] ਪਹਿਚਾਨ। ਹੇਰਤਿ[੭] ਉਰ[੮] ਹਰਖਤਿ ਸਰਸ[੯] ਠਾਢਾ ਭਯੋ[੧੦] ਸੁਜਾਨ[੧੧] ॥੨੫॥ ਚੌਪਈ ॥ ਪੁਲਕਯੋ[੧੨] ਪਰਮ ਪ੍ਰੇਮ ਮਹਿਂ ਮਨੂਆ॥ਬੰਦਨ ਕਰਿ[੧੩] ਜਾਨਯੋ ਨਿਜ[੧੪] ਧਨੂਆ॥ਜਿਉ ਜਨ[੧੫] ਇਸ਼ਟ ਦੇਵ ਕੋ ਦੇਖੀ। ਤਿਉ ਉਰ ਮਹਿਂ[੧੬] ਭਾ ਮੋਦ[੧੭] ਬਿਸ਼ੇਖੀ[੧੮] ॥੨੬॥ ਸਭਿ ਅੰਗਨ ਕੇ ਸੁੰਦਰ ਲੱਛਨ।ਲਗਯੋ ਬਿਲੋਕਨ[੧੯] ਬਿੱਪ੍ਰ ਬਿਚੱਛਨ[੨੦]। ਅਰੁਨ[੨੧] ਚਰਨ ਬਰ[੨੨] ਮ੍ਰਿਦੁਲ[੨੩] ਸੁਹਾਵੈਂ।ਜਿਮ ਦਲ ਕੋਕਨਦੰ[੨੪] ਦੁਤਿ ਪਾਵੈਂ[੨੫]॥੨੭॥ ਭੁਜ[੨੬] ਆਜਾਨੁ[੨੭] ਕੰਧ[੨੮] ਸ਼ੁਭ[੨੯] ਊਚੇ। ਕਰਜ[੩੦] ਅਰੁਨ ਜਿਉਂ ਨਗ ਹੁਇਂ ਸੂਚੇ।ਕਰਸ਼ਾਖਾ[੩੧] ਇਕਸਾਰ[੩੨] ਬਿਸਾਲਾ[੩੩]।ਉਰ[੩੪] ਆਯੁਤ[੩੫] ਸ਼ੋਭਤਿ ਛਬਿ ਛਾਲਾ॥੨੮॥ਦਾਹਨ[੩੬] ਕਰ ਮਹਿਂ[੩੭] ਚਮਰ[੩੮] ਬਨਾਵਾ॥ ਛਤਰ ਬਾਮ ਮਹਿਂ[੩੯] ਰੁਚਿਰ[੪੦] ਸੁਹਾਵਾ॥ਕੋਮਲ ਗੋਲ ਕਪੋਲ[੪੧] ਸੁਹਾਵਨ।ਉਨਤ[੪੨] ਨਾਸਕਾ[੪੩] ਮੋਦ[੪੪] ਬਢਾਵਨ[੪੫] ॥੨੯॥ ਅਰਧ ਚੰਦ੍ਰਾਕਾਰ[੪੬] ਲਿਲਾਰੇ[੪੭]।ਧਨੁ[੪੮] ਭ੍ਰਿਕੁਟੀ[੪੯] ਸੁ ਕੂਰਚ ਬਿਨਬਾਰੇ[੫੦]।"ਸੁਨਿ ਕਾਲੂ! ਸੁਤ ਤੋਹਿ[੫੧] ਬਿਚੱਛਨ। ਇਸ ਮਹਿਂ ਲਖਿਯਤ[੫੨] ਬੱਤਿ ਸੁ ਲੱਛਨ[੫੩]† ॥ ੩੦ ॥ ਕਰ ਤਰਵਾ[੫੪] ਇਹ

---

[੧]ਬੋਹੜ [੨]ਨਾਂ ਪੁਟੀਂਣ ਵਾਲਾ। [੩]ਛੋਟਾ। [੪]ਫਬਦਾ ਹੈ। [੫]ਬੁਧੀਵਾਨ। [੬]ਅੰਗ,ਚਿੰਨ੍ਹ। [੭]ਵੇਖਕੇ। [੮]ਦਿਲ ਵਿਚ। [੯]ਬੜਾ ਅਨੰਦ ਹੋਯਾ ਤੇ। [੧੦]ਖੜਾ ਹੋ ਗਿਆ। [੧੧](ਉਹ) ਚਤੁਰ। [੧੨]ਪਸੀਜਿਆ। [੧੩]ਮੱਥਾ ਟੇਕਕੇ। [੧੪]ਆਪਣੇ ਆਪਨੂੰ। [੧੫]ਭਗਤ ਜਨ। [੧੬]ਦਿਲ ਵਿਚ। [੧੭]ਖੁਸ਼ੀ। [੧੮]ਬਹੁਤ। [੧੯]ਦੇਖਣ। [੨੦]ਚਤੁਰ। [੨੧]ਲਾਲ। [੨੨]ਸ੍ਰੇਸ਼ਟ। [੨੩]ਕੋਮਲ। [੨੪]ਕਵਲ ਫੁੱਲਦੀਆਂ ਜਿਵੇਂ ਪੰਖੜੀਆਂ। [੨੫]ਸ਼ੋਭ ਰਹੀਆਂ ਹਨ। [੨੬]ਬਾਹਾਂ। [੨੭]ਗੋਡਿਆਂ ਤਕ। [੨੮]ਮੋਢੇ। [੨੯]ਸੋਹਣੇ। [੩੦]ਨਹੁੰ। [੩੧]ਹੱਥ ਦੀਆਂ ਅੰਗੁਲੀਆਂ। [੩੨]ਇਕੋ ਜਿਹੀਆਂ। [੩੩]ਲੰਮੀਆਂ। [੩੪]ਛਾਤੀ। [੩੫]ਚੌੜੀ। [੩੬]ਸੱਜੇ। [੩੭]ਹੱਥ ਵਿਖੇ। [੩੮]ਚੌਰ ਦਾ ਨਿਸ਼ਾਨ। [੩੯]ਖੱਬੇ ਵਿਚ। [੪੦]ਸੁਹਣਾ। [੪੧]ਗੱਲ੍ਹਾਂ। [੪੨]ਉੱਚੀਆਂ। [੪੩]ਨਾਸਾਂ। [੪੪]ਆਨੰਦ। [੪੫]ਵਧਾਉਣ ਵਾਲੀਆਂ। [੪੬]ਅੱਧੇ ਚੰਦ੍ਰਮਾ ਦੇ ਆਕਾਰ ਦਾ। [੪੭]ਮੱਥਾ। [੪੮]ਧਨੁਖ ਵਰਗੇ। [੪੯]ਭ੍ਰਵੱਟੇ। [੫੦]ਅਤੇ ਤ੍ਰਿਕੁਟੀ ਬਿਨਾਂ ਵਾਲਾਂ ਤੋਂ [ਸੰਸ:, ਕੂਰ੍ਚ=ਦੋਹਾਂ ਭੋਆਂ ਦੇ ਵਿਚਕਾਰਲੇ, ਥਾਂ, ਤ੍ਰਿਕੁਟੀ]। [੫੧]ਤੇਰਾ ਪੁੱਤ੍ਰ। [੫੨]ਜਾਣੀਂਦੇ ਹਨ। [੫੩]ਬੱਤੀ ਸ਼ੁਭ ਲੱਛਣ। [੫੪]ਹੱਥ ਦੀ ਤਲੀ।

*ਪ੍ਰਯਾਗ ਰਾਜ (ਇਲਾਹਾਬਾਦ) ਤੀਰਥ ਪੁਰ ਇਕ ਬੋਹੜ ਦਾ ਦਰਖਤ ਹੈ, ਜੋ ਛੋਟਾ ਜਿਹਾ ਹੈ। ਆਖਦੇ ਹਨ ਇਹ ਬੜੇ ਤੁਫਾਨਾ, ਭੂੰਚਾਲਾਂ ਤੇ ਪਰਲੋ ਵਿਚ ਭੀ ਪੁਟੀਂਦਾ ਨਹੀਂ।

†ਬੱਤੀ ਲੱਛਨ ਇਹ ਹਨ:—੧. ਸੁੰਦਰ। ੨. ਸੁਹ੍ਰਿਦ। ੩. ਸੱਚਾ। ੪. ਸੂਰਮਾ। ੫. ਸਾਵਧਾਨ। ੬. ਸ਼ਾਸਤ੍ਰ ਦਾ ਗਜਾਤਾ। ੭. ਉੱਦਮੀ। ੮. ਉਦਾਰ। ੯ ਗੁਨਗ੍ਰਾਹੀ। ੧੦. ਰੰਭੀਰ। ੧੧. ਸ਼ੁੱਧ ਮਨ। ੧੨. ਧਰਮੀ।

[ਬਾਕੀ ਵਖੋ ਅਗਲੇ ਪੰਨੇ ਦੇ ਹੇਠ]

ਊਰਧ[੧] ਆਈ॥ਧਨ ਬਹੁ ਆਇ ਰਖਹਿ ਢਿਗ[੨] ਨਾਂਹੀ। ਪਢ੍ਯੋ ਸਮੁੰਦ੍ਰਿਕ[੩] ਮੈਂ ਬਹੁ ਸੋਧ॥ਸੁਭ ਗੁਨ ਸਭਿ ਇਸ ਮਹਿਂ ਕਹਿ ਪ੍ਰੋਧ[੪]॥੩੧॥ਮਹਿਮਾ ਅਮਿਤ[੫] ਮਨਹਿ ਮਹਿਂ ਮਾਨੀ॥–ਹੈ ਅਵਤਾਰ ਸੱਤਿ ਚਿਤ ਜਾਨੀ–।ਦ੍ਵਿਜ[੬] ਦਰਸਾਇ ਧਾਇ[੭] ਢਿਗ ਮਾਤਾ। ਦੀਨੋ ਜਾਇ ਜੁ ਸੁੰਦਰ ਤਾਤਾ ॥ ੩੨ ॥ ਨੰਦੀ ਮੁਖੰ-ਸ਼੍ਰਾਧ* ਕਰਿਵਾਯੋ॥ਬੇਦਨ ਬਿਧਿ ਜਿਉਂ ਬਿੱਪ੍ਰ[੮] ਬਤਾਯੋ। ਕਾਲੂ ਕਹੈ 'ਨਾਮ ਸਿਸ[੯] ਰਾਖਹੁ। ਬਰਨ[੧੦] ਸੋਧ ਸ਼ੁੱਧ[੧੧] ਮੁਝ ਸੋਂ ਭਾਖਹੁ[੧੨]'॥੩੩॥'ਸੁਨਿ ਕਾਲੂ! ਇਸ ਨਾਮ ਅਪਾਰ॥ਹੌਂ ਰਾਖੌਂ ਕਰਿ ਸੋਧ ਵਿਚਾਰ॥ਅਬ ਨਿਜ ਕੁਲ ਕੀ ਕੀਜਹਿ ਚਾਲੀ। ਜੋ ਜਾਚਹਿ[੧੩] ਤਿਹ ਭੇਜਿ ਨ ਖਾਲੀ' ॥੩੪॥ ਦੋਹਰਾ ॥ ਇਹ ਬਿਧਿ ਕਹਿ ਦ੍ਵਿਜਬਰ ਗਯੋ ਜੋਤਿਸ਼ ਕਰਤਿ ਬਿਚਾਰ।ਦਰ ਪਰ[੧੪] ਤੋਰਣ[੧੫] ਸੁੰਦਰੇ ਬਾਂਧਤਿ ਹਰਖ ਅਪਾਰ॥੩੫॥ਚੌਪਈ॥ ਆਵਹਿਂ ਦਰ ਬਹੁ ਜਾਚਕ[੧੬] ਜਾਚਹਿਂ[੧੭]।ਤਾਲਨ ਪੂਰ[੧੮] ਕਲੀਵ[੧੯] ਸੁ ਨਾਚਹਿਂ।ਢੋਲਕ ਟਲਕਾ[੨੦] ਘੁੰਗਰੂ ਤਾਲੀ[੨੧]। ਤਾਲ ਮਿਲਾਵਹਿਂ ਲੇਹਿਂ ਭਵਾਲੀ ॥੩੬॥ ਗਾਵਹਿਂ ਗੀਤ ਮਧੁਰ[੨੨] ਧੁਨਿ[੨੩] ਧਾਰੀ॥ਦੇਇਂ ਸੁਹਾਤੀ ਸੁੰਦਰ ਗਾਰੀ[੨੪]।ਸਭਿਹਿ ਸ਼ਰੀਕਨਿ ਮਿਲਕਰਿ ਆਈ। ਭੂਖਨ[੨੫] ਬਸਨ[੨੬] ਧਰੇ ਛਬਿ ਛਾਈ॥ ੩੭ ॥ ਗਜ ਗਾਮਨਿ[੨੭] ਕੇ ਖੰਜਨਿ ਨੈਨੀ[੨੮] । ਨਾਗਰਿ[੨੯] ਗੀਤ ਗਾਇਂ ਪਿਕ ਬੈਨੀ[੩੦]। ਬਰਨ ਬਰਨ[੩੧] ਪਟ[੩੨] ਪਹਿਰ ਨਵੀਨਾ। ਕਟਿ[੩੩] ਜਿਨ ਛੀਨ[੩੪] ਉਰੋਜਨ[੩੫] ਪੀਨਾ[੩੬] ॥

੧ਉੱਚੀ। ੨ਕੋਲ। ੩ਇਕ ਵਿਦ੍ਯਾ ਦਾ ਨਾਮ ਹੈ ਜਿਸ ਦੇ ਪੁਸਤਕ ਦਾ ਨਾਮ ਭੀ ਸਮੁੰਦ੍ਰੀਕ ਹੀ ਹੈ, ਇਸ ਵਿਚ ਹੱਥ ਪੈਰ ਦੀਆਂ ਰੇਖਾਂ ਦੇ ਭਾਵ ਦਿਖਾਏ ਹਨ। ੪ਪ੍ਰੋਹਤ। ੫ਬਿਅੰਤ। ੬ਬ੍ਰਾਹਮਨ ਨੂੰ। ੭ਦਾਈ। ੮ਬ੍ਰਾਹਮਨ ਨੇ। ੯ਬਾਲਕ ਦਾ। ੧੦ਅੱਖਰ ੧੧ਚੰਗੇ। ੧੨ਆਖੋ। ੧੩ਮੰਗੇ। ੧੪ਦਰਵਾਜੇ ਪਰ। ੧੫ਧਾਗੇ ਵਿਚ ਪੱਤੇ ਪ੍ਰੋਕੇ ਜੋ ਲਟਕਾਂਦੇ ਹਨ, ਬੰਦਨ ਵਾਰ। ੧੬ਮੰਗਤੇ। ੧੭ਮੰਗਣ। ੧੮ਤਾਲਾਂ ਨੂੰ ਪੂਰਨ ਕਰਕੇ। ੧੯ਖੁਸਰੇ। ੨੦ਟਲੀਆਂ। ੨੧ਤਾੜੀ ਜਾਂ ਕੰਸੀਆਂ। ੨੨ਮਿੱਠੀ। ੨੩ਅਵਾਜ਼। ੨੪ਸਿੱਠਣੀਆਂ। ੨੫ਗਹਿਣੇ। ੨੬ਕਪੜੇ। ੨੭ਹਾਥੀ ਵਰਗੀ (ਮਸਤ) ਚਾਲ ਵਾਲੀਆਂ। ੨੮ਮਮੋਲੇ ਵਰਗੀਆਂ ਅੱਖਾਂ ਵਾਲੀਆਂ। ੨੯ਇਸਤ੍ਰੀਆਂ। ੩੦ਕੋਇਲ ਵਰਗੇ ਬੋਲ ਵਾਲੀਆਂ। ੩੧ਰੰਗਾਂ ਰੰਗਾਂ ਦੇ। ੩੨ਕਪੜੇ। ੩੩ਲੱਕ। ੩੪ਜਿਨ੍ਹਾਂ ਦੇ ਪਤਲੇ। ੩੫ਸਥਨ। ੩੬ਪੀਡੇ।

*ਇਕ ਸ਼੍ਰਾਧ ਜੋ ਹਿੰਦੂ ਮੰਗਲ ਸਮਿਆਂ ਤੇ ਕਰਦੇ ਹਨ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ] ੧੩. ਖਿਮਾਂਵਾਨ। ੧੪. ਇੰਦ੍ਰੇ ਜਿਤ। ੧੫. ਪਵਿੱਤ੍ਰ। ੧੬. ਨਿਮ੍ਰਤਾਵਾਨ। ੧੭. ਤੇਜੱਸ੍ਵੀ। ੧੮. ਦਯਾਲੂ। ੧੯. ਵਾਹਿਗੁਰੂ ਦਾ ਪ੍ਰੇਮੀ। ੨੦ ਸ਼ੀਲਵਾਨ। ੨੧. ਸੰਤੋਖੀ। ੨੨. ਉਪਕਾਰੀ। ੨੩. ਵਿਚੱਖਨ, ਚਤੁਰ। ੨੪. ਸ੍ਰੇਸ਼ਟ ਮਤੀ। ੨੫. ਜਪੀ। ੨੬. ਤਪੀ। ੨੭. ਨਿੰਦ੍ਰਾ ਜਿਤ। ੨੮. ਸਾਹਸੀ। ੨੯. ਸੰਜਮੀ। ੩੦. ਮਾਤਾ ਪਿਤਾ ਦਾ ਭਗਤ। ੩੧. ਜਤੀ। ੩੨. ਗਜਾਨੀ।

੩੮॥ ਅਲੰਕਾਰ[੧] ਨਗ[੨] ਕੰਚਨ[੩] ਭੀਨੋ। ਕਰਨਪੂਰ[੪] ਬਰ[੫] ਬੇਸਰ[੬] ਕੀਨੇ।
ਛੁਦ੍ਰਘੰਟਕਾ[੭] ਅੰਗਦ[੮] ਕੰਕਨ[੯]। ਸਬਦ ਕਰਹਿੰ ਜੇ ਪਹਿਰੇ ਅੰਗਨ ॥੩੯॥
ਭਈ ਭੌਨ ਮਹਿਂ[੧੦] ਭਾਰੀ ਭੀਰਾ[੧੧]। ਭੀ ਉਛਾਹ ਕੀ[੧੨] ਧੁਨੀ[੧੩] ਗੰਭੀਰਾ।
ਕਪਟ[੧੪] ਬੇਸ[੧੫] ਜਹਿਂ ਦੇਵਬਧੂਟੀ[੧੬]।ਗਾਵਹਿਂ ਮਨਹੁ ਜਗਤ ਸੁਖ ਲੂਟੀ॥
੪੦॥ ਕਾਲੂ ਆਲਯ[੧੭] ਮੰਗਲ ਸਾਜੇ। ਦਰ ਪਰ[੧੮] ਲਘੁ ਨਿਸ਼ਾਨ[੧੯] ਸ਼ੁਭ
ਬਾਜੇ। ਢਾਢੀ ਭਾਟ ਜੁ ਮੰਗਨਹਾਰੇ।ਪਾਇ ਦਰਬ[੨੦] ਕੋ ਗੁਨਨ ਉਚਾਰੇ॥
੪੧॥ ਨਰ ਨਾਰੀ ਬਹੁ ਦੇਤਿ ਵਧਾਈ। ਦਰ ਪਰ ਭੀਰ ਭਈ ਅਧਿਕਾਈ।
ਦੇਨੋ ਉਚਿਤ ਲਖ੍ਯੋ ਜੋ ਜੈਸਾ।ਦੇਤਿ ਭਯੋ ਕਾਲੂ ਤਿਨ ਤੈਸਾ॥੪੨॥ਦੋਹਰਾ॥
ਕਾਲੂ ਤਬ ਸਭਿ ਬਿਧਿ ਕਰੀ ਜੋ ਬੇਦੀ ਕੁਲ ਰੀਤਿ। ਨਰ ਨਾਰੀ ਕੀਰਤਿ
ਕਰਤਿ ਪੁਰਿਮਹਿਂ[੨੧]ਪਰਮਪੁਨੀਤ॥੪੩॥ਚੌਪਈ॥'ਬਹੁਧਨਾਢ ਕੇ ਸੁਤਜਨ-
ਮਾਹੀਂ। ਅਸ ਉਤਸ਼ਵ ਕੀਨੋ ਕਿਸੁ ਨਾਂਹੀ'।ਕਹਹਿਂ ਪਰਸਪਰ ਮਿਲ ਨਰ
ਨਾਰੀ। 'ਜਨਮ੍ਯੋ ਸੁਤ ਕੋ ਕਰਮ[੨੨] ਉਜਾਰੀ[੨੩]'॥੪੪॥ਖਸ਼ਟੀ[੨੪]* ਕੀਨਿ
ਭਲੇ ਕੁਲ ਚਾਲੀ। ਪਾਇ ਸੂਪ[੨੫] ਮਹਿਂ ਬਰਖਤਿ ਸਾਲੀ[੨੬]।ਅਸ਼ਟ ਜੋਗਨੀ
ਕਿਯ ਅਭਿਖੇਕਾ[੨੭]। ਕੁਸ਼ਲ ਮਾਂਗ ਸੁਤ ਕੀ ਸਿਰ ਟੇਕਾ॥੪੫॥ ਤ੍ਰੈਦਸ[੨੮]
ਦਯੋਸਹਿ[੨੯] ਸੰਖ੍ਯਾ[੩੦] ਕੀਨੀ। ਆਯੋ ਦ੍ਵਿਜ[੩੧] ਕਾਲੂ ਸੁਧਿ[੩੨] ਦੀਨੀ।
'ਸਿਸ ਕੋ[੩੩] ਨਾਨਕ ਨਾਮ ਧਰੀਜੈ। ਇਸਕੀ ਸਰਬਰ[੩੪] ਕੋ ਨ ਜਨੀਜੈ'।
੪੬॥ ਪੰਡਤ ਕਹਿ ਸੁ ਪਵਾਯੋ ਚੋਲਾ। ਤਬ ਕਾਲੂ ਮੁਖ ਤੇ ਬਚ ਬੋਲਾ।
'ਰਲਮਿਲ[੩੫] ਨਾਮ ਸੁ ਤੁਰਕਨ ਹਿੰਦੂ।ਨਹਿਂ ਰਾਖਵ ਇਹ ਨਾਮ ਦਿਜਿੰਦੂ!
੪੭॥ ਅਵਰ[੩੬] ਨਾਮ ਕੋ ਸੋਧਿ ਧਰੀਜੈ। ਰਿਦੈ ਸ਼ੁਭਾਸ਼ੁਭ[੩੭] ਭੇਵ ਲਖੀਜੈ॥
ਜੋ ਖੱਤ੍ਰੀ ਕੇ ਕੁਲ ਭਲ ਲਾਗੈ।ਧਰੋ ਨਾਮ ਅਸ ਬਿੱਪ੍ਰ ਸੁਭਾਗੈ॥੪੮॥ਦੋਹਰਾ॥
ਪੂਰਬ ਰਾਖਹਿਂ[੩੮] ਨਾਮ ਜੋ ਪੱਛ ਹਿੰਦੂਅਨ ਜੋਇ।ਸੋ ਤੁਮ ਰਿਦੇ ਵਿਚਾਰਿਕੈ

[੧]ਗਹਿਣੇ। [੨]ਰਤਨ ਤੇ। [੩]ਸੋਨੇ ਦੇ। [੪]ਕੰਨਾਂ ਦੇ ਵਾਲੇ। [੫]ਚੰਗੇ। [੬]ਨੱਥ। [੭]ਤੜਾਗੀ। [੮]ਬੁਹੱਟੇ। [੯]ਕੰਙਣ। [੧੦]ਘਰ ਵਿਚ। [੧੧]ਭੀੜ। [੧੨]ਖੁਸ਼ੀ ਦੀ। [੧੩]ਅਵਾਜ਼। [੧੪]ਬਨਾਉਟੀ। [੧੫]ਰੂਪ ਵਿਚ। [੧੬]ਦੇਵਤਿਆਂ ਦੀਆਂ ਵਹੁਟੀਆਂ, ਅਪੱਛਰਾਂ। [੧੭]ਘਰ। [੧੮]ਦਰਵਾਜ਼ੇਪੁਰ। [੧੯]ਛੋਟੇ ਨਗਾਰੇ। [੨੦]ਧਨ ਲੈਕੇ। [੨੧]ਨਗਰ ਵਿਚ। [੨੨·੨੩]ਕੋਈ ਉੱਜਲੇ ਭਾਗਾਂ ਵਾਲਾ। [੨੪]ਛਟੀ। [੨੫]ਛੱਜ। [੨੬]ਚਾਵਲ। [੨੭]ਪੂਜਨ। [੨੮]ਤੇਰਾਂ। [੨੯]ਦਿਨਾਂ ਦੀ। [੩੦]ਗਿਣਤੀ। [੩੧]ਬ੍ਰਾਹਮਨ। [੩੨]ਖਬਰ। [੩੩]ਬੱਚੇ ਦਾ। [੩੪]ਬਰੋਬਰ। [੩੫]ਰਲਵਾਂ ਮਿਲਵਾਂ। [੩੬]ਹੋਰ। [੩੭]ਚੰਗਾ ਮਾੜਾ। [੩੮]ਅੱਗੇ ਰਖਦੇ ਰਹੇ ਹਨ।

*ਬਾਲਕ ਜਨਮ ਤੋਂ ਛੇਵੇਂ ਦਿਨ ਦੀ ਰਸਮ, ਜਿਸ ਨੂੰ ਖਸਟੀ, ਛਟੀ ਯਾ ਸਠੀ ਆਖਦੇ ਹਨ।

ਕਹਹੁ ਨ ਤਰਕੈ ਕੋਇ' ॥ ੪੯ ॥ ਚੌਪਈ ॥ ਸੁਨਜੋ ਸ਼੍ਰੋਨ[੧] ਦਿਜ ਬਚਨ ਉਚਾਰਾ। 'ਯਹਿ ਤੁਮਰੋ ਸੁਤ ਵਡ ਅਵਤਾਰਾ। ਰਾਮ ਕਿਸ਼ਨ ਅਵਤਾਰ ਜੁ ਹਰਿਕਾ। ਪੂਜਤਿ ਹਿੰਦੂ, ਨ ਮਾਨਹਿਂ ਤੁਰਕਾ ॥ ੫੦ ॥ ਇਹ ਸਿਸੁ ਕੋ ਮਾਨਹਿੰਗੇ ਦੋਊ। ਹਿੰਦੂ ਤੁਰਕ ਸਿਖ ਹੁਇ ਸਭਿ ਕੋਊ। ਇਸ ਕੇ ਚਰਨ ਪੋਤ[੨] ਕੀ ਨਜਾਈਂ। ਪਾਰ ਪਰਹਿਂ ਪਰਮਾਰਥ ਪਾਈ ॥ ੫੧ ॥ ਸੰਗਤਿ, ਕਰਹਿਂ ਤਰਹਿਂ ਭਵ ਸਾਗਰ। ਸਕਲ ਜਗਤ ਮਹਿਂ ਹੋਇ ਉਜਾਗਰ। ਬਹੁਤ ਨਰਨ ਕੋ ਕਰਹਿ ਉਧਾਰਾ। ਨਾਮ ਭਗਤਿ ਦੇ ਦਾਨ ਉਦਾਰਾ॥ ੫੨॥ ਦੋਹਰਾ ॥ ਵਨ ਤ੍ਰਿਣ ਭੂਮ[੩] ਅਕਾਸ਼ ਮਹਿਂ ਹੋਇ ਅਧਿਕ[੪] ਪਰਤਾਪ। ਪਰਮ ਪੁਰਾਤਨ[੫] ਪੁਰਖ ਪਰ[੬] ਮਾਨਵ[੭] ਕਰਹਹਿਂ ਜਾਪ ॥ ੫੩ ॥ ਚੌਪਈ ॥ ਗੋ[੮] ਗਿਰ[੯] ਸਾਗਰ[੧੦] ਮਾਰਗ ਦੇਈਂ[੧੧]। ਨਿਸ[੧੨] ਬਾਸੁਰ[੧੩] ਆਇਸ ਮਹਿਂ[੧੪] ਸੇਈ। ਕਰਿ ਵਿਚਾਰ ਉਰ[੧੫] ਨਾਨਕ ਨਾਮਾ। ਯਾਂਤੇ ਮੈਂ ਰਾਖਜੋ ਅਭਿਰਾਮਾ[੧੬] ॥੫੪॥ ਹਿੰਦੂ ਤੁਰਕ ਜਪਹਿੰਗੇ ਦੋਊ। ਸਮਿਲ ਨਾਮ ਇਹ ਜਾਨਹੁ ਸੋਊ। ਭਵਪੱਤ੍ਰੀ[੧੭] ਮਹਿਂ ਅਹਿ ਸ਼ੁਭ ਬਾਤਾ। ਜੋ ਹੇਰੀ[੧੮] ਸੋ ਭਾਖੀ[੧੯] ਖਜਾਤਾ[੨੦] ॥ ੫੫ ॥ ਕਾਲੂ ! ਕੂਰ ਨ ਲਖੀਏ ਕੋਊ। ਕਹੀ ਸਾਚ ਨਿਸ਼ਚੈ ਹੁਇ ਸੋਊ। ਨਾਨਕ ਨਾਮ ਅਰਥ ਤਿਹ ਸੁਨੀਏ। ਪਰਮ ਬਰਨ ਬਰ[੨੧] ਉਰ ਮਹਿਂ ਗੁਨੀਏ[੨੨] ॥੫੬॥ ਕਬਿੱਤ ॥ *ਪ੍ਰਾਕ ਜੋ[੨੩] ਨਕਾਰ[੨੪] 'ਨ' ਪ੍ਰਮਾਨ[੨੫]

---

[੧]ਕੰਨੀਂ। [੨]ਜਹਾਜ। [੩]ਜ਼ਿਮੀਨ। [੪]ਬਹੁਤ। [੫]ਜਿਸਦਾ ਆਦਿ ਨਾ ਹੋਵੇ। [੬]ਪਰਮ ਪੁਰਖ। [੭]ਮਾਨੁਖ। [੮]ਪ੍ਰਿਥਵੀ। [੯]ਪਹਾੜ। [੧੦]ਸਮੁੰਦਰ। [੧੧]ਰਾਹ ਦੇਣਗੇ। [੧੨]ਰਾਤ। [੧੩]ਦਿਨ। [੧੪]ਆਗਜਾ ਅਨੁਸਾਰੀ (ਹੋਣਗੇ ਇਸ ਦੇ)। [੧੫]ਦਿਲ ਵਿਚ। [੧੬]ਸੁਹਣਾ [੧੭]ਜਨਮਪੱਤ੍ਰੀ। [੧੮]ਵੇਖੀ। [੧੯]ਕਹੀ। [੨੦]ਪ੍ਰਗਟ। [੨੧]ਬੜੇ ਸ੍ਰੇਸ਼ਟ ਅੱਖਰ। [੨੨]ਵਿਚਾਰੀਏ। [੨੩]ਪਹਿਲਾ ਜੋ। [੨੪]ਨੱਨਾ ਅੱਖਰ। [੨੫]ਪੁਰਖ।

*ਇਸ ਛੰਦ ਵਿਚ ਭਾਈ ਸਾਹਿਬ ਜੀ 'ਨਾਨਕ' ਨਾਮ ਦਾ ਅਰਥ ਵਜਾਕਰਨ ਦੀ ਰੀਤੀ ਅਨੁਸਾਰ ਕਰਦੇ ਹਨ। ਏਕ ਅੱਖਰੇ ਕੋਸ਼ (ਏਕਾਕਸ਼ਰੀ ਕੋਸ਼) ਦੇ ਅਨੁਸਾਰ 'ਨ'ਦਾ ਅਰਥ 'ਪੁਰਖ' ਹੈ, ਏਸ ਪਹਿਲੇ ਨਨੇ ਦੇ ਕੰਨੇ ਨੂੰ 'ਐੜਾ' ਸਮਝੋ, ਇਉਂ 'ਅਨਕ' ਪਦ ਵਧ ਗਿਆ, ਇਸ ਪਦ ਵਿਚ ਆਏ ਦੂਜੇ 'ਨਨੇ' ਵਿਚ ਦੂਜਾ 'ਐੜਾ' ਹੈ,ਇਸ ਲਈ 'ਅਨ' 'ਅਕ' ਇਹ ਦੋ ਪਦ ਬਣੇ। 'ਅਕ' ਦਾ ਅਰਥ ਦੁਖ ਹੈ, 'ਅਨ' ਦਾ ਅਰਥ ਨਹੀਂ ਹੈ, ਜਿਸ ਪੁਰਖ ਨੂੰ ਦੁਖ ਨਹੀਂ, ਜੋ ਸਦਾ ਆਨੰਦ ਸਰੂਪ ਹੈ, ਓਹ ਨਾਨਕ ਹੈ, ਅਰਥਾਤ 'ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ'। ਨ+ਅਨ+ਅਕ=ਨਾਨਕ।

[ਨ=ਪੁਰਖ। ਅਨ=ਨਹੀਂ ਹੈ। ਅਕ=ਦੁਖ] ਜਿਸ ਪੁਰਖ ਨੂੰ ਦੁਖ ਨਹੀਂ ਹੈ।

ਇਕ ਹੋਰ ਵਿਤਪਤੀ ਬੀ ਹੈ:—ਨਾ+ਅਨੇਕ=ਨਾ ਹੋਵੇ ਅਨੇਕਤਾ ਜਿਸ ਵਿਚ।

ਆਬਿਧਾਨ[੧] ਜਾਨਿ[੨] ਤਾਹੂ ਤੇ 'ਅਕਾਰ[੩]'ਲੇ 'ਅਨਕ'ਪੁਨ ਤੀਨ[੪] ਹੈ।ਦੂਸਰੇ 'ਨਕਾਰ[੫]'ਤੇ ਨਿਕਾਰ ਕੈ[੬]'ਅਕਾਰ[੩]'ਕਰਿ ਭਯੋ'ਅਨ' 'ਅਕ' ਚਾਰ ਬਰਨ[੭] ਸੁ ਕੀਨਿ ਹੈ। 'ਅਕ' ਨਾਮ ਦੁੱਖ ਕੋ ਬਿਦਤ[੮] ਹੈ ਜਗੱਤ ਮੱਧ[੯],ਜਾ ਨਰ[੧੦] ਕੋ ਨਹੀਂ ਦੁੱਖ,ਸਦਾ ਸੁਖ ਲੀਨ ਹੈ। ਐਸੋ ਇਹ ਨਾਨਕ ਕੇ ਨਾਮ ਕੋ ਅਰਥ ਚੀਨ[੧੧] ਸੱਤਿ ਚਿਦਾਨੰਦ ਨਿਤ ਭਗਤਿ ਅਧੀਨ ਹੈ' ॥੫੭॥ ਦੋਹਰਾ ॥ ਪਰਮ ਹਰਖ ਕਾਲੂ ਕਰਤਿ ਸੁਨ ਦਿਜਬਰ ਕੇ ਬੈਨ। ਸਾਦਰ ਦੀਨ ਉਪਾਇਨੋ[੧੨] ਗਯੋ ਬਹੁਰ[੧੩] ਨਿਜ ਐਨ[੧੪] ॥੫੮॥ ਚੌਪਈ ॥ ਜਾਵਤਿ[੧੫] ਦਿਜਬਰ[੧੬] ਰਿਦੈ ਵਿਚਾਰਤਿ।ਗਟੀ[੧੭] ਗਿਨਤਿ ਹੋਵਤਿ ਅਤਿ ਆਰਤ[੧੮]।–ਦੇਹ[੧੯] ਬ੍ਰਿੱਧ ਭੀ[੨੦] ਬੈਸ[੨੧] ਬਿਹਾਵਾ[੨੨]। ਯਾਂਤੇ ਭਯੋ ਮੁਝ ਮਨ ਪਛੁਤਾਵਾ ॥ ੫੯ ॥ ਨਹਿੰ ਦੇਖਵ ਮੈਂ ਇਹ ਪਰਤਾਪੂ–।ਭੂਰ[੨੩]ਬਿਸੂਰਤਿ[੨੪] ਪੰਡਤ ਆਪੂ।–ਕੌ ਲਗ[੨੫]ਮੈਂ ਜੀਵੋਂ ਜਗ ਮਾਂਹੀ ॥ ਪੂਰਨ ਭਾਗ ਹੈਂ ਕਿ ਮਮ[੨੬] ਨਾਹੀ ॥੬੦॥ ਸਿਸੁਤਾ[੨੭] ਤਜਿ ਆਵਹਿ ਤਰੁਨਾ[੨੮] ਹੀ। ਉਧਰਹਿੰ ਨਰ ਬਹੁ ਸੰਗਤਿ ਪਾਹੀਂ। ਬਿਨੈ ਕਰੋਂ ਮੈਂ ਕਰਹਿੰ ਉਧਾਰਾ। ਭਵ[੨੯] ਬੰਧਨ ਤੇ ਹੁਇ ਛੁਟਕਾਰਾ ॥ ੬੧ ॥ ਦੋਹਰਾ ॥ ਅੰਤਰਜਾਮੀ ਜਾਨਹੀ ਮਮ[੩੦] ਉਰ ਕੀ ਜੇ ਬਾਲ। ਲੀਲਾ ਕਛੁਕ ਦਿਖਾਇ ਮੁਝ ਦਿਹੁ ਉਪਦੇਸ਼ ਦਯਾਲੁ ॥੬੨॥ ਚੌਪਈ ॥ ਸਹਿਤ ਗਯਾਨ ਕੇ ਬੋਲਹਿੰ ਜਬਲੋ[੩੧]। ਰਾਖਹੁ ਇਹ ਸਰੀਰ ਮਮ ਤਬ ਲੌ[੩੨]–। ਕਰਤਿ ਮਨੋਰਥ ਗਯੋ ਨਿਕੇਤਾ[੩੩]। ਜਪਤਿ ਨਾਮ ਅਪਵਰਗਹਿ ਹੇਤਾ[੩੪] ॥ ੬੩ ॥ ਤਿਹ ਪਸ-ਚਾਤਹਿ[੩੫] ਬੀਤਯੋ ਕਾਲਾ[੩੬]। ਸਨੇ ਸਨੇ[੩੭] ਤਨ ਹੋਤਿ ਬਿਸਾਲਾ[੩੮]। ਜਿਹ ਬਿਧਿ ਹਿਰਦੈ ਗਯਾਨ ਮੁਮੋਖੂ[੩੯]। ਨਿਤਪ੍ਰਤਿ[੪੦] ਵਧਤਿ[੪੧] ਦ੍ਵੈਤ ਹਤਿ ਦੋਖੂ[੪੨] ॥ ੬੪ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਾਮ ਧਰਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅਧਜਾਯ*। ੪ ॥

---

[੧]ਵਿਵਧਾਨ, ਵਾਚਕ।[੨]ਸਮਝ।[੩]'ਐੜਾ' ਅੱਖਰ।[੪]ਤ੍ਰੈ।[੫]'ਨਨੇ'ਅੱਖਰ ਤੋਂ,[੬]ਕੱਢਕੇ। [੭]ਚਾਰ ਅੱਖਰ। [੮]ਪ੍ਰਗਟ। [੯]ਜਗਤ ਵਿਚ। [੧੦]ਜਿਸ ਪੁਰਖ। [੧੧]ਸਮਝ। [੧੨]ਭੇਟਾ। [੧੩]ਫੇਰ। [੧੪]ਆਪਣੇ ਘਰ। [੧੫]ਜਾਂਦਿਆ। [੧੬]ਬ੍ਰਾਹਮਨ। [੧੭]ਗਿਨਤੀ। [੧੮]ਦੁਖੀ। [੧੯]ਸਰੀਰ। [੨੦]ਬੁਢਾ ਹੋ ਗਿਆ ਹੈ। [੨੧]ਉਮਰ। [੨੨]ਗੁਜ਼ਰ ਚੱਲੀ ਹੈ। [੨੩]ਬਹੁਤ। [੨੪]ਝੂਰਦਾ ਹੈ। [੨੫]ਕਦ ਤਾਈਂ। [੨੬]ਮੇਰੇ। [੨੭]ਬਾਲਪਨਾ। [੨੮]ਜੁਵਾਨੀ। [੨੯]ਸੰਸਾਰ। [੩੦]ਮੇਰੇ। [੩੧]ਜਦ ਤਕ। [੩੨]ਤਦ ਤਕ। [੩੩]ਘਰ। [੩੪]ਮੋਖ਼ ਵਾਸਤੇ। [੩੫]ਪਿੱਛੋਂ। [੩੬]ਗੁਜਰ ਗਿਆ ਕੁਝ ਸਮਾਂ। [੩੭]ਹੌਲੀ ਹੌਲੀ। [੩੮]ਬੜਾ। [੩੯]ਮੁਕਤੀ ਦੇ ਚਾਹਵਾਨਾਂ ਦੇ। [੪੦]ਹਰਿ ਰੋਜ। [੪੧]ਵਧਦਾ ਹੈ। [੪੨]ਤੇ ਦੂਈ ਦਾ ਦੋਸ਼ ਨਾਸ਼ ਹੁੰਦਾ ਹੈ।(*ਇਸ ਨਿਸ਼ਾਨ ਦੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

ਅਧ੍ਯਾਯ ਪੰਚਮਾਂ ।

[ਸ਼੍ਰੀ ਗੁਰੂ ਜੀ ਦੀ ਬਾਲ ਲੀਲਾ]

ਕਬਿੱਤ ॥ ਬਿਧਿ ਸੇ ਵੈਰਾਗਪ੍ਰਦ, ਹਰਿ ਸੇ ਗਿਆਨ ਪਾਲ, ਸ਼ਿਵ ਸੇ ਬਿਕਾਰਨਾਸ਼ ਸਤਿਗੁਰੂ ਦਾਸ ਕੇ। ਸੀਤਕਰ ਜੈਸੇ ਸੀਤ ਕਰਿ ਸੋ ਬਿਸ਼ਾਗਨਿ ਤੇ, ਤਿਮਰ-ਹਰਨ ਸੇ ਤਿਮਰ ਮੋਹ ਫਾਂਸ ਕੇ। ਧਾਮ ਰਿਦੈ ਸ਼ੁੱਧ ਮੱਧ ਦੀਪਕ ਸੇ ਦੀਪ ਦਿਪੈ, ਮਾਯਾ ਭਿੰਨ ਜੀਵ ਕੋ ਦਿਖਾਵੈਂ ਸੁ ਪ੍ਰਕਾਸ਼ ਕੋ। ਚਰਨ ਸ਼ਰਨ ਕਰ ਪਰਨ, ਹਰਨ ਡਰ, ਤਾਰਨ ਤਰਨ ਅਰਨਵ ਭਵ ਨਾਸ਼ ਕੇ ॥ ੧ ॥

[ਬਿਧਿ=ਬ੍ਰਹਮਾ । ਸੇ=ਵਰਗੇ । ਪ੍ਰਦ=ਦਾਤਾ [ਸੰਸ:, ਪ੍ਰਦ:]
ਹਰਿ=ਵਿਸ਼ਨੂੰ । ਪਾਲ=ਪਾਲਨ ਵਾਲੇ, ਭਾਵ ਦੇਕੇ ਦੇਈ ਰੱਖਣ ਵਾਲੇ । ਸੀਤਕਰ=ਚੰਦ੍ਰਮਾਂ ।
ਸੀਤ ਕਰਿ=ਸੀਤਲ ਕਰਨ ਵਾਲੇ, ਠੰਢ ਪਾਉਣ ਵਾਲੇ ।
ਬਿਸ਼ਾਗਨਿ=ਵਿਸ਼ੇ ਰੂਪੀ ਅੱਗ [ਸੰਸ:, ਵਿਖਯ+ਅਗ੍ਨਿ]
ਤਿਮਰਹਰਨ=ਸੂਰਜ । ਤਿਮਰ=ਹਨੇਰਾ । ਧਾਮ=ਘਰ ।
ਰਿਦੈ=ਹ੍ਰਿਦਯ, ਦਿਲ । ਸ਼ੁੱਧ=ਸਾਫ । ਮੱਧ=ਵਿਚ ।
ਦੀਪਕ=ਦੀਵਾ । ਦੀਪ=ਜੋਤ । ਦਿਪੈ=ਜਗਦੀ ਹੈ ।

[ਪਿਛਲੇ ਪੰਨੇ ਦੀ ਟੂਕ *ਨਿਸ਼ਾਨ ਵਾਲੀ]

*ਇਸ ਅਧ੍ਯਾਯ ਵਿਚ ਸਮੁੰਦ੍ਰੀਕ ਅਰ ਜਯੋਤਿਸ਼ ਵਿਚਾਰ ਪੰਡਤ ਨੇ ਪੁਰਾਣੇ ਤ੍ਰੀਕੇ ਮੂਜਬ ਕਰਨਾ ਹੀ ਸੀ, ਉਹ ਠੀਕ ਉਤਰਿਆ, ਇਸ ਤੋਂ ਜਯੋਤਿਸ਼ ਆਦਿ ਸੱਚੇ ਹਨ ਕਿ ਨਹੀਂ ? ਇਸ ਸੰਸੇ ਦਾ ਉੱਤਰ ਇਹ ਹੈ ਕਿ ਏਹ ਗਣਤ ਵਿਦਯਾ ਦੇ ਹਿਸਾਬ ਹਨ, ਜੋ ਰੇਖਾਂ ਤੇ ਨਛੱਤ੍ਰਾਂ ਵਿਚ ਹੋਏ ਮਾਮਲਿਆਂ ਨੂੰ ਯਾਦ ਰੱਖ ਰੱਖ ਤੇ ਵਿਧਾਂ ਮੇਲ ਮੇਲਕੇ ਧ੍ਰੁਵੇ ਬੱਧੇ ਗਏ ਹਨ । ਇਹ ਵਿਗ੍ਯਾਨ ਵਾਂਙੂ ਨਿਸ਼ਚੇ ਬਾਤਾਂ ਨਹੀਂ ਹਨ, ਕਦੇ ਠੀਕ ਢੁਕ ਸਕਦੀਆਂ ਹਨ, ਕਦੇ ਨਹੀਂ ।

ਇਨ੍ਹਾਂ ਪਰ ਭਰੋਸਾ ਕਰਕੇ ਇਨ੍ਹਾਂ ਨੂੰ ਜੀਵਨ ਆਧਾਰ ਬਨਾਉਣਾ ਸਤਿਗੁਰਾਂ ਮਨ੍ਹੇ ਕੀਤਾ ਹੈ, ਕਿਉਂਕਿ ਐਸੇ ਪੁਰਖ ਉੱਦਮਹੀਨ ਹੋ ਜਾਂਦੇ ਹਨ, ਤੇ ਵਾਹਿਗੁਰੂ ਤੋਂ ਭਰੋਸਾ ਉੱਠਕੇ ਇਨ੍ਹਾਂ ਧ੍ਰੁਵਿਆਂ ਤੇ, ਜੋ ਸਦਾ ਹੀ ਸੱਚ ਨਹੀਂ ਹੁੰਦੇ, ਜਾ ਟਿਕਦਾ ਹੈ ।

†ਮੂਲ ਵਿਚ ਕਵੀ ਜੀ ਨੇ ਅਧ੍ਯਾਯ ਦੇ ਅਰੰਭ ਵਿਚ ਨਹੀਂ ਲਿਖਿਆ ਕਿ ਅਮਕਾ ਅਧ੍ਯਾਯ ਅਰੰਭ ਹੁੰਦਾ ਹੈ, ਪਰ ਅਧ੍ਯਾਯ ਦੇ ਅੰਤ ਵਿਚ ਲਿਖਿਆ ਹੈ:–'ਇਤ ਸ੍ਰੀ......ਧ੍ਯਾਇ'। ਅਸੀਂ ਜੋ ਹੁਣ ਤਕ ਅਧ੍ਯਾਯ ਦੇ ਆਰੰਭ ਵਿਚ–ਫਲਾਣਾ 'ਅਧ੍ਯਾਯ'–ਲਿਖਦੇ ਆਏ ਹਾਂ, ਪਾਠਕਾਂ ਦੀ ਸੁਗਮਤਾ ਵਾਸਤੇ ਸੀ। ਹੁਣ ਅੱਗੋਂ ਨੂੰ ਅਸੀਂ ਅਧ੍ਯਾਯ ਦੇ ਅਰੰਭ ਦੀ ਅਪਣੀ ਇਹ ਮੋਟੀ ਸੂਚਨਾਂ ਨਹੀਂ ਦਿਆਂਗੇ, ਹਰ ਸਫੇ ਦੇ ਉਤੇ ਲੀਕੋਂ ਬਾਹਰ ਹਰ ਸਫੇ ਦੇ ਅਧ੍ਯਾਯ ਦਾ ਅੰਗ ਅਧ੍ਯਾਯ ਲੱਭਣ ਵਿਚ ਸਹਾਯਕ ਹੋਵੇਗਾ ਤੇ ਹਰ ਅਧ੍ਯਾਯ ਦੇ ਆਦਿ ਵਿਚ, ਉਸ ਅਧ੍ਯਾਯ ਵਿਚ ਆਉਣ ਵਾਲੇ ਪ੍ਰਸੰਗ ਤੇ ਅਧ੍ਯਾਯ ਦੀ ਗਿਣਤੀ ਬ੍ਰੀਕ ਅੱਖਰਾਂ ਵਿਚ ਦੇਂਦੇ ਜਾਵਾਂਗੇ ।

ਸੁ ਪ੍ਰਕਾਸ਼=ਸੁ+ਪ੍ਰਕਾਸ਼=ਭਲਾ ਪ੍ਰਕਾਸ਼ ਕਰਕੇ । ਭਾਵ ਗਯਾਨ ਪ੍ਰਕਾਸ਼ ਦੇਕੇ । ਪਰਨ=ਆਸ੍ਰਾ । ਹਰਨ=ਹਰ ਲੈਣ ਵਾਲੇ ।
ਤਾਰਨ=ਤਰਨ ਵਾਲੇ । ਤਰਨ=ਜਹਾਜ਼ । [ਸੰਸ:, ਤਰਣ] ।
ਅਰਨਵ=ਅਰ੍ਣਵ-ਸਮੁੰਦ੍ਰ । ਭਵ=ਸੰਸਾਰ ।
ਨਾਸ਼=ਨਾਸ਼ ਕਰਨ ਵਾਲੇ, ਮੁਰਾਦ ਹੈ ਡੋਬ ਲੈਣ ਵਾਲੇ, ਇਹ ਸਮੁੰਦਰ ਦਾ ਵਿਸ਼ੇਸ਼ਣ ਹੈ । (ਅ) ਇਸ ਦਾ ਅਰਥ ਐਉਂ ਬੀ ਕਰਦੇ ਹਨ, (ਸੰਸਾਰ) ਸਮੁੰਦ੍ਰ (ਦੇ ਭੈ) ਨੂੰ ਨਾਸ਼ ਕਰਨ ਵਾਲੇ ਹਨ ।
(ੲ) ਐਉਂ ਬੀ ਲਗਦਾ ਹੈ:-
ਭਵ=ਜਨਮ । ਨਾਸ਼=ਮਰਨ ।
ਜਨਮ ਮਰਨ ਰੂਪੀ ਸਮੁੰਦਰ ਤੋਂ ਤਾਰਨ ਵਾਲੇ ਜਹਾਜ਼ ।
(ਸ) ਭਵ ਨਾਸ਼=ਭਵਨ+ਆਸ਼ਯ-ਘਰ ਦੀ ਆਸ਼ਾ, ਮੁਰਾਦ, ਆਸ਼ਾ ਤ੍ਰਿਸ਼ਨਾ ਰੂਪੀ ਸਮੁੰਦਰ ।

ਅਰਥ—(ਅਪਨੇ) ਦਾਸਾਂ ਨੂੰ ਸ੍ਰੀ ਸਤਿਗੁਰੂ ਜੀ ਬ੍ਰਹਮਾਂ ਵਾਂਙੂ ਵੈਰਾਗ ਦੇ ਦਾਤੇ ਹਨ, ਵਿਸ਼ਨੂੰ ਵਾਂਙੂ (ਉਨ੍ਹਾਂ ਨੂੰ) ਗਯਾਨ (ਦੇਕੇ) ਪਾਲਣਾ ਕਰਨ ਵਾਲੇ (ਹਨ), ਸ਼ਿਵ ਵਾਂਙੂ (ਦਾਸਾਂ ਦੇ) ਵਿਕਾਰ ਨਾਸ਼ ਕਰਨ ਵਾਲੇ ਹਨ ।

ਵਿਸ਼ੇ (ਰੂਪ) ਅਗਨੀ ਤੋਂ ਚੰਦ੍ਰਮਾ ਵਾਂਙੂ ਸੀਤਲ ਕਰਨ ਵਾਲੇ (ਹਨ, ਅਤੇ) ਮੋਹ ਰੂਪੀ ਅੰਧੇਰੇ ਦੀ ਫਾਹੀ ਨੂੰ ਸੂਰਜ ਵਾਂਙੂ (ਕੱਟਣ ਵਾਲੇ ਹਨ)।

(ਜਿਵੇਂ) ਘਰ ਵਿਚ ਦੀਵੇ ਦੀ ਜੋਤ ਜਗਦੀ ਹੈ, (ਤਿਵੇਂ) ਸਾਫ ਹਿਰਦੇ (ਰੂਪੀ ਘਰ) ਵਿਚ ਗਯਾਨ ਦਾ ਪ੍ਰਕਾਸ਼ ਕਰਕੇ ਜੀਵ ਨੂੰ (ਉਸ ਦਾ ਆਪਣਾ ਆਪ) ਮਾਯਾ ਤੋਂ ਵੱਖਰਾ ਕਰਕੇ ਦਿਖਾ ਦੇਂਦੇ ਹਨ ।

(ਸੋ ਐਸੇ ਸਤਿਗੁਰੂ ਜੀ ਮੇਰੇ ਜਿਹੇ ਭਿਖਾਰੀਆਂ ਨੂੰ ਅਪਣੇ) ਚਰਨਾਂ ਦੀ ਸ਼ਰਣ ਦਾ ਆਸਰਾ ਦੇਕੇ (ਜਮ ਆਦਿਕਾਂ ਦੇ) ਭੈ ਨੂੰ ਹਰ ਲੈਣ ਵਾਲੇ ਹਨ (ਅਤੇ) ਡੋਬ ਲੈਣ ਵਾਲੇ ਸੰਸਾਰ (ਰੂਪੀ) ਸਮੁੰਦਰ ਤੋਂ ਤਾਰ ਲੈਣ ਵਾਲੇ ਜਹਾਜ਼ (ਰੂਪ) ਹਨ ।

ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ **ਪਲਨਾ ਪਰ[੧] ਪੌਢਾਵਈ ਕਹਿ ਲਲਨਾ[੨] ਲੇ ਅੰਕ[੩] । ਲਾਲਤਿ[੪] ਮਾਤ[੫] ਬਿਸਾਲ ਹਿਤ[੬] ਸੂੰਘਤਿ[੭] ਬਦਨ-ਮਯੰਕ[੮] ॥ ੨ ॥** ਚੌਪਈ ॥ **ਆਨਨਿ[੯] ਆਰਨਜਾਤ[੧੦] ਨਿਹਾਰੀ । ਲੀਲ ਲਲਿਤੰ[੧੧] ਆਰਤ[੧੨] ਹਾਰੀ[੧੩] । ਲੋਚਨ ਅਮਲ[੧੪] ਕਮਲ ਦਲ[੧੫] ਜੈਸੇ[੧੬]। ਨਾਸਾ ਤਿਲ ਪ੍ਰਸੂਨ ਨਹਿਂ ਵੈਸੇ[੧੭] ॥੩॥ ਸੁੰਦਰ ਅਲੰਕਾਰ[੧੮] ਘਰਿਵਾਏ[੧੯] ।**

---

[੧]ਪੰਘੂੜੇ ਉਤੇ । [੨]ਲਾਡ ਦੇ ਵਾਕ। [੩]ਗੋਦੀਲੈਕੇ। [੪]ਲਡਾਉਂਦੀ ਹੈ । [੫]ਅੰਮੀ । [੬]ਬਹੁਤ ਪ੍ਰੇਮ ਨਾਲ । [੭]ਚੁੰਮਦੀ ਹੈ । [੮]ਚੰਦ੍ਰਮਾ (ਵਰਗਾ) ਮੁਖੜਾ । [੯]ਮੁਖ । [੧੦]ਕਵਲ [ਸੰਸ:, ਅਰ੍ਣਜਾਤ]। [੧੧]ਸੁੰਦਰ । [੧੨]ਦੁਖ ਦੇ । [੧੩]ਹਰਨ ਵਾਲੀ । [੧੪]ਸਾਫ । [੧੫]ਕਮਲ ਦੇ ਪੱਤੇ । [੧੬]ਜੈਹੇ । [੧੭]ਨਾਸਾਂ (ਐਸੀਆਂ ਸੁੰਦਰ ਹਨ ਕਿ) ਤਿਲ ਦੇ ਫੁਲ ਐਸੇ (ਸੁੰਦਰ) ਨਹੀਂ ਹਨ । [੧੮]ਗਹਿਣੇ । [੧੯]ਘੜਾਏ ।

ਬਿਨ ਦੂਖਨ ਕੈ ਭੂਖਨ ਪਾਏ। ਬਨੀ ਬਾਜਨੀ[੧] ਕਿੰਕਨਿ ਚਾਰੀ[੨]। ਕਟ ਮਹਿਂ[੩] ਪਾਈ ਅਤਿ ਛਬਿ ਵਾਰੀ ॥ ੪ ॥ ਕਰ ਮਹਿਂ[੪] ਕਟ[੫] ਪਦ[੬] ਨੂਪਰ[੭] ਸੋਹੈਂ। ਜੋ ਦੇਖੇ ਤਿਸਕੋ ਮਨ ਮੋਹੈਂ। ਦੁਇ ਦੁਇ ਦਸਨ[੮] ਅਧਰ[੯] ਦੁਤਿ ਹੋਤੀ। ਸੰਪੁਟ[੧੦] ਬਿੱਦ੍ਰਮ ਜਿਉਂ[੧੧] ਜੁਗ ਮੋਤੀ[੧੨] ॥ ੫ ॥ ਅੰਙਣ ਮਹਿਂ[੧੩] ਰਿੰਙਣ[੧੪] ਗਤਿਕਾਰੀ[੧੫]। ਚਰਨਾਂਬੁਜ[੧੬] ਖੈਂਚਤਿ ਬਲਿਹਾਰੀ। ਹੇਰਤਿ[੧੭] ਹਸਤਿ[੧੮] ਹਸਾਵਤਿ ਔਰੀ। ਕਿਲਕਤਿ[੧੯] ਮੁਖ ਤੇ ਮਾਧੁਰ ਠੌਰੀ[੨੦] ॥ ੬ ॥ ਬੇਦੀ ਕੁਲ ਕੀ ਆਨਿ ਬਧੂਟੀ[੨੧]। ਮੂਰਤਿ ਪਿਖਿ ਜਨੁ[੨੨] ਆਨੰਦ ਬੂਟੀ। ਗਹਿ ਕਰਿ ਭੁਜ ਤੇ[੨੩] ਅੰਕ ਬਸਾਵਹਿਂ[੨੪]। ਪਰਮ ਪ੍ਰੇਮ ਕਰਿ ਹਰਖ ਲਡਾਵਹਿਂ॥੭॥ਬੋਲੈਂ ਬਚਨ ਤੋਤਰੇ ਮੀਠੇ। ਸੁਨਹਿਂ ਨਾਰਿ ਨਰ ਲਾਗਹਿਂ ਈਠੇ[੨੫]। ਹੇਰਹਿ[੨੬] ਮਾਤ ਤਾਤ[੨੭] ਅਨੁਰਾਗਹਿ[੨੮]। ਵਿਰਤਿ ਭੂਮਿਕਾ[੨੯] ਮ੍ਰਿਤਕਾ[੩੦] ਲਾਗਹਿ ॥ ੮ ॥ ਲਗੀ ਧੂਰ ਤਨ ਧੂਸਰ[੩੧] ਹੋਏ। ਅੰਬ ਲੇਯ ਅੰਬਾ[੩੨] ਅੰਗ ਧੋਏ। ਮਲਿਕਰਿ ਮੁਖ ਮੱਜਨ[੩੩] ਕਰਿਵਾਯੋ। ਪੌਂਛ ਸਰੀਰ ਅੰਕ ਬੈਸਾਯੋ॥ ੯ ॥ ਦੋਹਰਾ ॥ ਝੁਗਲੀ[੩੪] ਝੀਨ[੩੫] ਨਵੀਨ ਪੁਨ ਪਹਿਰਾਈ ਤਨ ਤਾਤ। ਪੈ[੩੬] ਕੋ ਪਾਨ ਕਰਾਇ ਕੈ[੩੭] ਪੌਢਾਏ[੩੮] ਕਰ[੩੯] ਮਾਤ ॥ ੧੦ ॥ ਚੌਪਈ ॥ ਜੁਗਲ[੪੦] ਘਟੀ[੪੧] ਪਲਨਾ[੪੨] ਪਰ[੪੩] ਸੋਇ। ਜਾਗੇ ਬਹੁਰ ਸੁ ਚੇਤਨ ਹੋਇ। ਲਗੇ ਬਾਲ ਲੀਲਾ ਪੁਨ ਕਰਨੇ। ਪਕਰਹਿਂ ਪਰਨਾ[੪੪] ਹੁਇ ਪਗ[੪੫] ਪਰਨੇ[੪੬] ॥ ੧੧ ॥ ਭਯੋ ਚਰਨ ਬਲ,ਹੋਵਹਿਂ ਠਾਢੇ[੪੭]। ਖੇਲਹਿਂ ਬਾਲਨ ਮਹਿਂ ਹਿਤ ਬਾਢੇ।ਭੂਖਨ ਸਬਦ ਪਲਾਵਤਿ[੪੮] ਹੋਵਤਿ। ਨੈਨ ਛਬੀਲੇ ਛਬਿ ਸੋਂ ਜੋਵਤਿ॥ ੧੨ ॥ ਬਿਨ ਬੋਲੇ ਨਹਿਂ ਆਲਯ ਆਵਹਿਂ। ਸ਼ਿਸ਼ੁ[੪੯] ਪਸ਼ਚਾਤ[੫੦] ਪਰਿਪ ਮਹਿਂ[੫੧] ਧਾਵਹਿਂ।ਜਨਨੀ ਅਸਨ[੫੨] ਹਕਾਰਿ[੫੩] ਖੁਵਾਵਹਿ। ਨਹਿਂ ਅਘਾਤਿ[੫੪]

---

[੧]ਵੱਜਣ ਵਾਲੀ। [੨]ਸੁੰਦਰ ਤੜਾਗੀ। [੩]ਲੱਕ ਵਿਚ। [੪]ਹੱਥਾਂ ਵਿਚ। [੫]ਕੜੇ। [੬]ਪੈਰੀਂ। [੭]ਝਾਂਜਰਾਂ। [੮]ਦੰਦ। [੯]ਹੋਠ। [੧੦.੧੧]ਮੂੰਗੇ ਦੇ ਡੱਬੇ ਵਿਚ ਜਿਵੇਂ। [੧੨]ਦੋ ਮੋਤੀ ਹੋਣ। [੧੩]ਵੇਹੜੇ ਵਿਚ। [੧੪]ਰਿੜ੍ਹਦੇ ਹਨ। [੧੫]ਮੁਕਤੀ ਦਾਤੇ। (ਅ) ਚਾਲ ਨਾਲ। [੧੬]ਚਰਣ ਕਵਲ। [੧੭]ਦੇਖਕੇ। [੧੮]ਹਸਦੇ ਹਨ। [੧੯]ਕਿਲਕਾਰੀਆਂ ਮਾਰਦੇ ਹਨ। [੨੦]ਮਿਠਾਸਦਾ ਥਾਂ। [੨੧]ਇਸਤ੍ਰੀਆਂ। [੨੨]ਮਾਨੋਂ। [੨੩]ਬਾਹੋਂ ਫੜਕੇ। [੨੪]ਗੋਦੀ ਬਿਠਾਉਂਦੀਆਂ ਹਨ। [੨੫]ਪਿਆਰੇ। [੨੬]ਵੇਖਕੇ। [੨੭]ਮਾਤਾ ਪਿਤਾ। (ਅ)ਪੁੱਤ੍ਰ ਨੂੰ ਮਾਤਾ ਜੀ। [੨੮]ਪ੍ਰੇਮ ਕਰਦੇ ਹਨ। [੨੯]ਜ਼ਮੀਨ ਤੇ। [੩੦]ਮਿੱਟੀ। [੩੧]ਮੈਲੇ। [੩੨]ਪਾਣੀ ਲੈਕੇ ਮਾਤਾ ਨੇ। [੩੩]ਇਸ਼ਨਾਨ। [੩੪]ਛੋਟਾ ਝੱਗਾ। [੩੫]ਬਰੀਕ। [੩੬]ਦੁੱਧ। [੩੭]ਪਿਵਾਇਕੇ। [੩੮]ਸੁਵਾਏ। [੩੯]ਹੱਥੀਂ। [੪੦]ਦੋ। [੪੧]ਘੜੀਆਂ। [੪੨]ਪੰਘੂੜੇ। [੪੩]ਉਤੇ। [੪੪]ਆਸਰਾ। (ਅ) ਪਲਨਾ=ਪੰਘੂੜਾ। [੪੫]ਪੈਰਾਂ। [੪੬]ਆਸਰੇ। [੪੭]ਖੜੇ ਹੋ ਜਾਂਦੇ ਹਨ। [੪੮]ਭਜਦਿਆਂ। [੪੯]ਬਾਲਕਾਂ ਦੇ। [੫੦]ਪਿੱਛੇ। [੫੧]ਗਲੀ ਵਿਚ। [੫੨]ਭੋਜਨ। [੫੩]ਸੱਦਕੇ। [੫੪]ਰਜਦੀ ਨਹੀਂ।

ਦੇਖਤਿ ਬਲ ਜਾਵਹਿ ॥ ੧੩ ॥ ਦੋਹਰਾ ॥ ਦਧਿ[੧] ਅਰੁ ਓਦਨ[੨] ਮਾਤ ਤੇ ਅਰਧਿਕ[੩] ਖਾਇ ਪਲਾਇਂ[੪] । ਬਾਲਿਕ ਲੀਲਾ ਕਰਤਿ ਸਭਿ ਅਲਖ ਜੁ ਲਖ੍ਯਾ ਨ ਜਾਇ ॥ ੧੪ ॥ ਚੌਪਈ ॥ ਲੇ ਕਰਿ ਕਾਲੂ ਅੰਕ ਦੁਲਾਰਹਿ । ਪਾਵਤਿ ਸੁਖ ਕੋ ਬਦਨ[੫] ਨਿਹਾਰਹਿ[੬] । ਤਜਿ ਕਰਿ ਜਨਕ[੭] ਅੰਕ ਕੋ ਜਾ-ਵਹਿਂ । ਰਲਿ ਬਾਲਨ ਸੋਂ ਖੇਲ ਮਚਾਵਹਿਂ ॥ ੧੫ ॥ ਸੁੰਦਰਤਾ ਮੰਦਰ ਮੁਖ ਹੇਰਹਿਂ[੮] । ਨਰਨਾਰੀ ਜਾਵਤਿ ਮਗ[੯] ਘੇਰਹਿਂ । ਬੋਲਹਿਂ ਬੋਲ ਬੁਲਾਵਹਿਂ ਬਚਨਾ । ਗਿਰਾ ਮਾਧੁਰੀ[੧੦] ਕੀ ਜਨੁ ਰਚਨਾ ॥੧੬॥ ਕਹਹਿਂ ਪਰਸਪਰ[੧੧] ਲੋਕ[੧੨] ਲੁਗਾਈ[੧੩] । 'ਕਾਲੂ ਭਾਗ ਅਹੈਂ ਅਧਿਕਾਈ[੧੪] । ਜਿਸੁ ਅਵਾਸ[੧੫] ਸੁਤ[੧੬] ਅਸ[੧੭] ਉਪਜਯੋ । ਸਭਿ ਬਿਧਿ ਸੋਂ ਨਿਹਾਲ ਭਵ[੧੮] ਭਯੋ' ॥ ੧੭ ॥ ਦੋਹਰਾ ॥ ਸਭਿਹਿ ਸੁਭਾਵਕ ਪ੍ਰੇਮ ਮਨ ਕਰਹਹਿਂ ਬਦਨ[੧੯] ਨਿਹਾਰਿ[੨੦] । ਜੈਸੇ ਜਾਤ ਸਮੁੰਦ੍ਰ ਮਹਿਂ ਸਭਿ ਸਰਿਤਾ ਕੋ ਬਾਰਿ[੨੧] ॥੧੮॥ ਚੌਪਈ ॥ ਚਖ[੨੨] ਚਕੋਰ ਲੋਕਨ ਕੇ ਬ੍ਰਿੰਦਾ[੨੩] । ਚੰਦ੍ਰ ਬਦਨ ਦ੍ਰਿਸ਼[੨੪]* ਆਨੰਦ ਕੰਦਾ । ਸੁੰਦਰ ਰੂਪ ਹੇਰਿ[੨੫] ਰਵਿ[੨੬] ਨਜਾਈ[੨੭] । ਜਨੁ ਅਰਬਿੰਦ ਬਦਨ[੨੮] ਬਿਗ-ਸਾਈ ॥੧੯॥ ਘੰਟਕ[੨੯] ਜਿਉਂ ਸੁਨਿਕੈ ਬਰ ਬਾਨੀ । ਰਹੈਂ ਠਾਂਢ[੩੦] ਢਿਗ[੩੧] ਮ੍ਰਿਗਹਿ ਸਮਾਨੀ । ਇਹ ਬਿਧਿ ਬਾਲਕ ਲੀਲਾ ਕਰਿਹੀਂ । ਧ੍ਯਾਨ ਜਿ ਧਰਹਿਂ ਭਵੋਦਿਧਿ[੩੨] ਤਰਿਹੀਂ ॥੨੦॥ ਪਾਂਚ ਬਰਖ ਕੀ ਹੋਈ ਬੈਸਾ । ਕਰਨ ਲਗੇ ਕਾਰਜ ਪੁਨ ਐਸਾ । ਲੇਯ ਵਸਤੁ ਘਰ ਬਾਹਰ ਧਾਵਹਿਂ । ਜੋ ਲੇਵਹਿਂ ਸੋ ਜਾਇ ਗਵਾਵਹਿਂ॥੨੧॥ਦੋਹਰਾ॥ਭਾਂਜਨ[੩੩] ਭੂਖਨ[੩੪] ਬਸਨ[੩੫] ਜੋ ਨਿਜ[੩੬] ਨਿਕੇਤ[੩੭] ਤੇ ਲੇਯ । ਜਾਇ[੩੮] ਨਿਰਸਤਹਿਂ[੩੯] ਜਾਇ ਤਹਿਂ[੪੦] ਜਹਿਂ ਅਗਾਤ ਦੀਨੇਯ[੪੧] ॥ ੨੨ ॥ ਚੌਪਈ ॥ ਕਰਤਿ ਨਿਤਾਪ੍ਰਤਿ ਇਹ ਬਿਧਿ ਕਾਰ ।

[੧]ਦਹੀ । [੨]ਚਾਵਲ । [੩]ਅੱਧੇ ਕੁ । [੪]ਦੌੜ ਜਾਂਦੇ ਹਨ । [੫]ਮੁਖ । [੬]ਵੇਖਦੇ ਹਨ । [੭]ਪਿਤਾ ਦੇ । [੮]ਵੇਖਦੇ ਹਨ [੯]ਰਾਹ ਵਿਚ । [੧੦]ਮਿਠਾਸ । [੧੧]ਆਪੋ ਵਿਚ । [੧੨]ਪੁਰਖ । [੧੩]ਇਸਤ੍ਰੀ । [੧੪]ਵੱਡੇ । [੧੫]ਘਰ। [੧੬]ਪੁਤ੍ਰ । [੧੭]ਐਸਾ । [੧੮]ਜਗਤ ਵਿਖੇ । [੧੯]ਮੁਖ । [੨੦]ਵੇਖਕੇ। [੨੧]ਨਦੀਆਂ ਦਾ ਜਲ । [੨੨]ਅੱਖਾਂ । [੨੩]ਸਾਰੇ ਲੋਕਾਂ ਦੇ । [੨੪]ਮੁਖ ਚੰਦ੍ਰਮਾਂ ਦੇਖਦੇ ਹਨ । [੨੫]ਵੇਖਕੇ । [੨੬] ਸੂਰਜ ਦੀ । [੨੭]ਤਰ੍ਹਾਂ । [੨੮]ਮੁਖ(ਰੂਪੀ)ਕਵਲ । [੨੯]ਘੰਡੇਹੇੜੇ ਦਾ ਨਾਦ ਜਿਸ ਤੇ ਹਰਨ ਮਸਤ ਹੁੰਦਾ ਹੈ [੩੦]ਖੜੇ ਰਹਿੰਦੇ ਹਨ। [੩੧]ਕੋਲ। [੩੨]ਸੰਸਾਰ ਸਾਗਰ । [੩੩]ਭਾਂਡੇ । [੩੪]ਗਹਿਣੇ। [੩੫]ਕਪੜੇ । [੩੬]ਅਪਨੇ। [੩੭]ਘਰੋਂ । [੩੮]ਲੇਜਾ ਕੇ । [੩੯]ਸਿੱਟਦੇ ਹਨ । [੪੦]ਉਸ ਥਾਂਵੇਂ । [੪੧]ਜਿੱਥੇ ਕੁ ਅਤਿੱਥੀ ਤੇ ਗ਼ਰੀਬ ਹੋਣ । [ਸੰਸ:, ਆਗਤ=ਅਤਿੱਥੀ] । (ਅ) ਜੇ ਪਾਠ 'ਆਗਾਰ' ਹੋਵੇ ਤਾਂ–ਜਿਥੇ ਕੁ ਗ੍ਰੀਬਾਂ ਦੇ ਘਰ ਹੋਣ [ਸੰਸ:, ਆਗਾਰ=ਘਰ] ।

*ਪਾਠਾਂਤ੍ਰ ਹੈ–ਚੰਦ੍ਰ ਸੁ ਦਰਸ਼ਨ ।

ਦਯਾ ਕਰਨ ਕੋ ਜਿਹ ਬਿਵਹਾਰ। ਇਕ ਬਾਸੁਰ ਇਕ ਭਾਂਜਨ[1] ਲੀਨਾ। ਰੰਕ ਪਿਖ੍ਯੋ ਇਕ ਤਹਿੰ ਸੁਟ ਦੀਨਾ ॥ ੨੩ ॥ ਮੁਰਿਕਰਿ ਨਿਜ ਘਰ ਆਏ ਜਬਿਹੀ। ਜਨਨੀ ਹੇਰੇ ਰੋਸੀ ਤਬਹੀ। ਬੂਝਨ ਲਗੀ 'ਕਹਾਂ ਤੈਂ ਗੇਰਾ ? । ਅਬ ਥੋ ਕਰ ਮਹਿੰ,ਭਯੋ ਨ ਦੇਰਾ' ॥ ੨੪ ॥ ਮੁਖ ਤੇ ਕਹੈਂ ਨ ਉਤਰ ਕੋਊ। ਭਏ ਤੂਸ਼ਨੀ[2] ਗਤਿਦਾ ਜੋਊ[3]। ਕਰ ਮਹਿਂ ਲੇ ਲਕਰੀ[4] ਤਬ ਮਾਤਾ। ਡਰਪਾਵਨ ਲਾਗੀ ਨਿਜ ਤਾਤਾ[5] ॥ ੨੫ ॥ ਦੋਹਰਾ ॥ ਮ੍ਰਿਗ ਅਰਭਕ ਸੇ[6] ਚਕਿਤ ਚਖੁ[7] ਕਰੇ ਨੀਚ[8] ਡਰਿ ਮਾਤ। ਸਜਲ ਭਏ[9] ਝਖ ਦੋ[10] ਮਨੋ[11] ਛੋਰਤਿ ਸਰਿਤਾ[12] ਗਾਤ[13] ॥ ੨੬ ॥ ਚੌਪਈ ॥ ਲਾਲੂ ਪਿਤ੍ਰਬੰਧੁ[14] ਤਬ ਆਯੋ ॥ ਕਰੁਨਾ ਰਸ ਮਹਿੰ ਹੋ ਛੁਟਕਾਯੋ[15]। ਰਿਸ ਕੀਨੇ ਕਹਿਹੀ ਪੁਨ ਵਾਕੂ[16]। 'ਬਹੁ ਔਗੁਨ ਕੀਨੇ ਇਨ ਪ੍ਰਾਕੂ[17] ॥ ੨੭ ॥ ਲੇਯ ਸਦਨ ਤੇ ਵਸਤੁ ਜੁ ਹੇਰਹਿ[18]। ਬਹੁਰ ਨ ਆਨਹਿ ਬਾਹਰ ਗੇਰਹਿ। ਨਿਠੁਰ[19] ਨਿਡਰ ਸੁ ਢੀਠ ਇਸ ਜੈਸਾ। ਅਬ ਲੌ ਹੌਂ ਨ ਨਿਹਾਰ੍ਯੋ ਐਸਾ॥ ੨੮ ॥ ਪੂਰਬ[20] ਇਨ ਬਹੁ ਵਸਤੁ ਗਵਾਈ। ਹੌਂ ਕਹਿ ਰਹੀ ਸਮਝ ਨਹਿਂ ਆਈ। ਸਾਸਨ[21] ਯੋਗ[22], ਅਬਹਿ ਤੁਝ ਛੋਰਾ। ਐਸਾ ਕਾਜ ਨ ਕਰਿ ਪੁਨ ਔਰਾ' ॥ ੨੯ ॥ ਦੋਹਰਾ ॥ ਜਨਨੀ ਯੋਂ ਸਮਝਾਇ ਕੈ ਉਰ ਭਰਿ ਆਯੋ ਨੇਹੁੰ[23]। ਕਰ ਗਹਿ ਅੰਕ[24] ਬਿਠਾਇਓ ਨਿਜ ਸੁਤ ਕਰੁਨਾਗੇਹੁ[25] ॥ ੩੦ ॥ ਚੌਪਈ ॥ ਪੌਛਤਿ ਈਛਨ[26] ਸੂਛਾਂਨਨ ਛਬਿ[27]। ਛਕੀ[28] ਮੋਹ ਮੈਂ ਪਿਖਿ ਜਨਨੀ[29] ਤਬ। ਪਸਚਾਤਾਪ[30] ਕਰਤਿ ਚਿਤ ਮਾਂਹੀ।–ਹਮਰੇ ਸਦਨ ਏਕ ਸੁਤ ਆਹੀ॥੩੧॥ ਬਾਲ ਬੈਸ ਇਹ ਆਪਨ[31] ਪਰ ਕੋ[32]।ਹਾਨ ਲਾਭ ਨਹਿਂ ਜਾਨਹਿ ਘਰ ਕੋ। ਵਡੋ ਹੋਇ ਸਮਝਹਿ ਸਭਿ ਰੀਤੀ। ਅਬ ਡਰਪਾਵਨ ਕੀ ਨਹਿਂ ਨੀਤੀ– ॥ ੩੨ ॥ ਉਰ ਵਿਚਾਰ ਕਰਿ ਇਹ ਬਿਧਿ

[1]ਭਾਂਡਾ। [2]ਚੁੱਪ। [3]ਜੋ ਮੁਕਤੀ ਦਾਤਾ ਹਨ। [4]ਸੋਟੀ। [5]ਅਪਣੇ ਪੁੱਤ੍ਰ ਨੂੰ। [6]ਹਰਨ ਦੇ ਬੱਚੇ ਵਰਗੀਆਂ। [7]ਹੈਰਾਨ ਅੱਖਾਂ। [8]ਨੀਵੀਆਂ ਕਰ ਲਈਆਂ। [9]ਜਲ ਨਾਲ ਭਰ ਗਏ। [10]ਦੋ ਮੱਛ। [11]ਮਾਨੋਂ। [12]ਨਦੀ। [13]ਸ਼ਰੀਰ। (ਦੋਵੇਂ ਨੈਣ) ਜਲ ਨਾਲ ਭਰਕੇ (ਵਹਿ ਟੁਰੇ, ਮਾਨੋਂ) ਦੋ ਮੱਛਾਂ ਦੇ ਸਰੀਰਾਂ ਨੇ ਨਦੀਆਂ ਵਹਾ ਦਿੱਤੀਆਂ। [14]ਚਾਚਾ। [15]ਕਿਰਪਾ ਵਿਚ ਆਕੇ ਛੁਡਾਯਾ। [16]ਬਚਨ– ਮਾਂ ਕਹਿੰਦੀ ਹੈ। [17]ਪਹਿਲੇ। [18]ਵੇਖੇ। [19]ਕਠੋਰ। [20]ਪਿੱਛੇ। [21]ਤਾੜਨਾ। [22]ਲਾਇਕ। [23]ਮੋਹ। [24]ਗੋਦੀ। [25]ਕਿਰਪਾ ਦੇ ਘਰ ਨੂੰ। [26]ਪੂੰਝਦੀ ਹੈ ਅਖਾਂ। [27]ਪਵਿੱਤ੍ਰ ਮੁਖ ਦੀ ਕ੍ਰਾਂਤੀ। [28]ਮਗਨ ਹੋ ਗਈ। [29]ਮਾਤਾ। [30]ਪੱਛੋਤਾਵਾ। [31]ਅਪਨਾ। [32]ਪਰਾਇਆ।

ਮਾਤ॥ ਤਜਜੋ ਅੰਕ ਤੇ ਹਿਤ ਕਰਿ ਤਾਤਾ[੧]। ਖੇਲਨ ਲਗੇ ਬਾਲਿਕਨ ਮਾਂਹੀ। ਜਿਹਕੇ ਦਰਸ਼ਨ ਦੋਖ ਨਸਾਹੀਂ॥੩੩॥ ਦੋਹਰਾ ॥ ਕਾਲੂ ਲੱਛਨ ਦੇਖਿ ਅਸਿ ਦੈਵਗ[੨] ਵਾਕ ਸੰਭਾਰ । ਗਿਨਤ ਗਟੀ[੩] ਉਰ ਅਟਪਟੀ[੪] ਤਿਹਕੇ ਗਯੋ ਅਗਾਰ[੫]॥੩੪॥ ਚੌਪਈ ॥ ਦ੍ਵਿਜ ਕੋ ਦੇਖਿ ਬਦਨ ਤੇ ਬੋਲਜੋ। 'ਭਲੋ ਆਪ ਨੈ ਜੋਤਿਸ਼ ਟੋਲਜੋ। ਤੁਮਰੋ ਕਹਜੋ ਨ ਫੁਰ ਭਾ[੬] ਏਕੂ। ਬਰਨਨ ਕੀਨੇ ਗੁਨ ਜੁ ਅਨੇਕੂ ॥੩੫॥ ਤਿਹ ਕੇ ਲੱਛਨ ਤੇ ਮੈਂ ਜਾਨੀ। ਧਨ ਹਾਨੀ ਹੁਇ, ਮਨ ਅਨੁਮਾਨੀ[੭] । ਭਲੋ ਛਤਰ ਮੁਝ ਧਾਮ ਫਿਰਾਯੋ । ਅਗਲੀ ਦੀਨੀ ਵਸਤੁ ਗਵਾਯੋ ॥੩੬॥ ਜੋ ਲੇਵਹਿ ਸੋ ਜਾਇ ਗਵਾਵਹਿ । ਬੂਝਹਿਂ ਜੋ[੮], ਨਹਿਂ ਕਛੂ ਬਤਾਵਹਿ। ਗਨੰਨਾ ਗਿਨੀ ਗੁਨੀ[੯], ਨਿਰਗੁਨੀ[੧੦] । ਤੁਮ ਗੁਨ-ਵਾਨ, ਭਨੀ ਅਨਬਨੀ[੧੧] ॥੩੭॥ ਦੋਹਰਾ॥ ਮਨ ਹਰਖਾਵਨ ਕੇ ਨਮਿਤ ਮੁਝ ਸੋਂ ਕਿਧੋਂ[੧੨] ਸੁਨਾਇ। ਗਨਨਾ ਕਰਤੇ ਚੁਕ ਗਏ ਕਿਧੋਂ ਨ ਜਾਨਜੋ ਜਾਇ' ॥੩੮॥ ਚੌਪਈ ॥ ਸੁਨਿ ਕਰਿ ਦ੍ਵਿਜਬਰ ਕਾਲੂ ਬਾਨੀ । ਹੁਤੀ ਅਸ਼ਰਧਾ ਮਹਿਂ ਲਪਟਾਨੀ। ਤਿਸੁ ਉਰ ਸ਼ਰਧਾ ਦੇਵਨ ਹੇਤੂ। ਬੋਲਜੋ ਬਚਨ ਬਿੱਪ੍ਰ ਕੁਲਕੇਤੂ ॥ ੩੯ ॥ 'ਇਕ ਲੱਛਨ ਮੈਂ ਤਬਹੀ ਹੇਰਾ[੧੩]। ਕਹਜੋ ਨ ਸੋ ਪਿਖਿ ਆਨੰਦ ਤੇਰਾ। ਪ੍ਰਗਟ ਭਯੋ, ਮੈਂ ਸੋ ਅਬ ਜਾਨਜੋ। ਜੋ ਤੋਸੋ ਨਹਿਂ ਤਬਹਿ ਬਖਾਨਜੋ ॥ ੪੦ ॥ ਬਾਲਿਕ ਕੇ ਸਨਬੰਧੀ ਜੇਤੇ। ਮਹਿਮਾ ਲਖਿ ਨ ਸਕਹਿਂਗੇ ਤੇਤੇ। ਅਵਰ ਅਨੇਕ ਮਨੁਜ ਵਰੁਸਾਵਹਿਂ[੧੪]। ਕੋਇਕ ਸਨਬੰਧੀ ਸੁਖ ਪਾਵਹਿ॥੪੧॥ ਹੋਇ ਤਰੁਨ[੧੫] ਜਬ ਵਧਹਿ ਪ੍ਰਤਾਪਾ। ਜਿਉਂ ਬਾਵਨ ਤ੍ਰੈ ਲੋਕਨ ਮਾਪਾ[੧੬] । ਪੀਰ ਮੀਰ ਮਾਨਹਿਂਗੇ ਆਨਾ। ਜਿਉਂ ਗੋਕਲ ਮਥੁਰਾ ਭਗਵਾਨਾ[੧੭] ॥ ੪੨ ॥ ਰਾਮਚੰਦ ਸੇ ਗੁਨ ਇਨ ਮਾਹੀ। ਬ੍ਰਿੱਧ[੧੮] ਹੋਹਿਂ ਤਬ ਲਿਹੁ ਪਤਿਆਹੀ । ਹੋਇਂ ਅਚਾਰਜ ਬਜਾਸ ਸਮਾਨੇ*। ਮਾਨਵ ਧੰਨ ਜਿ ਮਨ ਕਰਿ ਮਾਨੇਂ ॥ ੪੩ ॥ ਦੋਹਰਾ ॥ ਸੁਤ

---

[੧]ਪੁੱਤ੍ਰ। [੨]ਜੋਤਸ਼ੀ ਦੇ। [੩]ਗਿਣਤੀਆਂ ਗਿਣਦਾ। [੪]ਉਲਟੀ ਪੁਲਟੀ। [੫]ਘਰ। [੬]ਸੱਚਾ ਨਾ ਹੋਯਾ। [੭]ਮੈਂ ਵਿਚਾਰੀ ਹੈ। [੮]ਜੋ ਪੁੱਛੀਏ । [੯]ਗਿਣਤੀ(ਜੋ)ਗਿਣੀ ਹੈ ਗੁਣਾਂ ਵਾਲੀ, ਅਥਵਾ ਵਿਚਾਰਕੇ। [੧੦](ਉਹ) ਗੁਣ ਰਹਿਤ ਹੋਈ ਹੈ । [੧੧]ਉਲਟੀ। [੧੨]ਅਥਵਾ। [੧੩]ਵੇਖਿਆ ਸੀ। [੧੪]ਲਾਭ ਉਠਾਉਣਗੇ। [੧੫]ਜਵਾਨ। [੧੬]ਜਿਵੇਂ ਬਾਵਨ ਨੇ ਤਿੰਨਾਂ ਲੋਕਾਂ ਨੂੰ ਮਿਣਿਆ ਸੀ (ਇਹ ਬੀ ਜਗਤ ਵਿਚ ਫਿਰੇਗਾ)। [੧੭]ਕ੍ਰਿਸ਼ਨ ਜੀ। [੧੮]ਵਡੇ।

*ਪੰਡਤ ਜੀ ਅਪਣੇ ਵਡੇਰਿਆਂ ਨਾਲ ਉਪਮਾਂ ਦੇ ਰਹੇ ਹਨ, ਜੋ ਉਨ੍ਹਾਂ ਦੇ ਵਿਚਾਰ ਵਿਚ ਸਭ ਤੋਂ ਉੱਚੀ ਵਡਜਾਈ ਹੈ।

ਪਰ ਸ਼ਰਧਾ ਉਰ ਕਰਹੁ ਦਰਬ ਪ੍ਰੀਤਿ[੧] ਹਰਿ[੨] ਕੂਰ[੩]। ਪਰਮ ਰੂਪ ਪਰਮਾਤਮਾ ਚਿਦੰ[੪] ਚਰਾਚਰ[੫] ਮੂਰ[੬]॥੪੪॥ ਚੌਪਈ॥ ਹਿਤ ਪ੍ਰਦ[੭] ਬਿੱਪ੍ਰਹਿ ਕੀ ਬਰਬਾਨੀ[੮]। ਮੁਖ ਬਲ[੯] ਅਸੁ[੧੦] ਕਵਿਕਾ[੧੧] ਜਿਵ[੧੨] ਮਾਨੀ। ਅਰਣਵ[੧੩] ਅਮੀ[੧੪] ਕੀਰਤੀ ਦਯਾਲਾ। ਦਿਜ ਕੀ ਉਕਤਿ[੧੫] ਸੁ ਮੁਕਤਨ[੧੬] ਮਾਲਾ ॥ ੪੫ ॥ ਸਾਕ[੧੭] ਬਣਕ[੧੮] ਜਿਉਂ ਕੀਮਤਿ ਤਾਂਹੀ[੧੯]। ਨਹਿੰ ਜਾਨੀ ਕਾਲੂ ਮਨ ਮਾਂਹੀ। ਨਿਜ ਨਿਕੇਤ ਕੋ ਪੁਨ ਚਲਿ ਆਯੋ। ਜਗਤ ਕਾਜ ਹਿਰਦਾ ਬਿਰਮਾਯੋ[੨੦] ॥੪੬॥ ਬਹੁਰੋ ਅਸਤ[੨੧] ਅਹਿਰਪਤਿ[੨੨] ਭਯੋ। ਭਈ ਬਿਭਾਵਰ[੨੩] ਗੁਰੁ ਗ੍ਰਿਹ[੨੪] ਅਯੋ। ਹੇਰਤਿ ਮਾਤ ਰੂਪ ਬਲਿ[੨੫] ਜਾਵਹਿ। ਪਾਨ[੨੬] ਆਪਨੇ ਭੋਜ ਖੁਵਾਵਹਿ ॥੪੭॥ ਦੋਹਰਾ॥ ਪੈ[੨੭] ਪਿਆਇ ਪੁਨ ਮਾਤ ਲੇ ਸੂਤੀ ਸੁਠ[੨੮] ਪਰਯੰਕ[੨੯]। ਪਲਕ[੩੦] ਜੁਟੀ[੩੧] ਸੁੰਦਰ ਬਦਨ ਸਦਨਹਿਲਾਦ[੩੨] ਮਯੰਕ[੩੩] ॥੪੮॥ ਚੌਪਈ ॥ ਸਵਾਜਾਮ[੩੪] ਜਬ ਰਹੀ ਤ੍ਰਿਜਾਮਾ[੩੫]। ਜਨਨੀ[੩੬] ਸੁਪਨਾ ਪਿਖ[੩੭] ਅਭਿਰਾਮਾ[੩੮]। ਸੁੰਦਰ ਦੁਤਿ[੩੯] ਬ੍ਰਿੰਦਾਰਕ[੪੦] ਬ੍ਰਿੰਦਾ[੪੧]। ਮਿਲ ਕਰਿ ਆਏ ਕਰਤਿ ਅਨੰਦਾ ॥ ੪੯ ॥ ਮੰਜਲ[੪੨] ਕੁਸਮਾਂਜੁਲ[੪੩] ਮਲਿਯਾਗਰ[੪੪]। ਕਰ[੪੫] ਕਪੂਰ ਬਰ ਗੰਧਿ[੪੬] ਉਜਾਗਰ[੪੭]। ਦੇਖਾ ਏਕ ਸਿੰਘਾਸਨ ਸੁੰਦਰ। ਸੂਚੇ ਮਾਣਿਕ ਗਚ ਰੁਚਿਰੰਦਰ[੪੮] ॥ ੫੦ ॥ ਤਾਂ ਪਰ ਹੇਰਾ ਨਿਜ ਸੁਤ ਬੈਸਾ। ਸ਼ੋਭਾ ਕੋਟ ਕਾਮ ਨਹਿੰ ਤੈਸਾ।ਨਿਰਜੁਰ[੪੯]ਜਜਹਿੰ[੫੦] ਅੰਜੁਲੀ[੫੧] ਜੋਰੀ। ਭਨਤਿ ਬਿਨੈ ਮਨ ਪ੍ਰੀਤ ਨ ਥੋਰੀ ॥ ੫੧ ॥ ਦੋਹਰਾ ॥ ਉਸਤਤਿ ਉਕਤਹਿੰ[੫੨] ਅਨਿਕ ਬਿਧਿ 'ਜੈ ਜੈ' ਬਚਨ ਉਚਾਰਿ। 'ਪਾਵਨ ਪਰਮ ਪੁਰਾਤਨੰ ਪੁਰਖ ਨ ਪਾਰਾਵਾਰ !॥ ੫੨ ॥ ਚੌਪਈ ॥ ਧਰ[੫੩] ਅਲੰਬ[੫੪]

---

[੧]ਧਨ ਦੀ ਪ੍ਰੀਤ। [੨]ਛੱਡ। [੩]ਜੋ ਕੂੜੀ ਹੈ। [੪]ਚੇਤਨ। [੫]ਜੜ ਜੰਗਮ ਦਾ। [੬]ਮੁੱਢ (ਹਨ ਗੁਰੂ ਨਾਨਕ ਜੀ)। [੭]ਹਿਤ ਦੇਣ ਵਾਲੀ। [੮]ਸ਼੍ਰੇਸ਼ਟ ਬਾਣੀ। [੯]ਮੂਹਤਾਣੇ। [੧੦]ਘੋੜੇ ਦੀ। [੧੧]ਲਗਾਮ। [੧੨]ਵਾਂਙ। [੧੩]ਸਮੁੰਦਰ। [੧੪]ਅੰਮ੍ਰਿਤ ਦੇ (ਵਰਗੀ)। [੧੫]ਬਾਤ ਚੀਤ। [੧੬]ਮੋਤੀਆਂ ਦੀ। [੧੭]ਸਾਗ। [੧੮]ਵੇਚਣ ਵਾਲਾ। [੧੯]ਤਿਨ੍ਹਾਂ (ਮੋਤੀਆਂ ਦੀ ਮਾਲਾ ਦੀ ਕੀਮਤ ਨਹੀਂ ਜਾਣਦਾ)ਤਿਵੇਂ। [੨੦]ਪਰਚ ਗਿਆ। [੨੧]ਛਿਪਿਆ। [੨੨]ਦਿਨ ਦਾ ਪਤੀ, ਸੂਰਜ। [੨੩]ਸੰਧਯਾ। [੨੪]ਘਰ। [੨੫]ਬਲਿਹਾਰ। [੨੬]ਹੱਥੀਂ। [੨੭]ਦੁੱਧ। [੨੮]ਸੁਹਣੇ। [੨੯]ਪਲੰਘ ਪਰ। [੩੦](ਅੱਖਾਂ ਦੀਆਂ) ਪਲਕਾਂ। [੩੧]ਜੁੜੀਆਂ। [੩੨]ਆਨੰਦ ਦਾ ਘਰ। [੩੩]ਚੰਦ੍ਰਮਾ। [੩੪]ਸਵਾ ਪਹਿਰ। [੩੫]ਰਾਤ੍ਰੀ। [੩੬]ਮਾਤਾ ਨੇ। [੩੭]ਡਿੱਠਾ। [੩੮]ਸੁੰਦਰ। [੩੯]ਸ਼ੋਭਾ ਵਾਲੇ। [੪੦]ਦੇਵਤੇ। [੪੧]ਬਹੁਤਸਾਰੇ। [੪੨]ਉੱਜਲ। [੪੩]ਫੁੱਲਾਂ ਦੇ ਬੁੱਕ। [੪੪]ਚੰਦਨ। [੪੫]ਹੱਥ (ਵਿਚ)। [੪੬]ਚੰਗੀ ਖੁਸ਼ਬੋ। [੪੭]ਪ੍ਰਗਟ (ਦੇਵਤਿਆਂ ਨੇ ਛਿੜਕਾਏ)। [੪੮]ਸੁੱਚੇ ਤੇ ਸੁਹਣੇ ਮਾਣਿਕ ਅੰਦਰ ਜੜੇ ਹਨ। [੪੯]ਦੇਵਤੇ [੫੦]ਪੂਜਦੇ ਹਨ। [੫੧]ਹੱਥ ਜੋੜਕੇ। [੫੨]ਕਹਿਦੇ ਹਨ। [੫੩]ਧਰਤੀ ਨੂੰ। [੫੪]ਆਸਰਾ।

ਕੇ ਦੇਵਨ ਹੇਤੂ[੧]। ਪ੍ਰਗਟੇ ਸ਼੍ਰੀ ਬੇਦੀ ਕੁਲਕੇਤੂ !। ਭਗਤਿ ਜਗਤ ਮਧ ਬਿਦਤ[੨] ਕਰਨ ਕੋ। ਕਲਮਲ[੩] ਦੁਸ਼ਟਨ ਦੰਭ[੪] ਦਰਨ[੫] ਕੋ ॥ ੫੩ ॥ ਚੌਪਈ॥ ਕਲਿ ਮਹਿਂ ਪਾਵਨ ਪੰਥ[੬] ਨਰਨਕੋ। ਪ੍ਰਦ[੭] ਸਤਿਸੰਗਤਿ ਜਗਤ ਤਰਨ ਕੋ। ਨਾਮ ਜਪਾਵਨ ਧ੍ਯਾਨ ਚਰਨ ਕੋ। ਭਗਤਨ ਦੁਖ ਹਾ[੮] ਜਨਮ ਮਰਨ ਕੋ ॥ ੫੪ ॥ ਦੇਨਿ ਆਸਰਾ ਏਕ ਸ਼ਰਨ ਕੋ। ਕੁਮਤਿ ਕੁਚਾਲ ਕੁਕਰਮ ਹਰਨ ਕੋ। ਪੀਰ ਮੀਰ ਸਿਧ ਦਰਪ[੯] ਛਰਨਕੋ[੧੦]। ਵਾਹਿ-ਗੁਰੂ ਦੇ ਜਾਪ ਰਰਨ[੧੧]ਕੋ॥੫੫॥ਦੋਹਰਾ॥ਇਹ ਬਿਧਿ ਬਿਬੁਧ[੧੨] ਸੁ ਬਦਨ[੧੩] ਬਦ[੧੪] ਪਦ ਅਰਬਿੰਦ ਮਨਾਇ। ਗਏ ਆਪਨੇ ਲੋਕ ਕੋ ਜਹਿਂ ਜਹਿਂ ਤੇ ਜੋ ਆਇ ॥੫੬॥ ਚੌਪਈ॥ ਅਚਰਜ ਭਈ ਹੇਰਿ ਕਰਿ ਮਾਤਾ। ਜਾਨੀ ਪਰੈ ਨ ਗਤਿ[੧੫] ਨਿਜ[੧੬] ਤਾਤਾ[੧੭]। ਭਯੋ ਰਿਦੇ ਮਹਿਂ ਸੰਭ੍ਰਮ[੧੮] ਜਾਗੀ। ਸੁਤ ਅਵੈਵ[੧੯] ਸਭਿ ਦੇਖਨਿ ਲਾਗੀ ॥੫੭॥ ਚੰਦਨ ਸੋਂ ਚਰਚਤਿ[੨੦] ਹੈਂ ਸਾਰੇ। ਬਹੁ ਸੁਗੰਧਿ ਸੋਂ ਜਜੇ[੨੧] ਨਿਹਾਰੇ[੨੨]। ਸੰਭ੍ਰਮ[੨੩] ਮਨ, ਨਹਿਂ ਥਿਰਤਾ ਹੋਈ। ਕਿਧੌਂ ਸਾਚਿ ਕੈ ਸੁਪਨਾ ਸੋਈ ॥੫੮॥ ਰਿਦੈ ਵਿਚਾਰਤਿ ਆਰਤ[੨੪] ਮਾਤਾ। ਨਿਰਨੈ ਹੋਇ ਨ ਏਕੈ ਬਾਤਾ। ਸੁਤ ਕੀ ਮਹਿੰਮਾ ਮਨ ਮਹਿਂ ਮਾਨੀ।–ਇਹ ਅਵਤਾਰ ਸੱਤਿ ਚਿਤ ਜਾਨੀ ॥ ੫੯ ॥ ਦੋਹਰਾ ॥ ਜਿਸਕੇ ਪਦ ਅਰਬਿੰਦ ਕੋ ਦਿੱਬ[੨੫] ਰੂਪ ਬਹੁ ਆਇ। ਕਰੀ ਆਪਚਿਤ[੨੬] ਪ੍ਰੀਤ ਸੋਂ ਬਾਰਬਾਰ[੨੭] ਸਿਰ ਨਾਇ[੨੮]॥੬੦॥ ਚੌਪਈ॥ ਹੌਂ[੨੯] ਹੇਰੇ[੩੦] ਸੁਪਨੇ ਕੀ ਨ੍ਯਾਈਂ[੩੧]। ਅਬਲੌ ਚਰਚਜੋ ਬਿਦਤ[੩੨] ਦਿਸਾਈ–। ਚਿਤ ਵਿਚਾਰ ਕਰਤਯੋਂ ਪਰਭਾਤੂ। ਚਢ੍ਯੋ ਸੁ ਮਾਰਤੰਡ[੩੩] ਬਖ੍ਯਾਤੂ[੩੪] ॥ ੬੧ ॥ ਜਾਨੀ ਨਾਨਕ ਜੀ ਮਨ ਮਾਤਾ। ਤਾਨ ਦਈ ਤਬ ਮੋਹ ਕਨਾਤਾ। ਜਾਗੇ ਪੁਨ ਕਰਿਕੈ ਮੁਖ ਰੂਖਾ। ਕਹੈਂ 'ਮਾਤ ! ਦੇ ਭੋਜਨ, ਭੂਖਾ' ॥੬੨॥ ਨਿਸਕੀ ਭੂਲੀ ਸਕਲ ਵਿਚਾਰਾ। ਲਖੀ–ਰਿਦੇ ਸੁਤ ਮੈਂ[੩੫] ਭੁਖ੍ਯਾਰਾ[੩੬]–। ਦਧਿ[੩੭] ਸੋਂ ਅਸਨ[੩੮] ਦੀਨ ਹਿਤ ਖਾਨੋ। ਜਿਉਂ

[੧]ਦੇਣ ਲਈ। [੨]ਪ੍ਰਗਟ। [੩]ਪਾਪ। [੪]ਪਖੰਡ। [੫]ਨਾਸ਼ ਕਰਨ। [੬]ਰਾਹ। [੭]ਦੇਣ ਲਈ। [੮]ਨਾਸ਼ ਕਰਨ। [੯]ਹੰਕਾਰ। [੧੦]ਛੜਨ, ਦੂਰ ਕਰਨ ਨੂੰ। [੧੧]ਜਪਾਵਣ ਨੂੰ। [੧੨]ਦੇਵਤੇ। [੧੩]ਮੁਖੋਂ। [੧੪]ਆਖਕੇ। [੧੫]ਗਤੀ,ਹਾਲਤ। [੧੬]ਆਪਣੇ। [੧੭]ਪੁੱਤ੍ਰ ਦੀ। [੧੮]ਸ਼ਿੰਸਾ। [੧੯]ਪੁੱਤ੍ਰ ਦੇ ਅੰਗ। [੨੦]ਛਿੜਕੇ ਹੋਏ। [੨੧]ਪੂਜੇ ਹੋਏ। [੨੨]ਵੇਖੇ। [੨੩]ਸੰਸੇ ਵਾਲਾ। [੨੪]ਘਬਰਾਈ। [੨੫]ਦੇਵਤੇ। [੨੬]ਪੂਜਾ [ਸੰਸ: ਅਪਚਿਤ]। [੨੭]ਘੜੀ ਮੁੜੀ। [੨੮]ਨਿਵਾਕੇ। [੨੯]ਮੈਂ। [੩੦]ਵੇਖੇ ਸੀ। [੩੧]ਸੁਫਨੇ ਵਾਂਗੂੰ। [੩੨]ਪ੍ਰਤੱਖ। [੩੩]ਸੂਰਜ। [੩੪]ਪ੍ਰਗਟ। [੩੫]ਮੇਰਾ। [੩੬]ਭੁੱਖਾ ਹੈ। [੩੭]ਦਹੀਂ। [੩੮]ਭੋਜਨ।

ਆਗੈ ਜਾਨੈ ਤਿਉਂ ਜਾਨੈ[੧] ॥ ੬੩ ॥ ਦੋਹਰਾ ॥ ਅਸਨ ਸਦਨ ਤੇ[੨] ਅਚਵਕੈ[੩] ਮਿਲੈ ਬਾਲ ਜਹਿਂ ਜਾਲ[੪]। ਪਦ ਨੂਪਰ ਕਟ ਕਿੰਕਨੀ ਹੋਵਤਿ ਸ਼ਬਦ ਬਿਸਾਲ ॥ ੬੪ ॥ ਚੌਪਈ ॥ ਬਿਚਰਹਿਂ ਖੇਲਨ ਮਹਿਂ ਅਨੁਰਾਗੇ। ਭਾਗੇ ਭਾਗਹਿਂ ਬਾਲ ਸਭਾਗੇ[੫]। ਥਿਰ ਹੋਵਤਿ, ਥਿਤ ਹੋਵਹਿਂ ਸਾਰੇ। ਬੈਸਹਿਂ, ਬੈਸ ਜਾਇਂ ਇਕਬਾਰੇ ॥ ੬੫ ॥ ਨਾਨਕ ਆਨਨ[੬] ਭਨਹਿਂ ਕਹਾਨੀ। ਭਗਤਿ ਬਿਰਾਗ ਵਿਖੈ ਜੋ ਸਾਨੀ[੭]। ਸ਼੍ਰਵਣ[੮] ਮਨਨ[੯] ਕਰਿਹਹਿਂ ਨਿੱਧਯਾਸਾ[੧੦]। ਪੁਨ ਸੁਨਨੇ ਕੀ ਵਧਹਿ ਪਿਆਸਾ ॥੬੬॥ ਗਿਰਾ[੧੧] ਸੁਗੰਧਿ ਬਦਨ ਅਰਬਿੰਦਾ। ਜੁਗਤਿ[੧੨] ਯੁਕਤਿ[੧੩] ਸੁੰਦਰ ਮਕਰੰਦਾ[੧੪]।ਬਾਲਬ੍ਰਿੰਦ[੧੫] ਸਮਭਏ ਮਲਿੰਦਾ[੧੬]। ਸ਼੍ਰਵਨ[੧੭] ਪ[੧੮] ਕਰਹਿਂ[੧੯], ਅਗਾਤ ਅਨੰਦਾ[੨੦] ॥ ੬੭ ॥ ਦੋਹਰਾ ॥ ਆਵਤਿ ਜਾ-ਵਤਿ ਮਨੁਜ ਕੋ[੨੧] ਸੁਨਤਿ ਠਾਢ[੨੨] ਹੁਇ ਜਾਇ।ਪੰਡਤ ਸੇ ਮਧੁਰੇ[੨੩] ਲਗਹਿਂ ਕੀਰਤਿ ਬਦਨ ਅਲਾਇਂ ॥ ੬੮ ॥ ਚੌਪਈ ॥ 'ਇਹ ਬਾਲਿਕ ਕੈਸੇ ਬਚ ਬੋਲਹਿ। ਬਾਲ ਬੈਸ ਹੈ ਬੋਲ ਅਮੋਲਹਿ'। ਚੰਦ ਬਦਨ[੨੪] ਤੇ ਸੁਧਾ[੨੫] ਸਮਾ-ਨੀ। ਸ਼੍ਰੁਤ ਦਰ ਪਾਨਦ[੨੬] ਬੋਲਤਿ ਬਾਨੀ ॥ ੬੯ ॥ ਲਗੀ ਸਿਸੁਨ ਕੀ[੨੭] ਪ੍ਰੀਤਿ ਘਨੇਰੀ। ਸੰਗ ਨ ਤਜਹਿਂ ਰਹਹਿਂ ਮੁਖ ਹੇਰੀ[੨੮]। ਸਦਨ ਆਇਂ ਜਬ ਦੀਨਾਨਾਥੂ।ਸਿਸੁ ਨਹਿਂ ਤਜਹਿਂ ਰਹਹਿਂ ਹਿਤਸਾਥੂ ॥੭੦॥ ਬਾਹਰ ਚਲਤਨੋਂ ਸੰਗ ਸਿਧਾਰਹਿਂ। ਇਸ ਬਿਧਿ ਨਿਤਪ੍ਰਤਿ ਸੁਖਦ ਬਿਹਾਰਹਿਂ[੨੯]। ਸ੍ਰੱਛ[੩੦] ਬੱਛ[੩੧] ਛੋਮੋਚਿਤ[੩੨] ਬਾਲਾ[੩੩]। ਕਰੇ ਕਿਤੇ ਜੋ, ਦੀਨਦਯਾਲ।* ॥ ੭੧ ॥ ਦੋਹਰਾ ॥ ਲੀਲਾ ਬਾਲਿਕ ਖੇਲ ਕੀ ਸਲੰਕਾਰ[੩੪] ਸਬਿਲਾਸ† ॥ ਜੋ ਸਿਖ ਧਰਿਹੀ ਧ੍ਯਾਨ ਕੋ ਦੇਂ ਸਤਿਗੁਰ ਸੁਖ ਰਾਸ[੩੫] ॥ ੭੨ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲਕ ਲੀਲਾ' ਬਰਨਨੰ ਨਾਮ ਪੰਚਮੋ ਅਧ੍ਯਾਯ ॥੫॥

---

[੧]ਜਾਣਨ ਲਗੀ। [੨]ਘਰੋਂ। [੩]ਛਕਕੇ। [੪]ਬਹੁਤ ਸਾਰੇ। [੫]ਜੇ ਗੁਰੂ ਜੀ ਭੱਜਣ ਤਾਂ ਭਾਗਾਂ ਵਾਲੇ ਬਾਲ ਬੀ ਭੱਜਦੇ ਹਨ। [੬]ਮੁਖੋਂ। [੭]ਮਿਲੀ ਹੋਈ। [੮]ਸੁਣਨ। [੯]ਵਿਚਾਰਨਾ [੧੦]ਧਾਰਨਕਰਦੇ ਹਨ। [੧੧]ਬਾਣੀ। [੧੨]ਜੁਗਤੀਆਂ ਦੇ। [੧੩]ਸਹਿਤ। [੧੪]ਸੁਹਣਾਂ ਰਸ। [੧੫]ਸਾਰੇ ਬਾਲ। [੧੬]ਭੌਰੇ ਵਤ ਹੋਏ। [੧੭]ਕੰਨਾਂ ਨਾਲ। [੧੮]ਪੀਵਣਾਂ। [੧੯]ਕਰਦੇ ਹਨ। [੨੦]ਪ੍ਰਾਪਤ ਹੁੰਦਾ ਹੈ ਅਨੰਦ। [੨੧]ਕੋਈ। [੨੨]ਖੜਾ। [੨੩]ਮਿੱਠੇ। [੨੪]ਚੰਦ ਮੁਖ ਤੋਂ। [੨੫]ਅੰਮ੍ਰਿਤ। [੨੬]ਕੰਨਾਂ ਰਾਹੀਂ ਪੀਂਦੇ ਹਨ। [੨੭]ਬਾਲਕਾਂ ਦੀ। [੨੮]ਵੇਖਦੇ। [੨੯]ਵਿਚਰਦੇ ਹਨ। [੩੦]ਪਵਿੱਤ੍ਰ। [੩੧]ਮਨ ਵਾਲੇ। [੩੨]ਮੁਕਤੀ ਲਾਇਕ। [੩੩]ਬਾਲਕੇ। [੩੪]ਅਲੰਕਾਰਾਂ ਸਹਿਤ। [੩੫]ਸਾਰੇ ਸੁਖ। (ਅ) ਸੁਖਾਂ ਦੀ ਰਾਸ। *ਭਾਵ ਦੀਨ ਦਿਆਲ ਸਤਿਗੁਰ ਨੇ ਕਈ ਬਾਲਕੇ ਮਕਤੀ ਦੇ ਲਾਇਕ ਕਰ ਦਿੱਤੇ। †ਪਾਠਾਂਤ੍ਰ ਹੈ–ਸਹਿ ਅਲੰਕਾਰ ਬਿਲਾਸ।

੬. [ਗੋਪਾਲ ਪਾਂਧੇ ਪ੍ਰਤਿ ਉਪਦੇਸ਼]

ਸੈਯਾ–ਸੁੰਦਰ ਸ੍ਰੀ ਅਰਬਿੰਦ ਬਨੀ ਗੁਰੁ ਕੀਰਤਿ ਆਨੰਦ ਬ੍ਰਿੰਦ ਜਈ।
ਮੰਜੁਲ ਰੂਪ ਮਰਾਲਨਿ ਉੱਜਲ ਸਾਰਦ ਸ਼ੋਭਤਿ ਨਿੱਤ ਨਈ।
ਜੋ ਗੁਨ ਗ੍ਰਾਹਿ ਗੁਨੀ ਅਲਿ ਕੰਦਲ ਪ੍ਰੀਤਿ ਸੁਗੰਧਿ ਕੀ ਚੀਤ ਭਈ।
ਜਾਚਤਿ ਹੌਂ ਕਰ ਜੋਰਿ ਨਿਹੋਰਤਿ ਮਾਨਸ ਮੋਰੇ ਮੌਂ ਹੋਂ ਥਿਰਈ॥੧॥

[ਅਰਬਿੰਦ=ਕਮਲ।
ਬਨੀ=ਫਬ ਰਹੀ ਹੈ, ਬਨ ਬਨ ਪੈ ਰਹੀ ਹੈ, (ਅ) ਬਨੀ=ਬਗੀਚੀ, ਬਾਟਿਕਾ। ਅਰਬਿੰਦ ਬਨੀ=ਕਮਲਾਂ ਦੀ ਬਗੀਚੀ।
ਆਨੰਦ ਬ੍ਰਿੰਦ ਜਈ=ਬਿੰਦ ਆਨੰਦ ਜਈ–ਬਹੁਤੇ ਆਨੰਦ ਉਤਪਤ ਕਰਨ ਵਾਲੀ ਹੈ। ਭਾਵ–ਜਿਸ ਨੂੰ ਦੇਖਿਆਂ ਦਿਲ ਖੁਸ਼ ਹੋਵੇ।
ਮੰਜੁਲ=ਮਨ ਨੂੰ ਭਾਉਣ ਵਾਲਾ, ਪਸੰਦੀਦਾ, ਉੱਜਲ।
ਮਰਾਲ=ਇਕ ਪ੍ਰਕਾਰ ਦੀ ਬੱਤਖ, (ਅ) ਹੰਸ।
ਮਰਾਲ ਦਾ ਬਹੁ ਵਚਨ ਹੈ ਮਰਾਲਨ। ਪਰ ਮਰਾਲਨਿ ਦੇ ਨੰਨੇ ਨੂੰ ਸਿਆਰੀ ਹੋਣ ਕਰਕੇ ਪਦ 'ਮਰਾਲਨਿ' ਦਾ ਅਰਥ ਹੰਸਨੀਆਂ ਬੀ ਕਰਦੇ ਹਨ।
ਸਾਰਦ=ਸ਼ਾਰਦਾ, ਸਰਸ੍ਵਤੀ, ਵਿਦਜਾ ਦੀ ਦੇਵੀ, ਉਸ ਨੂੰ ਕਵੀਆਂ ਨੇ ਉੱਜਲ ਤੇ ਸ਼ੋਭਾ ਵਾਲੀ ਅਤਿ ਸੁੰਦਰ ਮੰਨਿਆਂ ਹੈ।
ਅਲਿ=ਭੌਰੇ।
ਕੰਦਲ=ਕੰਦਲ ਦਾ ਅਰਥ–ਸਮੂਹ ਕਰਦੇ ਹਨ। ਪਰੰਤੂ ਕੰਦਲ ਨਾਮ ਹੈ ਸੋਨੇ ਦਾ, ਨਵੇਂ ਫੁੱਟੇ ਸ਼ਗੂਫੇ ਦਾ, ਜਿਸ ਨੂੰ ਫੁਲ ਪੈਣ। ਇਸ ਤੋਂ ਕੰਦਲ ਦੀ ਮੁਰਾਦ ਬੀ ਪਿੱਛੇ ਕਹੀ ਉੱਜਲਤਾ, ਸੁੰਦਰਤਾ, ਸ਼ੋਭਾ ਵਾਂਕੂ ਖੇੜੇ ਯਾ ਬਿਕਾਸ ਤੋਂ ਹੈ, ਤੇ ਵਿਸ਼ੇਸ਼ਣ ਹੈ ਗੁਣੀ ਜਨਾਂ ਦਾ ਜਿਨ੍ਹਾਂ ਦਾ ਦਿਲ ਯਾ ਮਸਤਕ ਖਿੜੇ ਹੋਏ ਹਨ। ਜੀਕੂੰ ਭੌਰਾ ਫੁੱਲਾਂ ਤੇ ਖੁਸ਼ ਤੇ ਖਿੜੇ ਦਿਲ ਗੁੰਜਾਰ ਕਰਦਾ ਫਿਰਦਾ ਹੈ।
ਕਰਜੋਰਿ=ਹੱਥ ਜੋੜਕੇ। ਨਿਹੋਰਤਿ=ਬੇਨਤੀ, ਤਰਲਾ, ਮਿੰਨਤ।
ਮਾਨਸ=ਮਨ। ਮੌਂ=ਵਿੱਚ।
ਥਿਰਈ=ਥਿਰ ਹੋ, ਟਿਕੋ, ਇਸਥਿਤ ਹੋ।]

ਅਰਥ–(ਸ੍ਰੀ) ਗੁਰੂ ਜੀ ਦੀ ਸ੍ਰੀ ਕੀਰਤੀ ਬਹੁਤੇ ਆਨੰਦ ਨੂੰ ਉਪਜਾਉਣ ਵਾਲੀ ਆਪਣੀ ਸੁੰਦਰਤਾ (ਵਿੱਚ) ਕਮਲਾਂ (ਵਾਕੂ) ਫਬ ਰਹੀ ਹੈ।

(ਹਾਂ ਉਹ ਅਪਣੀ) ਮੰਜਲ–ਰੂਪਤਾ (ਵਿੱਚ) ਹੰਸਾਂ (ਵਾਂਙੂ) ਉੱਜਲ

(ਅਤੇ ਆਪਣੀ ਸ਼ੋਭਾ ਵਿਚ) ਸ਼ਾਰਦਾ (ਵਾਂਙੂ) ਨਿਤ ਨਵੀਂ (ਤੋਂ ਨਵੀਂ) ਸ਼ੋਭਾ ਦੇ ਰਹੀ ਹੈ।

(ਇਹ ਸੁੰਦਰਤਾ, ਉੱਜਲਤਾ, ਸ਼ੋਭਾ ਦੇਖਕੇ) ਜਿਹੜੇ ਭੌਰਿਆਂ (ਸਮਾਨ) ਗੁਣਾਂ ਨੂੰ ਗ੍ਰਹਣ ਕਰਨ ਵਾਲੇ ਸਮੂਹ ਗੁਣੀ ਜਨ (ਹਨ, ਉਨ੍ਹਾਂ ਦੇ) ਚਿੱਤ ਵਿੱਚ (ਸਦਾ) ਸੁਗੰਧੀ ਲੈਣ ਦੀ ਪ੍ਰੀਤ (ਉਦਿਤ) ਹੋ ਰਹੀ ਹੈ।

(ਉਨ੍ਹਾਂ ਨੂੰ ਵੇਖਕੇ) ਮੈਂ (ਬੀ) ਹੱਥ ਜੋੜਕੇ ਤੇ ਤਰਲੇ ਕਰਦਾ ਹੋਇਆ ਮੰਗਦਾ ਹਾਂ (ਕਿ ਸ੍ਰੀ ਗੁਰੂ ਜੀ ਦੀ ਸੁੰਦਰ, ਉੱਜਲ, ਨਿਤ ਨਵੀਂ, ਸ਼ੋਭਾ ਵਾਲੀ ਕੀਰਤੀ ਦੀ ਸੁਗੰਧੀ ਲੈਣ ਦੀ ਪ੍ਰੀਤਿ) ਮੇਰੇ ਮਨ ਵਿਚ ਬੀ ਇਸਥਿਤ ਹੋ ਜਾਵੇ।

ਭਾਵ—ਜੇਕਰ ਪਹਿਲੀ ਤੁਕ ਵਿਚ ਬਨੀ ਦਾ ਅਰਥ ਬਗ਼ੀਚੀ ਕਰੀਏ, ਤਦ ਅੰਤਲੀ ਤੁਕ ਦਾ ਅਰਥ ਐਉਂ ਢੁੱਕੇਗਾ:—ਮੈਂ ਹੱਥ ਜੋੜਕੇ ਤਰਲੇ ਕਰਦਾ ਹੋਇਆ ਮੰਗਦਾ ਹਾਂ (ਕਿ ਉਹ ਗੁਰ ਕੀਰਤੀ ਰੂਪੀ ਕਮਲਾਂ ਦੀ ਸੁੰਦਰ ਫੁਲਵਾੜੀ ਜੋ ਬਹੁਤੇ ਆਨੰਦ ਦੇ ਉਪਜਾਉਣ ਵਾਲੀ ਹੈ) ਮੇਰੇ ਮਨ ਵਿਚ ਇਸਥਿਤ ਹੋਵੇ, (ਭਾਵ ਪ੍ਰਫੁੱਲਤ ਹੋਵੇ)।

ਸ੍ਰੀ ਬਾਲਾ ਸੰਧੁਰੁ ਵਾਚ ॥ ਚਿੱਤ੍ਰਪਦਾ ਛੰਦ ॥ **ਯਾਬਿਧਿ ਖੇਲਤਿ ਬਾਲਿਕ ਸੋਂ ਮਿਲਿ ਬੋਲਤਿ ਬੋਲ ਬਿਲਾਸ ਬਿਸਾਲ[1]। ਭੁਖਿਤਿ[2]*ਭੂਖਨ[3] ਸੋਂ ਬਿਨ ਦੂ-ਖਨ ਖੋਤਿ ਕਲੂਖਨਿ[4] ਦੀਨ ਦਇਆਲ।ਭੂਰ ਬਿਦੂਖ ਬਿਦੂਖਨ ਮੈਂ[5]ਤਰ ਰੂਖਨ ਕੇ[6] ਕਬਿ ਰਾਜਤਿ[7]ਸਾਲ[8]।ਬਾਲ ਰਹੇ ਅਲਬਾਲਤਿ[9]ਜਾਲ[10]ਬਿਲੋ-ਕਤਿ[11] ਲੋਚਨ[12] ਹੋਤਿ ਨਿਹਾਲ ॥ ੨ ॥** ਮਰਹਰੀ ਛੰਦ ॥ **ਹੇਰਤਿ ਸੁਤ ਕਾਲੂ ਹਰਖ ਬਿਸਾਲੂ ਪਢਨੋਚਿਤ[13] ਮਨ ਜਾਨਿ।—ਹਮ ਕਾਜ ਵਿਸ਼ੇਖਾ ਸੀਖਹਿ ਲੇਖਾ, ਬੈਸ[14] ਅਬਹਿ ਪਹਿਚਾਨ।ਕਾਰੈ ਪਟਵਾਰੀ ਗ੍ਰਾਮਹਿ ਸਾਰੀ ਕਰਨੋ-ਚਿਤ[15] ਤਬ ਹੋਇ। ਪਾਂਧੇ ਪਹਿ ਬੈਸੇ ਹੋ ਮਮ[16] ਜੈਸੇ ਸੰਖ੍ਯਾ[17] ਨਿਪੁਨੰ[18] ਸੋਇ ॥ ੩ ॥ ਬਹੁ ਗੁਨੀ ਅਲਾਵਹਿਂ[19] 'ਸੁਤ ਨ ਪਢਾਵਹਿ ਸੋ ਸ਼ਤ੍ਰੂ[20] ਸਮ[21] ਤਾਤ[22]। ਸ਼ੋਭਾ ਨਹਿਂ ਪਾਵਹਿ ਮਤਿ ਨਹਿਂ ਆਵਹਿ[23]ਜਗਮੈਂ ਇਹ**

---

[1]ਬੜੇ। [2]ਸਜ ਰਹੇ ਹਨ। [3]ਗਹਿਣਿਆਂ ਨਾਲ। [4]ਪਾਪਾਂ ਨੂੰ ਨਾਸ਼ ਕਰਦੇ ਹਨ। [5]ਭਾਰੇ ਪੰਡਤਾਂ ਵਿਚ ਪੰਡਿਤ। [6]ਤਲੇ ਰੁੱਖਾਂ ਦੇ। [7]ਬਿਰਾਜਦੇ ਹਨ ਕਦੇ। [8]ਤੇ (ਕਦੇ) ਘਰ ਵਿਚ। [9]ਚੌਫੇਰੇ ਵੇਹੜੇ ਰਹੇ। [10]ਸਾਰੇ। [11]ਵੇਖਕੇ। [12]ਅੱਖਾਂ ਨਾਲ। [13]ਪੜ੍ਹਨ ਦੇ ਯੋਗ। [14]ਉਮਰ। [15]ਕਰਨੇ ਦੇ ਲਾਇਕ। [16]ਮੇਰੇ। [17]ਗਿਣਤੀ, ਯਾ ਲੇਖੇ ਵਿਚ। [18]ਚਤੁਰ। [19]ਆਖਦੇ ਹਨ। [20]ਦੁਸ਼ਮਨ। [21]ਬਰੋਬਰ ਹੈ। [22]ਪਿਤਾ। [23](ਉਸ ਬਚੇ ਨੂੰ ਜੋ ਨਾ ਪੜ੍ਹੇ) ਬੁੱਧਿ ਨਹੀਂ ਆਉਂਦੀ।

*ਪਾਠਾਂਤ੍ਰ—ਭੂਪਨ ਭਖਨ।

ਬਖ੍ਯਾਤ[੧]। ਨਹਿਂ ਦਰਬ[੨] ਖਟਾਊ, ਭੋਰ[੩] ਸੁਭਾਊ, ਸਮਝ ਨ ਕੋ[੪] ਬਿਧਿ[੫] ਸੋਇ—। ਇਉਂ ਰਿਦੈ ਵਿਚਾਰਾ—ਕਲ ਭੁਨਸਾਰਾ[੬] ਲੇ ਜਾਵੇਂ ਸੁਤ ਕੋਇ[੭]— ॥੪॥ ਜਬ ਭੀ ਪਰਭਾਤਾ ਲੇਕਰਿ ਤਾਤਾ[੭] ਚਲਨੇ ਭਯੋ ਤਯਾਰ। ਅੱਛਤ[੮] ਭਰਿ ਥਾਰੀ[੯] ਬਹੁਰ[੧੦] ਸੁਪਾਰੀ ਲੀਨੀ ਕਰ[੧੧] ਮਹਿਂ ਧਾਰਿ। ਪਟ[੧੨] ਨਵ[੧੩] ਪਹਿਰਾਇ ਸੁਭਗ[੧੪] ਸੁਹਾਏ ਚਲਯੋ ਤਾਤ ਸੰਗ ਤਾਤ[੧੫]। ਗਤਿ[੧੬] ਚੰਚਲ ਚਾਰੀ[੧੭] ਗਜ ਸੁਤ ਵਾਰੀ[੧੮] ਹੇਰਤਿ[੧੯] ਹਰਖਤਿ ਮਾਤ ॥੫॥ ਸੈਯਾ ॥ ਜਲ-ਜਾਤ[੨੦] ਸੇ[੨੧] ਹੈਂ ਪਦ[੨੨] ਜਾਤਿ ਚਲੇ ਗਹਿ[੨੩] ਤਾਤ[੨੪] ਕਰਾਂਗੁਰਿ[੨੫] ਹਾਥ ਉਚਾਈ[੨੬]। ਕਰ[੨੭] ਕੰਕਨ[੨੮] ਸੋਂ ਕਟ[੨੯] ਕਿੰਕਨਿ[੩੦] ਹੈ ਕਲ[੩੧] ਕੁੰਡਲ ਲੋਲ[੩੨] ਕਪੋਲਨ[੩੩] ਝਾਈ[੩੪]। ਦਲ ਲੋਚਨ ਕੰਜ[੩੫] ਬਿਸਾਲ[੩੬] ਤੁਲੇ ਸਿਰਪੈ ਉਸ਼ਨੀਕਹਿ[੩੭] ਨੀਕ ਬਨ੍ਹਾਈ। ਚਟਸਾਰ[੩੮] ਜਹਾਂ ਅਤਿ ਚਾਰੁ[੩੯] ਬਨੀ ਬਹੁ ਬਾਰਿਕ ਬਾਰਹਿਬਾਰ ਅਲਾਈ[੪੦] ॥ ੬ ॥ ਦੋਹਰਾ ॥ ਬੈਸੇ ਪਾਧੇ ਪਾਸ ਤਬ ਸ੍ਰੀ ਨਾਨਕ ਸੁਖ ਕੰਦ[੪੧]। ਬਾਰਿਕ ਰਵਿ[੪੨] ਸਾ[੪੩] ਹੇਰਿ ਕਰਿ[੪੪] ਜਨੁ[੪੫] ਅਰਬਿੰਦੁ[੪੬] ਅਨੰਦ॥੭॥ ਕਬਿੱਤ॥ ਕਾਲੂ ਕਹੈ'ਪਾਧਾ! ਸੁਨਿ ਨਾਨਕ ਹਮਾਰੋ ਸੂਨ[੪੭] ਯਾ ਕੋ ਤੂੰ ਪਢਾਇ ਗੁਨ ਦੀਜੈ ਨਿਜ ਹੇਤ ਸੋ[੪੮]। ਦੋਊਂ ਮੈਂ ਉਪਾਇਨ[੪੯] ਗੁਨਾਇਨ[੫੦] ਸੋ ਹੋਇ ਜਬ ਏਕ ਦੋਊ ਹਾਇਨ ਮੈ[੫੧] ਕੀਜਿਯੈ ਸੁਚੇਤ ਸੋਂ'। ਐਸੇ ਮੁਖ ਭਾਖਿ[੫੨] 'ਅਭਿਲਾਖ ਹੈ ਪਢਾਵਬੇ ਕੀ' ਸੌਂਪ ਕਰਿ ਆਤਮਜ[੫੩] ਗਵਨਯੋ[੫੪] ਨਿਕੇਤ ਸੋ*। ਪਾਧੇ ਅਹਿਲਾਦਕੈ[੫੫] ਮਹੂਰਤ ਕੋ ਸਾਧਿਕੈ[੫੬] ਸਰੱਸੁਤੀ ਅਰਾਧਿਕੈ ਜੋ ਸਬੈ ਮਤਿ ਦੈਤਿ ਸੋ ॥ ੮ ॥ ਸੇਖਯਾ[੫੭] ਕੋ ਜੋ ਆਦਿ[੫੮] ਸੋ ਸਿਖਾਵਨ ਕੀ ਸੀਖ ਦੇਤਿ ਸੈਖਯਾ ਤੇ ਅਸੇਖ[੫੯] ਤਾਂ ਕੋ ਸੇਖਯਾ ਕੋ ਸਿਖਾਵਈ। ਜਨਕ[੬੦] ਬਿਸਾਇ ਗਯੋ[੬੧]

---

[੧]ਪ੍ਰਗਟਹੈ। [੨]ਧਨ। [੩]ਭੋਲਾ। [੪]ਕਿਸੀ। [੫]ਤਰ੍ਹਾਂ ਦੀ [੬]ਸਵੇਰੇ। [੭]ਪੁੱਤ੍ਰ ਨੂੰ। [੮]ਚਾਵਲਾਂ ਦੀ। [੯]ਥਾਲੀ ਭਰਕੇ। [੧੦]ਹੋਰ। [੧੧]ਹੱਥ। [੧੨]ਕਪੜੇ। [੧੩]ਨਵੇਂ। [੧੪]ਸੁਹਣੇ। [੧੫]ਪਿਤਾ ਨਾਲ ਪੁੱਤ੍ਰ। [੧੬]ਟੋਰ। [੧੭]ਸੁੰਦਰ। [੧੮]ਹਾਥੀ ਦੇ ਪੁੱਤ੍ਰ ਵਾਲੀ। [੧੯]ਵੇਖਕੇ। [੨੦]ਕਵਲ। [੨੧]ਵਰਗੇ। [੨੨]ਚਰਣ। [੨੩]ਫੜਕੇ [੨੪]ਪਿਤਾ ਦੇ। [੨੫]ਹੱਥ ਦੀ ਅੰਗੁਲੀ। [੨੬]ਹਥ ਵਿਚ ਫੜਕੇ। [੨੭]ਹੱਥ। [੨੮]ਕੜੇ। [੨੯]ਲੱਕ। [੩੦]ਤੜਾਗੀ [੩੧]ਸੁੰਦਰ। [੩੨]ਚੰਚਲ,ਲਟਕਦੇ। [੩੩]ਗਲ੍ਹਾਂ ਪਰ। [੩੪]ਝਲਕਾਰ,ਛਾਯਾ। [੩੫]ਨੇਤ੍ਰ ਕਵਲ ਦੇ ਪਤੇ ਵਤ। [੩੬]ਚੋੜੇ। [੩੭]ਪਗੜੀ। [੩੮]ਪਾਠਸ਼ਾਲਾ। [੩੯]ਸੁੰਦਰ। [੪੦]ਪੜ੍ਹ ਰਹੇ ਹਨ। [੪੧]ਸੁਖਦਾਤੇ। [੪੨]ਸੂਰਜ। [੪੩]ਵਰਗਾ। [੪੪]ਵੇਖਕੇ। [੪੫]ਮਾਨੋਂ। [੪੬]ਕਵਲ। [੪੭]ਪੁੱਤ। [੪੮]ਪਿਆਰ ਨਾਲ। [੪੯]ਭੇਟਾ। [੫੦]ਗੁਣਾਂਦਾ ਘਰ। [੫੧]ਇਕ ਦੋਬਰਸਾਂ ਵਿਚ। [੫੨]ਆਖਕੇ। [੫੩]ਪੁੱਤ ਸੌਂਪਕੇ। [੫੪]ਚਲਾਗਿਆ। [੫੫]ਖੁਸ਼ਹੋਕੇ। [੫੬]ਸੋਧਕੇ। [੫੭]ਗਿਣਤੀ। [੫੮]ਮੁੱਢ। [੫੯]ਗਿਣਤੀ ਰਹਿਤ। [੬੦]ਪਿਤਾ। [੬੧]ਬੈਠਾਇ ਗਿਆ।*ਪਾਠਾਂਤ੍ਰ—ਸੰਕੇਤ ਸੋਂ—ਬੀ ਹੈ।

ਤਾਂਤੇ ਤਿਹ ਮਾਨ ਕਹ੍ਯੋ ਪਢੈਂ ਆਨੁ ਬਾਕ[1] ਜੈਸੇ ਪਾਂਧਾ ਸੋ ਪਢਾਵਈ। ਜਾਨੁ ਮਤਿਵਾਨ ਅੱਪ੍ਰਮਾਨ ਹਰਖਾਨ[2] ਮਨ ਕੀਨੋ ਅਨੁਮਾਨ-ਇਹ ਦੇਰਿ ਨ ਲਗਾਵਈ। ਪਢੈ ਤਾਤਕਾਲ ਧਨ ਪਾਇਹੌਂ ਬਿਸਾਲ, ਬਾਲ ਭਲੋ ਮਤਿਸਾਲ[3] ਤੁੱਲ ਯਾਂਕੀ ਕੋ ਨ ਪਾਵਈ-॥ ੯ ॥ ਇੱਕ ਦਿਨ ਸਾਰੋ ਪਢ੍ਯੋ ਪਾਧੇ ਜੋ ਉਚਾਰੇ ਬੈਨ ਸੰਝ ਭਈ ਐਨ ਆਇ ਅਜਰ[4] ਸੁਹਾਯੋ ਹੈ। ਹੇਰਿ ਹਰਖਾਇ ਮਾਇ ਅੰਕ[5] ਮੈਂ ਬਸਾਇ ਲਏ ਬੂਝ੍ਯੋ 'ਪਢ੍ਯੋ ਕੈਸੇ ?' ਪੈੜ੍ਹਾ[6] ਆਨਨ ਅਲਾਯੋ ਹੈ। ਖਾਇ ਅੰਨ ਰੈਨ ਪੁਨ ਕੀਨੀ ਸੁਖ ਸੈਨ ਤਬ ਜਾਂਕੋ ਕਬ ਭੈ ਨ, ਹੇਰੇ ਚੈਨ ਮਨ ਭਾਯੋ ਹੈ। ਭਈ ਜਬ ਭੋਰ[7] ਕਾਲੂ ਲੈਕੇ ਪਾਂਧੇ ਓਰ ਗਯੋ,ਸੁਨੀ ਨੁਤਿ[8] ਗੌਰ[9] ਤਾਤ[10] ਰਿਦੈ ਹਰਿਖਾਯੋ ਹੈ ॥ ੧੦ ॥ ਪਾਂਧੇ ਨੇ ਹਕਾਰ ਲੀਨ[11] ਬਾਲਨ ਤੇ ਜੁਦਾ ਕੀਨ ਲੇਖੇ ਹੂੰ ਕੀ ਸੀਖ ਦੀਨਿ ਨਾਨਕ ਸੁਜਾਨ ਕੋ । ਤੂਸ਼ਨੀਕ[12] ਭਏ, ਪਾਧਾ ਬਾਰਬਾਰ ਕਹੇ ਬਚ 'ਕੈਸੇ ਤੂੰ ਨ ਬੋਲੈਂ ਅਜ ? ਸੁਨੈਂ ਦੇ ਨ ਕਾਨ[13] ਕੋ। ਭਲੀ ਬਿਧਿ ਕਾਲ[14] ਪੈੜੇ[6] ਪਢ੍ਯੋ ਤੂੰ ਬਿਸਾਲ ਸਭਿ ਤੈਸੇ ਅਬ ਪਢੋ ਹੇਰੋ ਔਰ ਲਰਕਾਨ ਕੋ। ਹੋਵੈਂ ਵਡੇ ਜਬ, ਪਢ੍ਯੋ ਕਾਜ ਆਵੈ ਤਬ ਅਬ ਖੇਲਨ ਮੈਂ ਜੀਉ ਤੇਰੋ ਖਾਇੰ ਛੂਛਕਾਨ[15] ਕੋ' ॥ ੧੧ ॥ ਮਰਹਰੀ ਛੰਦ॥ ਸੁਨਿ ਸ੍ਰੌਨਨ[16] ਬੈਨਾ ਅਨੁਕੰਪੈਨਾ[17] ਬਾਨੀ ਭਨੀ ਰਸਾਲ[18]। 'ਕਹਾ ਆਪ ਪਢੇ ਤੁਮ, ਕਰਿਹੋ ਨਿਜ ਸਮ[19] ਕੈ ਲਾਹਾ ਲੈ ਸਾਲ[20]?।ਸੇਮੁਖੀ[21] ਵਿਸ਼ੇਖਾ[22] ਕੋ ਭਲ ਲੇਖਾ ? ਪਾਂਧਾ' ਮੋਹਿ ਬਤਾਇ। ਇਉਂ ਉੱਤਰ ਦੀਜੈ ਮਨ ਸਮਝੀਜੈ ਪੀਛੈ ਮੁਝਹਿ ਪਢਾਇ' ॥੧੨॥ ਹੁਇ ਪਾਧਾ ਬਿਸਮੈ ਅਧਭੁਤ ਰਸ ਮੈਂ ਆਨਨ[23] ਬਚਨ ਅਲਾਇ। 'ਸਭਿ ਜਾਨੌਂ ਗਿਨਤੀ, ਅਵਨੀ[24] ਮਿਨਤੀ, ਡੋਢੈ ਗਨਨ[25] ਸਵਾਇ[26]। ਧੌਂਚੇ[27] ਪੁਨ ਊਂਠੈ[28] ਜੋਰਨ ਕੋਠੇ[29] ਗ੍ਰਾਮ ਕਾਰ ਪਟਵਾਰ[30]। ਜਿਸਕੇ ਅਨੁਸਾਰੀ ਰੋਜੀ ਬਾਰੀ[31] ਪਢਹੁ ਨ ਕਿਉਂ ਹਿਤ ਧਾਰਿ?' ॥੧੩॥

[1]ਪਿਛੇ ਪਿਛੇ ਪੜ੍ਹੀ ਜਾਣਾ। [2]ਖੁਸ਼ ਹੋਇਆ। [3]ਅਕਲ ਦਾ ਘਰ। [4]ਵੇਹੜੇ। [5]ਗੋਦੀ। [6]ਪਹਾੜਾ। [7]ਸਵੇਰ। [8]ਉਸਤਤੀ। [9]ਬੜੀ। [10]ਪਿਤਾ। [11]ਬੁਲਾ ਲਿਆ। [12](ਗੁਰੂ ਜੀ) ਚੁੱਪ ਹੋ ਗਏ। [13]ਕੰਨ। [14]ਕੱਲ। [15]ਸੋਟੀਆਂ। [16]ਕੰਨੀਂ। [17]ਕ੍ਰਿਪਾਲੂ। [18]ਸੁੰਦਰ। [19]ਆਪਣੇ ਵਰਗਾ। [20]ਸ੍ਰੇਸ਼ਟ। [21]ਬੁਧੀਵਾਨਾਂ ਲਈ। [22]ਬਹੁਤ। [23]ਮੁਖੋਂ। [24]ਜ਼ਮੀਨ ਦੀ। [25]ਡਿਓਢੇ ਦੀ ਗਿਣਤੀ। [26]ਸਵਾਏ। [27]ਸਾਢੇ ੪ ਦਾ ਪਹਾੜਾ। [28]ਸਾਢੇ ਤਿੰਨ ਦਾ ਪਹਾੜਾ। [29]ਇਮਾਰਤੀ ਕੰਮ। (ਅ) ਤਿਜਾਰਤ, ਮਿਤੀ ਕਾਟਾ ਤੇ ਸੂਦ ਦੇ ਵੇਰਵੇ ਭਰਨੇ ਆਦਿ। [30]ਪਿੰਡਾਂ ਦਾ ਪਟਵਾਰੀ ਦਾ ਕੰਮ। [31]ਆਪਦੀ।

'ਇਨ ਬਿਧਿ ਜੀ ਬਾਧਾ[1], ਸੁਨਿ ਸ੍ਰੁਤ[2] ਪਾਧਾ ! ਫਾਹੇ ਪਰਨ ਅਪਾਰ। ਕਿਹ ਕਾਜ ਨ ਆਵਹਿ ਜਬ ਦੁਖ ਪਾਵੈਂਹਿ ਹੋਤਿ ਨਹੀਂ ਛੁਟਕਾਰ। ਸਭਿ ਬੈਸ ਬਿਹਾਵਹਿ ਪੁਨ ਪਛੁਤਾਵਹਿ ਜਬ ਜਾਵਹਿ ਜਮ ਦ੍ਵਾਰ। ਇਹ ਲੇਖਾ ਗਾਹੈ[3] ਛੁਟਨੋ ਜਿ ਚਾਹੈ ਜੋ ਮੈਂ ਕਰੋਂ ਉਚਾਰ' ॥ ੧੪ ॥ ਦੋਹਰਾ ॥ ਕਮਲ ਬਦਨ ਸੁਖ ਸਦਨ[4] ਗੁਰੁ ਕਰੁਨਾ[5] ਮਨ ਪਰ ਲਜਾਇ। ਪਾਧੇ ਪ੍ਰਤਿ ਕਲਜਾਨਦਾ[6] ਬੋਲੇ ਸਬਦ ਉਠਾਇ ॥੧੫॥ ਸਿਰੀ ਰਾਗੁ ਮਹਲੁ ੧ ॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ੧ ॥ ਬਾਬਾ ਇਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ ੧ ॥ ਰਹਾਉ ॥

ਚੌਪਈ। ਕਵੀ ਕਹੈ 'ਯਾਂਕੋ ਸੁਨਿ ਟੀਕਾ। ਸ੍ਰੀ ਮੁਖ ਨਿਕਸਜੋ ਕਲ' ਪਦ ਨੀਕਾ[8]। ਪੁਰਾ[9] ਸਾਰਦਾ[10] ਫੁਰੀ ਸੁਹਾਵਹਿ। ਪਦਵੀ ਪਰਾ[11] ਜਾਸੁ ਤੇ ਪਾਵਹਿ ॥ ੧੬ ॥ ਦੇਹਿ ਧਰਾ ਜਾਂ ਕਾਰਨ ਧਰਨੀ[12]। ਬਯ ਲਘੁ[13] ਕਰਨ ਲਗੇ ਸੋ ਕਰਨੀ। ਅਨਵਸਥਾ[14] ਉਪਦੇਸ਼ਕ ਕੇਰੀ। ਧਰਾ ਅਧੀਰਜ[15] ਸਕਹਿੰ ਨ ਹੇਰੀ ॥ ੧੭ ॥ ਪਾਧੇ ਪ੍ਰਤਿ ਪੂਰਬ ਉਪਕਾਰਾ। ਭਵ[16] ਤਾਰਨ ਹਿਤ ਸ਼ਬਦ ਉਚਾਰਾ। ਚਤੁਰਬੇਦ ਬਰ[17] ਸਾਰ[18] ਲਖਾਯਾ। ਤਰਹਿੰ ਸਿ[19] ਨਰ ਸੁਨਿ ਮੰਨ ਵਸਾਯਾ ॥ ੧੮ ॥ ਦੋਹਰਾ ॥ ਦੇਹਿ ਦੀਵਟੀ[20] ਕੇ ਵਿਖੇ ਨੇਹਿ[21] ਮੋਹ ਭਰਪੂਰ। ਬਾਤੀ[22] ਬਿਸ਼ਿਯਨ ਬਾਸ਼ਨਾ, ਅਗਨਿ ਗਜਾਨ ਤੇ ਦੂਰ ॥੧੯॥ ਚੌਪਈ ॥ ਗੁਰ ਪ੍ਰਸਾਦਿ ਕਰਿ ਢਿਗ[23] ਜਬ ਹ੍ਵੈਹੈ। ਆਤਮ ਗਜਾਨ ਲੇਯ ਪਦ ਪੈ ਹੈ। ਸ੍ਰੀ ਨਾਨਕ ਹੁਇ ਗੁਰੁ ਦੁਖ ਖੋਊ। ਭੇ ਪ੍ਰਸੰਦ ਉਪਦੇਸ਼ਜੋ ਸੋਊ' ॥੨੦॥ 'ਨੇਹਿ[21] ਮੋਹ ਜਬ ਪਾਧਾ ! ਜਾਰਹੁ ਗਜਾਨ ਅਗਨਿ ਸੋਂ ਸਗਲ ਨਿਵਾਰਹੁ। ਸ਼ਰਧਾ ਧਰ[24] ਕਾਜਰ ਬਰ[25] ਪਾਵਹੁ। ਹੈ ਤਨ[26] ਤਜਨਾ ਘਸਨ ਸਵਾਰਹੁ ॥ ੨੧ ॥ ਸੁਮਤਿ ਸਾਰ ਕੋ[27] ਕਾਗਦ ਕਰੀਏ। ਭਾਉ ਕਲਮ ਕਰਿ ਮਨ ਕਰ[28] ਧਰੀਏ। ਲੇਖਕ ਚਿੱਤ ਬੂਝ[29] ਗੁਰਦ੍ਵਾਰਾ।

---

[1]ਜੀਵ ਬੱਧਾ। [2]ਕੰਨੀਂ। [3]ਵਿਚਾਰ। [4]ਸੁਖ ਦਾ ਘਰ। [5]ਕਿਰਪਾ। [6]ਮੁਕਤੀ ਦਾਤਾ। [7]ਸੁੰਦਰ। [8]ਚੰਗਾ। [9]ਪਹਿਲਾਂ। [10]ਬਾਣੀ। [11]ਉੱਚੀ। [12]ਜਿਸ ਵਾਸਤੇ ਧਰਤੀ ਤੇ। [13]ਉਮਰ ਛੋਟੀਤੋਂ। [14]ਉਮਰ ਨਹੀਂ ਸੀ (ਅਜੇ)। [15]ਧਰਤੀ ਨੂੰ ਵਿਆਕੁਲ। [16]ਸੰਸਾਰ ਤੋਂ। [17]ਸ੍ਰੇਸ਼ਟ। [18]ਸਿੱਧਾਂਤ। [19]ਓਹ। [20]ਦੇਹੀ ਰੂਪ ਦੀਵੇ ਦੇ ਭਾਂਡੇ। [21]ਤੇਲ। [22]ਬੱਤੀ [23]ਨੇੜੇ। [24]ਸ਼ਰਧਾ ਧਾਰਨ ਕਰਨੀ। [25]ਸ੍ਰੇਸ਼ਟ ਕਾਜਲ। [26]ਦੇਹ ਅਭਿਮਾਨ। [27]ਸ੍ਰੇਸ਼ਟ ਬੁੱਧੀ ਦਾ। [28]ਮਨ (ਰੂਪੀ) ਹੱਥਵਿਚ [29]ਪੁੱਛਕੇ।

ਲਿਖਿਯੋ ਸੱਤਾਸੱਤਿ[੧] ਵਿਚਾਰਾ ॥ ੨੨ ॥ ਦੋਹਰਾ ॥ ਅਸ ਲੇਖਾ ਲਿਖਿ ਜਾਨਿ ਤੂੰ ਜਿਸਤੇ ਊਨ ਨ ਹੋਇ। ਲਿਖਹੁ ਨਾਮ, ਤਿਹ ਸਿਫਤਿ ਲਿਖ, ਅੰਤ ਨ ਪਰ ਉਰ[੨] ਕੋਇ ॥ ੨੩ ॥ ਚੌਪਈ ॥ ਜਿਹ ਸਥਾਨ ਲੇਖਾ ਯਮ ਲੇਈ। ਸੱਚ* ਨਿਸ਼ਾਨੀ ਹੇਰਿ ਮੁਚੇਈ[੩]। ਕੋਸ਼ਪ[੪] ਹੋਇ ਸ਼ਾਹ ਕੋ ਜੈਸੇ। ਤਿਹਤੇ ਮੁਲਕ[੫] ਭ੍ਰਿੱਤ[੬] ਲੇ ਕੈਸੇ ॥ ੨੪ ॥ ਆਪ ਉਪਾਯਨ[੭] ਦੇਯ ਮਿਲੈਹੈ। ਡਰ ਉਰ ਕਰਿ ਪੁਨ ਸੁਕੁਚ ਚਲੈਹੈ। ਅਸ ਲੇਖਾ ਜੇ ਤੁਵ ਉਰ ਪਾਧਾ। ਉਧਰਹਿ ਗੋ ਭਵ[੮] ਸਿੰਧੁ ਅਗਾਧਾ ॥ ੨੫ ॥ ਜੀਵ ਅਨੇਜ[੯] ਜਾਇ ਜਿਹ ਜਾਈ। ਪਰਮ ਮੀਤਿ ਜਿਉਂ ਤਹਾਂ ਸਹਾਈ। ਸਾਰਬਭੂਮ[੧੦] ਸ਼ਰਨ ਜਿਹ ਪਰਨਾ। ਤਿਨ ਨਰ ਉਰ ਡਰ ਕਿਉਂ ਫਿਰ ਕਰਨਾ? ॥੨੬॥ ਦੋਹਰਾ ॥ ਸੁਨਿ ਸ਼੍ਰੋਨਨ ਮਨ ਗੁਨਹਿ ਪੁਨ ਪਾਧੇ ਅਚਰਜ ਚੀਨਿ।–ਦੁਤਿਯ ਇੰਦੁ[੧੧] ਰਾਕਿੰਦੁ† ਜਿਉਂ[੧੨] ਜੌਨ੍ਹ[੧੩] ਬੈਨ[੧੪] ਇਨ ਕੀਨਿ–॥ ੨੭ ॥ ਚੌਪਈ ॥ ਚਿਤ ਚਕੋਰ ਰੁਚਿ[੧੫] ਚਮਕੀ ਚਾਰੂ[੧੬]।–ਬਾਲਨ ਤੁੱਲ, ਨ ਬਾਲ ਅਚਾਰੂ[੧੭]। ਕਲਾ ਬਿਸਾਲ ਦਯਾਲੁ ਭਲਿਭਾਂਤੀ। ਜਨੁ ਕਲਿਮਲ[੧੮] ਕਲਿ[੧੯] ਬਲਿ[੨੦] ਆਰਾਤੀ[੨੧]– ॥ ੨੮ ॥ ਸੂਝ[੨੨] ਪਰੀ ਬੂਝਨ ਹਿਤ ਉਦਤਯੋ[੨੩]। ਕਮਲ ਬਦਨ[੨੪] ਅਲਿ ਬਚ[੨੫] ਗੁਰ ਵਿਦਤਯੋ[੨੬]। 'ਆਰਜ ਸੁਜਨ[੨੭] ਭਜਨ ਜਲ ਮੀਨਾ[੨੮]। ਸੁਨੇ ਸੁ ਦੇਖੇ, ਮੈਂ ਅਤਿ ਦੀਨਾ[੨੯] ॥ ੨੯ ॥ ਅਸਨ[੩੦] ਬਸਨ-ਤਨ[੩੧] ਪ੍ਰਾਪਤਿ ਨਾਂਹੀ। ਆਵਹਿਂ ਖਾਹਿਂ, ਰੰਕ ਸੇ ਆਹੀਂ[੩੨]। ਇਸ ਕਰਿ ਮੁਰ ਉਰ ਸ਼ਰਧਾ ਹਾਰੀ। ਸਿਰ ਮਰਨਾ ਸਭਿਹਿਨਿ ਇਕਸਾਰੀ' ॥ ੩੦ ॥ ਦੋਹਰਾ ॥ ਧਰਾ ਧੀਰ ਦਾ[੩੩] ਧਰਮ ਧੁਰ[੩੪] ਪਾਧੇ ਕੇ ਸੁਨਿ ਬੈਨ। ਦੁਤਿਯ ਸ਼ਬਦ ਪਦ ਬਦਨ ਤੇ ਬਦਤੈਂ[੩੫] ਸ਼ਰਧਾਦੈਨ ॥ ੩੧ ॥ ਸ੍ਰੀ ਮੁਖਵਾਕ।

---

[੧]ਸੱਚ ਤੇ ਝੂਠ ਦੀ। [੨]ਪਾਰ ਉਰਾਰ। [੩]ਵੇਖਕੇ ਛੋੜ ਦੇਸੀ। [੪]ਖਜ਼ਾਨਚੀ। [੫]ਮਾਮਲਾ। [੬]ਨੌਕਰ। [੭]ਭੇਟਾ। [੮]ਸੰਸਾਰ। [੯]ਨਿਤਾਣਾ। [੧੦]ਚੱਕ੍ਰਵਰਤੀ ਦੀ। [੧੧]ਦੂਜ ਦੇ ਚੰਦ੍ਰਮਾ (ਬਾਲਕੇ) ਨੇ। [੧੨]ਪੁੰਨਿਆਂ ਦੇ ਚੰਦ ਵਾਂਙੂ। [੧੩](ਰੂਪ) ਚਾਂਦਨੀ [੧੪]ਬਚਨ। [੧੫]ਚਾਹ। [੧੬]ਸੁੰਦਰ। [੧੭](ਹੋਰ)ਬਾਲਾਂ ਦੇ ਬਰੋਬਰ ਨਹੀਂ (ਹਨ ਇਸ) ਬਾਲ ਦੇ ਕਰਤੱਵ੍ਯ। [੧੮]ਪਾਪ। [੧੯]ਕਲਜੁਗ। [੨੦]ਬਲਵਾਨ। [੨੧]ਵੈਰੀ,ਮਾਨੋਂ ਕਲਜੁਗ ਦੇ ਬਲੀ ਪਾਪਾਂ ਦੇ ਵੈਰੀ ਹਨ। [੨੨]ਸਮਝ। [੨੩]ਪੁਛਣ ਵਾਸਤੇ ਤਿਆਰ ਹੋਇਆ। [੨੪]ਮੁਖ। [੨੫]ਭੌਰੇ ਰੂਪੀ ਵਾਕ। [੨੬]ਗੁਰੂ ਜੀ ਦੇ (ਸਨਮੁਖ) ਪ੍ਰਗਟ ਕੀਤੇ। [੨੭]ਸ੍ਰੇਸ਼ਟ ਭਗਤ। [੨੮]ਭਜਨ ਰੂਪੀ ਜਲ ਵਿਚ ਮੱਛੀ ਵਾਂਙੂ (ਰਹਿਣ ਵਾਲੇ) ਮੈਂ ਸੁਣੇ ਦੇਖੇ ਹਨ। [੨੯]ਅਤਿ ਗਰੀਬ। [੩੦]ਭੋਜਨ। [੩੧]ਕਪੜੇ ਸ਼ਰੀਰ ਦੇ। [੩੨]ਕੰਗਾਲਾਂ ਵਰਗੇ ਹਨ। [੩੩]ਜ਼ਮੀਨ ਨੂੰ ਧੀਰਜ ਦੇਣ ਵਾਲੇ। [੩੪]ਧਰਮ ਦਾ ਆਸਰਾ (ਗੁਰੂ ਜੀ)। [੩੫]ਕਿਹਾ। *ਪਾਠਾਂਤ੍ਰ ਸਚੇ। ਭਾਵ ਇਕੋ ਹੈ:–ਸੱਚੇ ਨਾਮ ਦੀ। †ਪਾਠਾਂਤ੍ਰ–ਰਾਕੇਂਦੁ।

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥ ੨ ॥

ਚੌਪਈ ॥ 'ਨਹਿਂ ਪਾਧਾ ਉਰ ਧਾਰਹੁ ਐਸੇ। ਅਗ੍ਯਾਨੀ ਨਰ ਮਰਿ ਹੈ ਜੈਸੇ। ਸਹਿ[੧] ਸ਼ੋਕਨ ਸੋਂ ਮਰਨਾ ਤਿਨਕੋ। ਜਨਮ ਜੋਨਿ ਪੁਨ ਪੁਨ ਤਿਨ, ਗਨਕੋ[੨] ॥ ੩੨ ॥ ਨਿਤ ਚਿਤ ਹਰਖਤਿ ਸੰਤ ਸੁਖੈਨਾ। ਜਮਦੂਤਨਿ ਤੇ ਤਿਨ ਮਨਿ ਭੈ ਨਾ। ਸਦ ਖੁਸ਼ੀਆ ਚਿਤ ਚਾਉ ਘਨੇਰਾ। ਜਪਤਿ ਨਾਮ ਹਰਿ ਹੇਰਹਿਂ[੩] ਨੇਰਾ ॥ ੩੩ ॥ ਚਿਤ ਅਚਿੰਤ ਤਨ ਤਜਿ[੪] ਜਬ ਜਾਈਂ। ਆਗੇ ਮਿਲਹਿ ਤਿਨਹਿ ਵਡਿਆਈ। ਜਸੁ ਕੇ ਨਿਕਸਹਿਂ ਮਸਤਕ ਟੀਕਾ[੫]। ਸੁਜਨ ਭਜਨ ਮਹਿਂ ਜਿਨ ਮਨ ਨੀਕਾ ॥ ੩੪ ॥ ਦੋਹਰਾ ॥ ਸ੍ਰੀ ਪਰਮੇਸ਼ੁਰ ਅਤਿ ਦਯਾ ਜਿਹ ਨਰ ਪ੍ਰਾਪਤਿ ਨਾਮ। ਬਾਤੈਂ ਬਕਨੀ ਬਦਨ ਤੇ[੬] ਬਾਤ[੭] ਸਰਸ[੮] ਬਿਨਕਾਮ[੯] ॥ ੩੫ ॥ ਚੌਪਈ ॥ ਸੁਨਿ ਸੁਨਿ ਸ਼੍ਰੋਨਨ ਬੈਨਨਿ ਪਾਧਾ। ਨਿਜ ਚਿਤ ਅਹਿ ਲਖਿ[੧੦] ਮੰਤ੍ਰਨ ਬਾਧਾ[੧੧]। ਤਯੋਂ ਤਯੋਂ ਨੰਮ੍ਰਿ ਹੋਇ ਬਰ ਬਾਨੀ। ਬੂਝਨ ਹੇਤ ਬਦਹਿ[੧੨] ਸੁਖਦਾਨੀ॥੩੬॥'ਪਾਤਸ਼ਾਹ ਭੂਪਤਿ ਇਕ ਕੀਤੇ। ਚਿਤ ਮਹਿਂ ਕਬ ਭਗਵੰਤ ਨ ਪ੍ਰੀਤੇ। ਬਿਲਸਤਿ ਜਗਤ ਬਿਸਾਲ ਬਿਲਾਸਾ॥ਰਿਦੇ ਨ ਕਦੇ ਨਾਮ ਭਰਵਾਸਾ*।੩੭।ਨਿਸ[੧੩] ਬਾਸੁਰ[੧੪] ਐਸ਼ਨ[੧੫] ਮਹਿਂ ਐਸੇ। ਉਤਪਲ[੧੬] ਮਹਿਂ ਅਲਿ[੧੭] ਮਿਲਵਤਿ ਜੈਸੇ। ਅੰਤ ਸਮਾਂ ਨਹਿ ਸਿਮਰਹਿਂ ਸੋਊ।ਜਯੋਂ ਅਘ[੧੮] ਲਖਤਿ ਨ ਲੋਲਪ[੧੯] ਕੋਊ॥੩੮॥ਦੋਹਰਾ॥ਜਿਨ ਦੀਨੋ ਤਨ ਮਨ ਧਨੰ ਤਿਸਤੇ ਅਸ[੨੦] ਅਨਜਾਨ। ਦਾਦੁਰ[੨੧] ਕਰਦਮ ਮੱਧ ਮਿਲ[੨੨] ਕੀਮਿ[੨੩] ਨ ਕਮਲ ਪਛਾਨ ॥ ੩੯ ॥ ਚੌਪਈ ॥ ਬਿਸਰੈ ਬੈਸ[੨੪] ਬਿਹਾਵਹਿ ਸਭਿਹੀ। ਨਾਮ ਨ ਚਿਤ ਮਹਿਂ ਚਿਤਵਯੋ ਕਬਹੀ। ਸੁਖਸੋਂ ਬਿਸ੍ਵ[੨੫] ਬਸਹਿਂ ਬਸੁ ਸੇਤੀ[੨੬]। ਰਿਦੇ ਕਦਾਚਿਤ[੨੭] ਸੁਧ[੨੮] ਨ ਅਗੇਤੀ[੨੯] ॥ ੪੦ ॥ ਇਹ ਸਥਾਨ ਕੈਸੇ ਸੁਖ ਪਾਵਹਿਂ ?। ਕੋ ਬਿਧਿ ਹੋਤਿ ਅਗਾਰੀ ਜਾਵਹਿਂ ? ਰਿਦੇ ਸੰਦੇਹ[੩੦] ਭਏ ਮੁਝ ਦੋਊ। ਉੱਤਰ ਦੇਹੁ, ਦਯਾਨਿਧਿ !

---

[੧]ਸਮੇਤ। [੨]ਕੌਨ ਗਿਣ ਸਕਦਾ ਹੈ। [੩]ਵੇਖਦੇ ਹਨ। [੪]ਸਰੀਰ ਛੋੜਕੇ। [੫]ਮੱਥੇ ਤੇ ਤਿਲਕ। [੬]ਹੋਰ ਗੱਲਾਂ ਮੁਖ ਤੋਂ ਕਰਨੀਆਂ। [੭]ਹਵਾ। [੮]ਤੁੱਲ। [੯]ਨਿਕੰਮੀਆਂ। [੧੦]ਸੱਪ ਲਖਕੇ। [੧੧]ਬੱਧਾ। [੧੨]ਬੋਲਦਾ ਹੈ। [੧੩]ਰਾਤ। [੧੪]ਦਿਨ। [੧੫]ਐਸ਼ਾਂ। [੧੬]ਕਵਲ। [੧੭]ਭੌਰਾ। [੧੮]ਪਾਪ। [੧੯]ਲੰਪਟ। [੨੦]ਐਸੇ। [੨੧]ਡਡੂ ਨੇ। [੨੨]ਚਿੱਕੜ ਵਿਚਰਹਿਕੇ। [੨੩]ਕੀਮਤ। [੨੪]ਉਮਰ। [੨੫]ਸੰਸਾਰ ਵਿਚ। [੨੬]ਪਦਾਰਥਨਾਲ। [ਬਸੁ=ਧਨ, ਪਦਾਰਥ]। [੨੭]ਕਦੀਭੀ। [੨੮]ਖਬਰ। [੨੯]ਅਗੇ ਦੀ। [੩੦]ਸੰਸੇ। *ਸੁਖਰਾਸਾ—ਭੀ ਪਾਠਾਂਤ੍ਰਹੈ।

ਸੋਊ[੭] ॥ ੪੧ ॥ ਅਸ ਸੁਨਿ ਕਰਿ ਉਤਪਲ[੧] ਦਲ[੨] ਲੋਚਨ[੩]। ਉਚਰੇ ਬਚਨ ਰੁਚਿਰ[੪] ਦੁਖਮੋਚਨ[੫]। ਜਗਤ ਪਦਾਰਥ ਹਿਤ ਬੈਰਾਗਾ। ਤ੍ਰਿਤਿਯ[੬] ਸ਼ਬਦ ਪਦ[੭] ਲਖਤਿ ਸਭਾਗਾ ॥ ੪੨ ॥ ਸ੍ਰੀ ਮੁਖਵਾਕ ॥

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥ ੩ ॥

ਦੋਹਰਾ ॥ 'ਤਪ ਕਿਯ ਜਿਨਹਿਂ ਸਬਾਸ਼ਨਾ[੮] ਜਨਮ ਅਨਤ[੯] ਧਰਿ ਸੋਇ। ਪਾਇ ਰਾਜ ਜਗ ਬਿਖੈ ਫਸਿ ਨਰਕ ਗਮਨ ਪੁਨ ਹੋਇ॥ ੪੩ ॥ ਚੌਪਈ ॥ ਪਾਤਸ਼ਾਹਿ ਰਖੀਅਹਿ ਇਕ ਨਾਮ। ਇਕ ਜਾਚਿਕ[੧੦] ਜਾਚਹਿਂ ਤਿਨ ਧਾਮ[੧੧]। ਕਿੰਚਤ[੧੨] ਦਿਨ ਕੇ ਇਹਾਂ ਬਿਲਾਸਾ। ਫਸਨੋ ਮੰਦ ਬਿਸਰਨੋ ਜਮ ਤ੍ਰਾਸਾ[੧੩] ॥ ੪੪ ॥ ਆਗੇ ਗਏ ਰਿਦੇ ਤਬ ਜਾਨੈ। ਮੀਜਪਾਨ[੧੪] ਸਿਰ ਧੁਨਿ[੧੫] ਪਛੁਤਾਨੈ। ਮਹਿਮਾ ਨਾਮ ਭਜਨ ਕੀ ਜੋਊ। ਤਬ ਚਿਤਵਤਿ, ਨਿਤ ਵਿਸਰਨੋ ਸੋਊ ॥ ੪੫ ॥ ਅਨਿਕ ਤਾਰੁਨਾ[੧੬] ਤਾਰਨ[੧੭] ਕਰਿਹੀਂ। ਗਰ ਮਹਿਂ ਗਰੂਏ ਸੰਗਰ[੧੮] ਪਰਿਹੀਂ। ਤਪਤ ਥੰਮ ਸੋਂ ਐਂਚ[੧੯] ਲਗਾਵੈਂ। ਤੇਲ ਕੜਾਹ ਤਪਤ ਮਹਿਂ ਪਾਵੈਂ ॥ ੪੬ ॥ ਦੋਹਰਾ ॥ ਲੋਹਿ ਖੰਡ[੨੦] ਕਰਿ ਅਗਨਵਤ[੨੧] ਮੁਖ ਪਾਵਹਿਂ, ਕਰਿਮਾਰ[੨੨]। ਦਾਰੁਨ[੨੩] ਦੁਖਿਤ ਪੁਕਾਰਹੀਂ ਕੋਇ ਨ ਸੁਨਹਿਂ ਪੁਕਾਰ ॥ ੪੭ ॥ ਚੌਪਈ ॥ ਇੱਤਜਾਦਿਕ ਦੁਖ ਨਰਕ ਅਨੇਕਾ। ਪਾਵਹਿਂ ਨਾਮ ਹੀਨ ਅਵਿਵੇਕਾ[੨੪]। ਕਰਤਿ ਵਿਕਾਰਨ ਬੈਸ[੨੫] ਬਿਤਾਈ। ਕਬਹੁਂ ਨ ਸਿਮਰਨ ਮਹਿਂ ਲਿਵ ਲਾਈ ॥ ੪੮ ॥ ਜਿਉਂ ਤਸਕਰ[੨੬] ਕੋ ਤ੍ਰਾਸਤਿ ਵੈਰੀ[੨੭]। ਕੋ ਨ ਛੁਰਾਵਹਿ ਅਵਗੁਨ ਹੇਰੀ[੨੮]। ਤਿਉ ਧਮ ਕੈ ਢਿਗ ਗਹਨੋ[੨੯] ਇਕੇਲਾ। ਅਨਿਕ ਜਾਤਨਾ[੩੦] ਮਾਂਹਿ ਦੁਹੇਲਾ[੩੧] ॥ ੪੯ ॥ ਦੋਹਰਾ ॥ ਸੁਤ[੩੨] ਬਨਿਤਾਦਿਕ[੩੩] ਰਾਜ ਸੁਖ ਸਭਿਹਿ ਪਦਾਰਥ ਪਾਸ। ਬੈਸ ਬਿਹਾਵਹਿ ਨਾਮ ਬਿਨੁ ਮਯਾ[੩੪] ਨ ਪ੍ਰਭੁ ਕੀ ਤਾਸੁ[੩੫]' ॥ ੫੦ ॥ ਪਾਂਧੇ ਸੁਨਿ ਸ਼੍ਰੋਨਨਿ ਬਿਖੈ ਚਮਕੀ ਚੌਂਪ[੩੬] ਅਪਾਰ। ਗੁਰ ਬਚ

[੧.੨.੩] ਕਮਲ ਪੱਤ੍ਰ ਵਤ ਅੱਖਾਂ ਵਾਲੇ ਨੇ। [੪]ਮਨੋਹਰ। [੫]ਦੁਖਾਂ ਤੋਂ ਛੁਡਾਉਣ ਵਾਲੇ। [੬]ਤੀਜਾ। [੭]ਸ਼ਬਦ ਦਾ ਪਦਾ। [੮]ਸਹਿਤ ਵਾਸ਼ਨਾ। [੯]ਹੋਰ। [੧੦]ਮੰਗਤੇ। [੧੧]ਉਨ੍ਹਾਂ ਦੇ ਘਰ। [੧੨]ਥੋੜੇ। [੧੩]ਡਰ। [੧੪]ਹੱਥ ਮਲਕੇ। [੧੫]ਸਿਰ ਫੇਰਕੇ। [੧੬]ਤਾੜਨਾ। [੧੭]ਤਾੜਨ ਵਾਲੇ। [੧੮]ਭਾਰੇ ਸੰਗਲ। [੧੯]ਖਿੱਚ ਕੇ। [੨੦]ਟੁਕੜੇ। [੨੧]ਅੱਗ ਵਰਗੇ ਲਾਲ ਕਰਕੇ। [੨੨]ਮਾਰ ਕਰਕੇ। [੨੩]ਭਯਾਨਕ। [੨੪]ਅਗਯਾਨੀ। [੨੫]ਉਮਰ। [੨੬]ਚੋਰ। [੨੭]ਮਾਰ ਪੈਂਦੀ ਵੇਲੇ। [੨੮]ਵੇਖਕੇ। [੨੯]ਫੜਿਆ ਹੋਇਆ। [੩੦]ਤਾੜਨਾ। [੩੧]ਦੁਖੀ। [੩੨]ਪੁੱਤ੍ਰ। [੩੩]ਇਸਤ੍ਰੀ ਆਦਿਕ। [੩੪]ਕਿਰਪਾ।ਮਿਹਰ। [੩੫]ਉਸ ਉੱਤੇ। [੩੬]ਇੱਛਾ,ਲਾਲਸਾ।

ਅੰਕੁਸ[੧], ਨਾਗ[੨] ਮਨ[੩] ਲਖਿਕਰਿ ਤਿਹ ਅਨੁਸਾਰਿ ॥ ੫੧ ॥ ਚੌਪਈ ॥ 'ਕਲਾਵਾਨ ਤੁਮ, ਮੈਂ ਮਨ ਜਾਨੇ। ਰੁਚਿਰ ਬਚਨ ਦਾਨੀ ਕਲ੍ਯਾਨੇ[੪]। ਇਕ ਸ਼ੰਕਾ ਸੋ ਸ਼ੰਕਤਿ ਮਨ ਹੈ। ਉੱਤਰ ਦੇਹੁ, ਲਖ੍ਯੋ ਗੁਰੂ ਜਨ[੫] ਹੈ ॥੫੨॥ ਜੋ ਸੁਲਤਾਨ ਖਾਨ ਫਸਿ ਨੇਹੂ[੬]। ਨਾਮ ਸਮਾਰਹਿਂ ਭੂਲ ਨ ਕੇਹੂ। ਤਿਨਕੋ ਕਿਉਂ ਭੈ ਦੇਤਿ ਨ ਸ੍ਵਾਮੀ? ਜਾਂਤੇ ਸਿਮਰਹਿਂ ਅੰਤਰਜਾਮੀ ॥ ੫੩ ॥ ਨਿਰਭੈ ਬਿਸ਼ਿਯਨਿ ਮਹਿਂ ਰਚਿ[੭] ਮਾਨਵ[੮]। ਭੂਲੇ ਭਜਨ ਨੈਕ[੯] ਨਹਿਂ ਜਾਨਵ। ਮਨ ਕੀ ਤਨ ਧਨ ਮਹਿਂ ਅਤਿ ਪ੍ਰੀਤੂ। ਤਜਿ ਨ ਸਕਹਿਂ ਚਿਤ ਦ੍ਰਿੜ੍ਹ ਪਰਤੀਤੂ ॥ ੫੪ ॥ ਦੋਹਰਾ ॥ ਥਿਰਤਾ ਸੀ[੧੦] ਸੰਸਾਰ ਮਹਿਂ ਲਖਿ[੧੧] ਸੰਚਤਿ[੧੨] ਅਤਿ ਆਥ[੧੩]'। ਸੁਨਤਿ ਸ੍ਰੋਨ* ਆਨਨ ਭਨਤਿ ਨਾਨਕ ਦੀਨਾਨਾਥ ॥ ੫੫ ॥ ਸ੍ਰੀ ਮੁਖਵਾਕ ॥

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥ ੪ ॥

ਚੌਪਈ ॥ 'ਨਿਸ[੧੪] ਬਾਸੁਰ[੧੫] ਇਸ ਸਰਸ[੧੬] ਡੁਰਾਯੋ। ਮੰਦ ਮਤੀ ਭ੍ਰਾ ਭੈ[੧੭] ਸੁ ਭੁਲਾਯੋ। ਛਿਨ ਛਿਨ ਆਯੁਰ[੧੮] ਬੀਤਤਿ ਜਾਈ। ਦਿਨ ਦਿਨ ਦੇਹਿ ਦਸ਼ਾ ਪਲਟਾਈ ॥ ੫੬ ॥ ਬਿਸ਼ਿਯਨ ਮਹਿਂ ਖਪਿ ਬਹੁ ਕਰਿ ਨੇਹਾ। ਅੰਤਿਕਾਲ ਮਹਿਂ ਛੀਜਤਿ ਦੇਹਾ। ਨਾਉਂ ਖਾਨ ਸੁਲਤਾਨ ਭਨੇਹੀ[੧੯]। ਦ੍ਰਿਸ਼ਟਾਵਤਿਹੈਂ[੨੦] ਮਿਲਤੇ ਖੇਹੀ[੨੧] ॥ ੫੭ ॥ ਕੂਰੋ ਨੇਹੁ ਦੇਹਿ ਧਨ ਜੋਊ। ਛੋਡਿ ਚਲਨੋ ਬਸ੍ਯੁ[੨੨] ਚਲਤਿ ਨ ਕੋਊ। ਨਹਿਂ ਜਾਵਹਿ ਇਹ ਸੰਗ ਅਗਾਰੀ। ਜਿਨਹਿ ਹੇਤੁ ਨਿਜ ਬਾਜੀ ਹਾਰੀ ॥ ੫੮ ॥ ਦੋਹਰਾ ॥ ਗ੍ਯਾਨ-ਹੀਨ ਅੱਗ੍ਯਾਨ ਮਹਿਂ ਨਹਿਂ ਜਾਨਹਿ ਨਿਜ ਕਾਲ[੨੩]। ਨੈਨਹੀਨ[੨੪] ਜਿਉਂ ਜਾਤਿਹੈਂ ਸਾਮੁਹਿ ਸਰਪ ਬਿਸਾਲ[੨੫] ॥੫੯॥ ਚੌਪਈ ॥ ਕਰੁਨਾ ਕਰ[੨੬] ਸਤਿ-ਗੁਰੁ ਜਿਸੁ ਭੇਟੈ[੨੭]। ਤਿਹਕੋ ਲਗਹਿ ਨ ਜਮ ਕੀ ਫੇਟੈ[੨੮]। ਕਰਿ ਉਪਦੇਸ਼ ਗ੍ਯਾਨ ਦੇ ਨੈਨਾ[੨੯]। ਸਰਪ ਕਾਲ ਕੋ[੩੦] ਕਬ ਤਿਹ ਭੈ ਨਾ ॥੬੦॥ ਲਾਗੀ

---

[੧]ਕੁੰਡਾ। [੨]ਹਾਥੀ। [੩](ਪਾਂਧੇ ਦਾ) ਮਨ। [੪]ਮੁਕਤੀ ਦੇਣ ਵਾਲੇ ਹਨ (ਆਪਦੇ) ਸੁੰਦਰ ਵਾਕ। [੫]ਭਾਵ, ਮੈਂ। [੬]ਮੋਹ ਵਿਚ। [੭]ਰਚੇ। [੮]ਮਨੁੱਖ। [੯]ਥੋੜਾ ਬੀ। [੧੦]ਸਦਾ ਰਹਿਣਾ ਹੈ। [੧੧]ਜਾਣਕੇ। [੧੨]ਕੱਠਾ ਕਰਦੇ ਹਨ। [੧੩]ਬਹੁਤਾ ਧਨ। [੧੪]ਰਾਤ। [੧੫]ਦਿਨ। [੧੬]ਬਹੁਤਾ। [੧੭]ਭੈੜੀ ਬੁੱਧੀ ਵਾਲਾ ਹੋਕੇ (ਰਬ) ਦੇ ਭੈ ਨੂੰ। [੧੮]ਉਮਰਾ। [੧੯]ਆਖੀਦੇ ਹਨ। [੨੦]ਦਿੱਸਦੇ ਹਨ। [੨੧]ਮਿੱਟੀ ਵਿੱਚ ਮਿਲਦੇ। [੨੨]ਜ਼ਰੂਰ। [੨੩]ਆਪਣੀ ਮੌਤ। [੨੪]ਅੰਨ੍ਹਾ। [੨੫]ਵੱਡੇ ਸਰਪ ਦੇ ਸਾਹਮਣੇ। [੨੬]ਕਿਰਪਾ ਕਰਕੇ। [੨੭]ਮਿਲੇ। [੨੮]ਚੋਟ, ਲਪੇਟ। [੨੯]ਅੱਖਾਂ, ਗ੍ਯਾਨ ਰੂਪੀ ਨੈਣ। [੩੦]ਮੌਤ ਰੂਪੀ ਸੱਪ ਦਾ। *ਸੁਨਿ ਸ੍ਰੋਨਨ—ਪਾਠਾਂਤ੍ਰ ਹੈ।

ਨਾਮ ਵਿਖੈ ਲਿਵ ਮਨਕੀ। ਚਿਤ ਤੇ ਪ੍ਰੀਤਿ ਤਜੀ ਤਨ ਧਨ ਕੀ। ਪਰਮਾਰਥ ਮਹਿਂ ਦ੍ਰਿਸ਼ਟਿ ਲਗਾਈ। ਜਗ ਕਾਰਜ ਤੇ ਬ੍ਰਿੱਤਿ ਉਠਾਈ ॥ ੬੧॥ ਦੇਹਾਦਿਕ ਮਿੱਥ੍ਯਾ[1] ਸਭਿ ਜਾਨੇ। ਬਿਸ਼ੈ ਬਾਸ਼ਨਾ ਮਨ ਬਿਸਰਾਨੇ। ਨਿਜ ਸਰੂਪ ਜੋ ਭਯੋ ਭੁਲਾਵਾ। ਤਿਹ ਜਾਨਨਿ ਕੋ ਚਿਤ ਲਲਚਾਵਾ॥੬੨॥ ਦੋਹਰਾ ॥ ਸਤਿ ਸੰਗਤ ਕੇ ਸੰਗ ਤੇ ਦ੍ਰਿਢ[2] ਹੋਯੋ ਅਭ੍ਯਾਸ। ਗਯੋ ਭੁਲਾਵਾ ਭਰਮ ਕਾ ਸਹਿਜ ਸੁਖਹਿ ਪਰਕਾਸ਼ ॥ ੬੩ ॥ ਚੌਪਈ॥ ਦੇਹਿ ਦੁਖੀ ਤੇ ਦੁਖ ਨਹਿਂ ਮਾਨਹਿ। ਅਨਿਕ ਬਿਲਾਸਨਿ ਸੁਖ ਨਹਿਂ ਜਾਨਹਿਂ ਥਿਰਤਾ ਪਾਇ, ਨ ਡੋਲਹਿ ਸੋਊ। ਰਹੇ ਏਕਰਸ ਦ੍ਵੈਤਹਿ ਖੋਊ ॥ ੬੪ ॥ ਜਨਮ ਮਰਨ ਤਿਨਤੇ ਛੁਟਿ ਗਏ। ਹਰਿ ਪਦ ਪਾਇ ਮੁਕਤਿ ਸੋ ਭਏ। ਅਸ ਬਿਧਿ ਪਾਧਾ ! ਰਿਦੈ ਧਰੀਜੈ। ਤਨ[3] ਅਭਿਮਾਨ ਨ ਮੂਲ ਕਰੀਜੈ ॥ ੬੫ ॥ ਹਰਿ ਸਿਮਰਨ ਕਰਿ ਆਪਾ[4] ਹਰੀਏ। ਹਰਿ ਬਿਨੁ ਅਨਤ ਦ੍ਰਿਸ਼ਟਿ ਨਹਿਂ ਧਰੀਏ। ਦੁਰਲਭ ਨਰ ਤਨ ਕਰਹੁ ਸਕਾਰਥ[5]। ਪੁਨ ਨ ਜਨਮ, ਪਾਵਹਿ ਪਰਮਾਰਥ[6] ੬੬ ॥ ਦੋਹਰਾ ॥ ਸੁਨਿ ਪਾਧਾ ਪਾਇਨ ਪਰਾ 'ਹੌਂ ਸਬੰਧ[7] ਮਤਿਮੰਦ। ਲਖੀ ਨ ਤੁਵ ਗਤਿ ਜਾਵਹੀ ਤੂੰ ਅਵਤਾਰ ਮੁਕੰਦ ॥ ੬੭ ॥ ਚੌਪਈ॥ ਬਦਨ[8] ਗਿਰਾ ਤਵ[9] ਜਿਉਂ ਕਰਵਾਰਾ[10]। ਗ੍ਯਾਨ ਸਾਨ ਪਰ ਤੇ ਖਰ ਧਾਰਾ[11]। ਭਗਤਿ ਮੁਸ਼ਟਿ[12] ਕੇ ਸੰਗ ਜਟੀ ਸੋ[13]। ਦ੍ਰਿਢ ਬੈਰਾਗ ਅਕਾਰ ਘਟੀ[14] ਸੋ॥੬੮॥ ਜੋ ਸੂਰਾ ਇਸ ਸਨਮੁਖ ਧਾਵਹਿ[15]। ਅੰਗ ਅਗ੍ਯਾਨ ਤਾਹਿ ਕਟ ਜਾਵਹਿ। ਨਿਜ ਸਰੂਪ ਕੀ ਲਖਤਾ ਹੋਈ। ਤਿਹ ਭਟ ਮਿਲਜੋ ਸੁਰਗ ਸਖ ਸੋਈ ॥੬੯॥ ਬਿਸ਼ੈ ਫਸੇ ਕਾਤੁਰ[16] ਡਰਪਾਹੀਂ। ਬਿਮੁਖ ਭਏ ਨਹਿ ਧੀਰ ਧਰਾਹੀਂ। ਗਯੋ ਲੋਕ, ਪਰਲੋਕ ਬਿਗਾਰਾ॥ ਰਣ ਤਨ ਮਾਨੁਖ ਪਿਛ ਪਗਧਾਰਾ[17] ।੭੦। ਦੋਹਰਾ॥ ਅਕਸਮਾਤ[18] ਕਰਨਾ[19] ਕਰੀ ਦੇਖਿ ਦੀਨ ਗਤਿਦਾਨ[20]। ਲਿਵਲਾਗੀ ਮਨ ਭਜਨ ਕੀ ਸੁਨੇ ਬੈਨ ਜਬ ਕਾਨ ॥ ੭੧ ॥ ਚੌਪਈ ॥ 'ਤਵ[21] ਕਪੋਲ[22] ਕਲ[23] ਬੋਲ

---

[1]ਕੂੜੇ। [2]ਪੱਕਾ। [3]ਸਰੀਰ ਦਾ। [4]ਹੰਕਾਰ, ਮੈਂ ਮੇਰੀ। [5]ਸਫਲ। [6]ਮੋਖ ਹੋ ਜਾਵੇਗਾ। [7]ਬੰਧਨ ਵਿੱਚ ਹਾਂ। [8]ਮੁਖ ਦੀ। [9]ਤੇਰੀ ਬਾਣੀ। [10]ਤਲਵਾਰ। [11]ਗਿਆਨ ਦੀ ਸਾਣ ਉਤੇ ਉਸ ਦੀ ਧਾਰ ਤਿੱਖੀ ਹੋਈ ਹੈ। [12]ਭਗਤੀ ਦੀ ਮੁੱਠ ਨਾਲ । [13]ਉਹ ਜੜੀ ਹੋਈ ਹੈ। [14]ਘੜੀ ਹੋਈ ਹੈ। [15]ਦੌੜੇ। [16]ਕਾਇਰ। [17]ਮਨੁੱਖਾ ਸਰੀਰ (ਰੂਪੀ) ਯੁੱਧ (ਵਿੱਚ) ਪਿੱਛੇ ਪੈਰ ਹਟਾ ਲਿਆ। [18]ਅਚਨਚੇਤ। [19]ਕਿਰਪਾ। [20]ਮੁਕਤੀ ਦਾਤੇ ਨੇ (ਪਾਂਧੇ ਨੂੰ) ਨਿੰਮ੍ਰਤਾ ਵਿੱਚ ਵੇਖਕੇ। [21]ਆਪ ਦੀਆਂ। [22]ਗੱਲ੍ਹਾਂ। [23]ਸੁੰਦਰ।

ਅਮੋਲਹਿ। ਜਿਉਂ ਤਾਲੀ[1] ਗੁਨ ਕੁਲਫਹਿ[2] ਖੋਲਹਿ। ਵਾਕ ਅਨੋਚਿਤ[3] ਮੈਂ ਜੁ ਬਖਾਨੇ। ਛਿਮਾ ਕਰਹੁ, ਅਬ ਸ੍ਰੀ ਪ੍ਰਭੁ ਜਾਨੈ[4]' ॥੭੨॥ ਅਸ ਕਹਿ ਵਾਰਵਾਰ ਪਦਬੰਦਨ[5]। 'ਤੁਝ ਦਰਸ਼ਨ ਤ੍ਰੈਤਾਪ[6] ਨਿਕੰਦਨ। ਨਾਮ ਧਰਾਯੋ ਕਾਲੂ ਨੰਦਨ। ਨਰ ਤਾਰਨ ਕਲਿਕੇ[7] ਮਤਿ ਮੰਦਨ' ॥ ੭੩ ॥ ਬਹੁਰੋ ਭਯੋ ਤੂਸ਼ਨੀ[8] ਪਾਧਾ। ਉਰ ਲਖਿ ਕਰਿ ਸੁਖ ਅਕਥੁ ਅਗਾਧਾ। ਭਾ ਅਨੰਦ ਮੂਕੰ ਮਿਠਿਆਈ[9]। ਤਤਬੇਤਨ ਕੀ[10] ਪਦਵੀ[11] ਪਾਈ॥੭੪॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ'ਗੋਪਾਲ ਪਾਂਧੇ ਪ੍ਰਤਿ ਉਪਦੇਸ਼' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅਧ੍ਯਾਯ ॥ ੬ ॥

੭. [ਬਾਲ ਲੀਲ੍ਹਾ, ਪਿਤਾ ਪ੍ਰਤਿ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਨਾਏ]।

ਕਬਿੱਤ ॥ ਦ੍ਯੋਤ ਕਰ ਚੰਡ ਮਹਿਂ, ਨੀਤਿ ਨ੍ਰਿਪ ਦੰਡ ਮਹਿਂ, ਦਾਨ ਗਜ ਗੰਡ ਮਹਿਂ, ਸ਼ੋਭਤਿ ਅਪਾਰ ਹੈ। ਹਵੀ*ਜਿਮ ਖੀਰ ਮਹਿਂ, ਧੀਰ ਜਿਮ ਬੀਰ ਮਹਿਂ, ਸੀਰ ਜਿਮ ਨੀਰ ਮਹਿਂ ਹੋਤਿ ਸੁਖਕਾਰ ਹੈ। ਜੌਨੁ ਜਿਮ ਇੰਦ ਮਹਿਂ, ਗੰਧਿ ਅਰਬਿੰਦ ਮਹਿਂ, ਮੋਖ ਤਤਬਿੰਦ ਮਹਿਂ ਜਾਨ ਨਿਰਧਾਰ ਹੈ। ਸੂੰਛ ਜਸ ਦਾਨ ਮਹਿਂ, ਤਾਨ ਜਿਮ ਗਾਨ ਮਹਿਂ, ਗ੍ਰੰਥ ਗੁਰ ਗ੍ਯਾਨ ਮਹਿਂ ਤੈਸੇ ਰਸ ਸਾਰ ਹੈ॥੧॥

[ਦ੍ਯੋਤ=ਸੂਰਜ, [ਸੰਸ:, ਆਦਿਤ੍ਯ (ਅ) ਦ੍ਯੋਤ=ਧੁੱਪ] (ਅ) ਤੁਕ ਦਾ ਦੂਜਾ ਅਰਥ–ਧੁੱਪ ਦੀਆਂ ਰਿਸ਼ਮਾਂ ਵਿਚ ਜਿਵੇਂ ਤੇਜ ਸੁਭਾਇਮਾਨ ਹੁੰਦਾ ਹੈ।
ਕਰ=ਕਿਰਣ। ਚੰਡ=ਤੇਜ, ਤ੍ਰਿੱਖਾਪਨ, ਗਰਮੀ। ਮਹਿਂ=ਵਿੱਚ।
ਨੀਤਿ=ਰਾਜ ਨੀਤੀ, ਮੁਰਾਦ ਏਥੇ ਇਨਸਾਫ ਤੋਂ ਹੈ ਕਿ ਅਨੀਤੀ ਦਾ ਦੰਡ ਨਾ ਦੇਵੇ, ਨੀਤੀ ਨਾਲ ਦੰਡ ਦੇਵੇ।
ਨ੍ਰਿਪ=ਰਾਜਾ। ਦੰਡ=ਸਜ਼ਾ। ਦਾਨ=ਦਾਨ ਦੇਣਾ, ਮੁਰਾਦ ਚੋਣ ਤੋਂ ਹੈ। ਗਜ=ਹਾਥੀ।
ਗੰਡ=ਗੱਲ੍ਹ, ਰੁਖਸਾਰਾ, ਮੂੰਹ ਦਾ ਇਕ ਪਾਸਾ, ਪੁੜਪੁੜੀ ਤੋਂ ਲੈ ਗੱਲ੍ਹਾਂ ਸਮੇਤ ਨੂੰ ਆਖਦੇ ਹਨ। ਹਾਥੀ ਦੇ ਗੰਡਸਥਲ ਤੋਂ ਮਦ ਚੋਂਦਾ ਹੈ।
ਹਵੀ=ਘਿਉ, ਥਿੰਧਾਈ, ਜੋ ਦੁੱਧ ਵਿਚ ਹੁੰਦੀ ਹੈ। [ਸੰਸ: ਹਵਿਸ੍=ਘਿਉ]।
ਖੀਰ=ਦੁੱਧ [ਸੰਸ:, ਕ਼ੀਰ]। ਧੀਰ=ਧੀਰਜ। ਬੀਰ=ਸੂਰਮਾ।
ਸੀਰ=ਸੀਤਲਤਾ, ਸੀਅਰਾਪਨ, ਠੰਢ। ਨੀਰ=ਪਾਣੀ।]

[1]ਕੁੰਜੀ ਭਾਵ, ਬਾਣੀ। [2]ਜੰਦਰਾ ਗੁਣਾਂ ਰੂਪੀ। [3]ਅਯੋਗ। [4]ਹੁਣ (ਤੁਹਾਨੂੰ) ਪ੍ਰਭੂ ਸਿਞਾਤਾ ਹੈ। (ਅ) ਜਾਨੈ=ਜਨ–ਦਾਸ ਨੂੰ। [5]ਘੜੀ ਮੁੜੀ ਮੱਥਾ ਟੇਕਿਆ। [6]ਆਧਿ–ਮਨ ਦੀ ਪੀੜਾ, ਵਿਆਧਿ–ਸ਼ਰੀਰਕ ਦੁਖ, ਉਪਾਧਿ–ਉਤੋਂ ਦੀਆਂ ਵਿਪਦਾਂ। (ਵਿਸ਼ੇਸ਼ ਲਈ ਦੇਖੋ ਦੂਜੇ ਅਧ੍ਯਾਯ ਦੇ ਦੂਜੇ ਅੰਕ ਦੇ ਪਦਾਰਥ)। [7]ਕਲਜੁਗ ਦੇ। [8]ਚੁਪ। [9](ਜਿਵੇਂ) ਗੁੰਗਾ ਮਿਠਾਈ (ਖਾਕੇ ਆਨੰਦ ਹੁੰਦਾ ਹੈ ਐਉਂ) ਆਨੰਦ ਹੋਇਆ। [10]ਗਿਆਨੀਆਂ ਦਾ। [11]ਦਰਜਾ। *ਪਾ:–ਘੀਵ।

ਜੋਨ੍ਹ=ਚਾਂਦਨੀ। ਇੰਦੁ=ਚੰਦ੍ਰਮਾਂ। ਅਰਬਿੰਦ=ਕਮਲ।
ਤਤਬਿੰਦ=ਤਤਵੇਤਾ। [ਸੰਸ:, ਤਤ=ਅਸਲੀਅਤ। ਵਿੰਦ=ਜਾਨਣ ਵਾਲਾ, ਧਾਤੂ ਵਿਦ੍=ਜਾਣਨਾ]।
ਨਿਰਧਾਰ=ਨਿਸ਼ਚੇ, ਨਿਰਣੇ ਕਰਕੇ ਸਿੱਧ ਹੋ ਚੁਕੀ ਗਲ [ਸੰਸ:, ਨਿਰ੍ਧਾਰ]।
ਸੁੱਛ ਜਸ=ਨਿਰਮਲ ਜਸ, ਨਿਰਮਲ ਕੀਰਤੀ।
(ਅ) ਜੈਸੇ ਸੁੱਛਤਾ ਦਾਨ ਦੀ ਸਫਲਤਾ ਦਾ ਮੂਲ ਹੈ।
(ੲ) ਦਾਨ ਵਿਚ ਸੁੱਛ ਕਲਜਾਨ ਜਿਵੇਂ ਹੈਂ।
ਤਾਨ=ਸੁਰ, ਧੁਨ, ਸੁਰਾਂ ਦਾ ਫੈਲਾਵ, ਲਯ ਦਾ ਵਿਸਥਾਰ, ਮੂਰਛਨਾ ਆਦਿ ਦੁਆਰਾ ਰਾਗ ਦਾ ਵਿਸਥਾਰ। (ਅ) ਤਾਨ=ਗਜਾਨ ਦਾ ਵਿਸ਼ਯ।
ਗਾਨ=ਗਾਯਨ, ਗਾਉਣ—ਤੁਕ ਦਾ ਅਰਥ ਜੀਕੂੰ ਗਾਯਨ ਵਿਚ ਗਜਾਨ ਦਾ ਵਿਸ਼ਾ ਹੁੰਦਾ ਹੈ।
ਰਸ=ਸੁਆਦ। ਸਾਰ=ਸ੍ਰੇਸ਼ਟ ਤੱਤ, ਸ੍ਰੇਸ਼ਟ ਰਸ, (ਅ) ਭਾਵ—ਆਤਮ ਰਸ
(ੲ) ਤੁਕ ਦਾ ਦੂਸਰਾ ਅਰਥ—ਤੈਸੇ ਗੁਰੂ ਗ੍ਰੰਥ ਸਾਹਿਬ ਵਿਚ ਗਜਾਨ ਸਾਰ ਰਸ ਹੈ।

ਅਰਥ—(ਜਿਸ ਤਰ੍ਹਾਂ) ਸੂਰਜ ਦੀਆਂ ਕਿਰਨਾਂ ਵਿਚ ਤੇਜ, ਰਾਜੇ ਦੇ ਦੰਡ ਵਿਚ ਨੀਤੀ, ਹਾਥੀ ਦੇ ਗੰਡਾਂ ਵਿਚੋਂ (ਮਦ) ਚੋਣਾਂ, ਬਹੁਤ ਸ਼ੋਭਾ ਪਾਉਂਦੇ ਹਨ।

ਜਿਸ ਤਰ੍ਹਾਂ ਦੁੱਧ ਵਿਚ ਘਿਉ, ਜਿਵੇਂ ਸੂਰਮੇ ਵਿਚ ਧੀਰਜ, ਜਿਵੇਂ ਪਾਣੀ ਵਿਚ ਸੀਤਲਤਾਈ ਸੁਖਦਾਈ ਹੁੰਦੇ ਹਨ।

ਜਿਸ ਤਰ੍ਹਾਂ ਚੰਦ੍ਰਮਾਂ ਵਿਚ ਚਾਂਦਨੀ, ਕਮਲਾਂ ਵਿਚ ਸੁਗੰਧੀ, ਤਤਬੇਤੇ ਵਿਚ ਮੁਕਤੀ, ਜਾਣ ਲਵੋ ਕਿ ਨਿਸ਼ਚੇ (ਸੁਭਾਇਮਾਨ ਹੁੰਦੀਆਂ) ਹਨ।

ਜਿਸ ਤਰ੍ਹਾਂ ਦਾਨ ਦੇਣ ਵਿਚ ਨਿਰਮਲ ਜਸ (ਸੁਭਾਇਮਾਨ ਹੁੰਦਾ ਹੈ), ਜਿਵੇਂ ਗਾਉਣ ਵਿਚ ਤਾਨਾਂ (ਹੁੰਦੀਆਂ ਹਨ,) ਤਿਵੇਂ ਸ਼੍ਰੀ ਗੁਰੂ ਗ੍ਰੰਥ ਜੀ ਦੇ ਗਜਾਨ ਵਿਚ ਸ੍ਰੇਸ਼ਟ ਰਸ (ਪੂਰਣ ਸੁਭਾਇਮਾਨ) ਹੈ।

ਭਾਵ—ਕਵਿ ਜੀ ਨੇ ਪਹਿਲੇ ਦ੍ਰਿਸ਼ਟਾਂਤ ਦਿੱਤੇ ਹਨ ਜੋ ਚਾਰ ਪ੍ਰਕਾਰ ਦੇ ਹਨ। ੧. ਜੋ ਸ਼ੋਭਾ ਦੇਂਦੇ ਹਨ:—ਜਿਵੇਂ ਦੰਡ ਨੀਤੀ ਬਿਨਾ ਸ਼ੋਭਨੀਕ ਨਹੀਂ, ਧੁੱਪ ਨਿੱਘ ਬਿਨਾਂ ਸ਼ੋਭਨੀਕ ਨਹੀਂ। ੨. ਸੁਖਦਾਈ ਤੇ ਸਫਲ:—ਦੁੱਧ ਵਿੱਚੋਂ ਘਿਉ ਨਾਂ ਨਿਕਲੇ ਤਾਂ ਕਿਸ ਕੰਮ। ੩. ਜੋ ਨਿਸ਼ਚੇ ਹਨ:—ਜੈਸੇ ਚੰਦ ਵਿਚ ਚਾਂਦਨੀ, ਕਮਲ ਵਿਚ ਸੁਗੰਧੀ, ਤਤਵੇਤੇ ਵਿਚ ਮੁਕਤਿ ਹੋਣ ਤੇ ਮੁਕਤਿ ਕਰਨ ਦੀ ਸ਼ਕਤੀ। ੪. ਜੋ ਆਪੋ ਵਿਚ ਅੱਡ ਨਹੀਂ ਹੋ ਸਕਦੇ ਤਦਰੂਪਤਾ ਕਰਕੇ, ਜੈਸੇ:—ਦਾਨ ਤੋਂ ਜਸ, ਗਾਉਣ ਤੋਂ ਤਾਨਾਂ। ਇਨ੍ਹਾਂ ਚੋਹਾਂ ਹੀ ਪ੍ਰਕਾਰਾਂ ਕਰਕੇ ਸ਼੍ਰੀ ਗੁਰੂ ਗ੍ਰੰਥ ਜੀ ਵਿਚ ਜੋ ਗਜਾਨ ਹੈ, ਉਹ ਰਸ ਭਰਪੂਰ ਹੈ। ਨਿਰਸ ਗਜਾਨ ਗੁਰੂ ਗ੍ਰੰਥ ਸਾਹਿਬ ਜੀ ਦਾ ਗਜਾਨ ਨਹੀਂ ਹੈ।

ਮੁਰਾਦ ਇਹ ਹੈ ਕਿ ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਗਜਾਨਵਿਚਜੋ ਸ੍ਰੇਸ਼ਟ ਰਸ ਹੈ, ਉਹ ਗਜਾਨ ਨਾਲ ਤਦਰੂਪ ਹੈ, ਨਿਸ਼ਚੇ ਹੈ, ਸੁਖਦਾਈ ਹੈ, ਅਰ ਅਤੀ ਸ਼ੋਭਾ ਵਾਲਾ (ਸੁੰਦਰ) ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਸਹਿਜ ਸੁਭਾਇਕ ਮੁਕਤਿਦਾ ਆਵਤਿ ਭਏ ਅਵਾਸ। ਪਦ ਨੂਪਰ ਕਟਕਿੰਕਨੀ[੧] ਸ਼ਬਦ[੨] ਹੋਤਿ ਪਰਕਾਸ਼[੩] ॥ ੨ ॥ ਚੌਪਈ ॥ ਮਾਤ ਬਿਲੋਕਤਿ ਬੈਨ ਅਲਾਯੋ। 'ਬਿਨਾ ਪ੍ਰਦੋਖ[੪] ਸਦਨ ਚਲਿ ਆਯੋ। ਤੋਰ ਤਾਤ[੫] ਤਾੜਹਿਗੋ[੬] ਤਾਤਾ[੭]! । ਹਿਤ ਕਰਿ ਪਢਹੁ ਨ,ਖੇਲਹਿ ਰਾਤਾ' ॥ ੩ ॥ ਨੈਨ ਨੀਰ ਬਾਰਿਕ ਕੀ ਨਜਾਈਂ। ਅਵਨੀ ਖਨਤਿ[੮] ਸੋਤ ਸੁਖਦਾਈ। ਕਰ ਸੋਂ ਕਰ ਗਹਿ ਕਰਿ ਪੁਨ ਮਾਤਾ॥ ਅੰਕ ਬਸਾਇ[੯] ਕਹਤੋ ਬਹੁ ਭਾਂਤਾ ॥ ੪ ॥ 'ਭੂਖਨ ਅਵਰ ਦੇਹਿਂ ਘਰਿਵਾਈ। ਭੋਜਨ ਮਧੁਰ ਲੇਹੁ ਨਿਤ ਖਾਈ। ਜੇ ਅਬ ਪਢਹਿਂ ਪ੍ਰੀਤ ਕਰਿ ਲੇਖਾ। ਕਾਰਜ ਆਵਹਿ ਹੋਇੰ ਵਿਸ਼ੇਖਾ[੧੦]' ॥੫॥ਦੋਹਰਾ॥ ਅਜਿਰ[੧੧] ਮਾਂਝ ਬਿਚਰਤਿ ਬਹੁਰ ਸੰਝ ਭਈ ਜਿਹ ਕਾਲ ॥ ਕਾਲੂ ਆਲਯ ਆਇ ਪਿਖਿ ਲੋਚਨ ਲਾਲ ਕ੍ਰਿਪਾਲ[੧੨]॥੬॥ ਚੌਪਈ ॥ ਪ੍ਰੇਮ ਮੋਦ ਸੋਂ ਗਰੇ ਲਗਾਯੋ ॥ ਬੈਸ ਮੰਚ[੧੩] ਪਰ ਅੰਕ ਬਸਾਯੋ। 'ਪਢਜੋ ਆਜ ਜੋ ਮੁਝੇ ਸੁਨਾਇ। ਕੋ ਬਿਧਿ ਪਾਂਧਾ ਤੁਝਹਿ ਪਢਾਇ?' ॥ ੭ ॥ ਸੁਨਿ ਕਰਿ ਪਿਤਾ ਬਚਨ ਨਿਜ ਕਾਨਨ। ਕੇਤਿਕ ਪੈੜੇ[੧੪] ਕਹਿ ਕਮਲਾਨਨ[੧੫]। ਹਿਤੂ ਹੁਤੇ ਸੋ ਬਾਰਿਕ ਆਏ।ਪੁਨ ਉਠਿਕਰਿ ਤਿਨ ਸੰਗ ਸਿਧਾਏ ॥ ੮ ॥ ਖੇਲਨ ਲਗੇ ਬੀਥਕਾ ਮਾਂਹੀ[੧੬]। ਚੰਦ ਚਾਂਦਨੀ ਪੂਰਨ ਜਾਂਹੀ। ਸ੍ਰੀ ਮੁਖ ਨਾਨਕ ਭਨਹਿ ਕਹਾਨੀ। ਭਜਨ ਭਗਤਿ ਸੋਂ ਮਿਲੀ ਜੁ ਬਾਨੀ[੧੭] ॥੯॥ ਦੋਹਰਾ ॥ ਮਧੁਰ[੧੮] ਸੁਧਾ ਸਮ ਬਚਨ ਸੁਨਿ ਤੂਸ਼ਨ ਹੋਵਹਿਂ ਬਾਲ। ਹਿਤ ਤੇ ਤ੍ਰਿਪਤ[੧੯] ਨ ਚਿਤ ਬਿਖੈ ਚਾਹਹਿਂ ਚੌਂਪ ਬਿਸਾਲ ॥੧੦॥ ਚੌਪਈ॥ ਜੀਹ[੨੦] ਕਮਾਨ ਬਚਨ ਜਿਉ ਬਾਨਾ[੨੧]। ਮਧੁਰਾਈ ਮਧ[੨੨] ਭਲਕ[੨੩] ਸਮਾਨਾ॥ ਤੀਖਨ ਕਰੇ ਸਾਨਚਤੁਰਾਈ[੨੪]। ਨਾਨਾ ਉਕਤਿਨਿ[੨੫] ਪੀਖ ਸੁਹਾਈ ॥ ੧੧ ॥ ਬਾਲ ਬ੍ਰਿੰਦ ਹਿਰਦਾ[੨੬] ਲਛ[੨੭] ਭੇਦਾ[੨੮]। ਭਏ ਲਟੂਹਾ[੨੯] ਹੋਇ ਅਖੇਦਾ[੩੦] ।ਤਜਿ ਕਰਿ ਸੰਗ ਸਦਨ ਨਹਿਂ ਜਾਵਹਿਂ।ਮਾਤ ਪਿਤਾ ਤਬ ਆਨਿ ਬੁਲਾਵਹਿਂ ॥੧੨॥ ਗਹਿਕਰਿ ਲੇਜਾਵਹਿ ਬਰਿਆਈ[੩੧]।ਤਜਿ ਨਹਿਂ ਸਕਈ

---

[੧]ਲੱਕ ਵਿਚ ਤੜਾਗੀ। [੨]ਅਵਾਜ। [੩]ਪ੍ਰਗਟ। [੪]ਸੰਧਜਾ ਪਈ ਤੋਂ ਪਹਿਲੇ। [੫]ਪਿਤਾ। [੬]ਤਾੜੇਗਾ। [੭]ਹੇ ਪੁੱਤ੍ਰ!। [੮]ਜ਼ਮੀਨ ਖੋਤ੍ਰਨ ਲੱਗੇ। [੯]ਗੋਦੀ ਬਿਠਾਕੇ। [੧੦](ਜਦੋਂ ਤੂੰ) ਵੱਡਾ ਹੋਇਓਂ। [੧੧]ਵੇਹੜੇ। [੧੨]ਪਿਆਰੇਨੇਤ੍ਰਾਂ ਵਾਲੇ ਕ੍ਰਿਪਾਲੂ(ਗੁਰੂ ਜੀ ਨੂੰ)। [੧੩]ਪਲੰਘ। [੧੪]ਪਹਾੜੇ। [੧੫]ਕਵਲ ਵਰਗੇ ਮੁਖੜੇ ਵਾਲੇ ਨੇ ਸੁਣਾਏ। [੧੬]ਗਲੀ ਵਿਚ। [੧੭]ਜਿਹੜੀ ਬਾਣੀ। [੧੮]ਮਿੱਠੇ। [੧੯]ਰੱਜੇ। [੨੦]ਜੀਭ। [੨੧]ਬਾਣ,ਤੀਰ। [੨੨]ਵਿੱਚ ਮਿਠਤ। [੨੩]ਚਿੱਲਾ। [੨੪]ਚਤੁਰਾਈ ਰੂਪੀ ਸਾਣ ਤੇ। [੨੫]ਜੁਕਤੀਆਂ। [੨੬]ਸਾਰੇ ਬਾਲਾਂ ਦਾ ਹਿਰਦਾ ਰੂਪ। [੨੭]ਨਿਸ਼ਾਨਾਂ। [੨੮]ਵਿੰਨ੍ਹਿਆਂ ਗਿਆ। [੨੯]ਮੋਹਿਤ। [੩੦]ਦੁਖ ਰਹਿਤ। [੩੧]ਧਿੰਗੋਜੋਰੀ

ਮਨ ਬਿਰਮਾਈ[੧]। ਰੁਚਿਰ ਬਚਨ ਕੀ ਰੁਚਿ ਅਧਿਕਾਈ। ਸੁਨਿ ਸੁਨਿ ਪੁਨ ਮਨ ਹੋਤਿ ਸਵਾਈ ॥੧੩॥ ਪ੍ਰਵੇਸ਼ਟਿਤਿ[੨] ਬਾਰਿਕ ਚਹੁੰ ਪਾਸਾ। ਪੁੰਨਵਾਨ ਜਿਨ ਕੇ* ਅਘ[੩] ਨਾਸ਼ਾ। ਨਾਨਕ ਬੈਸਹਿ ਬੀਚ ਬਿਰਾਜਹਿ। ਬਚ ਸੁਨਿ ਜਿਨਹਿ ਸੁਧਰਮਾ[੪] ਲਾਜਹਿ ॥ ੧੪ ॥ ਬਦਨ[੫] ਬਿਲੋਕਹਿਂ[੬] ਨਿਜ ਨਿਜ-ਦਿਸ[੭] ਸੋ[੮]। ਲਖਹਿਂ ਕੌਡ ਕੋ ਨਹਿਂ ਤਹਿਂ ਸਿਸ[੯] ਸੋ। ਸਭਿ ਮਨ ਜਾਨਹਿਂ –ਮੁਝੇ ਸੁਨਾਵਹਿਂ–। ਰੋਕ ਰਿਖੀਕ[੧੦] ਸੁਨਹਿਂ ਮਨ ਭਾਵਹਿਂ ॥੧੫॥ ਦੋਹਰਾ ॥ ਮਿਲਿ ਬਾਲਿਕ ਸੋਂ ਖੇਲਤੇ ਚਲਿ ਆਏ ਨਿਜ ਧਾਮ। ਅੰਨ ਖਾਇ ਕਰ ਮਾਤ ਤੇ ਸੂਤੇ ਤਨ ਅਭਿਰਾਮ[੧੧] ॥ ੧੬ ॥ ਚੌਪਈ ॥ ਜਾਮ ਜਾਮਨੀ[੧੨] ਜਾਗਨ ਨੇਮਾ। ਜਬ ਕਾ ਤਨ ਧਰਿ ਦਾਨੀ ਛੇਮਾ[੧੩]।ਭੋਰ ਭਈ ਕੀਨੋ ਇਸ਼ਨਾਨਾ। ਪਟ ਪਹਿਰੇ ਸੁੰਦਰ ਬਿਧਿ ਨਾਨਾ ॥ ੧੭ ॥ਦਿਵਸ ਚਰੇ ਕਾਲੂ ਗਹਿ ਹਾਥ। ਲੈ ਚਟਸਾਰ ਚਲ੍ਯੋ ਨਿਜ ਸਾਥਾ। ਪਾਂਧੇ ਸੋਂ ਬੋਲ੍ਯੋ ਹਿਤ ਧਰਿਕੈ। 'ਦੇਹੁ ਪਢਾਇ ਰਿਦੇ ਰੁਚਿ ਕਰਕੈ'॥੧੮॥ਸੁਨਿ ਬੋਲ੍ਯੋ ਮਨ ਸੋ[੧੪] ਕਰਿ† ਬੰਦਨ। 'ਬਿਦਿਆ ਨਿਪੁਨੰ[੧੫] ਕੁਮਤਿ[੧੬] ਨਿਕੰਦਨ[੧੭]। ਇਸ ਤੇ ਅਧਿਕ ਜੁ ਹੋਇ ਪਢਾਵੈ। ਜਗਤ ਮਾਂਹਿ ਸਮ ਕੋ ਨ ਦਿਸਾਵੈ‡ ॥ ੧੯ ॥ ਦੋਹਰਾ ॥ ਸੁਤ[੧੮] ਕੋ ਸੁਤ ਨਹਿਂ ਜਾਨਿਯੋ ਹੈ ਕਿਹਕੋ ਅਵਤਾਰ॥ਬਿਨਾ ਪਢੇ ਹੀ ਪਢਿਰਹ੍ਯੋ ਸਭਿਨਿ ਪਢਾਵਨ ਹਾਰ ॥੨੦॥ਚੌਪਈ॥ ਇਸ ਪਢਨੇ ਕੋ ਪਰਹੁ ਨ ਖ੍ਯਾਲੋ। ਸਭਿ ਕਰਤਾ ਜੋ ਬਿਦ੍ਯਾ ਜਾਲੋ[੧੯]।ਦੀਪ ਦਿਪਾਇ[੨੦] ਬ੍ਰਿਤਾਸ ਸਮ੍ਹਾਈ[੨੧]§। ਤਮ[੨੨] ਹਰਿਬੇ ਕੋ ਨਰ ਉਦਤਾਈ[੨੩] ॥ ੨੧ ॥ ਦੀਪਕ ਤੇ ਕ੍ਯਾ ਹੁਇ ਪਰਕਾਸ਼। ਫੀਕੀ ਪ੍ਰਭਾ[੨੪] ਪਰੈ ਅਗਿ ਤਾਸਾ[੨੫]'।ਸੁਤ ਉਸਤਤਿ ਸੁਨਿਸ਼੍ਰੁਤਿ ਮਹਿਂ ਕਾਲੂ। ਬਿਨ ਸ਼ਰਧਾ ਉਰ ਹਰਖ ਬਿਸਾਲੂ ॥੨੨॥ ਹਟਿ ਕਰਿ ਘੌਰ ਆਵਤਿ ਭਾ ਸੋਊ। ਕਰਨ ਲਗ੍ਯੋ ਕਾਰਜ ਨਿਜ ਜੋਊ। ਸ਼੍ਰੀ ਨਾਨਕ ਕੀ

---

[੧]ਮਨ ਮੋਹਿਤ ਹੋ ਰਿਹਾਹੈ। [੨]ਘੇਰੇ ਹੋਏ। [੩]ਪਾਪ। [੪]ਇੰਦਰ ਸਭਾ। [੫]ਮੁਖ। [੬]ਦੇਖਦੇ ਹਨ। [੭]ਆਪੋ ਆਪਣੀ ਤਰਫ। [੮]ਉਹ (ਬਾਲ)। [੯]ਬੱਚੇ। [੧੦]ਇੰਦ੍ਰੀਆਂ ਨੂੰ। [੧੧]ਸੁੰਦਰ। [੧੨]ਪਹਿਰ ਰਾਤ (ਰਹਿੰਦੀ)। [੧੩]ਮੁਕਤੀ ਦਾਤੇ ਨੇ। [੧੪]ਉਹ (ਭਾਵ ਪੰਡਤ)। [੧੫]ਚਤੁਰ। [੧੬]ਖੋਟੀ ਬੁੱਧੀ ਦੇ। [੧੭]ਨਾਸ਼ ਕਰਨ ਵਾਲੇ। [੧੮]ਪੁੱਤ੍ਰ। [੧੯]ਸਮੂਹ। [੨੦](ਜੇ ਕੋਈ) ਦੀਵਾ ਬਾਲੇ। [੨੧]ਸੂਰਜ ਦੇ ਸਾਹਮਣੇ। [੨੨]ਅਨ੍ਹੇਰਾ। [੨੩]ਉਦਮ ਕਰੇ। [੨੪]ਪ੍ਰਕਾਸ਼। [੨੫]ਤਿਸ (ਸੂਰਜ) ਦੇ ਅੱਗੇ।

*ਪਾਠਾਂਤ੍ਰ–ਜਿਹਕੇ–ਬੀ ਹੈ। †–ਮੈਂ–ਪਾਠਾਂਤ੍ਰ ਹੈ। ‡ਪਾਠਾਂਤ੍ਰ–ਜਗ ਮਹਿਂ ਸਮ ਕੋ ਕੌਨ ਦਿਸਾਵੈ। §ਪਾਠਾਂਤ੍ਰ–ਸਹਾਈ।

ਇੱਛਾ ਜਹਿੰਵਾ। ਬਿਚਰਹਿਂ ਬਾਲਕ ਮਹਿਂ ਮਿਲਿ ਤਹਿੰਵਾ ॥੨੩॥ ਦੋਹਰਾ ॥ ਮਸਤਕ ਆਯੁਤਿ[੧] ਦਿਪਤਿ[੨] ਦੁਤਿ[੩] ਚਿਤ ਮੋਹਤਿ ਨਰ ਬਾਲ[੪]। ਕਮਲ ਦਲਨ[੫] ਸੇ ਦ੍ਰਿਗ[੬] ਲਲਿਤ[੭], ਆਲਯ ਲਾਜ[੮], ਬਿਸਾਲ[੯] ॥ ੨੪ ॥ ਚੌਪਈ ॥ ਦਸਨ[੧੦] ਦਮਕ ਅਧਰਨ[੧੧] ਮਧ[੧੨] ਐਸੇ। ਗਿਰਾ ਸਦਨ[੧੩] ਹੀਰਾਵਲਿ[੧੪] ਜੈਸੇ। ਭੁਜ[੧੫] ਸੁੰਦਰ ਕਰਿ ਸਜਤਿ ਕਿਯੂਰਾ[੧੬]। ਕਲ[੧੭] ਕੁੰਡਲ ਸ਼੍ਰੋਨਨਿ[੧੮] ਛਬਿ ਰੂਰਾ[੧੯]॥੨੫॥ ਜਿਹ ਹੇਰਹਿਂ ਕਰੁਨਾ ਕੀ ਕੋਰਾ[੨੦]। ਤਾਂਹਿ ਭਵੋਦਧਿ[੨੧] ਤੇ ਦੇਂ ਧੋਰਾ[੨੨]।ਇਕ ਬਾਸੁਰ ਕਾਗਦ ਕੁਛ ਲੀਨੇ। ਲਘੁ ਪੋਥੀ ਸੀ ਕਰਹਿ ਅਸੀਨੇ ॥ ੨੬ ॥ ਜਿਹ ਜਿਹ ਕੁਲ ਉਪਜਹਿ ਜੋ ਜੋਊ ॥ ਦੇਖਿ ਵਡਨ ਸਿਸੁ ਖੇਲਹਿ ਸੋਊ। ਕਰ ਮਹਿਂ ਗਹੇ ਕਰਹਿਂ ਤਿਉਂ ਲੀਲਾ ॥ ਪਤਿਤ ਉਧਾਰਨਿ ਬਿਰਦ ਗਹੀਲਾ[੨੩] ॥ ੨੭ ॥ ਦੋਹਰਾ ॥ ਕਾਲੂ ਚਲਿ ਤਿਸ ਕਾਲ ਮਹਿਂ ਆਇ ਲਾਲ ਕਲ[੨੪] ਦੇਖਿ। ਬੋਲਯੋ ਬੋਲ ਬਿਲਾਸ ਕੇ ਪ੍ਰੇਮ ਧਰੇ ਜਿਉਂ ਬੇਖ ॥ ੨੮ ॥ ਚੌਪਈ ॥ 'ਕਹਹੁ ਤਾਤ! ਕਾਗਦ ਕਰ ਲੀਨੇ। ਕਯਾ ਤੁਮ ਪਢਹੁ ਸਿਸੁਨਿ ਮਹਿਂ[੨੫] ਭੀਨੇ?। ਨੈਕ ਨ ਇਤ ਉਤ ਹੇਰਤਿ ਕਾਹੂ[੨੬]। ਰਿਦਾ ਲਗਾਯੋ ਕਾਗਦ ਮਾਂਹੂ* ॥ ੨੯ ॥ ਜਿਉਂ ਪੰਡਿਤ ਬੇਦਾਂਤ ਬਿਚਾਰਤਿ। ਨੈਕ ਨ ਮਨ ਕੋ ਕਿਤਹੂੰ ਟਾਰਤਿ'। ਸੁਨਿਕਰਿ ਪਿਤਾ ਬਚਨ ਕੋ ਬੋਲੇ। ਸੰਪਟ ਬਿੱਦ੍ਰਮ[੨੭] ਅੰਮ੍ਰਿਤ ਖੋਲੇ ॥ ੩੦ ॥ 'ਸਪਤ ਸ਼ਲੋਕੀ ਪਢਿ ਹੌਂ ਗੀਤਾ। ਅਰਥ ਵਿਚਾਰੌਂ ਤਿਹ ਕਰਿ ਪ੍ਰੀਤਾ। ਜਿਸ ਕੇ ਪਢਨ ਵਿਚਾਰਨ ਕਰਿਕੈ। ਸ਼ੁਭ ਮਾਰਗ ਪਰਹਹਿਂ ਹਿਤ ਧਰਿਕੈ' ॥੩੧॥ ਦੋਹਰਾ ॥ ਕਾਲੂ ਉਰ ਅਚਰਜ ਕਰਤਿ ਅਚਰਜ ਬਚਨ ਸੁਨੇ ਜੁ। ਲਖਨੇ ਕੀ ਲਾਲਸ ਲਗੀ ਕੂਰ ਕਿ ਸਾਚ[੨੮] ਭਨੇ ਜੁ[੨੯] ॥ ੩੨ ॥ ਚੌਪਈ ॥ 'ਮੁਝ ਕੌ ਪਢਿ ਕਰਿ ਦੇਹੁ ਸੁਨਾਈ।ਅਰਥ ਭਨਹੁ[੩੦] ਜਿਉਂ ਪਰਹਿ ਲਖਾਈ[੩੧]'। ਸੁਨਿ ਪਿਤ ਕੀ ਬਾਨੀ ਸੁਖ ਖਾਨੀ। ਅਰਥ ਕਹਤਿ ਭੇ ਜਿਹ ਦੁਖ ਹਾਨੀ ॥ ੩੩ ॥

---

[੧]ਚੌੜ। [੨]ਪ੍ਰਕਾਸ਼ਮਾਨ। [੩]ਕ੍ਰਾਂਤੀ। [੪]ਪੁਰਖਾਂ ਤੇ ਇਸਤ੍ਰੀਆਂ ਦਾ। [੫]ਕਵਲ ਪੱਤ੍ਰ। [੬]ਅੱਖਾਂ। [੭]ਸੁੰਦਰ। [੮]ਸ਼ਰਮ ਦਾ ਘਰ। [੯]ਬੜੀਆਂ। [੧੦]ਦੰਦਾਂ ਦੀ। [੧੧]ਹੋਠਾਂ। ਵਿਚ। [੧੩]ਸਰਸ੍ਵਤੀ ਦੇ ਘਰ। [੧੪]ਹੀਰਿਆਂ ਦੀਆਂ ਲੜੀਆਂ। [੧੫]ਬਾਹਾਂ। [੧੬]ਬਹੁੱਟੇ। [੧੭]ਸੁੰਦਰ। [੧੮]ਕੰਨਾਂ ਵਿਚ। [੧੯]ਸੁਹਣੀ ਛਬੀ ਦੇ ਰਹੇ ਹਨ। [੨੦]ਮਿਹਰ ਦੇ ਮਟੱਕੇ ਨਾਲ। [੨੧]ਸੰਸਾਰ ਸਾਗਰ। [੨੨]ਆਸਰਾ। [੨੩]ਗ੍ਰਹਨ ਕਰਨ ਵਾਲੇ। [੨੪]ਸੁੰਦਰ ਪੁੱਤ੍ਰ। [੨੫]ਬੱਚਿਆਂ ਵਿਚ। [੨੬]ਥੋੜਾ ਬੀ ਕਿਤੇ ਇਧਰ ਉਧਰ ਨਹੀਂ ਵੇਖਦੇ। [੨੭]ਮੂੰਗਿਆਂ ਦਾ ਡੱਬਾ, ਭਾਵ ਮੂੰਹ ਖੋਲ੍ਹਿਆ। [੨੮]ਕੂੜ ਹੈ ਕਿ ਸੱਚ। [੨੯]ਜੋ ਆਖਦਾ ਹੈ। [੩੦]ਕਹੋ। [੩੧]ਸਮਝ ਪੈਣ। *ਪਾਠਾਂਤ੍ਰ–ਰਿਦਾ ਲਗਯੋ ਕਾਗਦ ਕੇ ਮਾਂਹੀ।

ਅਰਥ ਬਖਾਨਜੋ ਸਤਿਗੁਰ ਪੂਰੇ।ਭਵ ਤਾਰਨ ਕੋ ਜਿਹ ਪਦ ਰੂਰੇ*। ਬਚਨ ਬਦਤਿ ਅਧਭੁਤ ਲਘੁਗੀਤਾ।ਸੁਨਤਿ ਤਾਤ[੧] ਮ੍ਰਿਗ ਘੰਟਕ[੨] ਪ੍ਰੀਤਾ॥੩੪॥ ਪ੍ਰਥਮ ਪਾਠਕਰਿ ਪਰਮ ਪ੍ਰਬੀਨਾ। ਗਿਰਾ[੩] ਮਧੁਰ ਸੁੰਦਰ ਰਸ ਲੀਨਾ। ਬਹੁਰ ਅਰਥ ਕਰਿ ਸਭਿ ਸਮਝਾਯੋ। ਤਾਤਪਰਯ[੪] ਜੋ ਤਿਹ ਮਹਿਂ ਪਾਯੋ॥ ੩੫॥ ਸੁਨਿ ਕਰਿ ਕਾਲੂ ਕਰਤਿ ਬਿਚਾਰਾ।ਪੁਨ ਪਾਂਧੇ ਕੋ ਬਚਨ ਚਿਤਾਰਾ। –ਸੱਤਿ ਬਦਤਿ ਮਤਿ ਮਿਤ ਅਤਿ[੫] ਯਾਂਕੀ। ਬਯ ਲਘੁ[੬] ਮਹਿਂ ਏਤੀ ਮਤਿ ਕਾਂਕੀ–॥੩੬॥ ਦੋਹਰਾ॥ ਜਨਕ[੭] ਗਯੋ ਸੁਨਿ ਕਰਿ ਸਦਨ ਨਾਨਕ ਜਨਨੀ ਸੰਗ। ਬਚਨਨ ਸੋਂ ਬਰਨਨਿ ਕਰੀ ਸਭਿ ਬਿਧਿ ਰਿਦੇ ਉਮੰਗ॥ ੩੭॥ ਚੌਪਈ॥ 'ਪ੍ਰਥਮ ਜੋਤਿਕੀ ਗੁਨ ਗਨ[੮] ਗਾਏ। ਸ਼ੁਭ ਲੱਛਨ ਸਭਿ ਅੰਗ ਬਤਾਏ। ਪੁਨ ਪਾਂਧੇ ਗੋਪਾਲ ਬਖਾਨਾ।–ਸੁਤ ਤੁਮਰੋ ਅਤਿਸ਼ੈ ਮਤਿ-ਵਾਨਾ–॥ ੩੮॥ ਅਬ ਬਾਰਿਕ ਮਹਿਂ ਕਾਗਦ ਲੀਨੇ॥ ਖੇਲਤਿ ਹੁਤੋ ਪ੍ਰੀਤਿ ਚਿਤਿ ਚੀਨੇ। ਮੈਂ ਬੂਝਯੋ–ਕਯਾ ਖੇਲਹੁ ਤਾਤਾ!–। ਸੁੰਦਰ ਗਿਰਾ ਕਹੀ ਸੁਖਦਾਤਾ॥੩੯॥ ਸਪਤ ਸ਼ਲੋਕੀ ਗੀਤਾ ਭਾਖੀ।ਜਨੁ ਪੰਡਤ ਤੇ ਪਢਿ ਕਰਿ ਰਾਖੀ। ਅਬ ਤੌ ਮਤਿ ਗੁਨਵਾਨਨਿ ਜੈਸੀ। ਵਡੇ ਹੋਇ ਕਯਾ ਜਾਨਹਿਂ ਕੈਸੀ?' ॥੪੦॥ ਸੁਨਿ ਪੁਨ ਕਹਤ ਭਈ ਗੁਰ ਮਾਤਾ। 'ਸ਼ੁਭ ਲੱਛਨ ਇਸ ਮਹਿਂ ਬਖਯਾਤਾ[੯]।ਬਦਨ[੧੦] ਪ੍ਰਸੰਨ ਕਮਲ ਜਿਮ ਬਿਕਸਾ[੧੧]।ਰੋਦਨ ਸ਼ਬਦ[੧੨] ਨ ਮੁਖ ਤੇ ਨਿਕਸਾ॥ ੪੧॥ ਸਿਸੁ ਮਹਿਂ[੧੩] ਖੇਲਤਿ ਦੇਤਿ ਨ ਗਾਰੀ।ਕਹਤੌ ਨ ਕਿਸ ਸਿਉਂ ਮਧੁਰ ਉਚਾਰੀ। ਨਰਨਾਰੀ ਸਭਿ ਕਰਤਿ ਵਡਾਈ। ਸੰਗ ਫਿਰਹਿਂ ਬਾਰਿਕ ਬਰਿਆਈ[੧੪]॥੪੨॥ਬ੍ਰਿੱਧ ਨਰਨ ਜਿਉਂ[੧੫] ਭਨਹਿਂ ਕਹਾਨੀ। ਬਾਲਬਿਸਾਲ[੧੬] ਸੁਨਹਿਂ ਹਿਤ ਠਾਨੀ[੧੭]। ਮਾਤ ਪਿਤਾ ਸੁਤ ਉਸਤਤਿ ਕਹਿ ਕਰਿ। ਉਰ ਆਮੋਦ[੧੮] ਸੰਗ ਭੇ ਗਹਿਵਰ[੧੯]॥੪੩॥ ਉਤ ਸ਼੍ਰੀ ਨਾਨਕ ਖੇਲ ਮਚਾਵਤਿ। ਤਲਵੰਡੀ ਕੀ ਬੀਥੀ[੨੦] ਧਾਵਤਿ। ਚਢਹਿਂ ਤਰੋਵਰ[੨੧] ਜਸਪਦ[੨੨] ਕੂਦਹਿਂ[੨੩]।ਸਿਸੁ ਕੋ ਸਿਸੁ ਮਿਲ ਲੋਚਨ ਮੂੰਦਹਿਂ[੨੪]॥੪੪॥ਭਾਗ[੨੫]

---

[੧]ਪਿਤਾ। [੨]ਘੰਡੇਹੇੜੇ ਵਾਲੀ। [੩]ਬਾਣੀ। [੪]ਮਤਲਬ। [੫]ਅਨੰਤ ਬੁੱਧੀ। [੬]ਛੋਟੀ ਉਮਰ। [੭]ਪਿਤਾ। [੮]ਬਹੁਤੇ ਗੁਣ। [੯]ਪ੍ਰਗਟ। [੧੦]ਮੁਖੜਾ। [੧੧]ਖਿੜਿਆ। [੧੨]ਰੋਣ ਦੀ ਅਵਾਜ਼। [੧੩]ਬਾਲਾਂ ਵਿਚ। [੧੪]ਮੱਲੋ ਮੱਲੀ। [੧੫]ਵੱਡੇ ਮਨੁੱਖਾਂ ਵਾਂਙੂ। [੧੬]ਬਹੁਤੇ ਬਾਲ। (ਅ) ਬਾਲ ਤੇ ਵਡੇ। [੧੭]ਪ੍ਰੇਮ ਕਰਕੇ। [੧੮]ਖੁਸ਼ੀ। [੧੯]ਖਚਾਖਚ,ਸਰਸ਼ਾਰ। [੨੦]ਗਲੀਆਂ ਵਿਚ। [੨੧]ਦਰਖਤ। [੨੨]ਛੇਤੀ। [੨੩]ਛਾਲਾਂ ਮਾਰਦੇ ਹਨ। [੨੪]ਅੱਖਾਂ ਮੀਟਦੇ ਹਨ। [੨੫]ਦੇੜ।

*ਅੰਕ ੩੩ ਦੇ–ਸੁਨ ਪਿਤ ...ਤੋਂ... ਰੂਰੇ–ਤਕ ਚਾਰ ਪਾਦ ਇਕ ਲਿਖਤ ਦੇ ਨੁਸਖੇ ਵਿਚ ਹੈਨ, ਛਾਪੇ ਵਿਚ ਨਹੀਂ।

ਚਲਹਿਂ ਨਹਿਂ ਦੇਤਿ ਗਹਾਈ[੧]। ਅਤਿ ਲਘੁਤਾ[੨] ਕਰਿ ਹ੍ਵੈ ਹੈ ਦਾਈ*।
ਇਕ ਇਕ ਕੋ ਲੈ ਕੰਧ ਉਚਾਈ[੩]। ਜਾਹਿ[੪] ਨਿਸ਼ਾਨੀ ਜਹਾਂ[੫] ਬਨਾਈ ॥
੪੫ ॥ ਜਹਿਂ ਬਹੁ ਧੂਰਿ ਬਨਾਵਹਿਂ ਢੇਰੀ।ਬਦਬਦ ਕੂਦ ਕੁਲਾਚਨ ਕੇਰੀ[੬]।
ਬੇਦੀ ਬੰਸਨ ਕੇ ਸਿਸਚਾਰੂ[੭]। ਜਿਨ ਪਹਿਰੇ ਭੂਖਨ ਧੁਨਿ ਕਾਰੂ ॥ ੪੬ ॥
ਬਹੁ ਬੈਸਿਨ ਕੇ ਸਿਸੁ[੮] ਤਿਹ ਥਾਂਈ। ਕਾਕਪੱਖ†[੯] ਜਿਨ ਸੀਸ ਬਨਾਈ।
ਬਿੱਪ੍ਰਨ ਕੇ ਬਾਲਿਕ ਮਿਲਿ ਬ੍ਰਿੰਦਾ।ਖੇਲਤਿ ਤਜਹਿਂ ਨ ਸੰਗ ਮੁਕੰਦਾ॥੪੭॥
ਏਕ ਬਾਰ ਬਾਰਿਕ ਜੋ ਆਯੋ। ਪੁਨਿ ਆਵਹਿ ਨਿਤ ਚਿਤ ਬਿਰਮਾਯੋ[੧੦]।
ਭੂਰ[੧੧] ਭਾਗ ਜਾਗੇ ਜਿਨ ਮਾਥੇ। ਕਰਹਿਂ ਸਪਰਸ਼ਨ ਬੋਲਨ ਸਾਥੇ ॥੪੮॥
ਨਰਾਜ ਛੰਦ ॥ ਸਿਸੋਂ[੧੨] ਵਿਖੇ ਬਿਨਾ ਲਖੇ ਅਖੇਲ ਖੇਲ ਖੇਲਹੀਂ। ਮਿਲਾਇ
ਬ੍ਰਿੰਦ[੧੩]ਬਾਲ ਕੋ ਪਹੇਲ ਲਾਲ ਮੇਲਹੀਂ[੧੪]।ਧਰਾ ਸਰੀਰ ਹੇਤ ਦੰਭ ਮਾਨ ਕੋ
ਨਿਕੰਦਨਾ[੧੫]। ਸੰਤੋਖ ਸਿੰਘ ਬੰਦ ਦੋ ਕਰੀ[੧੬] ਮੁਕੰਦ ਬੰਦਨਾ ॥ ੪੯ ॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲ ਲੀਲ੍ਹਾ' ਪ੍ਰਸੰਗ ਬਰਨਨੰ ਨਾਮ ਸਪਤਮੋ ਧ੍ਯਾਇ ॥ ੭ ॥

੮. [ਗੁਰ ਸਿੱਖ ਦਾ ਮੰਗਲ। ਮੁੱਲਾਂ ਪ੍ਰਤਿ ਉਪਦੇਸ਼]।

ਕਬਿੱਤ ॥ ਬਾਨ ਜਿਮ ਲੱਛ ਪਰ, ਬੀਰਭੱਦ੍ਰ ਦੱਛ ਪਰ, ਨਦੀ ਮਧ ਮੱਛ ਪਰ
ਦਾਸ ਜਾਲਪਾਨ ਹੈ। ਸ਼ੇਰ ਜਿਮ ਭੱਛ ਪਰ, ਬਾਜ ਜਿਮ ਪੱਛ ਪਰ, ਚੇਡਿ
ਬਿੜ੍ਹਾਲੱਛ ਪਰ ਕੀਨ ਦ੍ਰਿਤਿ ਹਾਨ ਹੈ। ਰਾਮ ਛਿਤਪਾਲ ਪਰ, ਰਾਮ ਸੁਰ-
ਸਾਲ ਪਰ,ਰਾਮ ਮਘਪਾਲ ਪਰ ਜੈਸੇ ਸਾਵਧਾਨ ਹੈ। ਸ਼ੱਕ੍ਰ ਜਿਮ ਕੋਹ ਪਰ,
ਚੱਕ੍ਰ ਹਰਿ ਦ੍ਰੋਹ ਪਰ, ਗੁਰੂ ਸਿੱਖ ਮੋਹ ਪਰ ਤੈਸੇ ਬਲਵਾਨ ਹੈ ॥ ੧ ॥

ਬਾਨ=ਤੀਰ। ਲੱਛ=ਨਿਸ਼ਾਨਾ। [ਸੰਸ:, ਲਕ੍ਸ਼]
ਬੀਰ ਭੱਦ੍ਰ=ਸ਼ਿਵ ਜੀ ਦਾ ਇਕ ਗਣ। ਸ਼ਿਵ ਗਣ।
ਦੱਛ=ਸ਼ਿਵਜੀ ਦਾ ਸਹੁਰਾ, ਕਨਖਲ ਵਿਚ ਜਿਸ ਦਾ ਟਿਕਾਣਾ ਹੈ।
ਇਹ ਆਰਯ ਕੁਲ ਦਾ ਰਾਜਾ ਸੀ, ਐਸਾ ਪ੍ਰਤੀਤ ਦੇਂਦਾ ਹੈ ਕਿ

---

[੧]ਪਕੜਾਈ। [੨]ਛੋਤੀ। [੩]ਮੋਢੇ ਪਰ ਚੁੱਕਕੇ। [੪]ਜਾਂਦਾ ਹੈ (ਦਾਈ)। [੫]ਜਿੱਥੇ। [੬]ਬੰਨ੍ਹਕੇ ਸ਼ਰਤਾਂ ਛਾਲਾਂ ਮਾਰਨ ਦੀਆਂ। [੭]ਸੁੰਦਰ ਬਾਲ। [੮]ਬਾਣੀਆਂ ਦੇ ਪੁੱਤ੍ਰ। [੯]ਬੋਦੀਆਂ (ਅ) ਪਟੇ। [੧੦]ਮੋਹਿਤ ਹੋਇਆ। [੧੧]ਬੜੇ। [੧੨]ਬਾਲਕਿਆਂ। [੧੩]ਬਹੁਤੇ। [੧੪]ਲਾਲ ਜੀ ਬੁਝਾਰਤਾਂ ਪਾਉਂਦੇ ਹਨ। [੧੫]ਦੰਭ, ਮਾਨ ਕੱਟਣ ਵਾਸਤੇ। [੧੬]ਹੱਥ। (ਅ) ਕੀਤੀ ਹੈ। *ਖੇਲਨ ਵੇਲੇ ਇਕ ਲੜਕੇ ਨੂੰ ਦਾਈ ਥਾਪ ਲੈਂਦੇ ਹਨ ਤੇ ਉਸਨੂੰ ਹਥ ਲਾ ਜਾਣਾ ਛੋਤੀ ਨਾਲ ਤੇ ਫਿਰ ਦੌੜ ਜਾਣਾ, ਉਹ ਦਾਈ ਜਿਸ ਖਿਲਾੜੀ ਨੂੰ ਹੱਥ ਲਾ ਦੇਵੇ ਫਿਰ ਉਹ ਦਾਈ ਬਣਾਯਾ ਜਾਂਦਾ ਹੈ। †ਪਾਠਾਂਤ੍ਰ—ਕਾਕ ਪੱਖ।

ਸ਼ਿਵਜੀ ਪਹਿਲੇ ਹਿੰਦ ਵਾਸੀਆਂ ਦਾ ਰਾਜਾ ਸੀ ਜਿਨ੍ਹਾਂ ਤੋਂ ਆਰਯ ਸੂਗ ਕਰਦੇ ਸਨ। ਦੱਛ ਦੀ ਲੜਕੀ ਪਾਰਬਤੀ ਨੇ ਇਸ ਨੂੰ ਪਤੀ ਚੁਣਿਆਂ। ਜਦੋਂ ਦੱਛ ਨੇ ਯੱਗ ਵਿਚ ਸ਼ਿਵਾਂ ਦੀ ਯੋਗ ਪੂਜਾ ਨਾ ਕੀਤੀ ਤਾਂ ਪਾਰਬਤੀ ਸੜ ਮੋਈ, ਤੇ ਦੰਡ ਦੇਣ ਵਾਸਤੇ ਸ਼ਿਵ ਨੇ ਇਕ ਗਣ ਘੱਲਿਆ, ਉਸ ਕਥਾ ਵੱਲ ਇਸ਼ਾਰਾ ਹੈ। [ਸੰਸਃ ਦਕ੍ਸ਼]

ਮੱਧ=ਵਿਚ। ਮੱਛ=ਮੱਛੀਆਂ। ਦਾਸ ਜਾਲ ਪਾਨ=ਜਾਲ ਪਾਉਣ ਵਾਲਾ ਦਾਸ, ਭਾਵ ਝੀਵਰ। (ਅ) ਦਾਸ=ਝੀਵਰ, ਜਿਵੇਂ ਨਦੀ ਵਿਚ ਝੀਵਰ ਮੱਛ ਉਤੇ ਜਾਲ ਪਾਉਣ (ਵਿਚ ਸਮਰੱਥ) ਹੈ।

ਭੱਛ=ਕੋਈ ਚੀਜ਼ ਜੋ ਖਾਣ ਯੋਗ ਹੈ, ਸ਼ਿਕਾਰ। [ਸੰਸਃ, ਭਕ੍ਸ਼]

ਬਾਜ=ਇਕ ਸ਼ਿਕਾਰੀ ਪੰਛੀ [ਫਾਰਸੀ, ਬਾਜ਼]

ਪੱਛ=ਪੰਛੀ, ਚਿੜੀਆਂ [ਸੰਸਃ, ਪਕ੍ਸ਼ੀ] ਚੰਡਿ=ਚੰਡੀ।

ਬਿੜਾਲੱਛ=ਵਿਡਾਲ+ਅਕਸ਼–ਬਿੱਲੇ ਵਰਗੀਆਂ ਅਖਾਂ ਹੋਣ ਜਿਸਦੀਆਂ। ਇਕ ਰਾਕਸ਼ ਦਾ ਨਾਮ। ਬਿੜਾਲਾਕ੍ਸ਼ੀ=ਇਕ ਰਾਖਸ਼ੀ।

ਦੁਤਿਹਾਨ ਹੈ=ਸੁੰਦਰਤਾ ਨਾਸ਼ ਕੀਤੀ, ਭਾਵ ਉਨ੍ਹਾਂ ਮਾਰ ਘੱਤਿਆ। ਜੇ ਪਾਠ 'ਦ੍ਰੁਤ ਹਾਨ' ਹੋਵੇ ਤਾਂ ਅਰਥ ਬਣੇਗਾ–ਛੇਤੀ ਨਾਸ਼ ਕੀਤਾ।

ਰਾਮ=ਰਾਮ ਤ੍ਰੈ ਹੋਏ ਹਨ, ਪਰਸਰਾਮ, ਰਾਮਚੰਦ੍ਰ ਤੇ ਬਲਰਾਮ, ਇਥੇ ਰਾਮ ਦਾ ਅਰਥ ਪਰਸਰਾਮ ਹੈ ਜਿਸ ਨੇ ਤ੍ਰੇਤਾ ਜੁਗ ਵਿਚ ਖੱਤ੍ਰੀ ਜਾਤ ਦੇ ਰਾਜੇ ਮਾਰੇ।

ਛਿਤਪਾਲ=ਧਰਤੀ ਦੇ ਪਾਲਣ ਵਾਲੇ; ਭਾਵ ਰਾਜੇ। ਮੁਰਾਦ ਖੱਤ੍ਰੀ ਰਾਜਿਆਂ ਤੋਂ ਹੈ ਜੋ ਦੇਸ਼ ਦੇ ਮਾਲਕ ਸਨ।

ਰਾਮ=ਦੂਸਰਾ ਰਾਮ, ਦਸਰਥ ਦਾ ਪੁੱਤ੍ਰ–ਸ੍ਰੀ ਰਾਮਚੰਦ੍ਰ।

ਸੁਰਸਾਲੁ=ਦੇਵਤਿਆਂ ਨੂੰ ਸਤਾਉਣ ਵਾਲਾ, ਰਾਵਣ।

ਰਾਮ=ਤੀਸਰਾ ਰਾਮ, ਬਲਿਰਾਮ, ਕ੍ਰਿਸ਼ਨ ਜੀ ਦਾ ਭਰਾ ਜੋ ਦ੍ਵਾਪਰ ਵਿਚ ਹੋਇਆ ਹੈ, ਜਿਸ ਨੇ ਜਰਾਸਿੰਧ ਨੂੰ ਮਾਰਿਆ ਸੀ।

ਮਘਪਾਲ=ਮਗਧ ਦੇਸ਼ ਦਾ ਰਾਜਾ, ਭਾਵ ਜਰਾਸਿੰਧ ਤੋਂ ਹੈ। ਮਘ ਤੋਂ ਮੁਰਾਦ ਮਘਧ ਦੇਸ਼ ਦੀ ਹੈ ਜੋ ਅੱਜ ਕਲ ਬਿਹਾਰ ਉੜੀਸਾ ਦੇ ਸੂਬੇ ਵਿੱਚ ਹੈ।

ਸਾਵਧਾਨ=ਖ਼ਬਰਦਾਰ, ਤਯਾਰ ਬਰ ਤਯਾਰ, ਮੁਰਾਦ–ਹਾਵੀ–ਤੋਂ ਹੈ।

ਸ਼ੱਕ੍ਰ=ਇੰਦ੍ਰ। [ਸੰਸਃ, ਸ਼ਕ੍ਰ]

ਕੋਹ=ਪਹਾੜ। [ਫਾਰਸੀ, ਕੋਹ]

ਚੱਕ੍ਰ ਹਰਿ=ਉਹ ਸ਼ਸਤ੍ਰ ਜੋ ਵਿਸ਼ਨੂੰ ਦੇ ਹੱਥ ਵਿਚ ਮੰਨਿਆਂ ਹੈ, ਜਿਹਾ ਕਿ ਨਿਹੰਗ ਸਿੰਘਾਂ ਦੇ ਦੁਮਾਲੇ ਵਿਚ ਹੁੰਦਾ ਹੈ। ਚੱਕ੍ਰ ਹਰਿ= ਵਿਸ਼ਨੂੰ ਦਾ ਚੱਕ੍ਰ।

ਦ੍ਰੋਹ ਪਰ=ਦ੍ਰੋਹੀਆਂ ਪਰ। ਦ੍ਰੋਹੀ=ਓਹ ਲੋਕ ਜੋ ਭਲੇ ਪੁਰਖਾਂ, ਸੰਤਾਂ ਨਾਲ ਖ਼ਾਰ, ਵੈਰ ਤੇ ਉਪੱਦ੍ਰਵ ਕਰਦੇ ਹਨ।

ਅਰਥ—ਤੀਰ ਜੀਕੂੰ ਨਿਸ਼ਾਨੇ ਉਤੇ, ਸ਼ਿਵ ਗਣ (ਜੀਕੂੰ) ਦੱਛ ਉਤੇ, ਨਦੀ ਵਿਚ ਮੱਛ ਉਤ (ਜਿਵੇਂ) ਝੀਵਰ ਜਾਲ ਪਾਉਣ ਵਿਚ (ਬਲਵਾਨ) ਹੈ।

ਸ਼ੇਰ ਨੇ ਜੀਕੂੰ ਸ਼ਿਕਾਰ ਉਤੇ, ਬਾਜ਼ ਨੇ ਜੀਕੂੰ ਚਿੜੀ ਉਤੇ, ਚੰਡੀ ਨੇ (ਜਿਵੇਂ) ਬਿੜਾਲੱਛ (ਨਾਮੇ ਦੈਤ) ਉਤੇ (ਪੈਕੇ ਉਨ੍ਹਾਂ ਦੀ) ਸ਼ੋਭਾ ਹਾਨ ਕੀਤੀ ਹੈ।

ਪਰਸਰਾਮ ਛੱਤ੍ਰੀਆਂ ਉਤੇ, ਰਾਮਚੰਦ ਰਾਵਣ ਉਤੇ, ਬਲਿਰਾਮ ਜਰਾਸਿੰਧ ਉਤੇ ਜੀਕੂੰ ਖਬਰਦਾਰ (ਭਾਰੂ) ਹੈਨ।

ਇੰਦ੍ਰ ਜੀਕੂੰ ਪਹਾੜ ਉਤੇ, ਹਰਿ ਦਾ ਚੱਕ੍ਰ ਜੀਕੂੰ ਦ੍ਰੋਹੀਆਂ ਉਤੇ ਤੈਸੇ ਗੁਰੂ ਸਿੱਖ ਮੋਹ ਉਤੇ ਬਲਵਾਨ ਹੈ।

ਦੋਹਰਾ ॥ ਕਹਿ ਬਾਲਾ ਸ੍ਰੀ ਗੁਰੂ ਜੀ! ਸੁਨਹੁ ਕਥਾ ਇਤਿਹਾਸ। ਜੈਸ ਭਾਂਤਿ ਹਰਿ[1] ਖੇਲ ਹੀਂ ਕਟੰਤਿ ਜੁ ਕਲਿਮਲ ਦਾਸ ॥ ੨ ॥ ਸ੍ਵੈਯਾ ॥ ਬਾਲਕ ਸੋਂ ਮਿਲ ਖੇਲਤਿ ਖੇਲਨ ਲਾਲ ਬਿਲੋਕਤ ਤਾਤ[2] ਦੁਲਾਰੈ। ਸੁੰਦਰ ਭੂਖਨ ਚੀਰ ਸਰੀਰ ਧਰੇ ਤਲਵੰਡੀ ਕੀ ਬੀਥੀ ਬਿਹਾਰੈਂ। ਦੌਰ ਚਲੈਂ ਕਬ ਬੈਸ ਰਹੈਂ ਕਬਹੂੰ ਮਧੁਰੇ ਮੁਖ ਬੈਨ ਉਚਾਰੈਂ। ਭੋਜਨ ਮਾਤ ਤੇ ਲੇਕਰਿ ਖਾਤਿ, ਖੁਵਾਵਤਿ ਹੇਰਤਿ ਹੋ ਬਲਿਹਾਰੈ ॥ ੩ ॥ ਇਕ ਬਾਸੁਰ ਕਾਲੁ ਵਿਚਾਰ ਕੀਓ—ਪਢਨੈ ਬਿਨ ਨਾਨਕ ਬੈਸ[3] ਬਿਹਾਇ। ਕੌਨਸੀ ਕਾਰ ਕਰੈ ਗੁਜ਼ਰਾਨ ਕਹਾਂ[4] ਕਰਿਕੈ ਧਨ ਲੇਹਿ ਕਮਾਇ। ਨਿਜ ਕਾਰ ਕੀ ਰੀਤਿ ਬਿਨਾ ਨ ਬਨੇ ਕ੍ਰਿਤ, ਜੋ ਕਰਿ ਹੈ ਜਗ ਨਿੰਦ ਅਲਾਇ। ਅਬ ਮੋਕਉ ਯੋਗ ਪਢਾਵਨ ਹੈ ਬਡ ਹੋਇ ਜਬੈ ਨ ਪਢ੍ਯੋ ਤਬ ਜਾਇ— ॥੪॥ ਲੇ ਸੁਤ ਨਾਨਕ ਸੰਗ ਚਲ੍ਯੋ ਜਹਿਂ ਪਾਰਸੀ[5] ਬਾਲ ਪਢੈਂ ਮਿਲਿ ਬ੍ਰਿੰਦਾ। ਬੈਸ੍ਯੋ ਮੁਲਾਨੇ ਕੇ ਜਾਇ ਸਮੀਪ ਕਹੇ ਹਿਤ ਸੋਂ *ਬਚ ਆਰਤਮੰਦਾ[6]। 'ਮੇ ਸੁਤ ਹੇਤ ਸੋਂ ਦੇਹੁ ਪਢਾਇ ਪਢੈ ਇਹ ਤੂਰਨ ਹੈ ਮਤਿਵੰਦਾ। ਰੋਜ ਭਲੋ ਮੁਝ ਦੇਹੁ ਬਤਾਇ, ਬੈਸਾਵਹੁੰ ਆਨ ਪਢੈ ਤੁ ਅਨੰਦਾ' ॥ ੫ ॥ ਕਬਿੱਤ ॥ ਬੈਨ ਯੌਂ ਮੁਲਾਨੇ ਭਨੇ 'ਸੁਬਹਿ[7] ਦਿਵਸ ਭਲੋ ਮਕਤਬ[8] ਮਾਂਹੀ ਫਰਜ਼ੰਦ[9] ਕੋ ਬਿਠਾਈਏ। ਹੇਤ ਸੋਂ ਪਢਾਊਂ, ਨ ਖਿਲਾਫ[10] ਤੁਝ ਸੰਗ ਗਾਊਂ, ਹੇਰੋਂ ਹੋਸ਼ਵੰਦ[11] ਅਬ ਧਾਮ ਨਿਜ ਜਾਈਏ'। ਕਾਲੂ ਤਬ ਗਯੋ ਰੈਨ ਭਈ ਖਾਨ ਪਾਨ ਕੀਓ ਭੋਰ[12] ਸੋਂ ਬਹੋਰ ਉਠ ਦੇਖ੍ਯੋ ਸੁਖਦਾਈਏ। ਨਾਨਕ ਕੋ ਸੰਗ ਲੇਯ ਬੈਨ ਸੋਂ ਦਿਲਾਸੋ ਦੇਯ 'ਪਢੋ ਕਰਿ ਪ੍ਰੀਤਿ

[1]ਪਾਪਾਂ ਨੂੰ ਹਰਨ ਵਾਲੇ ਗੁਰੂ ਨਾਨਕ ਜੀ। [2]ਪਿਤਾ। [3]ਉਮਰ। [4]ਕਿਹੜੀ। [5]ਫਾਰਸੀ। [6]ਦਰਦ ਵਾਲੇ। [7]ਕੱਲ ਸਵੇਰੇ। [8]ਫਾਰਸੀ ਪੜ੍ਹਨ ਦੀ ਪਾਠਸ਼ਾਲਾ। [9]ਪੁੱਤ੍ਰ। [10]ਉਲਟੀ। [11]ਸਿਆਣਾ। [12]ਸਵੇਰੇ। *ਪਾਠਾਂਤ੍ਰ—ਤਿਹ ਸੋਂ—।

ਨੀਤਿ ਕਤਹੂੰ* ਨ ਧਾਈਏ’ ॥ ੬ ॥ ਮਕਤਬ ਆਇ ਏਕ ਕਾਰਖਿਕ[੧] ਦੀਨੋ ਕਾਲੂ ਕਛੁਕ ਮਿਠਾਈ ਬਾਂਟਿ ਪਟੀਆ ਲਿਖਾਈ ਹੈ। ਮੁੱਲਾਂ ਨੇ ਕਲਮ ਗਹਿ ਅੱਵਲ ਅਲਫ ਲਿਖ ਬਹੁਰੋ ਸਿਹਰਫੀ[੨] ਸੁ ਸਭਿਹੀ ਪਢਾ-ਈ ਹੈ। ਮੁੱਲਾਂ ਕੇ ਕਹਿਨ ਮਹਿਂ ਦੇਰ ਕਛੁ ਲਾਗੈ ਮਾਨੋ ਨਾਨਕ ਕੀ ਰਸਨਾ ਮੈਂ ਦੇਰ ਹੂੰ ਨ ਪਾਈ ਹੈ। ਭਯੋ ਬਿਸਮਾਦ—ਏਹ ਪਢ੍ਯੋ ਕਹੂੰ ਆਦਿ[੩] ਮੋਤੇ! ਮੋਹੂ ਸੇ ਸਬਕ ਪਢੈ ਜਾਨ੍ਯੋ ਹੂੰ ਨ ਜਾਈ ਹੈ॥੭॥ ਮੁਸ਼ਕਲ ਪਾਰਸੀ ਅਸਾਨ ਪਢੈ ਤਾਤਕਾਲ ਬਾਲਿਕ ਕੀ ਬੈਸ[੪], ਬੁਧਿ ਬ੍ਰਿੱਧ[੫] ਹੂੰ ਕੀ ਦੇਖੀਏ। ਜ਼ੇਰ[੬] ਤੇ ਜ਼ਬਰ[੭] ਔਰ ਮਾਯਨੇ[੮] ਕਿਤਾਬਨ ਕੇ ਦਫਤਰ ਲੇਖਾ ਜਮਾ ਖਰਚੁ ਬਿਸੇਖੀਏ। ਦਸ ਦਸ ਸਾਲ ਕੇ ਬਿਸਾਲ ਬਾਲ ਬੈਸੇ ਜੋਊ ਪਢੈਂ ਨ ਸਮਾਨ ਇਸ ਕੋਊ ਅਵਰੇਖੀਏ[੯]। ਮਾਨੁਖ ਕੋ ਕਾਮ ਨਹਿਂ, ਔਲੀਆ ਔਤਾਰ ਕੋਊ, ਲਖਿ ਸੋਂ ਅਲੱਖ ਯਾਂਕੇ ਲੇਖ ਹੈਂ ਅਲੇਖੀਏ—॥ ੮ ॥ ਸਿਫਤਿ ਪ੍ਰਕਾਸ਼ ਭਈ—ਕਾਲੂ ਸੁਤ ਬੁੱਧਿ ਰਾਸ ਪਾਰਸੀ ਇਲਮ ਜੋ ਕਠਨ ਸੀਖ੍ਯੋ ਬੇਗਹੀ—। ਆਇ ਮੁਖ ਦੇਖੈਂ ਕਰੈਂ ਇਲਮ ਪਰੇਖੈ[੧੦] ਨਰ, ਸੁਨਿ ਸੁਨਿ ਬੈਨ ਕੋ ਬਿਸਾਲ ਬਿਸਮੈ ਗਹੀ[੧੧]। ਮਿਲਤਿ ਪਰਸਪਰ ਕਰਤਿ ਸੁਜਸ ਬਰ ਬੈਸ ਲਘੁ ਦੇਖੀ-ਅਤਿ ਸੇਮੁਖੀ ਵਿਸ਼ੇਖ ਹੀ[੧੨]। ਮਧੁਰ ਬਚਨ ਸੁਨਿ ਹਿੰਦੂ ਔ ਤੁਰਕ ਸਭਿ ਪ੍ਰੀਤਿ ਕਰਿ ਰਿਦੈ ਹਰਿਖਾਵ ਨ ਉਦੇਗ ਹੀ[੧੩] ॥੯॥ ਮ੍ਰਿਦੁਲ ਮਧੁਰ ਮੁਖ ਬੋਲਤਿ ਹੈਂ ਬੈਨ ਮਾਨੋ ਦੇਤਿ ਉਪਦੇਸ਼ ਰਿਖਿ[੧੪] ਦੇਖਿ ਸਿਖ ਆਪਨੋ ਪਾਰਸੀ ਸੋ ਮਿਲੀ ਜੋਊ ਨਾਮ ਕੇ ਭਜਨ ਸੰਗ ਗੰਗ ਜੈਸੀ ਬਾਨੀ ਕਲਿ ਕਲਿ-ਮਲ ਖਾਪਨੇ[੧੫]। ਪੰਡਤ ਜਨੌਂ ਵਕਤਾ ਅਚੂਕ[੧੬] ਵਾਕ ਪ੍ਰੇਮ ਮਧ ਸੁੰਦਰ ਸੁਖਦ ਜੋਊ ਜੋਗ[੧੭] ਨਰ ਜਾਪਨੇ[੧੮]। ਸੁਨੈਂ ਹਿਤ ਲਾਇ ਨੁਤਿ[੧੯] ਗਾਇ ਘਰ ਜਾਹਿਂ ਨਰ ਕਲਾਵਾਨ ਭਯੋ ਕਲਿ ਕੀਰਤਿ ਸੁ ਥਾਪਨੇ ॥ ੧੦ ॥ ਸੈਯਾ ॥ ਧਾਮ ਕੇ ਕਾਮ ਤਜੇ ਢਿਗ ਜਾਵਹਿਂ ਹੇਰਤਿ ਮੂਰਤਿ ਭਾਵਤੀ ਜੀ ਕੀ। ਬੂਝ ਹੈਂ ਬੈਨ ਸੰਦੇਹ ਉਠਾਇ, ਸੁਨੈਂ ਤਤਕਾਲ ਗਿਰਾ ਮੁਖ ਨੀਕੀ। ‘ਹੈ ਅਵਤਾਰ’ ਲਖ੍ਯੋ ਬਹੁ ਲੋਕਨ ਬ੍ਰਿਧ ਬਧੀ[੨੦] ਸ਼ਰਧਾ ਸ਼ੁੱਧ ਹੀ ਕੀ[੨੧]।

---

[੧]ਰੁਪੱਯਾ। [੨]ਫਾਰਸੀ ਦੀ ਪੈਂਤੀ। [੩]ਪਹਿਲੋਂ। [੪]ਉਮਰ। [੫]ਵੱਡਿਆਂ ਵਰਗੀ ਅਕਲ। [੬]ਸਿਆਰੀ। [੭]ਮੁਕਤਾ। [੮]ਅਰਥ। [੯]ਦੇਖੀਦਾ ਹੈ। [੧੦]ਪ੍ਰੀਖ੍ਯਾ। [੧੧]ਬਹੁਤ ਅਚਰਜਤਾ ਫੜੀ। [੧੨]ਵਡੀ ਬੁੱਧੀ। [੧੩]ਖੁਸ਼ ਹੁੰਦੇ ਹਨ, ਦੁਖੀ ਨਹੀਂ ਹੁੰਦੇ। [੧੪]ਰਿਖੀ। [੧੫]ਪਾਪ ਨਾਸ਼ਕ। [੧੬]ਅਭੁੱਲ। [੧੭]ਲਾਇਕ। [੧੮]ਜਪਨ ਦੇ। [੧੯]ਉਸਤਤ। [੨੦]ਬਹੁਤ ਵਧੀ। [੨੧]ਸ਼ੁੱਧ ਹਿਰਦੇ ਦੀ। *ਪਾਠਾਂਤ੍ਰ—ਕਬਹੂੰ।

ਬੋਲਤਿ ਬੋਲ ਅਮੋਲ ਅਤੋਲ ਅਡੋਲ ਮਤੀ ਅਹਰੈਨ ਬਲੀ[੧]* ਕੀ ॥ ੧੧ ॥ ਦੋਹਰਾ ॥ ਲਖਨ ਲਗੇ ਜਬ ਨਰ ਕਲਾ[੨] ਫੇਰਨੋ ਬਹੁਰ ਸੁਭਾਵ। ਭਏ ਬਾਲ ਅਨਜਾਨ ਸੇ ਕੀਨੋ ਅਪਨੋ ਛਪਾਵ ॥ ੧੨ ॥ ਸੈਯਾ ॥ ਪੁਰਿ ਬਾਹਰ ਜਾਇ ਤਰੇ ਤਰੁ ਕੈ[੩] ਪਟ ਤਾਨ[੪] ਸਰੀਰ ਪੈ ਪੌਢੇ ਰਹੈਂ। ਨਹਿ ਬੋਲਤਿ ਕੋਉ ਬੁਲਾਵਤਿ ਹੈਂ ਨਰ ਬੇਖੁਦਿ† ਅੰਤਰ ਧ੍ਯਾਨ ਲਹੈਂ। ਕਬ ਆਨ ਪਰੈਂ ਘਰ ਮਾਤ ਉਠਾਵਤਿ ਤੌ ਭਿ ਉਠੈਂ ਨਹਿੰ ਮੌਨ ਗਹੈਂ। ਇਕ ਠੌਰ ਪਏ ਜੁਗ ਬਾਸੁਰ[੫] ਬੀਤਹਿਂ ਹੇਰਿ ਕੈ ਮਾਨਵ ਐਸੇ ਕਹੈਂ ॥ ੧੩ ॥ 'ਥੇ ਮਤਿਵਾਨ ਵਡੋ ਸੁਰਗ੍ਯਾਨ ਭਯੋ ਅਨਜਾਨ ਸੁ ਕੌਨ ਹੈ ਹੇਤੁ? ਬੇਖੁਦ ਚਿੱਤ ਉਦਾਸ ਰਹੈ ਕਛੁ ਹੋਤਿ ਭਯੋ ਪਰਛਾਵਹੁ ਪ੍ਰੇਤੁ[੬]। ਹੈ ਉਨ-ਮੱਤਿ[੭] ਦਸ਼ਾ ਦਿਸਿ ਆਵਤਿ, ਸੁੱਧਿ ਨ ਦੇਹਿ ਕੀ, ਬਾਹਜ[੮] ਨਿਕੇਤੁ[੯]‡। ਬੈਨ ਭਨੈ ਨਹਿ ਨੈਨ ਉਘਾਰਤਿ§' ਹੇਰਿ ਕਹੈਂ ਜੋਊ ਜਾਨਿ ਨ ਭੇਤੁ॥੧੪॥ ਕਾਲੂ ਕੋ ਚਿੰਤ ਬਧੀ ਸੁਤ ਦੇਖਿ ਬਿਸ਼ੇਖ ਉਪਾਇ ਕਰੇ ਜੁ ਬਤਾਯਾ। ਫੇਰ ਮੁਲਾਨੇ ਕੇ ਪਾਸ ਗਯੋ ਸਭਿ ਨਾਨਕ ਕੋ ਬਿਰਤਾਂਤ ਸੁਨਾਯਾ। 'ਹੋਸ਼ ਭਈ ਫਰਮੋਸ਼[੧੦] ਸਭੈ ਤਿਹਿ ਕੋ ਬਿਧਿ ਪਾਰਸੀ ਤੋਹਿ ਪਢਾਯਾ?। ਆਪ ਚਲੋ ਸੁਧ ਲੀਜੀਏ ਹੇਰਿ ਕੈ, ਭੇਵ ਲਖੋ ਕਿ ਪਰੀ ਤਿਹ ਛਾਯਾ' ॥ ੧੫ ॥ ਕਾਲੂ ਕੇ ਸੰਗ ਮੁਲਾਨਾ ਗਯੋ ਜਹਿਂ ਨਾਨਕ ਜੀ ਧਰ[੧੧] ਪੌਢ ਰਹੈ। ਤਾਨ ਮੈਥਯਾਨ[੧੨] ਸ਼ਰੀਰ ਕੇ ਊਪਰ ਬੇਗਮ[੧੩]ਹੀ ਅਵਨੀ[੧੪] ਪੈ ਅਹੈ।ਮਾਨਵਆਨ ਭਏ ਇਕਠੇ ਬਹੁ-ਬੈਨ ਸੁਨੈਂ ਸੁਤ-ਐਸੇ ਚਹੈਂ।ਹੇਰਿ ਹਿਰਾਨ ਸਮਾਨ[੧੫] ਤਬੈ ਮਨ ਹੋਇ ਹਰਾਨ[੧੬] ਸੁ ਵਾਕ ਕਹੈਂ ॥੧੬॥ਕਬਿੱਤ॥ ਜਾਇਕੈ ਮੁਲਾਨੈ ਨੇ ਦੁਆਇ[੧੭] ਕਰੀ ਬੈਸ ਦਿਰਾ 'ਤੁਮ ਪਰ ਮਿਹਰ ਸੁ ਪਰਵਦਗਾਰ ਕੀ। ਬੈਸ ਲਘੁ ਮਾਂਹਿ ਭਈ ਸੇਮੁਖੀ[੧੮] ਵਿਸ਼ੇਖ ਤਵ ਗਿਰਾ ਮੁਖ ਮਾਧੁਰੀ ਸਭਿਨਿ ਹਿਤਕਾਰ ਕੀ। ਸ਼ੁਭ ਹੈ ਸੁਭਾਉ ਭਰਯੋ ਭਾਉ[੧੯] ਸੋਂ ਸਭਿਨਿ ਸੰਗ

---

[੧]ਅਹਰਣ ਵਾਂਗੂ ਬਲਵਾਨ। [੨]ਸ਼ਕਤੀ। [੩]ਹੇਠਾਂ ਬ੍ਰਿੱਛ ਦੇ। [੪]ਕਪੜਾ ਤਾਣਕੇ। [੫]ਦੋ ਦਿਨ। [੬]ਪ੍ਰੇਤ ਦਾ ਪਰਛਾਵਾਂ। [੭]ਮਸਤ। [੮]ਬਾਹਰ ਦੀ ਤੇ। [੯]ਘਰ ਦੀ। [੧੦]ਭੁੱਲ ਗਈ। [੧੧]ਜ਼ਮੀਨ ਤੇ। [੧੨]ਚਾਦਰ। [੧੩]ਅਚਿੰਤ। [੧੪]ਜ਼ਿਮੀਨ। [੧੫]ਜੇਹੇ ਹੋਕੇ। [੧੬]ਹਰੇ ਜਾਣ ਵਾਲੇ। [੧੭]ਅਰਦਾਸ। [੧੮]ਬੁੱਧੀ। [੧੯]ਪ੍ਰੇਮ।

*ਪਾਠਾਂਤ੍ਰ-ਅਹਰੰਨ ਬਲੀ ਕੀ=ਮਤ ਜੋ ਹੈ ਸੋ ਨਾ ਹਰੀ ਜਾਣ ਵਾਲੀ ਤੇ ਟਿਕਾਣੇ ਰਹਿਣ ਵਾਲੀ ਹੈ। ਅਥਵਾ, ਜਿਵੇਂ ਬਲ (ਧਰਤੀ) ਵਿਚ ਅਹਿਰਨ ਗੱਡੀ ਹੋਵੇ।

†ਪਾਠਾਂਤ੍ਰ-ਬੇਸੁਧ। ‡ਪਾਠਾਂਤ੍ਰ-ਬਹਾਯਨਕੇਤੂ। §ਪਾਠਾਂਤ੍ਰ-ਉਘਾਤ ਸੇ।

ਬਧੈ ਗੋ ਪ੍ਰਭਾਉ[1] ਰੀਤਿ ਜਸੁ ਵਿਸਤਾਰ ਕੀ। ਆਨਨ ਤੇ ਤੂਸ਼ਨਿ[2] ਕੋ ਕਾਰਨ ਹੈ ਕੌਨ? ਭਨੋ, ਹੇਰਿ ਤੁਮੈ ਤਾਤ[3] ਸੁਧਿ ਤਜੀ ਘਰਬਾਰ ਕੀ'॥੧੭॥ ਦੋਹਰਾ ॥ ਮਸ਼ਟ ਕਰੀ ਨਾਨਕ ਤਬੈ ਦਯੋ ਨ ਉੱਤਰ ਕੋਇ। ਦੀਨ ਭਯੋ ਮੁੱਲਾਂ ਰਿਦੈ ਬਹੁਰੋ ਬਚਨ ਬੁਗੋਇ[4] ॥ ੧੮ ॥ ਸ੍ਵੈਯਾ ॥ 'ਆਇ ਖਰੇ ਨਰ ਪਾਸ ਜਿਤੇ–ਤੁਵ ਬੈਨ ਸੁਨੈਂ–ਮਨ ਚਾਹਿ ਇਹੀ। ਆਨਨ ਤੇ ਨਹਿ ਬੋਲਤਿ ਹੋ ਬਚ[5], ਹੋਵਤਿ ਰੰਜ ਰਿਦੈ* ਸਭਿਹੀ। ਮੋਹਿ ਕਹੇ ਤੁਮ ਬੋਲਹੁ ਥੋਰ ਸਾ ਮਾਨੀ ਹਰਾਨੀ ਸੁ ਕੈਸੇ ਕਹੀ[6]। ਹੇਤ ਖੁਦਾਇ ਉਠੋ ਇਕਬਾਰ ਉਚਾਰਿ ਕਰੋ ਉਰ ਜੈਸੇ ਅਹੀ'॥੧੯॥ ਅੜਿਲ॥ ਮੁੱਲਾਂ ਕੇ ਸੁਨ ਬੈਨ ਦੀਨ ਅਤਿ ਜੋ ਭਯੋ। ਬਹੁਰੋ–ਹੇਤੁ ਖੁਦਾਇ–ਨਾਮ ਮੁਖ ਤੇ ਕਹ੍ਯੋ। ਦੋਨੋ ਚਸ਼ਮ[7] ਕੁਸ਼ਾਦ[8] ਨਿਸ਼ਸਤਹਿ[9] ਸਾਮੁਹੇ। ਹੋ ਬੋਲੇ, ਰਾਗ ਤਿਲੰਗ ਸ਼ਬਦ ਜੋ ਦੁਖ ਦਹੇ॥੨੦॥

ਸ੍ਰੀ ਮੁਖਵਾਕ–†ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨਦਾਨੀ ॥ ੧ ॥ ਰਹਾਉ ॥

॥ ਚੌਪਈ ॥ 'ਜੋ ਮਮ ਦਸ਼ਾ ਚਹਹੁ ਤੁਮ ਜਾਨਾ। ਤੌ ਸ੍ਰੁਤ ਦੇ ਕਰਿ[10] ਸੁਨਿ ਮਉਲਾਨਾ। ਸ੍ਰੀ ਪਰਮੇਸ੍ਵਰ ਨਾਮ ਜੁ ਲੀਨੋ। ਯਾਂਤੇ ਤੁਮ ਸੋਂ ਉੱਤਰ ਦੀਨੋ ॥ ੨੧ ॥ ਜੋ ਮਨ ਸਮਝ੍ਯੋ ਦੁਨੀ ਮੁਕਾਮੂ। ਸੋ ਜਾਨਹੁ ਝੂਠੋ ਬਿਨ ਨਾਮੂ। ਹਰਿਚੰਦੌਰੀ[11] ਪੁਨਿ ਘਨਛਾਯਾ[12]। ਸੁਪਨਾ ਜਿਉਂ ਬਾਜੀਗਰ ਮਾਯਾ॥੨੨॥ ਲਖਿ ਇਨ ਸਾਚ ਕਰੇ ਜੁ ਗਹਾਵਾ[13]। ਅੰਤ ਕਾਲ ਤਿਹ ਹੁਇ ਪਛੁਤਾਵਾ। ਜੋ ਜਾਨਹਿ ਇਹ ਮਿਥ੍ਯਾਭਾਸੀ। ਸੋ ਤਿਨਕੇ ਨਹਿਂ ਹੁਇ ਬਿੱਸ੍ਵਾਸੀ॥੨੩॥ ਤਾਂਤੇ ਜਗਤ ਪਦਾਰਥ ਪ੍ਰੀਤਾ। ਹੌਂ ਨ ਕਰੋਂ ਜੋ ਹੁਇ ਬਿੱਪ੍ਰੀਤਾ। ਸਿਰ ਪਰ ਡਰ ਨਿਤ ਅਜਰਾਈਲਾ[14]। ਗਹਿ ਲੈ ਜਾਵਹਿ ਜੋ ਬਿਨ ਢੀਲਾ ॥ ੨੪ ॥ ਅਸ ਡਰ ਧਰਿ ਕਰਿ ਹੌਂ ਉਰ ਮਾਂਹੀ। ਭਵ ਬਿਵਹਾਰ ਹੋਤਿ ਹਿਤ ਨਾਂਹੀ'। ਬਿਸਮ੍ਯੋ ਮਨ ਇਮ‡ ਸੁਨਤਿ ਮੁਲਾਨਾ। ਸ੍ਰੀ ਗੁਰ ਸੋਂ ਪੁਨ ਬਚਨ ਬਖਾਨਾ। ॥ ੨੫ ॥ 'ਅਬ ਲੌ ਤੁਮਰੀ ਬਾਲਿਕ ਬੈਸਾ। ਬਚਨ ਉਚਾਰਤਿ ਹੋ ਮੁਖ

[1]ਤੇਜ, ਪ੍ਰਤਾਪ। [2]ਮੂੰਹ ਤੋਂ ਚੁੱਪ ਦਾ। [3]ਪਿਤਾ ਨੇ। [4]ਆਖਿਆ। [5]ਬਚਨ। [6]ਮੇਰੇ ਕਹੇ ਹੀ ਥੋੜਾ ਬੋਲੋ, ਆਖੋ ਤਾਂ ਸਹੀ ਕਿ ਕਿਉਂ (ਐਡੀ) ਹੈਰਾਨੀ ਮੰਨੀ ਹੈ। [7]ਅੱਖਾਂ। [8]ਖੋਲ੍ਹਕੇ। [9]ਉਠ ਬੈਠੇ। [10]ਕੰਨ ਦੇਕੇ। [11]ਹਰੀਚੰਦ ਦੀ ਨਗਰੀ ਭਾਵ ਭੁਲੇਵੇ ਦੀ। [12]ਬੱਦਲ ਦੀ ਛਾਂ। [13]ਪਕੜ। [14]ਮੌਤ ਦੇ ਫਰਿਸ਼ਤੇ ਦਾ। *ਪਾਠਾਂਤ੍ਰ–ਤਬੈ। †ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲੀ ਤੁਕ 'ਯਕ ਅਰਜ ਗੁਫਤਮ ਪੇਸਿ ਤੋ' ਹੈ। ਗਾਉਣ ਵੇਲੇ ਕਈ ਰਾਗੀ, ਤੁਕ 'ਦੁਨੀਆ ਮੁਕਾਮੇ ਫਾਨੀ' ਤੋਂ ਚੁੱਕਦੇ ਹਨ। ‡ਪਾਠਾਂਤ੍ਰ–ਇਉਂ।

ਕੈਸਾ? ਹਮਸੇ ਬ੍ਰਿੱਧ ਆਰਬਲ ਬੀਤੀ। ਤਿਨਕੋ ਚਹੀਯਤਿ ਹੈ ਅਸ ਰੀਤੀ ॥ ੨੬ ॥ ਅਬ ਬਾਲਿਕ ਲੀਲਾ ਉਰ ਧਰੀਏ। ਏਕ ਵਿਕਰ ਕੋ ਜ਼ਿਕਰ ਨ ਕਰੀਏ*। ਤਰੁਨ[1] ਹੋਇ ਧਨ ਬਨਿਤਾ[2] ਸੰਗਾ। ਸੁਖ ਭੋਗਹੁ ਕਰਿ ਹ੍ਰਿਦਯ ਉਮੰਗਾ ॥ ੨੭ ॥ ਅਸ ਬਿਧਿ ਬ੍ਰਿੱਧ ਹੋਇ ਕਰਿ ਕੀਜੈ। ਅਬ ਸਨ-ਬੰਧਨਿ ਕੋ ਸੁਖ ਦੀਜੈ'। ਸ੍ਰੀ ਨਾਨਕ ਸੁਨਿ ਕਰਿ ਤਿਹ ਬਾਨੀ। ਜੋ ਬੇਮੁ-ਖਤਾ ਪਦ ਕਰਿ ਸਾਨੀ[3] ॥ ੨੮ ॥ ਬੋਲੇ ਪਰਮ ਮਨੋਹਰ ਬਚਨਾ। ਜਿਨ ਮਹਿਂ ਉਪਦੇਸ਼ਹਿ ਕੀ ਰਚਨਾ। 'ਜੋ ਤੂੰ ਲਖਹਿਂ ਆਰਬਲ ਸਾਰੀ। ਬਿਨਾ ਭਜਨ ਇਹ ਜਾਤਿ ਬਿਕਾਰੀ ॥ ੨੯ ॥ ਇਕ ਸੌ ਬਰਖ ਆਰਬਲ ਪ੍ਰਾਨੀ। ਜੇ ਜੀਵਹਿਂ ਤਿਨ ਕਹੌਂ ਕਹਾਨੀ॥ਅਰਧ[4] ਨੀਂਦ ਬਸਿ ਕਰਤਜੋ ਸੈਨਾ[5]।ਗੁਦਰ ਗਏ[6]ਲਖਿਯੇ ਨਿਜ ਨੈਨਾ॥੩੦॥ ਪੰਦ੍ਰਹ ਬਰਖ ਤੀਕ ਅਨਜਾਨਾ।ਬਾਲ ਪਨੇ ਮਹਿਂ ਕਰੀ ਬਿਹਾਨਾ। ਅੱਸੀ ਬਰਖਹਿ ਤੇ ਜੁ ਵਧੈ ਹੈ। ਲੋਚਨ ਦਿਖੈ ਨ ਸ਼੍ਰੋਨ ਸੁਨੈ ਹੈ ॥ ੩੧ ॥ ਦੋਹਰਾ ॥ ਬਜ਼ਾਕੁਲਤਾ ਇੰਦ੍ਰੀਨ ਕੀ ਸੁਧਿ ਨਹਿਂ ਸਕਹਿ ਸੰਭਾਰਿ। ਦੇਹਿ ਕ੍ਰਿਆ ਕਰਨੀ ਕਠਨ ਤਬ ਕਸ ਹਰਿ ਉਰਧਾਰਿ? ॥੩੨॥ ਚੌਪਈ ॥ ਕੁਛਕ ਰਹੇ ਤਿਨਕੀ ਸੁਨਿ ਗਿਨਤੀ। ਸੋਪਿ[7] ਬਿਤੀਤਹਿ ਬਿਨ ਹਰਿ ਬਿਨਤੀ। ਮਲ ਮੂਤ੍ਰਾਦਿ ਤਜਿਨਿ ਜੁਗ ਕਾਲਾ।ਕਰਤਿ ਬਿਤੀ-ਤਹਿ ਕਾਲ ਬਿਸਾਲਾ ॥੩੩॥ ਖਾਨ ਪਾਨ ਨਿਤ ਕਰਨ ਬਿਹਾਰਾ। ਹਿਤ[8] ਬਿਨੋਦ[9] ਬਨਿਤਾ[10] ਸੰਗ ਧਾਰਾ। ਕਰਨ ਉਪਾਇ ਸੁ ਦਰਬ ਉਪਾਵਨ। ਅਲਜ[11] ਅਸ਼ੁਭ ਸ਼ੁਭ ਕਰਮ ਕਮਾਵਨ ॥੩੪॥ ਪਾਲਨ ਸੁਤ ਬਹੁ ਲਾਡ ਲਡਾਵਨ। ਨਿਸ ਦਿਨ ਹਿਤ[12] ਸੋਂ ਹੇਤ ਬਢਾਵਨ। ਇਸ ਬਿਧਿ ਬਿਤੀ ਆਰਬਲ ਸਾਰੀ। ਅੰਤ ਸਮੈ ਗਮਨਜੋ ਕਰਝਾਰੀ[13]॥੩੫॥ ਤਾਂਤੇ ਮਨ ਸਮ-ਝਹੁ ਅਸ ਰੀਤੀ। ਜਨਮ ਅਕਾਰਥ ਬਿਨ ਹਰਿ ਪ੍ਰੀਤੀ। ਹੇਤ ਪਦਾਰਥ[14] ਅਮੁਲ ਜਿ ਸ੍ਵਾਸਾ[15]। ਗਯੋ ਹਾਰ ਅਸ ਢਾਲਜੋ ਪਾਸਾ[16] ॥੩੬॥ ਜਬ ਇਸ ਕੇ ਉਰ ਸਮਝ ਸੁ ਆਵੈ। ਤਬ ਮਨ ਬਿਸ਼ਿਯਨ ਤੇ ਉਲਟਾਵੈ॥ ਕਰਹਿ ਬੰਦਗੀ ਪੇਸ਼ ਖੁਦਾਇ ॥ ਜਿਉਂ ਮੈਂ ਤੁਮ ਸੋਂ ਕਹੌਂ ਸੁਨਾਇ ॥ ੩੭ ॥

---

[1]ਜੁਵਾਨ। [2]ਇਸਤ੍ਰੀ। [3]ਮਿਲੀ ਹੋਈ। [4]ਅੱਧੀ। [5]ਸੁੱਤਿਆਂ। [6]ਗੁਜ਼ਰ ਗਏ। [7]ਉਹ ਭੀ। [8]ਪ੍ਰੇਮ। [9]ਆਨੰਦ। [10]ਇਸਤ੍ਰੀ। [11]ਨਿਰਲੱਜ। [12]ਮੋਹ। [13]ਹੱਥ ਝਾੜਕੇ। [14](ਸੰਸਾਰਕ) ਪਦਾਰਥਾਂ ਵਾਸਤੇ। [15]ਜੋ ਅਮੋਲਕ ਸ੍ਵਾਸ ਹਨ। [16]ਐਸਾ ਪਾਸਾ ਸੁੱਟਿਆ।

*ਪਾਠਾਂਤ੍ਰ—ਏਮ ਵਿਕਰ ਕੋ ਜੀਅ ਨੌਂ ਧਰੀਏ।

ਤਿਲੰਗ ਮਹਲਾ ੧ ॥ ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ
ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇ ਐਬ ਪਰਵਦਗਾਰ ॥ ੧ ॥

ਦੋਹਰਾ ॥ ਅਰਜ਼ ਕਹੋਂ* ਅੱਗ੍ਯ ਪ੍ਰਭੂ! ਸੁਨੀਏ ਦੇਕਰਿ ਕਾਨ।ਹੱਕ[1]ਕਬੀਰ[2] ਕਰੀਮ[3] ਤੂੰ ਦੇਹੁ ਨਾਮ ਕੋ ਦਾਨ ॥ ੩੮ ॥ ਚੌਪਈ ॥ ਕਰਹਿ ਬੰਦਗੀ ਤਨ ਮਨ ਦੀਨਾ। ਨਾਮ ਸੁ ਜਾਚਹਿ ਹੋਇ ਅਧੀਨਾ । ਦੀਨਬੰਧੁ ਤਬ ਕਰੁਨਾ ਧਾਰੈ। ਦੇਕਰਿ ਨਾਮ ਦਾਸ ਨਿਸਤਾਰੈ' ॥ ੩੯ ॥ ਸੁਨਿ ਸ਼੍ਰੀ ਗੁਰੁ ਕੇ ਬੈਨ ਮੁਲਾਨਾ। ਜਿਨ ਤੇ ਮਿਟਤਿ ਬਿਕਟ[4] ਅੱਗ੍ਯਾਨਾ । ਕਾਲੂ ਹੇਤ ਕਹਿਨ ਪੁਨ ਲਾਗ੍ਯੋ। 'ਧੰਨ ਤੁਮਾਰੋ ਮਨ ਅਨੁਰਾਗ੍ਯੋ ॥੪੦॥ ਜ੍ਯਿਉਂ ਤੁਮ ਰੀਤਿ ਕਹਤਿ ਯਹਿ ਸਾਚੀ।ਹਰਿ ਚਰਨਨ ਮਹਿਂ ਮਤ ਰੁਚਿ† ਰਾਚੀ।ਤੱਦਪਿ ਤੁਮਰੋ ਸਭਿ ਪਰਵਾਰੂ। ਭੇ ਦਿਲਗੀਰ ਜੁ ਹੈ ਹਿਤਕਾਰੂ ॥੪੧॥ ਇਨ ਕੋ ਹੇਤਿ ਕਰਹੁ ਜਿਉਂ ਹਰਖਹਿਂ। ਤੁਮਰੋ ਮੋਹ ਆਨ ਇਨ ਕਰਖਹਿਂ[5] । ਪਿਤਾ ਪਿਤਾਨੁਜ[6] ਔਰ ਜਿ ਗ੍ਯਾਤੀ[7]।ਨਹਿਂ ਤਿਨ ਕੋ ਅਸ ਰੀਤਿ ਸੁਹਾਤੀ॥੪੨॥ ਬੋਲਹੁ ਬਿਗਸਹੁ[8]‡ਬਿਚਰਹੁ ਸੰਗਾ। ਕਰਹੁ ਕਾਜ ਸਭਿ ਸਹਿਤ ਉਮੰਗਾ'। ਸੁਨਿਕਰਿ ਸ਼੍ਰੀ ਨਾਨਕ ਤਿਹ ਬਾਨੀ। ਬੋਲੇ ਦੀਨ ਬੰਧੁ ਸੁਖਦਾਨੀ ॥੪੩॥

ਸ੍ਰੀ ਮੁਖਵਾਕ ॥ ਜਨ ਪਿਸਰ ਪਦਰ ਬਿਰਾਦਰਾਂ ਕਸਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ[9] ॥ ੨ ॥

ਚੌਪਈ ॥ 'ਪਿਤਾ ਭ੍ਰਾਤ ਤਿਯ ਤਾਤ[10] ਸਮੇਤੂ। ਇਨ ਕੋ ਲਖਹੁ ਕੂਰ ਸਭਿ ਹੇਤੂ। ਧਨ ਬਿਨ ਜੀਵਤਿ ਤ੍ਯਾਗਹਿਂ ਸੰਗਾ । ਧਨ ਹੋਵਹਿ ਰਹਿਂ ਸੰਗ ਉਮੰਗਾ॥੪੪॥ ਜਬ ਜਮ ਆਨ ਗਹੈ ਇਸ ਪ੍ਰਾਨੀ। ਤਬ ਰਾਖਨ ਕੀ ਕਹਾਂ ਕਹਾਨੀ। ਅੰਤ ਕਾਲ ਗਹਿ ਲੀਨਿ ਇਕਾਕੀ[11]। ਤਬ ਤਕਬੀਰ[12] ਹੋਇ ਕ੍ਯਾ ਤਾਂਕੀ ॥ ੪੫ ॥ ਚਲਨ ਸੰਗ ਜੋ ਸ਼੍ਰੀ ਹਰਿ ਰੰਗਾ[13] । ਨਾਮ ਨ ਜਪ੍ਯੋ ਰਹ੍ਯੋ ਮਨ ਭੰਗਾ। ਭ੍ਰਾ ਅਨਾਥ ਜਮ ਮਾਰਗ ਮਾਂਹੀ। ਅਨਿਕ ਜਾਤਨਾ[14] ਹੋਵਹਿ ਜਾਂਹੀ ॥ ੪੬ ॥ ਨਹਿਂ ਸਹਾਇ ਤਿਨ ਕੋ ਸਨਬੰਧੂ। ਜਿਨ ਮਹਿਂ ਪਚ੍ਯੋ[15] ਰਹ੍ਯੋ ਮਤਿ ਅੰਧੂ'। ਜਾਨੀ ਰਿਦੈ ਮੁਲਾਨੇ ਰੀਤੀ । ਪਰਿਪੂਰਨ ਉਰ ਮਹਿਂ ਹਰਿ ਪ੍ਰੀਤੀ ॥੪੭॥–ਇਸਕੇ ਬਚਨ ਮੋਹਿ ਮਨ ਫੇਰਾ। ਜ੍ਯਿਉਂ

[1]ਸੱਚ। [2]ਵੱਡਾ। [3]ਮੇਹਰਾਂ ਵਾਲਾ। [4]ਕਠਨ। [5]ਖਿੱਚਦਾ ਹੈ। [6]ਚਾਚਾ। [7]ਸਨਬੰਧੀ। [8]ਖਿੜੋ। [9]ਮੌਤ ਦਾ ਵੇਲਾ। [10]ਪੁੱਤ੍ਰ। [11]ਇਕੱਲੇ ਨੂੰ। [12]ਤਦਬੀਰ, (ਅ) 'ਅੱਲਾਹੁ ਅਕਬਰ' ਇਹ ਨੁਮਾਜ਼ ਰਹਿਮਤ ਲਈ ਜੋ ਪੜ੍ਹਦੇ ਹਨ ਤਦੋਂ ਇਸ ਦਾ ਕਿਆ ਸਵਾਰੇਗੀ। [13]ਨਾਲ ਜਾਣ ਵਾਲਾ ਜੋ ਸ਼੍ਰੀ ਵਾਹਿਗੁਰੂ ਦਾ ਪ੍ਰੇਮ ਹੈ। [14]ਤਾੜਨਾ। [15]ਖੁੱਭਿਆ।

*ਪਾਠਾਂਤ੍ਰ–ਕਰੋਂ। †ਪਾਠਾਂਤ੍ਰ–ਚਿਤ। ‡ਪਾਠਾਂਤ੍ਰ–ਬਿਸਾਰਹੁ।

ਮਤੰਗ[1] ਅੰਕੁਸ ਕਰਿ[2] ਪ੍ਰੇਰਾ[3]। ਕਹੈਂ ਗੁਨਾਕਰ[4] ਬਾਨੀ ਸਾਚੀ। ਕੂਰ ਕੁਟੰਬ ਪ੍ਰੀਤਿ ਰੁਚਿ ਰਾਚੀ ॥੪੭॥ ਆਖ਼ਰ ਕੋ ਰਖਵਾਰ ਨ ਸੰਗੀ। ਸਹਹਿ ਜੀਵ ਯਹਿ ਦੂਖ ਇਕੰਗੀ। ਅਸ ਅਨਜਾਨਪਨੇ ਮਹਿਂ ਮਾਨਵ। ਪਚਹਿ ਰੈਨ ਦਿਨ ਭੇਵ ਨ ਜਾਨਵ–॥੪੯॥ ਅਸ ਵਿਚਾਰ ਕਰਿ ਰਿਦੇ ਮੁਲਾਨਾ। ਲਖਿ ਮਹਿਮਾ ਮੁਖ ਬਚਨ ਬਖਾਨਾ। 'ਅਲਪ ਬੈਸ ਏਤੀ[5] ਦਾਨਾਈ। ਕੋ ਅਵਤਰਜੋ ਸੰਤ ਸੁਖਦਾਈ ॥ ੫੦ ॥ ਸਿਸੁਤਾ ਵਿਖੈ[6] ਬੰਦਗੀ ਜਾਨੀ। ਨੇਕੀ ਕਾਰ ਕਰਨ ਮਨ ਠਾਨੀ। ਬਦੀ ਖਯਾਲ ਦਿਲ ਦੀਨਿ ਭੁਲਾਈ। ਰੀਤਿ ਪ੍ਰੀਤਿ ਕੀ ਚੀਤਿ ਬਸਾਈ ॥ ੫੧ ॥ ਬਿਸ਼ਿਯਨ ਤੇ ਉਦਾਸ ਮਤਿ ਕੀਨੀ। ਗਿਰਾ ਪ੍ਰੇਮ ਪਰਮੇਸ਼ੁਰ ਭੀਨੀ'। ਉਸਤਤਿ ਕੇ ਬਚ ਸੁਨਿ ਮੁਖ ਸਦਨਾ। ਕਹਜੋ ਤ੍ਰਿਤਿਯ ਪਦ ਪੰਕਜ ਬਦਨਾ ॥ ੫੨ ॥

ਸ੍ਰੀ ਮੁਖਵਾਕ ॥ ਸਬ ਰੋਜ ਗਸਤਮ ਦਰਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥ ੩ ॥

ਚੌਪਈ ॥'ਬਦੀ ਖਯਾਲ ਨਿਸ ਬਾਸੁਰ ਮਾਂਹੀ। ਕਰਤਿ ਰਹਤਿ ਕਛੁ ਜਾਨਤਿ ਨਾਹੀ। ਚਿੰਤਾਮਣਿ[7] ਕੋ ਤਜਹਿ ਗਵਾਰਾ ॥ ਕਾਚ ਲੇਹਿ ਕਰ ਜਤਨ ਅਪਾਰਾ ॥੫੩॥ ਸੁਰਤਰੁ[8] ਕੋ ਨਿਜ ਅਜਰ[9] ਉਖਾਰਹਿ[10]। ਬਨੀ[11] ਬਬੂਰਨ ਕੀ[12] ਬਿਸਤਾਰਹਿ। ਤਰਕ ਸੁਧਾ ਕੋ[13] ਹੋਹਿ ਸੁਰਾਪੀ[14]। ਤਜਿ ਚੰਦਨ ਗਹਿ ਬੰਸ ਸੰਤਾਪੀ[15] ॥ ੫੪ ॥ ਤਿਨਕੋ ਸੁਖ ਪ੍ਰਾਪਤਿ ਹੁਇ ਕੈਸੇ। ਹਰਿ ਤਜਿ ਬਿਸ਼ਯ ਗਹਤਿ ਜੋ ਐਸੇ। ਖਿਸਰੈ ਸਭਿਹੀ ਬੈਸ ਬਿਤੀਤੀ। ਕਬਹਿ ਨ ਸੁਧਿ ਕੀਨੀ ਹਰਿ ਪ੍ਰੀਤੀ' ॥ ੫੫ ॥ ਸੁਨਤਿ ਮੁਲਾਨੇ ਕੇ ਮਨਮਾਂਹੀ। ਸ਼ਰਧਾ ਸੁਧਿ ਅਧਿਕਹਿ ਬਿਰਧਾਹੀ। ਬੋਲਜੋ ਬਚਨ ਬੰਦ ਕਰ ਦੋਊ।'ਤੁਮਰੇ ਸਮਸਰ[16] ਔਰ ਨ ਕੋਊ ॥ ੫੬ ॥ ਮੂਰਤਿ ਪਾਕ[17] ਅਲਹਿ ਭਲ ਕੀਨੀ। ਭਗਤਿ ਰੀਤਿ ਮਹਿ ਮਤਿ ਜਿਹ ਭੀਨੀ'।ਸੁਨਿ ਸ੍ਰੀ ਨਾਨਕ ਉਚਰੇ ਬਚਨਾ। ਗਰਬ ਹਰਨ ਕੀ ਜਿਨ ਮਹਿਂ ਰਚਨਾ ॥ ੫੭ ॥

ਸ੍ਰੀ ਮੁਖਬਾਕ ॥ ਬਦ ਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ ॥ ੪ ॥

---

[1]ਹਾਥੀ। [2]ਕੁੰਡੇ ਨਾਲ। [3]ਟੋਰਿਆ ਜਾਂਦਾ ਹੈ। [4]ਗੁਣਾਂ ਦੀ ਖਾਣ। [5]ਇਤਨੀ। [6]ਬਚਪਨ ਵਿਚ ਹੀ। [7]ਮਨ ਚਿਤਵੀ ਮੁਰਾਦ ਦੇਣ ਵਾਲੀ ਮਣੀ। [8]ਕਲਪ ਬ੍ਰਿਛ। [9]ਅਪਣੇ ਵੇਹੜੇ ਵਿਚੋਂ। [10]ਪੁੱਟਦਾ ਹੈ। [11] ਬਗੀਚੀ। [12] ਕਿੱਕਰਾਂ ਦੀ। [13] ਛੱਡਕੇ ਅੰਮ੍ਰਿਤ ਨੂੰ। [14]ਪੀਂਦਾ ਹੈ ਸ਼ਰਾਬ। [15]ਦੁਖਦਾਈ ਬਾਂਸ ਫੜਦਾ ਹੈ। [16] ਬਰੱਬਰ। [17]ਪਵਿੱਤ੍ਰ।

ਚੌਪਈ ॥ 'ਰਤਿ[੧] ਰੰਗੇ ਸਤਿਸੰਗ ਸਮਾਜੂ । ਸਿਮਰਨ ਬਿਨਾ ਅਨਤ[੨] ਨਹਿਂ ਕਾਜੂ।ਤਨ ਮਨ ਸੌਂਪ ਦੀਨ ਨਿਜ ਸਾਂਈ।ਚਾਕਰ ਭਏ ਏਕ ਲਿਵ-ਲਾਈ ॥ ੫੮ ॥ ਤਿਨਕੇ ਪਦ ਪੰਕਜ ਮੈਂ ਧੂਰੀ। ਗੁਨ ਨ ਏਕ ਔਗੁਨ ਬਹੁ ਪੂਰੀ। ਕਰੁਨਾ ਕਰਿ[੩] ਕਰੁਨਾਕਰ[੪] ਸਾਧੂ। ਬਖਸ਼ਹਿਂ*ਮੈਂ ਜੁ ਗਰੁਵ[੫] ਅਪਰਾਧੂ' ॥੫੯॥ ਅਧਿਕ ਨੰਮ੍ਰਤਾ ਕੇ ਸੁਨਿ ਬੈਨਾ। ਭਈ ਮੁਲਾਨੇ ਕੇ ਮਨ ਚੈਨਾ। ਹ੍ਵੈ ਕਰਿ ਦੀਨ ਜੋਰਿ ਜੁਗ[੬] ਹਾਥਾ। ਕਹ੍ਯੋ 'ਮੋਹਿ ਅਬ ਕਰਹੁ ਸਨਾਥਾ[੭] ॥ ੬੦ ॥ ਛਿਮਹੁ[੮] ਬਚਨ ਜੋ ਸਨਮੁਖਿ ਭਾਖੇ। ਹੌਂ ਅਨਜਾਨ ਢੀਠਤਾ ਰਾਖੇ। ਜੋ ਤੁਮਰੇ ਮਨ ਨਿਸ਼ਚਾ ਗੂੜਾ। ਕੋ ਲਖਿ ਸਕਹਿ ਜਗਤ ਨਰ ਮੂੜਾ ॥੬੧॥ ਚਰਨ ਸ਼ਰਨ ਮੈਂ ਕੀਨੋ ਪਰਨਾ । ਹਰਹੁ ਮੋਹਿ ਜਗ ਜਨਮ ਜੁ ਮਰਨਾ। ਬ੍ਰਿਧਨ ਤੇ[੯] ਤੁਮ ਬ੍ਰਿਧ[੧੦] ਵਡੇਰੇ । ਕਰਿ ਉਪਦੇਸ਼ ਕਟਹੁ ਦੁਖ ਮੇਰੇ' ॥ ੬੨ ॥ ਦੀਨਬੰਧੁ ਦੁਖਦਲਨ[੧੧] ਦਯਾਨਿਧਿ। ਬਚਨ ਅਧੀਨ ਸੁਨੇ ਜਬ ਅਸਬਿਧਿ। ਦਯਾ ਦ੍ਰਿਸ਼ਟਿ ਦੇਖੀ ਸੁਖਦਾਨੀ। ਮ੍ਰਿਦੁਲ ਮਧੁਰ ਬੋਲੇ ਮੁਖਬਾਨੀ ॥ ੬੩ ॥ 'ਮਨ ਕੰਚਨ[੧੨] ਜਗ ਸਿਕਤਾ ਮਾਂਹੀ[੧੩] । ਬੀਨਬੀਨ[੧੪] ਇਕਠੇ ਕਰਿ ਤਾਂਹੀ। ਤਪ ਅਗਨੀ ਮਹਿਂ ਭਗਤਿ ਕੁਠਾਲੀ[੧੫] । ਬਿਸ਼ਯ ਮੈਲਹਤਿ[੧੬]ਲਿਹੁ ਤਿਹਗਾਲੀ॥੬੪॥ਅਲੰਕਾਰ[੧੭] ਘਰਿ[੧੮] ਸਰਲ[੧੯] ਅਧੀਰਾ। ਤਿਹ ਮਹਿਂ ਜਟਹੁ[੨੦] ਨਾਮ ਹਰਿ ਹੀਰਾ।ਉਰ ਪਹਿਰਾਵਹੁ ਪਰਮ ਪਵਿੱਤ੍ਰਾ । ਸ਼ੋਭਾ ਲੋਕਨ ਉਭੌ[੨੧] ਬਚਿੱਤ੍ਰਾ ॥ ੬੫ ॥ ਸੱਤਿਨਾਮ ਇਕ ਚਿਤ ਲਿਵਲਾਈ। ਜਪਹੁ ਦੇਹਿ ਅਭਿਮਾਨ ਗਵਾਈ। ਸਤਿਸੰਗਤ ਕੀ ਸੇਵ ਅਭੰਗਾ[੨੨]।ਕਰਹੁ ਸੁਖਦ ਨਿਤ ਸੰਗ ਉਮੰਗਾ'॥੬੬॥ਬਚਨਾਯੁਧ ਕੇ[੨੩] ਸੰਗ ਮੁਲਾਨਾ। ਘਾਇਲ ਭ੍ਯੋ[੨੪] ਤਨ ਸੁਧਿ[੨੫] ਬਿਸਰਾਨਾ । ਅਤਿ ਤੀਖਨ ਸੋਂ ਭਿਦ ਗਯੋ[੨੬] ਮਰਮੂ[੨੭] । ਛਿਦੇ ਅੰਗ ਹਉਮੈ ਸੰਗ ਭਰਮੂ[੨੮] ॥ ੬੭ ॥ ਜਗਤ ਅਸਾਰ ਜਾਨਿ ਦੁਖ ਖਾਨੀ। ਸ਼੍ਰੀ ਗੁਰ ਕੀ ਮਹਿਮਾ ਪਹਿਚਾਨੀ। ਬੰਦ ਹਾਥ ਦੋ ਕਰੀ ਸੁ ਬੰਦਨ। 'ਤੁਮ ਕਿਯ ਮਮ ਅੱਗ੍ਯਾਨ ਨਿਕੰਦਨ।

[੧]ਪ੍ਰੇਮ। [੨]ਹੋਰ। [੩]ਕਿਰਪਾ ਕਰਕੇ। [੪]ਕਿਰਪਾ ਦੀ ਖਾਣ । [੫]ਭਾਰੀ। [੬]ਦੋਵੇਂ। [੭]ਨਿਹਾਲ। [੮]ਮੁਆਫ ਕਰੋ। [੯]ਵਡਿਆਂ ਤੋਂ। [੧੦]ਵੱਡੇ। [੧੧]ਦੁਖਨਾਸ਼ਕ। [੧੨]ਮਨ ਰੂਪ ਸੋਨਾ । [੧੩]ਜਗਤ ਰੂਪ ਰੇਤ ਵਿਚੋਂ। [੧੪]ਚੁਣ ਚੁਣਕੇ। [੧੫](ਸੋਨਾ ਪਾਕੇ ਗਾਲਣ ਵਾਲੀ) ਠੂਠੀ । [੧੬]ਨਾਸ਼ ਕਰਕੇ। [੧੭]ਗਹਿਣਾ। [੧੮]ਘੜਕੇ। [੧੯]ਸੂਧਾ। [੨੦]ਜੜੋ। [੨੧]ਦੋਨੋਂ ਲੋਕਾਂ ਦੀ। [੨੨]ਇਕ ਰਸ,ਲਗਾਤਾਰ। [੨੩]ਬਚਨਾਂ ਰੂਪੀ ਸ਼ਸਤ੍ਰ ਨਾਲ । [੨੪]ਫਟੜ ਹੋ ਗਿਆ। [੨੫]ਤਨ ਦੀ ਸੋਝੀ। [੨੬]ਵਿੰਨ੍ਹਿਆਂ ਗਿਆ। [੨੭]ਮਰਮ ਅਸਥਾਨ,ਭਾਵ ਰਿਦਾ। [੨੮]ਹਉਮੈ ਸਹਿਤ ਭਰਮ(ਰੂਪੀ)ਅੰਗ ਵਿੰਨ੍ਹੇਗਏ। *ਪਾਠਾਂਤ੍ਰ—ਬਖਸ਼ਹੁ।

॥੬੮॥ ਪੂਰਨ ਪੁਰਖ ਰੂਪ ਹਰਿ ਸਾਧੂ। ਨਰਨ ਉਧਾਰਹੁ ਬੁੱਧਿ ਅਗਾਧੂ! ਕਮਲ ਬਦਨ! ਜਿਉਂ ਤੁਮ ਉਰ ਆਵੈ। ਤਸ ਬਿਧਿ ਕਰਹੁ ਨ ਕੋ ਉਲ-ਟਾਵੈ॥੬੯॥ਮੈਂ ਅਬ ਸੁਨ੍ਯੋ ਜੁ ਤੁਮ ਉਪਦੇਸ਼ੂ। ਜਪੌਂ ਨਾਮ ਤਜਿ ਜਗਤ* ਕਲੇਸ਼ੂ'। ਅਸ ਕਹਿ ਗਮਨ੍ਯੋ ਧਾਮ ਮੁਲਾਨਾ। ਨਹਿਂ ਕਿਹ ਸੌਂ ਤਿਹ ਬਚਨ ਬਖਾਨਾ॥੭੦॥ਪਰਮੇਸ਼ੁਰ ਵਿਸ਼ਿ ਪ੍ਰੀਤਿ ਸੁ ਜਾਗੀ॥ਬਿਖਿਯਨ ਤਯਾਗ ਏਕ ਲਿਵਲਾਗੀ। ਜੀਵਤਿ ਜਪਤਿ ਰਹ੍ਯੋ ਸੋ ਨਾਮੂ। ਅੰਤਕਾਲ ਗਮਨ੍ਯੋ ਹਰਿ ਧਾਮੂ ॥ ੭੧ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੁੱਲਾਂ ਉਪਦੇਸ਼' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਧਯਾਇ। ॥ ੮ ॥

੯. [ਸਾਰਦਾ ਦਾ ਮੰਗਲ। ਸੱਚਾ ਜੰਵੂ।]

ਦੋਹਰਾ–ਸ੍ਰੀ ਸਰਸ੍ਵਤੀ ਸਰਬਦਾ ਬਰਨ ਸ੍ਵੇਤ ਸੁਖਕੰਦ।
ਤਰਲ ਆਂਗੁਰੀ ਬੀਨ ਸੋਂ ਬੰਦੋਂ ਦ੍ਵੈ ਕਰ ਬੰਦਿ† ॥ ੧ ॥

ਸਰਸ੍ਵਤੀ=ਵਿਦਯਾ ਦੀ ਦੇਵੀ, ਸ਼ਾਰਦਾ।
ਸਰਬਦਾ=ਸਦਾ ਹੀ [ਸੰਸ:, ਸਰਵ੍ਵਦਾ]।
ਬਰਨ=ਰੰਗ [ਸੰਸ: ਵਰ੍ਣ]। ਸ੍ਵੇਤ=ਚਿੱਟਾ [ਸੰਸ:, ਸ੍ਵੇਤ]।
ਸੁਖਕੰਦ=ਸੁਖਾਂ ਦਾ ਮੂਲ। ਸੁੱਖਾਂ ਦਾ ਫਲ।
ਤਰਲ=ਚੰਚਲ, ਥਰਰਾ ਰਹੀਆਂ।
ਆਂਗੁਰੀ=ਉਂਗਲਾਂ, [ਸੰਸ:, ਅੰਗੁਲ]।
ਬੀਨ=ਬੀਨਾ, ਵੀਣਾ। ਸਤਾਰ ਵਾਂਙੂ ਤੂੰਬਿਆਂ ਵਾਲਾ ਇਕ ਸੰਗੀਤਕ ਸਾਜ਼, [ਸੰਸ:, ਵੀਣਾ]। ਕਰ=ਹੱਥ। ਬੰਦਿ=ਜੋੜਕੇ।

ਅਰਥ–(ਜਿਸਦਾ) ਰੰਗ ਚਿੱਟਾ ਹੈ ਤੇ (ਦਰਸ਼ਨ) ਸੁਖਾਂ ਦਾ ਮੂਲ ਹੈ; (ਗੁਰ ਕੀਰਤੀ ਵਿਖੇ) (ਜਿਸ ਦੀਆਂ) ਉਂਗਲੀਆਂ ਬੀਣਾਂ ਵਜਾਉਣ ਵਿਚ ਚੰਚਲ ਹੋ ਰਹੀਆਂ ਹਨ, ਉਸ ਸ਼੍ਰੀ ਸ਼ਾਰਦਾ ਨੂੰ ਮੈਂ ਦੋਵੇ ਹੱਥ ਜੋੜਕੇ ਸਦਾ ਹੀ ਨਮਸਕਾਰ ਕਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਕਾਲੂ ਬਹੁਰੋ ਕੀਨਿ ਵਿਚਾਰਾ ॥ ਜੱਗਯੁ-ਪਵੀਤ[1] ਦੇਨਿ ਹਿਤ ਧਾਰਾ॥ਪ੍ਰੋਹਿਤ ਜੋ ਤਿਹ ਕੋ ਹਰਿਦਯਾਲਾ। ਸੋ ਬੁਲਾਇ ਲੀਨੋ ਤਤਕਾਲਾ ॥ ੨ ॥ ਉਰ ਅਭਿਲਾਖਾ ਸਕਲ ਸੁਨਾਈ। 'ਛੱਤ੍ਰੀ ਰੀਤਿ ਕਰੋ ਦ੍ਵਿਜਰਾਈ!' ਸੁਨਿ ਕਰਿ ਬਚ ਅਸ ਦ੍ਵਿਜ ਹਰਿਦਯਾਲੂ। ਕਹ੍ਯੋ 'ਸੌਜ[2] ਸਭਿ ਆਨਿ[3] ਬਿਸਾਲੂ' ॥ ੩ ॥ ਸ਼ੁਭ ਬਾਸੁਰ ਸੋ ਦੀਨ ਬਤਾਈ।

[1]ਜੰਵੂ। [2]ਸਮਿੱਗ੍ਰੀ। [3]ਮੰਗਾਓ। *ਪਾਠਾਂਤ੍ਰ–ਸਗਲ। †ਦੇਖੋ ਅਧਯਾਯ ੧ ਅੰਕ ੨ ਦਾ ਭਾਵ।

ਕਰਿ ਅਰੰਭ ਜਿਉਂ ਅਧਿਕ ਵਡਾਈ।ਦਿਜਬਰ ਤੇ ਸੁਨਿ ਕਰਿ ਤਬ ਕਾਲੂ। ਸਭਿ ਸੰਭਾਰਨ[੧] ਆਨਿ ਉਤਾਲੂ[੨] ॥੪॥ ਭੋਜਨ ਹੇਤ ਅੰਨ ਇਕਠਾਈ। ਆਮਿਖ[੩] ਕਾਰਨ ਛਾਂਗ[੪] ਮੰਗਾਈ। ਜੋ ਛੱਤ੍ਰੀ ਕਾਲੂ ਕੇ ਗ੍ਯਾਤੀ[੫]। ਸਭਿਨਿ ਅਮੰਤ੍ਰ[੬] ਦੀਨੇ ਖ੍ਯਾਤੀ[੭] ॥ ੫ ॥ ਔਰ ਜਿ ਨਗਰ ਬਿੱਪ੍ਰ[੮] ਬਰ ਰਹਿਹੀਂ। ਬੇਦਨ ਬਿਧਿ ਕੇ ਬੇਤਾ ਅਹਿਹੀਂ। ਦਯੋ ਅਮੰਤ੍ਰ[੬]*ਸਭਿਨਿ ਪੁਕਾਰੀ। ਆਏ ਕਾਲੂ ਧਾਮ ਮਝਾਰੀ ॥ ੬ ॥ ਗੋਮੈ[੯] ਸੋਂ ਲੇਪਨ ਛਿਤ ਕਰਿਕੈ। ਪੂਰ੍ਯੋ ਚੌਂਕ ਹਰਖ ਉਰ ਧਰਿ ਕੈ। ਸ਼੍ਰੀ ਨਾਨਕ ਜੀ ਪੁਨ ਬੁਲਵਾਏ। ਦ੍ਵਿਜ ਬਾਹਜ[੧੦] ਕੇ ਬੀਚ ਬਿਸਾਏ ॥ ੭ ॥ ਜਿਉਂ ਉਡਗਨ ਕੀ ਸਭਾ ਮਝਾਰਾ। ਜ੍ਯਾਵਹਿ ਪੂਰਨ ਇੰਦ[੧੧] ਉਦਾਰਾ। ਸ਼ੋਭਾ ਸੰਯੁਤ[੧੨] ਤਿਉ ਤਹਿਂ ਜਾਈ। ਬੈਸੇ ਬੀਚ ਸਭਾ ਸੁਖਦਾਈ ॥ ੮ ॥ ਛੱਤ੍ਰਿਨ ਰੀਤਿ ਜੁ ਹੁਤੀ ਪੁਰਾਤਨ। ਸੋ ਕੀਨੀ ਦਿਜਵਰ ਸਭਿ ਭਾਂਤਿਨਿ। ਕੁਲ ਆਚਾਰ ਸਿਖਾਵਨ ਲਾਗ੍ਯਾ। ਪੁਨ ਪਾਵਨ ਜੰਞੂ ਅਨੁਰਾਗਾ ॥ ੯ ॥ ਜਗਤ ਬਿਮੋਚਨ ਲੋਚਨ ਚਾਰੂ[੧੩]। ਚਿਤਵਨ ਕੀਨੀ[੧੪] ਮੋਖ ਉਦਾਰੂ। ਬੂਝਤਿ ਭੇ 'ਦ੍ਵਿਜ ! ਮੋਹਿ ਸੁਨਾਵਉ। ਕਿਸ ਕਾਰਨ ਤੇ ਜੰਞੂ† ਪਾਵਉ ॥ ੧੦ ॥ ਕੌਨ ਅਧਿਕਤਾ ਯਾਂਕੇ ਪਾਏ ? ਕਿਸ ਪਦਵੀ ਇਹੁ ਦੇਤਿ ਪੁਚਾਏ?ਪਹਿਰੇ ਬਿਨਾ ਨ੍ਯੂਨਤਾ ਜੋਊ। ਦਿਜਬਰ ! ਮੁਹਿ ਸਮਝਾਯੋ ਸੋਊ ?' ॥ ੧੧ ॥ ਸੁਨਿ ਹਰਿਦ੍ਯਾਲ ਚੌਂਪ ਚਿਤ ਚਮਕੀ। ਇੱਛਾ ਕਰਤਿ ਮੋਹ ਭ੍ਰਮ ਕਮਕੀ[੧੫]।ਪੂਰਬ ਆਸ ਸੁਨਨਿ ਉਪਦੇਸ਼ੂ। ਬਨੀ ਸੁ ਬਿਧਿ ਅਬ ਮਿਟਹਿ ਕਲੇਸ਼ੂ ॥ ੧੨ ॥ ਜਾਨਤਿ ਜੌਨ ਮਹਾਤਮ ਗੁਰ ਕੋ। ਬੋਲ੍ਯੋ ਤਦਪਿ ਹਰਨ ਤਮ[੧੬] ਉਰ ਕੋ। 'ਦਿਜ ਛੱਤ੍ਰੀ ਕੋ ਧਰਮ ਜੁ ਧਰਿਈ। ਜੱਗ੍ਯੁਪਵੀਤ ਸੁ ਪਾਵਨ ਕਰਿਈ॥੧੩॥ਜਾਵਦ ਰੀਤਿ ਨ ਅਸ ਅਨੁਸਾਰੀ। ਤਾਵਦ ਨਹਿਂ ਹੋ ਕੇ ਅਧਿਕਾਰੀ। ਦ੍ਵਿਜ ਬਾਹਜ[੧੦] ਕੋ ਇਸ ਬਿਨ ਧਰਮਾ। ਰਹਤਿ ਨਹੀਂ, ਬੂਝਹੁ ਇਹੁ ਮਰਮਾ[੧੭] ॥ ੧੪ ॥ ਬੇਦਨਿ ਬਿਧਿ ਸੋਂ ਜਬ ਗਰ ਪਾਵਹਿ। ਦ੍ਵਿਜ ਬਾਹਜ ਨਿਜ ਧਰਮਹਿ ਆਵਹਿ'। ਸੁਨਿ ਪੰਧਾ[੧੮] ਕੇ ਬਚਨ ਕ੍ਰਿਪਾਲਾ। ਕਮਲ ਬਦਨ ਕਹਿਂ ਗਿਰਾ ਰਸਾਲਾ ॥੧੫॥ 'ਦ੍ਵਿਜ

---

[੧]ਸਮਿੱਗ੍ਰੀ। [੨]ਛੇਤੀ। [੩]ਮਾਸ। [੪]ਬੱਕਰਾ। [੫]ਸਨਬੰਧੀ। [੬]ਨਿਉਂਦਾ। ਸੱਦਾ। [੭]ਪ੍ਰਗਟ। [੮]ਬ੍ਰਾਹਮਣ। [੯]ਗੋਬਰ। [੧੦]ਬਾਹਮਣਾਂ ਖੱਤ੍ਰੀਆਂ। [੧੧]ਪੂਰਾਚੰਦ੍ਰਮਾ। [੧੨]ਸਮੇਤ। [੧੩]ਜਗਤ ਦੇ(ਦੁਖਾਂਨੂੰ)ਦੂਰ ਕਰਨ ਵਾਲੇ ਸੁਹਣੇ ਨੇਤ੍ਰਾਂ ਨਾਲ। [੧੪]ਤੱਕਣਾ ਕੀਤਾ। [੧੫]ਨਵਿਰਤੀ ਦੀ। [੧੬]ਅਨ੍ਹੇਰਾ। [੧੭]ਭੇਦ ਇਹ ਸਮਝੋ। [੧੮]ਪਰੋਹਤ।

*ਪਾਠਾਂਤ੍ਰ–ਅਮੰਤ੍ਰਕ। †ਪਾਠਾਂਤ੍ਰ–ਇਹੁ ਗਰ–ਹੈ।

ਬਾਹਜ ਕੋ ਧਰਮ ਜੁ ਆਹੀ। ਗਰ ਮੇਂ ਪਾਏ ਸੂਤ ਰਹਾਹੀ। ਕਿਧੋਂ ਸੁਕਰਮ ਕਰੇ ਤੇ ਰਹਿਈ।ਦਯਾ ਆਦਿ ਜੋ ਸ਼ੁਭ ਨਿਰਬਹਿਈ॥੧੬॥ ਪਾਇ ਸੂਤ ਗਰ ਕਰਤਿ ਕੁਕਰਮਾ।ਧਨ ਹਿਤ ਹਿੰਸਾ ਧ੍ਰੋਹਿ ਅਧਰਮਾ। ਅੰਤ ਪ੍ਰਯੰਤ ਦੁਸ਼ਟਤਾ ਧਾਰੇ। ਝੂਠ ਪਿਸ਼ਨਤਾ[1] ਚਿਤ ਹਿਤਕਾਰੇ ॥ ੧੭ ॥ ਜੋ ਖੱਤ੍ਰੀ ਦ੍ਵਿਜ ਕਿਧੋਂ ਰੰਡਾਲਾ। ਸਹਹਿ ਜਾਇ ਜਮਦੰਡ ਬਿਸਾਲਾ। ਕੌਨ ਜਨੇਊ ਤਿਹ ਫਲ ਦੀਨਾ। ਪਾਯੋ ਨਰਕ ਇਹਾਂ ਅਘ ਕੀਨਾ' ॥੧੮॥ ਸੁਨਿ ਕਰਿ ਬਚ ਦਿਜ-ਬਰ ਜੇ ਬੈਸੇ। ਭਏ ਮਸ਼ਟ[2] ਕੁਛ ਆਵ ਨ ਜੈਸੇ। ਸਨਮੁਖ ਉਤਰ ਦੇਤਿ ਨ ਕੋਊ। 'ਕਹਿਤਿ ਸੱਤਿ'ਸਮਝਤਿ ਚਿਤ ਸੋਊ॥੧੯॥ਤਦਪਿ ਸੁਨਨਿ ਕੀ ਬਚ ਅਭਿਲਾਖਾ। ਪ੍ਰੋਹਤ ਹਰਿਦਯਾਲ ਇਮ ਭਾਖਾ। 'ਕੌਨ ਜੰਞੂ ਤੇ ਜਾਇ ਨ ਨਰਕਾ ? ਜਾਂਤੇ* ਜਮ ਨਹਿਂ ਕਰਹਿ ਕੁਤਰਕਾ ॥ ੨੦ ॥ ਸੋ ਨਿਜ ਰਸਨਾ ਦੇਹੁ ਸੁਨਾਈ। ਸੁਨਨਿ ਚਾਹ ਸਭਿ ਉਰ ਹਰਖਾਈ'। ਕਮਲ ਬਦਨ ਪੁਨ ਬਚਨ ਬਖਾਨੇ। ਜਿਸ ਜੰਞੂ ਤੇ ਜਨ ਸਨਮਾਨੇ[3] ॥ ੨੧ ॥

ਸ੍ਰੀ ਮੁਖਵਾਕ ॥ ਸਲੋਕੁ ਮਹਲਾ ੧ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਚੌਪਈ ॥ 'ਸੂੱਛ[4] ਸਖਿਰ[5] ਇਹੁ ਲਖਹੂ[6] ਜਨੇਊ। ਗਰ[7] ਮਹਿਂ ਪਹਿਰੈਂ ਵਿਰਲੇ ਕੋਊ।ਜਿਹ ਨਰ ਗਰ ਮਹਿਂ ਧਾਰਨ ਕੀਨਾ। ਧੰਨ ਸਿ ਨਰ ਕੀਨੇ ਦੁਖ ਛੀਨਾ[8]। ।੨੨। ਲੋਕ ਬਹੁਰ ਪਰਲੋਕ ਅਸ਼ੋਕੂ[9]॥ ਸਨਮਾਨਹਿਂ ਸਭਿ ਅੰਤਕ ਓਕੂ[10]†। ਅਸ ਬਿਧਿ ਕੋ ਜੋ ਹੈ ਤੁਮ ਪਸੂ। ਗਰ ਮੁਝ ਪਾਵਹੁ ਦੁੱਕ੍ਰਿਤ ਨਾਸ਼ੂ[11]।੨੩। ਕਰਤਿ ਸੂਤ ਕੋ ਗ੍ਰੰਥਨ[12] ਪਾਈ। ਜਲ ਜਾਵਹਿ ਇਹ ਸੰਗ ਨ ਜਾਈ। ਜਾਨਹੁ ਕੱਚਾ ਕਾਜ ਸੰਸਾਰੂ। ਲੋਕ ਦਿਖਾਵਾ ਕਰਤਿ ਗਵਾਰੂ' ॥ ੨੪ ॥ ਸੁਨਿ ਕਰਿ ਬਚ ਹਰਦਯਾਲ ਰਸਾਲਾ। ਪੁਲਕਾਵਲਿ[13] ਤਨ ਹਰਖ ਬਿਸਾਲਾ -ਮੈਂ ਪੂਰਬ ਜੋ ਗਿਰਾ ਉਬਾਚੀ[14]। ਬਿਨ ਸੰਸੈ ਸੋ ਭੀ ਸਭਿ ਸਾਚੀ

[1]ਚੁਗਲੀ [2]ਚੁੱਪ। [3]ਆਦਰ ਕਰੋ। [4]ਪਵਿੱਤ੍ਰ। [5]ਨਿੱਤ ਰਹਿਣ ਵਾਲਾ। [6]ਜਾਣੋ। [7]ਗਲ। [8]ਨਾਸ਼। [9]ਅਨੰਦਤ। [10]ਜਮ ਦੇ ਘਰ। [11]ਪਾਪਾਂ ਨੂੰ ਨਾਸ਼ ਕਰਨ ਵਾਲਾ। [12]ਗੰਢਾਂ [13]ਰੋਮ ਖੜੇ ਹੋ ਗਏ। [14]ਕਹੀ। *ਪਾਠਾਂਤ੍ਰ—ਜਾਂਕੇ—।

†ਪਾਠਾਂਤ੍ਰ—ਅੰਤਨ ਲੋਕੂ—ਅਰਥਾਤ ਜਮਲੋਕ।

॥ ੨੫ ॥ ਲਖਿ ਹੈਂ ਵਿਰਲੇ ਬਹੁ ਅਨਜਾਨਾ। ਜਿਹ ਬਚ ਸੁਨਿ ਮਮ ਮਨ ਠਹਿਰਾਨਾ॥ਹੌਂ ਸੁ ਕ੍ਰਿਤਾਰਥ ਬੰਸ ਸਮੇਤਾ॥ਭਾ ਯਜਮਾਨ ਬ੍ਰਹਮੰਡ ਨਿਕੇਤਾ[੧] –॥ ੨੬ ॥ ਅਨਦ ਮਗਨ ਮੁਖ ਬੋਲ ਨ ਆਵਾ। ਸੁਨਨ ਬਚਨ ਮਨ ਰੁਚਿ ਉਪਜਾਵਾ। ਅਨਤ[੨] ਜਿ ਦ੍ਵਿਜ ਬੈਸ਼ੇ ਸ਼ੁਭ ਨੀਤੀ। ਸ਼ੋ ਬੋਲੇ ਲਖਿ ਪਾਛਲ ਰੀਤੀ ॥੨੭॥ 'ਭੋ ਬਾਲਕ ! ਇਹੁ ਜੱਗ੍ਯ਼ਪਵੀਤਾ। ਬੇਦ ਪੰਥ ਮਹਿੰ ਗਿਨਯੋ ਪੁਨੀਤਾ। ਪਰਮਪਰਾ[੩] ਪਾਵਨ[੪] ਬਰ ਧਰਮਾ[੫]। ਦਿਜ ਬਾਹਜ ਕੋ ਰਾਖਤਿ ਧਰਮਾ ॥ ੨੮ ॥ ਬ੍ਰਹਮਾਦਿਕ ਤੇ ਇਹ ਚਲਿ ਆਵਾ। ਸਨਕ ਸਨੰਦਨ ਸਭਿ ਪਹਿਰਾਵਾ। ਜੇ ਹਮ ਕੀਨੀ ਉਕਤਿ ਨਵੀਨਾ। ਪੇਲੋ ਇਹੁ ਤੌਂ[੬] ਸੁਮਤਿ ਪ੍ਰਬੀਨਾ ! ॥੨੯॥ ਚਲਹੁ ਬਾਲ ! ਪਾਛਲ ਕੁਲ ਚਾਲੀ। ਕਿਉਂ ਤੁਮ ਸਭਿ ਤੇ ਰਹਹੁ ਨਿਰਾਲੀ'। ਸੁਨਿ ਸ੍ਰੀ ਨਾਨਕ ਬਚ ਦ੍ਵਿਜਬਰ ਕਾ। ਬੋਲੇ ਤਿਹ ਮਤਿ ਕਰਤਯੋ ਤਰਕਾ[੭] ॥ ੩੦ ॥

ਸ੍ਰੀ ਮੁਖਵਾਕ–ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ
ਪਇਆ ਵੇਤਗਾ ਗਇਆ ॥

ਚੌਪਈ ॥ 'ਅਸਬਿਧਿ ਕੋ ਦਿਜ ਦੇਹੁ ਜਨੇਊ ॥ ਚੌਕੜ[੮] ਬਿਕਤਿ ਮੋਲ-ਲਿਯ ਤੇਊ। ਅਗਨਿ ਸੰਗ ਜਰਿ ਗਯੋ ਜਗ ਮਾਂਹੀ। ਜਹਿਂ ਕਾਰਜ ਤਹਿਂ ਨਿਬਹਯੋ ਸੁ ਨਾਂਹੀ ॥ ੩੧ ॥ ਜੋ ਆਗੇ ਨਹਿਂ ਕਾਰਜ ਆਵਾ। ਸੋ ਪਾਯੋ ਜਗ ਕੋ ਦਿਖਰਾਵਾ। ਮਮ ਸੰਸਾਰ ਸੋਂ ਨਾਹੀ ਕਾਜੂ। ਤਿੰਹ ਕੀ ਕਿਉਂ ਕਰਿਹੌਂ ਉਰ ਲਾਜੂ॥ ੩੨ ॥ ਸੰਗ ਨ ਤਗਾ[੯] ਜਬ ਜਮ ਗਹਿ ਕੂਟਾ। ਤਹਾਂ ਨਾਮ ਹੋਯੋ ਤਗਾਟੂਟਾ। ਕੀਨਿ ਸੁ ਕੂਰੀ ਚੋਰੀ ਜਾਰੀ। ਯਾਤੇ ਮਿਲੀ ਯਾਤਨਾ[੧੦] ਭਾਰੀ ॥ ੩੩ ॥ ਤਾਂਤੇ ਸੱਤਿਨਾਮੁ ਕਰਤਾਰਾ। ਜਪਹੁ ਤਾਂਹਿ ਹੁਇ ਜਗ ਨਿਸਤਾਰਾ। ਦੋਨੋ ਲੋਕ ਵਿਖੇ ਰਹਿ ਸੰਗਾ। ਨਿਸ ਦਿਨ ਸਿਮਰਹੁ ਸੰਗ ਉਮੰਗਾ' ॥ ੩੪ ॥ ਦਿਜ ਬਾਹਜ ਕੀ ਭੀਰ[੧੧] ਸੁ ਭੂਰੀ[੧੨]। ਸੁਨਿ ਬਚ ਬਿਸਮੈਤਾ[੧੩] ਉਰ ਪੂਰੀ। ਕੋਊ ਨ ਉੱਤਰ ਦੇਨਿ ਸਮਰਥਾ॥ਸੱਤਿ ਬਾਤ ਕਿਮ ਕਹੈਂ ਬਿਅਰਥਾ॥ ੩੫ ॥ ਪੁਨ ਤਿਹ ਕਾਲ ਜੁ ਕਾਲੂ ਗਯਾਤੀ[੧੪]।

[੧]ਬ੍ਰਹਮੰਡ ਦਾ ਜੋ ਘਰ ਅਰਥਾਤ ਆਸ਼ਰਾ (ਭਾਵ ਗੁਰੂ ਜੀ ਮੇਰੇ ਜਜਮਾਨ ਹੋ ਗਏ) ਹਨ। [੨]ਹੋਰ। [੩]ਮੁੱਢ ਤੋਂ। [੪]ਪਵਿੱਤ੍ਰ। [੫]ਸ੍ਰੇਸ਼ਟ ਧਰਮ। [੬]ਤਾਂ ਇਹ (ਬੇਸ਼ਕ) ਹਟਾ ਦਿਓ। [੭]ਖੰਡਨ। [੮]ਚਾਰ ਕੌਡਾਂ ਦਾ। [੯]ਜੰਵੂ। [੧੦]ਤਾੜਨਾ। [੧੧]ਭੀੜ। [੧੨]ਬਹੁਤੀ। [੧੩]ਅਚਰਜਤਾਈ। [੧੪]ਸਨਬੰਧੀ।

ਸੋ ਬੋਲੇ ਨਿਜ ਬਾਤ ਸੁਹਾਤੀ।'ਸੁਨੀਏ ਸ੍ਰੀ ਨਾਨਕ ਪਰਬੀਨਾ।ਤੋਰ[1] ਅਤ-ਰਕ ਗਿਰਾ[2] ਰਸ ਭੀਨਾ ॥ ੩੬ ॥ ਤਦਪਿ ਜੁ ਤਵ ਪਿਤ ਖਰਚ੍ਯੋ ਦਰਬਾ। ਜੱਗ੍ਯੁਪਵੀਤ ਹੇਤੁ ਲਖਿ ਸਰਬਾ। ਨਹਿੰ ਪਹਿਰਹੁ ਤਬ ਹੋਇ ਅਕਾਜੂ[3]। ਜੋ ਤੁਮਰੇ ਪਿਤ ਕੀਨਿ ਸਮਾਜੂ ॥ ੩੭ ॥ ਦਿਜ ਬਾਹਜ ਸਭਿ ਤੁਮ ਘਰ ਆਵਾ। ਪਹਿਰਹੁ ਜੰਞੂ ਜਗਤ ਸੁਹਾਵਾ। ਜੋ ਨਿਜ ਕੁਲ ਕੀ ਚਲਹਿ ਨ ਚਾਲੇ। ਜਾਤਿ ਪਾਤਿ ਤਿਹ ਕਰੇ ਨਿਰਾਲੇ ॥੩੮॥ ਨਰ ਸੰਪੂਰਨ ਅਰੁ ਪਰ-ਵਾਰੂ।ਹਰਖੈਂ ਉਰ ਕਰਿ ਰਹੁ ਗਰ[4] ਧਾਰੂ[5]।ਨਾਤੁਰ[6] ਸਭ ਕੋ ਬਧ੍ਯੋ ਹੁਲਾਸਾ। ਮਿਟ ਜੈ ਹੈ ਮਨ ਹੋਇ ਉਦਾਸਾ ॥ ੩੯ ॥ ਏਕ ਵਾਰ ਗਰ ਪਾਇ ਜਨੇਊ। ਪੁਨ ਕਰੀਏ ਇੱਛਾ ਉਰ ਜੇਊ'। ਅਸ ਸੁਨਿ ਕਰਿ ਗ੍ਯਾਤਿਨਿ[7] ਕੇ ਬੈਨਾ। ਪੁਨ ਬੋਲੇ ਸ੍ਰੀ ਪੰਕਜ ਨੈਨਾ ॥ ੪੦ ॥

ਸ੍ਰੀ ਮੁਖਵਾਕ—ਮਃ ੧ ॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥ ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ੨ ॥

ਚੌਪਈ ॥ 'ਲੋਕਾਰੀਤ ਜੁ ਜੱਗ੍ਯੁਪਵੀਤਾ। ਹੋਤਿ ਪੁਰਾਤਨ ਤੂਟਤਿ ਨੀਤਾ। ਬਹੁਰ ਬਹੁਰ ਲੇ ਅਵਰ ਸੁ ਪਾਵਾ। ਜਗ ਮਿੱਥ੍ਯਾ ਤਸ ਬਨ੍ਯੋ ਬਨਾਵਾ ॥ ੪੧ ॥ ਜੇਕਰਿ ਹੋਵਹਿ ਜੋਰ ਜਨੇਊ। ਮੁਝ ਗਰ ਦੀਜੈ ਭਗਨ ਨ[8] ਜੇਊ। ਮਨ ਕੁਬਾਸ਼ਨਾਂ ਨਾਸਹਿ ਰਾਸੀ[9]। ਜਿਹਤੇ ਪਦ ਪ੍ਰਾਪਤਿ ਅਬਿਨਾਸ਼ੀ' ॥ ੪੨ ॥ ਅਸਬਿਧਿ ਸ੍ਰੀ ਨਾਨਕ ਗਤਿਦਾਨੀ। ਉਪਦੇਸ਼ਨਿ ਕੀ ਉਚਰਤਿ ਬਾਨੀ। ਬਚਨ ਬਦਤਿ ਬਿੱਪ੍ਰਨ ਬਰਿਆਈ[10]। ਜੱਗ੍ਯੁਪਵੀਤ* ਦਿਯੋ

---

[1]ਆਪਦੀ। [2]ਸੱਚੀ ਬਾਣੀ। [3]ਬਿਰਥਾ। [4]ਗਲੇ ਵਿਚ। [5]ਧਾਰਨ ਕਰਕੇ। [6]ਨਹੀਂ ਤਾਂ। [7]ਸਾਕਾਂ ਦੇ। [8]ਟੁੱਟੇ ਨਹੀਂ। [9]ਸਭ ਨਾਸ਼ ਕਰੇ। [10](ਗੁਰੂ ਜੀ ਦੇ) ਬਚਨ ਕਰਦਿਆਂ ਬ੍ਰਾਹਮਣਾਂ ਨੇ ਮੱਲੋ ਮੱਲੀ।

*ਸਤਿਗੁਰੂ ਜੀ ਦਾ ਜੰਞੂ ਬਾਬਤ ਜੋ ਖ੍ਯਾਲ ਹੈ ਸ੍ਰੀ ਮੁਖਵਾਕਾਂ ਤੋਂ ਪ੍ਰਗਟ ਹੋ ਰਿਹਾ ਹੈ। ਕਵਿ ਜੀ ਦਾ ਆਪਣਾ ਖਿਆਲ ਆਪ ਜੀ ਦੇ 'ਦਿਜ ਦੰਭਨ ਕੋ ਕੀਨ ਨਿਕਦਨਾ।' (ਅੰਕ ੪੪) ਦੀ ਇਸ ਤੁਕ ਵਿੱਚ ਪ੍ਰਗਟ ਹੈ। ਜ਼ਬਰਦਸਤੀ ਧਾਗਾ ਗਲ ਪਾਕੇ ਆਪੇ ਖੁਸ਼ੀ ਮਨਾ ਲੈਣੀ ਇਹ ਗਲ ਲੋਕਾਂ ਦੀ ਹੈ। ਗੁਰੂ ਜੀ ਦੀ ਇਸ ਵਿਚ ਸੰਮਤੀ ਨਹੀਂ ਆ ਜਾਂਦੀ।

ਵਿਸ਼ੇਸ਼ ਵਿਚਾਰ ਲਈ ਦੇਖੋ ੫੭ਵੇਂ ਅਧ੍ਯਾਯ ਦੇ ੨੩ ਅੰਗ ਦੀ 'ਕਉਤਕ ਹਿਤ ਯਹ ਰੂਪ ਬਨਾਏ' ਦੀ ਟੂਕ।

ਪਹਿਰਾਈ ॥ ੪੩ ॥ ਤੂਸ਼ਨ ਭਏ ਤਬਹਿ ਸੁਖ ਸਦਨਾ। ਦਿਜ ਦੰਭਨ ਕੋ ਕੀਨ ਨਿਕਦਨਾ। ਤਿਹ ਛਿਨ ਹਰਖਜੋ ਉਰ ਪਰਵਾਰੂ। ਸਭਿ ਕੇ ਮਨ ਤੇ ਮਿਟਾ ਖਭਾਰੂ[੧]॥੪੪॥ਬਚਨ ਸੁਨਨਿ ਕੀ ਦਿਜ ਹਰਦਯਾਲੂ। ਵਡ ਲਾਲਸ ਬੋਲਜੋ ਤਿਹਕਾਲੂ। 'ਊਚ ਕਰਮ ਤੇ ਗਿਰਾ ਉਬਾਚੀ[੨]। ਰਿਦੇ ਸ਼ੁਧ ਕੋ ਇਹ ਸਭਿ ਸਾਚੀ ॥ ੪੫ ॥ ਜੋ ਜਗ ਕਾਨ ਸਿੰਖਲਾ[੩] ਸੰਗਾ। ਵਰਣ ਧਰਮ ਕਰਿ ਸਕੈਂ ਨ ਭੰਗਾ। ਪੁਨ ਨਿਜ ਮਤਿ ਕੋ ਜੱਗਯੁਪਵੀਤਾ। ਉਚਰਹੁ ਬਚਨ ਜੁ ਹੋਤਿ ਪੁਨੀਤਾ ॥ ੪੬ ॥ ਸੁਨਹਿੰ ਸਭਿਹਿ ਦਿਜ ਬਾਹਜ ਗਯਾਤੀ। ਜੋ ਅਤੂਟ ਰਹਿ ਸਦਾ ਸੰਗਾਤੀ[੪]'। ਸੁਨਤਿ ਸ੍ਰੋਨ ਅਰਬਿੰਦ[੫] ਬਿਲੋਚਨ[੬] ਬੋਲ ਬਾਨੀ ਬੰਧ ਬਿਮੋਚਨ[੭] ॥ ੪੭ ॥

ਸ੍ਰੀ ਮੁਖਵਾਕ ॥ ਮਃ ੧ ॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ੩ ॥

ਚੌਪਈ ॥ 'ਜਿਨ ਅਸ ਪਾਯੋ ਜੱਗਯੁਪਵੀਤਾ। ਸੋ ਸਭਿ ਥਾਨ ਵਿਖੈ ਨਿਰਭੀਤਾ। ਜਹਾਂ ਜਾਇ ਤਹਿਂ ਆਦਰ ਪਾਵਾ। ਸਭਿ ਸ਼ੋਭਾ ਸੰਯੁਤ ਜਸੁ ਛਾਵਾ ॥ ੪੮ ॥ ਭਗਨ ਨ ਹੋਇ[੮] ਸੰਗ ਰਹਿ ਸੋਊ। ਭਾਗ ਜਗੇ ਤੇ ਪਹਿਰਹਿ ਕੋਊ ॥ ਕਾਮ ਕ੍ਰੋਧ ਮਨ ਕੀਨਿ ਮਲੀਨਾ। ਸਿਮਰ ਨਾਮ ਕੋ ਜਿਨ ਸੁਚਿ[੯] ਕੀਨਾ* ॥ ੪੯ ॥ ਤਿਨਹਿ ਉਚਿਤ[੧੦] ਇਹੁ ਯੱਗਯੁਪਵੀਤਾ। ਲੋਕ ਕਾਨ ਤੇ ਸੋ ਵਿੱਪ੍ਰੀਤਾ[੧੧]' ॥ ਸੁਨਿ ਹਰਿਦਯਾਲ ਸੁ ਅਸ ਉਪਦੇਸ਼ਾ। ਰਿਦੈ ਧਾਰਿ ਲਿਯ ਲਖਿ ਸਗਤੇਸ਼ਾ ॥ ੫੦ ॥'ਧੰਨ ਧੰਨ ਪੁਨ ਧੰਨ' ਵਖਾਨਹਿ। 'ਆਪਨ ਗਤਿ ਤੁਮ ਆਪਹਿ ਜਾਨਹਿ'। ਅਵਰ ਨ ਕਾਹੂੰ ਮਹਿਮਾ ਜਾਨੀ। ਇਕ ਪ੍ਰੋਹਤ ਭਾ ਹਤਿ ਅ[illegible]ਮਾਨੀ ॥ ੫੧ ॥ ਜਿਹ ਪਰ ਕਰਹਿਂ ਹੇਰਿ ਕਰਿ ਕਰੁਨਾ। ਤਾਹੂੰ ਕੋ ਹਰਿਹੀ ਭਵ ਮਰਨਾ[੧੨]। ਤਿਹ ਛਿਨਿ ਕਾਲੂ ਬਚਨ ਉਚਾਰਾ। 'ਅਬ ਭੋਜਨ ਭਾ ਸਗਰੋ ਤਯਾਰਾ ॥ ੫੨ ॥ ਦਿਜ ਜੂ ! ਉਠਊ ਪਾਂਤਿ[੧੩] ਬੈਸਾਵਹੁ। ਤਜਿ ਬਿਲੰਬ ਨਿਜ ਭੋਜਨ ਖਾਵਹੁ'। ਸੁਨਿ ਸਭਿ ਦਿਜ ਉਠਿ ਚੀਰ[੧੪] ਉਤਾਰੇ। ਕਰਿ ਪੰਕਤਿ ਬੈਸੇ ਇਕ ਸਾਰੇ[੧੫]† ॥ ੫੩ ॥ ਛੱਤ੍ਰੀ ਸਭਿ

---

[੧]ਖੋ[illegible]। [੨]ਕਹੀ। [੩]ਬੇੜੀ, ਸੰਗਲ, ਬੰਧਨ। [੪]ਸੰਗ। [੫-੬]ਕਵਲ ਅੱਖਾਂ ਵਾਲੇ। [੭]ਬੰਧਨਾਂ ਦੇ ਨਾਸ਼[illegible]। [੮]ਟੁੱਟਦਾ ਨਹੀਂ। [੯]ਪਵਿਤਰਤਾ। [੧੦]ਯੋਗ। [੧੧]ਉਲਟ। [੧੨]ਜਨਮ ਮਰਨ। [੧੩]ਪੰਗਤ। [੧੪]ਕਪੜੇ। [੧੫] ਇਕੋ ਜੇਹੀ। *ਪਾਠਾਂਤ੍ਰ—ਸਿਮਰ ਨਾਮ ਕੋ ਨਿਸਚਿਤ ਕੀਨਾ।

†ਪਾਠਾਂਤ੍ਰ—ਇਕ ਬਾਰੇ—।

ਬੁਲਾਇ ਨਿਜ* ਗਜਾਤੀ[1]। ਬਨ ਬੈਠੇ ਸੋ ਪਾਂਤਿ ਸੁਹਾਤੀ। ਅਨਿਕ ਭਾਂਤਿ ਪਾਤ੍ਰਨ[2] ਧਰਿ ਆਗੇ। ਸੂਪਕਾਰ[3] ਤਬ ਪਰੁਸਨਲਾਗੇ[4] ॥ ੫੪ ॥ ਪਾਇਸੁ[5] ਸਿਤਾ[6] ਘ੍ਰਿੱਤਿ ਬਿਧਿ ਸੰਗਾ। ਸਪਦ[7] ਪਰੁਸਗੇ[8] ਸੰਗ ਉਮੰਗਾ। ਸੂਖਮ ਓਦਨ[9] ਬਰੇ[10] ਪਕੌਰੇ। ਮਰਚ ਧਨਿਯ ਸੋਂ ਦਧਿ ਮਹਿਂ ਬੋਰੇ[11] ॥ ੫੫ ॥ ਸੂਪ[12] ਬਨੀ ਬਰ[13] ਅਨਿਕ ਪ੍ਰਕਾਰ॥ ਖਾਨ ਪੁਰਾ[14] 'ਹਰਿਨਾਮ' ਉਚਾਰ॥ ਸ੍ਵਾਦ ਸੰਗਿ ਸਭਿ ਅਚਵਨਿ ਕੀਨੋ। ਪੁਨ ਪਨਵਾਰੇ[15] ਕੀਨਿ ਚਬੀਨੋ॥੫੬॥ ਦੀਨ ਦੱਛਨਾ ਦ੍ਵਿਜ ਸਨਮਾਨੇ। ਬਹੁਰ ਬਿਸਰਜਨ[16] ਹੋਇ ਪਯਾਨੇ। ਦ੍ਵਿਜ ਹਰਿਦਯਾਲ ਚਹਿਤਿ ਸੋ ਪਾਵਾ। ਨਾਮ ਲਗੀ ਲਿਵ ਪ੍ਰੇਮਹਿ ਛਾਵਾ ॥ ੫੭ ॥ ਜੱਗਯੁਪਵੀਤ ਪਾਵਨੀ ਗਾਥ॥ਸੁਨਹਿ ਸੁਨਾਵਹਿ ਜੋ ਹਿਤ ਸਾਥ। ਭਗਨ ਜੰਞੂ ਕੋ ਦੋਖ ਨ ਲਾਗਹਿ। ਪੁਨ ਸ਼੍ਰੀ ਗੁਰੁ ਕੇ ਪਗ ਅਨੁਰਾਗਹਿ† ॥ ੫੮ ॥ ਦੋਹਰਾ ॥ ਗਜਾਤੀ ਛੱਤ੍ਰੀ ਅਪਰ ਜੇ ਬਿੱਪ੍ਰ ਜਿ ਪ੍ਰੋਧਾ ਸਾਥ। ਉਸਤਤਿ ਉਚਰਤਿ ਸਦਨ ਗੇ ਜੋ ਗੁਰ ਦੀਨਾਨਾਥ॥ ੫੯ ॥ ਇਤਿ ਸ੍ਰੀ ਗੁਰਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬ੍ਰਹਮਸੂਤ੍ਰ‡ ਪਾਵਨ' ਪ੍ਰਸੰਗ ਬਰਨਨੰ ਨਾਮ ਨਵਮੋ ਧਯਾਇ ॥ ੯ ॥

੧੦. [ਅਰਦਾਸ। ਗਊਆਂ ਚਾਰਨਾ। ਖੇਤ ਹਰਿਆ ਕਰਨਾ]

ਸੈਯਾ ॥ ਬਰ ਆਨਨ ਤੇ ਬਰ ਦੇਹੁ ਗੁਰੂ! ਬਰ ਗ੍ਰੰਥ ਸਪੂਰਨ ਹੋਇ ਅਬੈ।
ਬਲਿ ਜਾਇ ਕਵੀ ਤੁਮਰੋ ਬਲਪਾਇ ਕਰੋਂ ਕਵਿਤਾ ਸ਼ੁਭ ਛੰਦ ਸਬੈ।
ਬਲਹੀਨ ਕਰੋ ਬਿਘਨਾ ਸਭਿ ਹੀ ਗੁਰੁ ਕੀਰਤਿ ਗ੍ਰੰਥ ਸੁ ਹੋਇ ਤਬੈ।
ਬਿਘਨਾਤਮ ਰੂਪ ਅਮਾਵਸ਼ ਕੋ ਯਹਿ ਗ੍ਰੰਥ ਦੁਤੀ ਦੁਤਿ ਚੰਦ§ਫਬੈ ॥ ੧॥

[ਬਰ=ਸ੍ਰੇਸ਼ਟ [ਸੰਸ:, ਵਰ]। ਆਨਨ=ਮੂੰਹ।
ਬਰ=ਅਸੀਸ। ਸਫਲਤਾ ਦੀ ਦਾਤ।
ਬਰ=ਚਾਹਿਆ ਹੋਇਆ, ਵਾਂਛਤ । [ਸੰਸ:, ਬਰੰ=ਵਾਂਛਤ । ਧਾਤੂ 'ਬੀ'=ਚੁਣਨਾ। ਵਰ੍=ਇੱਛਾ ਕਰਨੀ।]
ਅਬੈ=ਹੁਣੇ, ਪਰ ਮੁਰਾਦ ਛੇਤੀ ਤੋਂ ਹੈ। ਬਲਿਜਾਇ=ਬਲਿਹਾਰ ਜਾਵੇ ।]

---

[1]ਸਨਬੰਧੀ। [2]ਭਾਂਡੇ (ਅ) ਪੱਤਲਾਂ। [3]ਲਾਂਗਰੀ। [4]ਪ੍ਰੋਸਣ ਲਗੇ। [5]ਖੀਰ। [6]ਖੰਡ। [7]ਛੇਤੀ। [8]ਪਰੋਸੇ ਗਏ। [9]ਬ੍ਰੀਕ ਚਾਵਲ। [10]ਵੜੇ। [11]ਦਹੀਂ ਵਿਚ ਡੋਬੇ ਹੋਏ। [12]ਰਸੋਈ। [13]ਚੰਗੀ। [14]ਖਾਣ ਤੋਂ ਪਹਿਲਾਂ। [15]ਪਾਨਾਂ ਦੇ ਬੀੜੇ। [16]ਵਿਦਾ।

*ਪਾਠਾਂਤ੍ਰ ਦੋ ਹਨ—ਬਹੁ—ਬਰ।

†ਮੁਰਾਦ ਇਹ ਹੈ ਕਿ ਇਹ ਪ੍ਰਸੰਗ ਦੇ ਸੁਣਨ ਸੁਣਾਉਨ ਵਾਲੇ ਨੂੰ ਜੰਞੂ ਦੀ ਲੋੜ ਨਹੀਂ, ਉਨ੍ਹਾਂ ਨੂੰ ਗੁਰੂ ਚਰਨਾ ਦਾ ਪ੍ਰੇਮ ਮਿਲੇਗਾ।

‡ਪਾਠਾਂਤ੍ਰ—ਬ੍ਰਹਮਨ ਜਨੇਊ।

§ਪਾਠਾਂਤ੍ਰ—ਇੰਦੁ।

ਬਲ ਪਾਇ=ਤਾਕਤ ਪਾਕੇ, ਬਲ ਲੈਕੇ ।
ਸੁ=ਸੁਹਣੀ ਤਰ੍ਹਾਂ । ਤਬੈ=ਤਦ । ਵਿਘਨਾਤਮ=ਵਿਘਨ ਜਿਸਦਾ ਸਰੂਪ ਹੈ, ਵਿਘਨ। (ਅ) ਵਿਘਨਾ+ਤਮ=ਵਿਘਨ ਰੂਪ ਹਨੇਰਾ। ਵਿਘਨਾਂ ਦੇ ਹਨੇਰੇ ਰੂਪ ਵਾਲੀ (ਮੱਸਯਾ)।
ਅਮਾਵਸ਼=ਜਿਸ ਰਾਤ ਚੰਦ੍ਰਮਾਂ ਮੂਲੋਂ ਨਹੀਂ ਨਿਕਲਦਾ, ਮੱਸਿਆ ।
ਦੁਤੀ=ਦੂਜ ਦੀ ਥਿਤ । ਜਿਸ ਦਿਨ ਲੋਕ ਚੰਦ ਚਾਹ ਕੇ ਵੇਖਦੇ ਹਨ, ਪਹਿਲਾ ਦਿਨ ਚੰਦ ਚੜ੍ਹਨ ਦਾ ।
ਦੁਤਿ=ਸ਼ੋਭਾ। ਸ਼ੋਭਾ ਵਾਲਾ ।[ਸੰਸ:, ਦ੍ਯੁਤਿ=ਚਾਨਣਾ, ਪ੍ਰਕਾਸ਼ ।]

ਅਰਥ—ਹੇ ਗੁਰੂ ! ਅਪਣੇ ਸ੍ਰੇਸ਼ਟ ਮੁਖਾਰਬਿੰਦ ਤੋਂ (ਮੈਨੂੰ) ਵਰ ਦਿਓ ਕਿ (ਇਹ ਮੇਰਾ) ਵਾਂਛਿਤ ਗ੍ਰੰਥ ਛੇਤੀ ਸੰਪੂਰਣ ਹੋਵੇ।

(ਆਪ ਤੋਂ) ਸਦਕੇ ਜਾਵੇ (ਇਹ) ਕਵੀ । (ਹਾਂ ਕੇਵਲ) ਆਪਦਾ ਬਲ ਪ੍ਰਾਪਤ ਕਰਕੇ ਸੁਹਣਿਆਂ ਛੰਦਾਂ ਵਿਚ (ਇਹ) ਸਾਰੀ ਕਵਿਤਾ (ਮੈਂ) ਰਚਾਂ ।

(ਇਸ ਕੰਮ ਵਿਚ ਅੱਗੇ ਆਉਣ ਵਾਲੇ) ਸਾਰੇ ਵਿਘਨਾਂ ਨੂੰ ਬਲਹੀਨ ਕਰ ਦਿਓ, ਤਾਂ ਜੋ ਗੁਰੂ ਕੀਰਤੀ ਦਾ (ਇਹ) ਗ੍ਰੰਥ (ਛੇਤੀ ਤੇ) ਸੋਹਣੀ ਤਰ੍ਹਾਂ (ਸੰਪੂਰਣ) ਹੋਵੇ ।

ਅਤੇ ਵਿਘਨਾਂ ਦੇ ਹਨੇਰੇ ਰੂਪ ਵਾਲੀ ਅਮੱਸਯਾ ਨੂੰ ਇਹ ਗ੍ਰੰਥ ਦੂਜ ਦਾ ਸ਼ੋਭਾ ਵਾਲਾ ਚੰਦ੍ਰਮਾ (ਹੋਕੇ) ਫਬੇ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਤਿਹ ਪਾਛੈ ਸ੍ਰੀ ਸਤਿਗੁਰੂ ਕਰਿ ਬਹੁ ਅਪਨ ਦੁਰਾਵ[੧]। ਮੱਤਿ[੨] ਸੁਭਾਵ ਅਨੰਦ ਮਹਿ ਕਰਹਿਂ ਨ ਕਛੁ ਲਖਾਵ ॥ ੨ ॥ ਚੌਪਈ॥ਉਦਾਸੀਨ ਬ੍ਰਿਤਿ ਰਹੈਂ ਅਰੂਢਾ[੩]।ਜਾਂਤੇ ਲਖਿ ਨ ਸਕਹਿਂ ਨਰਮੂਢਾ[੪]। ਹੋਰਨ ਹੇਤੁ ਨ ਖੋਲਹਿਂ ਨੈਨਾ। ਚੰਚਲ ਅਧਰ ਨ ਕਰਿ ਹਿਤ ਬੈਨਾ[੫] ॥ ੩॥ ਸਹਿਜ ਸੁਭਾਇਕ ਕ੍ਰਿਆ ਰਿਖੀਕੇ[੬]। ਹੋਇ ਤ ਹੁਇ[੭] ਨਤੁ[੮] ਥਿਰੁ[੯] ਬਿਧਿ ਨੀਕੇ । ਅੰਤਰ ਮੁਖੀ ਬ੍ਰਿੱਤਿ ਦਿਨ ਰੈਨਾ। ਕਰਿ ਰਾਖੀ ਸ੍ਰੀ ਪੰਕਜ ਨੈਨਾ ॥ ੪ ॥ ਜਗਤ ਅਸਾਰ ਖੇਲ ਜਿਵ ਸਿਸੁ ਕਾ। ਅਸ ਲਖਿ ਕਰਹਿਂ ਨ ਕਾਂਖ੍ਯਾ[੧੦] ਕਿਸੁਕੀ॥ਨਰ ਨਾਰੀ ਭਾਖਹਿਂ ਅਸ ਰੀਤੀ।'ਕਾਲੂ ਸੁਤਕੀ ਮਤਿ ਬਿੱਪ੍ਰੀਤੀ[੧੧] ॥੫॥ਆਗੇ ਕਹਿਤਿ ਬੈਨ ਗੁਨ ਸਾਲੀ॥ਕਿਧ ਤੂਸ਼ਨ[੧੨] ਅਬ ਕੌਨ ਕੁਚਾਲੀ॥ ਡੀਠ[੧੩] ਲਗੀ ਨਰ ਨਾਰਿਨ ਕੇਰੀ॥ਜਿਹ ਮਸਤਾਨੀ ਤੌਰ ਘਨੇਰੀ॥੬॥ ਭੂਤ ਪ੍ਰੇਤ ਕੀ ਭਈ ਕਿ ਛਾਯਾ॥ਸੁਨਨਿ ਕਹਿਨ ਜਿਨ ਸਭਿ ਬਿਸਰਾਯਾ'।ਕਛੁਕ

[੧]ਛੁਪਾਉ। [੨]ਮਸਤ। [੩]ਟਿਕੇ ਹੋਏ। [੪]ਮੂਰਖ । [੫]ਹੋਠਾਂ ਨੂੰ ਬਚਨ ਕਹਿਣ ਵਾਸਤੇ ਚੰਚਲ ਨਹੀਂ ਕਰਦੇ, ਭਾਵ ਚੁਪ ਰਹਿੰਦੇ ਹਨ । [੬]ਇੰਦ੍ਰੀਆਂ ਦੀ। [੭]ਹੋ ਜਾਵੇ ਤਾਂ ਹੋ ਜਾਵੇ । [੮]ਨਹੀਂ ਤਾਂ । [੯]ਟਿਕੀਆਂ ਰਹਣ । [੧੦]ਇੱਛਾ । [੧੧]ਉਲਟੀ ਹੋ ਗਈ ਹੈ । [੧੨]ਚੁੱਪ । [੧੩]ਨਜ਼ਰ ।

ਦਿਵਸ ਬੀਤੇ ਅਸ ਰੀਤੀ। ਏਕ ਸਮੈ ਕਾਲੂ ਕਰਿ ਪ੍ਰੀਤੀ॥੭॥ ਅੰਕਬਿਸਾਇ
ਸੀਸ ਕਰ ਫੇਰਾ। ਸੂੰਘਤਿ[੧] ਮਸਤਕ ਅਨੰਦ ਘਨੇਰਾ। ਹੇਰਿ ਤਾਤ ਕੋ ਰਿਦੈ
ਵਿਚਾਰਾ।-ਮਤਿ[੨] ਪਰਕਾਸ਼ਹਿ ਕਰਤਯੋ ਕਾਰਾ॥੮॥ ਯਾਂਤੇ ਕਾਰ ਕਰਾਉਂ
ਜਿ ਥੋਰੀ। ਸਨੈਸਨੈ[੩] ਪਰਚੈ ਸਭਿ ਠੌਰੀ-। ਅਸਬਿਧਿ ਲਖਿ ਕਾਲੂ ਮੁਖ
ਭਾਖੀ[੪]।'ਗੋ[੫] ਮਹਿਖੀ[੬] ਚਾਰਹੁ ਕਰਿ ਰਾਖੀ॥ ੯ ॥ ਏਕ ਆਤਮਜ[੭] ਹਮਰੇ
ਧਾਮੂ। ਕਿਹ ਬਿਧਿ ਸਰੈ ਕਰੇ ਬਿਨ ਕਾਮੂ। ਬੈਸਯੋ ਤਾਤ! ਬਿਤੀਤਹਿ
ਨਾਂਹੀ। ਕਰਹੁ ਕਾਰ ਨਿਜ ਮਨ ਪਰਚਾਹੀ॥੧੦॥ ਸਦਾ ਉਦਾਸ ਰਹੇ ਮਨ
ਤੇਰੋ। ਪਰਚਹੁ ਪੁਨ ਹੁਇ ਛੀਰ[੮]ਬਧੇਰੋ।ਦਾਸ[੯] ਚਰਾਵਤਿ ਰੀਤਿ ਬਿਗਾਰੀ।
ਹਰਿਤ[੧੦] ਤ੍ਰਿਣਨ ਤੁਮ ਆਨਹੁ ਚਾਰੀ'॥੧੧॥ ਕਹਯੋ ਪ੍ਰੀਤਿ ਸੋਂ ਕਰਤਿ
ਦੁਲਾਰਾ॥ਸੁਨਿ ਸ਼੍ਰੀ ਨਾਨਕ ਭੇ ਅਨੁਸਾਰਾ॥ਕਹਤਿ'ਪਿਤਾਜੀ ਭੋਰ ਸਿਧਾਊਂ[੧੧]।
ਤੁਮ ਰਜਾਇ ਤੇ ਚਾਰਿ ਲਿਆਊਂ'॥੧੨॥ਅਸਿ ਕਹਿ ਰੈਨ[੧੨] ਬਿਖੈ ਪਰਿ ਸੋਏ।
ਜਿਨ ਦਾਸਨ ਕੇ ਬੰਧ ਬਿਗੋਏ[੧੩]। ਸ਼੍ਰੀ ਨਾਨਕ ਅਰਣੋਦਯ[੧੪]* ਜਾਗੇ।
ਗੋ ਮਹਿਖੀ ਚਾਰਨ[੧੫] ਅਨੁਰਾਗੇ॥੧੩॥ ਨਿਜ ਹਾਥਨ ਦਾਮਨ[੧੬] ਤੇ ਖੋਲੀ
ਹਾਂਕਤਿ ਚਲੇ ਇਕਤ੍ਰਕਰਿ ਟੋਲੀ॥ਲਏ ਲਸ਼ਟਕਾ[੧੭] ਦੇਤਿ ਹੰਗੂਰਾ॥ਚਾਰਤਿ
ਹਰਿਤ[੧੮]ਤ੍ਰਿਣਨ[੧੯] ਸੁਖਪੂਰਾ[੨੦]†।੧੪।ਮਨਹੁ ਗੁਪਾਲ ਜੁ ਪਾਛਲ[੨੧]ਨਾਮਾ।
ਪ੍ਰਗਟ ਕਰਤਿ ਹੈਂ ਜਨੁ[੨੨]ਸੁਖ ਧਾਮਾ। ਮੰਦ ਮੰਦ ਸ਼ੁਭ ਸੁਰਭੀ[੨੩] ਪਾਛੇ।
ਸਭਿ ਬਾਸੁਰ ਚਾਰਤਿ ਤ੍ਰਿਣ ਆਛੇ॥੧੫॥ਭਈ ਸੰਝ[੨੪] ਪੁਰਿ ਦਿਸਕੋ ਮੋਰੀ।
ਆਇ ਅਘਾਈਂ[੨੫] ਸਵਲੀ[੨੬] ਗੋਰੀ। ਕਾਲੂ ਹੇਰਿ ਹਰਖ ਉਰ ਭਾਰੀ। ਲਖਯੋ
ਕਿ-ਲਗਯੋ ਮੋਹਿ ਸੁਤ ਕਾਰੀ॥੧੬॥ਸਨੇਸਨੇ ਪਰਚਹਿ ਸਭਿ ਕਾਮੂ।ਤਜਹਿ
ਉਦਾਸੀ ਹਿਤ ਕਰਿ ਧਾਮੂ-। ਆਨਿ ਬਿਰਾਜੇ ਨਿਜ ਪ੍ਰਭੁ ਸਦਨਾ। ਸੁੰਦਰ
ਕਮਲ ਪਰਫੁੱਲਤ ਬਦਨਾ॥੧੭॥ ਪੈ[੨੭] ਪੁਨਿ ਪਿਯੋ ਖਾਨਿ ਕਰਿ ਅਸਨਾ[੨੮]।
ਪੌਢੇ[੨੯] ਪਾਇ ਦੇਹਿ ਪਰ ਬਸਨਾ[੩੦]। ਕਾਲੂ ਉਠਯੋ ਵਡੀ ਭੁਨਸਾਰਾ[੩੧]।'ਸੁਤ

੧ਚੁੰਮਿਆ। ੨ਬੁੱਧੀ। ੩ਹੌਲੀ ਹੌਲੀ। ੪ਕਹੀ। ੫ਗਊਆਂ। ੬ਮਹੀਆਂ। ੭ਪੁੱਤਰ। ੮ਦੁੱਧ।
੯ਨੌਕਰ। ੧੦ਸਾਵੇ। ੧੧ਸਵੇਰੇ ਜਾਵਾਂਗਾ। ੧੨ਰਾਤ ਨੂੰ। ੧੩ਬੰਧਨ ਨਾਸ਼ ਕੀਤੇ। ੧੪ਸੂਰਜ ਚੜ੍ਹੇ।
੧੫ਚਰਾਉਣ। ੧੬ਰੱਸੀਆਂ। ੧੭ਸੋਟੀ। ੧੮ਸਾਵਾ। ੧੯ਘਾਹ। ੨੦ਸੰਪੂਰਨ ਸੁਖੀ ਭਾਵ ਗੁਰੂ ਜੀ।
੨੧ਪਿਛਲਾ। ੨੨ਮਾਨੋ। ੨੩ਗਊਆਂ ਦੇ। ੨੪ਸੰਧਯਾ। ੨੫ਰੱਜਕੇ। ੨੬ਕਾਲੀ। ੨੭ਦੁੱਧ।
੨੮ਭੋਜਨ। ੨੯ਸੌਂ ਗਏ। ੩੦ਕਪੜਾ। ੩੧ਸਵੇਰੇ।

*ਪਾਠਾਂਤ੍ਰ—ਅਰਣੋਦਿਤ, ਤੇ ਅਰਣੋਦਹਿ। †ਪਾਠਾਂਤ੍ਰ—ਮੂਰਾ—ਤੇ—ਸੂਰਾ—ਹਲ।

ਨਾਨਕ ਉਠ’ ਬਚਨ ਉਚਾਰਾ ॥੧੮॥ ਪਿਤਾ ਬੈਨ ਸੁਨਿ ਕਰਿ ਜਗ ਸ੍ਵਾਮੀ। ਸੁਰਭੀ ਖੋਲਿ ਭੁਏ ਅਨੁਗਾਮੀ[੧]। ਜਹਾਂ ਖੇਤ* ਸੁੰਦਰ ਹਰਿਆਈ। ਬਾਰ[੨] ਬਾਰ[੩] ਬਾਰੀ[੪] ਬਰਿਆਈ[੫]॥੧੯॥ ਆਪ ਸੋਇਗੇ ਹੋਇ ਸੁਖਾਰੇ। ਖਾਤਿ ਖੇਤ ਨਹਿਂ ਅਨਤ ਪਧਾਰੇ[੬]। ਜਬ ਸਭਿ ਚਰਗੀ[੭] ਗੋ[੮] ਗੋਧੂਮੀ[੯]। ਦਿਵਸ ਚਰੇ ਆਧੋ ਵਹਿ ਭੂਮੀ[੧੦] ॥੨੦॥ ਹੇਰਿ ਕਿਦਾਰ[੧੧] ਸੁ ਭਯੋ ਹਿਰਾਨਾ। ‘ਕ੍ਰਿਸ਼ਿ[੧੨]ਚਾਰੀ ਕਿਨ ਢੀਠ ਮਹਾਨਾ ?। ਸੀਂਚਿਸੀਂਚਿ[੧੩] ਮੈਂ ਬਹੁਦਿਨ ਹਾਰਯੋ। ਕਿਹ† ਨਿੱਡਰ ਸਭਿ ਖੇਤ ਉਜਾਰਯੋ ? ॥ ੨੧ ॥ ਖਾਇ ਅਘਾਇ[੧੪] ਰਹੀ ਬਿਚ ਬੈਸੀ। ਲਖੀ ਕਿਨਹਿਂ[੧੫] ਬਿਨਖਸਮੀ ਜੈਸੀ’। ਬਚ ਊਚੇ ਸੁਨਿ ਸ੍ਰੀ ਗੁਰੁ ਜਾਗੇ। ਉਠਿ ਕਰਿ ਵਹਿਰ ਨਿਕਾਸਨ ਲਾਗੇ॥ ੨੨ ॥ ਰਾਹਕ ਕਰਤਿ ਕ੍ਰੋਧ ਕਹਿ ਊਚੇ। ‘ਜਾਨਿ ਨ ਦੇਉਂ ਤੁਮਹਿ ਘਰ ਸੂਚੇ[੧੬]। ਸਭਿ ਕਿਦਾਰ[੧੧] ਕੋ ਕਰਹੁ ਉਜਾਰਾ[੧੭]। ਨਤੁਰ ਚਲੋ ਢਿਗ ਰਾਇ ਬੁਲਾਰਾ’ ॥੨੩॥ ਅਸ ਕਹਿ ਸਭਿ ਸੁਰਭੀ ਲਿਯ ਹਾਂਕੀ। ਰਿਸ[੧੮] ਪੁਨ ਸ਼ੋਕ ਬਿਖੈ ਮਤਿ ਤਾਂਕੀ। ਪੁਨ ਕਮਲਾਨਨ ਬਚਨ ਉਚਾਰੇ। ‘ਗੋਧਨ[੧੯] ਤਜਿ ਦਿਹੁ ਸ਼ੋਕ ਬਿਸਾਰੇ ॥੨੪॥ ਪਰਾਲਬਧ ਤੁਮਰੀ ਹੈ ਜੇਤੀ। ਬਰਕਤ ਪਾਇ ਪ੍ਰਭੂ ਅਬ ਤੇਤੀ। ਬਿਗਾਰਨਹਾਰ ਬਿਗਾਰ ਸੋ ਜਾਈ। ਬਹੁਰ ਨ ਸਵਰਹਿ ਕਰਹਿ ਲਰਾਈ ॥ ੨੫ ॥ ਜੋ ਨਿਜ ਭਾਗ ਸਵਰਨੀ ਹੋਈ। ਤਿਹ ਨ ਵਿਗਾਰ ਸਕੈ ਕਹੁ ਕੋਈ। ਜਗਤ ਨਾਥ ਕੇ ਹੈ ਸਭਿ ਹਾਥਾ। ਸੁਨਿਯ ਨ ਕਹੂੰ ਦੁਤਿਯ[੨੦] ਕੀ ਗਾਥਾ ॥ ੨੬ ॥ ਤਜਹੁ ਧੇਨੁਅਸਬਿਧਿ ਜੀਅਜਾਨੀ। ਬੀਤੀ ਕੀ ਨ ਬਿਥਾਰ ਕਹਾਨੀ[੨੧]’। ਸੁਨੈ ਨ ਬਚ ਵਾਰਹਿ[੨੨] ਬਹੁਤੇਰਾ। ਜਿਹ ਕ੍ਰਿਸ਼ ਕੋ[੨੩] ਭਾ ਸ਼ੋਕ ਘਨੇਰਾ॥੨੭॥ ਝਗਰਤਿ ਝਗਰਤਿ ਪਹੁੰਚੇ ਤਹਿਂਵਾ। ਰਾਇ ਬੁਲਾਰੂ ਬੈਠਯੋ ਜਹਿਂਵਾ। ਰਾਹਕ ਊਚੇ ਕੀਨਿ ਪੁਕਾਰੀ। ‘ਮੋਹਿ ਖੇਤ ਸਭਿ ਦੀਨਿ ਉਜਾਰੀ ॥੨੮॥ ਚੀਰਧੁ ਬਹੁ ਗੋਧੂਮ[੯] ਸੁ ਮੇਰੇ। ਖਾਈ ਮਹਿਖਨਿ[੨੪] ਆਜ ਸਵੇਰੇ। ਤਾਤ[੨੫] ਤਾਹਿ ਜੋ ਤੁਵ ਪਟਵਾਰੀ। ਕਰਤਿ ਹਕੂਮਤਿ ਸੁਰਤਿ ਵਿਸਾਰੀ ॥੨੯॥ ਕਰਹੁ ਤਪਾਵਸ[੨੬]

[੧]ਪਿੱਛੇ ਲੱਗ ਤੁਰੇ। [੨]ਵਾੜ। [੩]ਤੋੜਕੇ। [੪]ਵਾੜ ਦਿੱਤੀਆਂ। [੫]ਜੋਰੋਜ਼ੋਰੀ। [੬]ਹੋਰ ਥਾਂ ਨਹੀਂ ਜਾਂਦੀਆਂ। [੭]ਚਰ ਗਈਆਂ। [੮]ਗਊਆਂ। [੯]ਕਣਕ। [੧੦]ਖੇਤ ਵਾਲਾ। [੧੧]ਖੇਤ। [੧੨]ਖੇਤੀ। [੧੩]ਪਾਨੀ ਦੇ ਦੇ ਕੇ। [੧੪]ਰੱਜਕੇ। [੧੫]ਕਿਸੇ ਨੇ। [੧੬]ਖਾਲੀ। [੧੭]ਉਜਾੜਾ। [੧੮]ਗੁੱਸੇ। [੧੯]ਗਊਆਂ ਦਾ ਵੱਗ। [੨੦]ਦੂਜੇ ਦੀ। [੨੧]ਬੀਤ ਗਈ ਦੀ ਕਹਾਣੀ ਨ ਫਰੋਲ। [੨੨]ਵਰਜਿਆ। [੨੩]ਖੇਤੀ ਦਾ। [੨੪]ਮੱਝੀਆਂ ਨੇ। [੨੫]ਪੁੱਤਰ। [੨੬]ਨਿਆਉਂ। *ਪਾਠਾਂਤ੍ਰ–ਪੇਖ। †ਪਾਠਾਂਤ੍ਰ–ਕਿਨਹਿ।

ਭੂਪਤਿ ! ਮੇਰੋ। ਨਾਤੁਰ ਉਜਰਹਿ ਨਗਰ ਸੁ ਤੇਰੋ। ਦਿਨ ਪ੍ਰਤਿ ਅਸਬਿਧਿ
ਜੇ ਕ੍ਰਿਸ਼ਿ ਉਜਰੈ। ਰਾਹਕ ਕੈਸ ਬਸਾਸਤਿ[੧] ਗੁਜਰੈ*'॥੩੦॥ ਸੁਨਤਿ ਰਾਇ
ਉਰ ਰਿਸ[੨] ਭਰਿ ਸਰੁਖਾ[੩]। ਹੇਰਤਿ ਬੋਲ੍ਯੋ ਮੁਖਤੇ ਪਰੁਖਾ[੪]।'ਸਭਿ ਕੋ ਡਰੁ
ਉਰ ਦੀਨ ਨਿਵਾਰੇ। ਚਾਰਤਿ ਖੇਤੀ ਸਿਸੁ ਮਤਵਾਰੇ[੫]'।੩੧।ਪੁਨ ਭ੍ਰਿਤਜਨਿ[੬]
ਸੰਗ ਬਚਨ ਬਖਾਨਾ। 'ਅੱਗ੍ਰਜ ਇਹ ਬਾਰਿਕ ਮਸਤਾਨਾ। ਤੂੰ ਕਾਲੂ ਕੋ
ਲ੍ਯਾਉ ਬੁਲਾਈ। ਭਰਹਿ ਉਜਾਰਾ ਜਿਨ ਉਜਰਾਈ' ॥੩੨॥ ਗਯੋ ਬੇਗ
ਕਾਲੂ ਆਹੂਤਾ[੭]। 'ਚਲਹੁ ਪੂਤ ਕੀ ਪਿਖ ਕਰਤੂਤਾ। ਅਮੁਕੋ ਰਾਹਕ[੮]
ਤਾਂਹਿ ਕਿਦਾਰਾ। ਬਾਰਿ ਧੇਨੁ ਸਭਿ ਦੀਨਿ ਉਜਾਰਾ'॥੩੩॥ ਸੁਨਿ ਕਰਿ ਮਨ
ਮਹਿਂ ਤਿਨ ਦੁਖ ਪਾਵਾ।–ਸੁਤ ਨਾਨਕ ਕਬਿ ਸੁਖ ਨ ਦਿਖਾਵਾ–। ਭ੍ਰਿਤ[੯]
ਸੰਗ ਪਹੁੰਚਤਿ ਭਾ ਤਹਿੰਵਾ। ਰਾਇ ਨਿਕਟ ਸ਼੍ਰੀ ਨਾਨਕ ਜਹਿੰਵਾ॥੩੪॥
ਪਿਖਿ ਬੁਲਾਰ ਕਹਿ ਵਾਕ ਕਠੋਰਾ। 'ਸੁਨ ਕਾਲੂ ! ਤੁਝ ਭੇ ਨਹਿਂ ਥੋਰਾ।
ਗੋ ਚਾਰਨ[੧੦] ਕੋ ਸੁਤ ਮਸਤਾਨਾ। ਭੇਜ੍ਯੋ ਜਿਨ ਸਭਿ ਖੇਤ ਚਰਾਨ॥੩੫॥
ਇਹ ਜੋ ਕਰਮ ਨਿਭਹਿ ਕਿਉਂ ਕਰਿਕੈ। ਗੋਧਨ ਲੇਹੁ ਉਜਾਰਾ ਭਰਿਕੈ†'।
ਅਸ ਸੁਨਿ ਕਰਿ ਸ਼੍ਰੀ ਨਾਨਕ ਬਾਨੀ। ਬੋਲੇ ਕਲਾਵਾਨ ਗੁਨਖਾਨੀ ॥੩੬॥
'ਬਿਘਨ ਨ ਖੇਤੀ ਮਹਿਂ ਕਿਨ ਕੀਨਾ।ਤੁਮ ਕਸ ਚਹਹੁ ਉਜਾਰਾ ਲੀਨਾ ?
ਇਕ ਨ ਖੇਤ ਕੋ ਪਾਤ ਨਿਪਾਤੋ[੧੧]। ਬਾਦ ਬਦਤਿ ਤੁਮ ਬੈਨ ਰਿਸਾਤੇ[੧੨]
॥੩੭॥ ਜੇ ਕ੍ਰਿਖਿ[੧੩] ਖਾਈ ਮਹਿਖਨਧੇਨਾ[੧੪]। ਤੌ ਤੁਮ ਲੇਹੁ ਚਹਹੁ ਜੋ ਲੇਨਾ‡।
ਜੋ ਗਵਾਰ ਤਿਤ ਬਚਨ ਪ੍ਰਤੀਤੂ। ਸੁਨਿ ਕਰਿ ਸਯਾਨੇ ਧਰਤਿ ਨ ਚੀਤੂ'॥
੩੮ ॥ ਪੁਨ ਬੋਲ੍ਯੋ ਸੁਨਿ ਕਰਿ ਕ੍ਰਿਖਿਕਾਰਾ[੧੫]।'ਸਾਬਤ ਏਕ ਨ ਕੋਨ ਕਿ-
ਦਾਰਾ[੧੬]। ਪਠਵਹੁ[੧੭] ਮਾਨਵ ਹੇਰਹਿ ਤਾਸੂ। ਮੈਂ ਨਹਿਂ ਕਹੌਂ ਕੂਰ ਤੁਮ ਪਾਸੂ'
॥੩੯॥ ਯੁਗਮ[੧੮] ਬਚਨ ਸੁਨ ਸੰਸੈ ਆਯਾ। ਨਿਰਨੈ ਕਾਰਨ[੧੯] ਮਨੁਜ

[੧]ਅਰਾਮ ਦਾ ਵਸਣਾ, (ਅ) ਰਾਹਕ ਕੈ ਸਬ ਸਾਸਤ=ਜਿਮੀਂਦਾਰ ਦੀ ਦੁਖ ਵਿਚ ਬੀਤੂ। [੨]ਗੁੱਸਾ। [੩]ਰੁੱਖੇ ਪਨ ਵਾਲਾ। [੪]ਕਠੋਰ। [੫]ਮਸਤ ਬੱਚੇ। [੬]ਦਾਸਾਂ ਦੇ। [੭]ਕਾਲੂ ਨੂੰ ਬੁਲਾਯਾ। [੮]ਜਿਮੀਂਦਾਰ। [੯]ਨੌਕਰ। [੧੦]ਗਾਈਂ ਚਾਰਨ। [੧੧]ਪੱਤਾ ਨਹੀਂ ਕੱਟਿਆ ਗਿਆ। [੧੨]ਬਿਅਰਥ ਤੁਸੀਂ ਆਖਦੇ ਹੋ ਗੁੱਸੇ ਦੇ ਬਚਨ। [੧੩]ਖੇਤੀ। [੧੪]ਮੱਝੀਆਂ ਤੇ ਗਾਈਆਂ ਨੇ। [੧੫]ਖੇਤੀ ਵਾਲਾ। [੧੬]ਖੇਤੀ ਦੀ। [੧੭]ਭੇਜੋ। [੧੮]ਦੋਵੇਂ। [੧੯]ਨਿਰਨੇ ਕਰਨ ਵਾਸਤੇ।

*ਪਾਠਾਂਤ੍ਰ–ਦਿਨ ਪ੍ਰਤਿ ਅਸਬਿਧਿ ਕ੍ਰਿਸ਼ੀ ਉਜਾਰੈ, ਰਾਹਕ ਕੈਸੇ ਸ਼ਾਂਤਿ ਗੁਜ਼ਾਰੈ।

†ਪਾਠਾਂਤ੍ਰ–ਇਹ ਜੋ ਰੰਕ ਨਿਭੈ ਕਿਉਂ ਕਰਿਕੈ। ਗੋਧਨ ਦੇਹੁ ਉਜਾਰਾ ਭਰਿਕੈ।

‡ਰਾਹਕ ਨੇ ਸ਼ਿਕਾਯਤ ਕਾਤੀ ਹੈ ਖੇਤ ਖ਼ਾਧਾ ਲਖਕੇ, ਗੁਰੂ ਜੀ ਹੁਣ ਦੀ ਗਲ ਕਹਿ ਰਹੇ ਹਨ ਜਿਸ ਵੇਲੇ ਖੇਤ ਹਰਾ ਭਰਾ ਪ੍ਰਤਾ ਹੈ।

ਪਠਾਯਾ। ਹੇਰਯੋ ਫਿਰਿ ਕੈ ਨਰ ਚਹੁੰ ਘਾ ਤੇ[1]।ਬਿਘਨ ਨ ਦੀਸੈ,ਮੁਰਯੋ ਤਹਾਂ ਤੇ ॥ ੪੦ ॥ ਆਇ ਰਾਇ ਸੋਂ ਬਾਤ* ਜਨਾਈ। 'ਮੈਂ ਹੇਰੀ ਫਿਰਿਕੈ ਚਹੁੰ ਘਾਈ। ਨਹਿਂ ਪਸੁ ਖੋਜ[2] ਨ ਬੂਟਾ ਤੂਟਾ। ਰਹਯੋ ਨਿਸਰ ਸਭਿ ਸਾਬਤ ਬੂਟਾ† ॥੪੧॥ ਚਹੂੰ ਓਰ ਕਿਤ ਬਾਰ[3] ਨ ਤੋਰੀ। ਹਰੀ ਖਰੀ ਭੂ ਜਰੀ[4] ਸੁ ਜੋਰੀ। ਰਾਹਕ ਝੂਠ ਦੇਤਿ ਦੁਹਾਈ। ਉਚਿਤ ਦੰਡ ਇਹ ਹੈ,ਨਰਰਾਈ!'॥ ੪੨ ॥ ਸੁਨਿਕਰਿ ਕ੍ਰਿਖਕ ਮਨਹਿ ਬਿਸਮਾਨਾ। ਨਿਜ ਹੇਰਨ ਕੋ ਕੀਨਿ ਪਯਾਨਾ। ਤੂਰਨ ਸਰਸ[5] ਜਹਾਂ ਚਹੁੰਕੋਨਾ। ਮਤਿਵਾਰੇ‡ ਜਿਮ ਕੀਨਸਿ ਮੋਨਾ[6]॥੪੩॥–ਸਭਿ ਕਿਦਾਰ ਉਜਰਾ ਅਬ ਹੇਰੇ।ਗਯੋ ਰਾਇ ਢਿਗ ਲਗੀ ਨ ਦੇਰੇ। ਆਵਤਿ ਲੌ ਹਰਿਆਵਲ ਭਾਰੀ।ਭਯੋ,ਨ ਕਾਰਨ ਜਾਤਿ ਵਿਚਾਰੀ–। ੪੪॥ਲੱਜਤਿ ਹੋਇ ਨ ਗਾ ਢਿਗਰਾਊ।ਪਰਯੋ ਨ ਪ੍ਰਭੁ ਪਗ ਜਾਨਿ ਪ੍ਰਭਾਊ[7]। ਮੰਦ ਕਰਮ ਥੋ§ ਭਾਗ ਨ ਜਾਗਾ। ਬਿਸਮੈ ਹੋਇ ਖੇਤ ਅਨੁਰਾਗਾ ॥੪੫॥ ਸ੍ਰੀ ਨਾਨਕ ਕਾਲੂ ਪਿਤ ਸੰਗਾ। ਚਲੇ ਸਦਨ ਕੋ ਸਹਿਤ ਉਮੰਗਾ। ਭਯੋ ਖੇਤ ਰਖਵਾਰੋ ਝੂਠਾ। ਜਿਹ ਕੋ ਮਹਿਖੀ ਖੇਤਹਿ ਮੂਠਾ ॥ ੪੬ ॥ ਰਾਇ ਲਖਯੋ ਰਾਹਕ ਮਤਵਾਰਾ।ਬਿਨ ਉਜਰੇ ਕਿਉਂ ਕਰੀ ਪੁਕਾਰਾ। ਪਸ਼ਚਾਤਾਪ ਆਪ ਪੁਨ ਕੀਨਾ। ਮੈਂ ਪਰੁਖਾ[8] ਕਹਿ ਕਿਉਂ ਭੈ¶ ਦੀਨਾ ॥ ੪੭ ॥ਅਸ ਬਿਧਿ ਸ੍ਰੀ ਨਾਨਕ ਜਗ ਸਾਈ।ਅਧਭੁਤ ਲੀਲਾ ਕਰਤਿ ਸੁਹਾਈ। ਗੋ ਮਹਿ-ਖਨਿ ਕੇ ਚਾਰਨ ਕਾਰਨ। ਨਿਤ ਬਨ ਜੈ ਹੈਂ ਬਿਪਤ ਬਿਦਾਰਨ[9] ॥ ੪੮॥ ਆਇ ਅਨਿੱਛਤ ਖੇਤ ਅਗਾਰੈ[10]। ਖਾਨ ਲਗਹਿ ਨਹਿ ਤਿਨਹਿ ਨਿਵਾਰੈਂ। ਇਸ ਬਿਧਿ ਕੇਤੇ ਖੇਤ ਨਿਪਾਤੇ[11]। ਪੁਨ ਭੇ ਤਸ ਰਾਹਕ ਬਿਨ ਜਾਤੇ[12]। ੪੯॥ਸ਼ੋਭਹਿ ਸਭਿ ਸੁਰਭੀ[13] ਤਨ ਪੀਨਾ[14]। ਛੀਰ ਦੇਹਿ ਬਹੁ ਬਛ ਆਪੀ-ਨਾ[15]। ਦਿਨ ਪ੍ਰਤਿ[16] ਮਾਖਨ ਹੋਤਿ ਸਵਾਯਾ। ਕਾਲੂ ਹੇਰਿ ਹੇਰਿ ਹਰਖਾਯਾ॥ ੫੦॥ਬਾਸਨ[17] ਵਡੇ ਮਾਂਹਿ ਦਧਿ[18] ਪਾਈ। ਦਾਸੀ ਮਥਹਿ[19] ਜੋਰ ਕਰ ਲਾਈ ਰਾਖਹਿ ਮਾਖਨ ਮਾਤ ਸਵਾਰੀ। ਸੁਤਹਿਂ ਖੁਵਾਵਤਿ ਰੁਚਿ ਅਨੁਸਾਰੀ ॥੫੧॥

---

[1]ਚਹੁੰ ਪਾਸਿਆਂ ਤੋਂ । [2]ਪਸ਼ੂ ਦਾ ਖੁਰਾ। [3]ਵਾੜ। [4]ਖੇਤੀ ਜੁੜੀ ਹੋਈ। [5]ਹਰੇ ਭਰੇ। [6]ਚੁੱਪ। [7]ਪ੍ਰਤਾਪ। [8]ਕਠੋਰ। [9]ਭਾਵ ਗੁਰੂ ਜੀ। [10]ਇੱਛਾ ਇਨਾ ਜੋ ਖੇਤ ਅੱਗੇ ਆਵੇ। [11]ਕੱਟੇ ਗਏ। [12]ਰਾਹਕਾਂ ਦੇ ਜਾਣੇ ਬਿਨਾਂ ਖੇਤ ਫੇਰ ਹਰੇ ਹੋ ਜਾਂਦੇ ਰਹੇ। [13]ਗਾਈਂ। [14]ਮੋਟੇ। [15]ਹਵਾਨਾ (ਗਊ ਦੇ ਥਣ)। [16]ਹਰਰੋਜ਼। [17]ਭਾਂਡੇ। [18]ਦਹੀਂ। [19]ਰਿੜਕੇ।

*ਪਾਠਾਂਤ੍ਰ ਹੈ–ਬਚਨ। †ਪਾਠਾਂਤ੍ਰ–ਸੂਟਾ। ‡ਪਾਠਾਂਤ੍ਰ–ਮਤ ਮਾਰੇ।
§ਪਾਠਾਂਤ੍ਰ–ਮਮ। ¶ਪਾਠਾਂਤ੍ਰ–ਦੁਖ।

ਬਤਸ[1] ਬ੍ਰਿੰਦ ਬਪੁ ਪੁਸ਼ਟ ਸੁਹਾਏ। ਪੈ ਪੀਵਹਿਂ ਬਹੁ ਰਹੈਂ ਅਘਾਏ[2]। ਅਸ-
ਬਿਧਿ ਕਿੰਚਿਤ ਕਾਲ[3] ਬਿਤਾਯੋ। ਜੈਤੁਨਿ[4] ਜੌਨ[5] ਉਧਾਰਨ ਆਯੋ॥੫੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਰਭੀ ਚਾਰਨ' ਪ੍ਰਸੰਗ ਬਰਨਨੰ ਨਾਮ ਦਸਮੋ ਅਧਜਾਯ ॥ ੧੦ ॥

੧੧. [ਯਾਚਨਾ। ਸਰਪ ਨੇ ਛਾਯਾ ਕਰਨੀ। ਰਾਇ ਬੁਲਾਰ ਨੂੰ ਸਿਦਕ]

ਸੈਯਾ ॥ ਕਰਬਿੰਦਿ ਉਭੈ ਕਰਿ ਬੰਦ ਗੁਰੂ, ਸੁਖਕੰਦ ਸਦਾ ਦੁਖ ਦ੍ਵੰਦ ਨਿ-
ਕੰਦੂ।ਅਰਬਿੰਦ ਪਦੰ ਮਨ ਹੋਹੁ ਮਲਿੰਦ ਜੋ ਮੋਹ ਕੋ ਮੂਲ ਬਿਨਾਸ਼ ਬਿਲੰਦੂ।
ਉਡ ਦੰਭਨ ਬ੍ਰਿੰਦ ਦਿਵਾਕਰ ਸੋ ਬਿਸ਼ਯਾਤਪ ਕੋ ਜੁਊ ਸੀਤਲ ਚੰਦੂ।
ਸਮੁਦਾਇ ਬਿਘੰਨ ਬਿਨਾਸ਼ਨ ਜੋ ਨਿਜ ਦਾਸਨ ਕੋ ਬਰ ਦਾਯ ਅਨੰਦੂ॥੧॥

ਕਰ=ਹਥ। ਬੰਦਿ=ਜੋੜਕੇ, ਬੰਨ੍ਹਕੇ। ਉਭੈ=ਦੋਵੇਂ। ਕਰਿ=ਕਰਦਾ ਹੋਯਾ।
ਬੰਦ=ਬੰਦਨਾ, ਨਮਸਕਾਰ। ਗੁਰੂ=ਮੁਰਾਦ ਹੈ, ਹੇ ਗੁਰੂ ਜੀ!
ਸੁਖ ਕੰਦ=ਸੁਖਾਂ ਦਾ ਮੂਲ, ਸੁਖਾਂ ਦਾ ਫਲ, ਸੁਖ ਦਾਤਾ।
ਦ੍ਵੰਦ=[ਸੰਸ:, ਦ੍ਵੰਦ] ਝਗੜਾ, ਕਲੇਸ਼। ਦ੍ਵੰਦ ਦੁਖ=ਦ੍ਵੈਤ ਦਾ ਦੁਖ। ਝਾਵੇ ਕਲੇਸ਼ ਵਾਲਾ ਦੁਖ।
ਨਿਕੰਦੂ=ਕੱਟਣ ਹਾਰ। ਅਰਬਿੰਦ=ਕਮਲ। ਪਦ=ਚਰਣ।
ਮਲਿੰਦ=ਭੌਰਾ [ਸੰਸ:, ਮਰੰਦ, ਇਹ ਪਦ—ਮਕਰੰਦ—ਪਦ ਦੇ 'ਕ' ਗਿਰ ਜਾਣ ਤੋਂ ਬਣਦਾ ਹੈ, ਅਰਥ ਉਹੀ ਰਹਿੰਦੇ ਹਨ:—ਫੁਲਾਂ ਵਿਚ ਦਾ ਰਸ, ਸ਼ਹਦ ਦੀ ਮੱਖੀ, ਭੌਰਾ]।
ਮੂਲ=ਜੜ। ਮੋਹ ਦਾ ਮੂਲ ਹੈ—ਅਗਜਾਨ।
ਬਿਲੰਦੂ=ਉੱਚਾ, ਕਿਸੇ ਤੇ ਭਾਰੂ, ਤਕੜਾ। [ਫਾਰਸੀ, ਬਲੰਦ]
ਉਡ=ਤਾਰੇ। ਬ੍ਰਿੰਦ=ਸਮੂਹ, ਸਾਰੇ। ਦਿਵਾਕਰ=ਸੂਰਜ।
ਬਿਸ਼ਯਾਤਪ=ਵਿਸ਼ਯ+ਆਤਪ=ਵਿਸ਼ਿਆਂ ਰੂਪੀ ਧੁਪ।
ਚੰਦੂ=ਚੰਦ। ਚੰਦ੍ਰਮਾ। ਜਦ ਧੁੱਪ ਦੇ ਸਾੜ ਮਗਰੋਂ ਚੰਦ ਚੜ੍ਹਦਾ ਹੈ ਤਾਂ ਸੀਤਲਤਾ ਵਰਤ ਜਾਂਦੀ ਹੈ। ਕਵਿ ਜੀ ਦਾ ਇਕ ਇੱਥੇ ਕਟਾਖਜ ਮਾਲੂਮ ਹੁੰਦਾ ਹੈ, ਚੰਦ ਦਾ ਅਰਥ ਹੈ ਚੰਦ੍ਰਮਾਂ ਤੇ 'ਮੁਸ਼ਕ ਕਾਫੂਰ' ਦਾ ਬੀ ਨਾਮ ਹੈ। ਚੰਦ੍ਰਮਾਂ ਦਿਨ ਦੀ ਤੱਪਸ਼ ਨੂੰ ਠੰਢ ਪਾਉਂਦਾ ਹੈ ਤੇ ਮੁਸ਼ਕ ਕਾਫੂਰ ਵਿਸ਼ਯ ਅਗਨੀ ਨੂੰ ਅੰਦਰੋਂ ਠੰਢਾ ਕਰ ਦੇਣ ਵਾਲਾ ਵੈਦਾਂ ਨੇ ਮੰਨਿਆਂ ਹੈ।
ਸਮੁਦਾਇ=ਸਾਰੇ। ਵਰਦਾਯ=ਵਰ ਦੇਕੇ, ਬਰਕਤ ਪਾਕੇ।
ਅਨੰਦੂ=ਅਨੰਦ ਦਾਤੇ, ਦਾਯ ਪਦ ਦੇਹੁਰੀ ਦੀਪਕ ਪਿਆ ਹੈ, ਵਰ ਦਾਯ, ਦਾਯ ਅਨੰਦੂ।

[1]ਵੱਛੇ। [2]ਰੱਜੇ। [3]ਥੋੜਾ ਸਮਾਂ। [4]ਜੀਵਾਂ ਨੂੰ। [5]ਜੇਹੜੇ (ਗੁਰੂ ਨਾਨਕ ਜੀ।)

ਅਰਥ—(ਹੇ) ਸੁਖਾਂ ਦੇ ਦਾਤੇ ਤੇ ਵ੍ਰਿੰਦ ਦੁਖਾਂ ਦੇ ਸਦਾ ਕੱਟਣ ਹਾਰੇ ਗੁਰੂ ! ਦੋਵੇਂ ਹਥ ਜੋੜਕੇ (ਆਪ ਨੂੰ) ਨਮਸਕਾਰ ਕਰਦਾ (ਹੋਇਆ ਇਹ ਦਾਨ ਮੰਗਦਾ ਹਾਂ ਕਿ ਆਪਦੇ ਚਰਣ ਕਮਲ) ਜੋ ਮੋਹ ਦਾ ਮੂਲ (ਅਗਜਾਨ) ਨਾਸ਼ ਕਰਨੇ (ਵਿਚ) ਤਕੜੇ ਹਨ,

(ਅਤੇ ਜੋ) ਦੰਭਾਂ (ਰੂਪੀ) ਤਾਰਿਆਂ ਦੇ ਸਮੂਹ ਨੂੰ ਸੂਰਜ ਵਾਂਙੂ (ਲੋਪ ਕਰਨ ਵਿਚ ਸਮਰਥ ਹਨ ਅਤੇ) ਵਿਖਯ ਰੂਪੀ ਧੁੱਪ (ਦੇ ਸਾੜ) ਨੂੰ ਚੰਦ੍ਰਮਾ ਵਾਂਙੂ ਸੀਤਲ (ਕਰਨ ਵਾਲੇ ਹਨ) ।

(ਅਤੇ ਜੋ) ਸਾਰੇ ਵਿਘਨਾਂ ਦੇ ਵਿਨਾਸ਼ ਕਰਨ ਵਾਲੇ (ਹਨ ਅਤੇ) ਆਪਣੇ ਦਾਸਾਂ ਨੂੰ ਬਰਕਤ ਦੇਕੇ ਆਨੰਦ ਦੇਣ ਵਾਲੇ ਹਨ (ਹਾਂ ਐਸੇ ਆਪਦੇ) ਚਰਣਾਂ ਕਮਲਾਂ (ਉਤੋਂ ਮੇਰਾ) ਮਨ ਭੌਰੇ (ਵਾਂਙੂ ਸਦਾ ਬਲਿਹਾਰ) ਹੋਵੇ ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਸਤਿਗੁਰ ਲੀਲਾ ਲਲਿਤ[੧] ਇਉਂ* ਕਰਤਿ
ਬ੍ਰਿਧਤਿ[੨] ਜਗ ਕੰਤ[੩]।ਪਰਫੁੱਲਤਿ ਕਲ ਫੂਲ ਸੌਂ ਸ਼ੋਭਤਿ ਰਿਤੁ ਬਸੰਤ॥੨॥
ਦੋਹਰਾ । ਸੁੰਦਰ ਮ੍ਰਿਦੁਲ[੪] ਸਦਲ[੫] ਤਰੁ ਰਾਜੀ[੬]।ਬਰਨ[੭] ਬਰਨ ਬਰ ਉਪਮਾ
ਛਾਜੀ ॥ ਜਨੁ[੮] ਬਸੰਤ ਨਿਜ ਸੈਨ[੯] ਸ਼ਿੰਗਾਰੀ । ਜੀਤਨ ਜੋ ਬਿਰਹੀ[੧੦] ਨਰ
ਨਾਰੀ ॥੩॥ ਸਭਿ ਪਲਾਸ[੧੧]ਤੇ ਪਾਤਿ ਨਿਪਾਤੀ[੧੨]। ਫੂਲੈਂ ਫੂਲ ਲਾਲ ਭਲਿ
ਭਾਂਤੀ । ਮਨਹੁੰ ਸੁਭਟ[੧੩] ਪਟ[੧੪] ਰੰਗਨਰਾਂਗੇ†। ਚਢੇ ਜੁੱਧ ਕਰਿ ਆਰਨ[੧੫]
ਬਾਗੇ[੧੬]।੪।ਆਂਬ੍ਰ ਮੌਰ[੧੭]ਪਿਖਿ ਆਨੰਦ ਜਾਸੂ। ਕੂਕਤਿ ਕੋਕਿਲ[੧੮]ਕਲਰਵ[੧੯]
ਤਾਸੂ । ਜਨੁ ਬਸੰਤ ਕੀ ਦੇਤਿ ਦੁਹਾਈ। ਮਾਨਿਨਿ[੨੦] ਦੇਸ਼ ਜਿ ਮਾਨ ਕਢਾ-
ਈ[੨੧]॥੫॥ਪੁਸ਼ਪਨ ਕੀ ਮਕਰੰਦ[੨੨] ਨਿਹਾਰੀ।ਤਿਹ ਪਰ ਮਧੁਕਰ[੨੩] ਕਰਤਿ
ਗੁੰਜਾਰੀ। ਜਨੁ ਬਸੰਤ ਨ੍ਰਿਪ[੨੪]ਆਗੇ ਬੀਨਾ।ਗਾਇ ਬਜਾਵਹਿੰ ਗੁਨੀ ਪ੍ਰਬੀਨਾ
॥੬॥ਲਲਿਤ[੨੫]ਬਿਹੰਗ[੨੬]ਬੋਲਹਿ ਬਾਨੀ।ਜਨੁ ਬੰਦੀਜਨ[੨੭] ਕੀਰਤਿਗਾਨੀ।
ਸੀਤਲ ਮੰਦ ਸੁਗੰਧਿ ਸਮੀਰਾ[੨੮]।ਮਾਨਿਨਿ[੨੦]ਬਿਰਹਨਿ[੨੯]ਕਰਤਿ ਅਧੀਰਾ।੭।
ਸ਼ੇਤ[੩੦]ਸ਼ਜਾਮ[੩੧] ਸ਼ੋਣਤ[੩੨] ਪੁਨ ਪੀਤਾ[੩੩]।ਬਿਗਸੇ ਕੁਸਮ ਨਵੀਨੀ[੩੪] ਰੀਤਾ ।
ਤਰੁਸ਼ਾਖਾ ਪਰ ਮੰਜਰੀ[੩੫]ਸੋਹੀ।ਮਨਹੁੰ ਧਰੀਕਲਗ਼ੀ ਮਨਮੋਹੀ।੮।ਅਸਬਿਧਿ

[੧]ਸੁੰਦਰ। [੨]ਵਧਦੇ। [੩]ਜਗਤ ਪਤੀ। [੪]ਕੋਮਲ। [੫]ਪੱਤੀਆਂ ਸਮੇਤ । [੬]ਬ੍ਰਿਛ ਸ਼ਸ਼ੋਭਤਿ ਹਨ। [੭]ਰੰਗੋ ਰੰਗ ਦੀ। [੮]ਮਾਨੋ। [੯]ਫੌਜਾ [੧੦]ਵਿਛੁੜੇ ਹੋਏ। [੧੧]ਛਿੱਛਰੇ । [੧੨]ਪੱਤ੍ਰ ਟੁਟ ਗਏ ਹਨ । [੧੩]ਸੂਰਮਿਆਂ ਨੇ। [੧੪]ਕਪੜੇ। [੧੫]ਲਾਲ। [੧੬]ਕਪੜੇ। [੧੭]ਅੰਬਾਂ ਨੂੰ ਬੂਰ, ਅੰਬਾਂ ਦੇ ਫੁਲ । [੧੮]ਕੋਇਲ। [੧੯]ਸੁੰਦਰ ਅਵਾਜ਼। [੨੦]ਪਤੀ ਦੋਸ਼ ਦੇਖਕੇ ਰੁੱਸੀ ਹੋਈ ਇਸਤ੍ਰੀ। [੨੧]ਰੁਸੀਆਂ ਇਸਤ੍ਰੀਆਂ ਨੂੰ ਮਾਨ ਦੇ ਦੇਸ਼ ਵਿਚੋਂ ਕੱਢ ਰਹੀ ਹੈ। [੨੨]ਫੁੱਲਾਂ ਦਾ ਰਸ । [੨੩]ਭੌਰੇ। [੨੪]ਰਾਜੇ ਦੇ। [੨੫]ਸੁੰਦਰ। [੨੬]ਪੰਛੀ। [੨੭]ਭੱਟਾਂ ਨੇ। [੨੮]ਮਿੱਠੀ ਹਵਾ। [੨੯]ਪਤੀ ਤੋਂ ਵਿਛੁੜੀ ਇਸਤ੍ਰੀ। [੩੦]ਚਿੱਟੇ। [੩੧]ਕਾਲੇ [੩੨]ਲਾਲ। [੩੩]ਪੀਲੇ। [੩੪]ਨਵੀਂ। [੩੫]ਮੁੰਜਰਾਂ।

*ਪਾਠਾਂਤ੍ਰ—ਸ੍ਰੀ ਸਤਿਗੁਰ ਲੀਲਾ ਲਲਿਤ। †ਕੇਸਰ ਪਾਗੇ—ਪਾਠਾਂਤ੍ਰ ਹੈ।

ਜਹਿਂ ਬਨ ਬਡ ਛਬਿ ਧਾਰੀ। ਬਿਚਰਤਿ[੧] ਤਹਿਂ ਨਾਨਕ ਸੁਖਕਾਰੀ। ਮਾਸ ਵਿਸਾਖ ਵਿਖੇ ਗੁਨ ਐਨ॥ਚਾਰਹਿ ਤਹਾਂ ਮਹਿਖਿ ਪੁਨ ਧੇਨ॥੯॥ ਮ੍ਰਿਦੁਲ[੨] ਹਰਿਤ[੩] ਜੋ ਤ੍ਰਿਣਨ[੪] ਨਵੀਨ॥ਦੇਖ ਚਰਾਵਹਿਂ ਦਾਨੀ ਦੀਨ[੫]। ਜਬ ਬਾਸੁਰ ਜੁਗਜਾਮ[੬] ਬਿਤਯੋਤਾ[੭]। ਮਾਰਤੰਡ[੮] ਕੀ ਚੰਡ[੯] ਦਯੋਤਾ[੧੦]॥ ੧੦॥ ਸ੍ਰਮਤਿ[੧੧] ਕਛੁਕ ਹੁਇ ਕਰਿ ਅਲਸਾਏ॥ਚਾਰਤਿ ਧੇਨੁ ਟਿਕੇ ਇਕਥਾਏਂ॥ਪਿਖ ਕਰਿ[੧੨] ਬਰ ਤਰੁਵਰ ਕੀ ਛਾਇਆ। ਸੈਨ ਕਰਨ ਹਿਤ ਚਿਤ ਬਿਰਮਾਇਆ[੧੩]॥ ੧੧॥ਮੰਦ ਸੁਗੰਧਿ ਸੀਤ ਬਹਿ ਪੌਨ॥ਮ੍ਰਿਦੁਲ ਸੁ ਦਲ ਲੇ ਕੀਨ ਬਿਛੌਨ॥ਤਾਂ ਪਰ ਬਸਤ੍ਰ[੧੪] ਬਿਛਾਯੋ ਸ੍ਵੇਤਾ[੧੫]। ਪੌਢ ਰਹੇ ਪੁਨ ਕ੍ਰਿਪਾਨਿਕੇਤਾ॥੧੨॥ ਭਏ ਨੀਂਦ ਵਸਿ ਮੁੰਦ੍ਰਿਤ ਲੋਚਨ[੧੬]। ਕਰੁਨਾ ਖਾਨ ਜਿ ਸੋਚ ਬਿਮੋਚਨ[੧੭]। ਖਟਘਟਿਕਾ[੧੮] ਜਬ ਸੋਤੇ ਬੀਤੀ[੧੯]। ਤਰੁਵਰ ਕੀ ਛਾਯਾ ਬਿਪਰੀਤੀ[੨੦]॥ ੧੩॥ ਪਸ਼ਚਮ ਦਿਸ਼ਾ[੨੧] ਤਰਨਿ[੨੨] ਬਹੁ ਜਾਵ॥ ਮੁਖ ਪੰਕਜ ਪਰ ਆਤਪ[੨੩] ਆਵਾ। ਸ੍ਵੇਦੰ ਬਿੰਦੁ ਬੂੰਦ ਮਕਰੰਦਾ[੨੪]*। ਰਾਜਤਿ ਜਿਵ ਪਾਂਤਨ ਅਰ-ਬਿੰਦਾ[੨੫] ॥੧੪॥ ਕਿਧੌਂ ਚੰਦ੍ਰਮਾ ਮੰਡਲ ਮਾਂਹੀ॥ ਕਿਨਕਾਸ੍ਰਵਤ[੨੬] ਪਿਯੂਖ[੨੭] ਸੁਹਾਹੀ॥ ਸ਼ੇਖਨਾਗ ਲਖਿ ਸ਼ੈਨ ਮਿਲਾਪੀ[੨੮]।–ਆਤਪ ਉਥਪਿਉ[੨੯]–ਇਉਂ ਉਰ ਥਾਪੀ[੩੦] ॥੧੫॥ ਸ੍ਵੇਤ ਵਰਨ ਗੋਦੁਗਧ[੩੧] ਨਵੀਨਾ[੩੨]। ਧਰਿ ਦੂਸਰ[੩੩] ਤਨ ਆਵ ਪ੍ਰਬੀਨਾ। ਸੁੰਦਰ ਸੁਖ ਮੰਦਰ ਕੋ ਦੇਖੀ। ਕੀਨਿ ਬੰਦਨਾ ਪ੍ਰੀਤਿ ਬਿਸ਼ੇਖੀ॥੧੬॥ ਬਹੁਰੋ ਤੀਨ ਪ੍ਰਦਛਨਾ ਦੀਨੀ। ਸੀਸ ਦਿਸ਼ਾ ਨਿਜ ਇਸ-ਥਿਤਿ ਕੀਨੀ॥ ਹੇਤ ਛਾਉਂ ਕੇ[੩੪] ਫਨ ਬਿਸਥਾਰਾ[੩੫]। ਅਤਿ ਉੱਜਲ ਜਿਵ ਸੁਰਸਰਿ ਧਾਰਾ[੩੬] ॥ ੧੭॥ ਊਚੋ ਫਨ ਅਸ ਸ਼ੋਭਾ ਪਾਈ। ਕਿਧੌਂ[੩੭]

੧ਫਿਰਦੇ ਹਨ। ੨ਕੂਲੇ। ੩ਸਾਵੇ। ੪ਘਾਹ। ੫ਅਨਾਥਾਂ ਦੇ ਦਾਤੇ। ੬ਦੋ ਪਹਿਰ। ੭ਗੁਜਰਿਆ। ੮ਸੂਰਜ। ੯ਤਿੱਖੀ ਹੋਈ। ੧੦ਧੁੱਪ,ਤੱਪਸ਼। ੧੧ਥੱਕੇ ਹੋਏ। ੧੨ਦੇਖ ਕਰਕੇ। ੧੩ਕੀਤਾ। ੧੪ਕਪੜਾ। ੧੫ਚਿੱਟਾ। ੧੬ਅੱਖਾਂ ਮੀਟਕੇ। ੧੭ਚਿੰਤਾ ਦੇ ਨਾਸ਼ ਕਰਨ ਵਾਲੇ। ੧੮ਛੇ ਘੜੀਆਂ। ੧੯ਗੁਜਰੀ। ੨੦ਢਲ ਗਈ, ਪਰਛਾਵਾਂ ਢਲ ਗਿਆ। ੨੧ਲਹਿੰਦੇ ਦੀ ਤਰਫ। ੨੨ਸੂਰਜ। ੨੩ਧੁੱਪ। ੨੪ਮੁੜ੍ਹਕੇ ਦੀਆਂ ਬੂੰਦਾਂ ਮਾਨੋਂ ਮਕਰੰਦ ਰਸ ਦੀਆਂ ਬੂੰਦਾਂ ਹਨ, ਜੋ ਕਮਲ ਪੱਤਿਆਂ ਤੇ (ਜਲ ਬੂੰਦਾਂ) ਵਾਂਙੂ ਫਬ ਰਹੀਆਂ ਹਨ। (ਅ) ਜਲ ਮਾਨੋਂ ਮਕਰੰਦ ਰਸ ਹੈ। ੨੫ਕਵਲ ਦੇ ਪੱਤ੍ਰਾਂ ਉਪਰ। ੨੬ਕਿਣਕੇ ਚੋ ਰਹੇ ਹੈਨ। ੨੭ਅੰਮ੍ਰਿਤ ਦੇ। ੨੮ਸੇਜਾ ਦੇ ਮੇਲੀ ਲਖਕੇ। ੨੯ਮੈਂ ਧੁੱਪ ਹਟਾਵਾਂ। ੩੦ਮਿਥੀ। ੩੧ਗਾਂ ਦੇ ਦੁੱਧ ਵਰਗਾ। ੩੨ਨਵਾਂ। ੩੩ਦੂਜਾ, ਹੋਰ। ੩੪ਛਾਂ ਕਰਨ ਵਾਸਤੇ। ੩੫ਫਨ ਖਿਲਾਰਿਆ। ੩੬ਗੰਗਾ ਦੀ ਧਾਰ ਵਰਗਾ ਉੱਜਲ। ੩੭ਮਾਨੋਂ।

*ਪਾਠਾਂਤ੍ਰ—ਸ੍ਵੇਦੰ ਬ੍ਰਿੰਦ ਬੂੰਦ ਮਕਰੰਦਾ।

ਸਿੰਧੁ ਸੀ[੧] ਸੈਨ[੨] ਬਨਾਈ। ਸਭਿ ਸ਼ਰੀਰ ਪਰ ਜਿਸਕੀ ਛਾਯਾ। ਜੜ ਸਾ[੩] ਥਿਰ, ਨਹਿ ਨੈਕ[੪] ਡੁਲਾਯਾ ॥੧੮॥ ਅਸ ਬਿਧਿ ਕਿੰਚਤ ਕਾਲ ਬਿਤੀਤਾ। ਕੀਏ ਛਾਉਂ ਅਤਿ ਹਰਖਤਿ ਚੀਤਾ। ਤਲਵੰਡੀ ਨ੍ਰਿਪ ਰਾਇ ਬੁਲਾਰੂ। ਸੋ ਸਸੈਨ[੫] ਕਿਤ ਅਨਤ ਪਧਾਰੂ[੬] ॥ ੧੯ ॥ ਤਿਹ ਵੇਲਾ ਤਹਿੰ ਚਲਿ ਕਰਿ ਆਵਾ। ਜਿਹ ਕੋ ਜਾਗਯੋ ਭਾਗ ਸੁਹਾਵਾ। ਅਨੀ[੭] ਤੁਰੰਗਮ[੮] ਸੰਗ ਸੁਰੰਗਾ। ਆਵਹਿ ਨਗਰਹਿ ਅੰਗ ਉਮੰਗਾ॥੨੦॥ਦੇਖਿ ਨਾਗ[੯] ਕੋ ਕਿਯ ਅਨੁਮਾਨਾ॥–ਉੱਜਲ ਪਟ ਆਤਪ ਤੇ ਤਾਨਾ॥ਤਰੁਵਰ ਕੀ ਛਾਯਾ ਬਰ ਤਯਾਗੀ। ਪਟ ਓਟਨ[੧੦] ਕਿਉਂ ਭਾ ਅਨੁਰਾਗੀ ?–॥ ੨੧ ॥ ਅਸ ਵਿਚਾਰ ਕਰਤਯੋ ਢਿਗ[੧੧] ਆਵਾ। ਰਸਨਾ ਫਰਕਤਿ[੧੨] ਮੁਖ ਦ੍ਰਿਸ਼ਟਾਵਾ[੧੩]।ਭੋਗੀ[੧੪]ਲਖਿ ਵਡ ਭੋਗਾਕਾਰਾ[੧੫]।ਕਰਿ ਊਚੋ ਆਯੁਤ[੧੬]ਬਿਸਤਾਰਾ॥੨੨॥ ਰਾਇ ਵਿਚਾਰਤਿ ਉਰ ਭਰਿਦਾਯਾ[੧੭]।–ਬਾਰਿਕਮਰਯੋ ਤ ਪੰਨਗ[੧੮]ਖਾਯਾ॥ਜੇ ਜੀਵਤਿ,ਇਹੁਕੋਅਵਤਾਰੀ॥ਸਰਪ ਸ੍ਵੇਤ[੧੯] ਜਹਿਂ ਸੇਵਾਕਾਰੀ–।੨੩। ਹੇਰਨ ਹਿਤ ਭ੍ਰਿਤ[੨੦] ਨਿਕਟ ਪਠਾਯਾ। ਤਬ ਜੀਮਗ[੨੧] ਪਾਤਾਲ ਸਿਧਾਯਾ[੨੨]।ਪੁਨ ਗਾ[੨੩]ਤੋਰ ਤੁਰੰਗਮ[੨੪] ਰਾਊ। ਲਖ ਅਚਰਜ ਪੱਸਯਨ[੨੫] ਚਿਤ ਚਾਊ ॥ ੨੪ ॥ ਨਿਕਟ ਗਏ ਸੁਨਿ ਖਰਕਾ ਖੁਰ ਕੋ[੨੬]।ਤਨ ਸੁਚੇਤ ਭਾ ਬੇਦੀ ਬਰ ਕੋ।ਲੋਚਨ[੨੭] ਬਿਗਸੇ[੨੮] ਦਲਪੁਸ਼ਕਰ ਸੇ[੨੯]।ਮੇਚਕ[੩੦] ਤਾਰੇ[੩੧] ਬਰ ਮਧੁਕਰ[੩੨] ਸੇ॥੨੫॥ ਢਿਗ ਅਰੂਢ[੩੩] ਅਸ[੩੪] ਹੇਰਯੋ ਰਾਈ[੩੫]। ਭੀਰ ਭਟਨ ਕੀ ਸੰਗਿ ਸੁਹਾਈ। ਉਠਿ ਤਬ ਸਿਰ ਨਿਵਾਇ ਕਿਯ ਬੰਦਨ। ਜੋ ਕਲਮਲ ਕਲਿਕਾਲ ਨਿਕੰਦਨ ॥ ੨੬॥ ਪੁਰਿਪਾਲਕ[੩੬]ਦ੍ਰਿਤਿ[੩੭] ਉਤਰ ਤਰੰਗਾ। ਪਰਰੰਭਨ[੩੮] ਗਰ[੩੯]ਸੰਗ ਉਮੰਗਾ। ਸਾਦਰ[੪੦] ਸੋ ਨਿੱਜ ਭਰਿਕਰਿ ਕਨੀਆਂ[੪੧]। ਚੂਮਤਿ[੪੨] ਮਸਤਕ ਖੁਸ਼ੀ ਸੁਘਨੀਆ॥੨੭॥ਭਾ[੪੩]ਅਧੀਨ ਮਨ ਕਰਿ ਬਹੁ ਭਾਊ।ਜਾਨਯੋ–ਇਹਅਵਤਾਰ

[੧]ਸਮੁੰਦਰ ਵਰਗੀ। [੨]ਸੈਨਾ।[੩]ਜੜ੍ਹ ਵਰਗਾ।[੪]ਥੋੜਾ ਬੀ। [੫]ਸਮੇਤ ਫੌਜ ਦੇ। [੬]ਹੋਰ ਥਾਂ ਗਿਆ ਸੀ। [੭]ਫੌਜ। [੮]ਘੋੜੇ। [੯]ਸੱਪ। [੧੦]ਤਾਣਕੇ। [੧੧]ਨਜ਼ੀਕ। [੧੨]ਜੀਭ ਫਰਕਦੀ। [੧੩]ਦਿਖੀਜਿਆ। [੧੪]ਸੱਪ। [੧੫]ਫਣ ਦਾ ਆਕਾਰ। [੧੬]ਚੌੜਾ। [੧੭]ਕ੍ਰਿਪਾ। [੧੮]ਸੱਪ ਨੇ। [੧੯]ਚਿੱਟਾ।[੨੦]ਨੌਕਰ।[੨੧]ਸੱਪ। [੨੨]ਚਲਾ ਗਿਆ। [੨੩]ਗਿਆ। [੨੪]ਘੋੜਾ। [੨੫]ਵੇਖਣ ਦਾ। [੨੬]ਖੁਰਾਂ ਦਾ ਖੜਕਾ। [੨੭]ਨੇਤ੍ਰ। [੨੮]ਖੁੱਲ੍ਹੇ। [੨੯]ਕਵਲ ਦੇ ਪੱਤੇ ਵਰਗੇ। [੩੦]ਕਾਲੇ। [੩੧](ਅੱਖਾਂ ਦੇ) ਤਾਰੇ (ਪੁਤਲੀਆਂ) [੩੨]ਭੌਰਿਆਂ ਜੇਹੇ। [੩੩]ਚੜ੍ਹਿਆ ਹੋਯਾ। [੩੪]ਘੋੜੇ ਤੇ। [੩੫]ਰਾਇ ਨੂੰ ਡਿੱਠਾ (ਗੁਰੂ ਜੀ ਨੇ)। [੩੬]ਨਗਰੀ ਦੇ ਪਾਲਣਹਾਰ ਨੇ। [੩੭]ਛੇਤੀ। [੩੮]ਗਲਵਕੜੀ ਪਾਈ। [੩੯]ਗਲ। [੪੦]ਆਦਰ ਨਾਲ। [੪੧]ਕਲਾਵਾ। [੪੨]ਚੁੰਮਦਾ ਹੈ। [੪੩]ਹੋਇਆ।

ਪ੍ਰਭਾਊ–। ਬਹੁਰ ਨ ਮਨ ਕਬਿ ਕੀਨ ਡੁਲਾਊ।ਥਿਰ ਕਰਿ ਸ਼ਰਧਾ ਤਾਂ ਦਿਨ ਰਾਊ ॥੨੮॥ ਪਰਮੇਸ਼ੁਰ ਸਮ ਜਾਨਿ ਸੁਜਾਨਾ। ਮਨ ਕਰਿ ਬੰਦਹਿ* ਪਦ ਰਾਜਾਨਾ[੧]। ਰੁਕਯੋ ਕੰਠ[੨] ਪਰਿਪੂਰਨ ਪ੍ਰੇਮਾ। ਬੋਲ ਨ ਸਕਯੋ ਉਚਿਤ[੩] ਭਾ ਖੇਮਾ[੪] ॥੨੯॥ ਗਾ[੫] ਤੁਰੰਗ ਚਢਿ ਪੁਲਕਤਿ[੬] ਅੰਗਾ। ਬੈਠਯੋ ਸਦਨਹਿ ਸੰਗ ਉਮੰਗਾ।ਰਿਦੇ ਮਨੋਰਥ ਸਾਰ ਵਿਚਾਰੈ।–ਇਹ ਮਮ ਭਵਬੰਧਨ ਨਿਰਵਾਰੈ[੭] ॥੩੦॥ਹੋਇ ਤਰੁਨ ਜਬ ਤਜਿ ਲਰਕਾਈ।ਕਰਿਹੋਂ ਤਬ ਮੈਂ ਬਿਨੈ ਵਡਾਈ[੮]। ਜੋਗਿਨ ਕੋ[੯] ਦੁਰਲਭ ਹੈ ਜੋਊ। ਦੇਹਿ ਪਰਮਪਦ ਮੁਝ ਕੋ ਸੋਊ।੩੧।ਪੂਰਬ-ਭਾਗ[੧੦] ਜਗਯੋ ਵਡ ਮੇਰਾ।ਵਿਗ ਖੁਦਾਇ ਤਨ ਧਾਰਿਬ ਸੇਰਾ।ਬੋਲਨ ਮਿਲਨੇ ਕੋ ਫਲ ਜਾਸੁ। ਬੇਦ ਕਤੇਬ ਨ ਕਹਿ ਸਕਿ ਤਾਸੁ–॥੩੨॥ਭ੍ਰਿੱਤ ਭੇਜ ਕਾਲੂ ਬੁਲਵਾਯੋ।ਕਰਿ ਆਦਰ ਨਿਜ ਨਿਕਟਿ ਬਿਠਾਯੋ।'ਨਿਜ ਸੁਤ ਕੇ ਸੁਤ ਜਾਨੋ ਨਾਂਹੀ। ਭਾ ਅਵਤਾਰ ਤੋਹਿ ਘਰ ਮਾਂਹੀ॥੩੩॥ਜਾਗਯੋ ਗਰੁਵ[੧੧] ਭਾਗ ਜਗ ਤੇਰੋ†। ਤਵ ਸਮਸਰ[੧੨] ਕੋ ਔਰ ਨ ਹੇਰੋਂ।ਅਸਨ ਬਸਨ ਸਾਦਰ[੧੩] ਸੋਂ ਦੀਜੈ। ਅਵਹੇਲਨ[੧੪] ਨਹਿੰ ਤਿਨਕੋ ਕੀਜੈ।੩੪। ਤਾਤ ਜਾਨ ਦੁਰਬਚਨ[੧੫] ਨ ਭਾਖੋ। ਪਰਮੇਸ਼ੁਰ ਸਮ ਸ਼ਰਧਾ ਰਾਖੋ'। ਪੁਨ ਬੁਲਾਰ ਕਾਲੂ ਕੇ ਸਾਥਾ। ਕਹੀ ਸਰਪ ਕੀ ਸਭਿ ਬਿਧਿ ਗਾਥਾ ॥੩੫॥'ਆਤਪ[੧੬] ਤਪਤਹਿ ਤੇ ਕਿਯ ਛਾਯਾ। ਹਮਹਿ ਹੇਰਿ ਨਿਜ‡ ਦੇਹਿ ਦੁਰਾਯਾ[੧੭]'।ਸੁਨਿਕਰਿ ਕਾਲੂ ਕਹਿਤਿ 'ਭਲਾਜੂ।ਹੋਇ ਤ ਜਾਨੀ ਜਾਇ ਕਲਾ ਜੂ'।੩੬। ਅਸ ਕਹਿ ਗਯੋ ਅਸ਼ਰਧਾ ਧਾਰੀ। ਮਾਯਾ ਮੋਹ ਪ੍ਰਬਲ ਜਿਹ ਭਾਰੀ। ਤਯੋਂ ਸੁ ਕਰੇ ਜਯੋਂ ਪ੍ਰੇਰੈ ਨਯੰਤਾ[੧੮]।ਜਿਉਂ ਜੰਤੀ[੧੯] ਵਸਿ ਵਾਜਹਿ ਜੰਤਾ[੨੦] ॥ ੩੭ ॥ ਦਾਰਨਾਰਿ[੨੧] ਕੋ ਕਯਾ ਗੁਨ ਦੋਸੁ। ਤਿਹ ਪਰ ਕਯਾ ਪ੍ਰਸਾਦਿ[੨੨] ਕਯਾ ਰੋਸੁ[੨੩]। ਸ੍ਰੀ ਨਾਨਕ ਅਨੁਸਾਰੀ ਮਾਯਾ। ਜਸ ਇੱਛਾ ਕਰਿਹੀ ਤਸ ਛਾਯਾ ॥ ੩੮ ॥ ਹਰਮ[੨੪] ਆਇ ਉਰ ਹਰਖ ਸਮੇਤੂ। ਕਰਹਿ ਹੇਤ ਬੇਦੀ ਕੁਲ ਕੇਤੂ। ਕਛੁ ਪ੍ਰਸੰਨਤਾ ਸੁਰਭੀ ਚਾਰੀ। ਨ੍ਰਿਪ ਬੁਲਾਰ ਨੁਤਿ[੨੫] ਬਹੁਰ ਉਚਾਰੀ ॥ ੩੯ ॥

[੧]ਰਾਜੇ ਨੇ। [੨]ਗਲਾ। [੩]ਲਾਇਕ। [੪]ਕਲਿਆਨ ਦੇ। [੫]ਗਿਆ। [੬]ਰੋਮ ਖੜੇ ਹੋਏ। [੭]ਮੇਰੇ ਸੰਸਾਰ ਦੇ ਬੰਧਨ ਦੂਰ ਕਰੇਗਾ। [੮]ਬੇਨਤੀ ਅਤੇ ਮਹਿੰਮਾ। [੯]ਜੋਗੀਆਂ ਨੂੰ। [੧੦]ਪਿਛਲਾ ਨਸੀਬ। [੧੧]ਭਾਰੀ। [੧੨]ਬਰੋਬਰ। [੧੩]ਭੋਜਨ ਕਪੜੇ ਆਦਰ ਨਾਲ। [੧੪]ਨਿਰਾਦਰ। [੧੫]ਮੰਦਾਵਾਕ। [੧੬]ਧੁੱਪ। [੧੭]ਛੁਪ ਗਿਆ। [੧੮]ਪ੍ਰੇਰਕ। [੧੯]ਵਜਾਉਣ ਵਾਲੇ ਦੇ। [੨੦]ਵਾਜਾ। [੨੧]ਕਾਠ ਦੀ ਪੁਤਲੀ। [੨੨]ਖੁਸ਼ੀ। [੨੩]ਗੁੱਸਾ। [੨੪]ਘਰ। [੨੫]ਉਸਤਤੀ। *ਪਾਠਾਂਤ੍ਰ–ਬੰਦੇ।
†ਗੌਰਵ ਭਾਗ ਜਗਯੋ ਜਗ ਤੇਰੋ–ਪਾਠਾਂਤ੍ਰ ਹੈ। ‡ਪਾਠਾਂਤ੍ਰ–ਤਿਨ।

ਯਾਂਤੇ ਕਰਤਿ ਦੁਲਾਰ ਬਿਸਾਲਾ। ਸੀਤਲ ਲੋਚਨ ਦੇਖਿ ਕ੍ਰਿਪਾਲਾ। ਤਾਂ ਦਿਨਤੇਤਲਵੰਡੀ ਪੁਰਿ ਮੈਂ।ਮਹਿੰਮਾ ਕਰਤਿ ਭੁਏ ਘਰ ਘਰਮੈਂ॥੪੦॥ਕਹਹਿੰ ਪਰਸਪਰ[੧] ਮਿਲਿ ਨਰ ਨਾਰੀ। ਸਰਪ ਛਾਉਂ ਨ੍ਰਿਪ ਨੈਨ* ਨਿਹਾਰੀ। ਬਹੁ ਆਦਰ ਕਰਿ ਕੰਠ ਲਗਾਯੋ। ਸਦਨ ਆਨਿ ਜਸ ਬਦਨ ਅਲਾਯੋ[੨]॥੪੧॥ ਕਲਾਵਾਨ ਕਾਲੂ ਸੁਤ ਕੋਈ। ਪ੍ਰਗਟ ਨ ਹੋਤਿ ਅਪਨਪੌ[੩] ਗੋਈ[੪]। ਅਸਬਿਧਿ ਬੀਤੀ ਰੁੱਤਿ ਬਸੰਤਾ। ਚਾਰਤਿ ਸੁਰਭੀ ਸ੍ਰੀ ਜਗਕੰਤਾ[੫]॥੪੨॥ਪੁਨਿ ਗ੍ਰੀਖਮ[੬] ਰਿਤੁ ਕੀਨੋ ਜੋਰਾ। ਤਪਤਿ ਭੁਈ ਅਤਿਸ਼ੈ[੭] ਚਹੁੰ ਓਰਾ। ਤਪਹਿ ਰਿਦਾ† ਜਿਵ ਮਤਸਰ ਧਾਰੀ[੮]। ਤਿਉਂ ਤਪ ਗਈ ਭੂਮਕਾ ਸਾਰੀ॥ ੪੩॥ ਬਹਿਤਿ[੯] ਜ਼ੋਰ ਸੋਂ ਤਪਤ ਸਮੀਰਾ। ਜੋ ਤਾਪਹਿ[੧੦] ਨਰ ਨਾਰਿ[੧੧] ਜਰੀਰਾ‡। ਜਿਉਂ ਖਲ[੧੨] ਉਚਰਹਿ ਬਚਨ ਕੁਵਾਲੀ[੧੩]। ਰਿਦਾ ਤਪਾਇ ਦੇਤਿ ਰਿਸ ਨਾਲੀ[੧੪]§॥੪੪॥ ਮਾਰਤੰਡ ਕੀ[੧੫] ਚੰਡ[੧੬] ਮਰੀਚਾ[੧੭]।ਦੁਖੀ ਜੀਵ ਲਘੁ[੧੮] ਤਾ- ਲਨ[੧੯] ਵੀਚਾ॥ਜਿਉਂ ਜਗ ਭਗਤਿ ਹੀਨ ਹੈ ਪ੍ਰਾਨੀ॥ਜਨਮ ਮਰਨਮਹਿੰ ਨਿਤ ਦੁਖ ਖਾਨੀ॥ ੪੫॥ ਸੂਕੇ ਜਲ ਕਰਦਮ[੨੦] ਬਿਹਰਾਨੀ[੨੧]। ਜਨੁ ਪ੍ਰੇਮੀ ਉਰ ਸੀਖ[੨੨]ਸਿਖਾਨੀ। ਸਹਿਤ ਧੂਰ ਬਹੁ ਭ੍ਰਮਤਿ ਬਘੂਰੇ[੨੩]। ਜਿਉਂ ਮਤਿ[੨੪]ਭ੍ਰਮਤਿ ਬਿਨ ਗੁਰ ਪੂਰੇ॥੪੬॥ਮ੍ਰਿਗ ਤ੍ਰਿਸ਼ਨਾ ਕੋ ਹੇਰਹਿ ਨੀਰਾ।ਦੌਰਤਿ ਮ੍ਰਿਗ ਨਹਿੰ ਪਾਵਹਿੰਧੀਰਾ[੨੫]।ਜਿਉਂਮਨ ਬਿਖ਼ਯਸੁਖਨਹਿਤ[੨੬]ਧਾਈ[੨੭]।ਤ੍ਰਿਪਤਿ ਨ ਹੋਤਿ ਨ ਥਿਰਤਾ[੨੮] ਪਾਈ॥੪੭॥ ਪਸੁ ਪੰਛੀ ਹੇਰਹਿੰ ਤਰੁ ਛਾਯਾ[੨੯]। ਬੈਸਹਿੰ ਤਪ- ਤਹਿ ਤੇ ਸੁਖ ਪਾਯਾ। ਬਹੁਤ ਜਗਤ ਦੁਖ ਤੇ ਜਗਨਾਸੀ।ਜਿਉ ਮਿਲ ਸਤਿ- ਸੰਗਤਿ ਸੁਖਰਾਸੀ॥ ੪੮॥ ਭਾਵਹਿ ਬਹੁ ਸੀਤਲਤਾ[੩੦] ਪਾਨੀ। ਭਾਗ ਜਗੇ ਜਿਉਂ ਗੁਰੁ ਕੀ ਬਾਨੀ। ਅਸ ਗ੍ਰੀਖਮ ਮਹਿੰ ਸ੍ਰੀ ਜਗਸਾਂਈ। ਬਿਚਰਤਿ ਲੀਲਾ

[੧]ਆਪੋ ਵਿੱਚੀ। [੨]ਮੁਖੋਂ ਕਿਹਾ। [੩]ਆਪਣਾ ਆਪ। [੪]ਛਿਪਾ ਰੱਖਿਆ ਹੈ। [੫]ਜਗਤ ਦਾ ਪਤੀ। [੬]ਗਰਮੀ ਦੀ ਰੁਤ—ਜੇਠ ਹਾੜ। [੭]ਬਹੁਤ। [੮]ਈਰਖਾ ਵਾਲੇ ਦਾ। [੯]ਚਲਦੀ ਹੈ। [੧੦]ਤਪਾਉਂਦੀ ਹੈ। [੧੧]ਇਸਤ੍ਰੀ ਪੁਰਖ ਦੇ। [੧੨]ਮੂਰਖ। [੧੩]ਮੰਦੇ। [੧੪]ਗੁੱਸੇ ਨਾਲ। [੧੫]ਸੂਰਜ ਦੀਆਂ। [੧੬]ਤਿੱਖੀਆਂ। [੧੭]ਕਿਰਨਾਂ। [੧੮]ਛੋਟੇ। [੧੯]ਤਲਾਵਾਂ। [੨੦]ਚਿੱਕੜ। [੨੧]ਵ੍ਯਾਕੁਲ। [੨੨]ਸਿੱਖਯਾ। [੨੩]ਵਾ ਵਰੋਲੇ। [੨੪]ਬੁੱਧੀ। [੨੫]ਟਿਕਾਉ। [੨੬]ਵਾਸਤੇ। [੨੭]ਦੌੜਦਾ ਹੈ। [੨੮]ਟਿਕਾਉ। [੨੯]ਦਰਖਤਾਂ ਦੀ ਛਾਂ। [੩੦]ਠੰਢਾ। *ਪਾਠਾਂਤ੍ਰ—ਰਾਇ।

†ਏਥੇ ਗ੍ਰੀਖਮ ਰੁੱਤ ਦਾ ਵਰਣਨ ਕਰਦੇ ਹੋਏ ਭਾਈ ਸਾਹਿਬ ਨੇ ਵਿਚ ਪਰਮਾਰਥ ਦੇ ਸੁਹਣੇ ਕਟਾਖ੍ਯ ਦੱਸੇ ਹਨ। ‡ਬਹੁਤ ਜ਼ੋਰ ਸੋਂ ਤਪਤ ਸਮੀਰਾ। ਜੋ ਤਾਪਹਿ ਤਪ ਤਾਪ ਸਮੀਰਾ—ਪਾਠਾਂਤ੍ਰ ਹੈ। §ਦੁਖ ਵਾਲੀ—ਪਾਠਾਂਤ੍ਰ ਹੈ।

ਕਰਤਿ ਸੁਹਾਈ॥੪੯॥ਜਹਿਂ ਤਰੁਵਰ[੧] ਛਾਯਾ ਰਮਣੀਕੀ[੨]। ਤਹਿਂ ਚਾਰਤਿ ਸੁਰਭੀ ਬਿਧਿ ਨੀਕੀ। ਜਹਿਂ ਸੁੰਦਰ ਜਲ,ਸੀਤਲ ਸਾਲੀ[੩.੪]।ਤਹਿਂ ਖੇਲਹਿਂ ਬਾਲਕ ਮਿਲਿ ਨਾਲੀ[੫] ॥੫੦॥ਸਭਿ ਬਾਸੁਰ ਬਨ ਬੀਚ ਬਿਹਾਰੈਂ[੬]।ਆਵਹਿਂ ਰਜਨੀ[੭] ਸਦਨ ਗੁਜਾਰੈਂ। ਗੋਖੁਰ[੮] ਧੂਰਿ ਬਦਨ[੯] ਪਰ ਲਾਗਾ। ਜਨੁ ਪੰਕਜ ਪਰ[੧੦] ਸ਼ੁਭਤਿ ਪਰਾਗਾ[੧੧]॥੫੧॥ਅੰਕ[੧੨] ਬਸਾਇ ਮਾਤ ਬਲ ਜਾਈ। ਬਦਨ ਪੋਂਛ ਦੇਖਹਿ ਹਿਤ ਲਾਈ।ਕਰਤਿ ਦੁਲਾਰਸੰਗ[੧੩]ਪ੍ਰਿਯਬਾਨੀ।'ਤਾਤ ਨ ਕੀਜੈ ਅਬ ਬਨ ਜਾਨੀ[੧੪]॥੫੨॥ ਆਤਪ[੧੫] ਲਗੀ ਅੰਕ[੧੬] ਕੇ ਸੰਗਾ।ਸ਼ੁਭ ਰੰਗਹਿ ਤੇ ਭਯੋ ਕੁਰੰਗਾ। ਬਨ ਬਿਚਰਤਿ[੧੭] ਤੇ ਦੁਰਬਲ[੧੮] ਅੰਗਾ।ਪੁਰਿ ਮਹਿਂ ਖੇਲਹੁ ਸੰਗ ਉਮੰਗਾ[੧੯]॥੫੩॥ ਸਭਿ ਦਿਨ ਬਨ ਮਹਿਂ ਕਰਹੁ ਗੁਜਾਰਨ।ਤਰਸਤਿ ਲੋਚਨ[੨੦]ਦਰਸ਼ਨ ਕਾਰਨ।ਜਾਵਹਿਂ ਦਾਸ ਜਿ ਸੁਰਭੀ ਚਾਰਨ*। ਤੁਮ ਘਰ ਰਹੀਏ ਬਿਰਹਿ ਬਿਦਾਰਨ'॥੫੪॥ਕਰਿਦੁਲਾਰ[੨੧] ਬਹੁ ਸੁਤ ਬੈਸਾਯੋ[੨੨]। ਚਲਿ ਤਤਕਾਲਹਿ ਕਾਲੂ ਆਯੋ। ਪਤਿ ਸੋਂ ਕਹਤਿ 'ਏਕ ਹਮ ਤਾਤਾ[੨੩]। ਸੋ ਕੀਨੋ ਸੁਰਭੀਕੋ ਤ੍ਰਾਤਾ[੨੪]॥੫੫॥ਸਭਿ ਬਾਸੁਰ ਬਨ ਬੀਚ ਬਿਹਾਰੂ[੨੫]।ਕੁਮਲਾਵਤਿ ਕਮਲਾਨਨ[੨੬] ਚਾਰੂ[੨੭]। ਅਬ ਨ ਭੇਜੀਏ ਸੁਰਭੀ ਸੰਗਾ।ਹੁਇਗੋ ਦੁਰਬਲ ਮ੍ਰਿਦੁਲ[੨੮] ਸੁਅੰਗਾ'।੫੬। ਜਬ ਦੰਪਤਿ[੨੯]ਸਮਝੇ ਅਸਰੀਤੀ।ਬਧੀ ਪੁਤ੍ਰ ਸੋਂ ਪਾਵਨ[੩੦]ਪ੍ਰੀਤੀ।ਬਹੁਰ ਨ ਬਨ ਮਹਿਂ ਪਠਵਨ[੩੧] ਕੀਨਾ। ਘਰ ਰਖਿ ਮਾਤ ਪਿਤਾ ਸੁਖ ਲੀਨ॥੫੭॥ ਦੋਹਰਾ॥ ਸੁਖ ਸਾਗਰ ਨਾਗਰ[੩੨] ਗੁਰੂ ਜਗਤ ਉਜਾਗਰ[੩੩] ਰੂਪ। ਕਰਨੇ ਭਗਤਿ ਪ੍ਰਕਾਸ਼[੩੪] ਕੋ ਬ੍ਰਿੱਧਤਿ[੩੫] ਦੇਹਿ ਅਨੂਪ॥ ੫੮ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਬੁਲਾਰ ਸ਼ਰਧਾ ਦੇਨ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਧਜਾਇ ॥ ੧੧ ॥

੧੨. [ਸਾਰਦਾ ਮੰਗਲ। ਖੇਤ ਬੀਜਣਾ। ਬ੍ਰਿੱਖ ਛਾਇਆ ਅਸਥਿਰ]

ਦੋਹਰਾ ॥ ਸ੍ਰੀ ਚੰਡੀ ਖੰਡਨ ਦੁਸ਼ਟ ਭੁਜ ਦੰਡਨ ਬਰਬੰਡ।
ਜਗ ਮੰਡਨ ਪਦ ਬੰਦਨਾ ਜਾਂਕੋ ਤੇਜ ਪ੍ਰਚੰਡ ॥ ੧ ॥

[੧]ਦਰਖਤਾਂ ਦੀ। [੨]ਸੁੰਦਰ। [੩.੪]ਠੰਡਕ ਦਾ ਘਰ (ਅ) ਤੇ ਠੰਢੇ ਖੇਤ। [੫]ਨਾਲ। [੬]ਫਿਰਦੇ ਰਹਿਣ। [੭]ਰਾਤੀਂ। [੮]ਗਾਂਈਂ ਦੇ ਪੈਰਾਂ ਦੀ। [੯]ਮੁਖ। [੧੦]ਮਾਨੋਂ ਕਵਲ ਫੁੱਲ ਪਰ। [੧੧]ਫੁੱਲਾਂ ਦੀ ਧੂੜੀ। [੧੨]ਗੋਦੀ ਵਿਚ। [੧੩]ਪਜਾਰ ਨਾਲ। [੧੪]ਜੰਗਲ ਜਾਣਾਂ। [੧੫]ਧੁੱਪ। [੧੬]ਅੰਗਾਂ ਦੇ। [੧੭]ਫਿਰਦਿਆਂ। [੧੮]ਲਿੱਸੇ। [੧੯]ਖੁਸ਼ੀ ਨਾਲ। [੨੦]ਅੱਖਾਂ। [੨੧]ਲਾਡ ਲਡਾ ਕੇ। [੨੨]ਬਿਠਾਇਆ। [੨੩]ਪੁੱਤਰ। [੨੪]ਗਾਈਂ ਦਾ ਰਖਵਾਲਾ। [੨੫]ਫਿਰਦਾ ਹੈ। [੨੬]ਕੌਲ ਜਿਹਾ ਮੁਖੜਾ। [੨੭]ਸੁੰਦਰ। [੨੮]ਕੂਲੇ। [੨੯]ਪਤੀ ਇਸਤ੍ਰੀ। [੩੦]ਪਵਿੱਤ੍ਰ। [੩੧]ਭੇਜਣਾ। [੩੨]ਚਤੁਰ। [੩੩]ਪ੍ਰਸਿੱਧ। [੩੪]ਭਗਤੀ ਪ੍ਰਗਟ ਕਰਨੇ ਨੂੰ। [੩੫]ਵਧਦੀ ਹੈ।

*ਪਾਠਾਂਤ੍ਰ—ਜਾਹਿਂ ਦਾਸ ਨਿਜ ਸੁਰਭੀ ਚਾਰਨ।

ਸ਼੍ਰੀ=ਸਰਸ੍ਵਤੀ ਦਾ ਇਕ ਨਾਮ ਹੈ (ਅ) ਸਤਿਕਾਰ ਦਾ ਇਕ ਪਦ।
ਚੰਡੀ=ਚੰਡਿਕਾ। ਦੇਖੋ ਪਹਿਲੇ ਅਧਯਾਯ ਦੇ ਛੰਦ ੨ ਵਿਖੇ 'ਚੰਡਿਕਾ' ਪਦ।
ਖੰਡਨ ਦੁਸ਼ਟ=ਦੁਸ਼ਟਾਂ ਦੇ ਖੰਡਨ ਵਾਲੀ। ਦੇਖੋ ਅਧਯਾਯ ੧ ਛੰਦ ੨ 'ਖਲਖੰਡਿਕਾ' ਪਦ ਦਾ ਅਰਥ।
ਭੁਜ=ਬਾਹਾਂ। ਦੰਡਨ=ਡੰਡੇ ਵਾਂਗ ਮਜ਼ਬੂਤ। ਦੇਖੋ ਅਧਯਾਯ ੨ ਛੰ: ੧, 'ਭੁਜਦੰਡ' ਪਦ।
ਬਰਬੰਡਿਕਾ=ਵਰ ਦੇਣ ਵਾਲੀ (ਅ) ਬਲਵੰਤ, ਬਲ ਵਾਲੀ ਦੇਖੋ ਅਧ੍ਯਾ: ੧ ਛੰਦ ੨, ਬਰਬੰਡਿਕਾ—ਤੇ ਅਧ੍ਯਾ ੨ ਛੰਦ: ੧ ਵਿਖੇ 'ਬਲਬੰਡ' ਪਦ।
ਮੰਡਨ=ਦੇਖੋ ਅਧ੍ਯਾ: ੧ ਛੰਦ ੨ ਵਿਖੇ 'ਮੰਡਿਕਾ' ਪਦ ਤੇ ਅਧ੍ਯਾ: ੨ ਛੰ: ੧ ਵਿਖੇ 'ਮੰਡਨ ਭ੍ਰਾ' ਪਦ। ਪਦਬੰਦਨਾ=ਪੈਰਾਂ ਤੇ ਨਮਸਕਾਰ। (ਅ) (ਜਗਤ ਵਿਚ) ਕਵਿਤਾ ਦੀ ਰਚਨਾ ਕਰਾਉਣ ਵਾਲੀ।
ਪ੍ਰਚੰਡ=ਬਹੁਤ ਅਸਹਿ, ਝੱਲਿਆ ਨਾ ਸੱਕਣ ਵਾਲਾ।

ਅਰਥ— ਮਜ਼ਬੂਤ ਬਾਹਾਂ ਵਾਲੀ, ਦੁਸ਼ਟਾਂ ਦੇ ਨਾਸ਼ ਕਰਨ ਵਾਲੀ, ਜਿਸ ਦਾ ਤੇਜ ਝੱਲਿਆ ਨਹੀਂ ਜਾਂਦਾ, (ਐਸੀ) ਚੰਡਿਕਾ ਸਰਸ੍ਵਤੀ (ਜੋ) ਵਰਾਂ ਦੇ ਦੇਣ ਵਾਲੀ (ਤੇ) ਜਗਤ ਨੂੰ ਸੰਵਾਰਨ ਵਾਲੀ ਹੈ (ਦੇ) ਚਰਨਾਂ (ਤੇ ਮੇਰੀ) ਨਮਸਕਾਰ (ਹੋਵੇ)।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਕਹਿ ਬਾਲਾ ਸ਼੍ਰੀ ਅੰਗਦ ਗੁਰੁ ਜੀ। ਸੁਨਹੁ ਕਥਾ ਨਾਸ਼ਕ ਤ੍ਰੈਜੁਰ[੧] ਕੀ।ਬਹੁਰੋ ਰਿਤੁ ਪਾਵਸ[੨] ਸ਼ੁਭ ਆਈ।ਗਗਨ[੩]ਬੀਚ ਬਾਦਰ[੪] ਦ੍ਰਿਸ਼ਟਾਈ[੫] ॥੨॥ ਭਾਗ ਜਗੇ ਪੂਰਬ[੬] ਜੱਗਜਾਸੀ। ਜਿਉਂ ਤਨ ਧਰਤਿ[੭] ਸੰਤ ਸੁਖਰਾਸੀ। ਚਢੀ[੮] ਘਟਾ ਕਾਲੀ[੯] ਜਿਵ ਕਾਲੀ[੧੦]।ਪਰਨੋ ਬੱਜੂ[੧੧] ਬਜਾਵਤਿ ਤਾਲੀ[੧੨] ॥ ੩ ॥ ਸਾਸਨਪਾਕ[੧੩] ਸਰਾਸਨ[੧੪] ਜੋਊ। ਬਾਂਕੀ[੧੫] ਭ੍ਰਿਕੁਟੀ[੧੬] ਲਖਿਯਤਿ[੧੭] ਸੋਊ। ਅਤਿ ਕਰਕਨ[੧੮] ਜਿਹ ਕੀ ਕਲਿਕਾਰੀ[੧੯]। ਡਰਤਿ ਅਸੁਰ[੨੦]ਸੇ ਮੇਚਕ ਬਜਾਰੀ[੨੧]॥੪॥ਹੋਤਿ ਘੋਖ[੨੨]ਜਿਹ ਗਰਜ[੨੩] ਸੁਹਾਵਤਿ*।ਅਮਰ[੨੪] ਮਯੂਰ[੨੫] ਹਰਖ ਉਪਜਾਵਤਿ।ਚੰਚਲ ਜੋ ਚੰਚਲਾ[੨੬] ਚਮਕਾਵਤਿ[੨੭]।ਪਾਨ[੨੮] ਕ੍ਰਿਪਾਨਹਿ ਲਏ ਨਚਾਵਤਿ ॥੫॥ ਦੰਤ[੨੯]ਪੰਕਤੀ ਸ਼ੁਭਤਿ

---

[੧] ਤਿੰਨਾਂ ਤਾਪਾਂ ਦੇ ਨਾਸ਼ ਕਰਨ ਵਾਲੀ। [੨] ਬਰਸਾਤ,—ਸਾਵਨ ਭਾਦ੍ਰੋਂ। [੩] ਅਕਾਸ਼। [੪] ਬੱਦਲ। [੫] ਦਿਖੀਣ ਲਗੇ [੬] ਪਿਛਲੇ। [੭] ਸਰੀਰ ਧਾਰਦੇ ਹਨ। [੮] ਚੜ੍ਹੀ। [੯] ਕਾਲੇ ਬਦਲਾਂ ਦੀ ਘਟਾ। [੧੦] ਕਾਲਕਾ ਦੇਵੀ। [੧੧] ਬਿਜਲੀ ਦਾ ਪੈਣਾ। [੧੨] ਮਾਨੋਂ ਤਾੜੀ ਮਾਰਦੀ ਹੈ। [੧੩] ਇੰਦ੍ਰ ਦਾ। [੧੪] ਧਨੁਖ। [੧੫] ਟੇਢੇ। [੧੬] ਭ੍ਰਵੱਟੇ। [੧੭] ਜਾਣੀਦੇ ਹਨ। [੧੮] ਕੜਕਨਾ। [੧੯] ਚੀਕ। [੨੦] ਦੈਂਤ। [੨੧] ਕਾਲੇ ਸੱਪ। [੨੨] ਧੁਨੀ। [੨੩] ਗੱਜਣਾ। [੨੪] ਦੇਵਤੇ (ਰੂਪ)। [੨੫] ਮੋਰ। [੨੬] ਬਿਜਲੀ। [੨੭] ਚਮਕਦੀ ਹੈ। [੨੮] ਹੱਥ। [੨੯] ਦੰਦਾਂ ਦੀ।

*ਪਾਠਾਂਤ੍ਰ—ਸੁਨਾਵਤਿ।

ਬਲਾਕਾ[੧] । ਸ਼੍ਯਾਮ[੨] ਸਰੂਪ ਬਨ੍ਯੋ ਅਸ ਤਾਂਕਾ । ਮਿਲਿ ਦਾਦੁਰ[੩] ਬਹੁ ਸ਼ਬਦ ਪੁਕਾਰਾ। ਮਨਹੁੰ ਪਢਤਿ ਬਾਲਿਕ ਚਟਸਾਰਾ[੪]॥੬॥ਜਰ ਤੇ ਜਰਗ੍ਯੋ[੫] ਜੂਹ[੬] ਜਵਾਸਾ[੭] । ਜਿਉਂ ਹਰਿ ਭਜਨ ਹੋਤਿ ਅਘ ਨਾਸ਼ਾ। ਮਿਲਿ ਸਰਿਤਾ[੮] ਸੋਂ ਜੇ ਲਘੁ ਨਾਲਾ[੯] । ਸਿੰਧੁ[੧੦] ਸਰੂਪ ਭਏ ਤਿਹ ਕਾਲਾ॥੭॥ਬ੍ਰਹਮ ਗ੍ਯਾਨ ਤੇ[੧੧] ਜੈਸ[੧੨] ਮੁਮੋਖੂ[੧੩] । ਬ੍ਰਹਮ ਰੂਪ ਹੋਵਤਿ ਬਿਨ ਦੋਖੂ*। ਤਜਿ ਮ੍ਰਯਾਦ[੧੪] ਉਛਰੇ[੧੫] ਲਘੁ ਤਾਲਾ[੧੬]।ਜਿਉਂ ਸ਼੍ਰੀ[੧੭]ਮਦ ਤੇ[੧੮] ਨੀਚਕੁ ਚਾਲਾ॥੮॥ਉਡਤਿ ਧੂਰ ਜੋ ਸਗਲ ਬਿਲਾਨੀ[੧੯]। ਜਿਉਂ ਸਤਿਗੁਰ ਮਿਲ ਕੁਮਤਿ ਨਸਾਨੀ[੨੦] । ਪੰਥੀ[੨੧] ਚਲਤਿ ਧਾਮ[੨੨]ਬਿਸਰਾਮੇ[੨੩]।ਜਿਉਂ ਮਨ ਥਿਰੁ ਸਿਮਰਤਿ ਹਰਿਨਾਮੇ ॥੯॥ਜਿਉਂ ਲੀਲਾ ਕੀਨੀ ਰਿਤੁ ਬਰਖਾ। ਤਿਉ ਮੈਂ ਕਹਿਹੋਂ ਸੁਨਹੁ ਸੁ ਹਰਖਾ । ਏਕ ਦਿਵਸ ਕਾਲੂ ਲੇ ਅੰਕਾ। ਕਰਿ ਦੁਲਾਰ ਪਿਖਿ ਬਦਨਮਯੰਕਾ[੨੪]॥੧੦॥ਬਚਨ ਕਹਤਿ 'ਸੁਤ ! ਤੂੰ ਭ੍ਯਾ[੨੫] ਸਨਾਨਾ। ਅਬ ਨ ਕਰਤਿ ਗੋ ਸੰਗ[੨੬] ਬਨ ਜਾਨਾ।ਉਭੈ ਬ੍ਰਿਖਭ[੨੭]ਨਿਜ ਅਉਛਕ[੨੮]ਮਾਹੀ।ਲੇਹੁ ਨਿਕਾਸ ਤਰੁਨ[੨੯] ਜੋ ਆਹੀ ।੧੧।ਲਾਂਗੁਲ[੩੦]ਸੰਗ ਬਹੁਰ ਕਰਿ ਕਾਮਾ[੩੧]।ਬੀਜ[੩੨]ਸੁ ਲੈਹੁ† ਸਦਨ ਧਾਮਾ[੩੩]।ਜਾਇ ਰਾਹੀਏ[੩੪]ਖੇਤ ਨਿਰਾਲਾ।ਕਰਹੁ ਨੀਰ ਸੋਂ ਤਿਹ ਪ੍ਰਤਿਪਾਲਾ ॥੧੨॥ ਮ੍ਰਿਗ[੩੫] ਪਸ਼ੂਅਨ ਕੇ ਹੁਇ ਰਖਵਾਰੇ। ਕ੍ਰਿਖਿ[੩੬]ਪਕਾਇ ਕੀਜੈ ਖਲਵਾਰੇ[੩੭] । ਜੋ ਅੰਨ ਆਨਹੁ ਬਹੁ ਇਕਬਾਰੀ । ਰਖ ਦੇਵੋਂ ਕਾਮੇਂ ਦੁਇਚਾਰੀ॥੧੩॥ਅਸਬਿਧਿ ਕੀ ਕ੍ਰਿਤਿ ਕਰਹੁ ਨਿਬਾਹੀ।ਅਤੁਟ ਹੋਇ ਸਭਿ ਕਿਛ ਘਰ ਮਾਹੀ' । ਸ੍ਰੀ ਨਾਨਕ ਸੁਨਿਕਰਿ ਪਿਤ ਬਾਨੀ । ਜੋ ਧਨ ਤ੍ਰਿਸ਼ਨਾ ਮਹਿਂ ਲਪਟਾਨੀ ॥੧੪॥ 'ਸੁਨਹੁ ਪਿਤਾ ਜੀ ! ਆਇਸੁ ਜੈਸੀ । ਕਹਹੁ ਆਪ ਹੋਂ ਕਰਿਹੋਂ ਤੈਸੀ' । ਤਬ ਕਾਲੂ ਦਿਯ ਬੀਜ ਤੁਲਾਯਾ। ਇਕ ਕਾਮਾ ਸੁਤ ਸੰਗ ਰਲਾਯਾ ॥੧੫॥ ਲਾਂਗੁਲ ਬੀਜ ਲਏ[੩੮] ਕਰਦੋਊ । ਵਾਹੁਣ ਗਏ ਭੂਮਿਕਾ

[੧](ਉਡਦੇ) ਬਗਲਿਆਂ ਦੀ ਪੰਕਤੀ । [੨]ਕਾਲਾ । [੩]ਡਡੂ । [੪]ਪਾਠਸ਼ਾਲਾ ਵਿਚ । [੫]ਜੜਾਂ ਤੋਂ ਸੜ ਗਿਆ । [੬]ਸਮੂਹ । [੭]ਜਵਾਹਾਂ । [੮]ਨਦੀਆਂ । [੯]ਛੋਟੇ ਨਾਲੇ । [੧੦]ਸਮੁੰਦਰ । [੧੧]ਹੋਣ ਤੇ । [੧੨]ਜੈਸੇ । [੧੩]ਮੁਕਤੀ ਦੀ ਇੱਛਾ ਵਾਲੇ । [੧੪]ਹੱਦਾਂ ਟੱਪਕੇ । [੧੫]ਉਛਲੇ । [੧੬]ਛੋਟੇ ਤਾਲਾਬ । [੧੭]ਮਾਯਾ ਦੇ । [੧੮]ਹੰਕਾਰ ਨਾਲ । [੧੯]ਛਿਪ ਗਈ । [੨੦]ਖੋਟੀ ਬੁਧੀ ਨਸ ਜਾਂਦੀ ਹੈ । [੨੧]ਰਾਹੀ । [੨੨]ਘਰ। [੨੩]ਟਿਕ ਗਏ । [੨੪]ਮੁਖ ਰੂਪੀ ਚੰਦ੍ਰਮਾਂ। [੨੫]ਹੋਇਆ ਹੈਂ। [੨੬]ਗਾਂਈਆਂ ਨਾਲ। [੨੭]ਦੋ ਬੈਲ। [੨੮]ਵੱਗ। [੨੯]ਜੁਵਾਨ। [੩੦]ਹਲ। [੩੧]ਨੌਕਰ ਲੈਕੇ (ਅ) ਕੰਮ ਕਰੋ । [੩੨]ਬੀਉ। [੩੩]ਘਰ ਤੋਂ। [੩੪]ਬੀਜੀਏ। [੩੫]ਹਰਨਾਂ ਤੇ । [੩੬]ਖੇਤੀ । [੩੭]ਖਲਿਹਾਨ । [੩੮]ਲੈਕੇ ।

*ਬ੍ਰਹਮ ਸਰੂਪ ਹੋਤ ਬਿਨ ਦੋਖੂ—ਪਾਠਾਂਤ੍ਰ ਹੈ।

†ਬੀਰਜ ਲੇਹੁ—ਪਾਠਾਂਤ੍ਰ ਹੈ।

ਸੋਊ। ਕਹੂੰ ਕਹੂੰ ਕਾਢਨੋ ਸੀਆਰਾ[੧]। ਜਿਤੋ ਬੀਜ ਦਿਯ ਸਭਿ ਬਿਸਤਾਰਾ[੨]॥
੧੬॥ ਭਈ ਸੰਝ[੩] ਆਏ ਨਿਜ ਸਦਨਾ। ਕਾਲੂ ਪਰਫੁੱਲਤਿ ਪਿਖਿ ਬਦਨਾ।
ਸ਼੍ਰੀ ਗੁਰੁ ਕਰ ਮਹਿ ਬਰਕਤ ਭਾਰੀ।ਕਿਹ ਮਹਿਂ ਸ਼ਕਤਿ ਸੁ ਕਰਹਿ ਉਚਾਰੀ
॥੧੭॥ ਦਿਵਸ ਤੀਸਰੇ ਭੀ ਸਬਜ਼ਾਈ[੪]। ਜਨੁ[੫] ਅਵਿਨੀ[੬] ਨਿਜ ਅਨਦ
ਜਨਾਈ।ਕਾਲੂ ਜਾਇ ਕ੍ਰਿਖੀ[੭] ਜਬ ਦੇਖੀ।ਸਘਨ[੮] ਉਗੀ, ਭਾ ਮੋਦ[੯]ਵਿਸੇਖੀ
॥੧੮॥–ਹੋਇ ਤਾਤ ਮਮ ਵਡ ਕ੍ਰਿਖਿਕਾਰਾ[੧੦]। ਦਿਉਂ ਬਸਾਇ ਇਕ ਗ੍ਰਾਮ
ਨਿਰਾਰਾ–।ਨਿਪਜਾਵਨ[੧੧]ਧਨਅਨਿਕ ਬਿਧਿਨ ਸੋਂ।ਅਧੋ ਕਰਤਿ ਚਿਤਵਨ
ਨਿਜ ਮਨਸੋਂ।੧੯।ਸ਼੍ਰੀ ਗੁਰੁ ਨਾਨਕ ਰਿਦੇ ਵਿਚਾਰੀ।–ਧਨ ਤ੍ਰਿਸ਼ਨਾ ਦਿਨ-
ਪ੍ਰਤਿ[੧੨]ਪਿਤ ਭਾਰੀ।ਯਾਂਤੇ ਅਬ ਹੀ ਬਨਹਿ ਨਿਬੇਰੋ।ਧਨ ਖਟਨੇ ਕੋ ਮਿਟਵੈ
ਝੇਰੋ–।੨੦। ਬੈਸੇ ਬਹੁਰ ਖੇਤ ਰਖਵਾਰੀ। ਬਰਜਹਿਂ ਕਿਸ ਨ ਚਰਹਿਂ ਪਸੁ
ਝਾਰੀ[੧੩]।ਰਾਸ਼ਭ ਬੜਵਾ ਗੋ ਮ੍ਰਿਗ ਬ੍ਰਿੰਦਾ[੧੪]। ਚਰਤਿ ਖੇਤ,ਰਹਿਂ ਬੈਸ ਅਨੰਦਾ
।੨੧।ਦਿਨ ਦੋਇਕ ਮਹਿਂ ਦੀਨਿ ਨਬੇਰੀ। ਇਕ ਨ ਬੂਟ ਜਹਿਂ ਸਘਨ ਘ-
ਨੇਰੀ।ਕਾਲੂ ਗਯੋ ਬਿਲੋਕਨ ਖੇਤੂ।ਢਿਗ ਬੈਠੇ ਬੇਦੀ ਕੁਲ ਕੇਤੂ॥੨੨॥ਫਿਰੈਂ
ਕਿਦਾਰ[੭] ਮੱਧ ਪਸੁ ਬ੍ਰਿੰਦਾ। ਕਿਸੈ ਨ ਬਰਜੈਂ ਆਨੰਦ ਕੰਦਾ। ਅਸਬਿਧਿ
ਦੇਖਿ ਕ੍ਰੋਧ ਭਾ[੧੫] ਕਾਲੂ। ਮੁਖ ਬੋਲਤਿ ਦੁਰਬਚਨ[੧੬] ਬਿਸਾਲੂ ॥੨੩॥'ਮੰਦ
ਭਾਗ[੧੭]ਮੈਂ ਅਪਨ ਨਿਹਾਰਾ[੧੮]। ਤੂੰ ਸੁਤ ਜਨਮਯੋ ਸਦਨ ਉਜਾਰਾ[੧੯]।ਆਰ-
ਬਲਾ ਲਘੁ[੨੦] ਮਹਿਂ ਤਵ ਚਾਲੀ। ਵਸਤੁ ਖੋਇ ਕਿਯ ਆਲਯ ਖਾਲੀ॥੨੪॥
ਉਚਿਤ[੨੧] ਕਮਾਵਨ ਅਬ ਭੀ ਬੈਸਾ[੨੨]। ਕਰਨ ਕੁਕਾਜ[੨੩] ਲਗੇ ਪੁਨ ਐਸਾ।
ਮੁਝ ਪਸ਼ਚਾਤ[੨੪]ਖਾਹਿਂ ਕ੍ਰਿਤ ਕਰਿ ਕੋ[੨੫]।ਰਲੈਂ ਫਕੀਰਨ ਸੋਂ ਤਜਿ ਘਰ ਕੋ'
॥੨੫॥ ਹੇਰਿ ਹੇਰਿ ਕਹਿ ਵਾਕ ਕਠੋਰਾ। ਲਖਿ ਕੁਚਾਲ ਕੋ ਰੋਸ ਨ ਥੋਰਾ।
'ਤੁਝ ਜਨਮੇ ਤੇ ਕੋ ਗੁਣ ਮੋਹੀ।ਯਾਂਤੇ ਭਲੋ ਰਹਤਿ ਮੈਂ ਯੋਹੀ[੨੬]॥੨੬॥ਇਕ
ਸਪੂਤ ਬਹੁ ਦਰਬ ਕਮਾਵਹਿਂ[੨੭]।ਤੂੰ ਅਸ ਭਾ ਜੋ ਬਾਦ[੨੮] ਗਵਾਵਹਿਂ।ਜਾਇ

---

[੧]ਸੀਆਂ, ਸਿਆੜ। [੨]ਖਲੇਰ ਦਿਤਾ। [੩]ਸੰਧਯਾ ਪਈ ਤੇ। [੪]ਹਰਿਆਵਲ। [੫]ਮਾਨੋਂ। [੬]ਪ੍ਰਿਥਵੀ।
[੭]ਖੇਤੀ। [੮]ਸੰਘਣੀ। [੯]ਖੁਸ਼ੀ ਹੋਯਾ। [੧੦]ਖੇਤੀ ਕਰਨ ਵਾਲਾ। [੧੧]ਪੈਦਾ ਕਰਨਾ। [੧੨]ਹਰ ਰੋਜ।
[੧੩]ਸਾਰੇ ਪਸੂ। [੧੪]ਗਧੇ, ਘੋੜੇ, ਗਊਈਂ, ਹਰਨ ਆਦਿ ਸਾਰੇ (ਪਸ਼ੂ)। [੧੫]ਗੁੱਸਾ ਆਇਆ।
[੧੬]ਕੁਵਚਨ। [੧੭]ਭੈੜੀ ਕਿਸਮਤ। [੧੮]ਵੇਖਦਾ ਹਾਂ। [੧੯]ਘਰ ਉਜਾੜੂ। [੨੦]ਛੋਟੀ।
[੨੧]ਲਾਇਕ। [੨੨]ਉਮਰ ਹੋਈਹੈ[੨੩]ਮਾੜਾ ਕੰਮ।[੨੪]ਮੇਰੇ ਪਿੱਛੋਂ।[੨੫]ਕਿਹੜੀ। [੨੬]ਐਵੇਂ ਹੀ,ਸੁਤਹੀਨ।
[੨੭]ਇਕ ਐਸੇ ਪੁੱਤ੍ਰ ਹੁੰਦੇ ਹਨ ਜੋ ਬੜਾ ਧਨ ਕਮਾਉਂਦੇ ਹਨ। [੨੮]ਬਿਰਥਾ।

ਨਗਰ ਪੁਨ ਦ੍ਵਿਜਬਰ ਸਦਨਾ[੧]। ਉਪਾਲੰਭ[੨] ਕੇ ਕਹਿ ਬਚ ਬਦਨਾ[੩]॥੨੭॥ 'ਬੇਦ ਪੁਰਾਣ ਸਭੇ ਤੁਮ ਝੂਠੇ। ਸੂਧੇ ਕਹਉ ਹੋਤਿ ਹੈਂ ਪੂਠੇ। ਕਿਧੋਂ[੪] ਨ ਤੁਮ ਤੇ ਜਾਤ ਬਿਚਾਰੇ।ਕਿਧੋਂ[੪]ਹਰਖ ਹਿਤ ਪਾਜ ਉਚਾਰੇ[੫]*॥੨੮॥ਭਲੀਛਤਰਕੀ ਦੀਨਿ ਵਡਾਈ। ਪੂਰਬ ਐਸ਼੍ਵਰਯ ਜਾਸ ਘਟਾਈ। ਅਬ ਬੀਜਯੋ ਸਭਿ ਖੇਤ ਨਿਪਾਤੂ[੬]। ਪਸੁ ਚਰਵਾਇ, ਨ ਕੀਨੀ ਤ੍ਰਾਤੂ[੭]॥੨੯॥ਜਬ ਕੋ ਜਨਮਯੋ ਇਨ ਸੁਧ[੮] ਲੀਨੀ। ਧਨ ਖੱਟਨ ਕੀ ਕ੍ਰਿੱਤ ਨ ਕੀਨੀ। ਖੋਯੋ ਸੰਚਯੋ ਪੂਰਬ ਮੇਰੋ[੯]। ਯਾਂਤੇ ਬਿਫਲ[੧੦] ਭਯੋ ਬਚ ਤੇਰੋ'॥ ੩੦ ॥ ਬੋਲਯੋ ਬਚਨ ਬਿੱਪ੍ਰ[੧੧] ਪਰਬੀਨਾ। ਜਿਹ ਮਨ ਸ੍ਰੀ ਨਾਨਕ ਜਸ ਲੀਨਾ। 'ਸੁਨਿ ਕਾਲੂ ਤੂ ਮੂਲਹੁ-ਭੂਲਾ[੧੨]।ਸੁਤ ਸੁਸ਼ੀਲ ਤੇ ਨਿਤ ਪ੍ਰਤਿਕੂਲਾ[੧੩]॥ ੩੧ ॥ ਬਾਰ ਬਾਰ ਮੈਂ ਤੁਝ ਸਮਝਾਯੋ। ਜਗਤ ਉਧਾਰਨ ਹਿਤ ਇਹ ਆਯੋ। ਭਗਵਤ ਗੀਤਾ ਸਾਰ ਵਿਚਾਰਾ। ਕਰੈ ਪਢੈ ਬਿਨ ਸ਼ਬਦ ਉਚਾਰਾ ॥੩੨॥ ਜਿਨ ਮੋਕੋ ਸ਼ੁਭ ਦੀਨੋ ਗਯਾਨਾ। ਜਿਹ ਬਚ ਸੁਨ ਮਮ ਮਨ ਠਹਿਰਾਨਾ। ਲੋਕ ਉਧਾਰਨ ਕਰਹਿ ਅਨੇਕੂ। ਜਪਹਿ ਜਾਪ ਜੋ, ਪਾਇ ਬਿਬੇਕੂ॥੩੩॥ਮੁਝ ਕੌ ਦੀਸਤਿ ਬਿਸ਼ਨੁ ਸਮਾਨਾ। ਕਲਾਵਾਨਾ ਸਭਿ ਸ਼ੁਭ ਗੁਣਖਾਨਾ'।ਬਿੱਪ੍ਰ ਬਚਨ ਸੁਨਿ ਕਰਿ ਤਬ ਕਾਲੂ। ਸਦਨਹਿ ਆਯੋ ਰੋਸ ਬਿਸਾਲੂ[੧੪]।੩੪॥ ਤਿਹ ਪਾਛੇ ਸ੍ਰੀ ਗੁਰ ਜਗ-ਤੇਸ਼ਾ।ਰਹਤਿ ਉਦਾਸ ਦੁਰਾਇ[੧੫] ਬੇਸ਼ਾ।ਕੋ ਕੋ 'ਕਲਾਵਾਨ' ਕਰਿ ਕਹਿਈ। ਜੋ ਸਤਿਸੰਗੀ ਮਾਨਵ ਅਹਿਈ[੧੬] ।੩੫।ਨਰ ਮਤਿਮੰਦ ਨ ਲਖਿ ਸੁਖਕੰਦਾ। ਨਹਿਂ ਜਾਨਹਿਂ ਇਹ ਰੂਪ ਮੁਕੰਦਾ†। ਵਹਿਰ ਨਗਰ ਤੇ ਬਿਟਪ[੧੭] ਜੁ ਦੂਰਾ। ਬਾਸੁਰ ਬੈਸਹਿਂ ਤਹਿਂ ਜਗ ਮੂਰਾ[੧੮] ॥ ੩੬ ॥ ਕਾਲ ਬਿਤਾਵਹਿਂ[੧੯] ਰਹਿਤਿ ਇਕਾਕੀ[੨੦]। ਬੋਲਣ ਮਿਲਨ ਨ ਲੇਂ ਸੁਧ ਕਾਕੀ[੨੧]। ਏਕ ਦਿਵਸ ਪਾਦਪ-ਦਲ[੨੨] ਸੁੰਦਰ। ਸਘਨ ਛਾਉਂ ਬੈਠੇ ਗੁਨਮੰਦਰ[੨੩] ॥ ੩੭ ॥ ਜਬ ਦਿਨ ਕੇ ਜੁਗ ਜਾਮ[੨੪] ਬਿਤਾਇ। ਦੁਖਮੋਚਨ[੨੩] ਲੋਚਨ[੨੫] ਅਲਸਾਇ। ਸੁੰਦਰ ਬਸਤ੍ਰ

---

[੧]ਬ੍ਰਾਹਮਣ ਦੇ ਘਰ। [੨]ਉਲਾਂਭੇ ਦੇ। [੩]ਮੁਖ ਤੋਂ। [੪]ਜਾਂ। [੫]ਝੂਠ ਬੋਲ ਦਿੰਦੇ ਹੋ। [੬]ਨਾਸ਼ ਕਰ ਦਿੱਤਾ। [੭]ਰਖਵਾਲੀ ਨਾ ਕੀਤੀ। [੮]ਹੋਸ਼ ਪਕੜੀ। [੯]ਪਿੱਛਲਾ ਮੇਰਾ ਕੱਠਾ ਕੀਤਾ ਹੋਯਾ। [੧੦]ਬਿਰਥਾ। [੧੧]ਬ੍ਰਾਹਮਣ। [੧੨]ਮੁੱਢੋਂ ਹੀ ਘੁੱਥਾ ਹੈਂ। [੧੩]ਉਲਟ। [੧੪]ਬੜੇ ਗੁੱਸੇ ਵਿਚ। [੧੫]ਛੁਪਾਏ। [੧੬]ਹਨ। [੧੭]ਬ੍ਰਿਛ। [੧੮]ਆਦਿ, ਮੂਲ। [੧੯]ਸਮਾਂ ਗੁਜ਼ਾਰਦੇ ਹਨ। [੨੦]ਇਕੱਲੇ। [੨੧]ਕਿਸੇ ਦੀ। [੨੨]ਬ੍ਰਿੱਛ ਦੇ ਪੱਤਿਆਂ ਦੀ। [੨੩]ਭਾਵ ਗੁਰੂ ਜੀ। [੨੪]ਦੋ ਪਹਿਰ। [੨੫]ਅੱਖਾਂ।

*ਹਮਾਰੇ-ਪਾਠਾਂਤ੍ਰ ਹੈ। †ਪਾਠਾਂਤ੍ਰ ਹੈ-ਨਹਿ ਜਾਨਹਿ ਸੁਖ ਰੂਪ ਅਨੰਦਾ।

ਬਿਛਾਇ ਬਿਛੌਨਾ[੧]। ਪੌਢੇ[੨] ਪੁਨ ਅਨਕੰਪਾਭੌਨਾ[੩] ॥ ੩੮॥ ਦੋਇ ਮਹੂਰਤ[੪] ਜਬਹਿ ਬਿਤਾਵਾ। ਚਲਿ ਬੁਲਾਰ ਤਿਹ ਮਾਰਗ[੫] ਆਵਾ॥ ਪੇਖਿ ਅਚੰਭ ਮਨ ਬਿਸਮਾਨਾ॥ਸ਼ੋਰ ਬਿਹੀਨ ਭਯੋ ਠਹਿਰਾਨਾ[੬] ॥ ੩੯॥ ਨਿਜ ਸੰਗੀ ਸੋਂ ਬਚਨ ਅਲਾਵਾ। 'ਦੇਖਹੁ ਅਚਰਜ ਏਹੁ ਸੁਹਾਵਾ। ਸੁੰਦਰ ਸੁਖਮੰਦਿਰ ਸੁਤ[੭] ਕਾਲੂ। ਸੋਯੋ ਅਜ਼ਮਤ[੮] ਜਾਸ ਬਿਸਾਲੂ[੯] ॥ ੪੦ ॥ ਢਰਿ ਗਾ ਸਭਿ ਪਾਦਪ[੧੦] ਪਰਛਾਵਾਂ। ਨਹੀਂ ਢਰਯੋ ਜਹਿਂ ਇਨ ਸੁਖ ਪਾਵਾ। ਨਿਸ਼ਚੇ ਕਲਾਵਾਨ ਅਵਤਾਰਾ। ਰਹਿਤਿ ਦੁਰਾਇ[੧੧] ਅਪਨਪੌ[੧੨]*ਸਾਰਾ[੧੩] ।੪੧।ਪਾਵਕ[੧੪]ਬੀਚ ਭਸਮ[੧੫] ਕੇ ਜੈਸੇ। ਤੇਜ ਨ ਲਖਯੋ ਪਰਤਿ[੧੬] ਹੈ ਕੈਸੇ॥ ਪਰ ਜੇ ਲਖਨਹਾਰ[੧੭] ਹੁਇ ਕੋਊ।ਤਿਹ ਨਿਕਾਸ[੧੮] ਸੀਤਹ ਖੋਂ[੧੯] ਸੋਊ ॥੪੨॥ਤਿਉਂ ਇਸਕੀ ਸੇਵਾ ਜੋ ਕਰਿਈ। ਜਨਮ ਮਰਨ ਤਿਹ ਕਿਉਂ ਨਹਿਂ ਟਰਿਈ। ਆਗੇ ਬਿਧਿ ਇਕ ਅਚਰਜ ਦੇਖੀ।ਸਰਪ ਛਾਉਂ ਕਿਯ ਪ੍ਰੀਤ ਵਿਸ਼ੇਖੀ॥੪੩॥ ਅਸਥਿਰ[੨੦] ਰਹੀ ਤਰੋਵਰੁ ਛਾਯਾ। ਅਚਰਜ ਹੀ ਜੁਗ ਬਾਰਿ ਲਖਾਯਾ[੨੧]'। ਅਸ ਕਹਿ ਬੰਦੇ ਦੋਨੋ ਹਾਥਾ। ਬੰਦਨ ਕਿਯ ਧਰਿਕੈ ਧਰ ਮਾਥਾ[੨੨] ॥ ੪੪ ॥ ਹਟਯੋ ਦੂਰ ਤੇ ਸ਼ਰਧਾ ਧਾਰੀ। ਗਮਨਯੋ[੨੩]ਨਗਰ ਹੋਤਿ ਰਤਿ[੨੪] ਭਾਰੀ। ਸ਼ੁਭ ਬਿਧਿ ਕਰਤਿ ਸੰਕਲਪ ਵਿਕਲਪਾ॥ਦਿਨਪ੍ਰਤਿ ਜਿਹ ਕੋ ਹੁਇ ਭ੍ਰਮ ਅਲਪਾ[੨੫]।੪੫। ਸਦਨ ਜਾਇ ਬੈਸਯੋ ਹਰਿਖਾਈ। ਕਾਲੂ ਗਾ ਤਬ ਸਹਜਿ ਸੁਭਾਈ॥ਸਾਦਰ ਤਿਹ ਸੁਭ ਠੌਰ[੨੬]ਬਿਠਾਯੋ†।ਬਹੁਰ ਪ੍ਰੇਮ ਸੋਂ ਬਚਨ ਸੁਨਾਯੋ‡॥੪੬॥'ਭੂਰ ਭਾਗਕੇ ਭਾਜਨ[੨੭] ਕਾਲੂ !। ਅਸ ਸੁਤ ਜਨਮੇ ਭਯੋ ਨਿਹਾਲੂ। ਤਦਪਿ[੨੮] ਸੁਭਾਵ ਭੁਮਾਰ ਕਠੋਰਾ॥ਕੌਰਾ ਕਬ ਨ ਬੋਲਿਯੇ ਥੋਰਾ॥੪੭। ਤਿਹ ਸਦਕਾ ਕਰਿ ਇਹ ਮਮ ਨਗਰੀ। ਪਾਵਨ ਹੋਤਿ[੨੯] ਬਸਤਿ[੩੦] ਸੁਖ ਸਗਰੀ। ਭੂਲ ਨ ਕੀਜੈ

---

[੧]ਬਿਛਾਉਣਾ । [੨]ਲੇਟੇ। [੩]ਕਿਰਪਾ ਦੇ ਘਰ । [੪]ਚਾਰ ਘੜੀ । [੫]ਉਸੇ ਰਸਤੇ। [੬]ਖੜਾਕ ਤੋਂ ਰਹਤ ਹੋਕੇ ਠਹਿਰ ਗਿਆ । [੭]ਪੁੱਤ੍ਰ । [੮]ਕਰਾਮਾਤ । [੯]ਬੜੀ। [੧੦]ਢਲ ਗਿਆ ਸਭ ਿੱਛਾਂ ਦਾ। [੧੧]ਛੁਪਾਇ । [੧੨]ਅਪਣੇ ਆਪਨੂੰ। [੧੩]ਸਾਰਾ ਹੀ ਅਰਥਾਤ ਅਪਣੀ ਅਸਲੀਯਤ। [੧੪]ਅਗਨੀ। [੧੫]ਸੁਆਹ। [੧੬]ਨਹੀਂ ਜਾਣਿਆਂ ਜਾਂਦਾ। [੧੭]ਜਾਣਨ ਵਾਲਾ। [੧੮]ਕੱਢਕੇ। [੧੯]ਪਾਲਾ ਹਟਾ ਲੈਂਦਾ ਹੈ। [੨੦]ਟਿਕੀ। [੨੧]ਦੋਨੋ ਵਾਰੀ ਵੇਖਿਆ ਹੈ। [੨੨]ਜਮੀਨ ਤੇ ਮੱਥਾ ਧਰਕੇ। [੨੩]ਚਲਾ ਗਿਆ। [੨੪]ਪ੍ਰੀਤ। [੨੫]ਭਰਮ ਘੱਟ ਰਿਹਾ ਹੈ। [੨੬]ਅਛੀ ਜਗਾ। [੨੭]ਹੇ ਬੜੇ ਭਾਗਾਂ ਦੇ ਪਾਤ੍ਰ ! [੨੮]ਤੋਭੀ। [੨੯]ਪਵਿੱਤ੍ਰ ਹੁੰਦੀ ਤੇ। [੩੦]ਵਸ ਰਹੀ ਹੈ। *ਪਾਠਾਂਤ੍ਰ—'ਅਪਨ ਪੈਸਾਰਾ' ਤੇ'ਅਪਨ ਪਾਸਾਰਾ' ਬੀ ਹੈ।

†ਪਾਠਾਂਤ੍ਰ—ਆਦਰ ਸੋਂ ਸੁਭ ਠੌਰ ਬਿਠਾਯੋ। ‡ਪਾਠਾਂਤ੍ਰ—ਅਲਾਯੋ।

ਕਬਹਿ ਅਨਾਦਰ[੧]। ਅਸਨ ਬਸਨ[੨] ਦੀਜੈ ਸੁਖ ਸਾਦਰ ॥੪੮॥ ਜਾਮਾਂ[੩] ਮੋਹਿ ਤੁਰਕ ਕੌ ਆਹੀ। ਭੋਜਨ ਬਨੈ ਨ ਮਮ ਘਰ ਮਾਂਹੀ। ਨਤੁ[੪] ਰਾਖੋਂ ਸਾਦਰ ਨਿਜ[੫] ਸਦਮਾ[੬]*। ਸੁਫਲ ਜਨਮ ਸੇਵੇ ਪਦ ਪਦਮਾ॥੪੯॥ਪੋਸ਼ਿਸ਼ ਸੁੰਦਰ ਦਿਉਂ ਬਨਿਵਾਈ। ਲੇ ਜਾਵਹੁ ਕਾਲੂ ਪਹਿਰਾਈ। ਜੋ ਆਵਹਿ ਤਿਨ ਕਾਜ ਪਦਾਰਥ। ਸੋ ਮੈਂ ਗਨਿਹੌਂ ਭਯੋ ਸਕਾਰਥ[੭] ॥੫੦॥ ਸੁਨਿ ਬੁਲਾਰ ਕੀ ਅਸਬਿਧਿ ਬਾਨੀ। ਸ਼ਰਧਾ ਪ੍ਰੇਮ ਵਿਖੇ ਲਪਟਾਨੀ। ਬੋਲ੍ਯੋ ਹਾਥ ਜੋਰਿ ਤਬ ਕਾਲੂ। ਜਾਂਕੋ ਮਾਯਾ ਮੋਹ ਬਿਸਾਲੂ ॥ ੫੧ ॥'ਤੁਝ ਕਰੁਨਾ ਕਰਿ ਮੁਝ ਘਰ ਸਰਬਾ। ਅਹੈਂ ਪਦਾਰਥਿ ਵਿਧ ਬਹੁ ਦਰਬਾ[੮]। ਕਿਸੂ ਵਸਤੁ ਕੀ ਕਮੀ ਨ ਮੇਰੇ। ਅਧਿਕ ਧਾਮ† ਧਨ ਮਾਲ ਘਨੇਰੇ ॥ ੫੨ ॥ ਤਦਪਿ ਵਧਤਿ ਮੁਝ ਨਿਤ ਚਿਤ ਚਿੰਤਾ। ਨਿਸ ਦਿਨ ਬੀਤਹਿ ਗਣੀ ਗੁਨੰਤਾ[੯]। ਤੁਮ ਨਾਨਕ ਕੀ ਕਰਤਿ ਵਡਾਈ। ਮੈਂ ਨ ਲਖੀ ਤਿਹ ਮਤਿ[੧੦] ਕਿਹ ਥਾਂਈ ॥ ੫੩ ॥ ਜਿਹ ਕ੍ਰਿਤ ਕੇ ਤਤਪਰ ਥਿਰੁ ਕੀਨਾ[੧੧]। ਕੋ ਨ ਸਵਾਰੀ, ਕੀਨੀ ਹੀਨਾ[੧੨]। ਪੂਰਬ[੧੩] ਬਹੁ ਘਰ ਵਸਤੁ ਗਵਾਈ। ਅਬ ਕਿਦਾਰ[੧੪] ਪਸੁ ਦੀਨਿ ਚਰਾਈ ॥੫੪॥ ਜਨਮੇ ਤੇ ਜਬ ਸੁਰਤਿ ਸੰਭਾਰੀ। ਤਨਕ[੧੫] ਨ ਧਨ ਕੀ ਕ੍ਰਿੱਤਿ ਸਵਾਰੀ। ਮਨ ਉਨਮੱਤਿ[੧੬] ਨ ਕਰਤਿ ਸਨੇਹੂ। ਵਹਿਰ ਨਗਰ ਬੈਸਹਿ ਤਜਿ ਗੇਹੂ[੧੭]॥੫੫॥ਕਹਿ ਬੁਲਾਰ'ਤੁਵਮਤਿ[੧੮] ਅਨਜਾਂਨੀ। ਤਿਹਕੀ ਰੀਤਿ ਨ ਸਕਤਿ ਪਛਾਨੀ‡। ਧਨ ਤ੍ਰਿਸ਼ਨਾ ਮਹਿਂ ਮਤਿ ਲਪਟਾਨੀ। ਗੁਨਨ ਗੂਢ[੧੯] ਕਿਉਂ ਸਕੇ ਪਛਾਨੀ§'॥੫੬॥ਕਹਿਨ ਸੁਨਨਿ ਕਰਿ ਅਸ-ਬਿਧਿ ਕਾਲੂ। ਚਲਿ ਆਲਯ ਆਯੋ ਤਤਕਾਲੂ। ਕਰਨ ਲਗ੍ਯੋ ਕਾਰਜ ਨਿਜ ਜੋਊ। ਸੁਤ ਗੁਨ[੨੦] ਪਰਖਨ ਕਰਤਿ ਨ ਕੋਊ॥੫੭॥ਦੋਹਰਾ ॥ ਸ਼੍ਰੀ ਸਤਿਗੁਰ ਕਰਤਾ ਪੁਰਖ ਅਸ ਬਿਧਿ ਕਰਤਿ ਬਿਲਾਸ। ਭਜਿ ਸੰਤੋਖ ਸਿੰਘ ਨਾਮ ਤਿੰਹ ਤਜਹੁ ਆਨ ਕੀ ਆਸ ॥ ੫੮ ॥ ਇਤ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਖੇਤੀ ਬ੍ਰਿਖ ਛਾਯਾ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅਧ੍ਯਾਯ ॥ ੧੨ ॥

---

[੧]ਨਿਰਾਦਰ। [੨]ਭੋਜਨ ਤੇ ਬਸਤ੍ਰ। [੩]ਸ਼ਰੀਰ, ਜਨਮ। [੪]ਨਹੀਂ ਤਾਂ। [੫]ਆਪਣੇ। [੬]ਘਰ ਵਿੱਚ। [੭]ਸਫਲ। [੮]ਧਨ। [੯]ਗਿਣਤੀਆਂ ਗਿਣਦਿਆਂ। [੧੦]ਬੁਧਿ। [੧੧]ਖੜਾ ਕੀਤਾ। [੧੨]ਨੁਕਸਾਨਹੀ ਕੀਤੀ। [੧੩]ਪਹਿਲੇ। [੧੪]ਖੇਤੀ। [੧੫]ਥੋੜੀ ਬੀ। [੧੬]ਮਸਤ। [੧੭]ਘਰ ਛੱਡਕੇ। [੧੮]ਤੇਰੀ ਬੁਧਿ। [੧੯]ਗੁੱਝੇ ਗੁਣਾਂ ਵਾਲੇ ਨੂੰ। [੨੦]ਪੁੱਤ੍ਰ ਦੇ ਗੁਣਾਂ ਦੀ।

*ਪਾਠਾਂਤ੍ਰ—ਸਦਨਾ। †ਪਾਠਾਂਤ੍ਰ—ਧਾਨ। ‡ਪਾਠਾਂਤ੍ਰ—ਤਿਸਕੀ ਸ਼ਕਤਿ ਨ ਸਕਹਿਂ ਪਛਾਨੀ। §ਗੁਨ ਗੂਢਨ ਕਿਉਂ ਸਕ ਪਹਿਚਾਨੀ—ਪਾਠਾਂਤ੍ਰ ਹੈ।

੧੩. [ਸਾਰਦਾ ਮੰਗਲ। ਵੈਦ ਨੂੰ ਉਪਦੇਸ਼]

ਦੋਹਰਾ॥ ਬੰਦੋਂ ਪਦ ਸ਼੍ਰੀ ਸਾਰਦਾ ਉਤਪਲ ਦਲ ਦੁਤਿ ਨੈਨ।
ਉਰ ਦਾ ਸਰਿਤਾ ਸੁਮਤਿ ਕੀ ਬੀਚੀ ਜਿਹ ਬਰ ਬੈਨ॥ ੧॥

{ ਉਤਪਲ=ਕਵਲ। ਦਲ=ਪੰਖੜੀ। ਦੁਤਿ=ਸੁੰਦਰਤਾ।
ਉਰ ਦਾ=ਹਿਰਦੇ ਵਿਚ ਦੇਣ ਵਾਲੀ, ਭਾਵ ਹਿਰਦੇ ਵਿਚ ਜਾਰੀ ਕਰਨ ਵਾਲੀ। ਸਰਿਤਾ=ਨਦੀ।
ਬੀਚੀ=ਲਹਿਰਾਂ। [ਸੰਸਃ, ਵੀਚਿ=ਲਹਿਰ।]
ਬਰ=ਸ੍ਰੇਸ਼ਟ। ਬੈਨ=ਬਚਨ, ਵਾਕ ਰਚਨਾ। }

ਅਰਥ—ਮੱਥਾ ਟੇਕਦਾ ਹਾਂ ਚਰਨਾ ਤੇ ਮੈਂ ਸਰਸ੍ਵਤੀ ਜੀ ਦੇ, (ਜਿਸਦੇ) ਨੈਣਾਂ ਦੀ ਸੁੰਦਰਤਾ ਕਮਲਾਂ ਦੀਆਂ ਪੰਖੜੀਆਂ (ਵਰਗੀ) ਹੈ।

(ਅਤੇ ਜੋ) ਹਿਰਦੇ (ਰੂਪ ਥਲ ਵਿਚ) ਸ੍ਰੇਸ਼ਟ ਬੁੱਧੀ ਦੀ ਨਦੀ (ਦਾ ਪ੍ਰਵਾਹ) ਜਾਰੀ ਕਰ ਦੇਣ ਵਾਲੀ ਹੈ (ਜਿਸ ਨਦੀ ਵਿਚ ਕਿ ਫਿਰ) ਉੱਤਮ ਵਾਕਾਂ ਦੀਆਂ ਲਹਿਰਾਂ (ਲਹਿਰਾਉਂਦੀਆਂ ਹਨ)।

ਭਾਵ—ਕਵਿ ਜੀ ਹੁਣ ਮੁੜ ਸ਼ਾਰਦਾ ਦਾ ਮੰਗਲ ਕਰਦੇ ਹਨ, ਜੋ ਖ੍ਯਾਲ ਓਹ ਅਧ੍ਯਾਯ ੧ ਦੇ ਛੰਦ ੨ ਵਿਚ ਅਤ ਦੂਜੇ ਅਧ੍ਯਾਯ ਦੇ ਛੰਦ ੧ ਵਿਚ ਲਿਖ ਆਏ ਹਨ, ਓਹੋ ਭਾਵ ਪਿਛਲੇ ਅਧ੍ਯਾਯ ਦੇ ਮੰਗਲ ਤੇ ਏਸ ਵਿਚ ਹੈ। ਸ਼ਾਰਦਾ ਨੂੰ ਯਾਦ ਕਰਦੇ ਹਨ, ਉਸਨੂੰ ੧ ਤੇਜਮਈ ਬਲਵਾਨ ਦੱਸਦੇ ਹਨ। ਫੇਰ ੨ ਵਰਦਾਤੀ, ਜਗਤ ਸੰਵਾਰਨ ਵਾਲੀ ਦੱਸਦੇ ਹਨ ਅਤੇ ਕਵਲਾਂ ਵਰਗੀ ਸੁਹਣੀ ਤੇ ਬੁਧੀ ਦਾਨ ਕਰਨ ਵਾਲੀ ਵਰਣਨ ਕਰਦੇ ਹਨ। ਪਹਿਲੇ ਛੰਦ ਵਿਚ ਦੋ ਇਸ਼ਾਰੇ ਸਾਰਦਾ ਵਾਲੇ ਗੁਣਾਂ ਦੇ ਹਨ, ਇਕ—ਸ਼੍ਰੀ—ਪਦ, ਤੇ ਦੂਸਰੇ (ਸ਼ਲੇਖ) ਪਦ ਪਏ ਹਨ:—'ਪਦ ਬੰਦਨਾ' ਚਰਨਾਂ ਤੇ ਮੇਰੀ ਨਮਸਕਾਰ ਹੋਵੇ, ਤੇ ਉਸਤਤੀ ਵਾਕ ਹਨ 'ਕਾਵ੍ਯ ਰਚਨ ਹਾਰੀ'।

ਪਰ ਇਸ ਛੰਦ ਵਿਚ ਨਿਰੀ ਉਪਮਾਂ ਜਮਾਲ ਵਾਲੀ ਹੈ। ਵਿਸ਼ੇਸ਼ ਸਮਝਣ ਲਈ ਉਪਰ ਕਹੇ ਹੋਏ ਛੰਦ ਮੁੜਕੇ ਪੜ੍ਹ ਲੈਣੇ ਚਾਹੀਏ। ਕਵਿ ਜੀ ਦਾ ਏਹ ਆਵਾਹਨ ਕਵਿ ਸੰਕੇਤਕ ਹੈ। ਅਪਣਾ ਵਿਸ਼ਵਾਸ਼, ਕਾਵ੍ਯ ਰਚਨਾ ਤੇ ਇਸ ਗ੍ਰੰਥ ਰਚਨ ਵਿਚ ਵੀ ਆਪ ਅਧ੍ਯਾਯ ਚੌਦਾਂ ਦੇ ਛੰਦ ੧. ੨. ੩. ਵਿਚ ਦੱਸਦੇ ਹਨ। ਅਧ੍ਯਾਯ ਪੰਝੀਵੇਂ ਦੇ ਮੰਗਲ ਵਿਚ ਕਵਿ ਜੀ ਉਮਾ ਰਮਾ ਤੇ ਸਰਸ੍ਵਤੀ ਇਕੋ ਰੂਪ ਵਰਣਨ ਕਰਦੇ ਹਨ।

ਏਸ ਛੰਦ ਵਿਚ ਇਕ ਗੱਲ ਦੱਸੀ ਹੈ ਕਿ ਹਿਰਦੇ ਵਿਚ ਸੁਮਤੀ ਦੀ ਨਦੀ ਚਲਾ ਦੇਣੇ ਵਾਲੀ ਹੈ ਸ਼ਾਰਦਾ, ਇਸ ਨਦੀ ਵਿਚ ਫਿਰ ਵਾਕ ਰਚਨਾ ਦੇ ਤ੍ਰੰਗ ਲਹਿਰੇ ਲੈਂਦੇ ਹਨ। ਇਸ ਉਪਮਾਂ ਦੇਣ ਵਿਚ ਕਵਿ ਜੀ ਸਰਸ੍ਵਤੀ ਪਦ ਦੇ ਅਸਲੇ ਵਲ ਇਸ਼ਾਰਾ ਕਰਦੇ ਹਨ। ਸਰਸ੍ਵਤੀ ਅਸਲ ਵਿਚ ਨਦੀ ਦਾ ਨਾਮ ਹੈ, ਜਿਸਦੇ ਕਿਨਾਰੇ ਵੈਦਕ ਰਿਸ਼ੀਆਂ ਦੀ ਵਿੱਦਵਤਾ ਨੇ ਤ੍ਰੱਕੀ ਕੀਤੀ। ਯੱਗਾਂ ਦਾ ਰਿਵਾਜ ਤਰੱਕੀ ਪਾ ਗਿਆ ਤੇ

ਸਰਸ੍ਵਤੀ ਨਦੀ, ਨਦੀ ਦੀ ਥਾਵੇਂ ਇਕ ਨਦੀ ਦਾ ਦੇਵਤਾ ਮੰਨੀ ਗਈ, ਫੇਰ ਯਗਾਂ ਤੇ ਫੇਰ ਵਿਦਜਾ ਦੀ ਦੇਵੀ ਮੰਨੀ ਗਈ। ਸਰਸ੍ਵਤੀ ਨੂੰ 'ਨਦੀ ਜਾਰੀ ਕਰਨ ਵਾਲੀ' ਕਹਿਣਾ ਕਵੀ ਜੀ ਦੇ ਉਪਰ ਦੱਸੇ ਕਟਾਖਜ ਵਲ ਇਸ਼ਾਰਾ ਹੈ। (ਦੇਖੋ, ਅਧਜਾਯ ੧ ਅੰਕ ੨ ਦਾ ਭਾਵ)

ਅਗੇ ਹੁਣ ਫੇਰ ਗੁਰ ਨਾਨਕ ਦੇਵ ਜੀ ਤੋਂ ਲੈ ਦਸਾਂ ਹੀ ਸਤਿਗੁਰਾਂ ਦਾ ਮੰਗਲ ਹਰ ਅਧਜਾਯ ਦੇ ਅਰੰਭ ਵਿਚ ਵਾਰੀ ਵਾਰੀ ਇਕ ਇਕ ਕਰਕੇ ਕਥਨ ਕਰਨਗੇ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ **ਪਾਵਸ[1] ਕਰਤਿ ਬਿਲਾਸ ਬਿਤਾਈ। ਬਹੁਰ ਨਵੀਨ ਅਪਰ* ਰਿਤੁ ਆਈ। ਸੁੰਦਰ ਸ਼ਰਦ ਸਾਰਦਾ ਮਾਨੋ[2]। ਬਦਨ ਚੰਦ੍ਰਮਾ ਬਿਮਲ ਪਛਾਨੋ॥੨॥ਅੰਬਰ ਬਰ ਨੀਲਾਂਬਰ ਲੀਨਾ[3]।ਜਾਂਕੇ ਸੁਭਤਿ ਪਯੋਧਰ[4]†ਪੀਨਾ।ਉਡਗਨ[5]ਭੂਖਨ ਜਰੇ ਜਰਾਊ ।ਲਲਿਤ ਮਰਾਲ[6] ਪਾਵਨ ਪਾਊ[7]॥ ੩ ॥ ਮ੍ਰਿਦੁਲ[8] ਕਮਲ ਕਰ[9] ਜਿਹ ਦੁਤਿ ਭੂਰੀ[10]। ਉੱਜਲ ਦੇਹਿ ਚੰਦ੍ਰਿਕਾ[11] ਰੂਰੀ।ਕਮਤੀ ਕਰਤਿ[12] ਤਪਤ ਸੀ ਕੁਮਤੀ[13]। ਸਦਾ ਬਧਾਵਤਿ ਸੀਤਲ ਸੁਮਤੀ॥੪॥ ਘਰਘਰ ਪਿਤਰ ਪਰਾਹੁਨ ਆਏ। ਪੰਥੀ[14] ਪੁਰਿ ਨਿਜ ਪੰਥ[15]ਸਿਧਾਏ। ਪੂਜ ਪਾਇਤਾ ਚੰਡਿ ਗਨੇਸ਼ਾ[16]। ਰਿਪੁ[17] ਦੇਸ਼ਨ ਪਰ ਚਢੇ ਨਰੇਸ਼ਾ[18]॥੫॥ਭਏ ਸੇਤ[19] ਜਲਮੁਘ[20] ਜਲ ਹੀਨਾ।ਜਿਉਂ ਤਨ ਬਿਤੀ ਬੈਸ ਬਲੁ ਛੀਨਾ। ਨਾਸੇ ਅਲਪ[21]ਜੰਤੁ ਜੋ ਰਾਸੀ[22]। ਜਨੁ ਗਜਾਨੀ ਬਾਸ਼ਨਾ ਬਿਨਾਸ਼ੀ॥੬॥**ਦੋਹਰਾ॥**ਸੁੰਦਰ ਸੁਖ ਮੰਦਰ ਪ੍ਰਭੂ ਆਨੰਦ ਸਦਾ ਮੁਕੰਦ। ਅੰਤਰ ਮੁਖ ਬ੍ਰਿਤਿ ਸਰਦ ਮੈਂ ਕੀਨੀ ਬਹੁ ਜਗਬੰਦ[23]॥ ੭ ॥** ਚੌਪਈ ॥ **ਤਿਹ ਪਾਛੇ ਬੇਦੀ ਕੁਲ ਕੇਤਾ। ਪੌਢੇ ਰਹਹਿ ਇਕਾਂਤਿ ਨਿਕੇਤਾ।ਸੰਤ ਸੁਮਤਿ ਜਿਹ ਸੁਨਹਿਂ ਬਿਲੋਕਹਿਂ ।ਤਹਿਂ ਜਾਵਹਿਂ ਕਬ ਕਬ ਤਜ ਓਕਹਿਂ[24]।੮। ਕਰਤਿ ਸਦਾ ਸੰਤਨ ਕੀ ਸੰਗਤਿ । ਨਹਿਂ ਬੈਠੈਂ ਅਗਜਾਤਨ[25] ਪੰਗਤਿ।ਨਿਰੰਕਾਰ ਕੀ ਕੀਰਤਿ ਗਾਥ।ਕਹਹਿਂ ਸੁਨਹਿਂ ਤਿਨਸੋਂ ਹਿਤ ਸਾਥ॥੯॥ਰੀਤਿ ਬਿਰਕਤਨ[26]**

---

[1]ਬਰਖਾ ਰੁੱਤ–ਸਾਵਨ ਭਾਦ੍ਰੋਂ । [2]ਸ਼ਰਦ ਰੁਤ ਸਾਰਦਾ ਵਾਂਙੂ । ਸ਼ਰਦ ਰੁੱਤ–ਅੱਸੂ ਕੱਤਕ। [3]ਅਕਾਸ਼ ਹੀ ਮਾਨੋਂ ਸ਼ਾਰਦਾ ਨੇ ਨੀਲਾ ਕਪੜਾ ਓੜ੍ਹਿਆ ਹੈ। [4]ਬੱਦਲ। [5]ਤਾਰੇ। [6]ਸੁੰਦਰ ਹੰਸ। [7]ਪਵਿੱਤ੍ਰ ਪੈਰ। [8]ਕੋਮਲ । [9]ਹਥ। [10]ਬਹੁਤ। [11]ਚਾਂਦਨੀ। [12]ਘੱਟ ਕਰਦੀ ਹੈ। [13]ਤਪਤ ਵਰਗੀ ਖੋਟੀ ਬੁੱਧੀ। [14]ਮੁਸਾਫਰ। [15]ਰਸਤੇ । [16]ਪੂਜਕੇ ਚੰਡੀ ਤੇ ਗਣੇਸ਼ ਨੂੰ ਪੈਂਤੜਾ (ਬਾਹਰ ਧਰਕੇ) (ਅ) ਪੂਜਕੇ ਦੁਸਹਿਰੇ ਚੰਡੀ ਤੇ ਗਣੇਸ਼ ਨੂੰ। [17]ਵੈਰੀ ਦੇ। [18]ਰਾਜੇ ਚੜ੍ਹੇ। [19]ਚਿੱਟੇ । [20]ਝਰਨੇ । (ਅ) ਜਲਮੁਚ=ਬੱਦਲ । [21]ਛੋਟੇ । [22]ਸਾਰੇ । [23]ਜਗਤ ਦੇ ਬੰਦਨ ਜੋਗ ਨੇ। [24]ਘਰ ਛੱਡਕੇ। [25]ਅਗਜਾਨੀਆਂ ਦੀ। [26]ਵਿਰਾਗੀਆਂ।

*ਅਵਰ–ਪਾਠਾਂਤ੍ਰ ਹੈ। †ਪਯੋਧਰ ਸ਼ਲੇਖ ਹੈ, ਪਯੋਧਰ=ਬੱਦਲ ਹੀ ਜਿਸਦੇ ਪਯੋਧਰ=ਸਥਨ ਹਨ ਕਠੋਰ।

ਕੀ ਚਿਤ ਧਾਰੀ। ਤਜੇ ਜੰਜਾਰ ਜੁ ਹੁਤੇ ਸੰਸਾਰੀ । ਬੈਸ,ਗੋਤ[੧],ਧਨ,ਜਾਤਿ,
ਸਮਾਨਾ। ਬਚਨ ਸੁਨਨਿ ਕੀ ਜਿਨ ਰੁਚਿ[੨] ਨਾਨਾ॥੧੦॥ਬੈਸਹਿਂ ਪਾਸ ਆਨ
ਕਰਿ ਸੋਊ।ਬਾਲਪਨੇ ਮਹਿਂ ਖੇਲਤਿ ਜੋਊ ।ਉਦਾਸੀਨ ਤਿਨ ਸੋਂ ਤਬ ਐਸੇ।
ਬਿਨਾ ਚਿਨਾਰੀ[੩] ਮਿਲ ਹੈਂ ਜੈਸੇ॥੧੧॥ਅਸ ਬਿਧਿ ਦੇਖਿ ਮਾਤ ਮਨਚਿੰਤ।
ਗਈ ਨਿਕਟਿ ਜਹਿਂ ਹੁਤੇ ਇਕੰਤਾ[੪]। ਦਸ਼ਾ[੫] ਦੇਖਿ ਸੁਤ ਕੀ ਬਿਸ-
ਮਾਨੀ[੬]। ਬੋਲੀ ਮਹਾਂ ਪ੍ਰੀਤਿ ਮੈਂ ਬਾਨੀ॥੧੨॥'ਸੁਨਹੁ ਤਾਤ[੭]! ਚਿਤ ਬਾਤ
ਬਿਚਾਰੋ।ਨਿਜ ਕਾਰਜ ਕੀਜੈ ਨਿਰਧਾਰੋ[੮]।ਤੁਝ ਕਿਉਂ ਬਨੈ ਫਕੀਰਨ ਸੰਗ।
ਗ੍ਰਿਹਸਤ ਕਾਜ ਕਰਿਯੇ ਸ ਉਮੰਗ॥੧੩॥ਕ੍ਰਿਖੀ ਕਰਨ ਕੀ ਜੇ ਨਹਿਂ ਪ੍ਰੀਤੀ।
ਬਨਜਹੁ ਬਨਜ ਸਿਖਹੁ ਅਸ ਰੀਤੀ।ਕਰਹੁ ਕਾਰ ਕੋ ਹੋਇ ਸੁਚੇਤਾ। ਖਰਚ
ਸੰਭਾਰਹੁ ਅਪਨ ਨਿਕੇਤਾ ॥੧੪॥ ਕਰਿ ਉਪਾਇ ਜਬ ਦਰਬ ਉਪਾਵਹੁ*।
ਭਲਿਬਿਧਿ ਸੰਚਹੁ[੯]ਨਿਜ ਘਰਿ ਲ੍ਯਾਵਹੁ।ਕੋ ਖੱਤ੍ਰੀ ਤਬ ਕਰਹਿ ਨਿਹਾਰੂ[੧੦]।
ਲਖਹਿ ਕਮਾਊ ਸਹਿ† ਪਰਵਾਰੂ ॥ ੧੫ ॥ ਨਿਜ ਤਨਿਯਾ[੧੧] ਤੁਝ ਦੇਯ
ਬਿਵਾਹੀ। ਸੁਜਸੁ ਹੋਇ ਸਭਿ ਲੋਕਨ ਮਾਂਹੀ ।ਅਬ ਕਾਜਨਿ[੧੨]ਤੇ ਲਖਹਿਂ[੧੩]
ਉਦਾਸੂ।ਮਿਲਕਰਿ ਮਨੁਜ[੧੪]ਕਰਹਿਂ ਉਪਹਾਸੂ[੧੫]॥੧੬॥ ਕਹਹਿਂ-ਨਿਲਾਯਕ
ਤਿਨ ਕੋ ਤਾਤ।ਕਛੂ ਨ ਕ੍ਰਿੱਤਿ ਕਰਨ ਕੀ ਗ੍ਯਾਤ[੧੬]-।ਲਖਹਿਂ-ਦਾਰਿਦੀ[੧੭]
ਕੋ ਮਤਿ ਹੀਨਾ[੧੮]-।ਕੋ ਭਾਖਹਿ-ਇਹ ਬਲ ਤੇ ਛੀਨਾ-॥੧੭॥ ਬੱਜ੍ਰ ਸਮਾਨ
ਬਚਨ ਉਪਹਾਸੂ। ਕਹਹਿਂ ਸ਼ਰੀਕ ਈਰਖਾ ਜਾਸੂ।ਹਮ ਉਰ ਜਰੇ ਜਾਇਂ ਸੋ
ਕੈਸੇ[੧੯] ?। ਦੁਖਹਿਂ ਬਦਰਿ ਢਿਗ ਰੰਭਾ ਜੈਸੇ[੨੦] ॥ ੧੮ ॥ ਸੰਗਤਿ ਤਜਹੁ
ਫਕੀਰਨ ਕੇਰੀ।ਪੰਕਤਿ ਬੈਸਹੁ ਗ੍ਯਾਤਿਨਿ[੨੧] ਹੇਰੀ। ਜਿਉਂ ਨਿਜ ਨਿਜ[੨੨]
ਕਰਿਹੀਂ ਸੋ ਕਾਜਾ। ਤਿਉਂ ਤੁਮ ਕਰਹੁ, ਤਾਤ ਲਖਿ ਲਾਜਾ[੨੩ਅ]॥੧੯॥ਸੁਨੇ
ਸਭੈ ਬਚ[੨੪] ਜੋ ਕਹਿ ਮਾਤਾ। ਚਿੱਤ ਨ ਲਗੀਆ ਕੋਊ ਬਾਤ।ਪੁਨਿ ਪੜ-
ਰਹੇ[੨੫] ਪਾਇ ਮੁਖਿ ਬਸਨਾ[੨੬]।ਤੂਸ਼ਨ[੨੭] ਭਏ ਸੁ ਬੋਲੈ ਕਸ ਨਾ[੨੮ਅ] ॥ ੨੦ ॥

---

[੧]ਜਾਤ। [੨]ਪ੍ਰੀਤੀ। [੩]ਪਛਾਣ। [੪]ਇਕੱਲੇ। [੫]ਹਾਲਤ। [੬]ਹੈਰਾਨ ਹੋਈ। [੭]ਹੇ ਪੁਤ੍ਰ! । [੮]ਸੋਚ ਸਮਝਕੇ। [੯]ਕੱਠਾ ਕਰੋਗੇ ਤੇ। [੧੦]ਵੇਖੇਗਾ। [੧੧]ਆਪਣੀ ਪੁੱਤ੍ਰੀ। [੧੨]ਕੰਮਾਂ। [੧੩]ਜਾਣਦੇ ਹਨ। [੧੪]ਮਨੁੱਖ। [੧੫]ਹਾਸਾ,ਠੱਠਾ। [੧੬]ਸਮਝ। [੧੭]ਦਲਿੱਦਰੀ। [੧੮]ਬੁੱਧੀ ਹੀਨ। [੧੯]ਕਿਵੇਂ ਸਹਾਰੇ ਜਾਣ। [੨੦]ਜਿਵੇਂ ਬੇਰੀ ਪਾਸ ਕੇਲਾ ਦੁਖਦਾ ਹੈ। [੨੧]ਸਨਬੰਧੀਆਂ ਦੀ। [੨੨]ਆਪੋ ਆਪਣਾ। [੨੩]ਹੇ ਪੁਤ੍ਰ! ਲੱਜ ਨੂੰ ਸਮਝ। (ਅ) ਪਿਤਾ ਦੀ ਲਾਜ ਸਮਝ ਕੇ। [੨੪]ਬਚਨ। [੨੫]ਪੈ ਰਹੇ। [੨੬]ਮੂੰਹ ਉਤੇ ਕਪੜਾ ਪਾਕੇ। [੨੭]ਚੁੱਪ। [੨੮]ਕੁਛ ਭੀ ਨਾ। (ਅ) ਕਿਸੇ ਨਾਲ ਬੀ ਨਾਂ।

*ਪਾਠਾਂਤ੍ਰ-ਕਮਾਵਹੁ। †ਪਾਠਾਂਤ੍ਰ-ਸਭ।

ਪਰਾਭਗਤਿ ਮਹਿਂ ਭਗਤ ਦਸ਼ਾ ਸੀ[੧]। ਤਸ ਬਿਧਿ ਕੀਨੀ ਸ੍ਰੀ ਸੁਖ ਰਾਸੀ।
ਰੈਨਦਿਵਸ[੨] ਪਰ ਰਹੈਂ ਨਿਕੇਤ॥ਬਿਚਰ[੩]ਨ ਬੋਲਹਿਂ ਕਬਹਿ ਸੁਚੇਤ॥।੨੧।
ਭੇ ਉਨਮੱਤਿ[੪] ਨਿਮਗਨ ਅਨੰਦਾ॥ ਸਰੁਜ ਲਖਹਿਂ ਨਰ ਤਨ ਸੁਖਕੰਦਾ[੫]।
ਖਾਨ ਪਾਨ ਨਹਿਂ ਰੁਚਿ ਸੋਂ ਕਰਿਹੀਂ।ਸ਼ਾਂਤਿ ਬ੍ਰਿੱਤਿ*ਮੁਖ ਤੂਸ਼ਨ[੬]ਧਰਿਹੀਂ॥
੨੨॥ਮਾਤ ਆਨ ਬਹੁ ਕਰਿ ਕਰਿ ਹੇਤੂ। ਅਸਨ[੭] ਖੁਵਾਵਹਿ ਮਧੁਰ ਸਮੇਤੂ[੮]।
'ਦੁਰਬਲ ਭਾ[੯] ਤਵ ਤਾਤ ! ਸਰੀਰਾ[੧੦]। ਕਿਉਂ ਨ ਕਹਹੁ ਨਿਜ ਰੁਜ[੧੧]
ਕੀ ਪੀਰਾ॥੨੩॥ ਆਨਨ ਪੀਤ[੧੨], ਅਚੰਚਲ ਅੰਗਾ। ਬਿਗਾਸ[੧੩] ਨ ਬੋਲਹੁ
ਸੰਗ ਉਮੰਗਾ। ਨਿਜ ਸੰਗੀ ਕੇ ਸੰਗਮ ਮਾਂਹੀ[੧੪]। ਮਿਲਿਕੈ ਬਿਚਰਤਿ ਕਿਉਂ
ਤੁਮ ਨਾਂਹੀ?॥੨੪॥ ਬਾਸੁਰ ਨਿਸਾ ਇਕਾਂਤ ਨਿਕੇਤੂ। ਪਰੇ ਰਹਹੁ, ਕਿਉਂ
ਕਰਤਿ ਨ ਹੇਤੂ?ਰੁਚਿ ਸੋਂ ਅਸਨ ਕਰਤਿ ਨਹਿਂ ਖਾਨ॥ਕਿਧੌਂ ਉਦਰ ਰੁਜ[੧੫]
ਕੋ ਬਲਵਾਨਾ'।੨੫। ਮੁਹਰਮੁਹੁ[੧੬] ਜਨਨੀ[੧੭] ਇਵ ਭਾਖੀ॥ਸੁਤ ਉਪਚਾਰ[੧੮]
ਕਰਨ ਅਭਿਲਾਖੀ[੧੯]। ਮਨ ਹੀ ਮਨਹਿ ਮਨਾਵ ਮਹੇਸ਼ਾ। ਪੂਜ ਚੰਡਿਕਾ
ਬਹੁਰ ਗਨੇਸ਼ਾ†।੨੬।-ਸੁਤ ਸ਼ਰੀਰ ਕੋ ਕਰਹੁ ਅਰੋਗ॥ਦੇਉਂ ਉਪਾਇਨ[੨੦]
ਜਸ[੨੧] ਜਿਸ ਜੋਗਾ[੨੨]-। ਬੰਦਹਿ ਕਰ ਧਰ ਪਰ ਧਰਿ ਸਿਰਕੋ[੨੩]। ਨਮੋ
ਕਰਹਿ ਸ੍ਰੀ ਲਖਮੀਬਰਕੋ[੨੪]॥੨੭॥ ਸੁਤ ਕਰ ਗਹਿ ਕਰਿ[੨੫] ਬਹੁਰੋ ਬੋਲੀ।
'ਕਹਹੁ ਆਪਨੀ ਪੀਰਾ ਖੋਲੀ। ਤਿਸ ਪਰ ਮੈਂ ਕਰਿਵਾਉਂ ਇਲਾਜਾ। ਬੈਦ
ਬੁਲਾਇ ਬਿਲਮ ਬਿਨ[੨੬] ਆਜਾ'॥੨੮॥ਮਸ਼ਟ[੨੭] ਕਰੀ ਬੇਦੀ ਕੁਲਨਾਥਾ।
ਉਤਰ ਨ ਦੇਂ ਕੋ ਜਨਨੀ ਸਾਥਾ। ਸੁਧਿ ਲੇਵਨ ਆਵਹਿਂ ਸਭਿ
ਗਨਾਤੀ। ਜਿਨ ਕੋ ਨਹਿਂ ਅਸ ਰੀਤਿ ਸੁਹਾਤੀ॥ ੨੯ ॥ ਭੋਜਨ ਖਾਤਿ
ਨ ਪੀਵਤਿ ਨੀਰੂ। ਹੇਰਤਿ ਬੇਦੀ ਭਏ ਅਧੀਰੂ। ਝੂਰ ਬਿਸੂਰਤਿ[੨੮] ਸਭਿ

---

[੧]ਪਰਾਭਗਤੀ ਵਿਚ ਭਗਤ ਦੀ ਹਾਲਤ ਵਰਗੀ। [੨]ਰਾਤ ਦਿਨ। [੩]ਫਿਰਦੇ। [੪]ਹੋਏ ਹਨ ਮਸਤ। [੫]ਰੋਗ ਸਹਤ(ਬੀਮਾਰ)ਲਖਦੇ ਹਨ ਲੋਕੀ ਸੁਖਕੰਦਦੇਸਰੀਰਨੂੰ। [੬]ਚੁੱਪ। [੭]ਭੋਜਨ। [੮]ਮਿੱਠੇ ਸਮੇਤ। [੯]ਲਿੱਸਾ ਹੋਇਆ ਹੈ। [੧੦]ਹੇ ਪੁਤ੍ਰ ਤੇਰਾ ਸਰੀਰ। [੧੧]ਰੋਗ। [੧੨]ਮੂੰਹ ਪੀਲਾ ਹੋ ਗਿਆ ਹੈ। [੧੩]ਹੱਸਕੇ। [੧੪]ਮੇਲੀਆਂ ਦੇਮੇਲ ਵਿਚ। [੧੫]ਪੇਟ ਦਾ ਰੋਗ। [੧੬]ਘੜੀ ਮੁੜੀ। [੧੭]ਮਾਤਾ। [੧੮]ਇਲਾਜ। [੧੯]ਇੱਛਾਕੀਤੀ। [੨੦]ਭੇਟਾ। [੨੧]ਜੈਸੀ। [੨੨]ਲਾਇਕ। [੨੩]ਜਮੀਨ ਪੁਰ ਰਖਕੇਸਿਰ। [੨੪]ਮਾਯਾ ਪਤੀ, ਈਸ਼੍ਵਰ ਨੂੰ। [੨੫]ਹੱਥ ਫੜਕੇ। [੨੬]ਦੇਰੀ ਤੋਂ ਬਿਨਾ ਭਾਵ ਛੇਤੀ। [੨੭]ਚੁਪ। [੨੮]ਝੂਰਦਾ ਹੈ।

*ਪਾਠਾਂਤ੍ਰ-ਸੱਤ ਬ੍ਰੱਤ। †ਮਾਤਾ ਅਪਣੇ ਉਸ ਸਮੇਂ ਦੇ ਮਤਿ ਅਨੁਸਾਰ ਦੇਵਤੇ ਮਨਾਉਂਦੀ ਹੈ, ਗੁਰੂ ਜੀ ਦਾ ਮਤ ਅਜੇ ਪਰਵਿਰਤਿਆ ਨਹੀਂ ਸੀ।

ਪਰਵਾਰੁ। ਰੁਜ[੧] ਨ ਪਾਇ ਨਹਿੰ ਕਰਿ* ਉਪਚਾਰੁ[੨] ॥ ੩੦ ॥ ਕਾਲੂ ਸੋਂ ਬੋਲੇ ਮਿਲਿ ਸੋਊ। 'ਤਵ ਤਨੁਜਹਿ[੩] ਕੋ ਦੁਖ ਹੈ ਕੋਊ। ਤੂੰ ਨਿਚਿੰਤ ਫਿਰ ਹੈਂ ਕਹੁ ਕੈਸੇ? ਇਕ ਸੁਤ, ਬਹੁਰ ਰੁਜੀ[੪] ਭਾ ਐਸੇ॥੩੧॥ ਬੈਦ ਬੁਲਾਇ ਇਲਾਜ ਕਰੀਜੈ। ਦਰਬ ਲੋਭ ਨਹਿੰ ਰਿਦੈ ਧਰੀਜੈ। ਜੇ ਤਵ ਤਾਤ ਅਰੋਗ ਜਿਵੈਤੂ[੫]। ਇਹ ਤੇ ਅਧਿਕ ਹੋਇ ਧਨਵੈਤੂ[੬] ॥੩੨॥ ਸੁਤ ਸਨੇਹ ਕੋ ਮਨ ਤੇ ਤਯਾਗੀ। ਦਰਬ ਵਿਖੈ ਕਿਉਂ ਭਾ ਅਨੁਰਾਗੀ?'। ਤਰਕ[੭] ਸੁਨਤਿ ਗਯਾ-ਤਿਨਿ ਕੀ[੮] ਕਾਲੂ। ਹੁਤੋ ਅਨੁਜ[੯] ਢਿਗ ਤਿਹਛਿਨ ਲਾਲੂ ॥ ੩੩ ॥ ਬੈਦ ਬੁਲਾਵਨ ਹੇਤ ਪਠਾਯਾ। ਲਾਲੂ ਤਿਹ ਘਰ ਜਾਇ ਬੁਲਾਯਾ। ਨਾਮ ਜਾਸ 'ਹਰਿਦਾਸ' ਹੁਲਾਸੀ। ਜਗੇ ਭਾਗ ਗਾ[੧੦] ਢਿਗ ਸੁਖਰਾਸੀ॥੩੪॥ ਤਨ ਪਰ ਬਸਨ ਲਏ ਸੁਖਦਾਈ॥ ਜਹਿੰ ਪੌਢੇ, ਆਯੋ ਤਿਹ ਥਾਂਈ। ਕਾਲੂ ਕਹੈ, 'ਸੁ ਬੈਦੰ! ਸੁਨੀਏ। ਕਰ ਬਿਲੋਕ[੧੧] ਇਹ ਰੁਜ ਕੋ ਗੁਨੀਏ[੧੨]॥੩੫॥ ਨਿਸ-ਦਿਨ ਪਰਯੋ ਰਹੈ ਸਹਿ ਆਲਸ[੧੩]। ਖਾਨ ਪਾਨ ਕੀ ਕਰੈ ਨ ਲਾਲਸ[੧੪]। ਪੀਤ ਬਦਨ[੧੫] ਤਨਖੀਨ[੧੬] ਕੁਮਾਰਾ। ਬੇਦਨ[੧੭] ਪਾਇ[੧੮] ਕਰਹੁ ਉਪਚਾਰਾ[੧੯]' ॥੩੬॥ ਸੁਨਿ ਕਰਿ ਬਚਨ ਬੈਦ ਬੁਧਿਵੰਤਾ। ਬੈਠਯੋ ਨਿਕਟ ਤਬਹਿ ਜਗ ਕੰਤਾ। ਆਨਨ ਪਰ ਤੇ ਬਸਨ ਉਘਾਰਾ[੨੦]। ਹੇਰਤਿ ਧਮਨੀ[੨੧] ਕਰ ਕਰ ਧਾਰਾ[੨੨] ॥੩੭॥ ਬੈਦ ਬਦਨ ਦੁਖ ਕਦਨ[੨੩] ਸੁ ਦੇਖਾ। ਜਿਸ ਕੋ ਮਨੁ ਅਨੁ-ਕੰਪ[੨੪] ਬਿਸ਼ੇਖਾ[੨੫]। ਕਰ ਤੇ ਕਰਖ ਲਯੋ[੨੬] ਨਿਜ ਕਰ ਕੋ। ਉਠ ਬੈਠੇ ਦੇਵਨ ਮਤਿ ਬਰਕੋ[੨੭]॥੩੮॥ ਬਚ ਬੋਲੇ ਉਤਪਲ ਦਲ[੨੮] ਲੋਚਨ। ਸੁਖਦ[੨੯] ਅਚਲ ਭਵ ਬੰਧ ਬਿਮੋਚਨ[੩੦]। 'ਗਹਹੁ ਹਾਥ ਕੇ ਸਾਥ ਸੁ ਹਾਥਾ[੩੧]। ਕਯਾ ਤੁਮ ਜੀਉ ਕਹਹੁ ਨਿਜ ਗਾਥਾ[੩੨]?' ।੩੯। ਸੁਨਿ ਕਰਿ ਭੇਖਕ[੩੩] ਬਚਨ ਉਚਾਰੇ। 'ਹੌਂ ਹੇਰੋਂ ਜੋ ਰੋਗ ਤੁਮਾਰੇ। ਪਿੱਤ[੩੪], ਵਾਇ[੩੫], ਕਫ[੩੬], ਸ਼੍ਰੋਣਤ[੩੭] ਚਾਰੂ।

---

[੧]ਰੋਗ। [੨]ਇਲਾਜ, ਦਵਾ। [੩]ਪੁੱਤ੍ਰ ਨੂੰ। [੪]ਰੋਗੀ। [੫]ਜੀਵੇਗਾ। [੬]ਧਨੀ। [੭]ਬੋਲੀ। [੮]ਸਨਬੰਧੀਆਂ ਦੀ। [੯]ਛੋਟਾ ਭਰਾ। [੧੦]ਗਿਆ। [੧੧]ਹੱਥ ਵੇਖਕੇ। [੧੨]ਰੋਗ ਪਛਾਣੋ। [੧੩]ਸੁਸਤੀ ਨਾਲ। [੧੪]ਇੱਛਾ। [੧੫]ਪੀਲਾ ਮੁਖ। [੧੬]ਸ਼ਰੀਰ ਲਿੱਸਾ। [੧੭]ਬੀਮਾਰੀ। [੧੮]ਲੱਭਕੇ। [੧੯]ਇਲਾਜ, ਦਵਾ। [੨੦]ਕਪੜਾ ਲਾਹ ਦਿੱਤਾ। [੨੧]ਨਾੜੀ। [੨੨]ਹਥ ਵਿਚ ਹਥ ਫੜਕੇ। [੨੩]ਦੁਖਨਾਸ਼ ਕਰਨ ਵਾਲੇ ਨੇ। [੨੪]ਕਿਰਪਾ। [੨੫]ਬਹੁਤ। [੨੬]ਖਿੱਚ ਲਿਆ। [੨੭]ਸ੍ਰੇਸ਼ਟ ਮਤ ਦੇਣ ਵਾਸਤੇ। [੨੮]ਕਵਲਪੱਤ੍ਰ ਵਤ ਅੱਖਾਂ ਵਾਲੇ (ਗੁਰੂ ਜੀ)। [੨੯]ਸੁਖਦਾਤੇ। [੩੦]ਸੰਸਾਰ ਬੰਧਨ ਤੋਂ ਮੁਕਤ ਕਰਨ ਵਾਲੇ। [੩੧]ਆਪਣੇ ਹਥ ਨਾਲ (ਮੇਰਾ) ਹਥ ਫੜਕੇ। [੩੨]ਕਥਾ। [੩੩]ਵੈਦ ਨੇ। [੩੪]ਸੁਫਰਾ। [੩੫]ਵਾਈ। [੩੬]ਬਲਗਮ। [੩੭]ਲਹੂ।

*ਪਾਠਾਂਤ੍ਰ—ਹੋਇ—, —ਕਰਿ।

ਇਨ ਤੇ ਤਨ ਮਹਿਂ ਹੋਤਿ ਵਿਕਾਰੂ[1]॥੪੦॥ਜਿਹਕੋ ਮੈਂ ਵਿਕਾਰ[2]ਅਬ ਹੇਰੋਂ। ਤਿਹ ਪਰ ਕਰਿ ਉਪਚਾਰ[3] ਨਿਬੇਰੌਂ[4]।ਪਥ[5]ਕੋ ਰਾਖ ਔਖਧੀ ਖਾਵਹੁ। ਹੁਇ ਅਰੋਗ ਤਨ ਤੇ ਸੁਖ ਪਾਵਹੁ ॥੪੧॥ ਅਸਨ ਖਾਨ ਕੀ ਰੁਚਿ ਉਪਜੈ ਹੈ। ਨਿਰਬਲ ਦੇਹਿ ਬਲੀ ਪੁਨ ਹ੍ਵੈ ਹੈ'। ਬੈਦ ਬਚਨ ਸੁਨਿ ਪੰਕਜਬਦਨਾ।ਤਿਹ ਪ੍ਰਤਿ ਬੋਲੇ ਸਤਿ ਸੁਖ ਸਦਨਾ ॥੪੨॥ ਸ੍ਰੀ ਮੁਖਵਾਕ:–

ਸਲੋਕ ਮਃ ੧ ॥

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ ੧ ॥*ਮਃ ੨ ॥ ਵੈਦਾ ਵੈਦੁ ਸੁ ਵੈਦੁ ਤੂ ਪਹਿਲਾ ਰੋਗੁ ਪਛਾਣੁ ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥ ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥ ੨ ॥

ਚੌਪਈ॥ਲਗਯੋ ਆਦਿ[6] ਕੋ ਹਉਮੈ ਰੋਗੂ। ਜਿਹ ਤੇ ਮਹਾਂ ਦੁਖੀ ਸਭਿ ਲੋਗੂ। ਜਗ ਮਹਿ ਜਨਮ ਮਰਨ ਕੋ ਕਾਰਨ[7]। ਕਿਹ ਉਪਚਾਰ[8] ਨ ਹੋਤਿ ਨਿਵਾ-ਰਨ[9] ॥੪੩॥ ਅਪਨ ਆਪ ਕੋ ਹੇਰਹੁ ਆਮੀ[10]। ਕਰਹੁ ਅਵਰ ਕੋ ਕੈਸ ਅਨਾਮੀ[11]। ਜਿਸ ਭੇਖਜ[12] ਤੇ ਹਉਮੈ ਜਾਈ। ਅਬਚਲ[13] ਸੁਖ ਵਸਿਹੈ ਤਨ ਆਈ ॥੪੪॥ ਸੋ ਉਪਚਾਰ ਕਰੇ ਜੇ ਕੋਊ। ਨਿਜ ਰੁਜ ਖੋਇ ਬੈਦ ਭਲ ਸੋਊ। ਜਨਮ ਮਰਨ ਤੇ ਮੁਕਤਾ ਹੋਈ।ਬਹੁਰ ਨ ਰੋਗ ਬਿਆਪੈ ਕੋਈ। ॥੪੫॥ ਰੁਜ ਪਰਖਨ ਪੁਨ ਤਿਨ ਕੋ ਹਰਨੇ[14]। ਸੁਨਯੋ ਚਹਿਤਿ ਹੋ ਮਨ ਦਿਢ ਕਰਨੇ[15]। ਤੌ ਉਚਰਹੁੰ, ਨਿਜ ਹਿਰਦੇ ਚਾਹੂ[16]।ਸਭੈ ਕਹੋਂ ਮੈਂ ਤੁਮਰੇ ਪਾਹੂ' ॥੪੬॥ ਅਸ ਬਿਧਿ ਸੁਨੇ ਬੈਦ ਬਚ ਜਬਹੀ।ਬਿਸਮੈ ਹੋਇ ਵਿਚਾਰਤਿ ਤਬਹੀ।–ਕੋ ਕੋ ਨਰ ਇਹ ਨੁਤਹਿ[17] ਉਚਾਰੀ। ਸੁਨਤਿ ਹੁਤੋ ਅਬ ਨੈਨ ਨਿਹਾਰੀ ॥੪੭॥ ਕਲਵਾਨ ਇਹ ਸਤਿ ਅਵਤਾਰਾ। ਬੂਝ ਲੇਉਂ ਮੈਂ ਹੁਇ ਨਿਸਤਾਰਾ–। ਅਸ ਵਿਚਾਰ ਕਰਿ ਬੈਦ ਸਿਆਨਾ। ਬੰਦ ਹਾਥ ਦੋ ਬਚਨ

[1]ਵਿਗਾੜ। [2](ਚਹੁਵਾਂ ਵਿਚੋਂ) ਜਿਸ ਦਾ ਵਿਕਾਰ। [3]ਦਵਾ। [4]ਦੂਰ ਕਰਾਂਗਾ। [5]ਪਰਹੇਜ਼। [6]ਪਹਿਲੇ ਦਾ। [7]ਸਬੱਬ। [8]ਕਿਸੇ (ਬੀ) ਦਵਾਈ ਨਾਲ। [9]ਦੂਰ। [10]ਰੋਗੀ। [11]ਅਰੋਗ। [12]ਦਵਾ। [13]ਅਬਿ-ਨਾਸ਼ੀ। [14]ਦੂਰ ਕਰਨਾਂ। [15]ਮਨ ਟਿਕਾ ਕੇ। [16]ਜੇ ਤੇਰੇ ਹਿਰਦੇ ਚਾਹ ਹੈ ਤਾਂ ਉਚਾਰਾਂ। [17]ਸਿਫਤ।

*ਇਹ ਦੂਜਾ ਸਲੋਕ ਮਃ ੨ ਦਾ ਹੈ–ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰ ਨਾਨਕ ਦੇਵ ਜੀ ਦੇ ਉਸ ਵੇਲੇ ਦੇ ਭਾਵ ਤੇ ਉਚਰੇ ਪਦਾਂ ਨੂੰ ਅਦਾ ਕਰਨ ਲਈ ਲਿਖਿਆ ਸਹੀ ਦੇਂਦਾ ਹੈ, ਇਸੇ ਕਰਕੇ ਕਵਿ ਜੀ ਨੇ ਉਸਨੂੰ ਏਥੇ ਵਰਤ ਲਿਆ ਜਾਪਦਾ ਹੈ।

ਬਖਾਨ॥੪੮॥'ਤੁਮਰੇ ਬਚਨ ਸੁਨਨਿ ਅਭਿਲਾਖਾ। ਵਧੀ ਮੋਹਿ ਮਨ ਜਿਉਂ ਤਰੁ[1] ਸ਼ਾਖਾ[2]। ਕਰੁਨਾ ਕਰਿ ਜੋ ਸਭਿ ਬਿਰਤਾਂਤਾ। ਕਹਹੁ ਆਪ ਜਿਉਂ ਮੁਝ ਹੁਇ ਸ਼ਾਂਤਾ[3]' ॥੪੯॥ ਕਮਲ ਬਦਨ ਕਰੁਨਾ ਗੁਨਮੰਦਿਰ। ਬੋਲੇ ਬਚਨ ਮ੍ਰਿਦੁਲ ਬਰ ਸੁੰਦਰ। 'ਤਨ ਹਉਮੈ ਮਮਤਾ ਜੁ ਘਨੇਰੀ। ਸਭਿ ਬ੍ਯਾਧਨਿ[4] ਕੀ ਮੂਲ[5] ਵਡੇਰੀ ॥੫੦॥ ਆਤਮ ਤਨ ਤੇ ਲਖੀਐ ਨ੍ਯਾਰੋ[6]। ਚੇਤਨ ਜੜ੍ਹ ਨੀਕੈ ਨਿਰਧਾਰੋ[7]। ਨਿਰਵਿਕਾਰ ਪੁਨ ਜਾਨਿ ਅਸੰਗਾ[8]।ਭ੍ਰਮ ਭੰਗਹੁ[9] ਤਬ ਹੈ ਇਹ ਭੰਗਾ ॥ ੫੧ ॥ ਪਰਗੁਨ[10] ਪਰਧਨ[11] ਪਰਨ[12] ਪ੍ਰਸੰਸਾ[13]। ਜਰੈ ਨ ਇਹੁ[14], ਜੁਰ[15] ਲਖੋ[16] ਨਿਸੰਸਾ[17]। ਸਭਿ ਜੀਵਨ ਸੋਂ ਮੈਤ੍ਰੀ[18] ਕਰਨੀ। ਤਿਹ ਕੋ[19] ਇਹ ਔਖਧਿ ਬਰ ਹਰਨੀ[20] ॥੫੨॥ ਜਿਉਂ ਮਿੱਤ੍ਰਨਿ ਸੁਖ ਲਖਿ ਕਰਿ ਸੁਖੀਆ।ਤੈਸੀ ਬ੍ਰਿੱਤਿ ਸਭਿਨਿ ਸੋਂ ਰਖੀਆ।ਨਿਜ ਗੁਣ[21], ਧਨ, ਨਿਜ ਜਸ ਬਿਸਤੀਰਨ।ਕਰਤਿ ਮਾਨ, ਇਹ ਹੈ ਵਡ ਜੀਰਨ[22] ॥੫੩॥ਲਖਿ ਕਰਿ ਸਭਿ ਹਰਿ ਕੀ ਵਡਿਆਈ।ਰਿਦੇ ਗਰੀਬੀ ਚੂਰਨ ਖਾਈ। ਹਰਿ ਸਿਮਰਨ ਰੁਚਿ ਸੋਂ ਲਿਵ ਲਾਗੀ।ਲਖਹਿ ਅਰੁਜ[23] ਇਹ ਭੂਖ ਸੁ ਜਾਗੀ ॥੫੪॥ ਬਿਸ਼ੈ ਬਾਸ਼ਨਾ ਤ੍ਰਿਸ਼ਨਾ ਖਾਂਸੀ। ਦਿਨਪ੍ਰਤਿ ਬਰਧਤਿ ਕਬ ਨ ਬਿਨਾਸ਼ੀ। ਮਿੱਥਯਾ ਸਭਿਹਿ ਪਦਾਰਥ ਜਾਨੀ।ਇਹ ਚਟਨੀ ਤਿਹ ਕਰਿਹੀ ਹਾਨੀ ॥੫੫॥ ਕਾਮ ਕ੍ਰੋਧ ਅਰੁ ਮੋਹ ਤ੍ਰਿਦੋਖੂ[24]। ਜਿਨ ਸਭਿ ਜੀਵਨ ਕੀ ਸੁਧ[25] ਸੋਖੂ[26]।ਸਤਿਗੁਰ ਬਚਨ ਤੰਬੋ ਸੁਰਪੂਰੀ[27]।ਨਿਤ ਸੇਵਹਿ ਤਿਹ, ਸੋ ਹੋਇ ਦੂਰੀ ॥੫੬॥ ਬਮਨ[28] ਰੋਗ ਕਰਿਹੀ ਪਰਨਿੰਦਾ[29]।ਹਟਹਿ, ਲਖਹਿ ਸਭਿ ਤੇ ਨਿਜ-ਮੰਦਾ[30]। ਅਸ ਬਿਧਿ ਕੇ ਰੁਜ ਸੋਂ ਮਨ ਪੂਰਨ।ਮਿਟਹਿ ਸੇਵ ਗੁਰ ਪਦ ਰਜ[31] ਚੂਰਨ' ॥੫੭॥ ਕਮਲ ਬਦਨ ਤੇ ਬਚਨ ਸੁਨੇ ਜਬ। ਬੈਦ ਬਿਚੱਛਨ[32] ਨਿੰਮ੍ਰਿ ਭਯੋ ਤਬ। ਨਿਜ ਮਨ ਕੋ ਮੁਨਸਬ[33] ਹੁਇ ਤਬਹੀ।ਕਹੇ ਜਿ ਰੁਜ[34]

---

[1]ਦਰਖਤ ਦੀ। [2]ਟਾਹਣੀ। [3]ਸ਼ਾਂਤੀ। [4]ਰੋਗਾਂ ਦੀ। [5]ਜੜ੍ਹ। [6]ਜਾਣੋਂ ਵੱਖਰਾ। [7]ਜੜ੍ਹ ਚੇਤਨ ਦਾ ਚੰਗੀ ਤਰ੍ਹਾਂ ਨਿਰਣਾਂ ਕਰੋ। [8]ਨਿਰਾਲਾ। [9]ਨਾਸ਼ ਕਰੋ। [10]ਪਰਾਏ ਗੁਣ। [11]ਪਰਾਇਆ ਧਨ। [12]ਪਰਾਇਆਂ ਦੀ। [13]ਸਿਫਤ। [14]ਇਹ ਨਾ ਸਹਿ ਸਕਣਾ। [15]ਤਾਪ। [16]ਜਾਣੋਂ। [17]ਨਿਰਸੰਸੇ। [18]ਮਿੱਤ੍ਰਤਾ। [19]ਉਸ (ਤਾਪ)ਨੂੰ। [20]ਦੂਰ ਕਰਨ ਲਈ ਚੰਗੀ ਦਵਾ ਹੈ। [21]ਆਪਣੇ ਗੁਣ। [22]ਬੜਾ ਪੁਰਾਣਾ ਰੋਗ (ਅ) ਅਜੀਰਣ=ਅਣਪਾਚਾ। [23]ਅਰੋਗ। [24]ਵਾਯ,ਪਿਤ, ਕਫ ਤਿੰਨਾਂ ਦਾ ਦੁਖ-ਸੈਨੁ। [25]ਸੋਝੀ। [26]ਸੁਕਾ ਦਿੱਤੀ ਹੈ। [27]ਮਾਰੇ ਹੋਏ ਤਾਂਬੇ ਦੀ ਪੁੜੀ ਹੈ। [28]ਉਲਟੀ ਦਾ ਰੋਗ ਹੈ। [29]ਪਰਾਈ ਨਿੰਦਾ ਕਰਨੀ। [30]ਦੂਰ ਹੋ ਜਾਏਗਾ ਜੇ ਆਪ ਨੂੰ ਮੰਦਾ ਜਾਣੇ। [31]ਧੂੜੀ। [32]ਚਤੁਰ। [33]ਇਨਸਾਫ ਕਰਨ ਵਾਲਾ, ਮੁਨਸਿਫ। [34]ਰੋਗ।

ਲਖਿ ਲੀਨੇ ਸਭਿ ਹੀ ॥ ੫੮ ॥ ਕਰ ਝਿਬ[1]* ਬੰਦਤਿ[2] ਬਿਨੈ ਬਖਾਨੀ। 'ਹੌਂ ਹੇਰਯੋ ਹ੍ਵੈਕਰਿ ਅਨਜਾਨੀ। ਜਸ ਇੱਛਾ ਕਰੀਏ ਤਸ ਲੀਲ੍ਹਾ। ਮਹਾਂਪੁਰਖੁ ਤੁਮ ਗੁਨੀ ਗਹੀਲਾ ॥ ੫੯ ॥ ਤੁਮਰੇ ਬਚਨਨ ਮੋਹਿ ਅਬਿੱਦਯਾ। ਬਾਨ[3] ਲੱਛ[4] ਜਿਉਂ ਕੀਨੀ ਭਿੱਦਯਾ[5]। ਆਮੀ[6] ਹੋਵਨ ਬਹੁਰ ਅਨਾਮੀ[7]। ਲਖਿ[8] ਲਿਯ[9] ਗਤਿ[10] ਸਭਿ ਹੁਇ ਤਵ ਸਾਮੀ[11] ॥ ੬੦ ॥ ਅਬ ਮੁਝ ਪਰ ਇਹ ਕਰੁਨਾ ਕਰੀਏ। ਮਨ ਕੋ ਰੋਗ ਸਗਲ ਪਰਿਹਰੀਏ'। ਸ਼੍ਰੀ ਗੁਰ ਕਹਯੋ 'ਕਰੋ ਸਤਿਸੰਗਾ। ਦਿਨ ਥੋਰਨ ਮੈਂ ਹੋਵਹਿ ਭੰਗਾ[12]' ॥੬੧॥ ਮਨਿ ਸੁਖ ਪਾਇ ਕਰੀ ਪਦ ਬੰਦਨ।ਮਹਿਮਾ ਜਾਨੀ ਕੁਮਤਿ ਨਿਕੰਦਨ[13]। ਗਯੋ ਸਦਨ ਸੇਵਯੋ ਸਤਿਸੰਗ।ਮੋਖ ਉਚਿਤ[14]ਭਾ ਉਰ ਭ੍ਰਮ ਭੰਗਾ[15]॥੬੨॥ਦੋਹਰਾ ਅਸ ਬਿਧਿ ਬੈਦ ਉਧਾਰ ਕਰਿ[16]ਸ਼੍ਰੀ ਗੁਰ ਕਰੁਨਾ ਖਾਨ। ਸਦਾ ਬਦਨ ਤੇ ਨਾਮਜਪ ਧਰਹੁ ਰਿਦੇ ਨਿਤ ਧਯਾਨ ॥ ੬੩ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬੈਦ ਪ੍ਰਸੰਗ' ਬਰਨਨੰ ਨਾਮ ਤ੍ਰਯੋਦਸ਼ਮੋ ਅਧਯਾਯ ॥ ੧੩ ॥

੧੪. [ਗੁਰ ਨਾਨਕ ਮੰਗਲ। ਖਰਾ ਸੌਦਾ ਕਰਨ ਜਾਣਾ]।

ਦੋਹਰਾ ॥ ਸ਼੍ਰੀ ਨਾਨਕ ਸੁਖ ਸਿੰਧੁ ਕੋ ਹਾਥ ਜੋਰਿ ਪਰਨਾਮ।
ਜਿਸ ਕਰੁਨਾ ਤੇ ਵਡ ਅਘੀ ਪਾਵਹਿਂ ਗਤਿ ਬਿਸਰਾਮ ॥ ੧ ॥

{ ਸਿੰਧੁ=ਸਮੁੰਦਰ [ਸੰਸ:, ਸਿੰਧੁ]। ਪਰਨਾਮ=ਨਮਸਕਾਰ।
ਅਘੀ=ਪਾਪੀ, [ਸੰਸ:, ਅਘ=ਪਾਪ]। ਗਤਿ=ਮੁਕਤੀ।
ਬਿਸਰਾਮ=ਆਰਾਮ, ਟਿਕਾਉ, [ਸੰਸ:, ਵਿਸ਼੍ਰਾਮ]। }

ਅਰਥ—ਸੁਖਾਂ ਦੇ ਸਮੁੰਦਰ ਸ਼੍ਰੀ (ਗੁਰੂ) ਨਾਨਕ (ਦੇਵ ਜੀ) ਨੂੰ ਮੇਰੀ ਹੱਥ ਜੋੜਕੇ ਨਮਸਕਾਰ ਹੈ, ਜਿਨ੍ਹਾਂ ਦੀ ਕ੍ਰਿਪਾ ਨਾਲ ਵਡੇ ਪਾਪੀ (ਜੀਉਂਦਿਆਂ ਆਤਮ) ਆਰਾਮ (ਪਾਉਂਦੇ ਹਨ ਅਤੇ ਮਰਕੇ) ਮੁਕਤੀ ਪ੍ਰਾਪਤ ਕਰਦੇ ਹਨ।

ਭਾਵ—ਹੁਣ ਫੇਰ ਦਸਾਂ ਸਤਿਗੁਰਾਂ ਦੀ ਆਰਾਧਨਾ ਰੂਪ ਨਮਸਕਾਰਾਤਮਿਕ ਮੰਗਲ ਕਰਦੇ ਹਨ। ਪਹਿਲਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਸ਼ਕਾਰ ਕਰਦੇ ਹਨ, ਜਿਨ੍ਹਾਂ ਦੀ ਮੇਹਰ ਨਾਲ ਪਾਪੀਆਂ ਦੇ ਪਾਪ ਖੀਣ ਹੋ ਜਾਂਦੇ ਹਨ, ਜਿਸ ਦਾ ਫਲ ਇਹ ਹੁੰਦਾ ਹੈ ਕਿ ਉਹ 'ਲੋਕ ਸੁਖੀ ਪਰਲੋਕ ਸੁਹੇਲੇ' ਹੋ ਜਾਂਦੇ ਹਨ।

---

[1]ਹਥ ਦੋਵੇਂ। [2]ਜੋੜਕੇ। [3]ਤੀਰ। [4]ਨਿਸ਼ਾਨਾ। [5]ਵਿੰਨ੍ਹ ਦਿੱਤੀ। [6]ਰੋਗੀ। [7]ਅਰੋਗੀ। [8]ਜਾਣ। [9]ਲੀਤੀ ਹੈ। [10]ਹਾਲਤ। [11]ਆਪਦੀ ਸ਼ਰਣ ਹੋਕੇ। [12]ਨਾਸ਼ ਹੋ ਜਾਇਗਾ। [13]ਖੋਟੀ ਬੁੱਧ ਦੇ ਨਾਸ਼ ਕਰਨ ਵਾਲੇ ਗੁਰੂ ਜੀ ਦੀ। [14]ਲਾਇਕ। [15]ਨਾਸ਼ ਹੋ ਗਿਆ। [16]ਕੀਤਾ।

*ਪਾਠਾਂਤ੍ਰ-ਬਿਯ।

[ਸਤਿਗੁਰ ਮਿਹਰ ਦਾ ਭਰੋਸਾ ਤੇ ਬਲ]

ਚੌਪਈ॥ ਤਿਹ ਕਰੁਨਾ ਕੀ ਹਮਰੇ ਟੇਕੂ। ਸੁਮਤਿ ਨ ਉਕਤਿ ਨ ਮੁਝ ਉਰ ਏਕੂ। ਰੁਚਿ ਊਚੀ ਮਨ ਕੀ ਮਤਿ ਕੀਰਾ। ਮਿਲੈ ਨ ਕੌਡੀ ਚਾਹਊਂ ਹੀਰਾ॥੨॥ਜਿਉਂ ਜਿਉਂ ਮਤਿ ਦੇ ਮੁਝਹਿ ਬੁਲਾਈਂ। ਤਿਉਂ ਤਿਉਂ ਲਿਖੌਂ ਕਥਾ ਸੁਖਦਾਈ। ਸ਼ਕਤਿ ਨਹੀਂ ਇਕ ਪਦ ਰਚਨਾਂ ਕੀ। ਗ੍ਰੰਥ ਕਰਨ ਇਹ ਕਰੁਨਾ ਤਾਂਕੀ॥ ੩ ॥

[ਟੇਕੂ=ਟੇਕ, ਆਸਰਾ, ਓਟ। ਸੁਮਤਿ=ਸ੍ਰੇਸ਼ਟ ਬੁੱਧੀ। ਉਕਤਿ=ਜੁਗਤ, ਦਲੀਲ, ਬਾਦਲੀਲ ਲਿਖਣ ਦੀ ਜਾਚ। [ਸੰਸ:, ਉਕ੍ਤਿ=ਬਾਣੀ, ਬਚਨ]। ਕੀਰਾ=ਕੰਗਾਲ; ਹੋਛੀ।]

ਅਰਥ—(ਉਪਰ ਕਹੀ) ਉਸ ਮੇਹਰ ਦਾ ਸਾਨੂੰ ਆਸਰਾ ਹੈ, (ਉਂਵ ਆਪਣੇ ਆਪ ਵਿਚ) ਮੇਰੇ ਦਿਲ ਵਿਚ ਨਾ ਸ੍ਰੇਸ਼ਟ ਬੁੱਧੀ ਹੈ ਨਾ ਬਾਦਲੀਲ ਲਿਖਣ ਦੀ ਜਾਚ ਇਕ (ਗੱਲ ਭੀ ਨਹੀਂ)। ਮਨ ਦੀ (ਆਪਣੀ) ਮਤਿ ਤਾਂ ਹੋਛੀ ਹੈ ਤੇ ਰੁਚੀ (ਬੜੀ) ਉੱਚੀ ਹੈ, (ਜਿਵੇਂ) ਮੰਗ ਤਾਂ ਰਿਹਾ ਹਾਂ ਹੀਰਾ, ਪਰ (ਹੱਕ) ਪ੍ਰਾਪਤ ਕਉਡੀ (ਦਾ) ਭੀ ਨਹੀਂ।

(ਪ੍ਰਸ਼ਨ—ਫਿਰ ਲਿਖ ਕਿਵੇਂ ਰਹੇ ਹੋ ?)

(ਉਤ੍ਰ)—ਜਿਵੇਂ ਜਿਵੇਂ (ਸ਼੍ਰੀ ਗੁਰੂ ਨਾਨਕ ਦੇਵ ਜੀ) ਬੁੱਧੀ ਦੇਕੇ ਮੈਨੂੰ ਬੁਲਾਉਂਦੇ ਹਨ, ਤਿਵੇਂ ਤਿਵੇਂ ਮੈਂ (ਉਨ੍ਹਾਂ ਦੀ) ਸੁਖ ਦੇਣਹਾਰੀ ਕਥਾ ਲਿਖ ਰਿਹਾ ਹਾਂ, (ਮੇਰੇ ਵਿਚ ਆਪਣੀ) ਸ਼ਕਤੀ ਇਕ ਪਦ ਰਚਨ ਦੀ ਬੀ ਨਹੀਂ ਹੈ, ਗ੍ਰੰਥ ਜੋ ਰਚ ਰਿਹਾ ਹਾਂ ਇਹ ਉਨ੍ਹਾਂ ਦੀ ਹੀ ਮੇਹਰ ਹੈ॥ ੩ ॥

ਭਾਵ—ਇਸ ਛੰਦ ਵਿਚ ਕਵਿ ਜੀ ਨੇ ਆਪਣੇ ਛੰਦ ਰਚਨ ਵਿਚ 'ਸਤਿਗੁਰਾਂ ਦੀ ਮੇਹਰ ਤੇ ਉਨ੍ਹਾਂ ਤੋਂ ਪ੍ਰਾਪਤ ਬਲ ਨੂੰ' ਆਪਣੇ ਲਿਖਣ ਦਾ ਕਾਰਨ ਦੱਸਿਆ ਹੈ। ਜਿਸ ਗੱਲ ਲਈ ਸ਼ਾਰਦਾ ਨੂੰ ਯਾਦ ਕਰਿਆ ਕਰਦੇ ਹਨ ਏਥੇ ਸਪਸ਼ਟ ਹੋ ਗਿਆ ਕਿ ਉਹ ਕਵਿ ਕੁਲ ਮਰਯਾਦਾ ਦਾ ਨਿਰਬਾਹ ਕਰਦੇ ਹਨ ਤੇ ਉਹਨਾਂ ਦੀ ਆਪਣੀ ਭਾਵਨਾ ਕਵਿਤਾ ਵਿਚ ਸਹਾਇਤਾ ਦੀ ਸਤਿਗੁਰ ਨਾਨਕ ਦੇਵ ਜੀ—ਆਪਣੇ ਇਸ਼ਟ ਦੇਵ—ਪਰ ਹੈ, ਜਿਸ ਦਾ ਏਥੇ ਇਕਰਾਰ ਕਰਦੇ ਹਨ।

ਸ਼੍ਰੀ ਬਾਲਾ ਸੰਧੁਰੁ ਵਾਚ॥ ਚੌਪਈ॥ ਸ਼੍ਰੀ ਅੰਗਦ ! ਸੁਨੀਏ ਕਹਿ ਬਾਲਾ। ਸ਼੍ਰੀ ਸਤਿਗੁਰ ਕੀ ਕਥਾ ਰਸਾਲਾ*।ਕੋਇਕ ਦਿਨ ਪਰਿ ਰਹੇ ਨਿਕੇਤੂ[1]। ਬਿਚਰਹਿਂ ਨਹਿ[2] ਬੇਦੀ ਕੁਲ ਕੇਤੂ॥੪॥ਕਬਹਿ ਕਰਹਿ ਕਾਲੂ ਪਰਤੀਤੂ[3]।ਬਚਨ

[1]ਘਰ। [2]ਫਿਰਦੇ ਨਹੀਂ ਹਨ। [3]ਨਿਹਚਾ ਕਰ ਲੈਂਦਾ ਹੈ। *ਪਾਠਾਂਤ੍ਰ—ਬਿਸਾਲਾ।

ਸੁਨਤਿ ਬਿਸਮੈ ਹੁਇ ਚੀਤੁ। ਬਹੁਰ ਦੇਇਮਾਯਾ ਭੁਰਮਾਈ।ਰਿਦੈ ਕੁਤਰਕ ਅਨੇਕ ਉਠਾਈ॥੫॥'ਬਚਨ ਕਹਿਨ ਮੈਂ ਇਹ ਗੁਣ ਸਾਲੀ[੧]। ਧਨ ਖਟਨੇ ਕੀ ਜਾਨਿ ਨ ਚਾਲੀ[੨]।ਸੁਨਿ ਸੁਨਿ ਬਚ[੩] ਨਰ ਕਰਹਿੰ ਵਡਾਈ। ਧਨਹਾਨੀ ਇਹ ਭੇਦ ਨ ਪਾਈ' ॥੬॥ ਪੁਨ ਰਿਤੁ ਪਰਵਿਰਤੀ ਹੇਮੰਤਾ[੪]। ਤਿਹ ਮਹਿੰ ਸੁਨਹੁ ਜੁ ਭਾ ਵਰਤੰਤਾ। ਤਾਲਨ[੫] ਬਾਰਜ ਬਨੀ[੬] ਬਿਨਾਸ਼ੀ। ਜਿਉਂ ਕੁਸੰਗ ਨਾਸਹਿ ਜਸੁ ਰਾਸੀ* ॥੭॥ ਨਿਕਟ ਅਗਨਿ ਕੇ ਰਹਹਿੰ ਮਹਾਨਾ। ਜਿਉਂ ਨ੍ਰਿਪ ਸੇਵਹਿੰ ਜੇ ਮਤਿਵਾਨਾ[੭]। ਮੰਦ[੮] ਤੇਜ ਸੂਰਜ ਕਾ ਵਯੋ। ਜਯੋਂ ਭੂਪਤਿ ਹੁਇ ਆਲਸ ਕਿਯੋ[੯] ॥ ੮ ॥ ਨਰ ਨਾਰਿਨਿ ਕੋ ਸੀਤ ਕੰਪਾਵਤਿ। ਮ੍ਰਿਗ ਬਨਬਾਸੀ ਤਿਨਹਿ ਦੁਖਾਵਤਿ। ਕਾਹੂ ਸਮੇਂ ਨ੍ਰਿਪ ਹੁਇ ਬਿਨ ਜੋਰਾ। ਜਿਉਂ ਦੁਖ ਦੇਹਿੰ ਪ੍ਰਜਾ ਕੋ ਚੋਰਾ।੯। ਨਿਸ[੧੦]ਦੀਰਘ[੧੧]ਮਹਿੰ ਲੇਤਿ ਨਿਹਾਲੀ[੧੨]। ਸੋਵਹਿੰ ਸੀਤ ਬਿਦਾਰਿ[੧੩]ਸੁਖਾਲੀ।ਜਿਉਂ ਸਤਿਗੁਰ ਕੀ ਲੇ ਪਗ ਧੂਰੀ। ਭਵਸੰਕਟ ਸਿੱਖ ਕਰਹਹਿੰ ਦੂਰੀ।੧੦।ਆਤਪ[੧੪]ਖਰੀ ਸੁਹਾ-ਇ ਸਰੀਰਾ।ਜਿਉਂ ਸਤਿਸੰਗਤਿਜਨ ਮਤਿਧੀਰਾ[੧੫]।ਸੀਤਲ ਬਹਿਹੀਨੀਰ[੧੬] ਸਮੀਰਾ[੧੭]।ਜੋ ਰੰਕਨ[੧੮] ਕੋ ਕਰਤਿ ਅਧੀਰਾ।੧੧।ਜਿਉਂ ਬਿਨ ਸਤਿਗੁਰ ਤੇ ਰਖਵਾਰਾ। ਜਗਜਾਸੀ ਕੋ ਕਰਤਿ ਬਿਕਾਰਾ। ਅਸ ਹਿਮੰਤ ਰਿਤੁ ਮਹਿੰ ਜਗ ਕੰਤਾ।ਪਰੇ ਰਹਹਿੰ ਸੁਖਦਾਨੀ ਸੰਤਾ॥੧੨॥ਕਿਸ ਸਿਉਂ ਮਿਲਹਿੰ ਨ ਬੋਲਹਿੰ ਬਾਨੀ। ਰਹਹਿੰ ਇਕਾਂਕੀ[੧੯] ਗੁਨ ਗਨ ਖਾਨੀ[੨੦]।ਅਸ ਬਿਧਿ ਸੋਂ ਜੁਗ[੨੧]ਮਾਸ ਬਿਤਾਇ। ਫਿਰਨ ਲਗੇ ਪੁਨ ਸਹਿਜ ਸੁਭਾਇ॥੧੩॥ਰੁਚਿ ਸੋਂ ਖਾਨ ਪਾਨ ਕੋ ਕਰਿਹੀਂ।ਮਾਤ ਬਿਲੋਕ ਹਰਖ ਉਰ ਧਰਿਹੀ।ਜਾਨਤਿ ਭਈ ਅਨਾਮੈ[੨੨] ਤਨ ਕੋ।ਦੀਨੋ ਦਾਨ ਦ੍ਵਿਜਨ[੨੩] ਸਭਿਹਿਨਿ†ਕੋ ॥੧੪॥ ਸੁੰਦਰ ਬਸਤ੍ਰ‡ ਨਵੀਨ ਬਨਾਇ। ਸੁਤ ਕੋ ਯੁਤਿ[੨੪] ਦੁਲਾਰ[੨੫] ਪਹਿਰਾਇ।ਬਦਨ ਸਦਨ ਛਬਿ[੨੬]ਪੁਨ

---

[੧]ਗੁਣਾਂ ਦਾ ਘਰ ਹੈ। [੨]ਰੀਤੀ। [੩]ਬਚਨ। [੪]ਸਿਆਲੇ ਦੀ ਰੁਤ—ਮੱਘਰ ਪੋਹ। [੫]ਤਲਾਵਾਂ ਤੋਂ। [੬]ਕਵਲਾਂ ਦੀ ਬਗੀਚੀ। [੭]ਜੋ ਬੁੱਧੀਵਾਨ ਹੈਨ। [੮]ਮੱਧਮ। [੯]ਜਿਵੇਂ ਕਿਸੇ ਰਾਜੇ ਨੇ ਆਲਸ ਕੀਤਾ ਹੋਵੇ। [੧੦]ਰਾਤ। [੧੧]ਲੰਮੀ। [੧੨]ਰਜਾਈ। [੧੩]ਪਾਲਾ ਦੂਰ ਕਰਕੇ। [੧੪]ਧੁੱਪ। [੧੫]ਜਿਵੇਂ ਬੁੱਧੀਮਾਨਾਂ ਦੀ ਸਤਿਸੰਗਤਿ ਜਨਾਂ ਨੂੰ। [੧੬]ਪਾਨੀ। [੧੭]ਹਵਾ। [੧੮]ਕੰਗਾਲਾਂ ਨੂੰ। [੧੯]ਇਕੱਲੇ। [੨੦]ਸਮੂਹ ਗੁਣਾਂ ਦੀ ਖਾਣ। [੨੧]ਦੋ। [੨੨]ਅਰੋਗ ਹੋ ਗਿਆ। [੨੩]ਬ੍ਰਾਹਮਣਾਂ ਨੂੰ। [੨੪]ਨਾਲ। [੨੫]ਲਾਡ। [੨੬]ਸ਼ੋਭਾ ਦੇ ਘਰ ਮੁਖੜੇ ਨੂੰ। *ਪਾਠਾਂਤ੍ਰ—ਸੁਖਰਾਸੀ। †ਪਾਠਾਂਤ੍ਰ—ਬਹੁ ਧਨ। ‡ਪਾਠਾਂਤ੍ਰ—ਬਸਨ।

ਪੁਨ ਦੇਖੀ।ਵਡਭਾਗਨ ਲਖਿ ਆਪ ਬਿਸ਼ੇਖੀ॥੧੫॥ਗ੍ਯਾਤਿਨਿ[1]ਕੀ ਪੰਗਤਿ
ਜਗ ਮੂਲਾ[2] । ਬੈਸਹਿਂ, ਭੇ ਕਾਲੁ ਅਨਕੂਲਾ । ਲੌਕਿਕ ਰੀਤਿ ਮਿਲਨ ਪੁਨ
ਬੋਲਨ।ਕਰਿਹੀਂ ਸਭਿ ਬਿਧਿ ਪੁਰਿ ਮਹਿਂ ਡੋਲਨ[3]॥੧੬॥ਸੁੰਦਰ ਸ਼ੋਭਤਿ ਬੈਸ[4]
ਕਿਸ਼ੋਰਾ[5]। ਗਿਰਾ ਮ੍ਰਿਦੁਲ[6] ਮਧਰੀ[7] ਚਿਤਚੋਰਾ[8] । ਲਲਿਤ[9] ਬਿਲੋਚਨ[10]
ਦਲ[11] ਉਤਪਲ[12] ਸੇ[13] । ਤਾਰੇ[14] ਸ਼੍ਯਾਮ[15]ਗੰਡਕੀ[16]*ਸਿਲ ਸੇ[17]॥੧੭॥
ਸੋਰਠਾ । ਬਨੀ ਸੁ ਭ੍ਰਿਕੁਟੀ ਬੰਕ[18] ਜਿਉਂ ਕਮਾਨ ਇਹ ਕਾਮ ਕੀ†। ਕਿਧੌਂ
ਇੰਦੁ[19]ਅਕਲੰਕ ਸਦਨ ਤਾਸ ਮਹਿਰਾਬ ਸੀ[20]।੧੮।ਚੌਪਈ। ਮੰਦਮੰਦ[21] ਸੁੰ-
ਦਰ ਗਤਿ[22]ਚਲਿਹੀ।ਦਯਾ ਦ੍ਰਿਸ਼ਟਿ ਦੇਖਹਿਂ ਦੁਖ[23]ਦਲਿਹੀ[24]।ਨਿਜ ਇੱਛਾ
ਬੇਦੀ ਕੁਲ ਕੇਤੂ । ਬਿਚਰਹਿਂ, ਕਿਰਤ ਨ ਕਰਤਿ ਨਿਕੇਤੂ[25] ॥੧੯॥ ਐਸੇ
ਕਿੰਚਤ ਕਾਲ ਬਿਤਾਯੋ । ਜਗਤ ਉਧਾਰਨ ਹਿਤ ਜੋ ਆਯੋ। ਇਕ ਬਾਸੁਰ
ਕਾਲੂ ਨਿਜ ਸਦਨ। ਬੈਸਿ ਬੁਲਾਯੋ ਬਾਰਜ ਬਦਨਾ[26]॥੨੦॥ਦਰਬ ਕਮਾ-
ਵਨ ਸਿਖਵਨ ਹੇਤੂ । ਨਿਕਟ ਬਿਸਾਯੋ[27] ਕ੍ਰਿਪਾਨਿਕੇਤੂ । ਪ੍ਰੀਤ ਚਿਤ ਮਹਿਂ
ਸਾਨੀ[28]ਬਾਨੀ । ਬੋਲਯੋ ਰੀਤਿ ਅਨੀਤਿ ਪਛਾਨੀ॥੨੧॥'ਸੁਤ ਨਾਨਕ ! ਤੂੰ
ਏਕ ਹਮਾਰੋ।ਨਹਿਂ ਦੂਸਰ ਜੋ ਕਾਜ ਸੰਭਾਰੋ।ਤੁਮ ਨੈ ਤਜਿ ਦੀਨੋ ਅਸਰੀਤੂ।
ਜਿਉਂ ਵਿਰਾਗ ਦ੍ਰਿਢ[29]ਹੋਤਿ ਅਤੀਤੂ[30]॥੨੨॥ਕਹਹੁ ਗ੍ਰਿਸਤ ਸਿਉਂ ਕਿਉਂ
ਬਨਿ ਆਵੈ । ਨਿਸ ਬਾਸੁਰ ਬਿਨ ਕਾਮ‡ ਬਿਤਾਵੈ । ਮੁਝ ਜੀਵਤਿ ਜੇ ਲੇਤਿ
ਸੰਭਾਰੀ । ਹੌਂ ਜਾਨਤਿ ਸੁਤ ਹੈ ਸੁਖਕਾਰੀ ॥ ੨੩ ॥ ਤੁਝ ਜਨਮਤਿ ਮਨ ਭਾ
ਭਰਵਾਸ॥ ਨਾਨਕ ਕਰਿਹੈ ਨਾਮ ਪ੍ਰਕਾਸ਼॥ਦਰਬ ਕਮਾਵਨ ਮੈਂ ਜਸ ਮੇਰੋ।

[1]ਸਨਬੰਧੀਆਂ, ਸ਼ਰੀਕਾਂ । [2]ਜਗਤ ਦਾ ਕਾਰਣ । [3]ਸ਼ਹਿਰ ਵਿਚ ਫਿਰਨਾ । [4]ਉਮਰ । [5]੧੧ ਤੋਂ ੧੫ ਵਰਹੇ ਦੀ ਉਮਰ, ਭਾਵ ਗੁਰੂ ਜੀ ਦੀ । [6]ਕੋਮਲ । [7]ਮਿੱਠੀ । [8]ਮਨਮੋਹਨ । [9]ਸੁੰਦਰ । [10]ਅੱਖਾਂ । [11]ਪੰਖੜੀਆਂ । [12]ਕਮਲ ਦੀਆਂ । [13]ਵਰਗੇ । [14]ਅੱਖਾਂ ਦੇ ਤਾਰੇ । [15]ਕਾਲੇ । [16·17]ਗੰਡਕ ਨਾਮੇ ਨਦੀ ਦੇ ਪੱਥਰਾਂ ਜੇਹੇ ਕਾਲੇ)। [18]ਟੇਢੀ। [19]ਚੰਦ੍ਰਮਾਂ। [20]ਉਸਦੇ ਘਰ ਦੀ ਡਾਟ ਵਾਂਙੂ। [21]ਹੌਲੀ ਹੌਲੀ। [22]ਸੁਹਣੀ ਟੋਰ । [23·24]ਦੁਖ ਨਾਸ਼ ਕਰਦੇ ਹਨ। [25]ਘਰ ਦੀ । [26]ਕਵਲ ਮੁਖ ਵਾਲੇ (ਗੁਰੂ ਜੀ) ਨੂੰ । [27]ਬਿਠਾਯਾ । [28]ਮਿਲੀ ਹੋਈ । [29]ਪੱਕਾ । [30]ਫਕੀਰ ਨੂੰ ।

*ਗੰਡਕਾ ਨਦੀ ਤੋਂ ਕਾਲੇ ਪੱਥਰ ਨਿਕਲਦੇ ਹਨ ਜਿਨ੍ਹਾਂ ਨੂੰ ਸਾਲਗਰਾਮ ਬਣਾਕੇ ਮੰਦਰਾਂ ਵਿਚ ਹਿੰਦੂ ਪੂਜਦੇ ਹਨ ।

†ਕਾਮਦੇਵ ਨਾਲ ਸੁੰਦਰਤਾ ਦੇ ਕਿਸੇ ਪਹਿਲੂ ਨੂੰ ਉਪਮਾਂ ਦੇਣ ਵਿਚ ਕਵੀਆਂ ਦਾ ਸੁੰਦਰਤਾ ਮਾਤ੍ਰ ਤੋਂ ਭਾਵ ਹੁੰਦਾ ਹੈ, ਹੋਰ ਕੁਛ ਨਹੀਂ; ਜੈਸੇ ਸੈਣ ਭਗਤ ਦੇ ਇਸ ਸ਼ਬਦ ਵਿਚ ਬੀ ਆਯਾ ਹੈ:—'ਮਦਨ ਮੂਰਤਿ ਭੈ ਤਾਰਿ ਗੋਬਿੰਦੇ' ॥ ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ, ਸਾਰੇ ਨਹੀਂ ਲਈਦੇ । ‡ਪਾਠਾਂਤ੍ਰ—ਬਿਨ ਕਾਰ ।

ਜਾਨਹਿ ਸਭਿ ਪੁਰਿ ਮਾਂਹਿ[੧] ਘਨੇਰੋ॥੨੪॥ਜਿਮ ਰਾਂਕਾ[੨] ਕੋ ਇੰਦ[੩]ਨਿਹਾਰੀ[੪]।
ਦੇਖ ਸਰਾਹਹਿਂ ਸਭਿ ਨਰਨਾਰੀ। ਰਾਹੁ[੫] ਸਰਸ ਤੂੰ ਭਾ ਘਰ ਮਾਂਹੀ। ਸਭਿ
ਬਿਧਿ ਮੰਦ ਕਰਤਿ ਭਾ ਤਾਂਹੀ॥੨੫॥ਏਕ ਨ ਮਤਿ ਮਨ ਬਨਜ ਕਰਨ ਕੀ।
ਬਹੁਰ ਨ ਖੱਤ੍ਰੀ ਰੀਤਿ ਬਰਨ ਕੀ। ਹਾਰਜੋ ਅਨਿਕ ਬਿਧਿਨ ਮਤਿ ਦੇਤੂ[੬]।
ਕਬਹਿ ਕਮਾਇ ਨ ਲਜਾਇ ਨਿਕੇਤੂ[੭] ॥੨੬॥ਜਨਕ ਬਚਨ ਤੂਸ਼ਨਿ[੮] ਕਰਿ
ਸੁਨੀਆ। ਜਿਉਂ ਅਡੋਲ ਬੈਠੇ ਵਡ ਮੁਨੀਆ। ਬਹੁ ਬਿਧਿ ਕੀ ਕਹਿ ਗਿਰਾ
ਕਠੋਰਾ। ਤੂਸ਼ਨਿ[੮] ਭਾ, ਜਿਮ ਰੋਸ[੯] ਨ ਥੋਰਾ ॥ ੨੭ ॥ਘਟਿਕਾ ਜੁਗਲ[੧੦]
ਬਿਤੀਤੀ ਜਬਹੀ। ਤਪਤ[੧੧] ਰਿਦਾ ਸੀਤਲ ਭਾ ਤਬਹੀ। ਬਹੁਰੋ ਬੋਲੇ ਬੋਲ
ਅਮੋਲਾ। ਜਨੁ ਕਾਲੂ ਸੁਖ ਕੁਲਫਹਿ[੧੨] ਖੋਲਾ॥੨੮॥ 'ਬਖਸ਼ ਖਤਾ ਪਿਤ!
ਪਾਛਲ ਕੇਰੀ[੧੩]। ਨਹੀਂ ਬਿਗਾਰੋਂ ਕਾਰਜ ਫੇਰੀ। ਜਿਉਂ ਰਾਵਰ ਕੀ ਹੋਇ
ਰਜਾਈ। ਤਿਉਂ ਮੈਂ ਕਰਿਹੋਂ ਪ੍ਰੀਤਿ ਲਗਾਈ ॥ ੨੯ ॥ ਉਚਿਤ ਕਰਨ ਕੇ
ਮੋਕੋ ਜੋਊ। ਅਬ ਕਹੀਏ ਕਰਿਹੋਂ ਮੈਂ ਸੋਊ'। ਮ੍ਰਿਦੁਲ ਮਧੁਰ ਨੰਮ੍ਰੀ ਸੁਨਿ
ਬਾਨੀ। ਭੀ ਕਾਲੂ ਕੇ ਮਨ ਸੁਖਦਾਨੀ ॥ ੩੦ ॥ ਜਾਨਿ ਆਪਨੇ ਸੁਤ ਅਨੁ-
ਸਾਰੀ। ਧਨ ਖਾਟਨ ਕੀ ਗਿਰਾ ਉਚਾਰੀ। 'ਸੁਨ ਸੁਤ ਪੂਰਬ[੧੪] ਭਾ ਕ੍ਰਿਖਿ
ਕਾਰੀ[੧੫]।ਪਸੁ ਚਰਾਇ ਸੋ ਦੀਨਿ ਉਜਾਰੀ ॥ ੩੧ ॥ ਮੁਝ ਮਨ ਮੈਂ ਥੀ ਐਸ
ਵਿਚਾਰਾ। ਦਿਉਂ ਬਸਾਇ ਇਕ ਗ੍ਰਾਮ ਨਿਰਾਰਾ। ਸੋ ਤੇ ਰਹੇ ਮਨੋਰਥ ਮੇਰੇ।
ਪੀਂਗ[੧੬] ਤਕਹਿ ਜਿਉਂ ਗਿਰਸਿਰ[੧੭] ਹੇਰੇ[੧੮] ॥੩੨॥ਮੁਝ ਤੇ ਬੀਸ ਕਾਰਖਿਕ[੧੯]
ਲੀਜੈ।ਆਨ ਸਥਾਨ[੨੦] ਪਯਾਨੋ ਕੀਜੈ[੨੧]। ਹੇਰਿ ਲਾਭਦਾ ਵਸਤੁ ਵਿਚਾਰੀ।
ਬਨਜਹੁ ਨਿਜ ਮਤਿਕੇ ਅਨੁਸਾਰੀ ॥੩੩॥ਅਬ ਕੇ ਜੋ ਆਨਹੁ ਸ਼ੁਭ ਸੌਦਾ।
ਪੁਨ ਬਹੁ ਧਨ ਦਿਉਂ ਉਰ ਭਰਿ ਮੋਦਾ[੨੨]।ਨਿਜ ਪੂੰਜੀ ਤੁਮ ਰਖਹੁ ਨਿਰਾਲੀ।
ਕਰਹੁ ਬਨਜ ਇਹ ਰੀਤਿ ਸੁਖਾਲੀ ॥ ੩੪ ॥ ਦਿਨ ਪ੍ਰਤਿ ਦਰਬ ਬਧਾਵਹੁ
ਭਾਰੀ।ਬਹੁਰ ਸਪੂਤ ਕਹਹਿਂ ਨਰ ਨਾਰੀ। ਬਾਲਾ ਲੇਹੁ ਦੂਸਰਾ ਸੰਗਾ।ਸੁਤ!
ਜਾਵਹੁ ਅਬ ਸਹਿਤ ਉਮੰਗਾ'।੩੫।ਕਹਿ ਬਾਲਾ ਸੁਨਿ ਗੁਰ!ਦੁਖ ਕਦਨੰ[੨੩]
ਦਾਸ ਪਠਾਯੋ ਤਬ ਮੁਝ ਸਦਨੰ। ਗਯੋ ਸੰਗ ਮੈਂ ਤਿਹ ਅਸਥਾਨੇ। ਜਹਿਂ

---

[੧]ਸਾਰੇ ਸ਼ਹਿਰ ਵਿਚ ਜਾਣਦੇ ਹਨ। [੨]ਪੂਰਨਮਾਸ਼ੀ ਦੇ। [੩]ਚੰਦ੍ਰਮਾਨੂੰ। [੪]ਦੇਖਦੇਹਨ। [੫]ਰਾਹੂ(ਜੋ ਚੰਦ ਨੂੰ ਗ੍ਰਹਨ ਲਾਂਦਾ ਹੈ)। [੬]ਸਿਖ੍ਯਾ ਦੇਂਦਾ। [੭]ਘਰ। [੮]ਚੁੱਪ। [੯]ਗੁੱਸਾ। [੧੦]ਦੋ। [੧੧]ਤਪਿਆ। [੧੨]ਸੁਖ ਦਾ ਜੰਦਰਾ। [੧੩]ਪਿੱਛੋਂ ਦੀ। [੧੪]ਪਹਿਲਾਂ। [੧੫]ਖੇਤੀ ਕਰਨ ਵਾਲਾ। [੧੬]ਪਿੰਗਲਾ। [੧੭]ਪਹਾੜ ਦੀ ਚੋਟੀ। [੧੮]ਵੇਖਣ ਨੂੰ। [੧੯]ਵੀਹ ਰੁਪੱਯੇ। [੨੦]ਹੋਰ ਥਾਵੇਂ। [੨੧]ਜਾਵੇ। [੨੨]ਖੁਸ਼ੀ ਨਾਲ। [੨੩]ਨਾਸ਼ ਕਰਤਾ।

ਕਾਲੂ ਨਾਨਕ ਗਤਿਵਾਨੈ ॥ ੩੬ ॥ ਮੁਝਕੋ ਸਾਦਰ ਨਿਕਟਿ ਬਿਠਾਯੋ*। ਹਿਤ ਭੋਜਨ ਕੇ ਬਚਨ ਅਲਾਯੋ[1]*। 'ਸੁਨਿ ਬਾਲੇ ਤੂੰ ਹੈਂ ! ਮਤਿਵਾਨੈ। ਕੀਜੈ ਨਾਨਕ ਸੰਗ ਪਯਾਨੈ[2] ॥ ੩੭ ॥ ਹੋਇ ਲਾਭਦਾ[3] ਸੌਦਾ ਜੋਊ। ਲੇਹੁ ਸੰਭਾਰ ਆਨਿਯੋ ਸੋਊ'। ਅਸ ਕਹਿ ਬੀਸ ਰਜਤਪਣ[4] ਦੀਨੇ। ਭਲਿ ਬਿਧਿ ਸੋਂ ਮੁਝ ਸੌਂਪਨ ਕੀਨੇ ॥ ੩੮ ॥ ਭਾ ਤਯਾਰ ਮੈਂ ਮਾਨ ਨਿਦੇਸਾ[5]। ਚਲੇ ਮੁਕੰਦ ਜਿ ਕਟਤਿ ਕਲੇਸ਼ਾ। ਚਾਰੁ ਪਟੰਬਰ ਕੀ[6] ਇਕਲਾਈ[7]। ਸੋ ਲੀਨੀ ਮੈਂ ਕੰਧ[8] ਉਚਾਈ[9] ॥ ੩੯ ॥ ਵਹਿਰ ਨਗਰ ਤੇ ਕੇਤਿਕ ਦੂਰੀ। ਕਾਲੂ ਦੇ ਤਹਿਂ ਸਿਖਵਨ ਭੂਰੀ[10]। ਬਹੁਰ ਹਟਯੋ ਕਰਿ ਮੋਹ ਘਨੇਰਾ। ਬਾਰਬਾਰ ਪਾਛਲ ਦਿਸਿ ਹੇਰਾ[11]।੪੦।ਮੰਦ ਮੰਦ ਪਗ ਧਰਿ ਗੁਨ ਮੰਦਰ[12]। ਚਲਤਿ ਪੰਥ ਭਾਖਤਿ ਬਚ† ਸੁੰਦਰ। ਭਗਤਿ ਵਿਰਾਗ ਗਯਾਨ ਗੁਨ ਸਾਨੀ[13]। ਮੁਝ ਉਪਦੇਸ਼ਨ ਕਹਿਤਿ ਕਹਾਨੀ ॥ ੪੧ ॥ ਗ੍ਰਾਮ[14] ਨਗਰ ਮਾਰਗ ਮਹਿਂ ਜੇਤੇ। ਸਹਜਿ ਸਹਜਿ ਉਲੰਘੇ ਸਭਿ ਤੇਤੇ। ਚਲਤਿ ਚਲਤਿ ਆਯੋ ਇਕ ਕਾਨਨ[15]।ਤਾਂਹਿ ਬਿਲੋਕਤਿ ਸ੍ਰੀ ਕਮਲਾਨਨ[16] ॥੪੨॥ ਸੁੰਦਰ ਆਸ਼੍ਰਮ[17] ਏਕ ਨਿਹਾਰੀ। ਜਹਿਂ ਤਪੀਸ਼ ਤਪ ਤਾਪਹਿਂ ਭਾਰੀ‡। ਕਿਹਿ ਆਸਨ ਕਿਯ ਊਰਧ ਬਾਹੂ[18]। ਬਿਟਪਨ[19] ਲਟਕਤਿ[20] ਕੋ ਉਲਟਾਹੂ[21]॥ ੪੩॥ ਏਕ ਚਰਨ ਪਰ[22] ਕੋ ਇਕ ਠਾਂਢੇ। ਸੁਖ ਪਰਲੋਕ ਜਿਨਹਿਂ ਰੁਚਿ ਬਾਢੇ। ਕਾਹੂ ਸਿਧਾਸਨ§ ਕੋ ਪਦਮਾਸਨ‖। ਬਾਰਿਪਾਨ ਕੋ ਰਹਤਿ[23]

---

[1]ਕਿਹਾ। [2]ਜਾਣਾ ਕਰੋ। [3]ਨਫੇਵੰਦਾ। [4]ਰੁਪੱਯੇ। [5]ਆਗਯਾ। [6]ਸੁੰਦਰ ਰੇਸ਼ਮ ਦੀ। [7]ਦੁਲਾਈ। [8]ਮੋਢੇ ਤੇ। [9]ਚੁਕ ਲਈ। [10]ਬਹੁਤੀ ਸਿੱਖਯਾ। [11]ਵੇਖਦਾ ਸੀ। [12]ਭਾਵ ਗੁਰੂ ਜੀ। [13]ਮਿਲੀ ਹੋਈ। [14]ਪਿੰਡ। [15]ਜੰਗਲ। [16]ਉਸ (ਬਨ) ਨੂੰ ਵੇਖਦੇ ਸਨ ਕਮਲ ਮੁਖ ਵਾਲੇ। [17]ਟਿਕਾਣਾ। [18]ਬਾਹਾਂ ਖੜੀਆਂ। [19]ਦਰਖਤਾਂ ਨਾਲ। [20]ਲਟਕ ਰਹੇ ਸਨ। [21]ਅਪੁੱਠੇ। [22]ਇਕ ਪੈਰ ਦੇ ਭਾਰ। [23]ਕੋਈ ਪਾਣੀ ਪੀਕੇ ਗੁਜ਼ਾਰਾ ਕਰਦਾ ਹੈਸੀ। *ਟਿੱਪੀ ਦੀ ਥਾਂ ਪਾਠਾਂਤ੍ਰ ਹੋੜਾ ਹੈ।

†ਪਾ:—ਬੋਲਤ ਬਚ। ‡ਪਾ:—ਜਾਹਿ ਤਪੀ ਤਪ ਤਾਪਹਿਂ ਭਾਰੀ।

§ਸਿੱਧਾਸਨ ਇਹ ਹੈ ਕਿ ਖੱਬੇ ਪੈਰ ਦੀ ਅੱਡੀ ਲਿੰਗ ਗੁਦਾ ਦੇ ਵਿਚਕਾਰ ਸੀਵਨ ਦੇ ਵਿਚ ਰੱਖਣੀ, ਸੱਜੇ ਪੈਰ ਦੀ ਅੱਡੀ ਲਿੰਗ ਦੇ ਉੱਪਰ ਵਾਰ ਟਿਕਾਵਣੀ, ਗਿੱਚੀ ਸਿੱਧੀ ਤੇ ਸ਼ਰੀਰ ਨੂੰ ਕੱਸਕੇ ਰਖਣਾ। ਇਹ ਹਠ ਯੋਗ ਦੇ ਤ੍ਰੀਕੇ ਹਨ।

‖ਪਦਮਾਸਨ ਇਉਂ ਹੁੰਦਾ ਹੈ ਸੱਜੇ ਪੈਰ ਨੂੰ ਖੱਬੇ ਪੱਟ ਪੁਰ ਰੱਖਣਾ, ਖੱਬੇ ਪੈਰ ਨੂੰ ਸੱਜੇ ਪੱਟ ਪੁਰ ਰੱਖਣਾ, ਕੰਡ ਪਿਛੋਂ ਬਾਂਹਾਂ ਫੇਰਕੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਤੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਫੜਨਾ, ਸ਼ਰੀਰ ਨੂੰ ਕੱਸ ਕੇ ਸਿੱਧਾ ਰੱਖਣਾ।

ਬਿਨਾਸਨ[੧] ॥ ੪੪ ॥ ਸ੍ਵੇਤ ਰੰਗ[੨] ਲਾਗੀ ਭੁਸਮੰਗਾ[੩]। ਜਟਾ[੪] ਸੀਸ[੫] ਜਿਨ ਧੂਸਰ[੬]ਰੰਗਾ। ਕਿਨ ਬਲਕਲ[੭] ਲਿਯ ਕੋ ਅੰਗ ਨੰਗਾ। ਅਗਨਿ ਉਸ਼ਨ ਸੋਂ ਕੋਇ ਉਮੰਗਾ[੮] ॥ ੪੫ ॥ ਕੋ ਬੈਠਹਿ ਜਲ ਕੰਠ ਪ੍ਰਮਾਨਾ[੯]। ਸਿਮਰ ਇਕਾਕੀ[੧੦] ਕੋ ਭਗਵਾਨਾ। ਕੋ ਠਾਂਢੋ[੧੧] ਦਿਨਰੈਨ ਬਿਤਾਵੈ। ਕੋ ਮੋਨੀ[੧੨] ਨਹਿਂ ਬਚਨ ਅਲਾਵੈ ॥੪੬॥ ਕੋ ਨਿਜ ਬ੍ਰਿੱਤ ਨਿਰੋਧਨ ਕਰਿਹੀ[੧੩]। ਸੁਖ ਜੁ ਸੁਰਗ ਤ੍ਰਿਨ ਸਮ ਪਰਿਹਰਿਹੀ[੧੪] । ਕੋ ਮਿਲ ਕਰਿ ਹਰਿ ਕਥਾ ਰਸਾਲਾ[੧੫]। ਪਢਹਿ ਸੁਨਹਿ ਧਰਿ ਪ੍ਰੇਮ ਬਿਸਾਲਾ॥੪੭॥ਸਭਿ ਕੋ ਇਕ ਮਹੰਤ,ਸੋ ਕੈਸਾ? ਮਨਹੁਂ ਸ਼ਰੀਰ ਧਾਰਿ ਤਪ ਬੈਸਾ। ਤਰੁਤ੍ਵਕ ਕੀ[੧੬] ਕਟਿ ਕੀਨਿ ਕੁਪੀਨਾ[੧੭]। ਮ੍ਰਿਗਛਾਲਾ ਪਰ ਆਸਨ ਕੀਨਾ ॥੪੮॥ ਭਾਰੀ ਜਟਾਮੁਕਟ[੧੮] ਜਿਹ ਸੀਸਾ। ਬੈਠਯੋ ਰਿਦੈ ਭਜਤਿ ਜਗਦੀਸ਼ਾ। ਤਿਨਹਿਂ ਬਿਲੋਕ ਠਾਂਢਿ ਹੁਇ ਰਹੇ[੧੯]। ਮੁਝ ਸੋਂ ਅਸ ਬਚ ਕੋਮਲ ਕਹੇ ॥੪੯॥ 'ਬਨਜ ਭਲੋ ਹਮ ਇਹਠਾਂ ਪਾਯੋ। ਯਾਂਕੋ ਤਜਿਨੋ ਮਨ ਨਹਿਂ ਭਾਯੋ। ਪਾਇ ਅਮੋਲ ਜੁ ਮਗ ਮਹਿ ਹੀਰਾ। ਫਟਕ ਨ ਬਨਜਹਿਂ[੨੦] ਜੇ ਮਤਿ ਧੀਰਾ ॥੫੦॥ਖੋਜਤਿ ਮਧੁ[੨੧] ਪਯੂਖ[੨੨]ਕਰ ਆਈ। ਜੋ ਜਾਨਹਿਂ ਨਿਜ ਭਾਗ ਭਲਾਈ। ਬਹੁਰ ਪਿਤਾ ਕੀ ਆਗਯਾ ਜੋਊ ॥ ਭਲੋ ਬਨਜ ਕਰਨੇ ਕੀ ਸੋਊ ॥ ੫੧ ॥ ਯਾਂਤੇ ਬਨਜ ਲਾਭਦਾ ਔਰ ਨ[੨੩]।ਫਿਰ ਦੇਖਹੁ ਜੇ ਸਭਿ ਹੀ ਠੌਰਨ[੨੪]। ਏਹ ਰਜਤਪਨ[੨੫]ਇਨਹਿ ਚਢਾਵਹਿਂ।ਅਸਨ[੨੬]ਬਸਨ[੨੭] ਤੇ ਲੇ ਸੁਖ ਪਾਵਹਿਂ'॥੫੨॥ ਅਸ ਸੁਨਿ ਕਰਿ ਬਚ ਬੇਦੀ ਬਰਕੇ। ਮੈਂ ਬੋਲਯੋ ਕਾਲੂ ਦਿਸ਼[੨੮] ਡਰਿਕੇ।'ਬਨਕਨ[੨੯]ਜਿਉਂ[੩੦] ਬਨਜਨ[੩੧] ਧਨ ਹੇਤੂ। ਤੁਮ ਕੋ ਭੇਜਯੋ ਕ੍ਰਿਪਾ ਨਿਕੇਤੂ ! ॥੫੩॥ ਪੁਨ ਤੁਮ ਜਨਕਹਿ[੩੨] ਕਠਿਨ ਸੁਭਾਊ। ਗੁਨਹੁ ਆਪ[੩੩] ਮੁਝ ਦੋਸ਼ੁ ਨ ਕਾਊ ॥ ਪਿਤਾ ਪੁੱਤ੍ਰ ਕਰਿ ਲੇਹੁ ਨਿਬੇਰੋ। ਮੈਂ ਹੋ ਦਾਸ ਨ ਕਰਹਿ ਸੁ ਝੇਰੋ[੩੪] ॥੫੪॥

---

[੧](ਕੋਈ) ਨਿਰਹਾਰ, ਬਿਨ+ਅਸਨ। [੨]ਚਿੱਟੇ ਰੰਗ ਵਾਲੀ। [੩]ਸੁਵਾਹ ਅੰਗਾਂ ਪੁਰ। [੪]ਜਤਾਵਾਂ। [੫]ਸਿਰ ਤੇ। [੬]ਮਿਟਿਆਲਾ। [੭]ਭੋਜ ਪੱਤ੍ਰ। [੮]ਅੱਗ ਦੇ ਸੇਕ ਨਾਲ ਕੋਈ ਹਿਤ ਕਰ ਰਿਹਾ ਹੈ। [੯]ਜਲ ਵਿਚ ਗਿੱਚੀ ਤਕ। [੧੦]ਇਕੱਲਿਆਂ। [੧੧]ਖੜੇਰਹਿਕੇ। [੧੨]ਚੁੱਪ ਰਹਿੰਦਾ। [੧੩]ਬ੍ਰਿਤੀਏਕਾਗਰ ਕਰ ਰਿਹਾ ਹੈ। [੧੪]ਤਯਾਗ ਦਿੱਤਾ ਹੈ। [੧੫]ਸੁੰਦਰ। [੧੬]ਦਰੱਖਤ ਦੀ ਛਿੱਲ ਦੀ। [੧੭]ਲੱਕ ਨਾਲ ਲੰਗੋਟੀ ਬੱਧੀ ਹੈ। [੧੮]ਜਟਾਂ ਦਾ ਮਾਨੋਂ ਮੁਕਟ। [੧੯]ਭਾਵ, ਗੁਰੂ ਜੀ ਖੜੇ ਹੋ ਰਹੇ। [੨੦]ਫੇਰ ਸ਼ੀਸ਼ਾ ਨਹੀਂ ਵਣਜਦੇ। [੨੧]ਸ਼ਹਦ। [੨੨]ਅੰਮ੍ਰਿਤ। [੨੩]ਹੋਰ ਨਹੀਂ। [੨੪]ਸਭਨੀਂ ਥਾਈਂ। [੨੫]ਰੁਪੱਯੇ। [੨੬]ਭੋਜਨ। [੨੭]ਕਪੜੇ। [੨੮]ਵਲੋਂ। [੨੯,੩੦]ਬਾਣੀਆਂ ਵਾਂਗ। [੩੧]ਵਪਾਰ ਲਈ ਧਨ (ਦੇਕੇ)। [੩੨]ਫੇਰ ਤੁਸਾਡੇ ਪਿਤਾ ਜੀ ਦਾ। [੩੩]ਤੁਸੀਂ ਵਿਚਾਰ ਲਓ। [੩੪]ਝਗੜਾ।

ਜਿਉਂ ਮਨ ਆਇ ਕਰਹੁ ਤਿਉਂ ਕਾਰ॥ ਹੌਂ ਤੌਂ ਨਿਤ ਰਾਵਰਿ ਅਨੁਸਾਰ॥
ਖੇਲਤਿ ਜਬੈ ਬਾਲਕਨਿ ਮਾਂਹੀ। ਤਬਹੀ ਸੰਗ ਤਜਯੋ ਮੈਂ ਨਾਂਹੀ ॥੫੫॥
ਜਿਉਂ ਜਿਉਂ ਮੁਝ ਕੋ ਦੇਤਿ ਰਜਾਈ[1]। ਤਿਉਂ ਤਿਉਂ ਕਰਉਂ* ਸਦਾ
ਸੁਖ ਪਾਈ। ਕਰਨੋਚਿਤ[2] ਕਰੀਏ ਗੁਨ ਉਰ ਮੈਂ[3]। ਅਸ ਕਹਿ ਮੈਂ
ਦੀਨੋ ਧਨ ਕਰ ਮੈਂ[4] ॥੫੬॥ ਕਰ ਮਹਿਂ ਲੇਯ ਕਾਰਖਿਕ[5] ਤਬਹੀ। ਗਏ
ਮਹੰਤ ਸੰਤ ਜਹਿਂ ਸਭਿ ਹੀ। ਕਰ ਬੰਦਨ ਤਿਨ ਕੇ ਢਿਗ ਬੈਸੇ। ਕੁੰਭਜ[6]
ਨਿਕਟ ਰਘੁਤਮ[7] ਜੈਸੇ ॥੫੭॥ ਮ੍ਰਿਦੁਲ ਮਧੁਰ ਕਰੁਨਾ ਸੰਗ ਸਾਨੀ[8]।
ਬੋਲੇ ਪਰਮ ਮਨੋਹਰ ਬਾਨੀ॥'ਨਗਨ ਅੰਗ ਦਿਨ ਰੈਨ ਬਿਤਾਵਤਿ†।ਪਹਿ-
ਰਤਿ ਨਹੀਂ ਕਿ ਹਾਥ ਨ ਆਵਤਿ? ॥੫੮॥ਇਸ ਰਿਤੁ ਮਹਿਂ ਤਨ[9]ਸੀਤ[10]
ਸੰਤਾਵਤਿ। ਬਹੁਰੋ ਬਰਖਾ[11], ਉਸਨ[12] ਤਪਾਵਤਿ। ਅਚਵਹੁ[13] ਅਸਨ[14]
ਕਿ ਰਹਹੁ ਅਨਸਨਾ[15]। ਦੇਤਿ ਖੇਦ ਤਨ ਜਿਉਂ ਬਿਨ ਬਸਨਾ[16] ॥੫੯॥
ਪ੍ਰਭਾਵਾਨ ਸੁੰਦਰ ਸਰਬੰਗਾ[17]। ਭਸਮ ਸੰਗ ਸੋਂ ਕੀਨਿ ਕੁਰੰਗਾ। ਸੰਤ ਰੂਪ
ਮੱਤਿ[18] ਭਲੋ ਉਤੰਗਾ। ਉੱਤਰ ਦੀਜੈ ਸੰਗ ਉਮੰਗਾ' ॥੬੦॥ ਰਿਖੀਕੇਸ਼[19]
ਸੁਨਿ ਬੋਲਯੋ ਬਾਨੀ। ਮੁਕਤਿ ਜੁ ਮਾਰਗ ਤਾ ਰਸ ਸਾਨੀ[20]। 'ਸਾਧ ਬੇਖ
ਜਿਨ ਧਰਯੋ ਸਰੀਰਾ। ਤਾਂਕੋ ਚਹੀਅਤਿ ਸੰਜਮ ਚੀਰਾ[21] ॥ ੬੧ ॥ ਬਹੁਰ
ਸੁਨਹੁ ਭੋਜਨ ਕੀ ਰੀਤੀ। ਜੇ ਹਮ ਜਾਚਹਿਂ ਹੋਤਿ ਅਨੀਤੀ। ਸਿੰਘਾਸਨ[22]
ਸੰਤੋਖ ਸੁਹਾਵਾ। ਤਾਂਪਰ ਬੈਸ ਪਰਮ ਸੁਖ ਪਾਵਾ ॥੬੨॥ ਪਰਾਲਬਧ ਸੋਂ
ਦਾਸ ਹਮਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ। ਸੁਭਟ ਸੰਗ[23] ਬਹੁ ਬਿਧਿ
ਤਪ ਤਾਪਨ। ਮੋਹ ਨ੍ਰਿਪਤ ਕੀ ਪ੍ਰਤਿਨਾ ਖਾਪਨ[24] ॥੬੩॥ ਸਤਿ ਕੋ ਛਤਰ
ਸੀਸ ਪਰ ਝੂਲੈ। ਜਾਸ ਬਿਲੋਕ[25] ਦਬਤਿ ਪ੍ਰਤਿਕੂਲੀ[26]। ਅਬਚਲ
ਜਬ ਕੋ ਅਸ ਸੁਖ ਪਾਯੋ। ਅਨਤ[27] ਨ ਤਬ ਕੋ ਮਨ ਬਿਰਮਾਯੋ[28]।

---

[1]ਹੁਕਮ। [2]ਕਰਨੇ ਦੇ ਲਾਇਕ (ਜੋ ਹੈ ਸੋ)। [3]ਦਿਲ ਵਿਚ ਸੋਚਕੇ। [4]ਹੱਥ ਵਿਚ। [5]ਰੁਪੱਯੇ। [6]ਅਗਸਤ ਮੁਨੀ। ਪੰਚਬਟੀ ਨਿਵਾਸ ਤੋਂ ਪਹਿਲਾਂ ਸ੍ਰੀ ਰਾਮ ਜੀ ਅਗਸਤ ਨੂੰ ਮਿਲੇ ਸੇ,ਜਿਸਨੇ ਉਨ੍ਹਾਂ ਦਾ ਆਦਰ ਕੀਤਾ ਤੇ ਇਹਵਾਕ ਕਹੇ:—ਦੀਰਘ ਕਾਲਸੁ ਮੈਂ ਤਪਕੀਨੋ।ਤੋਹਿਬਿਖੇਮਨ ਆਨ ਨਦੀਨੋ।ਤਾਂਕੇ ਫਲ ਮੈਂ ਆਜ ਸੁ ਪਾਇ।ਤੇ ਪਦ ਪੰਕਜ ਵਾਰ ਚਢਾਇ।(ਅਧਯਾ: ਰਾਮਾ: ਆਰਿਨ: ੩)ਗੁ: ਪ੍ਰ: ਸੂ: ਰੁਤ ੨, ਅੰਸੂ ੧੩, ਅੰਕ ੪੨ ਵਿਚ ਇਹ ਖਯਾਲ ਐਉਂ ਆਯਾ ਹੈ:—ਰਾਮਚੰਦ ਢਿਗ ਕਿਧੋਂ ਅਗਸਤ। [7]ਸ੍ਰੀਰਾਮਚੰਦਰ। [8]ਕਿਰਪਾ ਨਾਲ ਮਿਲੀ। [9]ਸ਼ਰੀਰ। [10]ਪਾਲਾ। [11]ਬਰਸਾਤ(ਸਤਾਉਂਦੀਹੈ)। [12]ਗਰਮੀ। [13]ਖਾਂਦੇ ਹੋ। [14]ਭੋਜਨ। [15]ਨਿਰੋਹਾਰ। [16]ਕਪੜੇ ਦੇ। [17]ਸਾਰੇ ਅੰਗਾਂ ਕਰਕੇ। [18]ਸਿੱਧਾਂਤ। [19]ਮਹੰਤ। [20]ਮਿਲੀ ਹੋਈ। [21]ਕਪੜੇ ਦਾ। [22]ਤਖਤ। [23]ਚੰਗੇ ਸੂਰਮਿਆਂ ਨਾਲ। [24]ਮੋਹਰਾਜੇ ਦੀ ਸੈਨਾ ਖਪਾ ਦੇਣ ਨੂੰ। [25]ਵੇਖਕੇ। [26]ਵੈਰੀ। [27]ਹੋਰ ਪਾਸੇ। [28]ਮੋਹਿਆ ਨਹੀਂ। *ਪਾ:—ਕਰਤ। †ਪਾ:—ਬਿਹਾਵਤ।

॥ ੬੪ ॥ ਸੰਤ ਉਕਤਿ ਕੀ ਸੁਨਿ ਕਰਿ ਜੁਗਤੈ[੧]। ਹਰਖਤਿ ਸ੍ਰੀ ਨਾਨਕ ਬਚਨੁਕਤੈ[੨]। 'ਰਾਵਰਿ ਨਾਮ ਸੁਨਨ ਅਭਿਲਾਖਾ। ਤੁਮਹੋ ਧੰਨ ਧਰਮ ਦ੍ਰਿੜ੍ਹਰਾਖਾ ॥੬੫॥ ਕਿਧ ਆਸਾ ਇਕ ਏਕੰਕਾਰੇ।ਪਰਬ੍ਰਿਤਿ[੩] ਤਜਿ ਨਿਰ-ਬ੍ਰਿਤਿ[੪] ਪਗ ਧਾਰੇ*। ਸੁਮਤਿ ਅਗਾਤੀ[੫] ਸੰਤ ਸੁਚਾਲੀ। ਸ਼ਾਂਤਿ ਲਤਾ[੬] ਭਲਿ ਬਿਧਿ ਪ੍ਰਤਿਪਾਲੀ[੭] ॥ ੬੬ ॥ ਪੁਨ ਭਾਖਤਿ ਮਹੰਤ ਸ਼ੁਭ ਬਾਨੀ†। 'ਭੋ ਧੀਮਤਿ[੮] ਤੁਮ ਹੋ ਗੁਨ ਖਾਨੀ! ਬੈਸ ਕਿਸ਼ੋਰ ਬਿਖੈ‡ ਅਪਮਾਨੀ[੯]। ਸਤਿ ਸੰਗਤਿ ਪਰ ਸੁਮਤਿ ਲੁਭਾਨੀ ॥੬੭॥ ਸੰਤਰੇਨ ਹੈ ਨਾਮ ਹਮਾਰਾ। ਸ੍ਰੀ ਗੁਰੁ ਬਚ ਸੋਂ ਧਰਯੋ ਸੁਧਾਰਾ।ਦੀਨ ਗਰੀਬੀ ਕੋ ਸਿਰੁਪਾਉ। ਸੁਜਸ ਜਾਸੁ ਬਹੁ ਵਧ-ਤਿ ਪ੍ਰਭਾਉ[੧੦]'।੬੮।ਰਿਦੇ ਪ੍ਰਸੀਦੇ[੧੧]ਸੁਨਿਕਰਿ ਨਾਮੁ।ਜਿਉਂ ਕਵਿ ਉਕਤਿ[੧੨] ਸੁਨਤਿ ਮਤਿਧਾਮੁ[੧੩]।ਮੁਝ ਸੋਂ ਕਹਿਨਲਗੇ ਤਿਹ ਕਾਲਾ। 'ਤਜਯੋ ਨ ਜਾਇ ਬਨਜ ਇਹ,ਬਾਲਾ!' ॥੬੯॥ਕਰ ਤੇ ਧਨ ਧਰਿ ਅੱਗ੍ਰ ਮਹੰਤਾ। 'ਅਸਨ[੧੪] ਕਰਾਵਹੁ'ਕਹਿੰ ਜਗਕੰਤਾ[੧੫]। 'ਹਮ ਨੈ ਤੁਮਰੀ ਸਭਿ ਬਿਧਿ ਜਾਨੀ। ਕਰਤਿ ਨ ਪ੍ਰਾਰਥਨਾ ਗੁਨਹਾਨੀ[੧੬] ॥੭੦॥ ਬਿਨ ਜਾਚੇ[੧੭] ਸਾਦਰ ਜੋ ਦੇਈ। ਤਾਂਕੋ ਰੁਚਿ ਸੋਂ[੧੮] ਅਚਨ ਕਰੇਈ[੧੯]। ਅਬਹਿ ਪਠਾਇ ਸ੍ਰੀ ਕਰਤਾਰਾ। ਲੇ ਕਰਿ ਸੁਖ ਸੋਂ ਕਰਹੁ ਅਹਾਰਾ' ॥ ੭੧ ॥ ਕਹਿ ਮਹੰਤ 'ਲਘੁ ਬੈਸ[੨੦] ਕੁਲੀਨੰ। ਤਵ ਬਿਵਹਾਰੇ ਜਨਕ[੨੧] ਅਧੀਨੰ। ਪਠਯੋ ਕਾਜ ਕਿਹ ਤੋਹਿ ਵਿਚਾਰੀ। ਜਾਹੁ ਛੂਛ[੨੨] ਤੋ ਦੇਹਿ ਨਿਕਾਰੀ' ॥ ੭੨ ॥ 'ਸੁਨਹੁ ਸੰਤ! ਮੈਂ ਪਿਤਾ ਨਿਦੇ-ਸਾ[੨੩]। ਸੋ ਕੀਨੋ ਜਿਸ ਲਾਭ ਵਿਸ਼ੇਸ਼ਾ। ਮੁਝ ਸੋਂ ਕਹਯੋ ਬਨਜ ਸੋ§ ਕਰੀਏ। ਯਾਂਤੇ ਅਨਤ[੨੪] ਨ ਭੁਲੋ ਬਿਚਰੀਏ' ॥੭੩॥ ਬਾਨੀ ਸੁਨੀ ਸੁ ਧੀਰ ਮਹੰਤਾ। ਕਹਯੋ 'ਜਿ ਤਵ ਉਰ ਇਹ ਦ੍ਰਿੜ੍ਹ ਮੰਤਾ[੨੫]। ਲੇ ਜਾਵਹੁ ਧਨ ਨਿਜ ਕਿਹ[੨੬] ਨਗਰੀ। ਭੋਜਨ ਸੌਜ[੨੭] ਆਨਿ ਦਿਹੁ ਸਗਰੀ' ॥ ੭੪ ॥ ਸੁਨੇ

---

[੧]ਸੰਤ ਦੀ ਉਚਾਰੀ ਜੁਗਤੀ। [੨]ਬਚਨ ਬੋਲੇ, ਬਚਨ+ਉਕ੍ਤੈ। [੩]ਪਰਵਿਰਤੀ, ਗ੍ਰਿਹਸਤ ਆਦਿ। [੪]ਨਿਰਵਿਰਤੀ, ਤਯਾਗ। [੫]ਪ੍ਰਾਪਤੀ ਵਾਲੇ। [੬]ਸ਼ਾਂਤੀ ਦੀ ਬੇਲ। [੭]ਚੰਗੀ ਤਰ੍ਹਾਂ ਪਾਲੀ ਹੈ। [੮]ਹੇ ਬੁਧੀਵਾਨ! [੯]ਛੋਟੀ ਉਮਰੇ ਮਾਨ ਰਹਿਤ ਹੋ, (ਅ) ਵਿਸ਼ੇ ਤ੍ਰਿਸਕਾਰੇ ਹਨ। [੧੦]ਪ੍ਰਤਾਪ। [੧੧]ਖੁਸ਼ ਹੋਏ। [੧੨]ਕਵੀ ਦਾ ਕਥਨ। [੧੩]ਬੁੱਧੀ ਦੇ ਘਰ। [੧੪]ਭੋਜਨ। [੧੫]ਜਗਤ ਪਤੀ ਭਾਵ ਗੁਰੂ ਜੀ ਨੇ ਕਿਹਾ। [੧੬]ਗੁਣਾਂ ਦਾ ਨਾਸ਼ ਕਰਨ ਵਾਲੀ ਅਰਜ਼ (ਤੁਸੀਂ) ਨਹੀਂ ਕਰਦੇ, ਭਾਵ ਕਿਸੇ ਕੋਲੋਂ ਹੱਥ ਟੱਡਕੇ ਮੰਗਦੇ ਨਹੀਂ। [੧੭]ਮੰਗੇ। [੧੮]ਪ੍ਰੇਮ ਨਾਲ। [੧੯]ਛਕਦੇ ਹੋ। [੨੦]ਉਮਰ ਛੋਟੀ। [੨੧]ਪਿਤਾ ਦੇ। [੨੨]ਖਾਲੀ। [੨੩]ਮੇਰੇ ਪਿਤਾ ਦੀ ਆਗਯਾ ਹੈ। [੨੪]ਹੋਰ। [੨੫]ਪੱਕੀ ਸਲਾਹ ਹੈ। [੨੬]ਕਿਸੇ। [੨੭]ਭੋਜਨ ਦੀ ਰਸਦ।

*ਪਾ:-ਤਪਧਾਰੇ।

†ਪਾ:-ਭਾਖਤ ਪੁਨਹ ਮਹੰਤ ਸੁਬਾਨੀ।

‡ਪਾ:-ਦਿਸੈ-ਬੀ ਹੈ

§ਪਾ:-ਸ਼ੁਭ।

ਸ੍ਰਵਨ[1] ਸੰਤਨ ਕੇ ਬੈਨਾ। ਨਗਰ* ਦਿਸ਼ਾ ਗਮਨੇ ਗੁਨਐਨਾ। ਲੇ ਬਿਪਨੀ[2] ਤੇ ਚੂਨ[3] ਮਹੀਨਾ। ਤਿਹ ਹਿਤ ਪੰਚ ਰਜਤਪਨ[4] ਦੀਨਾ ॥ ੭੫ ॥ ਸੂਖਮ ਚਾਵਰ ਚਾਰੁ ਲੰਮੇਰੇ[5]। ਤਿਹ ਸਮ[6] ਲੇਕਰਿ ਭਾਰ ਬੰਧੇਰੇ। ਲੀਨ ਤੀਨ ਕੋ ਘ੍ਰਿੱਤ ਨਵੀਨਾ। ਸਿਤਾ[7] ਸ੍ਵੇਤ[8] ਤਾਂਕੇ ਸਮ[9] ਲੀਨਾ ॥ ੭੬ ॥ ਦੁਗਧ[10] ਹੇਤ[11] ਖਰਚੇ ਪੁਨ ਤੀਨੋ। ਬਾਕੀ ਭਾਰਬਾਹ[12] ਕੋ ਦੀਨੋ। ਸਭਿਹਿ ਸੌਂਜ[13] ਪੁਰਿ ਤੇ ਉਚਵਾਈ[14]। ਸੰਤਨ ਢਿਗ[15] ਗਮਨੈ ਜਗਰਾਈ[16] ॥ ੭੭ ॥ ਸਭਿ ਸੰਭਾਰ ਮਹੰਤ ਅਗਾਰੀ । ਧਰਿ ਬੈਸੇ ਸੇਵਕ ਸੁਖਕਾਰੀ[17]। 'ਦੀਜੈ ਆਇਸੁ[18] ਹੋਇ ਰਸੋਈ। ਅਚਹਿੰ[19] ਸੰਤ ਰੁਚਿ[20] ਕਰਹਿਂ ਜਿਤੋਈ[21]' ॥ ੭੮ ॥ ਸੋਰਠਾ ॥ ਸੁਨਿ ਮਹੰਤ ਮਤਿਵੰਤ ਕਹੀ ਗਿਰਾ ਜਗਕੰਤ ਸੋਂ। 'ਕਰਿ ਅਚਵਹਿੰਗੇ[22] ਸੰਤ ਤੁਮ ਗਮਨਹੁ[23] ਪੁਰਿ ਆਪਨੇ' ॥੭੯॥ ਦੋਹਰਾ ॥ ਤਜਿ ਕਾਨਨ[24] ਕਮਲਾਨਨੈ[25] ਗਵਨੇ ਨਿਜ ਪੁਰਿ ਓਰ। ਕਵਿ ਸੰਤੋਖ ਸਿੰਘ ਬੰਦਨਾ ਧਰ ਪਰ ਜੁਗ ਕਰ ਜੋਰਿ ॥ ੮੦ ॥ ਇਤਿ ਸ੍ਰੀਗੁਰਨਾਨਕ ਪ੍ਰਕਾਸ਼ਗ੍ਰੰਥੇ ਪੂਰਬਾਰਧੇ'ਤਪਸੀਅਨਪ੍ਰਸੰਗ'ਬਰਨਨੰ ਨਾਮਚਤੁਰਦਸਮੋਧ੍ਯਾਇ।੧੪।

੧੫. [ਗੁਰੂ ਅੰਗਦ ਮੰਗਲ। ਖਰਾ ਸੌਦਾ; ਬਾਬਾ ਕਾਲੂ ਤੇ ਰਾਯ ਬੁਲਾਰ]।

ਦੋਹਰਾ ॥ ਸ੍ਰੀ ਅੰਗਦ ਅਰਬਿੰਦ ਪਦ ਆਨੰਦ ਕੰਦ ਮੁਕੰਦ।
ਧਰਪਰ ਧਰਿ ਸਿਰ ਨਮਹਿ ਕਰਿ ਸ਼ਰਨ ਹਰਨ ਦੁਖ ਦ੍ਵੰਦ ॥੧॥

{ ਅਰਬਿੰਦ=ਕਮਲ। ਪਦ=ਚਰਣ, ਪੈਰ।
ਆਨੰਦ ਕੰਦ=ਆਨੰਦ ਦੇ ਫਲ ਯਾ ਬਦਲ, ਆਨੰਦ ਦਾਤੇ।
ਮੁਕੰਦ=ਮੁਕਤੀ ਦਾਤਾ।
ਦ੍ਵੰਦ=ਦੁਖ, [ਦ੍ਵੰਦ੍ਵ=ਦੁਖ] ਵਡੇ ਦੁਖ, ਉਪੱਦ੍ਰਵ। }

ਅਰਥ—ਸ੍ਰੀ ਗੁਰੂ ਅੰਗਦ ਦੇਵ ਜੀ-(ਜਿਨ੍ਹਾਂ ਦੀ) ਸ਼ਰਨ ਵੱਤੇ ਦੁਖਾਂ ਨੂੰ ਦੂਰ ਕਰਨ ਵਾਲੀ ਹੈ (ਅਰ ਜੋ) ਆਨੰਦ ਦੇ ਦਾਤਾ ਤੇ ਮੁਕਤੀ ਦੇ ਦਾਤਾ ਹਨ—ਦੇ ਚਰਨਾਂ ਕਮਲਾਂ ਪਰ ਧਰਤੀ ਉਤੇ ਸਿਰ ਧਰਕੇ ਮੱਥਾ ਟੇਕਦਾ ਹਾਂ।

---

[1]ਕੰਨੀਂ। [2]ਮੰਡੀ। [3]ਆਟਾ। [4]ਰੁਪੱਯੇ। [5]ਚਾਵਲ ਸੁਹਣੇ ਤੇ ਲੰਮੇ। [6]ਬਰਾਬਰ ਦ ਅਰਥਾਤ ਪੰਜ ਰੁਪੱਯੇ ਦੇ। [7]ਖੰਡ। [8]ਚਿੱਟੀ। [9]ਬਰਾਬਰ ਅਰਥਾਤ ੩) ਦੀ। [10]ਦੁੱਧ। [11]ਵਾਸਤੇ। [12]ਭਾਰ ਚੁੱਕਣ ਵਾਲੇ ਨੂੰ। [13]ਰਸਤ। [14]ਚੁਕਾਕੇ। [15]ਪਾਸ। [16]ਜਗਤ ਦੇ ਰਾਜੇ ਭਾਵ ਗੁਰੂ ਜੀ। [17]ਸੇਵਕਾਂ ਨੂੰ ਸੁਖੀ ਕਰਨ ਵਾਲੇ। [18]ਆਗ੍ਯਾ। [19]ਖਾਵਨ। [20]ਭੁਖ। [21]ਜਿੰਨੀ ਕੁ ਹੋਵੇ। [22]ਛਕ ਲੈਣਗੇ। [23]ਜਾਵਹੁ। [24]ਜੰਗਲ ਨੂੰ। [25]ਕਮਲ ਮੁੱਖ ਵਾਲੇ।

*ਨਗਰ ਤੋਂ ਮੁਰਾਦ—ਚੂਹੜਕਾਣਾ ਹੈ ਜੋ ਹੁਣ ਤਕ ਹੈ ਤੇ ਇਸ ਟਿਕਾਣੇ ਯਾਦਗਾਰੀ ਗੁਰਦੁਆਰਾ ਬੀ ਹੈ; ਜਿਸ ਨੂੰ ਖਰਾ ਸੌਦਾ ਤੇ ਸੱਚਾ ਸੌਦਾ ਬੀ ਕਹਿੰਦੇ ਹਨ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਜਬ ਹਮ ਗਮਨੇ[1] ਤਿਨਕੋ ਤ੍ਯਾਗੀ। ਬੋਲੇ ਸੰਤ ਗਿਰਾ[2] ਅਨੁਰਾਗੀ[3]।'ਆਰਬਲਾਲਘੁ ਬਾਲ ਸੁਚਾਲੀ। ਗਿਰਾ ਵਿਰਾਗ ਭਗਤਿ ਭਲ ਸਾਲੀ[4] ॥ ੨ ॥ਤੁਮ ਸੌਂ ਆਨਿ ਕੀਨ ਬਹੁ ਭਾਉ। ਮ੍ਰਿਦੁਲ[5] ਕ੍ਰਿਪਾਲ ਬਿਸਾਲ ਸੁਭਾਉ।ਭੋਜਨ ਸੌਜ ਆਨਿ[6]ਜਬ ਬੈਸੇ। ਚਲਨ ਰਜਾਇ[7] ਦੀਨਿ ਤੁਮ ਕੈਸੇ?' ॥੩॥ ਸੁਨਿ ਮਹੰਤ ਬੋਲ੍ਯੋ ਬਰਬਾਨੀ।'ਇਹ ਕੋ ਪਰਮ-ਪੁਰਖ[8] ਸੁਖਦਾਨੀ। ਕਲਾਵਾਨ ਗ੍ਯਾਨੀ ਗੁਨਖਾਨੀ। ਦੁਰ੍ਯੋ ਰਹੈ[9] ਗਤਿ[10] ਪਰਹਿ ਨ ਜਾਨੀ ॥ ੪ ॥ ਭਯੋ ਅਸਹਿ ਮੁਝ ਤੇਜ ਪ੍ਰਭਾਊ[11]। ਯਾਂਤੇ ਦੀਨੀ ਜਾਨਿ ਰਜਾਊ[12]'। ਅਸ ਕਹਿ ਤਬ ਕੀਨੋ ਪੁਨ ਅਸਨਾ। ਖਾਨ ਲਗੇ ਸ੍ਵਾਦਨ ਲੇ ਰਸਨਾ ॥ ੫ ॥ ਸਿਤਾ[13] ਘ੍ਰਿੱਤ ਮੇਲ੍ਯੋ ਸੰਗ ਪਾਇਸੁ[14]। ਸੰਤ ਛੁਧਾਤੁਰ[15] ਤ੍ਰਿਪਤੇ ਖਾਇਸੁ। ਮਨ ਪ੍ਰਸੀਦ ਹ੍ਵੈ ਬਚਨ ਬਖਾਨੇ । 'ਇਹ ਕਰਤਾਰ ਪਨ੍ਯੋ ਹਮ ਜਾਨੈ ॥ ੬॥ ਕਿਧੌਂ ਸਰੀਰ ਧਾਰਿ ਕਰਤਾਰਾ। ਆਨਿ ਲੀਨਿ ਸੁਧਿ, ਦੀਨ ਅਹਾਰਾ। ਸਪਤ ਦਿਵਸ ਕੇ[16] ਛੁਧ[17] ਸੰਤਾਏ। ਅਬ ਭੋਜਨ ਕਰਿ ਹਮ ਤ੍ਰਿਪਤਾਏ[18]' ॥ ੭ ॥ ਇਤ ਸ੍ਰੀ ਨਾਨਕ ਪੁਰਿ ਦਿਸ਼ ਗਵਨੂ[19]। ਅਰਧਪੰਥ[20] ਪਹੁੰਚੇ ਗੁਨਭਵਨੂ[21]। ਸੋਚ ਬਿਮੋਚਨ[22] ਸੋਚਨ ਲਾਗੇ। ਹਟਕਤਿ ਚਿਤ[23], ਪਗ ਪਰਹਿਂ ਨ ਆਗੇ ॥੮॥ ਚਿੰਤਾਤੁਰ ਸੇ ਹ੍ਵੈ ਗੁਨਖਾਨੀ। ਬੋਲੇ ਮੁਝ ਸੋਂ ਅਸ ਬਿਧਿ ਬਾਨੀ।'ਇਹ ਕੀਨੋ ਕ੍ਯਾ ਹਮ ਨੈਂ ਕਾਮਾ।ਉੱਤਰ ਕੋ ਦੈ ਹੈਂ ਚਲਿ ਧਾਮਾ ॥੯॥ ਪਿਤਕੋ* ਅਧਿਕ ਕ੍ਰੋਧ ਉਪਜੈ-ਹੈ। ਮੁਝ ਤੁਝ ਸੋਂ ਦੇ ਗਾਰਿ ਲਰੈ ਹੈ'। ਮੈਂ ਭਾਖ੍ਯੋ 'ਕਛੁ ਦੋਸ਼ ਨ ਮੇਰੋ।ਤੁਮ ਕੋ ਬਰਜ[24] ਰਹ੍ਯੋ ਬਹੁਤੇਰੋ ॥੧੦॥ ਆਪ ਜਾਨਿਕੈ ਕੀਨ ਕੁਕਾਜੂ । ਚਿਤ ਕਿਉਂ ਚਿੰਤ ਧਰੀ ਤੁਮ ਆਜੂ। ਅਬ ਜਿਮ ਹੋਇ ਸਹਹੁ ਸੋ ਰੀਤੀ। ਸੂਧੀ[25] ਹੁਇ ਅਥਵਾ ਬਿੱਪ੍ਰੀਤੀ[26] ॥ ੧੧ ॥ ਮੁਝ ਕੋ ਚਿੰਤ ਨ ਏਕ ਬਿਆਪੇ। ਧਨ ਤੁਮਰਾ ਖਰਚ੍ਯੋ ਤੁਮ ਆਪੇ। ਬਹੁਰ ਨ ਮੈਂ ਤੁਮ ਤੇ ਕਛੁ ਸ੍ਯਾਨਾ। ਸਭਿ

---

[1]ਚਲੇ। [2]ਬਾਣੀ । [3]ਪ੍ਰੇਮ ਭਰੀ। [4]ਉਸ ਦੀ ਭਲੀ ਬਾਣੀ ਭਗਤੀ ਤੇ ਵੈਰਾਗ ਦਾ ਘਰ ਸੀ। [5]ਕੋਮਲ। [6]ਰਸਤ ਲਿਆਕੇ । [7]ਜਾਣ ਦੀ ਆਗਯਾ । [8](ਭਾਵ ਗੁਰੂ ਨਾਨਕ) ਕੋਈ ਪਰਮ ਪੁਰਖ ਹੈ। [9]ਛਿਪਿਆ ਰਹਿੰਦਾ ਹੈ। [10]ਅਸਲੀ ਹਾਲਤ । [11]ਇਸ ਦੇ (ਭਾਵ ਗੁਰੂ ਨਾਨਕ)ਦੇ ਤੇਜ ਦਾ ਪ੍ਰਤਾਪ ਮੈਥੋਂ ਝੱਲਿਆ ਨਹੀਂ ਗਿਆ। [12]ਆਗਯਾ। [13]ਖੰਡ। [14]ਖੀਰ ਦੇ। [15]ਭੁੱਖੇ। [16]ਸਤਾਂ ਦਿਨਾਂ ਦੇ। [17]ਭੁੱਖ ਦੇ। [18]ਰੱਜ ਗਏ ਹਾਂ । [19]ਜਾ ਰਹੇ ਹਨ । [20]ਅੱਧੇ ਰਾਹ। [21]ਗੁਣਾਂ ਦੇ ਘਰ। [22]ਸੋਚਾਂ ਦੂਰ ਕਰਨਹਾਰੇ (ਗੁਰੂ ਜੀ)। [23]ਦਿਲ ਰੁਕਦਾ ਹੈ। [24]ਹਟਕ। [25]ਸਿੱਧੀ। [26]ਅਪੁੱਠੀ। *ਪਾਠਾਂਤ੍ਰ—ਸੋ

ਜਾਨਹਿੰਗੇ ਬੈਸ ਸਮਾਨਾ[1] ॥੧੨॥ ਪੁਨ ਮੈਂ ਹੌਂ ਆਇਸੁ ਅਨੁਸਾਰੀ। ਤਵ ਪਿਤ ਭੇਜ੍ਯੋ ਦਾਸ ਵਿਚਾਰੀ। ਯਾਂਤੇ ਦੋਸ਼ ਨ ਮਮ ਪਰ ਠਾਨਹਿ॥ ਕਰਮ ਸ਼ੁਭਾਸ਼ੁਭ ਤੁਮਰੋ ਜਾਨਹਿ'॥੧੩॥ਗਟੀ ਗਿਨਤਿ ਬੋਲਤਿ ਬਚਦੋਊ।ਨਿਯਰਾਨੀ[2] ਤਲਵੰਡੀ ਸੋਊ। ਹੌਂ ਤੌ ਚਲਿ ਆਯੋ ਨਿਜ ਸਦਨਾ। ਪੁਰਿ ਨ ਪ੍ਰਵੇਸ਼ੇ[3] ਪੰਕਜ ਬਦਨਾ॥ ੧੪॥ ਏਕ ਤਾਲ ਜਲਹੀਨ ਜੁ ਦੂਰੀ। ਤਹਿੰ ਬੈਸੇ ਬੈਸਕ ਜਿਨ ਰੂਰੀ। ਸੁਨ੍ਯੋ ਜਬਹਿ ਆਯੋ ਘਰਿ ਬਾਲਾ। ਭਯੋ ਹਉਲ ਕਾਲੂ ਤਤਕਾਲਾ॥੧੫॥ਦਾਸ ਪਠਾਇ ਮੁਝਹਿ ਬੁਲਵਾਯਾ॥ਕ੍ਰੂਰ ਬਿਲੋਕਤਿ[4] ਬਚਨ ਅਲਾਯਾ। 'ਕਹਾਂ ਕਾਰਖਿਕ, ਨਾਨਕ ਕਹਿੰਵਾ ?' । ਤਜ੍ਯੋ ਸੰਗ ਕਿਉਂ ਪਾਛੇ ਰਹਿਵਾ ? ॥੧੬॥ ਬਨਜ੍ਯੋ ਬਨਜ ਕਿਧੋਂ ਤੁਮ ਨਾਹੀਂ?।ਬਿਨ ਵਿਯ ਸੁਧ ਗਾ[5] ਨਿਜ ਘਰ ਮਾਂਹੀ। ਕਿਹ ਨਗਰੀ ਮਹਿਂ ਤਿਹਕੋ ਛੋਰਾ ? ਰੂਠ ਰਹ੍ਯੋ ਕਿਉਂ ਤੈਂ ਨ ਬਹੋਰਾ[6]?*'॥੧੭॥ ਅਸ ਬਚ ਸੁਨਿ ਕੈ† ਗਿਰਾ ਉਬਾਚੀ‡। ਜਸ ਬਿਧਿ ਬਿਤੀ ਬਤਾਈ ਸਾਚੀ§। 'ਇਕ ਕਾਨਨ[7] ਮੈਂ ਹੁਤੇ ਫਕੀਰਾ। ਚਲੇ ਜਾਤਿ ਬੈਸੇ ਤਿਨ ਤੀਰਾ[8]॥ ੧੮ ॥ ਕਛੁਕ ਪਰਸਪਰ ਬੋਲਨ ਕੀਨਾ। ਭੋਜਨ ਹਿਤ ਤਿਨ ਕੋ ਧਨ ਦੀਨਾ। ਕਹਿਨ ਲਗੇ ਪਿਤ ਆਇਸੁ ਜੈਸੀ। ਭਲੋ ਬਨਜ ਕੀ ਕੀਨੀ ਤੈਸੀ॥ ੧੯ ॥ ਦੇ ਕਰਿ ਦਰਬ ਘਰਨ ਮੁਰਿ ਆਏ। ਨਗਰ ਵਹਿਰ ਬੈਸੇ ਕਿਸਥਾਏ। ਕ੍ਰੋਧ ਕਰਨ ਤੁਮ ਤੇ ਡਰ ਧਰਿਕੈ।ਸਦਨ ਨ ਆਏ ਇਹੈ ਬਿਚਰਿਕੈ[9]'॥੨੦॥ਅਸ ਸੁਨਿ ਕਾਲੂ ਕ੍ਰੋਧ ਨ ਥੋਰਾ। ਪਰਸਤਿ ਘ੍ਰਿਤ, ਜਸੋਂ ਪਾਵਕ[10] ਜੋਰਾ।ਕਹੈ ਕਿ'ਮੁਝ ਕੋ ਦੇਹੁ ਬਤਾਈ।ਚਲਹੁ ਸੰਗ ਬੈਸ੍ਯੋ ਜਿਹ ਥਾਂਈ' ॥੨੧॥ ਮੁਖ ਤੇ ਬੋਲਤਿ ਗਿਰਾ ਕਠੋਰਾ। ਲੇ ਮੁਝ ਸੰਗ ਚਲ੍ਯੋ ਤਿਨ ਓਰਾ। ਸੁਨੀ ਮਾਤ ਸਭਿ ਧਨ ਕੀ ਗਾਥਾ[11]। ਖੋਜਨਗਾ[12] ਕਾਲੂ ਰਿਸਿ ਸਾਥਾ[13] ॥੨੨॥ ਤੁਰਤ[14] ਤਬਹਿ ਤਨਿਯਾ[15] ਕੋ ਭੇਜਾ।ਪਤਿ[16] ਰਿਸ ਤੇ ਉਠਿ ਧਰਕ ਕਰੇਜਾ[17]।ਬਹੁਰੋ ਦਾਸੀ ਦਾਸ ਪਠਾਏ। ਹਿਤ ਬਿਲੋਕਨੇ ਲੋਕ ਸਿਧਾਏ॥੨੩॥ ਬਹਿਰ ਜਾਇ ਪਿਖਿ

[1]ਉਮਰ ਇਕੋ ਜੇਡੀ ਹੈ। [2]ਨੇੜੇ ਆ ਗਈ। [3]ਨੱਗਰ ਵਿਚ ਨਾ ਵੜੇ। [4]ਕ੍ਰਾਵੜ ਨਾਲ ਵੇਖਕੇ। [5]ਚਲਾ ਗਿਓਂ। [6](ਜੇ) ਰੁਸ ਰਿਹਾ ਸੀ ਤਾਂ ਤੂੰ ਕਿਉਂ ਨਹੀਂ ਮੋੜ ਆਂਦਾ? [7]ਜੰਗਲ। [8]ਬੈਠਗਏਉਨ੍ਹਾਂ ਪਾਸ। [9]ਵਿਚਾਰਕੇ। [10]ਘਿਉ ਨੂੰ ਛੋਹਕੇ ਜਿਵੇਂ ਅੱਗ। [11]ਕਥਾ। [12]ਢੂੰਡਣ ਗਿਆ। [13]ਗੁੱਸੇ ਨਾਲ। [14]ਛੇਤੀ। [15]ਪੁੱਤ੍ਰੀ (ਬੀਬੀ ਨਾਨਕੀ) ਨੂੰ। [16]ਪਤੀ ਦੇ। [17]ਕੰਬਣ ਲੱਗਾ ਕਾਲਜਾ।

*ਪਾਠਾਂਤ੍ਰ–ਰੂਠ ਹਟ੍ਯੋ ਕੈ ਤਿਹਨਿ ਬਹੋਰਾ=ਤੂੰ ਰੁੱਸਕੇ ਮੁੜਿਆ ਹੈਂ ਕਿ ਉਸ ਨੇ ਮੋੜਿਆ ਹੈ? †ਪਾਃ–ਮੈ। ‡ਪਾਃ–ਉਚਾਰੀ। §ਪਃ–ਸਾਰੀ।

ਜਲ ਬਿਨ ਤਾਲਾ। ਬੈਸੇ ਨੀਵ ਸਥਾਨ ਕ੍ਰਿਪਾਲਾ। ਅਵਿਲੋਕਯੋ ਕਾਲੂ[੧] ਜਿਹ ਕਾਲਾ[੨]। ਬੋਲਤਿ ਭਾ ਦੁਰਬਚਨ ਬਿਸਾਲਾ॥੨੪॥ਗਹਿਕਰ ਬੂਝਤਿ[੩] ਰਿਸ ਕਰਿ ਭਾਰੀ। 'ਕਹਾਂ ਕਾਰਖਿਕ[੪]? ਸਦਨ ਉਜਾਰੀ[੫]। ਕਹਾਂ ਬਨਜ ਜੋ ਤੈਂ ਕਰਿ ਲ੍ਯਾਯੋ ?। ਘਰ ਜਨਮ੍ਯੋ ਮਮ ਨਾਮ ਗਵਾਯੋ' ॥੨੫॥ ਸੁਨਿ ਕਮਲਾਨਨ ਤੂਸ਼ਨ ਠਾਨੀ[੬]। ਪਿਤ ਬੁਲਾਇ ਨਹਿਂ ਬੋਲਤਿ ਬਾਨੀ। ਯਾਂਤੇ ਅਧਿਕ ਕ੍ਰੋਧ ਕਰਿ ਕਾਲੂ ॥ ਕਰੀ ਤਾੜਨਾ ਤ੍ਰਾਸ ਬਿਸਾਲੂ ॥ ੨੬ ॥ ਦਹਿਨ ਹਾਥ ਤੇ ਬਾਮ ਕਪੋਲਾ[੭]। ਹਨੇ ਤਮਾਚੇ ਬਲ ਸੋਂ ਤੋਲਾ। ਬਾਮ ਹਾਥ ਤੇ ਦਹਿਨ ਗੰਡਸਥਲ[੮]। ਹਨੇ ਚਪੇਟਨ ਰਿਸ ਕਰਿ ਨਿਜ ਬਲ॥੨੭॥ਸ਼੍ਰੀ ਨਾਨਕ ਕੇ ਨੈਨਨ ਨੀਰਾ[੯]। ਨਿਕਸ ਚਲ੍ਯੋ ਜਿਉਂ ਮਾਨੀ ਪੀਰਾ[੧੦]। ਮਨਹੁ ਮੀਨ[੧੧] ਦੋ ਪੀਕਰਿ ਪਾਨੀ। ਬਮਨਤਿ ਸੋ ਅਸ ਪਰਿਹੀ ਜਾਨੀ[੧੨] ॥ ੨੮ ॥ ਭਰੇ ਕਮਲ ਦਲ ਜਲ ਜਿਉਂ ਸੋਭਾ। ਬੂੰਦਨ[੧੩] ਪਰ ਮੁਕਤਾ ਛਬਿ ਲੋਭਾ[੧੪]। ਸੋਹਤ ਪਰਿ ਗਏ ਨੀਲ ਕਪੋਲਾ[੧੫]। ਜਿਉਂ ਉਤਪਲ ਪਰ[੧੬] ਅਲਿਨ ਅਡੋਲਾ[੧੭] ॥੨੯॥ ਕਿਧੋਂ ਹੁਤੋ ਅਕਲੰਕ ਮਯੰਕਾ[੧੮]। ਮ੍ਰਿਗਛਾਲਾ ਤੇ ਭਯੋ ਸੁਅੰਕਾ[੧੯]। ਪਹੁੰਚੀ ਨਿਕਟ[੨੦] ਨਾਨਕੀ ਤੂਰਨ। ਪਿਤ ਕਰ ਗਹ੍ਯੋ[੨੧], ਜੁ ਰਿਸ ਮੈਂ ਪੂਰਨ ॥ ੩੦ ॥ ਬਹੁਰ ਬਿਲੋਕਨ[੨੨] ਲੋਕ ਜਿ ਆਏ। ਬਰਜ੍ਯੋ[੨੩] ਬਹੁਤਿ ਭਾਂਤਿ ਸਮਝਾਏ। ਸੁਖਸਾਗਰ ਕੋ ਲੇ ਨਿਜ ਸੰਗਾ। ਨਰ ਪੌਂਛਤਿ[੨੪] ਮੁਖ ਪ੍ਰੇਮ ਉਮੰਗਾ॥੩੧॥ਮ੍ਰਿਦੁਲ ਗਿਰਾ ਕਹਿ ਦੇਤਿ ਦਿਲਾਸਾ। ਮੰਦਮੰਦ ਗਮਨੇ ਪੁਰਿ ਆਸਾ[੨੫]। ਮਾਤ ਬਿਲੋਕਤਿ ਲੋਚਨ ਲਾਈ।ਪੂਰਨ ਪ੍ਰੇਮ ਵਹਿਰ ਪੁਰਿ ਆਈ ॥ ੩੨ ॥ ਸਜਲ ਬਿਲੋਚਨ[੨੬] ਸੁਤਹਿ[੨੭] ਬਿਲੋਕੀ। ਭਈ ਪ੍ਰੇਮ ਕੀ ਉਮਗ ਅਰੋਕੀ[੨੮]। ਕੰਠ ਲਗਾਇ ਨੈਨ ਭਰਿ ਆਏ। ਅੱਸੂ ਸੰਗ[੨੯]

---

[੧]ਵੇਖਿਅ ਬਾਬੇਕਾਲੂਨੇ।[੨]ਜਿਸ ਵੇਲੇ।[੩]ਪੁਛਿਆ।[੪]ਰੁਪਯੇਕਿਥੇਹਨ।[੫]ਘਰਉਜਾੜੂ !।[੬]ਚੁੱਪ ਕਰੀਰਖੀ। [੭]ਖੱਬੀ ਗੱਲ੍ਹ ਤੇ। [੮]ਗੱਲ੍ਹ ਤੇ (ਪੁੜ ਪੁੜੀ ਕੋਲ)। [੯]ਅੱਖਾਂ ਵਿਚੋਂ ਪਾਣੀ। [੧੦]ਮਾਨੋਂ ਪ੍ਰਤੀਤ ਕੀਤੀ ਹੈ ਪੀੜ। [੧੧]ਮੱਛ। [੧੨]ਉਲਟ ਰਹੇ ਹਨ (ਪਾਣੀ) ਐਉਂ ਜਾਣਿਆ ਪੈਂਦਾ ਹੈ। [੧੩](ਅੱਖਾਂ ਦੇ ਜਲ ਦੀਆਂ) ਬੂੰਦਾਂ (ਦੀ ਸ਼ੋਭਾ ਇਉਂ ਹੈ ਕਿ)। [੧੪]ਉਨ੍ਹਾਂ ਪਰ ਮੋਤੀਆਂ ਦੀ ਛਬੀ ਲੁਭਾਇਮਾਨ ਹੋ ਰਹੀ ਹੈ। [੧੫]ਗਲ੍ਹਾਂ ਪਰ ਨੀਲ ਪਏ ਐਉਂ ਸੋਂਹਦੇ ਹਨ। [੧੬]ਕਵਲਾਂ ਉਤੇ। [੧੭]ਭੌਰੇ ਟਿਕ ਰਹੇ ਹਨ। [੧੮]ਕਲੰਕ ਰਹਿਤ ਚੰਦ੍ਰਮਾਂ।[੧੯]ਮ੍ਰਿਗ ਦੀ ਛਾਯਾ ਦਾ ਵਿਚ ਨਿਸ਼ਾਨ ਪੈ ਗਿਆ ਹੈ। [੨੦]ਪਾਸ। [੨੧]ਪਿਤਾਦਾਹੱਥ ਫੜ ਲਿਆ। [੨੨]ਵੇਖਣ ਲਈ। [੨੩]ਹਟਕਿਆ। [੨੪]ਪੂੰਝਦੇ ਹੋਏ। [੨੫]ਨੱਗਰ ਵਲ। [੨੬]ਹੰਝੂ ਭਰੀਆਂ ਅੱਖਾਂ। [੨੭]ਪੁੱਤਰ ਨੂੰ। [੨੮]ਨਾ ਰੁਕਣ ਵਾਲਾ ਉਛਾਲ। [੨੯]ਹੰਝੂਆਂ ਨਾਲ।

ਸੁਤਅੰਗ[੧]ਭਿਗਾਏ॥੩੩॥ ਆਨਿ ਸਦਨ ਮਹਿਂ ਬਦਨ ਨਿਹਾਰੀ। ਪੌਂਛਤਿ ਚਾਰੁ ਬਿਲੋਚਨ ਬਾਰੀ[੨]। 'ਸੁਤ ਨ ਕਰਹੁ ਕਾਰਜ ਅਬ ਕੋਊ। ਬਿਚਰਹੁ[੩] ਪੁਰਿ ਮਹਿਂ ਸ੍ਵੇਛਾ[੪] ਹੋਊ॥੩੪॥ਜੇ ਨ ਕਰਹੁਗੇ ਕੋ ਬਿਵਹਾਰਾ। ਨਹਿਂ ਬਿਗਰੈ ਕਛੁ, ਹੋਇ ਨ ਰਾਰਾ[੫]। ਸਦਨ ਦੀਨ ਸੁਖ ਸਰਬ ਬਿਧਾਤਾ। ਬੈਠੇ ਸਦਾ ਰਹਹੁ ਰੰਗਿਰਾਤਾ'॥ ੩੫ ॥ ਕੇਤਿਕ ਮਾਨਵ ਦੇਖਨ ਹਾਰੇ। ਜਸਪਦ[੬]ਗਏ ਰਾਇ ਕੇ ਦ੍ਵਾਰੇ। ਜਹਿਂ ਬੈਸਜੋ ਨਿਜ ਸਭਾ ਲਗਾਈ। ਤਹਾਂ ਜਾਇ ਸਭਿ ਬਾਤ ਸੁਨਾਈ ॥ ੩੬ ॥ 'ਬੀਸ ਰਜਤਪਣ[੭] ਕਾਲੂ ਨੰਦਨ। ਦੀਨੇ ਸੰਤਨ ਕੋ ਕਰਿ ਬੰਦਨ। ਦਯਾ ਯੁਕਤਿ[੮] ਜਿਹ* ਮ੍ਰਿਦੁਲ[੯] ਸੁਭਾਊ। ਨਗਨ[੧੦] ਛੁਧਾਤੁਰ[੧੧] ਪਿਖਿ ਨ ਸਕਾਊ[੧੨] ॥ ੩੭ ॥ ਕਾਲੂ ਹਨੇ ਚਪੇਟਨ ਜੋਰਾ[੧੩]। ਅਤਿ ਤ੍ਰਾਸਤਿ[੧੪] ਜਿਹ ਤਰਸ ਨ ਥੋਰਾ'। ਸੁਨਤਿ ਕਾਨ ਇਵ ਰਾਇ ਬੁਲਾਰਾ। ਸ਼੍ਰੀ ਨਾਨਕ ਜਿਂਹ ਕੋ ਬਹੁ ਪਯਾਰਾ ॥੩੮॥ ਪ੍ਰੀਤਿ ਸੰਗ ਹਿਰਦਾ ਪਰਿ ਪੂਰਨ। ਦਾਸ ਬੁਲਾਇ ਪਠਾਯੋ ਤੂਰਨ। 'ਕਮਲ ਨੈਨ ਆਨਹੁ ਮੁਝ ਐਨਾ[੧੫]। ਕਾਲੂ ਸਹਿਤ ਜਿਸੇ ਹਰਿ ਭੈ ਨਾ[੧੬]' ॥ ੩੯ ॥ ਅਸ ਕਹਿ ਕ੍ਰੋਧ ਅਧਿਕ ਮਨ ਛਾਵਾ। ਫਰਕਤਿ ਅਧਰ[੧੭] ਰਿਦੈ ਦੁਖ ਪਾਵਾ। ਸੀਤਲ[੧੮]ਸ੍ਵਾਸ ਲੇਤਿ ਬਹੁ ਬਾਰੀ।-ਮਮ ਪੁਰਿ ਹੋਤਿ ਅਵੱਗਯਾ ਭਾਰੀ॥੪੦॥ ਕਲਾਵਾਨ, ਕਲਹੀਨ[੧੯] ਕ੍ਰਿਪਾਲਾ। ਹ੍ਵੈ ਤਾਂਕੋ ਤ੍ਰਿਸਕਾਰ[੨੦] ਬਿਸਾਲਾ। ਲਾਗਹਿ ਮੁਝ ਸਰੀਰ ਸਭਿ ਦੋਸੂ-।ਅਸ ਬਿਸੂਰ[੨੧]ਉਰਿ[੨੨]ਸਰਸਤਿ ਰੋਸੂ[੨੩]॥ ੪੧॥ਸੁਖ ਸਾਗਰ ਕੋ ਲੇ ਕਰਿ ਦਾਸਾ।ਪਹੁੰਚਜੋ ਤਬ ਬੁਲਾਰ ਕੇ ਪਾਸਾ।ਪ੍ਰੇਮ ਰੂਪ ਪੂਰਨ ਉਰ ਬਾਰਾ[੨੪]। ਲੋਚਨਦ੍ਵਰ ਜਨੁ[੨੫] ਛੁਟਜੋ ਫੁਹਾਰਾ ॥੪੨॥ ਭਏ ਜਲਜ[੨੬] ਤੇ ਜਲਦ[੨੭] ਸਜਲ[੨੮]ਸੋ। ਨਿਜ ਧਾਰਾ ਗੇਰਤਿ ਤਲ ਥਲ ਸੋਂ[੨੯]। ਤੂਰਨ[੩੦] ਤਜਿਕਰਿ ਉਠਜੋ ਪ੍ਰਯੰਕਾ[੩੧]। ਕਰਿ ਸਤਿਕਾਰ[੩੨] ਲੀਨ ਭਰਿ

---

[੧]ਪੁੱਤਰ ਦੇ ਅੰਗ। [੨]ਅੱਖਾਂ ਤੋਂ ਜਲ। [੩]ਫਿਰਹੁ। [੪]ਆਪਣੀ ਇੱਛਾ ਅਨੁਸਾਰ। [੫]ਝਗੜਾ। [੬]ਛੇਤੀ। [੭]ਵੀਹ ਰੁਪੱਯੇ। [੮]ਦਇਆ ਵਾਲਾ। [੯]ਕੋਮਲ। [੧੦]ਨੰਗਾ। [੧੧]ਭੁੱਖਾ। [੧੨]ਵੇਖ ਨਹੀਂ ਸਕਦੇ। [੧੩]ਧੱਪੇ ਜੋਰ ਨਾਲ ਮਾਰੇ। [੧੪]ਬਹੁਤ ਡਰਾਇਆ। [੧੫]ਮੇਰੇ ਘਰ। [੧੬]ਜਿਸਨੂੰ ਰੱਬ ਦਾ ਖੌਫ ਨਹੀਂ। [੧੭]ਹੋਠ। [੧੮]ਠੰਢੇ। [੧੯]ਕਲਪਨਾਂ ਰਹਿਤ। [੨੦]ਨਿਰਾਦਰ। [੨੧]ਝੂਰਦਿਆਂ। [੨੨]ਰਿਦੇ ਵਿਚ। [੨੩]ਵੱਧ ਰਿਹਾ ਹੈ ਗੁੱਸਾ। [੨੪]ਜਲ। [੨੫]ਅੱਖਾਂ ਰਾਹੀਂ ਮਾਨੋਂ। [੨੬]ਕਮਲ (ਨੇਤਰ)। [੨੭]ਬਦਲ। [੨੮]ਸਮੇਤ ਜਲ ਦੇ। [੨੯](ਉਹ ਬਦਲ) ਡੇਗਦੇ ਹਨ ਅਪਣੀ ਧਾਰਾਂ ਹੇਠਾਂ ਜ਼ਮੀਨ ਪਰ। [੩੦]ਛੇਤੀ। [੩੧]ਪਲੰਘ। [੩੨]ਆਦਰ ਕਰਕੇ। *ਪਾ:-ਜਿਨ।

ਅੰਕਾ[੧] ॥ ੪੩ ॥ ਗਦਗਦ ਗਿਰਾ ਅੱਸ਼੍ਰੂ[੨] ਬਹਿ ਬਾਰੀ। ਅੰਗ ਭਿਗੋਇ ਕਰੁਨਾ ਧਾਰੀ। ਬੋਲਨ ਚਹਿਤਿ ਨ ਆਵੈਤਿ ਬਾਨੀ। ਮਹਾਂ ਮੋਹ ਮੈਂ ਮਤਿ ਲਪਟਾਨੀ॥੪੪॥ ਨਿਕਟ ਜਿ ਨਰ ਕਰੁਨਾ ਮਨ ਠਾਨਹਿਂ। ਕਾਲੂ ਕੋ ਕੁਸ਼ੀਲ[੩] ਪਹਿਚਾਨਹਿਂ। ਰਾਇ ਸੁਨਾਇ ਬਚਨ ਕਹਿ ਨਿੰਦਹਿਂ।–ਕ੍ਰੂਰ ਕਰਮ[੪] ਕੀਨੋ– ਮਨ ਬਿੰਦਹਿਂ[੫]* ॥ ੪੫ ॥ ਨੀਲ ਕਪੋਲ ਬਿਲੋਕਤਿ ਲੋਚਨ[੬]। ਮ੍ਰਿਦੁਲ[੭] ਲਖਹਿ[੮] ਕਰ ਅੱਸ਼੍ਰੂ ਮੋਚਨ[੯]। ਧਰਿ ਧੀਰਜ ਉਰ ਰਾਇ ਬੁਲਾਰੂ। ਪਰਖ ਸਮਰਖਹਿ ਕੀਨਿ ਉਚਾਰੂ[੧੦] ॥੪੬॥ 'ਕਾਲੂ ਕਲਹੀ[੧੧] ਕ੍ਰੂਰ[੧੨] ਕਠੋਰਾ। ਏਕ ਨ ਮਾਨਜੋ ਤੈਂ ਬਚ ਮੋਰਾ। ਕਰੁਨਾਹੀਨ, ਕੁਸ਼ੀਲ, ਕੁਢਾਲੀ[੧੩]। ਸੁਧ ਪਰਲੋਕ ਰਿਦਾ ਤਵ[੧੪] ਖਾਲੀ ॥ ੪੭ ॥ ਦਿਨਪ੍ਰਤਿ[੧੫] ਬ੍ਰਿੱਧਤਿ[੧੬] ਮਨ ਧਨ ਲੋਭਾ। ਸੁਤ ਸੁਸ਼ੀਲ ਕੀ ਲਖਤਿ ਨ ਸ਼ੋਭਾ। ਸੁਖ ਇਸ ਲੋਕਹਿ ਦੀਨ ਬਿਸਾਰੀ। ਜਿਨ ਪ੍ਰਲੋਕ ਪਰ ਡੀਠ[੧੭] ਸੁਧਾਰੀ ॥੪੮॥ ਅਸ ਸੁਤ ਉਚਿਤ[੧੮] ਨ ਤਵ ਘਰ ਮਾਂਹੀ। ਛੱਤ੍ਰੀ ਬਰਨ ਕਰਮ ਤਸ[੧੯] ਨਾਂਹੀ। ਕਲਪ ਬ੍ਰਿੱਛ ਜਿਉਂ ਨਿਪਜਹਿ ਮਾਰੂ[੨੦]। ਜਿਉਂ ਸੰਬਕ[੨੧] ਤੇ ਮੁਕਤਾ[੨੨] ਚਾਰੂ ॥ ੪੯ ॥ ਤਿਉਂ ਅਜੋਗ ਬਿਧਿ ਮੈਂ ਲਖਿ ਲੀਨੀ। ਈਸ਼੍ਵਰ ਕੀ ਗਤਿ ਪਰਹਿ ਨ ਚੀਨੀ[੨੩]'। ਲੱਜਤਿ[੨੪] ਕਾਲੂ ਸਭਾ ਮਝਾਰਾ[੨੫]। ਪੁਨ ਬੁਲਾਰ ਸੋਂ ਬਚਨ ਉਚਾਰਾ ॥ ੫੦ ॥ 'ਮੁਝ ਸੋਂ ਕਰਤਿ ਅਧਿਕ ਤੁਮ ਰੋਸੁ। ਰਿਦੈ ਬਿਚਾਰੋ ਕਿਹ ਕੋ ਦੋਸੁ। ਬਨਜ ਹੇਤ ਘਰ ਤੇ ਦਿਯ[੨੬] ਦਰਬਾ। ਜਾਇ ਫ਼ਕੀਰਨ ਅਰਪਜੋ[੨੭] † ਸਰਬਾ ॥ ੫੧ ॥ ਵਹਿਰ ਨਗਰ ਤੇ ਬੈਸਜੋ ਦੁਰਿਕੈ[੨੮]। ਉਤਰ ਨ ਦੀਨੋ ਕੋ ਘਰ ਮੁਰਿਕੈ। ਬਾਲੇ ਕਹੀ ਹਕੀਕਤ ਸਾਰੀ। ਤਹਿਂ ਬੈਸਜੋ ਸਰ ਜਹਿਂ ਬਿਨ ਬਾਰੀ[੨੯] ॥ ੫੨ ॥ ਜਬ ਕੋ ਜਨਮਜੋ ਸੁਰਤ

---

[੧]ਜੱਫੀ ਪਾ ਲਈ। [੨]ਹੰਝੂ। [੩]ਕਰੜੇ ਸੁਭਾ ਵਾਲਾ। [੪]ਮਾੜਾ ਕੰਮ। [੫](ਸਾਰੇ) ਸਮਝਦੇ ਹਨ। [੬]ਗੱਲ੍ਹਾਂ ਤੇ ਪਏ ਨੀਲ ਅੱਖੀਂ ਵੇਖ ਕੇ। [੭]ਕੂਲੇ। [੮]ਸਮਝਕੇ। [੯]ਹੰਝੂ ਕੇਰਦਾ ਹੈ। [੧੦]ਕਠੋਰ ਬਚਨ ਗੁੱਸੇ ਨਾਲ ਆਖੇ। [੧੧]ਲੜਾਕਾ। [੧੨]ਨਿਰਦਈ। [੧੩]ਮਾੜੇ ਤ੍ਰੀਕੇ ਵਾਲਾ। [੧੪]ਪਰਲੋਕ ਦੀ ਖਬਰ ਤੋਂ ਤੇਰਾ ਰਿਦਾ। [੧੫]ਹਰ ਰੋਜ। [੧੬]ਵੱਧਦਾ ਹੈ। [੧੭]ਨਜ਼ਰ। [੧੮]ਲਾਇਕ। [੧੯]ਵੇਸੇ। [੨੦]ਪੈਦਾ ਹੋਵੇ ਰੇਤ ਥਲੇ ਵਿਚ। [੨੧]ਫਲੀ। [ਸੰਸ:, ਸਿੰਬਾ, ਸਿੰਬਿਕਾ=ਦਾਲ ਮਟਰ ਆਦਿ ਦੀ ਫਲੀ, ਮੂੰਗ ਫਲੀ]। (ਅ) ਏਥੇ ਸੰਬਕਾ ਦਾ ਅਰਥ–ਸਿੱਪੀ–ਕਰਨਾ ਪਿਛਲੀ ਤੁਕ ਤੇ ਅੱਗੇ ਪਏ ਪਦ–ਅਜੋਗ ਬਿਧਿ–ਨਾਲ ਫਬਦਾ ਨਹੀਂ। [੨੨]ਮੋਤੀ। [੨੩]ਜਾਣੀ ਨਹੀਂ ਜਾਂਦੀ। [੨੪]ਸ਼ਰਮਿੰਦਾ। [੨੫]ਵਿੱਚ। [੨੬]ਦਿੱਤਾ। [੨੭]ਦੇ ਦਿੱਤਾ। [੨੮]ਛੁਪਕੇ। [੨੯]ਤਾਲਾਬ ਵਿਚ, ਜੋ ਹੈ ਬਿਨ ਪਾਣੀ ਤੋਂ।

*ਪਾ:–ਮੱਤ ਮੰਦਿਹ।

†ਪਾਠਾਂਤ੍ਰ–ਅਰਚਜੋ।

ਸੰਭਾਰਾ[੧] । ਕਈ ਬਾਰ ਇਉਂ ਸਦਨ ਉਜਾਰਾ'। ਸੁਨਿ ਬੁਲਾਰ ਪੁਨ ਗਿਰਾ ਬਖਾਨੀ[੨] । 'ਤਵ ਉਰ ਪਾਹਨ[੩] ਨਿੰਦਾ ਠਾਨੀ ॥ ੫੩ ॥ ਪੁੱਤ੍ਰ ਨੇਹ[੪], ਨਹਿੰ ਭੈ ਜਗਤੇਸ਼ਾ[੫] । ਪਰਮਾਰਥ ਕੀ ਸੁਮਤਿ[੬] ਨ ਲੇਸ਼ਾ[੭] । ਲੋਭ ਲਹਿਰ ਉਰ ਸ਼ਰਧਾ ਖਾਲੀ । ਅਜ਼ਮਤ[੮] ਸਮਝਤਿ ਚਿਤ ਨ ਬਿਸਾਲੀ[੯]* ॥ ੫੪॥ ਬਰ[੯] ਪਾਰਸ ਘਰ ਪਰਹਰਿ ਉਰ ਤੇ[੧੦]।ਚਾਹਤਿ ਫਿਰਤਿ ਸੁ ਕੌਡੀ ਪਰ ਤੇ[੧੧]।ਜਿਉਂ ਅਜਾਨ ਕੋ ਪ੍ਰਾਪਤਿ ਹੀਰਾ । ਕਿਉਂ ਸੁਖ ਪਾਵਹਿ ਰੰਕ[੧੨] ਅਧੀਰਾ ॥ ੫੫ ॥ ਸ਼੍ਰੀ ਨਾਨਕ ਤਨ ਧਰਿ ਘਰ ਹਿੰਦੂ । ਤੁਰਕ ਜਨਮ ਅਪਨੋ ਮਨ ਬਿੰਦੂ[੧੩] । ਅਸਮੰਜਸ ਹ੍ਵੈ ਹੈ ਨਿਜ ਸਦਮਾ। ਰਾਖੋਂ ਜੇ ਮੁਕੰਦ ਪਦ ਪਦਮਾ[੧੪] ॥੫੬॥ ਧਨ ਤ੍ਰਿਸ਼ਨਾ ਕਾਲੂ ਉਰ ਤੇਰੇ । ਇਨ ਕੋ ਖਰਚ ਲੇਹੁ ਘਰ ਮੇਰੇ'।ਅਸ ਕਹਿ ਦਾਸ ਪਠਾ ਤਤਕਾਲਾ।ਜਹਿੰ ਰਾਨੀ ਖੋਖਰ[੧੫]ਮਧਸਾਲਾ[੧੬] ॥੫੭॥ ਬੀਸ ਰਜਤਪਣ ਆਨ ਸੁ ਦੀਨੇ । ਲੀਨਿ ਨ੍ਰਿਪਤ ਨਿਜ ਪਾਨ[੧੭] ਪ੍ਰਬੀਨੇ[੧੮] । ਜਬਹਿ[੧੯] ਦੇਨ ਲਾਗ੍ਯੋ ਕਰ[੨੦]ਕਾਲੂ। ਹ੍ਵੈ ਕੈ ਬੋਲ੍ਯੋ ਲਜਤਿ[੨੧] ਬਿਸਾਲੂ॥੫੮॥ 'ਨਹੀਂ ਬਿਸੂਰਤਿ[੨੨] ਮੈਂ ਇਹ ਦਰਬਾ। ਕਰਤਾ ਸਦਾ ਕੁ-ਕਾਰਜ[੨੩] ਸਰਬਾ। ਮੁਝ ਪਾਛੈ ਨਿਜ ਘਰ ਬਿਵਹਾਰਾ । ਕਿਉਂ ਨਿਰਬਾਹਹਿ ਕਰਹੁ ਬਿਚਾਰਾ ॥੫੯॥ ਤੁਮ ਜੋ ਦੇਨਿ ਦਰਬ ਅਬ ਲਾਗੇ । ਸਰਬ ਸੂਖ ਦੀਨੇ ਕਿਨ ਆਗੇ। ਤਵ ਪ੍ਰਤਾਪ ਸਭਿ ਕੁਛ ਮੁਝ ਸਦਨਾ।ਤਵ ਪ੍ਰਸਾਦ[੨੪]ਕਰਿ ਦਾਰਿਦ ਰਦਨਾ[੨੫]'॥ ੬੦ ॥ ਕਹ੍ਯੋ ਰਾਇ 'ਅਬ ਤੋ ਇਹ ਲੀਜੈ । ਬਹੁਰੋ ਯਾਂ ਬਿਧਿ ਕਾਰਜ ਕੀਜੈ । ਅਸਨ ਬਸਨ ਤੇ ਖਰਚ ਜੁ ਸਰਬਾ । ਮਮ ਢਿਗ[੨੬] ਤੇ ਗਿਨ ਕਰਿ ਲਿਹੁ ਦਰਬਾ ॥ ੬੧ ॥ ਸੁਤ ਕੀ ਮਹਿੰਮਾ ਲਖਿ ਨ ਸਕਾਯਾ । ਦਰਬ ਲੋਭ ਹਿਰਦਾ ਬਿਰਮਾਯਾ[੨੭] । ਧਨ ਆਨਹਿ[੨੮] ਜਾਨਹਿ ਸੁਖਦਾਯਕ।

---

[੧]ਹੋਸ਼ ਸੰਭਾਲੀ । [੨]ਬਾਣੀ ਕਹੀ । [੩]ਪੱਥਰ ਹੈ । [੪]ਨਾਂ ਹੈ ਪੁੱਤ੍ਰ ਦਾ ਮੋਹ । [੫]ਤੇ ਨਾਂ ਹੈ ਜਗਤ ਦੇ ਈਸ਼੍ਵਰ ਦਾ ਭੈ । [੬]ਚੰਗੀ ਬੁੱਧੀ। [੭]ਰੰਚਕ ਮਾਤ੍ਰ ਨਹੀਂ। [੮]ਵੱਡੀ ਕਰਾਮਾਤ । [੯]ਸ੍ਰੇਸ਼ਟ। [੧੦]ਸ਼੍ਰੇਸ਼ਟ ਪਾਰਸ ਘਰ ਦਾ ਦਿਲੋਂ ਭੁਲਾਕੇ । [੧੧]ਪਰਾਏ ਪਾਸੋਂ । [੧੨]ਕੰਗਾਲ । [੧੩](ਮੈਂ) ਸਮਝਦਾ ਹਾਂ। [੧੪]ਕਵਲ ਵਤ ਚਰਨ ਵਾਲੇ ਮੁਕਤੀ ਦਾਤੇ ਨੂੰ ਜੇ ਮੈਂ ਆਪਣੇ ਘਰ ਰੱਖਾਂ ਤਾਂ ਨਾ ਮੁਨਾਸਬ (ਔਖੀ) ਗਲ ਹੈ । [੧੫]ਖੋਖਰ ਜਾਤਦੀ! [੧੬]ਘਰ ਦੇ ਵਿੱਚ ਸੀ । [੧੭]ਆਪਣੇ ਹੱਥ ਵਿਚ । [੧੮]ਚਤੁਰ ਰਾਜੇ ਨੇ। [੧੯]ਜਦੋਂ । [੨੦]ਹੱਥ ਵਿੱਚ । [੨੧]ਸ਼ਰਮਿੰਦਾ । [੨੨]ਝੁਰਦਾ । [੨੩]ਮਾੜੇ ਕੰਮ । [੨੪]ਕਿਰਪਾ । [੨੫]ਦਰਿਦਰ ਦੂਰ ਹਨ । [੨੬]ਮੇਰੇ ਪਾਸੋਂ । [੨੭]ਭਰਮ ਰਿਹਾ ਹੈ । [੨੮]ਜੇ ਧਨ ਲੈ ਆਵੇ, ਤਾਂ ਤੂੰ (ਇਨ੍ਹਾਂ ਨੂੰ)।

*ਪ:—ਅਜ਼ਮਤ ਨਾਹਿੰਨ ਜਾਨ ਬਿਸਾਲੀ ।

ਸਤਿਪੰਥੀ[1] ਕੋ ਕਹਿਤ ਨਲਾਯਕ ॥ ੬੨॥ ਭਗਤ ਜਗਤ ਕੀ[2] ਰਹਤਿ ਅਜੁਕਤੰ[3]। ਇਕ ਧਨ ਗਾਹਕ[4] ਇਕ ਲੇ ਮੁਕਤੰ[5]। ਗਾਧੋ ਦਰਬ ਜਾਨਜੋ ਨਿਜ ਜੇਤੋ[6]। ਮੋਹਿ ਨਿਕਟ[7] ਤੇ ਲੇਵਹੁ ਤੇਤੋ' ॥ ੬੩ ॥ ਰਾਇ ਦੇਤਿ ਸੋ ਲੇਤਿ ਨ ਕਾਲੂ। ਭਯੋ ਪਰਸਪਰ ਕਹਿਨ ਬਿਸਾਲੂ। ਨ੍ਰਿਪਤਿਅਮਾਤਜ[8] ਬਾਤ ਮੁਖ ਭਾਖੀ। 'ਆਇਸੁ[9] ਰਾਇ ਮੰਨ ਅਭਿਲਾਖੀ ॥੬੪॥ ਬਾਰ ਬਾਰ ਨਹਿੰ ਫੇਰ[10] ਕਰੀਜੈ। ਬਿਨ ਬਿਚਾਰ ਬਚ ਬ੍ਰਿਧਨ[11] ਮਨੀਜੈ। ਕਬਹੁੰ ਨ ਝਿਰਕਹੁ ਉਤਪਲ ਲੋਚਨ। ਤਵ ਸੁਤ ਸੰਤ ਕੁਬੰਧ ਬਿਮੋਚਨ[12]' ॥ ੬੫ ॥ ਬਹੁਤ ਬਾਰ ਕਹਿ ਰਾਇ ਪ੍ਰਬੀਨੇ। ਨਿਜ ਕਰ ਤੇ ਕਾਲੂ ਕਰ ਦੀਨੇ। ਭੂਰ ਬਿਸੂਰਤਿ ਗਮਨਜੋ ਸਦਨਾ। ਅੰਤਰ ਬੈਸਜੋ ਲੱਜਤਿ ਬਦਨਾ[13]॥੬੬॥ ਤਲਵੰਡੀ ਜੇਤੇ ਨਰ ਨਾਰੀ। ਸੁਨਿਕਰਿ ਕਹਹਿੰ 'ਵਡੋ ਬੁਰਿਆਰੀ[14]। ਪੂਰਬ[15] ਨਿਰਦੈ ਹੁਇ ਸੁਤ ਮਾਰਾ। ਨ੍ਰਿਪ ਤੇ ਲੇ ਧਨ ਆਇ ਅਗਾਰਾ[16] ॥ ੬੭ ॥ ਯੁਗਲ[17] ਕੁਕਰਮ ਕੀਨਿ' ਮਨ ਬਿੰਦਹਿੰ[18]। ਜਹਿੰ ਤਹਿੰ ਕਾਲੂ ਕੋ ਨਰ ਨਿੰਦਹਿੰ। ਪੁਰਿ ਮਹਿੰ ਸੁਨਿ ਨਿੰਦਾ ਨਿਜ ਸ਼੍ਰੋਨਾ। ਬੋਲ ਨ ਆਵ ਭਯੋ ਮੁਖ ਮੋਨਾ ॥ ੬੮ ॥ ਦੁਖਤਿ ਰਿਦੈ ਮੈਂ ਹ੍ਵੈ ਕਰਿ ਭਾਰੀ। ਉਰ ਬਿਸੂਰ ਕਰਿ ਭੂਰ ਵਿਚਾਰੀ।–ਮਰਨ ਭਲੋ*ਜੀਵਨ ਧਿਕ[19]ਮੇਰੋ। ਜਹਿੰ ਤਹਿੰ ਅਪਜਸ[20] ਭਯੋ ਘਨੇਰੋ†–॥੬੯॥ਲੇਕਰਿ ਦਰਬ ਬੁਲਾਰ ਅਗਾਰਾ। ਜਾਇ ਪਾਸ ਮੁਖ ਬਚਨ ਉਚਾਰਾ। 'ਭੂਪਤਿ ! ਲੀਜੈ ਅਪਨੋ ਦਰਬਾ। ਨਿੰਦਾ ਕਰਤਿ ਨਗਰ ਮਮ ਸਰਬਾ' ॥੭੦॥ ਕਹਿਤਿ ਨ੍ਰਿਪਤ ਚਿਤ ਰੋਸ[21] ਬਿਸਾਰੇ[22]। 'ਕਮਲਨੈਨ ਤੇ ਲੀਨ ਉਧਾਰੇ। ਸੋ ਦੀਨੇ ਜਾਵਹੁ ਨਿਜ ਸ਼ਾਲਾ। ਪੁਨ ਨ ਕ੍ਰੋਧ ਕਰਿ ਸੰਗ ਕ੍ਰਿਪਾਲਾ'॥੭੧॥ 'ਜਬ ਕੋ ਜਨਮਜੋ ਇਨ ਸੁਧ ਪਾਈ। ਇਕ ਬਿਰਾਟਿਕਾ[23] ਕਬਿ ਨ ਖਟਾਈ। ਆਨਿ[24] ਕਹਾਂਤੇ[25] ਦੀਨ ਉਧਾਰਾ? ਧਨਖੱਟਹਿ ਤੌ ਕਿਉਂ ਹ੍ਵੈ ਰਾਰਾ[26]'॥੭੨॥'ਸੁਨਿ ਕਾਲੂ ਤੁਝਕੋ ਸੁਧ ਨਾਂਹੀ। ਮਾਯਾ‡ ਜਿਤੀ ਪਿਖਹੁ

[1]ਸੱਚੇ ਮਾਰਗ ਟੁਰਨ ਵਾਲੇ ਨੂੰ। [2]ਭਗਤਾਂ ਦੀ ਤੇ ਜਗਤ ਦੀ। [3]ਨਾ ਜੁੜਨ ਵਾਲੀ ਰਹਤ ਹੈ। [4](ਜਗਤ) ਧਨ ਦਾ ਗਾਹਕ। [5](ਭਗਤ) ਮੁਕਤੀ ਦੇ ਗਾਹਕ ਹਨ। [6]ਜਿਤਨਾ। [7]ਪਾਸੋਂ। [8]ਰਾਜੇ ਦੇ ਵਜ਼ੀਰ ਨੇ। [9]ਆਗਜ਼ਾ। [10]ਮੋੜ। [11]ਬਿਨਾ ਸੋਚੇ ਵੱਡਿਆਂ ਦੀ ਗਲ ਮੰਨ ਲੈਣੀ ਚਾਹੀਦੀ ਹੈ। [12]ਖੋਟੇ ਬੰਧਨਾ ਤੋਂ ਛੁਡਾਉਣ ਵਾਲਾ ਹੈ। [13]ਸ਼ਰਮਿੰਦਾ ਮੂੰਹ ਵਾਲਾ। [14]ਬੁਰਾ ਹੈ (ਕਾਲੂ)। [15]ਪਹਿਲਾਂ। [16]ਘਰ। [17]ਦੋਵੇਂ। [18]ਸਮਝਦੇ ਹਨ। [19]ਧ੍ਰਿਕਾਰ ਹੈ। [20]ਬਦਨਾਮੀ। [21]ਗੁੱਸਾ। [22]ਭੁਲਾਕੇ। [23]ਕੌਡੀ। [24]ਲਿਆਕੇ। [25]ਕਿੱਥੋਂ। [26]ਝਗੜਾ।

*ਪਾ:–ਭਯੋ। †ਪਾ:–ਵਡੇਰੋ। ‡ਰਾਇ ਬੁਲਾਰ ਦੀ ਇਹ ਸ਼ਰਧਾ ਧਾਰਨ ਯੋਗ ਹੈ।

ਜਗਮਾਂਹੀ[1]। ਸਭਿ ਵਰਤਹਿ ਨਾਨਕ ਅਨੁਸਾਰੀ। ਪਤਿ ਰਜਾਇ ਜਿਉ[2] ਪਤਿਬ੍ਰਤ ਨਾਰੀ ॥ ੭੩ ॥ ਸੰਪਤ ਸਰਬ ਤੁਰੰਗ ਮਤੰਗਾ[3]। ਸਜੰਦਨ[4] ਔ ਸੁਖਪਾਲ[5] ਸੁ ਰੰਗਾ। ਔਰ ਜਿ ਮੁਝ ਘਰਿ ਸਭਿ ਵਡਿਆਈ। ਕਮਲਨੈਨ ਕੀ ਕਰੁਨਾ ਪਾਈ[6] ॥ ੭੪ ॥ ਸੋਰਠਾ ॥ਅਸ ਬਿਧਿ ਰਾਇ ਬੁਲਾਰ ਕਾਲੂ ਕੋ ਸਮਝਾਵਈ। ਬਰ ਸ਼ਰਧਾ ਉਰ ਧਾਰਿ ਪਰਮ ਪ੍ਰੇਮ ਉਪਜਾਵਈ ॥ ੭੫ ॥ ਦੋਹਰਾ ॥ ਬਦਨ ਇੰਦੁ[7] ਛਬਿ ਮਦਨ ਸਮ[8] ਕਦਨ ਕਲੁਖ[9] ਦੁਖ ਮੰਦ[10] । ਸ੍ਵੈਛਾ[11] ਹ੍ਵੈ ਬਿਚਰਤਿ[12] ਨਗਰ ਜਗਤ ਭਗਤ ਦਾਨੰਦ[13] ॥ ੭੬ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਲੂ, ਰਾਇ ਬੁਲਾਰ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅਧਯਾਯ ॥ ੧੫ ॥

੧੬. [ਗੁਰੂ ਅਮਰਦੇਵ ਮੰਗਲ। ਛਾਪ ਲੋਟਾ ਸਾਧੂ ਨੂੰ ਦਿੱਤਾ, ਸੁਲਤਾਨ ਪੁਰ ਜਾਣਾਂ]

ਦੋਹਰਾ ॥ ਅਮਰਦਾਸ ਸ਼੍ਰੀ ਗੁਰ ਸੁਖਦ ਸੱਤਿ ਸਰੂਪ ਅਨੂਪ ॥
ਸਿੱਖਨ ਕੇ ਮਨ ਗਯਾਨ ਦਾ ਗਤਿ ਉਦਾਰ ਵਡ ਭੂਪ॥੧॥

{ ਸੁਖਦ=ਸੁਖ ਦਾਤੇ [ਸੰਸ:, ਸੁਖ+ਦ]
ਅਨੂਪ=ਉਪਮਾ ਤੋਂ ਪਰੇ, [ਅਨ+ਉਪਮ]। ਗਯਾਨਦਾ=ਗਯਾਨ ਦੇ ਦਾਤੇ।
ਗਤਿ=ਪ੍ਰਾਪਤੀ, ਚਾਲ, ਗਯਾਨ। ਜੀਵਨ ਦਾ ਤ੍ਰੀਕਾ, ਵਰਤਾਉ, ਸੁਭਾਵ।
ਉਦਾਰ=ਸਖੀ, ਦਾਤਾ। }

ਅਰਥ—ਸ਼੍ਰੀ ਗੁਰੂ ਅਮਰ ਦਾਸ ਜੀ ਉਪਮਾਂ ਤੋਂ ਪਰੇ (ਹਨ ਤੇ) ਸੱਚ ਹੀ (ਜਿਨ੍ਹਾਂ ਦਾ) ਵਜੂਦ ਹੈ, ਸਿੱਖਾਂ ਦੇ ਮਨ ਨੂੰ ਗਿਆਨ ਦੇ ਦਾਤੇ ਹਨ (ਲੋੜਵੰਦਾਂ ਦੁਖੀਆਂ ਨੂੰ ਵਾਂਛਤ) ਸੁਖਾਂ ਦੇ ਦਾਤੇ ਹਨ, (ਕਿਉਂਕਿ ਉਨ੍ਹਾਂ ਦਾ) ਵਰਤਾਉ ਹੀ ਵਡੇ ਰਾਜਿਆਂ ਵਾਂਕੂ ਉਦਾਰ ਹੈ।

ਭਾਵ—ਸ਼੍ਰੀ ਗੁਰੂ ਅਮਰ ਦੇਵ ਜੀ ਅਤੀ ਮ੍ਰਿਦੁਲ ਸੁਭਾਵ ਵਾਲੇ ਸੇ, ਪਰਉਪਕਾਰ ਤੇ ਦੁਖੀਆਂ ਤੇ ਤ੍ਰੁਠਣਾ ਇਤਨਾ ਵਿਸ਼ੇਸ਼ ਸੀ ਕਿ ਕਰਾਮਾਤ ਤੇ ਕਰਾਮਾਤ ਉਨ੍ਹਾਂ ਤੋਂ ਅਨਇੱਛਤ ਹੁੰਦੀ ਸੀ। ਮਨ ਉੱਚਾ ਸੁੱਚਾ ਸ਼ਕਤੀ ਮਾਨ ਸੀ, ਪਰ ਦਯਾਲੂ ਹੋਣ ਕਰਕੇ ਜਿਉਂ ਹੀ ਕਿ ਦਾਇਆ ਦੇ ਰੰਗ ਵਿਚ ਆਉਂਦਾ ਸੀ, ਅਗੇ ਅਸਰ ਹੋਕੇ ਸੁਖਦਾਨ ਹੋ ਜਾਂਦਾ ਸੀ। ਇਸ ਕਰਕੇ ਕਵੀ ਜੀ ਆਖਦੇ ਹਨ ਕਿ ਉਨ੍ਹਾਂ ਦੀ ਗਤੀ (ਮੁਰਾਦ ਸੁਭਾਵ ਤੋਂ ਹੈ) ਹੀ ਦਾਤਾ ਸੀ। ਅਰਥਾਤ ਕਿ ਉਹ ਉੱਦਮ ਨਾਲ ਪਰਉਪਕਾਰ ਨਹੀਂ ਸਨ ਕਰਦੇ, ਉਨ੍ਹਾਂ ਦਾ ਸੁਤੇ

---

[1]ਵੇਖਦਾ ਹੈਂ ਜਗਤ ਵਿੱਚ। [2]ਪਤੀ ਦੇ ਹੁਕਮ ਵਿੱਚ ਜੀਕੂੰ। [3]ਘੋੜੇ, ਹਾਥੀ। [4]ਰਥ। [5]ਪਾਲਕੀ। [6]ਮੇਹਰ ਨਾਲ ਪ੍ਰਾਪਤ ਹੋਈ ਹੈ। [7]ਮੁਖ ਚੰਦਰਮਾਂ ਵਰਗਾ। [8]ਕਾਮ ਵਤ ਛਬੀ ਭਾਵ ਅਤੀ ਸੁਹਣੀ। [9]ਨਾਸ਼ ਕਰਤਾ ਪਾਪਾਂ ਦੇ। [10]ਤੇ ਦੁਖਾਂ ਨੂੰ ਹਰਨ ਵਾਲੇ। [11]ਆਪਣੀ ਇੱਛਾ ਅਨੁਸਾਰ, ਸੁਤੰਤ੍ਰ। [12]ਫਿਰਦੇ ਹਨ। [13]ਜਗਤ ਦੇ ਭਗਤਾਂ ਦੇ ਅਨੰਦ ਦਾਤਾ (ਗੁਰੂ ਜੀ)।

ਹੀ ਸੁਭਾਵ ਉਦਾਰ ਸੀ। ਜੀਕੂੰ ਵਡੇ ਰਾਜਿਆਂ ਦਾ ਮਾਯਾ ਦਾਨ ਦੇਣ ਵਿਚ ਉਦਾਰ ਚਿਤ ਹੁੰਦਾ ਹੈ, ਉਸਤਰ੍ਹਾਂ ਆਪਦਾ ਚਿਤ ਗ੍ਯਾਨ ਦੇਣ, ਸੁਖ ਦੇਣ ਵਿਚ ਉਦਾਰ ਸੀ। ਸ਼੍ਰੀ ਬਾਲਾ ਸੰਧੁਰੁ ਵਾਚ ॥ ਭੁਜੰਗ ਪ੍ਰਯਾਤ ਛੰਦ। **ਸੁਤਾ ਨਾਨਕੀ ਜੋ ਹੁਤੀ ਧਾਮ ਕਾਲੂ। ਗੁਨੰ ਖਾਨ ਮਾਨੋ ਸਰੂਪੰ ਬਿਸਾਲੂ।ਸੁਤਾ ਕੇ ਸਮਾਨੰ[੧] ਲਖ੍ਯੋ ਤਾਂਹਿ ਰਾਈ[੨]। ਭਲੇ ਥਾਨ ਕੀਨੀ ਸੁਤਾ ਕੀ ਸਗਾਈ[੩] ॥ ੨ ॥** ਤੋਟਕ ਛੰਦ ॥ **ਸੁਲ-ਤਾਨ ਪੁਰੇ ਜੈਰਾਮ ਹੁਤੋ। ਬਰ ਬਾਹਜ ਬੰਸ ਬਿਸੁੱਧ ਮਤੋ[੪]। ਸਨਬੰਧ ਭਯੋ ਤਿਹ ਸੰਗ ਭਲੰ। ਇਕ ਸਾਰ ਮਿਲੇ ਬਰ ਨਾਰਿ[੫]*ਕਲੰ[੬]॥੩॥ਸਜਿ ਸਾਜਿ[੭] ਬਰਾਤ ਭਲੀ ਸਗਰੀ। ਕਿਯ ਆਨ ਢੁਕਾਉ ਸੁਸੂ ਨਗਰੀ[੮]। ਲਿਯ ਸੰਗ ਮਤੰਗ ਤੁਰੰਗਨ ਕੋ।ਪਟ[੯]ਸ਼ੋਭਤਿਹੈਂ ਬਹੁਰੰਗਨਕੋ।੪।ਬਰਭੂਖਨ ਕੰਚਨ[੧੦] ਅੰਗ ਧਰੇ। ਝਮਕਾਂਤਿ ਜਰਾਵਨ ਸੰਗ ਜਰੇ[੧੧]। ਮਨ ਹੋਇ ਉਦਾਰ ਧਨੰ ਬਰਖੇ। ਸਭਿ ਪਾਵਹਿੰ ਰੰਕ[੧੨] ਰਿਦੇ ਹਰਖੇ ॥੫॥**ਕਬਿੱਤ॥ **ਬਾਜਤਿ ਨਗਾਰੇ ਬਹੁ ਬੇਦਜਨ†ਅਖਾਰੇ ਹੋਤਿ[੧੩] ਕੌਤਕ ਨਿਹਾਰੇਮਨ ਰਹੇਹੈਂ ਲੁਭਾਇਕੈ।ਪਾਇਕੈ ਨਿਵੇਸ ਕੋ ਬਰਾਤ ਨੈ ਨਿਵੇਸ[੧੪] ਕੀਨੋ, ਅਥਏ ਦਿਨੇਸ਼[੧੫] ਕੋ ਹੁਤਾਸਨ[੧੬] ਜਗਾਇਕੈ। ਭਾਵਰੈ[੧੭] ਕੋ ਲੈਯ ਸਭਿ ਦਿੱਜਨ[੧੮] ਕੋ ਦਾਨ ਦੇਯ ਅੰਗਨਾ[੧੯] ਸੁਨਾਇ ਗਾਰਿ ਗੀਤਨ‡ ਕੋ ਗਾਇਕੈ। ਦੋਊ ਕੁਲ ਰੀਤਿ ਕੀਨ ਦਾਇਜ[੨੦] ਬਹੁਤ ਦੀਨ ਵਡੋ ਜਸੁ ਲੀਨ ਸਭਿ ਰਹੇ ਹਰਖਾਇਕੈ ॥ ੬ ॥ ਕੀਨੋ ਉਪ-**

---

[੧](ਨਿਜ) ਪੁੱਤ੍ਰੀ ਸਮਾਨ। [੨]ਰਾਇ ਬੁਲਾਰ ਜਾਣਦਾ ਸੀ। [੩]ਮੰਗਣੀ। [੪]ਚੰਗੀ ਕੁਲ ਦਾ ਖੱਤ੍ਰੀ ਤੇ ਉੱਜਲ ਬੁਧੀ ਵਾਲਾ। [੫]ਵਰ ਤੇ ਕੰਨਯਾਂ। [੬]ਸੁੰਦਰ। [੭]ਸਜ ਸਜਾਕੇ। [੮]ਸਹੁਰੇ ਦੀ ਨਗਰੀ। [੯]ਕਪੜੇ। [੧੦]ਸੋਨੇ ਦੇ। [੧੧]ਜੜਾਊਆਂ ਨਾਲ ਜੜੇ। [੧੨]ਗਰੀਬ। [੧੩]ਵਜਦੇ ਹਨ ਬਹੁਤ ਨਗਾਰੇ, ਵੇਦੀਆਂ ਦੀ ਸਭਾ ਲਗਦੀ ਹੈ। [੧੪]ਟਿਕਾਣਾ। [੧੫]ਸੂਰਜ ਛਿਪੇ। [੧੬]ਅਗਨੀ। [੧੭]ਫੇਰੇ। [੧੮]ਬ੍ਰਾਹਮਣਾਂ ਨੂੰ। [੧੯]ਇਸਤ੍ਰੀਆਂ। [੨੦]ਦਾਜ। *ਪਾ:-ਨਰ ਨਾਰ। †ਪਾਠਾਂਤ੍ਰ-ਵੇਸ਼ਯਨ। ਇਸ ਪਦ ਤੋਂ ਪਤਾ ਲਗਦਾ ਹੈ ਕਿ ਸ਼੍ਰੀ ਗੁਰੂ ਜੀ ਦੇ ਆਗਮਨ ਸਮੇਂ ਖੱਤ੍ਰੀ ਕਿਤਨੇ ਗਿਰ ਚੁਕੇ ਸਨ ਜਿਨ੍ਹਾਂ ਦਾ ਦੇਸ਼ ਖੋਹਕੇ ਉਹਨਾਂ ਉੱਤੇ ਬਦੇਸ਼ੀ ਜ਼ਾਲਮ ਪਠਾਣ ਰਾਜ ਕਰ ਰਹੇ ਸੇ, ਓਹ ਵਿਆਹਾਂ ਪਰ ਕੇਵਲ ਹਾਕਮਾਂ ਦੀ ਨਕਲ ਕਰਕੇ ਵੇਸ਼ਿਆ ਦੇ ਨਾਚ ਕਰਵਾਉਂਦੇ ਸੇ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਐਸੇ ਕੁਕਰਮਾਂ ਦੀ ਨਿਸ਼ੇਧੀ ਆਉਂਦੀ ਹੈ।

‡ਦੋ ਨੁਸਖਿਆਂ ਵਿਚ ਪਾਠ 'ਰਾਗ ਰੀਤਨ' ਹੈ ਅਰਥਾਤ ਰਾਗਾਂ ਦੀਆਂ ਵਿਧੀਆਂ ਅਨੁਸਾਰ। 'ਰਾਗ ਦੀਆਂ ਰੀਤਾਂ' ਪਦ ਰਾਗ ਦੇ ਗੁਣੀ ਜਨ ਹੁਣ ਵੀ ਬੋਲਦੇ ਹਨ। ਇਕ ਦੋ ਨੁਸਖਿਆਂ ਵਿਚ ਪਾਠ 'ਗਾਰਿ ਗੀਤਨ' ਬੀ ਹੈ। ਪਤਾ ਨਹੀਂ ਕਿ ਕਵਿ ਜੀ ਦੇ ਆਪਣੇ ਨੁਸਖੇ ਵਿਚ, ਜੋ ਮਿਲਦਾ ਨਹੀਂ, ਕੀਹ ਪਾਠ ਸੀ। ਹਰ ਹਾਲ ਏਹ ਸਿੱਠਣੀਆਂ ਦੇਣ ਦੇ ਦੇਸ਼ ਵਿਚ ਰਿਵਾਜ ਹੈਸਨ ਤਾਂ ਸਹੀ, ਪਰ ਇਹ ਗੁਰਮਤ ਦੇ ਉਪਦੇਸ਼ ਨਹੀਂ ਹਨ।

ਬਾਹ[੧] ਅਭਿਰਾਮ ਯੌ ਜਰਾਮ ਪੁਨ ਗਯੋ ਨਿਜ ਧਾਮ ਮਨ ਆਨੰਦ ਬਢਾ-
ਇਕੈ। ਬਾਸੁਰ ਬਿਤੀਤੇ ਕੁਛ ਨਾਨਕ ਸੋਂ ਕਾਲੂ ਕਹੈ 'ਭਗਨੀ ਕੋ ਆਨਿ[੭]
ਸੁਲਤਾਨ ਪੁਰਿ ਜਾਇਕੈ'। ਮਾਨਤਿ ਨ ਬੈਨ ਅਨੁਕੰਪਐਨ[੩] ਤੂਸ਼ਨੀ ਤੇ
ਜਾਂਕੋ ਕਿਹ ਭੈ ਨ, ਨੀਚੇ ਨੈਨ ਠਹਿਰਾਇਕੈ। ਰਾਇਕੇ ਨਿਕਟ ਜਾਇ
ਸਭਿ ਹੀ ਸੁਨਾਇ ਬਿਧਿ 'ਭਗਨੀ ਨ ਆਨਤਿ[੪] ਹੈ ਰਹਜੋਂ ਸਮਝਾਇਕੈ'
॥੭॥ਰਾਇ ਭੇਜਯੋ ਦਾਸ ਕੋ ਬੁਲਾਇ ਸੁਖ ਰਾਸ ਰੂਪ, ਸਾਦਰ[੫] ਬਸਾਇ ਪਾਸ
ਪ੍ਰੇਮ ਕੇ ਪ੍ਰਕਾਸ਼ ਸੋਂ*। ਮਾਥੇ ਪਰ ਹਾਥ ਫੇਰ, ਗਾਥਾ[੬] ਹਿਤ ਸਾਥ ਕਹਿ 'ਏਕ
ਵਾਰ ਜੱਯੈ[੭] ਸੁਸਾ ਆਨੀਏ ਅਵਾਸ[੮] ਸੋਂ*। ਦੂਜੇ ਤਹਾਂ ਜਾਇ ਰਹੋ
ਰਿਦੈ ਸੁਖ ਪਾਇ ਅਹੋ ਕਾਲੂ ਕੀ ਕਲਾਹਿ[੯] ਮਿਟ ਜਾਇ ਅਨਾਯਾਸ[੧੦]
ਸੋਂ*। ਸਹਿਜ ਸੁਭਾਇ ਤਬ ਹੀਏ ਜੋ ਸੁਹਾਇ ਕਰੋ ਜਾਵਨੋਂ ਉਚਿਤ[੧੧]
ਤੁਮੈ ਅਬੈ ਸੁਸਾ ਪਾਸ[੧੨] ਸੋਂ*' ॥ ੮ ॥ ਬ੍ਰਿੱਧ ਬੈਸ ਨਗਰੇਸ਼ੁ[੧੩] ਬੱਲਭ[੧੪]
ਵਿਸ਼ੇਸ[੧੫]ਲਖਿ[੧੬] ਮਾਨੇ ਜਗਤੇਸ਼[੧੭] ਬੈਨ ਭਾਨੇ ਮਨ ਆਪਨੇ। ਬਾਲਾ ਭਨੈ:
ਅੰਗਦ ਜੀ! ਕੀਜੈ ਪਾਨ[੧੮] ਕਥਾ ਰਸ[੧੯], ਭਏ ਹੈਂ ਤਯਾਰ ਜਿਨ ਕੀਨੇ
ਦੰਭ ਖਾਪਨੇ[੨੦]। ਮੋਸੇ ਹਿਤ ਸਦਾ ਧਰੈਂ, ਦਾਸ ਜਾਨ ਦਯਾ ਕਰੈਂ, ਨਿਕਟਿ[੨੧]
ਹਕਾਰ ਲੀਨ[੨੨] ਸਾਥ ਕੋ ਅਪਾਪ ਨੇ[੨੩]। ਆਇਕੈ ਨਿਕੇਤ[੨੪] ਲੀਨ ਬੇਦੀ-
ਕੁਲਕੇਤ ਨੇਗ[੨੫], ਮਾਤਾ ਕਰਿ ਹੇਤ ਬਿਦਾ ਕੀਨ ਹਰਿ ਜਾਪਨੇ[੨੬]।੯। ਚਲੇ
ਪੰਥ ਮੰਦ ਮੰਦ[੨੭] ਆਨੰਦ ਕੇ ਕੰਦ[੨੮] ਜੋਊ ਸੁੰਦਰ ਮੁਕੰਦ ਪਦ[੨੯]
ਨੈਨ ਅਰਬਿੰਦ ਸੇ[੩੦]। ਦੇਖਤਿ ਸਿਸੁਰ ਰੁਤਿ[੩੧] ਕਾਨਨ[੩੨] ਨਿਪਾਤ ਪਾਤ[੩੩]
ਨਗਨ ਬਿਟਪ ਭੇ[੩੪] ਨਰਕ ਅਘਵੰਦ ਸੇ[੩੫]। ਆਂਬਨ[੩੬] ਕੋ

---

[੧]ਸ਼ਾਦੀ। [੨]ਭੈਣ ਨੂੰ ਲਿਆ। [੩]ਕਿਰਪਾ ਦੇ ਘਰ। [੪]ਨਹੀਂ ਲਿਆਉਂਦਾ। [੫]ਆਦਰ ਨਾਲ। [੬]ਕਥਾ, ਗੱਲ। [੭]ਜਾਓ। [੮]ਭੈਣ ਨੂੰ ਲੈ ਆਓ ਘਰ। [੯]ਲੜਾਈ। [੧੦]ਸੌਖੀ, ਬਿਨਾ ਯਤਨ। [੧੧]ਲਾਇਕ। [੧੨]ਭੈਣ ਦੇ ਕੋਲ। [੧੩]ਨਗਰੀ ਦੇ ਰਾਜੇ ਦੀ ਤੇ। [੧੪]ਪਿਆਰਾ। [੧੫]ਬਹੁਤ। [੧੬]ਜਾਣਕੇ। [੧੭]ਜਗਤ ਸੁਵਾਮੀ ਨੇ। [੧੮]ਪੀਵੋ। [੧੯]ਅੰਮ੍ਰਿਤ। [੨੦]ਦੰਭ ਨਾਸ਼ ਕੀਤੇ। [੨੧]ਕੋਲ। [੨੨]ਬੁਲਾਲਿਆ। [੨੩]ਨਿਸ਼ਪਾਪ (ਭਾਵ ਗੁਰੂ ਜੀ) ਨੇ। [੨੪]ਘਰ। [੨੫]ਭੈਣ ਨੂੰ ਦੇਣ ਯੋਗ ਵਸਤਾਂ। [੨੬]ਹਰੀ ਦਾ ਜਾਪ ਕਰਨ ਵਾਲੇ (ਗੁਰੂ ਜੀ) ਨੂੰ। [੨੭]ਹੌਲੀ ਹੌਲੀ। [੨੮]ਆਨੰਦ ਦੇ ਦਾਤਾ। [੨੯]ਮੁਕਤੀ ਦਾਤਾ ਚਰਨ ਟੁਰੇ। [੩੦]ਜਿਸ ਦੇ ਨੈਣ ਕਵਲ ਵਰਗੇ ਹਨ। [੩੧]ਪਤ ਝੜੀ ਰੁਤ। [੩੨]ਜੰਗਲ। [੩੩]ਝੜ ਪਏ ਪੱਤਰ। [੩੪]ਦਰਖਤ ਨੰਗੇ ਹੋ ਗਏ। [੩੫]ਨਰਕ ਜਾਣ ਵਾਲੇ ਪਾਪੀਆਂ ਵਾਂਙੂ। [੩੬]ਅੰਬਾਂ।

*ਚਉਹੀਂ ਥਾਈਂ ਹਰ ਤੁਕ ਦੇ ਅੰਤ–ਸੋ–ਦੀ ਥਾਂ ਪਾਠਾਂਤ੍ਰ–ਕੋ–ਬੀ ਹੈ।

ਮੋਰ[੧] ਭਖਿ[੨] ਕੰਠ[੩] ਕਲ[੪] ਕੋਕਲਾਕੇ[੫] ਕੂਕਤਿ ਸੁਨਾਇ ਕੂਕ ਪਾਵਤਿ ਅਨੰਦ ਸੇ। ਕੀਰ[੬], ਕਲਬਿੰਕ[੭], ਕੰਕ[੮], ਤੋਕਕ[੯], ਕਕੰਨ[੧੦], ਕੋਕ[੧੧], ਕੁਰਕਟ[੧੨], ਕਰੇਟੂ[੧੩], ਕਾਕ[੧੪], ਕੇਕੀ[੧੫], ਹੈਂ ਨਰਿੰਦਸੇ[੧੬]।੧੦।ਬੋਲਤਿ ਕਪੋਤ ਭ੍ਰਿੰਗ[੧੭], ਖੰਜਨ[੧੮], ਕੁਲਿੰਗ[੧੯] ਕਲ[੨੦] ਸਾਰਸ[੨੧] ਕੁਰੰਗ[੨੨] ਨਾਨਾ ਰੰਗ ਕੇ ਬਿਹੰਗ[੨੩] ਹੈਂ। ਕਾਨਨ ਉਲੰਘਿ ਗਏ ਨੱਗਰ ਉਮੰਗ ਪਿਖਿ ਨਾਗਰ ਔ ਨਾਗਰੀ ਅਨੰਦ ਬਹੁ ਰੰਗ* ਹੈਂ[੨੪]। ਗਾਵਤਿ ਬਸੰਤ ਮਿਲ ਨਾਚਤਿ ਅਨੰਤ ਘਰ ਰਾਇ[੨੫] ਰੰਕ[੨੬] ਤਜੀ ਸ਼ੰਕ ਵਿਰਤਿ ਨਿਸ਼ੰਗ ਹੈਂ। ਹਾਥ ਸੋਂ ਬਜਾਇਂ ਤਾਰੀ[੨੭] ਮੁਖ ਤੇ ਸੁਨਾਇਂ ਗਾਰੀ[੨੮] ਡਾਰੈਂ ਪਿਚਕਾਰੀ ਭਰਿ ਰੰਗਤਿ ਸੁਰੰਗ ਹੈਂ ॥ ੧੧ ॥ ਸੋਦਰੀ[੨੯] ਸਦਨ[੩੦] ਗਏ ਕਮਲ ਬਦਨ[੩੧] ਪੁਨ ਬੰਧਨ ਕਦਨ[੩੨] ਜਾਂਕੇ ਨਾਮ ਲੇਤਿ ਹੋਤਿ ਹੈਂ। ਸਾਦਰ[੩੩] ਸਨੇਹ[੩੪] ਕਰਿ ਮਿਲ ਕੇ ਬਿਸਾਇ ਗੇਹ[੩੫], ਕੁਸ਼ਲਪ੍ਰਸ਼ਨ[੩੬] ਬੂਝ† ਆਨੰਦ ਉਦੋਤਿ ਹੈਂ[੩੭]। ਏਕ ਦਿਨ ਰਹੇ, ਬਿਦਾ ਲੇਨਿ ਹਿਤ ਬੈਨ ਕਹੇ, ਸੁਨਿਕੈ ਜੈਰਾਮ ਸਨਮਾਨੈ ਰੂਪ ਜੋਤਿ ਹੈਂ[੩੮]। 'ਮੇਰੇ ਧਾਮ ਰਹੋ, ਸੇਵਾ ਕਰੋਂ ਜੋਊ ਕਹੋ ਤੁਮ, ਸੰਤ ਰੂਪ ਦੇਖੇ ਤੇ ਕਲੁਖ[੩੯] ਦੁਖ ਖੋਤਿ ਹੈਂ' ॥ ੧੨ ॥ ਪਰਮਾਨੰਦ ਜਨਕ[੪੦] ਜਰਾਮ ਕੋ ਬਖਾਨੇ‡ ਬੈਨ 'ਬਿਦਾ ਦੇਹੁ ਅਬਕੇ ਬਹੁਰ ਪੁਰਿ[੪੧] ਆਵਈਂ। ਭਗਨੀ[੪੨] ਕੋ ਲੇਨਿ ਮਾਤ ਪਿਤਾ ਨੈ ਪਠਾਏ ਏਹ, ਜਾਨੋ ਜੋਗ ਜਾਨੋ ਅਬ, ਨਹੀਂ ਪੁਨ ਜਾਵਈ[੪੩]'। ਯਾ ਬਿਧਿ ਵਿਚਾਰ ਕੀਨਿ ਸਭਿਨਿ ਕੋ ਬਿਦਾ ਦੀਨਿ ਚਲੇ ਤਲ-ਵੰਡੀ ਮਗ ਸੁੰਦਰ ਸੁਹਾਵਈ। ਬੇਦੀ ਕੁਲ ਕੇਤ ਆਏ ਸੁਸਾ[੪੨] ਕੇ ਸਮੇਤ ਨਿਜ ਪ੍ਰਵਿਸ਼ੇ ਨਿਕੇਤ[੩੦] ਮਾਤ ਅੰਗ ਮੈਂ ਨ ਮਾਵਈ ॥ ੧੩ ॥ ਸੈਯਾ ॥

---

[੧]ਬੂਰ। [੨]ਖਾਕੇ। [੩]ਗਲਾ। [੪]ਸੁੰਦਰ। [੫]ਕੋਇਲਾਂ ਦੇ। [੬]ਤੋਤੇ। [੭]ਚਿੜਾ। [੮]ਚਿੱਟੀ ਚੀਲ੍ਹ (ਅ) ਬਗਲਾ। [੯]ਪਪੀਹਾ। [੧੦]ਬਟੇਰਾ, ਕਕੰਜਲ=ਚਾਤ੍ਰਿਕ। [੧੧]ਚਕਵੀ ਚਕਵਾ। [੧੨]ਕੁਕੜ। [੧੩]ਕਾਲਕਾਂਛੀ। [੧੪]ਕਾਂ। [੧੫]ਮੋਰ। [੧੬]ਰਾਜੇ ਵਰਗੇ। [੧੭]ਕਪੋਤ=ਕਬੂਤਰ। ਭ੍ਰਿੰਗ=ਭੌਰਾ, ਭੌਰੇ। [੧੮]ਮਮੋਲਾ। [੧੯]ਜਲ ਕਿਨਾਰੇ ਰਹਿਣ ਵਾਲਾ ਇਕ ਵੱਡਾ ਪੰਛੀ। [੨੦]ਸੁੰਦਰ। [੨੧]ਇਕ ਵੱਡਾ ਜਲ ਪੰਛੀ। [੨੨]ਲਮਢੀਂਗ [ਸੰਸ:, ਕੁਰੰਕਰ]। [੨੩]ਪੰਛੀ। [੨੪]ਦੇਖੋ ਪੁਰਖ ਤੇ ਇਸਤ੍ਰੀਆਂ ਬਹੁਤ ਆਨੰਦ ਤੇ ਰੰਗ ਵਿਚ ਹੈਨ। [੨੫]ਰਾਜੇ। [੨੬]ਕੰਗਾਲ। [੨੭]ਤਾੜੀ। [੨੮]ਗਾਲੀ। ਭਾਵ ਹੋਲੀਆਂ ਦੇ ਦਿਨ ਹਨ, ਪਿੱਛੇ ਰੁਤ ਮਾਘ ਫੱਗਣ ਦੀ ਦੱਸ ਆਏ ਹਨ। [੨੯]ਬੇਬੇ ਜੀ ਦੇ। [੩੦]ਘਰ। [੩੧]ਕਮਲ ਮੁਖ ਵਾਲੇ। [੩੨]ਬੰਧਨਾਂ ਦਾ ਨਾਸ਼। [੩੩]ਆਦਰ ਨਾਲ। [੩੪]ਪ੍ਰੇਮ। [੩੫]ਘਰ ਬੈਠਾਏ। [੩੬]ਸੁਖਸਾਂਦ। [੩੭]ਅਨੰਦ ਪ੍ਰਕਾਸ਼ ਹੁੰਦਾ ਹੈ। [੩੮]ਜੋਤੀ ਸਰੂਪ ਨੂੰ। [੩੯]ਪਾਪ। [੪੦]ਪਿਤਾ ਨੇ। [੪੧]ਸੁਲਤਾਨ ਪੁਰ। [੪੨]ਭੈਣ। [੪੩]ਜਾਣਾ (ਇਨ੍ਹਾਂ ਦਾ) ਹੁਣ ਮੁਨਾਸਬ ਜਾਣੋ ਫੇਰ (ਆਕੇ) ਨਾ ਜਾਵਣ (ਭਾਵੇਂ)। *ਪਾ:-ਅੰਗ। †ਪਾ:-ਕਰਿ। ‡ਪਾ:-ਸੁ ਕਹੇ।

ਰਾਇ ਸੁਨ੍ਯੋ ਨਿਜ ਬੱਲਭ[੧] ਆਵਨ, ਦਾਸ ਪਠਾਵਨ ਕੀਨ ਤਦਾਈ।
ਲੀਨਿ ਬੁਲਾਇ,ਸੁ ਪਾਸ ਬਿਸਾਇ,ਰਿਦੈ ਸੁਖ ਪਾਇ, ਅਖੀਂ ਭਰਿ ਆਈ।
ਪ੍ਰੇਮ ਸੋਂ ਬੂਝ ਸਰੀਰ ਅਪੀਰ[੨] ਕੀ ਪ੍ਰੀਤਿ ਨਵੀਨ ਕਰੀ ਅਧਿਕਾਈ।
ਧੀਰ ਧੁਰੰਧਰ[੩] ਸ੍ਰੀ ਗੁਰੁ ਪੂਰਨ 'ਛੇਮ[੪]' ਕਹੀ ਔ ਜਰਾਮ ਵਡਾਈ॥ ੧੪ ॥
ਦੋਹਰਾ ॥ ਸਦਨ[੫] ਆਏ ਦੁਖਕਦਨ[੬] ਪੁਨ ਜਿਨ ਤੇ ਮਦਨ ਲਜਾਇ[੭]।
ਰਦਨ[੮] ਕੁੰਦ[੯] ਕੰਦਲ ਅਨੰਦ[੧੦] ਮੰਦਮੰਦ ਗਤਿਪਾਇ[੧੧] ॥੧੫॥ ਕਬਿੱਤ ॥
ਸੁੰਦਰ ਬਦਨ ਪਰ[੧੨] ਤਨਕ[੧੩] ਸ਼ਮਸ ਮਸ[੧੪] ਮਾਨਹੁ ਸ਼ਿੰਗਾਰ[੧੫] ਨਿਜ
ਰੂਪ ਪ੍ਰਗਟਾਵਈ। ਕਿਧੋਂ ਸਸਿ ਪਾਸ[੧੬] ਚਹਿ ਪਸਰ੍ਯੋ ਤਮਸ ਜਸ[੧੭] ਕਿਧੋਂ[੧੮]
ਮੁਖ ਸਾਰਸ[੧੯]ਪੈ ਮਧੁਪ[੨੦] ਸੁਹਾਵਈ। ਭੁਜਾ[੨੧]ਹੈਂ ਪ੍ਰਲੰਬ[੨੨] ਭਾਰੀ,ਉੱਨਤ[੨੩]
ਸਿਕੰਧ[੨੪] ਚਾਰੀ[੨੫] ਦਯਾ ਭਰੀ ਨੈਨ ਕੋਰ[੨੬] ਚਿੱਤ ਕੋ ਚੁਰਾਵਈ। ਕੁੰਡਲ
ਕਪੋਲ ਪਰ[੨੭] ਝਮਕਤਿ ਲੋਲ[੨੮] ਭਏ, ਚਿਬੁਕ[੨੯] ਅਮੋਲ ਛਬਿ ਹੇਰੇ[੩੦]
ਤੇ ਲਖਾਵਈ॥੧੬॥ਸ੍ਵੈਯਾ॥ ਰਾਗ[੩੧] ਬਿਰੋਧ[੩੨] ਤੇ ਬ੍ਰਿੱਤਿ ਨਿਰੋਧਨ[੩੩] ਆਦਿ
ਤੇ ਰੀਤਿ ਸਦਾ ਜਿਨ ਕੀ। ਛ੍ਵੈ ਨ ਸਕੈ ਹਰਖੰ ਮਨ ਸ਼ੋਕ ਦ੍ਵੈ ਜਸੋਂ ਦਲ
ਕੰਜ[੩੪] ਜਲੰਕਨ[੩੫] ਕੀ। ਏਕਸੇ[੩੬] ਆਨੰਦ ਮੈਂ ਮਗਨੈ ਜਗ ਤਾਰਨ ਲੀਲਾ
ਕਰੇ ਤਨਕੀ[੩੭]। ਐਸੇ ਗੁਰੂ ਕੀ ਜੋਊ ਸਤਿਸੰਗਤ ਸੇਵਤਿ[੩੮] ਕਹਾ ਉਪਮਾ
ਤਿਨ ਕੀ॥੧੭॥ ਦੋਹਰਾ ॥ ਉਦਾਸੀਨ ਬ੍ਰਿਤਿ ਮੈਂ ਸਦਾ ਸ੍ਰੀ ਬੇਦੀ ਕੁਲਕੇਤੁ।
ਅਸ ਬਿਧਿ ਦਿਵਸ ਬਿਤਾਵਈਂ ਜਗ ਤਾਰਨ ਕੇ ਹੇਤੁ ॥ ੧੮ ॥ ਕਬਿੱਤ ॥
ਬਹੁਰੋ ਜੈਰਾਮ ਚਲਿ ਆਯੋ ਸਸੁਰਾਰ[੩੯] ਧਾਮ[੪੦],ਜਾਂਕੋ ਅਭਿਰਾਮ ਬੇਖ[੪੧],
ਲੇਨੇ ਹਿਤ ਨਾਨਕੀ। ਸੁਨਿਕੈ ਬੁਲਾਰ ਨੈ ਬੁਲਾਇ ਪਠਾ[੪੨] ਤਾਤਕਾਲ[੪੩]

[੧]ਅਪਨੇ ਪ੍ਰੀਤਮ ਦਾ। [੨]ਸੁਖ। [੩]ਧੀਰਜ ਦੇ ਧਾਰਨ ਹਾਰੇ। [੪]ਕੁਸ਼ਲ। [੫]ਘਰ। [੬]ਦੁਖ ਨਾਸ਼ਕ। [੭]ਕਾਮ ਸ਼ਰਮ ਖਾਂਦਾ ਹੈ। [੮]ਦੰਦ। [੯]ਮਰਤਬਾਨ ਦੇ ਫੁਲ ਜਿਹੇ। [੧੦]ਅਨੰਦ ਦੀ ਗੰਦਲ। ਸਾਰਾ ਹੀ ਅਨੰਦ। [੧੧](ਉਨ੍ਹਾਂ ਦੇ) ਚਰਣਾਂ ਦੀ ਟੋਰ ਬੜੀ ਗੰਭੀਰ। [੧੨]ਸੁਹਣੇ ਮੁਖ ਪਰ। [੧੩]ਥੋੜੀ। [੧੪]ਦਾਹੜੇ ਦੀ ਮੱਸ (ਸਿਆਹੀ)। [੧੫]ਸ਼੍ਰਿੰਗਾਰ ਰਸ। [੧੬]ਚੰਦ੍ਰਮਾਂ ਦੇ ਕੋਲ। [੧੭]ਜਿਵੇਂ ਅੰਨ੍ਹੇਰਾ ਪਸਰਿਆ ਚਾਹੁੰਦਾ ਹੈ। [੧੮]ਜਾਂ। [੧੯]ਮੁਖ ਕਵਲ ਤੇ। [੨੦]ਭੌਰਾ। [੨੧]ਬਾਹਾਂ। [੨੨]ਲੰਬੀਆਂ। [੨੩]ਉੱਚੇ ਹਨ। [੨੪]ਮੋਢੇ। [੨੫]ਸੁੰਦਰ। [੨੬]ਅੱਖਾਂ ਦੀਆਂ ਕੋਣਾਂ। ਨੈਨ ਕੋਰ ਤੋਂ ਮੁਰਾਦ—ਕਟਾਖ—ਦੀ ਹੈ। [੨੭]ਗੱਲ੍ਹਾਂ ਪੁਰ ਵਾਲੇ। [੨੮]ਚੰਚਲ। [੨੯]ਠੋਡੀ। [੩੦]ਦੇਖੇ। [੩੧.੩੨]ਮੋਹ ਤੋਂ ਰੋਕਣ ਦੀ ਤੇ। [੩੩]ਬ੍ਰਿਤੀ ਨੂੰ ਏਕਾਗ੍ਰ ਕਰਨ ਦੀ। [੩੪]ਕਮਲ ਪਤੇ ਨੂੰ। [੩੫]ਪਾਣੀ ਦੀ ਬੂੰਦ। [੩੬]ਇਕ ਰਸ। [੩੭]ਸ਼ਰੀਰ ਦੀ। [੩੮]ਕਰਦੇ ਹਨ। [੩੯]ਸਹੁਰੇ। [੪੦]ਘਰ। [੪੧]ਸੁੰਦਰ ਵੇਸ। [੪੨]ਸੱਦ ਭੇਜਿਆ। [੪੩]ਛੇਤੀ।

ਆਇ ਮਿਲਯੋ ਭਲੀ ਰੀਤਿ ਕਰੀ ਸਨਮਾਨ ਕੀ[੧]। ਕੁਸ਼ਲ[੨] ਪ੍ਰਸੰਗ[੩] ਕਰਿ,ਰਿਦੇ ਮੈਂ ਅਨੰਦ ਧਰਿ ਬੋਲਯੋ ਸਮਝਾਨ ਹਿਤ ਬਿਧਿ[੪]ਗਤਿਦਾਨਕੀ[੫]। 'ਕਲਾਵਾਨ ਨਾਨਕ ਸੁਜਾਨ[੬] ਕੋ ਤੂੰ ਭਲੇ ਮਾਨ, ਕਲਹ[੭] ਕਰਤਿ ਕਾਲੂ ਸਮਝ ਨ ਸਯਾਨ ਕੀ[੮] ॥੧੯॥ ਮੇਰੋ ਕਹਯੋ ਮਾਨਿ ਨਿਜ ਰਾਖੋ ਘਰ ਮਾਨ ਸਨ[੯] ਉਤੇ[੧੦] ਕਿਤ[੧੧] ਥਾਨ[੧੨] ਬਿਧਿ[੧੩] ਬਜਾਹਿ ਕੀ ਮਿਲੀਜੀਏ। ਸੇਵਉ ਸਭਿ ਭਾਂਤਿ ਸੋਂ ਮਿਟਾਇ ਮਨ ਭ੍ਰਾਤ[੧੪] ਮੀਤ! ਭੂਲ ਹੂੰ ਨ ਪ੍ਰਤਿਕੂਲ[੧੫]ਹੋਨੀ ਮਤਿ[੧੬] ਕੀਜੀਏ। ਸ੍ਵਾਰਥ ਪ੍ਰਮਾਰਥ ਮੈਂ ਜਨਮ ਪਦਾਰਥ ਕੇ ਚਾਹੋ ਜਿ ਸਕਾਰਥਾ ਤੌ ਨੀਕੇ ਲਖਿ ਲੀਜੀਏ। ਏਕ ਤੌ ਕਹਿਨ ਮੇਰੋ ਦੂਜੇ ਸਨਬੰਧ ਤੇਰੋ ਤੀਜੇ ਨਿਜ ਭਲਾ ਹੇਰੋ ਸੇਵਾ ਮੈਂ ਪ੍ਰਸੀਜੀਏ॥੨੦॥ਦੋਹਰਾ॥ ਕਲਹੀ[੧੭] ਕਾਲੂ ਕਲਹਿ ਕਰਿ[੧੮], ਯਾਂਤੇ ਰਹਹਿੰ ਉਦਾਸ। ਜਾਹੁ ਜਬਹਿ* ਨਿਜ[੧੯] ਸਦਨ ਕੋ[੨੦] ਪੁਨ ਪਠਵਹੁੰ[੨੧] ਤੁਮ ਪਾਸ[੨੨]' ॥ ੨੧ ॥ ਸੈਯਾ ॥ ਜੈਰਾਮ ਤਬੈ ਹਰਖਾਇ ਰਿਦੇ ਕਹਿ 'ਭਾਗ ਜਗੇ ਅਪਨੇ ਵਡ ਜਾਨੋਂ। ਜਿਨਕੀ ਉਪਮਾ ਤੁਮ ਆਪ ਕਰੋ ਸੁ ਚਲੈਂ ਮਮ ਧਾਮ ਕ੍ਰਿਤਾਰਥ ਮਾਨੋਂ। ਧਨ ਤੇ ਤਨ ਤੇ ਮਨ ਤੇ ਜਨ[੨੩] ਤੇ ਸਭਿ ਆਇਸੁ[੨੪] ਮੈਂ ਤਿਨ ਕੀ ਸਿਰ ਠਾਨੋ'। ਕਹਿ ਯੋ ਉਠਿ ਬੰਦਨ ਕੀਨਿ[੨੫] ਬੁਲਾਰ ਕੋ, ਹੋਇ ਬਿਦਾ ਸੁ†ਨਿਕੇਤ ਸਿਧਾਨੋ[੨੬]॥ ੨੨॥ ਸੋਰਠਾ ॥ ਲੀਨਿ ਭਾਰਜਾ ਸਾਥ ਡੋਲੇ ਮਹਿਂ ਚਢਿਵਾਇ ਕਰਿ‡। ਮਿਲ ਸ੍ਰੀ ਨਾਨਕ ਸਾਥ ਸਾਸ ਸਸੁਰ ਕੋ ਨਮੋ ਕਰਿ॥੨੩॥ਸਨੇ ਸਨੇ ਪ੍ਰਸਥਾਨ[੨੭] ਯੁਤ ਦਾਸਨ ਕੇ ਘਰ ਗਯੋ। ਸਿਮਰਤਿ ਸਤੁਤਿ[੨੮] ਬਖਾਨ ਸ੍ਰੀ ਨਾਨਕ ਕੋ ਦੰਪਤੀ ॥ ੨੪ ॥ ਸੈਯਾ ॥ ਤਾਂ ਪਸ਼ਚਾਤ ਰਹੇ ਜਸ ਭਾਂਤਿ[੨੯] ਕਹੋਂ ਤਸ ਗਾਥ[੩੦] ਸੁਨੋ ਸੁਖਦਾਨੀ! ਯੋਗ ਕੀ ਰੀਤਿ ਨਿਕੇਤ[੩੧] ਬਿਖੈ ਵਰਤੈਂ, ਨਿਰ-ਲੇਪ ਵਿਖੇਪਤਾ ਹਾਨੀ[੩੨]। ਜੈਸ ਬਿਦੇਹ[੩੩]ਰਹਯੋ ਗ੍ਰਿਹਸਤਾਸ਼੍ਰਮ,ਹੈ ਅਜ ਲੋ

---

[੧]ਆਦਰ ਦੀ। [੨]ਸੁੱਖ। [੩]ਅਨੰਦ (ਅ) ਪੁਛਕੇ। [੪]ਵਰਤੋਂ [੫]ਮੁਕਤੀ ਦਾਤੇ ਦੀ। [੬]ਚਤੁਰ। [੭]ਲੜਾਈ। [੮]ਸਿਆਣਪ ਦੀ। [੯]ਆਦਰ ਨਾਲ। [੧੦]ਉਧਰੇ। [੧੧]ਕਿਸੇ। [੧੨]ਜਗਾ। [੧੩]ਜੁਗਤ। [੧੪]ਭਰਮ। [੧੫]ਉਲਟ। [੧੬]ਹੋਣ ਵਾਲੀ ਬੁੱਧੀ। [੧੭]ਲੜਾਈ ਕਰਨ ਵਾਲਾ। [੧੮]ਲੜਾਈ ਕਰਦਾ ਹੈ। [੧੯]ਤੁਸੀਂ ਆਪਣੇ। [੨੦]ਘਰ ਨੂੰ। [੨੧]ਮੈਂ ਭੇਜਾਂਗਾ (ਉਨ੍ਹਾਂ ਨੂੰ)। [੨੨]ਤੇਰੇ ਪਾਸ। [੨੩]ਦਾਸਾਂ ਤੇ। [੨੪]ਆਗਯਾ, ਹੁਕਮ। [੨੫]ਨਮਸਕਾਰ ਕੀਤੀ। [੨੬]ਘਰ ਗਿਆ। [੨੭]ਚਲ ਚਲ ਕੇ। [੨੮]ਉਸਤਤ। [੨੯]ਜਿਸ ਤਰ੍ਹਾਂ। [੩੦]ਤੈਸੀ ਕਥਾ। [੩੧]ਘਰ। [੩੨]ਵਿਖੇਪ ਤੋਂ ਰਹਿਤ ਹੋਕੇ। [੩੩]ਜਨਕ ਜੀ।

*ਪਾਠਾਂਤ੍ਰ—ਅਬਹਿ—ਹੈ। †ਪਾਠਾਂਤ੍ਰ—ਕੇ—।

‡ਪਾ:=ਡੋਰੇ ਮਹਿਂ ਚਢਵਾਇ ਕਰ।

ਪਰਤੱਛ ਕਹਾਨੀ। ਪਾਵਕ[1] ਬੀਚ ਬਿਭੂਤ[2] ਛਪੈ ਤਿਵ ਰਾਖੀ ਛਪਾਇ ਕਲਾ ਗੁਨਖਾਨੀ ॥੨੫॥ ਸੋਰਠਾ ॥ ਲਖਿ ਨ ਸਕਹਿਂ ਅਨਜਾਨ ਬਕਹਿਂ ਸਿ ਅਸ[3] ਮਿਲ ਪਰਸਪਰ[4]। 'ਕਾਜ ਕਠਨ ਜਗ ਜਾਨਿ ਬਿਨ ਮਤਿ ਹੋਇ ਨ ਆਵਈ' ॥ ੨੬ ॥ ਸ੍ਰੀ ਬੇਦੀ ਕੁਲਚੰਦ ਰਹਤਿ ਸਮਾਨ ਸੁਭਾਇ ਮੈਂ। ਕਮਲਨ ਸੇ ਮਤਿਮੰਦ[5] ਕੈਸੇ ਸਕਹਿਂ ਪਛਾਨ ਸੋ ॥ ੨੭ ॥ ਧਰਮਧੁਰੀਨ[6] ਅਗਾਧ ਅਸ ਬਿਧਿ ਸਮਾਂ ਬਿਤਾਵਈਂ। ਚਲਿ ਕਰਿ ਆਯੋ ਸਾਧ ਏਕ ਦਿਵਸ ਤਲਵੰਡਿਕਾ* ॥ ੨੮ ॥ ਕਬਿੱਤ ॥ ਰੀਤਿ ਤਨ ਸੰਤ ਕੀ ਅਤੀਤ ਬੈਠੋ ਆਨਿ ਇਕ ਨੱਗਰ ਵਹਿਰ[7] ਬਰ[8]† ਆਸਨ ਡਸਾਇਕੈ[9]। ਤਾਂਹੀ‡ ਸਮੇਂ ਸਹਿਜ ਸੁਭਾਇ ਗਏ ਨਾਨਕ ਜੀ ਬੈਸੇ 'ਕਰਤਾਰ ਕਰਤਾਰ' ਤਾਂ[10] ਸੁਨਾਇਕੈ। ਕੰਚਨ[11] ਕੀ ਮੁੰਦ੍ਰਿਕਾ[12] ਸੁਹਾਇ ਛੁੱਦ੍ਰ ਆਂਗੁਰੀਮੈਂ[13], ਲੋਟਾ ਹਾਥ ਲੀਏ ਉਪਕਾਰੀ ਜੋ ਸੁਭਾਇਕੈ। ਬੂਝਤਿ ਅਤੀਤ 'ਕੌਨ ਨਾਮ ਤੌ ਬਰਨ ਰੀਤਿ ਕਹੋ ਪਰਤੀਤ ਨਿਜ ਚੀਤ ਕੀ ਜਨਾਇਕੈ'॥ ੨੯॥'§ਨਾਨਕ ਹੈ ਨਾਮ ਨਿਰੰਕਾਰੀ ਤਨ ਬੇਖ ਜਾਨ¶ਖੱਤ੍ਰੀ ਕੀ ਜਾਤਿ ਗੋਤ ਬੇਦੀ ਮਮ ਜਾਨੀਏ'।ਕਹੈ ਸੰਤ ਵਾਕ 'ਤੁਮ ਆਪ ਨਿਰੰਕਾਰੀ ਭਏ?

[1]ਅਗਨੀ। [2]ਸੁਵਾਹ ਵਿਚ। [3]ਓਹ ਇਸ ਤਰ੍ਹਾਂ ਕਹਿੰਦੇ ਹਨ। [4]ਆਪੋ ਵਿਚ। [5]ਕਮਲ ਫੁਲ ਵਰਗੇ ਦੁਰਬੁੱਧੀ ਲੋਕ (ਕਮਲ ਚੰਦ ਵਲੋਂ ਮੂੰਹ ਮੀਟ ਲੈਂਦਾ ਹੈ।) [6]ਧਰਮ ਧਾਰਨ ਵਾਲੇ। [7]ਬਾਹਰ। [8]ਚੰਗਾ। [9]ਵਿਛਾਕੇ। [10]ਉਸਨੂੰ। [11]ਸੋਨੇ ਦੀ। [12]ਮੁੰਦਰੀ। [13]ਛੋਟੀ ਉਂਗਲੀ ਵਿਚ।

*ਇਕ ਨੁਸਖੇ ਵਿਚ ਪਾਠ—ਤਿਲਵੰਡੀ—ਸਾਰੇ ਗ੍ਰੰਥ ਵਿਚ ਹੈ, ਹੋਰਨਾਂ ਨੁਸਖਿਆਂ ਵਚ—ਤਲਵੰਡੀ—ਹੈ। †ਪਾ:—ਬਾਹਰੁ ਵਾਰ। ‡ਪਾ:—ਤੇਹੀ।

§ਇਥੇ ਦੋ ਕਲਮੀ ਨੁਸਖਿਆਂ ਵਿਚ ਪਾਠ ਦਾ ਬੀ ਫਰਕ ਹੈ ਤੇ ਕਬਿੱਤ ਬੀ ਦੋ ਹਨ। ਯਥਾ:—'ਨਾਨਕ ਹੈ ਨਾਮ, ਨਿਰੰਕਾਰੀ ਤਨੁਬੇਖਿ ਜਾਨ, ਖੱਤ੍ਰੀ ਹੈ ਸੁ ਜਾਤਿ, ਗੋਤ ਬੇਦੀ ਮਮ ਜਾਨਿਹੋ'। ਕਹੈ ਸੰਤ ਵਾਕੁ 'ਤੁਮ ਆਪ ਨਿਰੰਕਾਰੀ ਭਏ, ਉੱਤਰ ਬਤਾਇ ਹਮ ਕੌਣ ਤੈ ਪ੍ਰਮਾਨ ਹੋ ?। ਮਾਯਾ ਮੋਹ ਗ੍ਰਸੇ ਹੋ, ਕੁਟੰਬ ਨੇਹ ਫਸੇ ਹੋ, ਬਿਸ਼ੈਨ ਬੀਚ ਰਸੇ ਹੋ, ਬਖਾਨ ਬੈਨ ਆਨ ਹੋ। ਸਦਨ ਬਸੇ ਹੋ ਪੰਕ ਲੋਭ ਮੈਂ ਧਸੇ ਹੋ ਕਰ ਪਹਿਰ ਲਸੇ ਹੋ ਹੇਮ ਬਾਂਛਤ ਮਹਾਨ ਹੋ'। ੩੦ ॥ ਕਬਿੱਤ ॥ 'ਬਾਹਰ ਕੇ ਤ੍ਯਾਗ ਕੋ ਨ ਕਰੈਂ ਅਨੁਰਾਗ ਹਮ, ਬ੍ਰਿਤਿ ਲਾਗ ਰਹੀ ਰਸ ਪਾਗ ਏਕੁੰਕਾਰ ਕੋ। ਹੇਮ ਮੈਂ ਸਨੇਹੁ ਤੁਮ, ਲੀਜੈ ਅੰਗੀਕਾਰ ਕਰਿ, ਹਮਰੇ ਤੌ ਹਾਨਿ ਲਾਭ ਅਹੈ ਏਕਸਾਰ ਕੋ। ਬੇਖ ਸੰਤ ਰੂਪ ਹੋ ਅਨੂਪ ਮਤਿ ਦੇਖੀਅਤ, ਭਏ ਨਿਰੰਕਾਰ ਹੂੰਕੋ ਭੇਦ ਨਾ ਬਿਚਾਰਕੋ।' ਐਸੇ ਕਹਿ ਵਾਕ ਲੀਨੀ ਕਰ ਤੇ ਉਤਾਰ ਛਾਪ ਲੋਟੇ ਕੇ ਸਮੇਤਿ ਤਾਂਹਿ ਦੀਨੀ ਸੁਖਕਾਰ ਕੋ ॥ ੩੧ ॥

¶ਪਾ:—ਮਾਨ।

ਉੱਤਰ ਬਤਾਇ ਹਮ[੧] ਕੌਨ ਤੇ ਪ੍ਰਮਾਨੀਏ[੨]'।'ਰਾਵਰਿ[੩] ਤੋ ਸੰਤ ਰੂਪ ਮਤੋ ਹੈ ਅਨੂਪ ਸ਼ੁਭ ਭਏ ਨਿਰੰਕਾਰ ਹੂੰ ਕੇ ਭੇਦ ਨ ਪਛਾਨੀਏ'। ਐਸੇ ਕਹਿ ਵਾਕ ਲੀਨੀ ਕਰ[੪] ਤੇ ਉਤਾਰਿ ਛਾਪ[੫] ਲੋਟੇ ਕੇ ਸਮੇਤ ਤਾਂਹਿ ਦੀਨੀ ਸੁਖ ਦਾਨੀਏ॥੩੦॥ ਕਹੇ ਪੁਨ ਸੰਤ 'ਹਮੈਂ ਪਹੁੰਚੀ, ਸੁ ਲੇਹੁ ਅਬ, ਨਹੀਂ ਮੋਹਿ ਕਾਮ ਨਿਜ ਧਾਮ[੬] ਲੈ ਸਿਧਾਈਏ'। 'ਏਕ ਬਾਰ ਦੇਇ ਕਹਿ ਤਾਂਹਿ ਕੋ ਸੋ ਲੇਹਿਂ ਹਮ, ਦੇਤਿ ਕਰ[੭] ਲੇਤਿ ਜੌਨ,ਧਰਮ ਲਜਾਈਏ'। ਹੋਇਕੈ ਪ੍ਰਸੰਨ ਸੰਤ ਕਹਤਿ 'ਪ੍ਰਛੰਨਬੇਖ[੮],ਲੇਤਿ ਕਰਤਾਰ ਸੁਧ[੯] ਐਸੇ ਜਾਨ ਪਾਈਏ'।ਸੰਤ ਤਬ ਚਲਯੋ ਗਯੋ, ਨਾਨਕ ਸਦਨ ਅਯੋ, ਸੁੰਦਰ ਬਦਨ ਨਿਜ ਸਿੱਖ ਸੁਖਦਾਈਏ[੧੦]॥ ੩੧ ॥ ਕਾਲੂ ਕਰ[੧੧] ਦੇਖਿ ਕਹਯੋ, ਕੋਪ ਮੈਂ ਬਿਸੇਖ, ਮੁਖ ਭਾਖੈ ਦੁਰਬਾਚ[੧੨] 'ਅਬ ਸਾਚ ਕਹੋ ਮੋਹਿ ਕੋ। ਲੋਟਾ ਤੈਂ ਗਵਾਇ ਛਾਪ ਦੀਨੀ ਕੌਨ* ਜਾਇ ਸੁਤ! ਸਦਾ ਦੁਖਦਾਇ ਮਤਿ ਆਵਤਿ ਨ ਤੋਹਿ ਕੋ। ਕਹਾਂ ਲੌ ਪੁਕਾਰੌਂ, ਨਹਿਂ ਲੀਨਿ ਤੈਂ ਸਮ੍ਹਾਰੋ[੧੩], ਭੌਨ[੧੪] ਕੀਨ ਯੌਂ ਉਜਾਰੋ, ਮੁਰ ਕਹਯੋ ਜਿ ਨ ਪੋਹਿ ਕੋ[੧੫]। ਇੱਛਾ ਜਹਿਂ ਜੱਯੈ,ਹਮ ਧਾਮ[੧੬] ਹੂੰ ਨ ਅੱਯੈ, ਨਿਜ[੧੭] ਖੱਯੈ[੧੮] ਜੋ ਕਮੱਯੈ' ਕਹਯੋ ਰਿਦੈ ਭਰਿ ਛੋਹਿ[੧੯] ਕੋ॥੩੨॥ 'ਛੋਡੀ ਜੋ ਕਮਾਈ ਤੇਰੀ, ਦੀਨੀ ਤੈਂ ਗਵਾਇ ਮੇਰੀ, ਬਨਜ ਬਿਉਹਾਰ ਕੀ ਨ ਮੱਤਿ ਤੇਰੇ ਪਾਸ ਹੈ। ਤੂਸ਼ਨੀ[੨੦] ਕਰਤਿ, ਹੌਂ ਹੂੰ ਬੋਲਤਿ ਖਪਤਿ ਨਿਤ, ਮਾਨਤਿ ਨ ਬਾਤ ਕਿਧੌਂ ਦੁੱਖ ਹੀ ਕੀ ਰਾਸ[੨੧] ਹੈ'। ਰਾਇ ਸੰਗ ਧਾਇ ਜਾਇ ਕਹਯੋ ਕਾਹੂ ਭੇਦ ਸਭਿ ਕਾਲੂ ਕੋ ਬੁਲਾਇ ਰਾਇ ਲੀਨਿ ਤਬ ਆਸੁ[੨੨] ਹੈ। 'ਕਹਾਂ ਤੋਹਿ ਭਯੋ, ਨਹਿਂ ਮਾਨੈ ਕਿਮ ਕਹਯੋ, ਬਹੁ ਪ੍ਰਾਕ[੨੩] ਸਮਝਯੋ ਤੇਰੋ ਗਯੋ ਬਿਸਵਾਸ ਹੈ॥੩੩॥ ਦੋਹਰਾ॥ ਪੱਥਰ ਤੇ ਨਿਠੁਰੋ[੨੪] ਅਧਿਕ†, ਜਲ ਮਮ ਬਚ ਕਿਮ ਭੇਦ[੨੫]। ਨਾਨਕ ਕਦਲੀ[੨੬] ਕੋਮਲੋ ਪੌਨ ਜਿਵੇਂ ਦੇ ਖੇਦ'॥ ੩੪ ॥ ਸੈਯਾ ॥ ਨਾਨਕ ਤਾਤ[੨੭] ਕਹੀ ਤਬ ਬਾਤ 'ਸੁਨੋ, ਕਰ ਛਾਪ ਹੁਤੀ ਸੁਧ[੨੮]

---

[੧]ਅਸੀਂ। [੨]ਇਸਦਾ ਪ੍ਰਮਾਨ (ਸਬੂਤ) ਕੀ ਹੈ। [੩]ਆਪ ਦਾ। [੪]ਹੱਥ। [੫]ਮੁੰਦਰੀ। [੬]ਘਰ। [੭]ਹਥੋਂ ਦੇਕੇ। [੮]ਗੁਪਤ ਰੂਪ। [੯]ਖਬਰ। [੧੦]ਸਿੱਖਾਂ ਦੇ ਸੁਖਦਾਈ (ਗੁਰੂ ਜੀ)। [੧੧]ਹੱਥ। [੧੨]ਖੋਟੇ ਬਚਨ। [੧੩]ਸੰਭਾਲ। [੧੪]ਘਰ। [੧੫]ਮੇਰਾ ਆਖਿਆ ਤੈਨੂੰ ਨਹੀਂ ਪੋਹਿੰਦਾ ਕੋਈ ਭੀ। [੧੬]ਘਰ। [੧੭]ਆਪ। [੧੮]ਖਾਓ। [੧੯]ਗੁੱਸਾ। [੨੦]ਚੁੱਪ। [੨੧]ਦੁੱਖ ਦੀ ਖਾਣ। [੨੨]ਛੇਤੀ। [੨੩]ਪਹਿਲਾਂ। [੨੪]ਕਰੜਾ। [੨੫]ਮੇਰੇ ਬਚਨ ਪਾਣੀ ਹਨ ਕੀਕੂੰ ਉਸਨੂੰ ਵਿੰਨ੍ਹਣ। [੨੬]ਕੇਲੇ। [੨੭](ਸ਼੍ਰੀ ਗੁਰੂ) ਨਾਨਕ (ਦੇਵ ਜੀ) ਦੇ ਪਿਤਾ ਨੇ। [੨੮]ਖਬਰ। *ਪਾ:—ਕਿਨਿ। †ਪਾ:—ਪ੍ਰਸਤਰ ਤੇ ਨਿਸ਼ਠੁਰ ਅਧਿਕ।

ਨਾਂਹੀ। ਜਾਨਤਿ ਨਾਂਹਿ ਨ ਕਾਹਿ[1] ਕਰੀ, ਕਿਹ ਗੇਰ ਦਈ ਕਿ ਦਈ ਕਿਸ ਪਾਹੀ[2] ? ਹੌਂ ਅਨੁਮਾਨ ਤੇ ਜਾਨਤਿ ਹੌਂ ਮਨ, ਗੋਸ਼ਟੀ ਨਿੱਤ ਫਕੀਰਨ ਕਾ ਹੀ। ਦੇ ਤਿਨ ਕੋ[3] ਨ ਬਤਾਵਤਿ[4] ਹੈ ਪੁਨ ਤੂਸ਼ਨ[5] ਧਾਰਤਿ ਹੈ ਮੁਖ ਮਾਂਹੀ ॥੩੫॥ ਹੌਂ ਕਿਹ ਤੇ[6] ਜਿ ਕਮਾਇ ਕੈ ਆਨਤਿ ਖੋਵਤਿ ਹੈ ਨ ਵਿਚਾਰ ਕਰਾਹੀ। ਜੋ ਇਸ ਬੈਸ ਸਮਾਨ[7] ਹੁਤੇ ਘਰ ਕਾਰ ਸੰਭਾਰਿ ਲਈ ਸਭਿ ਤਾਂਹੀ। ਔਰ ਨ ਜਾਨਤਿ ਕਾਜ[8] ਕਛੂ ਇਹ ਦੇਵਨ ਕੋ ਸਭਿ ਤੇ ਸਰਸਾਹੀ[9]। ਖਟਿ[10] ਨ ਚਾਹਤਿ ਮੈਂ ਇਹ ਕੀ ਕਬ, ਆਪ ਕਮਾਇ ਕੈ ਆਪ ਹੀ ਖਾਹੀ ॥ ੩੬ ॥ ਰਾਇ ਜੀ ਮੋਹਿ ਗੁਨਾਹਿ ਵਿਚਾਰਹੁ ਕੌ ਲਗ ਹੋਇ ਨਿਬਾਹਕ ਯਾਹੀ। ਹੌਂ ਮਰਿਹੋਂ ਤਬ ਕਿਉਂ ਨਿਭਿਹੈ ਅਬ ਬੈਸ[11] ਜੁਵਾ[12] ਨਹਿਂ ਕਾਰ ਕਮਾਹੀ'। ਰਾਇ ਬੁਲਾਰ ਵਿਚਾਰਿ ਕਹੀ 'ਨਿਤ ਰਾਰ[13] ਹੁਵੈ ਤੁਮਰੇ ਘਰ ਮਾਂਹੀ। ਨਾਨਕ ਕੋ ਅਬ ਧਾਮ ਜੈਰਾਮ[14], ਕਹਜੋ ਮਮ ਮਾਨ, ਪਠਾਉ[15] ਤਹਾਂਹੀ ॥੩੭॥ ਰਿਸ[16] ਸੌਂ ਦੁਰਬਾਕ[17] ਕਹੈਂ ਨਿਤ ਹੀ ਦੁਖ ਨਾਨਕ ਰੰਜ ਸਦਾ ਘਰ ਮਾਂਹੀ। ਨਹਿਂ ਮੇਲ ਬਨੈ ਤੁਮਰੋ ਉਨਕੋ ਜਿਮ ਪੂਰਬ ਪੱਛਮ ਦ੍ਵੈ ਨਰ ਜਾਹੀਂ। ਮਨ ਲੋਲਪਤਾ[18] ਤਵ, ਤਾਂਹਿ ਉਦਾਰਤਿ ਸੰਤ ਸੁਭਾਇ ਸਦਾ ਕਰੁਨਾ[19]ਹੀ'। ਪੁਨ ਸੇਵਕ ਭੇਜ ਬੁਲਾਇ ਕੈ ਨਾਨਕ ਪਾਸ ਬਸਾਇ ਕੈ ਸਾਦਰ ਪ੍ਰਾਹੀ[20] ॥੩੮॥ ਦੋਹਰਾ ॥ 'ਪਤੀਆ[21] ਮੈਂ ਲਿਖ ਦੇਯ ਹੌਂ ਜਾਵੇ ਪੁਰਿ ਸੁਲਤਾਨ। ਪਰਚਹੁਗੇ, ਸੁਖ ਪਾਇ ਹੌਂ*, ਕਾਲੂ ਕਲਹਿ[22]ਨਿਦਾਨ[23]' ॥ ੩੯ ॥ ਸੋਰਠਾ ॥ ਇਹ ਬਿਧਿ ਕਹਿ ਕਰਿ ਰਾਇ ਪਾਤੀ[24] ਲਿਖੀ ਜਰਾਮ ਕੋ। 'ਨਾਨਕ ਤੁਮ ਢਿਗ ਆਇ ਭਾਗ ਵਡੇ ਨਿਜ ਜਾਨੀਏ ॥ ੪੦ ॥ ਭੁਜੰਗ ਛੰਦ ॥ ਜਿਤੀ ਸੇਵ ਹੋਵੈ ਕਰੋ ਆਪ ਯਾਂਕੀ'। ਲਿਖੀ ਰਾਇ ਐਸੇ ਭਯੋ ਪ੍ਰੇਮ ਛਾਕੀ[25]†। ਦਈ ਹਾਥ ਮੈਂ ਹੇਰਿ[26] ਰੂਪੰ ਦਇਆਲਾ। ਬੁਲਾਯੋ ਮੁਝੇ[27] ਸੰਗ ਦੇਨੇ ਕ੍ਰਿਪਾਲਾ ॥੪੧॥ ਭਰਯੋ ਫੇਰ ਐਕੰ[28] ਮੁਖੰ ਲੀਨ ਚੂਮੰ। ਮੁਚਯੋ[29]

[1]ਕੀ। [2]ਕਿਸੇ ਪਾਸ। [3]ਉਨ੍ਹਾਂ (ਫਕੀਰਾਂ) ਨੂੰ ਦੇ ਕੇ। [4]ਦੱਸਦਾ ਭੀ ਨਹੀਂ। [5]ਚੁੱਪ। [6]ਕਿਸੇ ਥਾਓਂ। [7]ਉਮਰ ਦੇ ਬਰੋਬਰ। [8]ਕੰਮ। [9]ਵੱਧ ਹੈ। [10]ਖੱਟੀ। [11]ਉਮਰ। [12]ਜੁਵਾਨ। [13]ਲੜਾਈ। [14]ਜੈਰਾਮ ਦੇ ਘਰ। [15]ਭੇਜੋ। [16]ਗੁੱਸੇ। [17]ਦੁਰਬਚਨ। [18]ਲੋਭ। [19]ਕਿਰਪਾਲੂ। [20]ਆਦਰ ਨਾਲ ਆਖਿਆ। [21]ਚਿੱਠੀ। [22]ਕਾਲੂ ਦੀ ਲੜਾਈ ਬੀ। [23]ਮੁੱਕ ਜਾਏਗੀ। [24]ਚਿੱਠੀ। [25]ਗਦਗਦ। [26]ਵੇਖਕੇ। [27]ਮੈਨੂੰ (ਬਾਲੇ ਨੂੰ)। [28]ਗਲਵਕੜੀ। [29]ਛਟਿਆ। *ਪਾ:—ਪਾਵਹੋਂ। †ਪਾ:—ਥਾਕੀ।

ਨੈਨ[੧]ਨੀਰੰ ਗਿਰੀ ਬੂੰਦ ਭੂਮੰ[੨]। ਮਨੋ ਬਯੋਗ ਪੀਰੰ[੩] ਰਿਦੇ ਨ ਸਮਾਵੈ।ਚਖੰ[੪] ਦ੍ਵਾਰ[੫] ਆਮੇਯ[੬] ਬਾਹਯੰ[੭] ਸੁ ਆਵੈ ॥ ੪੨ ॥ ਦਿਲਾਸੋ ਦਿਯੋ ਹੈ ਧਰਯੋ ਹਾਥ ਸੀਸੰ। ਬਿਦਾ ਕੀਨਿ, ਪ੍ਰੀਤੰ ਬਹੂਤੀ ਛਿਤੀਸੰ[੮]। ਗਏ ਧਾਮ ਮਾਤਾ ਮਿਲੀ ਅੱਸ੍ਰ ਡਾਰੀ[੯]।–ਬਿਧਾਤਾ ਗਤੰ ਨ ਲਖੀ ਜਾਇ ਨਯਾਰੀ ॥ ੪੩ ॥ ਇਕੰ ਤਾਤੋ[੧੦] ਮੇਰੋ ਬਿਯੋਗੀ[੧੧]ਸੁ ਕੀਨੋ। ਨ ਦੈਵੰ ਸਹਾਰਯੋ ਨ ਦੇਖੰਨ ਦੀਨੋ–। ਭਰੇ[੧੨] ਅੰਕ ਮੈਂ[੧੩] ਸੀਤ[੧੪] ਸ੍ਵਾਸੰ[੧੫] ਨਿਕਾਰੇ[੧੬]। ਬਢੀ ਪੀਰ ਮਾਨੋ ਹੁਵੈਂ ਪ੍ਰਾਨ ਨਯਾਰੇ[੧੭]॥੪੪॥ ਕਹੋ 'ਤਾਤ[੧੮]! ਤੇਰੇ ਬਿਨਾ ਕੈਸ ਜੀਵੋਂ।ਸਹਯੋ ਜਾਇ ਨਾਂਹੀ ਬਿਖੈ[੧੯]ਘੋਰ[੨੦]ਪੀਵੋਂ। ਕਿਆ ਮੈਂ ਨਿਹਾਰੋਂ[੨੧] ਸੁ ਪਾਛੈ ਇਕਾਕੀ[੨੨]।ਹੁਤੋ ਸੂਨ[੨੩] ਏਕੋ ਸਮੀਪੰ[੨੪] ਨ ਤਾਂਕੀ' ॥ ੪੫ ॥ ਕਰੀ ਬੰਦਨਾ[੨੫] ਮਾਤਕੋ ਰੋਤਿ ਛੋਰੀ। ਪਿਤਾ ਕੋ ਨਮੋ ਕੀਨਿ ਦੋ ਹਾਥ ਜੋਰੀ। ਸਖਾ ਕੋ ਮਿਲੇ ਜੋ ਹੁਤੇ ਬਾਲ ਪਯਾਰੇ। ਮੁਝੈ ਸੰਗ ਲੈ ਫੇਰ ਪੰਥੰ[੨੬] ਪਧਾਰੇ*॥੪੬॥ਵਿਖੈ ਤੇ ਵਿਰਾਗੀ ਵਿਚਾਰੰ ਕਹਾਨੀ। ਮਗੰ[੨੭] ਜਾਤਿ ਭਾਖੈਂ ਭਲੇ ਮੋਖਦਾਨੀ[੨੮]। ਪੁਰੀ[੨੯] ਨੀਯਰਾਨੀ[੩੦] ਕਟੀ ਬਾਟ ਸਾਰੀ[੩੧]। ਪ੍ਰਵੇਸ਼ੰ ਬਜ਼ਾਰੰ ਕਿਯੋ ਹੇਰਿ[੩੨] ਚਾਰੀ[੩੩] ॥੪੭॥ ਗਏ ਧਾਮ ਜੈਰਾਮ ਬੇਦੀਨ ਰਾਈ[੩੪]। ਤਬੈ ਨਾਨਕੀ ਸੋਦਰੀ[੩੫] ਦੇਖਿ ਧਾਈ[੩੬]। ਉਭੈ[੩੭]ਪੈਰ ਪੈ ਆਨਿਕੈਸੀਸ ਧਾਰਯੋ[੩੮]।ਦਯਾ ਐਨ ਯੌਂ ਦੇਖਿ ਬੈਨੰ ਉਚਾਰਯੋ॥ ੪੮॥'ਵਡੀ ਸੋਦਰੀ[੩੯] ਮੋਹਿ ਤੇ ਬੈਸ ਤੇਰੀ[੪੦] ।ਕਰੌਂ ਬੰਦਨਾ ਯੋਗਤਾ ਹੈ ਸੁ ਮੇਰੀ।ਅਪੂਠੀ ਕਰੀ ਬਾਤ ਯੋਗੁ ਨ ਐਸੇ।ਕਿਯੋ ਸੋਦਰੀ ਜੋ ਅਬੈ ਆਪ ਜੈਸੇ' ॥੪੯॥ ਕਹੈ ਨਾਨਕੀ 'ਸਾਚ ਜੈਸੇ ਬਖਾਨੀ।ਜੁਈ ਹੋਇ ਭ੍ਰਾਤਾ ਕਹੋ ਸੋ ਪ੍ਰਮਾ- ਨੀ[੪੧]।ਨਹੀਂ ਭ੍ਰਾਤ ਕਾਂਕੇ, ਜਗੰਈਸ਼ ਪੇਖੋਂ[੪੨]। ਰਿਦੈ ਆਪਨੇ ਮੈਂ ਨ ਭ੍ਰਾਤਾ

---

[੧]ਅੱਖਾਂ ਤੋਂ। [੨]ਜ਼ਮੀਨ ਤੇ। [੩]ਵਿਛੋੜੇ ਦੀ ਪੀੜ। [੪]ਅੱਖਾਂ। [੫]ਰਾਹੀਂ। [੬]ਅੰਦਰ ਨਹੀਂ ਮਿਉਂਦੀ। [੭]ਬਾਹਰ। [੮]ਰਾਇ ਨੇ। [੯]ਹੰਝੂ ਕੇਰਕੇ। [੧੦]ਇਕੋ ਪੁਤ੍ਰ। [੧੧]ਵਿਛੋੜਾ ਦਿੱਤਾ। [੧੨]ਲਵੇ। [੧੩]ਗਲਵਕੜੀ ਵਿਚ। [੧੪]ਠੰਢੇ। [੧੫]ਸਾਹ। [੧੬]ਭਰੇ। [੧੭]ਜੁਦਾ ਹੁੰਦੇ ਹਨ। [੧੮]ਪੁੱਤਰ। [੧੯]ਜ਼ਹਿਰ। [੨੦]ਘੋਲ। [੨੧]ਵੇਖਾਂਗੀ। [੨੨]ਇਕੱਲੀ। [੨੩]ਪੁੱਤਰ। [੨੪]ਕੋਲ। [੨੫]ਨਮਸਕਾਰ। [੨੬]ਰਾਹ। [੨੭]ਰਾਹ। [੨੮]ਮੁਕਤੀ ਦਾਤਾ। [੨੯]ਸੁਲਤਾਨ ਪੁਰ ਨਗਰੀ। [੩੦]ਨੇੜੇ ਆ ਗਈ। [੩੧]ਸਾਰਾ ਪੰਧ ਮੁੱਕਾ। [੩੨]ਵੇਖਕੇ। [੩੩]ਸੁੰਦਰ। [੩੪]ਬੇਦੀਆਂ ਦੇ ਰਾਜਾ। [੩੫]ਭੈਣ। [੩੬]ਦੌੜੀ ਆਈ। [੩੭]ਦੋਨੋਂ। [੩੮]ਸਿਰ ਰਖਿਆ। [੩੯]ਹੇ ਭੈਣ! [੪੦]ਉਮਰ ਤੇਰੀ ਮੈਥੋਂ ਵਡੀ ਹੈ। [੪੧]ਜੇ ਤਾਂ ਤੁਸੀਂ ਭਿਰਾ ਹੋਵੋ, ਤਾਂ ਜੋ ਕਹੋ ਮੈਂ ਮੰਨ ਲਵਾਂ। [੪੨]ਤੁਸੀਂ ਕਿਸੇ ਦੇ ਭਰਾ ਨਹੀਂ ਹੋ, ਜਗਤ ਦੇ ਈਸ਼ਰ ਮੈਂ ਵੇਖਦੀ ਹਾਂ।

*ਪਾ:–ਸਿਧਾਏ।

ਕਿ ਲੇਖੋਂ[1]॥੫੦॥ ਨ ਆਦੰ ਨ ਅੰਤੰ ਬਿਅੰਤੰ ਸਰੂਪੰ। ਪਿਤਾ ਹੈ ਨ ਮਾਤਾ ਨ ਬੰਧੰ ਅਨੂਪੰ। ਨਿਜੰ[2] ਇੱਛ ਤੇ ਦੇਹਿ ਧਾਰੀ ਦਯਾਲੰ। ਉਧਾਰੰਨ[3] ਮੰਦੰ ਜਰੀ ਜੀਵ ਜਾਲੰ[4] ॥ ੫੧ ॥ ਕਲੀ ਕਾਲ ਮਾਂਹੀ ਬਿਥਾਰੋ[5] ਸੁਚਾਲੰ[6]। ਮਿਟਾਵੋ ਕੁਪੰਥੰ[7] ਕੁਦੰਭੰ ਕੁਚਾਲੰ[8]। ਸਦਾ ਐਸ ਹੀ ਮੋਹਿ ਕੋ ਦਾਨ ਦੀਜੈ। ਮਤੰ[9]ਨ ਬਿਸਾਰੋ ਕਬੈ,ਯੌਂ ਪ੍ਰਸੀਜੈ[10]॥੫੨॥ਇਤੇਮੱਧ[11]ਜੈਰਾਮ ਆਯੋ ਤਹਾਂ ਹੀ। ਸੁਸਾ ਨਾਨਕੀ ਸੌਂ ਮਿਲੇ ਬੈਸ ਜਾਂਹੀ[12]। ਉਠੇ ਬੰਦਨਾਂ ਕੋ ਨਿਹਾਰੇ[13] ਜਰਾਮ॥ਹਟਾਯੋ ਇਨੈ ਆਪਕੀਨੀ ਪ੍ਰਨਾਮ[14]॥੫੩॥ਕਹੇ ਬੈਨ[15] ਜੈਰਾਮ 'ਧਾਮੰ[16]ਪੁਨੀਤਾ[17]।ਭਯੋ ਆਵਨੇ ਤੇ ਉਡੀਕੰਤਿ ਨੀਤਾ[18]।ਨਿਹਾਲੰ ਕਿਯੋ ਮੋਹਿ ਦੀਨੋ ਦਿਦਾਰੰ। ਅਹੋ ਸੰਤਰੂਪੰ ਅਨੂਪੰ ਦਯਾਰੰ ॥ ੫੪ ॥ ਚਹੋ ਪੋਸ਼ਿਸ਼ੰ[19] ਜੈਸ ਤੈਸੀ ਹੰਢਾਵੋ। ਰੁਚੈ ਜੋ ਰਿਦੇ ਸੋ ਭਲੀ ਭਾਂਤਿ ਖਾਵੋ। ਰਹੋ ਬੈਠ ਆਪੰ,ਨਿਕੇਤੰ ਤੁਮਾਰੋ[20]।ਕਰੋ ਸੰਤਿਸੰਗੀ ਸੁ ਨਾਮੰ ਉਚਾਰੋ'॥੫੫॥ ਦੋਹਰਾ ॥ ਅਸ ਬਿਧਿ ਮਿਲਕਰਿ ਪਰਸਪਰ ਦੁਇ ਦਿਸ਼ ਉਰ ਹਰਿਖਾਇ। ਸ੍ਰੀ ਨਾਨਕ ਸੁ ਪ੍ਰਕਾਸ਼ ਕੋ ਪੂਰਨ ਖੋੜਸ[21] ਧਯਾਇ॥ ੫੬ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰ ਜਾਵਣ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅਧਯਾਯ ॥ ੧੬ ॥

੧੭. [ਗੁਰੂ ਰਾਮਦਾਸ ਜੀ ਦਾ ਮੰਗਲ। ਮੋਦੀ ਦੀ ਕਾਰ ਆਰੰਭੀ]।

ਦੋਹਰਾ॥ ਰਾਮ ਦਾਸ ਸ੍ਰੀ ਸਤਿਗੁਰੂ ਦਾਸਨ ਕੇ ਸੁਖਰਾਸ।
ਯਮ ਪਾਸਨ ਕੇ ਤ੍ਰਾਸ ਕੋ ਕਰਤਿ ਛਿਨਿਕ ਮਹਿੰ ਨਾਸ਼ ॥ ੧ ॥

{ ਸੁਖਰਾਸ=ਸੁਖਾਂ ਦੀ ਪੂੰਜੀ। [ਸੰਸ:, ਸੁਖ+ਰਾਸ਼ਿ]।
ਯਮ ਪਾਸਨ=ਜਮ ਦੀਆਂ ਫਾਹੀਆਂ। }

ਅਰਥ—ਸ੍ਰੀ ਸਤਿਗੁਰ ਰਾਮਦਾਸ ਜੀ (ਏਥੇ) ਦਾਸਾਂ ਲਈ ਸੁਖਾਂ ਦੀ ਰਾਸ ਹਨ, (ਅਤੇ ਅੱਗੇ ਲਈ) ਯਮ ਦੀਆਂ ਫਾਹੀਆਂ ਦੇ ਭੈ ਨੂੰ ਇਕ ਛਿਨ ਵਿਚ ਨਾਸ਼ ਕਰਨਹਾਰੇ ਹਨ।

ਭਾਵ—ਸ੍ਰੀ ਗੁਰੂ ਰਾਮਦਾਸ ਜੀ ਆਪਣੇ ਸਿੱਖਾਂ ਨੂੰ ਲੋਕ ਸੁਖੀ ਕਰਦੇ ਹਨ ਐਤਨਾਂ ਕਿ ਮਾਨੋਂ ਸੁਖਾਂ ਦੀ ਰਾਸ ਹਨ । ਅਤੇ ਅੱਗੇ ਦਾ ਭੈ ਵੀ ਨਿਵਾਰਦੇ ਹਨ,

---

[1]ਮੈਂ ਭੀ ਆਪਣੇ ਚਿਤ ਆਪ ਨੂੰ ਭਰਾ ਨਹੀਂ ਜਾਣਦੀ। [2]ਆਪਣੀ। [3]ਉਧਾਰਨ ਨਮਿੱਤ। [4]ਸਾਰੇ। [5]ਫੈਲਾਵੋ। [6]ਸ੍ਰੇਸ਼ਟਾਚਾਰ। [7]ਭੈੜੇ ਰਾਹ। [8]ਖੋਟੀ ਰੀਤੀ। [9]ਬੁੱਧੀ। [10]ਪ੍ਰਸੰਨ ਹੋਵੋ। [11]ਇੰਨੇ ਵਿਚ। [12]ਬੈਠੇ ਸਨ ਜਿੱਥੇ। [13]ਵੇਖੇ। [14]ਨਮਸਕਾਰ। [15]ਬਚਨ। [16]ਘਰ। [17]ਪਵਿੱਤ੍ਰ। [18]ਉਡੀਕਦਾ ਸਾਂ ਨਿਤ ਹੀ। [19]ਪੋਸ਼ਾਕ। [20]ਤੁਹਾਡਾ ਆਪਣਾ ਘਰ ਹੈ। [21]ਸੋਲ੍ਹਵਾਂ।

ਐਸਾ ਉੱਤਮ ਆਤਮ ਜੀਵਨ ਦਾਨ ਕਰਦੇ ਹਨ ਕਿ ਜਮਾਂ ਦੀ ਫਾਹੀ ਦੂਰ ਕਰਦਿਆਂ ਛਿਨ ਨਹੀਂ ਲਾਉਂਦੇ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਸੈਯਾ ॥ ਯਾਂ ਬਿਧਿ ਸੋਂ ਮਿਲਿਕੈ ਹਰਖੈਂ ਉਰ ਸਾਦਰ[੧] ਸੇਵ ਭਲੇ ਕਰਿਹੀਂ। ਕਾਲ[੨] ਬਿਤਾਵਹਿੰ ਦ੍ਯਾਲੁ ਮਹਾਂ ਸੁਲਤਾਨ ਪੁਰੇ ਸੁਖ ਸੋਂ ਫਿਰਿਹੀਂ। ਤਾਰਨ ਜਾਂ[੩] ਅਵਤਾਰ ਧਰ੍ਯੋ, ਕਲਿਕੇ[੪] ਨਰ ਮੰਦ ਮਹਾਂ ਜਰਿਹੀਂ[੫]। ਬਾਸੁਰ ਏਕ[੬] ਸੁਸਾਪਤਿ[੭] ਸੋਂ ਭਗਨੀ[੮] ਮਿਲਿ ਬੈਸਤਿ ਭੇ ਘਰ ਹੀ ॥ ੨ ॥ ਪੰਕਜ ਨੈਨ ਪ੍ਰਭੂ ਗੁਨ ਐਨ[੯] ਭਨੇ ਮੁਖ ਬੈਨ 'ਸੁਨੋ ਮਮ ਬਾਨੀ। ਕਾਰ ਬਿਹੀਨ ਭਲੇ ਨਹਿੰ ਚੀਨ, ਕਹੈਂ ਪਰਬੀਨ*, ਸਭੈ ਜਗ ਜਾਨੀ। ਹੈ ਜਗ ਰੀਤਿ ਕਰੈਂ ਸਭਿ ਪ੍ਰੀਤ[੧੦] ਸੁ ਕ੍ਯੋਂ ਵਿਪਰੀਤ ਕਰੋਂ[੧੧] ਮਨ ਮਾਨੀ[੧੨]। ਦੇਹੁ ਬਤਾਇ[੧੩] ਜੁਊ ਮਨਭਾਇ[੧੪] ਬਿਤਾਇੰ ਸਮਾ ਪਰਚਾਨ[੧੫] ਜੁ ਪ੍ਰਾਨੀ'॥੩॥ ਸੁਨਿਕੈ ਭਗਨੀ[੧੬] ਪੁਨ ਬੈਨ ਭਨੇ 'ਮਨ ਗ੍ਯਾਨ ਸੁਨੋ ਗੁਨ ਤੋ ਪਰਚਾ[੧੭]। ਜਗਕੰਤ ਮਤੋ† ਚਿਤ[੧੮] ਸੰਤ ਬਿਅੰਤ ਕਰੋ ਮਿਲਿ ਸੰਤਨ ਸੋਂ ਚਰਚਾ। ਨਰ ਨਾਰਿ ਚਰਾਚਰ[੧੯] ਦੇਨਿ ਦਤਾਰ[੨੦] ਸੁਰਾਸੁਰ[੨੧] ਬ੍ਰਿੰਦ[੨੨] ਕਰੈਂ ਅਰਚਾ[੨੩]। ਧਨ ਧਾਨ[੨੪] ਪਦਾਰਥ ਜੋ ਘਰ ਮੈਂ, ਕਰੁਨਾ ਤਵ, ਲੇਯ ਕਰੋ ਖਰਚਾ' ॥੪॥ ਵਾਕ ਜਰਾਮ ਭਨੇ ਅਭਿਰਾਮ[੨੫] 'ਜੁ ਕਾਮਨਾ ਹੋਇ ਸੁ ਧਾਮ ਤੇ[੨੬] ਲੀਜੈ। ਜੋ ਜਗ ਕਾਜ ਸੁ ਪਾਜ ਸਮਾਜ[੨੭] ਤੁਮੈ ਨਹਿੰ ਛਾਜਤਿ[੨੮] ਕ੍ਯੋਂ ਉਰਝੀਜੈ[੨੯]। ਲਾਜ ਭਰੇ ਮਹਾਂਰਾਜ[੩੦] ਬਿਸਾਰ[੩੧]‡ ਪਚੇ[੩੨] ਨਿਜ ਕਾਜਹਿ[੩੩] ਮੋਸੇ ਲਖੀਜੈ[੩੪]। ਬੈਠ ਰਹੋ, ਜਸੁ ਨਾਮ ਕਹੋ, ਹਰਿ ਪ੍ਰੇਮ ਲਹੋ, ਸੁਖ ਯੌਂ ਮੁਝ ਦੀਜੈ'॥੫॥ ਪੁਨ ਪੰਕਜ ਨੈਨ[੩੫] ਭਨੇ ਮੁਖ ਬੈਨ 'ਸੁਸਾ[੩੬] ਸੁਨਿ

---

[੧]ਆਦਰ ਨਾਲ। [੨]ਸਮਾਂ। [੩]ਤਾਰਨ ਲਈ ਜਿਸਨੇ। [੪]ਕਲਯੁਗ ਦੇ। [੫]ਜੋ ਜਲ ਰਹੇ ਹਨ। [੬]ਇਕ ਦਿਨ। [੭]ਭਣਵਈਆ ਭਾਈ ਜੈਰਾਮ। [੮]ਤੇ ਬੇਬੇ। [੯]ਭਾਵ, ਗੁਰੂ ਜੀ ਨੇ। [੧੦]ਭਾਵ, ਕੰਮ ਨਾਲ। [੧੧]ਤਾਂ ਤੇ ਮੈਂ ਕਿਉਂ ਉਲਟ ਕਰਾਂ। [੧੨]ਸੈਂ ਮਨ ਵਿਚ ਸਮਝੀ ਹੈ। [੧੩]ਦੱਸ ਦਿਓ। [੧੪](ਕੰਮ) ਜੋ ਅਛਾ ਲਗੇ। [੧੫]ਪਰਚੇ ਵਿਚ। [੧੬]ਬੇਬੇ ਨੇ। [੧੭]ਗਿਆਨ ਸੁਣਨਾ ਤੇ ਮਨ ਵਿਚ ਗੁਣਨਾ (ਵਿਚਾਰਨਾ) ਇਹ ਤੇਰਾ ਪਰਚਾ ਹੈ। [੧੮]ਤੁਸੀਂ ਜਗਤ ਦੇ ਕੰਤ ਹੋ ਜੋ ਚਿਤ ਆਵੇ ਤਸਾਡਾ ਮਤਾ ਹੈ। [੧੯]ਜੰਗਮ, ਜੜ੍ਹ। [੨੦]ਦੇਣਹਾਰ ਦਾਤੇ ਹੋ। [੨੧]ਦੇਵਤੇ ਦੈਂਤ। [੨੨]ਸਾਰੇ। [੨੩]ਕਰਦੇ ਹਨ ਪੂਜਨ (ਆਪ ਦਾ)। [੨੪]ਧਨ ਤੇ ਅੰਨ। [੨੫]ਸੁੰਦਰ। [੨੬]ਘਰੋਂ। [੨੭]ਕੂੜੇ ਸਮਾਜ ਹਨ। [੨੮] ਫੁਬਦੇ ਨਹੀਂ। [੨੯]ਕਿਉਂ ਫਸਦੇ ਹੋ। [੩੦]ਰੱਬ ਨੂੰ। [੩੧]ਭੁਲਾਕੇ। [੩੨]ਫਸੇ ਹਾਂ। [੩੩]ਆਪਣੇ ਕੰਮਾਂ ਵਿਚ। [੩੪]ਮੇਰੇ ਵਰਗੇ, ਜਾਣ ਲਓ। [੩੫]ਭਾਵ ਸ਼੍ਰੀ ਗੁਰੂ ਜੀ ਨੇ। [੩੬]ਬੇਬੇ।

*ਪਾਠਾਂਤ੍ਰ–ਸੁ ਪ੍ਰਬੀਨ। †ਪਾ:–ਮਨੋ। ‡ਪਾ:–ਬਿਸਾਲ।

ਬੇਦ*ਬਖਾਨਤਿ ਜੈਸੇ। ਕਰ ਸੋਂ[1] ਕਰਿ[2] ਕਾਰ[3]ਅਹਾਰ[4]ਕਰੈਂ,ਕਿਰਤਾਰਥ[5] ਦੇਹਿਕਰੈਂ ਨਰਐਸੇ।ਧਨ ਆਪਕਮਾਇ ਖਵਾਇਕੈ ਖਾਵਤਿ ਭੋਜਨਛਾਦਨ[6] ਸਾਧਨ ਦੈ ਸੇ[7]। ਕਰੁਨਾ ਕਰਿ ਸੰਤ ਉਧਾਰ ਕਰੈਂ ਭਵ ਭੀਤਰ ਫੇਰ ਨ ਆਵਤਿ ਕੈਸੇ[8]।੬।ਫੇਰ ਜਰਾਮ ਗਿਰਾ[9] ਉਚਰੀ 'ਤੁਮ ਆਇਸੁ[10]ਮੇ ਮਨ ਹੈ ਅਨੁਸਾਰੀ[11]।ਮੋਰ ਸਕੌਂ ਨ ਕਹਜੋ ਤੁਮਰੋ[12]ਜਿਨਕੀ ਨੁਤਿ[13] ਰਾਇ ਬੁਲਾਇ ਉਚਾਰੀ। ਲੇਖਾ ਪਵੇ ਤੌ ਕਹੋ ਮੁਝ ਸੌਂ ਕਛੁ ਲੈ ਦੇਉਂ ਜੋ ਹੁਇ ਲੇਖੇ ਕੀ ਕਾਰੀ'। †'ਹੌਂ ਸਭਿ ਜਾਨਤਿ ਭਾਂਤਿ[14] ਹਿਸਾਬ ਕੀ ਲੇਨੋ ਜੁ ਦੇਨੋ ਭਲੇ ਹੈ ਵਿਚਾਰੀ' ॥ ੭ ॥ ਦੋਹਰਾ ॥ 'ਦੌਲਤ ਖਾਨ ਨਵਾਬ ਕੋ ਮੋਦੀਖਾਨਾ ਲੇਹੁ। ਤੁਮ ਤੇ ਹੋਇ ਨਿਬਾਹਿ ਜੇ ਕਰੋ ਕਾਜ ਸੁਭ ਏਹੁ' ॥੮॥ ਕਬਿੱਤ ॥ ਭਾਖੀ ਜੋ ਜੈਰਾਮ ਸੋਊ ਨਾਨਕ ਜੀ ਮਾਨਿ ਮਨ ਕਹੈਂ 'ਕਰਤਾਰ ਨਿਰਬਾਹੈ ਮੋਹਿ ਕਾਜ ਕੋ। ਦੀਨਬੰਧੁ ਦਯਾਨਿਧਿ ਸਦਾ ਈ ਪ੍ਰਸਿੱਧ ਸਾਰੇ ਸੰਤਨ ਸਹਾਈ ਰਾਖੈ ਨਿਜ ਨਾਮ ਲਾਜ ਕੋ'। ਭਾਖਤਿ ਜੈਰਾਮ 'ਤੁਮ ਪਾਸ ਹੋਇ ਆਵੈ ਕਾਮ ਰਿਦੇ ਮੈਂ ਵਿਚਾਰੋਂ ਜਾਨੋਂ ਬਹੁਤ ਸਮਾਜ ਕੋ। ਚਲੀਏ ਨਬਾਬ ਪਾਸ ਮਿਲੀਏ ਅਵਾਸ[15] ਤਿਂਹ ਕੀਜੈ ਨ ਬਿਲੰਬ[16] ਅਬ ਭਲੋ ਦਿਨ ਆਜ ਕੋ' ॥ ੯ ॥ ਸੈਯਾ ॥ ਦੌਲਤਖਾਨ ਕੇ ਭੌਨ[17]ਗਏ ਪ੍ਰਭੁ ਜਾਇ ਮਿਲੇ ਸਭਿ ਬਾਤ ਜਨਾਏ। ਨਾਨਕ ਰੂਪ ਨਿਹਾਰਿ ਨਬਾਬ ਕਹੈ 'ਇਹ ਮੋਦੀ ਕੀ ਕਾਰ ਚਲਾਏ।ਹੈ ਮਤਿਵਾਨ ਸੁਜਾਨ ਸਾ ਦੀਸਤਿ[18] ਪੋਸ਼ਿਸ਼ ਦੇਤਿ ਭਯੋ[19] ਹਰ-ਖਾਏ[20]।ਕਾਰਿਖਕੈ[21] ਪੁਨ ਦੀਨ ਹਜ਼ਾਰ ਜਰਾਮ ਸਮੇਤ ਲਏ ਘਰ ਆਏ। ੧੦॥ ਸੋਰਠਾ॥ ਪਾਯੋ ਤਬ ਬਹ ਆਨ ਆਪਨ‡[22] ਮਹਿ ਸੌਦਾ ਸਭਹਿ।ਤੋਲ

[1]ਹੱਥਾਂ ਨਾਲ। [2]ਕਰਕੇ। [3]ਕਿਰਤ। [4]ਭੋਜਨ। [5]ਸਫਲ। [6]ਕਪੜਾ। [7]ਸੰਤਾਂ ਨੂੰ ਦੇਕੇ। [8]ਕਿਸੇ ਤਰ੍ਹਾਂ ਬੀ। [9]ਬਾਣੀ। [10]ਆਗਜ਼ਾ ਦੇ।[11]ਅਧੀਨ। [12]ਆਪ ਦਾ ਕਿਹਾ ਮੋੜ ਨਹੀਂ ਸਕਦਾ। [13]ਸਿਫਤ। [14]ਤਰੀਕਾ। [15]ਘਰ। [16]ਦੇਰੀ। [17]ਘਰ। [18]ਦਿਸਦਾ ਹੈ। [19]ਖਿਲਅਤ ਦਿੱਤੀ। [20]ਖੁਸ਼ ਹੋਕੇ। [21]ਰੁਪੱਯੇ। [22]ਹੱਟ।

*ਏਥੇ ਬੇਦ ਤੋਂ ਮੁਰਾਦ 'ਨਿਜ ਗਿਆਨ' ਦੀ ਲੈਣੀ ਚਾਹੀਏ, ਕਿਉਂਕਿ ਜੋ ਬਾਤ ਅੱਗੇ ਦੱਸਦੇ ਹਨ ਉਹ ਗੁਰ ਨਾਨਕ ਜੀ ਦੇ ਅਪਣੇ ਅਸੂਲ ਹਨ ਜੋ ਉਹਨਾਂ ਜਗਤ ਵਿਚ ਫੈਲਾਏ। ਛੜੇ ਵੇਦ ਵਿਚ ਤਾਂ ਕੁਦਰਤੀ ਨਜ਼ਾਰਿਆਂ ਦੇ ਗੀਤ, ਧਨ ਧਾਨ, ਉਮਰ ਬ੍ਰਿਧੀ ਦੀਆਂ ਬੇਨਤੀਆਂ ਹਨ। ਦੂਸਰੀ ਮੁਰਾਦ ਬੇਦ ਤੋਂ ਸਤ ਸ਼ਾਸਤ੍ਰ ਦੀ ਹੈ ਜਿਸ ਵਿਚ ਐਸਾ ਉਪਦੇਸ ਹੋਵੇ। ਉਸ ਸਮੇਂ ਦੇ ਵਿਦਵਾਨ 'ਵੇਦ' ਪਦ ਐਸੇ ਮੌਕਿਆਂ ਤੇ ਖੁਲ੍ਹੇ ਤੌਰ ਤੇ ਕਿਸੇ ਇਖ਼ਲਾਕੀ ਤੇ ਧਾਰਮਕ ਪੁਸਤਕ ਲਈ ਬੀ ਵਰਤ ਲੈਂਦੇ ਸਨ। ਦੇਖੋ ਇਸੇ ਗ੍ਰੰਥ ਦਾ ਅਧਯਾਯ ੩੭, ਅੰਕ ੫੧।

†ਗੁਰੂ ਜੀ ਬੋਲੇ:— ‡ਪਾਠਾਂਤ੍ਰ—ਬਿਪਨੀ।

ਦੇਤਿ ਨਿਜ ਪਾਨ[੧] ਲੈਨਹਾਰ ਜੋ ਆਵਹੀ ॥ ੧੧ ॥ ਦੋਹਰਾ ॥ ਆਇਸੁ ਲੇਕਰਿ ਸੁਸਾ ਕੀ ਖਾਨ ਪਾਨ ਬਿਧਿ[੨] ਜੋਇ। ਆਪਨ ਅਪਨੀ* ਮਹਿ[੩] ਕਰਤਿ ਜਿਮ ਰੁਚਿ ਚਿਤ ਮਹਿੰ ਹੋਇ ॥ ੧੨ ॥ ਕਬਿੱਤ ॥ ਆਵਤਿ ਹਜ਼ਾਰ ਮੋਦੀ ਖਾਨੇ ਕੀ ਚਲਾਇੰ ਕਾਰ ਲੇਤਿ ਜੋਊ ਆਇ ਸੋਊ ਜਾਇ ਹੁਲ-ਸਾਇਕੈ। ਗੋਧੁਮ ਕੋ ਚੂਨ[੪], ਮਾਖ ਦਾਰ[੫], ਲੋਨ, ਘ੍ਰਿਤ ਬਹੁ, ਹਰਦੀ, ਮਰਚ ਦੋਊ, ਧਰੇ ਹੈਂ ਮੰਗਾਇਕੈ। ਫਾਣਤੀ[੬], ਸਿਤੋਪਲ[੭], ਸਿਤਾ[੮] ਸੋਂ ਗੁੜ ਆਦਿ ਜੋਊ ਚਣਕ ਜਵਨ ਕੇ ਅੰਬਾਰ[੯] ਰਾਖੇ ਲਾਇਕੈ। ਹੋਤਿ ਭੀਰ ਭਾਰੀ ਲੈਨਹਾਰ ਨਹਿੰ ਪਾਇੰ ਵਾਰੀ ਦੇਤਿ ਭੁਨਸਾਰੀ ਤੇ[੧੦] ਪ੍ਰਦੋਖ ਲੌ[੧੧] ਗਿਣਾਇਕੈ॥੧੩॥ਸੈਯਾ ॥ ਯਾ ਬਿਧਿ ਦੇਖਿ ਬਿਸੇਖ ਅਨੰਦਤਿ ਦੰਪਤਿ[੧੨] ਸੰਪਤਿ ਭੂਰ[੧੩] ਭਏ ਤੇ। ਨਾਨਕੀ ਬੈਨ ਕਹੈ ਪਤਿਸੋਂ 'ਅਬ ਭ੍ਰਾਤ[੧੪] ਰਖੈ ਧਨ ਬਜਾਹਿ ਕਏ ਤੇ[੧੫]। ਟੋਰਹੁ[੧੬] ਕੋ ਘਰ, ਚਾਹਿ ਰਖੋ ਉਰ[੧੭], ਹੋਇ ਬਰੋਬਰ ਜੋ ਮਿਲਏ ਤੇ। ਕਾਲੂ ਪਿਤਾ ਹਰਖੈ ਸਭਿ ਭਾਂਤਿਨਿ[੧੮] ਤਾਂ ਮਨ ਚਾਹਿ ਭੀ ਈਹਾਂ ਅਏਤੇ[੧੯]'॥੧੪॥ਦੋਹਰਾ॥ ਸੁਨਿ ਬੋਲਸੋ ਜੈਰਾਮ ਤਬ 'ਕਰਨ ਲਗੇ ਹੈਂ ਕਾਰ। ਕੋ ਖੱਤ੍ਰੀ ਅਬ ਦੇਖਿਕੈ ਕਰਿਹੈ ਬਜਾਹ ਵਿਚਾਰ' ॥ ੧੫ ॥ ਕਬਿੱਤ ॥ ਅੰਗਦ ਜੀ ਗਤਿਦੈਨ[੨੦] ! ਸੁਨੋ ਇਕ ਰੈਨ ਵਿਖੇ ਐਸੇ ਮੈਂ ਉਚਾਰੇ ਬੈਨ 'ਬਿਦਾ ਮੋਹਿ ਦੀਜੀਏ।ਧਾਮ ਹਮ ਜਾਇਕੈ ਕ੍ਰਿਸ਼ਾਨੀ[੨੧] ਕੋ ਕਮਾਇ ਖਾਇੰ, ਕਰੈਂ ਕ੍ਰਿੱਤ ਆਪਨੀ ਕੋ ਯਾਂਹੀ ਤੇ ਸੁਹੀ-ਜੀਏ[੨੨]'। ਕੋਮਲ ਕਪੋਲ ਪਰ[੨੩] ਕੁੰਡਲ ਹਲਤਿ ਬੋਲੇ ਮਾਨੋ ਚੰਦ ਮੰਡਲ ਮੈਂ ਮੀਨ ਦੋ ਪਿਖੀਜੀਏ[੨੪]। 'ਬਾਲੇ! ਗੁਜ਼ਰਾਨ ਕਰਿ ਰਿਦੈ ਕਰਤਾਰ ਧਰਿ ਕੈਸੇ ਤੂੰ ਉਦਾਸ ਉਰ ਭੇਦ[੨੫] ਸੋ ਭਨੀਜੀਏ[੨੬] ॥ ੧੬ ॥ ਸੈਯਾ ॥ ਐਸੇ ਨ ਜਾਨ ਸੁਜਾਨ! ਰਿਦੈ ਕ੍ਰਿਤ ਮੋਦੀ ਲਈ ਧਨ ਧਾਮ ਸੰਚਾਰੇ[੨੭]। ਕੇਤਿਕ ਬਾਸੁਰ ਕਾਲ ਬਿਤਾਵਤਿ[੨੮] ਹੈ ਕਿਹ ਕਾਮ ਜੁ ਕਾਰ ਹਮਾਰੇ ?

[੧]ਆਪਣੇ ਹੱਥੀਂ। [੨]ਖਾਣ ਪੀਣ ਦਾ ਪ੍ਰਬੰਧ। [੩]ਅਪਣੀ ਹੱਟੀ ਵਿਚ। [੪]ਕਣਕਦਾ ਆਟਾ। [੫]ਮਾਂਹ ਦੀ ਦਾਲ। [੬]ਮਿਸਰੀ। [੭]ਪਤਾਸੇ। [੮]ਖੰਡ। [੯]ਚਣਿਆਂ ਤੇ ਜਵਾਂ ਦੇ ਢੇਰ। [੧੦]ਸਵੇਰੇ ਤੋਂ। [੧੧]ਸੰਧਯਾ ਤਕ। [੧੨]ਪਤੀ-ਇਸਤ੍ਰੀ। [੧੩]ਬਹੁਤ। [੧੪]ਭਿਰਾ। [੧੫]ਵਜਾਹ ਕਰਨ ਲਈ ਧਨ ਰਖੇਗਾ। [੧੬]ਢੂੰਢੋ। [੧੭]ਤੱਕ ਰੱਖੋ ਰਿਦੇ ਵਿਚ। [੧੮]ਸਭ ਤਰ੍ਹਾਂ। [੧੯]ਉਸਦੇ ਮਨ ਵਿਚ ਬੀ ਇਹਦੇ ਇਥੇ ਆਉਣ ਤੋਂ ਇਹੋ ਚਾਹ ਹੈ (ਕਿ ਵਿਆਹ ਹੋ ਜਾਏ)। [੨੦]ਮੁਕਤੀ ਦਾਤੇ ਜੀ! [੨੧]ਖੇਤੀ। [੨੨]ਸ਼ੋਭਾ ਪਾਈਦੀ ਹੈ। [੨੩]ਗੱਲ੍ਹਾਂ ਪੁਰ। [੨੪]ਦੋ ਮੱਛ ਦਿਖਾਈ ਦੇਂਦੇ ਹਨ। [੨੫]ਰਿਦੇ ਦਾ ਭਾਵ। [੨੬]ਉਹ ਕਹੋ। [੨੭]ਘਰ ਧਨ (ਅਥਵਾ ਧਨ ਧਾਨ) ਇਕੱਠਾ ਕਰਨ ਲਈ। [੨੮]ਕੁਛ ਦਿਨ ਸਮਾਂ ਗੁਜ਼ਾਰਦੇ ਹਾਂ। *ਪਾ:-ਅਪਨੀ ਬਿਪਨੀ। ਆਪਨ=ਹਟੀ। ਬਿਪਨੀ=ਹੱਟੀ।

ਜੋ ਕਰਨੀ ਕ੍ਰਿਤ ਸੋ ਕਰਿ ਹੈਂ, ਜਬ ਆਨ[੧] ਚਲੈਂ ਤੁਝ ਲੇਯ ਸੰਗਾਰੇ। ਹ੍ਵੈ ਗੁਜ਼ਰਾਨ ਹਮਾਰਿ ਤੁਮਾਰਿ ਮਿਲੇ ਕਰਿਯੇ ਇਹ ਕਾਰ ਪਿਆਰੇ' ॥ ੧੭ ॥ ਦੋਹਰਾ ॥ ਅਸ ਕਹਿ ਮਮ ਮਨ ਕਰਖ ਲਿਯ[੨] ਨਿਕਟ ਰਖਨ ਕੇ ਹੇਤ[੩]। ਤਜਿ ਨ ਸਕੌਂ ਦਰਸ਼ਨ ਸਫਲ ਸ਼੍ਰੀ ਬੇਦੀ ਕੁਲਕੇਤ ॥ ੧੮ ॥ ਸੋਰਠਾ ॥ ਮੈਂ ਬੋਲ੍ਯੋ ਕਰ ਬੰਦਿ 'ਤੁਮ ਰਜਾਇ ਮਾਨੋਂ ਸਦਾ। ਇਹ ਬਰ ਦੇਹੁ ਮੁਕੰਦ[੪]! ਭੂਲ ਨ ਪ੍ਰਤਿਕੂਲੌਂ[੫] ਕਦਾ[੬]' ॥੧੯॥ 'ਬਾਲੇ! ਤੂੰ ਮਮ ਮਿੱਤ੍ਰ, ਸੱਤਿ ਵਿਖੈ ਨਿਤਿ ਮਤਿ ਦ੍ਰਿੜ੍ਹੈ[੭]। ਇਹ ਬਚ[੮] ਰਾਖਹੁ ਚਿੱਤ ਜਨਮ ਮਰਨ ਤੇ ਮੁਕਤਿ ਹ੍ਵੈ' ॥ ੨੦ ॥ ਅਸ ਸੁਨਿ ਪਦ ਅਰਬਿੰਦ[੯] ਮੈਂ ਬੰਦੇ ਕਰ ਬੰਦ ਦੋ। ਕਹੈਂ ਜੁ ਕ੍ਰਿਤ ਬਖਸ਼ਿੰਦ ਕਰਨ ਲਗ੍ਯੋ ਪੁਨ ਕਾਰ ਸੋ ॥ ੨੧ ॥ ਅਪਰ[੧੦] ਥਾਨ[੧੧] ਤੇ ਆਨਿ ਸੌਦਾ ਆਪਨ[੧੨] ਮੈਂ ਧਰੌਂ। ਆਪਨ[੧੩] ਕਿਧੌਂ ਨਿਧਾਨ[੧੪] ਹੋਤਿ ਅਤੋਟਹਿ ਵਸਤੁ ਸਭਿ ॥੨੨॥ ਦੋਹਰਾ ॥ ਜਾਚਕ[੧੫] ਕਰਿ ਹੈਂ ਜਾਚਨਾ ਪਾਵਹਿ ਪਰਮ ਪ੍ਰਸਾਦਿ। ਸੁਨਿਸੁਨਿ ਆਵਹਿ ਅਨਿਕ ਪੁਨਦੇਵਹਿਂ ਸਭਿਨਿ ਅੰਨਾਦ[੧੬]।੨੩। ਅਸਨਹੀਨ[੧੭] ਬਸਨੰ ਨਗਨ[੧੮] ਕਰਤਿ ਅਰਥਨਾ[੧੯] ਜੌਨ[੨੦]। ਛੂਛਾ[੨੧] ਬਹੁਰ[੨੨] ਨ ਜਾਵਈ ਆਵਤਿ ਜੋਊ ਭੌਨ*॥੨੪॥ ਸ੍ਵੈਯਾ ॥ ਦੌਲਤ ਖਾਨ ਕੋ ਥੋਰੋ ਉਠਾਵਨ[੨੩], ਤਾਂਹਿ ਤੇ ਹੋਤਿ ਵਿਸ਼ੇਖ[੨੪] ਹੀ ਦਾਨਾ। ਕੀਰਤੀ ਕਉ ਸੁਨਿ ਧਾਵਤਿ ਆਵਤਿ[੨੫] ਪਾਵਤਿ ਜੋ ਅਰਥੀ ਅਨੁਮਾਨਾ[੨੬]। ਚੂਨ[੨੭] ਤੇ ਲੋਨ[੨੮] ਘ੍ਰਿਤਾਦਿ ਤੇ ਜੋ ਵਥੁ[੨੯] ਅੰਤਰ ਚੀਰ[੩੦] ਧਰੇ ਬਿਧਿ ਨਾਨਾ। ਜਾਂ ਵਸਤੂ ਕੋ ਨਿਕਾਰ ਕੈ ਦੇਵਤਿ ਸੋ ਨ ਘਟੈ ਉਤਨੀ ਠਹਿਰਾਨਾ[੩੧]॥੨੫॥ ਦੋਹਰਾ॥ ਕੀਰ-ਤਿ ਪਸਰੀ ਪੁਰਿ[੩੨] ਸਰਬ[੩੩] ਘਰ ਘਰ ਭੀ ਭਰਪੂਰ। ਕਿਧੋਂ[੩੪] ਚੰਦ ਕੀ ਚਾਂਦਨੀ ਜਿਉਂ ਚਕੋਰ ਪ੍ਰਿਯ ਰੂਰ[੩੫] ॥ ੨੬ ॥ ਮਾਸ ਮਾਸ[੩੬] ਲੇਖਾ ਹੁਵੈ ਜਾਹਿਂ ਵਹੀ ਲੇ ਹਾਥ। ਸਿੰਖ੍ਯਾ[੩੭] ਕਰਿ ਸਭਿ ਦਿਵਸ ਕੀ ਬੈਸਹਿਂ ਲੇਖਕ†

---

[੧]ਹੋਰਥੇ। [੨]ਖਿੱਚ ਲਿਆ। [੩]ਵਾਸਤੇ। [੪]ਮੁਕਤੀ ਦਾਤੇ। [੫]ਨਾਂ ਉਲਟ ਕਰਾਂ। [੬]ਕਦੇ ਬੀ। [੭]ਸੱਚ ਵਿਚ ਤੇਰੀ ਮਤ ਟਿਕ ਜਾਏ। [੮]ਬਚਨ। [੯]ਚਰਨ ਕਵਲਾਂ ਤੇ। [੧੦]ਹੋਰ। [੧੧]ਜਗਾ ਤੋਂ। [੧੨]ਹੱਟ। [੧੩·੧੪]ਹੱਟੀ ਹੈ ਕਿ ਕੋਈ ਭੰਡਾਰ ਹੈ। [੧੫]ਮੰਗਤੇ। [੧੬]ਅੰਨ ਆਦਿ। [੧੭]ਭੋਜਨ ਤੋਂ ਭੁੱਖਾ। [੧੮]ਕਪੜੇ ਤੋਂ ਨੰਗਾ। [੧੯·੨੦]ਜੋ ਕੋਈ (ਕੁਛ) ਮੰਗਦਾ ਹੈ। [੨੧]ਖਾਲੀ। [੨੨]ਮੁੜਕੇ। [੨੩]ਖਰਚ ਉਠਦਾ ਹੈ। [੨੪]ਵਧੀਕ। [੨੫]ਦੌੜਦੇ ਆਉਂਦੇ ਹਨ। [੨੬]ਪਤਾ ਪਾਕੇ, [੨੭]ਆਟਾ। [੨੮]ਲੂਨ। [੨੯]ਚੀਜ਼ਾਂ। [੩੦]ਕਪੜੇ। [੩੧]ਟਿਕੀ ਰਹੇ। [੩੨·੩੩]ਸ਼ਹਿਰ ਸਾਰੇ ਵਿਚ। [੩੪]ਮਾਨੋਂ। [੩੫]ਸੁੰਦਰ। [੩੬]ਮਹੀਨੇ ਦੇ ਮਹੀਨੇ। [੩੭]ਗਿਣਤੀ।

*ਪਾਠਾਂਤ੍ਰ–ਕਰੁਨਾ ਕਰੁਨਾ ਭੌਨ। †ਪਾ:–ਲੈਕੇ।

ਸਾਥ ॥੨੭॥ ਸੋਰਠਾ ॥ ਜਬ ਜਬ ਲੇਖਾ ਹੋਇ ਤਬ ਤਬ ਬਾਧਾ ਨਿਕਸਈ। ਬਿਸਮੈ ਮਨ ਸੁਨਿ ਲੋਇ ਕੋ ਕੋ ਕਰਿਈ ਈਰਖਾ॥੨੮॥ਨਹਿਂ ਜਾਨੈ ਮਤਿ-ਮੰਦ–ਇਹ ਕਰਤਾਰ ਸਰੂਪ ਹੈਂ।ਆਨੰਦ ਕੰਦ ਮੁਕੰਦ ਯਾਂਕੋ ਕਛੁ ਅਚਰਜ ਨਹੀਂ*–॥ ੨੯ ॥ 'ਸੁਧ ਨਹਿਂ ਦੌਲਤ ਖਾਨ ਬਾਦ ਦਰਬ ਕੋ ਖੋਵਈ[1]। ਘਾਟਾ ਹੋਇ ਨਿਦਾਨ[2] ਗਹਯੋ ਜਾਇ[3] ਦੁਖ ਪਾਵਈ' ॥ ੩੦ ॥ ਕੋ ਅਸ ਕਰਤਿ ਉਚਾਰ,ਕੋਇਕ ਭਾਖਤਿ[4] ਅਪਰ ਗਤਿ[5] ।'ਦੇਵਤਿ ਦਾਨ ਉਦਾਰ ਬਰਕਤ ਯਾਂਤੇ ਅਧਿਕ[6] ਹੈ' ॥੩੧॥ ਸੈਯਾ॥ ਜਾਚਕ[7] ਕੇਤਿਕ[8]ਦਾਨ ਕੋ ਲੇ ਤਲਵੰਡੀ ਗਏ ਨੁਤਿ[9] ਭੂਰ ਉਚਾਰੀ। 'ਮੋਦੀ ਭਯੋ ਨ੍ਰਿਪ ਦੌਲਤਖਾਨ ਕੋ ਦਾਨਕੋ ਦੇਨ ਕਰਯੋ ਪ੍ਰਨ ਭਾਰੀ। ਨੰਗ[10] ਛੁਧਾਤੁਰ[11] ਦੇਖਿ ਸਕੈਂ ਨਹਿਂ ਸੰਪਤ[12] ਬ੍ਰਿੱਧ ਭਈ[13] ਸੁਖਕਾਰੀ। ਪੁੰਨਮਤੀ[14] ਕ੍ਰਿਤ ਧੰਨਵਤੀ[15] ਜਿਹ ਜਾਚਕ[16] ਭੀਰ ਹੈ ਤਾਂਹਿ ਕੇ ਦ੍ਵਾਰੀ' ॥ ੩੨ ॥ ਜਾਚਕ ਜੇ ਤਲਵੰਡੀ ਹੁਤੇ ਸਭਿ ਆਵਤਿ ਭੇ ਧਨ ਲੇਨਿ ਕੀ ਆਸਾ।ਜੋ ਜਿਸ ਜਾਚਨਾ ਆਨਕਰੀਤਸ[17] ਪਾਵਤਿ ਭੇ ਗਯੋ ਕੋ ਨ ਨਿਰਾਸ।ਕੀਰਤਿ ਕੋ ਸੁਨਿ ਰਾਇਬੁਲਾਰ ਅਨੰਦਭਿ ਪ੍ਰਾਪਤਿ ਜਿਉਂ ਸੁਖਰਾਸ[18] । ਸੋਚ ਬਿਮੋਚਨ[19] ਸਾਰਸ ਲੋਚਨ[20] ਰੂਪ[21] ਬਿਲੋਕਨ[22]ਚਾਹਤਿ ਪਾਸਾ ॥੩੩॥ ਸ੍ਰੌਨ ਮੇਂ[23] ਕਾਲੂ ਸੁਨੀ ਸੁਤ ਕੀ ਨੁਤਿ[24] ਚਿੱਤ ਲਖੀ[25]–ਬਿਤ[26]ਲੇਹਿ ਕਮਾਈ॥ ਤੱਦਪਿ ਭੂਰ[27] ਉਦਾਰ ਅਹੇ ਧਨ ਰਾਖਨ ਕੀ ਮਤਿ[28] ਤਾਂਹਿ ਨ ਆਈ। ਹੌਂ ਅਬ ਜਾਇਕੇ ਦੇਉਂ ਸਿਆਨਪ ਆਨਿਹੌਂ[29] ਜੇਤੋ ਕੀਓ ਇਕਠਾਈ[30]–। ਐਸੇ ਵਿਚਾਰਿ ਕੈ ਤਯਾਰ ਭਯੋ ਮਿਲਨੇ ਹਿਤ ਜਾਵਤਿ ਭਾ ਢਿਗ ਰਾਈ[31]॥੩੪॥ 'ਹੌਂ ਸੁਲਤਾਨ ਪੁਰੇ ਸੁਧ ਲੇਵਨ ਆਇਸੁ ਦੇਹੁ[32] ਕਰੋਂ ਗਵਨਾ'। ਰਾਇ ਕਹੇ 'ਹਿਤ ਸੋਂ[33] ਮਿਲੀਏ ਨ ਕੁਬੋਲ ਭਨੋ ਮੁਖ ਤੇ ਕਵਨਾ। ਮੋ ਦਿਸ[34] ਤੇ ਸਿਰ ਪੈ ਕਰ[35] ਫੇਰਹੁ

[1]ਬਿਰਥਾ ਧਨ ਗੁਆਂਵਦਾ ਹੈ। [2]ਅਖੀਰ ਨੂੰ। [3]ਪਕੜਿਆ ਜਾਵੇਗਾ। [4]ਆਖਦੇ ਹਨ। [5]ਹੋਰ ਤਰ੍ਹਾਂ। [6]ਬਹੁਤ। [7]ਮੰਗਤੇ। [8]ਕਈ ਇਕ। [9]ਉਸਤਤ। [10]ਨੰਗਾ। [11]ਭੁੱਖਾ। [12]ਦੌਲਤ। [13]ਬਹੁਤ ਵਧੀ। [14]ਪੁੰਨ ਵਾਲੀ। [15]ਧਨ ਵਾਲੀ। [16]ਮੰਗਤਿਆਂ ਦੀ। [17]ਤੈਸੀ। [18]ਜਿਵੇਂ ਕੋਈ ਸੁਖ ਦੀ ਖਾਣ ਮਿਲ ਗਈਹੈ। [19]ਸੋਚਾਂ ਨੂੰ ਦੂਰ ਕਰਨ ਵਾਲੇ। [20]ਕਵਲਵਰਗੇ ਨੇਤ੍ਰਵਾਲੇਦਾ। [21]ਦਰਸ਼ਨ। [22]ਦੇਖਣਾ। [23]ਕੰਨਾਂ ਵਿਚ। [24]ਸਿਫਤ। [25]ਜਾਣੀ। [26]ਧਨ। [27]ਬਹੁਤ। [28]ਬੁੱਧੀ। [29]ਲਿਆਵਾਂਗਾ। [30]ਜਿੰਨਾ ਕੀਤਾ ਹੋਵੇਗਾ ਇਕੱਠਾ। [31]ਰਾਇ ਬੁਲਾਰ ਦੇ ਪਾਸ। [32]ਆਗਯਾ ਦਿਓ। [33]ਪ੍ਰੇਮ ਨਾਲ। [34]ਮੇਰੇ ਵਲੋਂ। [35]ਸਿਰ ਤੇ ਹੱਥ।

*ਪਾ:–ਕਛੂ ਅਚਰਜ ਨਹਿਂ।

ਪ੍ਰੀਤਿ ਸੋਂ ਕੰਠ ਕਰੋ ਲਵਨਾ[੧]। ਸ਼੍ਰੋਨਨ[੨] ਮੈਂ ਸੁਨਿ ਬੰਦਨ ਕੀਨਿ ਮੁਕੰਦ ਪਿਤਾ[੩] ਪੁਨ ਗਾ[੪] ਭਵਨਾ[੫]॥੩੫॥ ਮਾਤ ਸੰਦੇਸ਼[੬] ਦਏ ਅਸੂਆਂ ਭਰਿ[੭] ਤਾਤ[੮] ਕੋ ਮੋਹ ਰਿਦੇ ਮੈਂ ਘਨੇਰਾ। ਕਾਲੂ ਤਬਹਿ ਮਧੁਰਾਨਹਿਂ[੯] ਲੈ ਸਕਟਾ[੧੦] ਜੁਰਵਾਇਕੈ ਬੈਲਨ[੧੧] ਪ੍ਰੇਰਾ[੧੨]। ਪੰਥ ਕੋ ਛੋਰਿ[੧੩] ਸਭੈ ਕ੍ਰਮ ਸੋਂ[੧੪] ਪੁਰਿ[੧੫] ਪ੍ਰਾਪਤਿ ਭਾ[੧੬] ਸੁਤ[੧੭] ਆਪਨ[੧੮] ਹੇਰਾ[੧੯]। ਠਾਂਢ ਕਿਯੋ[੨੦] ਸਕਟਾ[੨੧] ਤਿਹ ਥਾਨ, ਤਰੈ ਉਤਰਯੋ[੨੨] ਉਰ ਮੋਹ ਵਧੇਰਾ॥੩੬॥ ਪੰਕਜਨੈਨ[੨੩] ਬਿਲੋਕਿ[੨੪] ਪਿਤਾ ਦਿਸ਼ਿ[੨੫] ਤੂਰਨ[੨੬] ਧਾਇ ਕੈ ਕੀਨਿ ਪ੍ਰਨਾਮ॥ ਕਾਲੂ ਉਠਾਇ ਲਯੋ, ਭੁਜ ਕੋ ਗਹਿ[੨੭] ਕੰਠ[੨੮] ਲਗਾਇ ਭਲੇ ਸੁਖ ਧਾਮਾ[੨੯]। ਹੌਂ[੩੦] ਪੁਨ ਬੰਦਨ ਜਾਇ ਕਰੀ ਗੁਰ ਅੰਗਦ ਜੀ! ਸੁਨ ਪੂਰਨ ਕਾਮਾ[੩੧]। ਬੂਝਿਕੈ[੩੨] ਛੇਮ[੩੩] ਸਰੀਰ ਕੀ ਤਾਂ ਛਿਨ ਬੈਸਯੋ ਪ੍ਰਯੰਕ[੩੪] ਪੈ ਲੇ ਅਭਿਰਾਮਾ[੩੫]॥ ੩੭॥ ਹਾਥ ਕੇ ਸਾਥ ਪਲੋਸਤਿ ਮਾਥ[੩੬] ਅਨਾਥਨ ਨਾਥ ਕੋ ਅੰਕ[੩੭] ਬਸਾਈ[੩੮]। ਮੇਲ ਭਯੋ ਬਹੁ ਕਾਲ ਵਿਖੈ[੩੯] ਮਨ ਪ੍ਰੀਤਿ ਨਈ[੪੦] ਕੀ ਜਈ*[੪੧] ਉਪਜਾਈ। ਸੌਦਾ ਵਿਸ਼ੇਖ[੪੨] ਹੀ ਦੇਖ ਨਿਖੱਦਨਾ ਮੈਂ[੪੩] ਜਾਨ ਸਪੂਤ ਰਹਯੋ ਹਰਖਾਈ। ਦ੍ਵੈ ਘਟਿਕਾ[੪੪] ਜਬ ਬੀਤ ਗਈ ਤਿਹ ਕਾਲ[੪੫] ਮੈਂ ਕਾਲੂ ਨੇ ਬਾਨੀ ਅਲਾਈ[੪੬]॥ ੩੮॥ 'ਬਹੁ ਕਾਲ ਭਯੋ ਸੁਲਤਾਨਪੁਰੇ ਕ੍ਰਿਤ ਮੋਦੀ ਤੇ ਕੀਨੀ ਹੈ ਕੇਤੀ ਕਮਾਈ?' ਸੁਨਿ ਪੰਕਜਲੋਚਨ[੪੭] ਬੈਨ ਭਨੇ 'ਬਹੁ ਆਨ ਕਮਾਈ ਕਰੀ ਇਹ ਥਾਂਈ। ਨਹਿਂ ਹਾਥ ਮੈਂ ਆਥ[੪੮] ਕਰੈ ਥਿਰਤਾ[੪੯], ਉਤ ਆਵਤਿ ਹੈ ਇਤ ਕੋ ਚਲਿ ਜਾਈ। ਕਰ[੫੦] ਏਕ ਬਿਰਾਟਿਕਾ[੫੧] ਸੰਚਿ ਕਰੀ ਨਹਿਂ[੫੨], ਆਮਦ ਔ ਖਰਚੀ ਸਮਤਾਈ[੫੩]'॥੩੯॥ ਦੋਹਰਾ॥ ਤਾਤ ਮੋਹ[੫੪] ਤ੍ਰਿਣ ਸੇਤੁ ਜਿਉਂ[੫੫]

---

[੧] ਗਲੇ ਲਾਉਣਾ, ਜੱਫੀ ਪਾਉਣੀ। [੨] ਕੰਨਾਂ। [੩] ਮੁਕਤੀ ਦਾਤੇ ਦਾ ਪਿਤਾ। [੪] ਫੇਰ ਗਿਆ। [੫] ਘਰ। [੬] ਸੁਨੇਹੇ। [੭] ਹੰਝੂ ਭਰਕੇ। [੮] ਪੁੱਤ੍ਰ ਦਾ। [੯] ਮਿਠਾਈ। [੧੦] ਗੱਡਾ। [੧੧] ਬਲਦਾਂ ਨੂੰ। [੧੨] ਹੱਕਿਆ [੧੩] ਰਾਹ ਮੁਕਾਇਆ। [੧੪] ਸਾਰਾ ਧੀਰੇ ਧੀਰੇ। [੧੫] ਸ਼ਹਿਰ (ਸੁਲਤਾਨਪੁਰ)। [੧੬] ਪਹੁੰਚਾ। [੧੭] ਪੁਤ੍ਰ ਨੂੰ। [੧੮] ਹੱਟ ਪੁਰ। [੧੯] ਵੇਖਿਆ। [੨੦] ਖੜਾ ਕੀਤਾ। [੨੧] ਗੱਡਾ। [੨੨] ਹੇਠ ਉਤਰਿਆ। [੨੩] ਕਮਲਨੈਨ ਨੇ। [੨੪] ਵੇਖਕੇ। [੨੫] ਵਲ। [੨੬] ਛੇਤੀ। [੨੭] ਬਾਂਹ ਫੜਕੇ। [੨੮] ਗਲੇ। [੨੯] ਸੁਖਾਂ ਦੇ ਘਰ ਨੂੰ। [੩੦] ਮੈਂ (ਬਾਲੇ ਨੇ)। [੩੧] ਕਾਮਨਾ ਦੇ ਪੂਰਨ ਕਰਨ ਵਾਲੇ। [੩੨] ਪੁੱਛਕੇ। [੩੩] ਸੁਖ। [੩੪] ਪਲੰਘ ਪੁਰ। [੩੫] ਸੋਹਣੇ (ਪੁੱਤ੍ਰ) ਨੂੰ। [੩੬] ਪਿਆਰ ਦੇਂਦਾ ਹੈ ਮੱਥੇ ਤੇ। [੩੭] ਗੋਦ ਵਿਚ। [੩੮] ਬਹਾਕੇ। [੩੯] ਬਹੁਤ ਚਿਰ ਪਿਛੋਂ। [੪੦] ਨਵੀਂ। [੪੧] ਅੰਗੂਰੀ। [੪੨] ਬਹੁਤ। [੪੩] ਹੱਟ ਵਿੱਚ। [੪੪] ਦੋ ਘੜੀਆਂ। [੪੫] ਉਸ ਵੇਲੇ। [੪੬] ਕਹੀ। [੪੭] ਕਵਲ ਨੈਨ ਨੇ। [੪੮] ਮਾਯਾ। [੪੯] ਟਿਕਾਣਾ। [੫੦] ਹੱਥ। [੫੧] ਕੌਡੀ। [੫੨] ਕੱਠੀ ਨਹੀਂ ਕੀਤੀ। [੫੩] ਬਰਾਬਰ। [੫੪] ਪੁੱਤ੍ਰ ਦਾ ਮੋਹ। [੫੫] ਕੱਖਾਂ ਦੇ ਪੁਲ ਵਾਂਙੂ। *ਪਾ:—ਕ੍ਰੂਜਈ।

ਤ੍ਰਿਸ਼ਨਾ ਲਹਿਰ ਪ੍ਰਵਾਹਿ । ਏਕਹਿ ਬਾਰ[1] ਬਹਾਇ[2] ਸੋ ਰਹਾ ਨ ਕਛੁ ਮਨ ਮਾਂਹਿ ॥ ੪੦ ॥ ਸੈਯਾ ॥ ਸੁਨਿ ਸ੍ਰੌਨਨਿ[3] ਮੈਂ ਮਨ ਰੋਸ ਘਨੋ ਮੁਖ ਬੈਨ ਭਨੇ ਧਨ ਰਾਖਨਿ ਹੇਤੂ। 'ਜਬ ਕੋ ਜਨਮ੍ਯੋ ਨ ਦਯੋ ਸੁਖ ਤੈਂ, ਨਿਤ ਬਾਦ ਗਵਾਇ ਬਿਤੈ[4] ਦੁਖ ਦੇਤੂ। ਇਕ ਹੋਤਿ ਸਪੂਤ ਕਮਾਵਤਿ ਹੈਂ ਧਨ ਪਾਵਤਿ ਸੋ ਜਸੁ ਆਨਿ ਨਿਕੇਤੂ[5]। ਸੁਧਿ[6] ਮੂਲ ਨ ਭੂਲ ਕਰੀ ਕਬਹੂੰ ਮੁਝਤੇ ਪ੍ਰਤਿਕੂਲ[7] ਰਹ੍ਯੋ ਅਨਚੇਤੂ[8] ॥ ੪੧ ॥ ਕਾਲ[9] ਬਿਸਾਲ[10] ਬਿਤ੍ਯੋ ਕ੍ਰਿਤਿ ਮੋਦੀ ਮੈਂ ਏਕ ਵਿਰਾਟਿਕਾ[11] ਭੀ ਨ ਖਟਾਈ'। ਮੋ ਸੋਂ ਕਿਯੋ ਬਹੁ ਰੋਸੁ[12] ਤਬੈ 'ਢਿਗ[13] ਤੂ ਹੀ ਰਹੈਂ ਧਨ ਦੀਨਿ ਗਵਾਈ'। ਬਾਰਜਲੋਚਨ[14] ਬੰਕ[15] ਬਿਲੋਕਿ[16] ਮੁਝੈ ਬਰਜਾ[17] ਨਿਜ ਭੌਂਹਿ ਦਿਖਾਈ[18]। ਖੀਝ[19] ਰਿਦੈ ਦੁਰ-ਬੈਨ[20] ਭਨੈ ਬਹੁ, ਤੂਸ਼ਨ ਹੋਇ ਰਹੇ ਜਗਸਾਈਂ ॥੪੨॥ ਦੋਹਰਾ ॥ 'ਜੋ ਖੋਯੋ ਮਮ ਧਾਮ ਤੇ ਦੇਵਹੁ* ਅਬਹਿ ਕਮਾਇ। ਹੌਂ ਆਯੋ ਲੇਵਨ ਕਛੂ ਦੀਨੋ ਸਭਿਹਿ ਗਵਾਇ ॥ ੪੩ ॥ ਬੈਸ[21] ਤਰੁਨ[22] ਇਸ ਕੀ ਭਈ ਸਮਝ ਨ ਆਈ ਕੋਇ। ਪਾਛਲ ਜੈਸੀ[23] ਮਤਿ ਰਹੀ ਹਾਨ ਲਾਭ ਸਮ[24] ਦੋਇ[25] ॥੪੪॥ ਸੈਯਾ ॥ ਧਾਮ ਕੋ ਨਾਂਹਿ ਸੰਦੇਹ†[26] ਕੋਊ ਧਨ ਖੋਵਤਿ ਖਾਵਤਿ ਏਕ ਸੀ ਜੋਰੀ[27]। ਦੂਜੋ ਜੇ ਹੋਤਿ ਭਲੋ ਸਮਝਾਵਤਿ, ਹੈ ਨ ਗਮੀ[28] ਧਨ ਕੀ ਮਨ ਥੋਰੀ। ਜੋ ਮਤਿਵਾਨ[29] ਹੁਤੋ ਕੋਊ ਮਾਨਵ[30] ਕਾਰ ਇਸੇ ਮਹਿਂ ਲੇ ਧਨ ਜੋਰੀ। ਹੋਇ ਬਿਆਹਿ ਤ ਕ੍ਯਾ ਖਰਚੈ ਤਬ ਚਾਹੈਗਾ ਆਪ ਕਮਾਈ ਜੁ ਮੋਰੀ[31] ॥ ੪੫॥ ਹੇ ਸੁਤ[32]! ਬੈਸ[33] ਜੁਵਾ[34] ਤਵ ਭੀ, ਅਬ ਛੋਰ ਫਜ਼ੂਲੀ ਕੋ, ਹੋਹੁ ਸਯਾਨ। ਪਾਛਲਰੀਤਿ ਤੇ ਹ੍ਵੈ ਬਿਪਰੀਤਿ[35], ਕਰੋ ਧਨ ਸੰਚਨ[36] ਜਯੋਂ ਮਤਿਵਾਨਾ। ਜੇ ਮੁਝ ਦੇਨੇ ਕੋ ਨਾਂਹਿ ਚਹੋ ਮਨ ਪੂੰਜੀ ਨਿਰਾਲੀ[37] ਰਖੋ ਨਿਜ ਥਾਨਾ। ਹੈਂ ਘਰ ਕਾਰਜ ਨਾਨਾ ਪ੍ਰਕਾਰ ਕੇ ਕਯੋਂ ਨਿਬਹੈਂ ਧਨ ਹੀਨ ਜੇ ਪਾਨਾ[38] ॥ ੪੬ ॥ ਦੋਹਰਾ॥ ਧਨ ਸੰਚਨ ਕੇ ਅਨਿਕ ਗੁਨ ਬਰਨਨ ਕਰੇ ਸੁਨਾਇ। ਬਹੁ ਬਿਧਿ

---

[1]ਇਕੋ ਵਾਰੀ। [2]ਰੁੜ ਗਿਆ। [3]ਕੰਨਾਂ। [4]ਧਨ ਵਜ੍ਹਰਬ ਗੁਆਕੇ। [5]ਘਰ। [6]ਸੋਝੀ। [7]ਉਲਟ। [8]ਅਚੇਤ। [9]ਸਮਾਂ। [10]ਬਹੁਤ। [11]ਕੌਡੀ। [12]ਗੁੱਸਾ। [13]ਪਾਸ। [14]ਕਵਲ ਨੈਨ ਨੇ। [15]ਟੇਢੀ ਨਜ਼ਰ। [16]ਵੇਖਕੇ। [17]ਮੈਨੂੰ ਰੋਕਿਆ। [18]ਭਾਵ ਮਨ੍ਹੇ ਕਰਨ ਦਾ ਇਸ਼ਾਰਾ ਕੀਤਾ ਕਿ ਚੁੱਪ ਰਹੁ। [19]ਖਿਝਕੇ। [20]ਖੋਟੇ ਵਾਕ। [21]ਉਮਰ। [22]ਜੁਵਾਨ। [23]ਪਿੱਛੇ ਵਰਗੀ। [24]ਬਰਬਰ। [25]ਦੋਨੋਂ। [26]ਫਿਕਰ। [27]ਇਕੋ ਜੇਹੀ ਜੋੜੀ। [28]ਚਿੰਤਾ। [29]ਬੁਧੀਵਾਨ। [30]ਮਨੱਖ। [31]ਮੇਰੀ ਕਮਾਈ। [32]ਪੁੱਤ੍ਰ। [33]ਉਮਰਾ। [34]ਜੁਵਾਨ। [35]ਉਲਟ। [36]ਕੱਠਾ ਕਰੋ ਧਨ। [37]ਵੱਖਰੀ। [38]ਜੇ ਧਨ ਤੋਂ ਹੱਥ ਖਾਲੀ ਹੋਣ ਤਾਂ। *ਪਾਠਾਂਤ੍ਰ—ਦੇਵਹਿ। †ਪਾਠਾਂਤ੍ਰ—ਸੰਦੇਸ।

ਬਧਿ ਸਮਝਾਵਈ ਰੋਸ[1] ਨੇਹ ਮਨ ਲਜਾਇ[2] ॥ ੪੭ ॥ ਸੋਰਠਾ ॥ **ਬਹੁਰ ਦਿਲਾਸਾ ਦੀਨ ਕਰਿ ਦੁਲਾਰ[3] ਨਿਜ[4] ਤਨੁਜ[5] ਸੋਂ। ਧਾਮ ਪਯਾਨਾ ਕੀਨ[6] ਜਹਾਂ ਹੁਤੋ ਜੈਰਾਮ ਕੋ ॥ ੪੯ ॥** ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੋਦੀ ਖਾਨਾ ਲੇਨਿ' ਪ੍ਰਸੰਗ ਬਰਨਨੰ ਨਾਮ ਸਪਤਦਸਮੋ ਅਧਯਾਯ ॥ ੧੭ ॥

੧੮. [ਮੋਦੀ ਦੀ ਕਾਰ। ਲੇਖਾ ਕੀਤਾ। ੧੩੫ ਵਾਧਾ ਨਿਕਲੇ]

ਦੋਹਰਾ ॥ **ਸ੍ਰੀ ਅਰਜਨ[7] ਅਰਜ਼ਨ ਸੁਨਤਿ ਅਰਜਨ ਜਸ ਵਿਸਤਾਰ।**
ਬਾਨੀ ਅਰਜੁਨ ਬਾਨ ਜਿਨ ਬੇਦਨ ਪਦ ਸਿਰ ਧਾਰਿ ॥ ੧ ॥

[ਅਰਜਨ=ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਪਾਤਸ਼ਾਹ।
ਅਰਜ਼ਨ=ਅਰਜ਼ਾਂ ਨੂੰ [ਅਰਜ਼=ਬੇਨਤੀ] ਬੇਨਤੀਆਂ ਨੂੰ।
ਅਰਜੁਨ=ਚਿੱਟਾ, ਉੱਜਲ।
(ਅ) ਅਰਜ+ਨ=ਅਰਜ=ਇਛਾ ਰਹਤ, ਨ=ਨਹੀਂ } ਇੱਛਾ ਰਹਿਤ ਹਨ, ਤੇ ਨਹੀਂ ਜਸ ਵਿਸਤਾਰ ਦੀ (ਲੋੜ ਜਿਨ੍ਹਾਂ ਨੂੰ।)
(ੲ) ਅਰ=ਅਤੇ, ਜਨ=ਜਗਤ } ਅਤੇ ਜਗਤ (ਵਿਚ ਜਿਨ੍ਹਾਂ ਦਾ) ਜਸ ਵਿਸਤਾਰ ਹੋ ਰਿਹਾ ਹੈ।
(ਸ) ਅਰਿ+ਜਨ=ਵੈਰੀ ਲੋਕ। ਭਾਵ, ਵੈਰੀ ਲੋਕ ਬੀ ਜਿਨ੍ਹਾਂ ਦਾ ਜਸ ਕਰਦੇ ਹਨ।
ਅਰਜੁਨ=ਪਾਂਡਵਾਂ ਵਿਚੋਂ ਤੀਸਰਾ, ਜਿਹੜਾ ਧਨੁਖ ਬਾਣ ਦੀ]

---

[1]ਗੁੱਸਾ। [2]ਤੇ ਪਿਆਰ ਮਨ ਵਿਚ ਲਿਆਕੇ। [3]ਲਾਡ। [4]ਆਪਣੇ। [5]ਪੁੱਤ੍ਰ। [6]ਜਾਣਾ ਕੀਤਾ।

[7]ਅਰਜਨ ਪਦ ਸੰਸਕ੍ਰਿਤ ਵਿਚ ਇਹ ਰੂਪ ਰਖਦਾ ਹੈ:—अर्जुन। ਇਸ ਦੇ ਅਰਥ ਬਹੁਤ ਹਨ। ਯਥਾ:—੧. ਕ੍ਰਿਸ਼ਨ ਦਾ ਮਿੱਤ੍ਰ ਜੋ ਉਨ੍ਹਾਂ ਦੀ ਭੈਣ ਦਾ ਪਤੀ ਤੇ ਤੀਸਰਾ ਪਾਂਡਵ ਸੀ। ੨. ਹਜ਼ਾਰ ਬਾਹਾਂ ਵਾਲਾ ਇਕ ਰਾਜਾ ਸਹਸ੍ਰਾਰਜਨ, ਜਿਸ ਨੂੰ ਪਰਸਰਾਮ ਨੇ ਮਾਰਿਆ ਸੀ। ੩. ਇਕ ਪ੍ਰਕਾਰ ਦਾ ਬ੍ਰਿੱਛ। ੪. ਅਪਣੀ ਮਾਤਾ ਦਾ ਇਕਲੋਤਾ ਬੇਟਾ। ੫. ਮੋਰ। ੬. ਚਿੱਟਾ ਰੰਗ, ਉੱਜਲ। ੭. ਅੱਖਾਂ ਦੀ ਇਕ ਬੀਮਾਰੀ। ੮. ਹਿੰਦੀ ਵਿਚ ਕਦੇ ਕਿਤੇ—ਕਲਪ ਬ੍ਰਿਛ ਦੇ ਅਰਥਾਂ ਵਿਚ ਬੀ ਆਯਾ ਹੈ। ੯. ਸੂੱਛ। ੧੦. ਵੇਦ ਵਿਚ ਇਸ ਦਾ ਅਰਥ ਇੰਦ੍ਰ ਬੀ ਆਯਾ ਹੈ। ਧਾਤੂ ਇਸ ਦਾ ਹੈ ਅਰ੍ਜਨ=ਪ੍ਰਾਪਤ ਕਰਨਾ, ਬਨਾਉਣਾ।
੧੧. ਅਰਬੀ ਪਦ ਹੈ, ਅਰਜ਼। ਇਸ ਦੇ ਅਰਥ ਹਨ ਬੇਨਤੀ, ਕਵਿ ਜੀ ਨੇ ਇਸ ਪਦ ਦੇ ਅਰਬੀ ਰੂਪ 'ਅਰਜੁ' ਨੂੰ—ਨਨਾ—ਲਾਕੇ ਬਹੁ ਬਚਨ ਬਨਾਯਾ ਹੈ, 'ਅਰਜਨ' ਬੇਨਤੀਆਂ, ਅਰਦਾਸਾਂ, ਅਰਜ਼ਾਂ।

[ਵਿਦਜਾ ਵਿੱਚ ਇਕ ਚੋਟੀ ਦਾ ਪ੍ਰਬੀਨ ਮੰਨਿਆ ਗਿਆ ਹੈ, ਕ੍ਰਿਸ਼ਨ ਜੀ ਦੀ ਭੈਣ ਦਾ ਇਹ ਪਤੀ ਸੀ।]

ਅਰਥ—(ਜਿਨ੍ਹਾਂ ਦਾ ਇਹ) ਉੱਜਲ ਜਸ (ਜਗਤ ਵਿਚ) ਫੈਲ ਰਿਹਾ ਹੈ ਕਿ (ਉਹ ਦਾਸਾਂ ਦੀਆਂ) ਬੇਨਤੀਆਂ ਸੁਣ ਲੈਣ ਵਾਲੇ ਹਨ (ਅਤੇ) ਜਿਨ੍ਹਾਂ ਦੀ (ਉਚਾਰੀ ਹੋਈ) ਬਾਣੀ ਅਰਜਨ ਦੇ ਤੀਰਾਂ ਵਾਂਗੂ (ਮਨ ਵਿਚ ਅਮੋਘ ਘਾਉ ਪਾਉਣ ਵਾਲੀ) ਹੈ, (ਉਨ੍ਹਾਂ), ਸ੍ਰੀ (ਗੁਰੂ) ਅਰਜਨ (ਦੇਵ ਜੀ, ਦੇ) ਚਰਨਾਂ ਪਰ ਸਿਰ ਧਰਕੇ (ਮੈਂ) ਮੱਥਾ ਟੇਕਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ ਮਿਲ੍ਯੋ ਜਾਇਕੈ ਨਾਨਕੀ ਮਨ ਕਰਿ ਅਧਿਕ ਸਨੇਹ। ਅਸਨ[1] ਬਸਨ[2] ਆਨ੍ਯੋ ਹੁਤੋ ਦਯੋ ਬੈਸ ਕਰਿ ਗ੍ਰੇਹ[3]॥੨॥ ਸੋਰਠਾ॥ ਆਯੋ ਬਹੁਰ ਜਰਾਮ ਸਾਦਰ[4] ਤਿਹ[5] ਬੰਦਨ ਕਰੀ। ਮਿਲਿ ਬੈਸੇ ਸਭਿ* ਧਾਮ ਰਿਦਾ ਅਮੋਦਹਿ[6] ਸੰਗ ਭਰਿ॥੩॥ ਸ਼ਸ਼ਿਬਦਨਾ ਛੰਦ ॥ਮਿਲਿ ਰਲਿ ਬੈਸਾ॥ ਕੁਸ਼ਲ[7] ਬੁਝੇਸਾ[8]। ਬਚ[9] ਤਬ ਕਾਲੂ। ਕਹਤਿ ਉਤਾਲੂ[10] ॥੪॥'ਸੁਤ ਮਮ ਆਯੋ । ਨਹਿੰ ਸਮਝਾਯੋ। ਕਰਤਿ ਕੁਕਾਰਾ । ਸਦਨ ਉਜਾਰਾ ॥ ੫ ॥ ਸੁਧਿ ਨਹਿੰ ਲੀਨੋ। ਤੁਮ ਕਜਾ ਕੀਨੋ? ।ਸੁਰਤਿ[11] ਬਿਸਾਰਾ[12]। ਕਿਹ ਧਨ ਡਾਰਾ[13] ॥ ੬ ॥ ਨਹਿੰਨ ਬਿਵਾਹਾ। ਚਿਤ ਮਹਿੰ ਚਾਹਾ।—ਧਨ ਨਹਿ ਖੋਵੈ ਅਸ ਬਿਧਿ ਹੋਵੈ—॥ ੭ ॥ ਕਰਿ ਰਖਵਾਰੀ। ਨਿਤ ਸੁਧਿਕਾਰੀ। ਬਹੁ ਧਨ ਆਵੈ। ਕਿਹ ਬਿਧਿ ਜਾਵੈ?' ॥੮ ॥ਭੁਜੰਗ ਛੰਦ ॥ਕਹੈ ਨਾਨਕੀ ਬੈਨ'ਤਾਤਿ[14]! ਸੁਨੀਜੈ। ਲਗ੍ਯੋ ਕਾਰ ਭ੍ਰਾਤਾ ਭਲੇ ਹੀ ਜਨੀਜੈ। ਹੁਵੈ ਹੈ ਕਿਤੇ ਥਾਂਇ ਵੈਸੇ ਸਗਾਈ। ਉਦਾਸੀਨ ਯਾਂਕੋ ਲਖੀਜੈ ਸੁਭਾਈ ॥ ੯ ॥ ਇਹਾਂ ਆਨਿ ਤੇਰੋ ਕਛੂ ਨਾਂਹਿ ਖੋਈ[15] । ਸਵਾਰੈ ਵਿਗਾਰੈ ਨਿਜੈ ਕਾਰ ਸੋਈ[16]'। ਭਨੇ ਬੈਨ ਜੈਰਾਮ ਤਾਂਸੋ ਸੁਨਾਈ।'ਭਯੋ ਹੈ ਅਬੈ ਸੋਧ ਯਾਂਕੀ ਸਗਾਈ[17]'॥੧੦॥ ਦੋਹਰਾ ॥ ਹਰਖ੍ਯੋ ਕਾਲੂ ਕਹਤਿ ਪੁਨਿ 'ਹੋਇ ਭਲੀ ਜਹਿੰ ਠੌਰ। ਦੇਖਿ ਜਰਾਮ ! ਕਰੀਜੀਏ ਖੱਤ੍ਰੀ ਹ੍ਵੈ ਧਨ ਗੌਰ[18]॥੧੧॥ਕਬਿੱਤ॥ਭਾਖਤਿ ਜੈਰਾਮ 'ਚੋਣਾ ਗੋਤ ਮੂਲਾ ਨਾਮ ਤਿਹ ਤਨੁਜਾ ਹੈ ਧਾਮ ਸੋ ਰੰਧਾਵੇ ਪਟਵਾਰੀਆ[19]। ਭਲੋ ਹੈ ਠਿਕਾਨੋ ਚਾਹਿ ਕੀਨਿ ਮੈਂ ਖੁਜਾਨੋ[20] ਜਾਨੋ[21] ਹੋਇ ਸਨਬੰਧ,ਸੁਖ

[1]ਭੋਜਨ। [2]ਕਪੜੇ। [3]ਘਰ। [4]ਆਦਰ ਨਾਲ। [5]ਉਸਨੇ। [6]ਖੁਸ਼ੀ। [7]ਸੁਖ ਆਨੰਦ। [8]ਪੁੱਛੀ। [9]ਬਚਨ। [10]ਛੇਤੀ । [11]ਖਿਆਲ। [12]ਭੁਲਾ ਦਿੱਤਾ। [13]ਕਿੱਥੇ ਧਨ ਗੁਵਾਯਾ। [14]ਹੇ ਪਿਤਾ ! [15]ਗਵਾਇਆ। [16]ਉਸਦੀ ਆਪਣੀ ਕਿਰਤ ਹੈ। [17]ਕੁੜਮਾਈ ਦੀ ਢੂੰਡ। [18]ਬਹੁਤੇ ਧਨ ਵਾਲਾ। [19]ਰੰਧਾਵਿਆਂ ਦਾ ਪਟਵਾਰੀ ਹੈ। [20]ਭਾਲ। [21]ਇਹ ਜਾਣ ਪੈਂਦਾ ਹੈ। *ਪਾ:—ਸੁਭ।

ਸਾਨੋ[1] ਸੋ ਨਿਹਾਰੀਆ[2]'।'ਮੋਰ ਤੋਰ ਏਕ ਲਾਜ, ਜਾਨੋ ਜੈਸੇ ਕਰੋ ਕਾਜ, ਆਪਤੂੰ ਸਯਾਨੋ'ਬੈਨ ਕਾਲੂਯੌਂ ਉਚਾਰੀਆ।'ਜੈਸੇ ਸੁਖਤਨਿਯਾ[3]ਕੋ ਸੀਤਲ ਸੁ ਨੈਨ ਮੇਰੇ ਤੈਸੇ ਪਿਖੋਂ ਨਾਨਕ ਕੋ ਲਾਲਸਾ ਹਮਾਰੀਆ' ॥੧੨॥ਦੋਹਰਾ॥ 'ਤੁਮ ਕਾਲੂ ਮਮ ਪਿਤਾ ਸਮ ਰਹਉ ਇਹਾਂ ਕਰਿ ਧਾਮ। ਨਾਨਕ ਜਨਨੀ ਆਨਿ ਹੋਂ' ਭਾਖੇ ਬੈਨ ਜਰਾਮ ॥ ੧੩ ॥ ਕਬਿੱਤ ॥ ਕਾਲੂ ਭਨੇ ਬੈਨ 'ਬਹੁ ਕਾਲ[4] ਕੋ ਹੈ ਐਨ ਮੇਰੋ[5] ਕੋਊ ਦੁੇਖ ਹੈ ਨ, ਸੁਖ ਚੈਨ ਸੋਂ ਬਸਤਿ ਹੋਂ। ਕਾਰ ਪਟਵਾਰੀ ਤਹਾਂ ਦੀਨੀ ਰਾਇ ਸਾਰੀ, ਮਮ ਲੋਕ ਅਨੁਸਾਰੀ, ਪੁਨ ਕੈਸੇ ਨ ਤਜਤਿ ਹੋਂ।ਹੋਇ ਜੇ ਸਗਾਈ ਲੇਹੁ ਸਪਦ[6]ਬੁਲਾਈ ਮੋਹਿ,ਕੀਜੈਨ ਬਿਲੰਬ[7] ਤੋਹਿ ਔਰ ਹੋਂ ਕਹਤਿ ਹੋਂ।ਰਾਖੋ ਰਖਵਾਰੀ ਸੁਤ ਕਰੈ ਨ ਖੁਆਰੀ ਧਨ,ਦੀਜੈ ਮਤਿ[8] ਆਪ, ਤਾਂਕੀ ਚਿੰਤਾ ਮੈਂ ਰਹਤਿ ਹੋਂ' ॥ ੧੪ ॥ ਨਾਨਕੀ ਭਨਤਿ 'ਸੁਨ ਬੈਨ ਮੇ[9] ਜਨਕ[10]! ਤੁਮ ਭਾਖਤਿ ਸਦੀਵ ਧਨ ਖੋਤਿ ਨਿਤ ਮੋਰੀਆ। ਆਪਨੀ ਕਰਤਿ ਕ੍ਰਿਤ, ਖੋਇ[11] ਕਿਧੋਂ[12] ਰਾਖੈ ਬਿਤ[13],ਰਹੀਏ ਨਿਚਿੰਤ ਚਿਤ, ਲੇਤਿ ਨਹਿੰ ਤੋਰੀਆ[14]। ਭੂਖੇ ਕੋ ਅਸਨ ਪੁਨ ਬਸਨ[15] ਨਗਨ[16] ਦਾਨੀ, ਪੁੰਨਵਾਨ ਰੂਪ, ਕਰੈ ਜਾਰੀ ਨਹਿੰ ਚੋਰੀਆ। ਕਰੈ ਜੇ ਕੁਕਰਮ, ਨਿਵਾਰਨ ਧਰਮ ਤਾਂਕੋ, ਲਗੈ ਜੇ ਸੁਕਰਮ, ਅਧਰਮ ਤਾਂਹਿ ਹੋਰੀਆ[17]' ॥ ੧੫ ॥ ਦੋਧਕ ਛੰਦ ॥ ਜਾਨਹੁ ਤਾਤ ! ਇਹੈ ਗਤਿ ਭ੍ਰਾਤਹਿ। ਦੇਤਿ ਫਕੀਰ ਖਵਾਇ ਜਹਾਂ ਤਹਿੰ। ਲੋਭ ਨਹੀ ਤਿੰਹ ਕੇ ਉਰ ਅੰਤਰ। ਧਾਨਬਿਖੈ ਮਤਿ ਜਾਨਿ ਨਿਰੰਤਰ॥੧੬॥ਦੌਲਤ ਖਾਂ ਨ੍ਰਿਪ ਤੇ ਡਰ ਆਵਹਿ। ਲੇਖਹਿ ਮੈਂ ਧਨ ਨਾ ਘਟਿ ਜਾਵਹਿ। ਜਾਚਕ ਭੀਰ[18]ਵਡੀ ਨਿਤ ਹੋਵਹਿ। ਭਾਖਹਿੰ ਲੋਕ ਸਭੈ –ਇਹ ਖੋਵਹਿ– ॥ ੧੭ ॥ ਸ਼ਸ਼ਿਬਦੋਨਾ ਛੰਦ ॥ ਜਬ ਕਰਿ ਲੇਖਾ। ਵਧਤਿ ਵਿਸ਼ੇਖਾ। ਨਹਿੰ ਘਟਿ ਜਾਈ। ਭਲ ਪ੍ਰਤਿ[19] ਆਈ॥੧੮॥ ਇਹ ਕਰਤਾਰਾ। ਧਰਿ ਅਵਤਾਰਾ। ਭਵ ਭਵ ਮਾਂਹੀ[20]। ਨਰ ਤਨ[21] ਨਾਂਹੀ' ॥ ੧੯ ॥ ਇਵ ਸੁਨਿ ਕਾਲੂ। ਕਹਿ 'ਸੁਖ ਭਾਲੂ[22]। ਅਬ ਕਰਿ ਲੇਖਾ। ਵਧਤਿ ਜਿ ਦੇਖਾ॥੨੦॥ਮਮ ਕਹਿ ਮਾਨੋ। ਮਨ ਪਹਿਚਾਨੋ। ਕਰਹੁ

[1]ਸੁਖ ਸਮੇਤ। [2]ਵੇਖਿਆ ਹੈ। [3]ਪੁਤ੍ਰੀ ਦਾ। [4]ਬਹੁਤ ਸਮੇਂ ਦਾ। [5]ਘਰ ਮੇਰਾ (ਤਲਵੰਡੀ ਵਿਚ ਹੈ)। [6]ਛੇਤੀ। [7]ਦੇਰ। [8]ਸਿੱਖਯਾ। [9]ਮੇਰੇ। [10]ਪਿਤਾ। [11]ਨੁਕਸਾਨ ਕਰੇ। [12]ਭਾਵੇਂ। [13]ਧਨ। [14]ਨਹੀਂ ਲੈਂਦਾ ਆਪਦਾ (ਧਨ)। [15]ਕੱਪੜਾ। [16]ਨੰਗੇ ਨੂੰ। [17]ਉਸਨੂੰ ਰੋਕਣਾ ਅਧਰਮ ਹੈ। [18]ਮੰਗਤਿਆਂ ਦੀ ਭੀੜ। [19]ਇਜ਼ਤ। [20]ਜਨਮ ਸੰਸਾਰ ਵਿਚ (ਲੀਤਾ ਹੈ ਕਰਤਾਰ ਨੇ)। [21]ਮਨੁਖ ਸ਼ਰੀਰ। [22]ਭਲਾ ਸੁੱਖ।

ਉਪਾਈ। ਦਰਬ ਖਿਸਾਈ[੧] ॥੨੧॥ ਕਖ ਲਖ ਜਾਂਕੇ। ਇਕ ਸ੍ਰਮ ਤਾਂਕੇ। ਅਸ[੨] ਬਿਧਿ[੩] ਕੀਜੈ। ਧਨ ਜਿਵ[੪] ਲੀਜੈ ॥ ੨੨ ॥ ਦੋਹਰਾ ॥ ਬਾਲੇ ਕੋ ਬੁਲਵਾਇਕੈ ਦੇਹੁ ਤਿਸੈ ਸਮਝਾਇ।ਹਮ ਤੁਮ ਮਿਲਿ ਤਿਹ ਸੋਂ ਕਹੈਂ* ਲੈਹੈ[੫] ਬਾਤ ਮਨਾਇ' ॥ ੨੩ ॥ ਹਾਕਲ ਛੰਦ ॥ ਜੈਰਾਮ ਬੋਲਿ ਤਤਕਾਲਾ। ਪਠਿ ਦਾਸ ਬੁਲਾਯੋ ਬਾਲਾ। ਜਬ ਬੈਸਯੋ[੬] ਬਚਨ ਬਖਾਨੇ। 'ਤੁਮ ਨਾਨਕ ਮੀਤ ਸੁਜਾਨੇ ॥੨੪॥ ਹੌਂ ਤੁਮ ਕੋ ਜਾਨਤਿ ਐਸੇ। ਸੁਤ ਨਾਨਕ ਹੈ ਮਮ ਜੈਸੇ। ਕਰਿ ਤਾਂਕੀ ਅਬ ਰਖਵਾਰੀ। ਧਨ ਬਿਰਥਾ ਦੇਯ ਨ ਡਾਰੀ ॥ ੨੫॥ ਤੁਝ ਸੰਗਿ ਰਹੇ ਕੀ ਲਾਜਾ। ਧਨ ਜਾਵਹਿ ਨਹੀਂ ਅਕਾਜਾ[੭]'। ਸੁਨਿ ਕਾਲੂ ਤੇ ਤਿਹ ਕਾਲਾ। ਰਿਸ[੮] ਈਖਦ[੯] ਕਰਿ ਕਹਿ ਬਾਲਾ ॥ ੨੬ ॥ 'ਹਮ ਲੋਭ ਨਹੀਂ ਮਨ ਰਾਈ। ਕਿਉਂ ਮਹਿਤਾ ਜੀ ਭਰਮਾਈ। ਨਹਿੰ ਲਾਲਸ ਹੈ ਕੁਛ ਅਸਨਾ[੧੦]। ਨਹਿੰ ਕਰਤਿ ਫਜੂਲੀ ਬਸਨਾ[੧੧] ॥ ੨੭ ॥ ਪਰਮੇਸ਼ੁਰ ਨਾਨਕ ਰੂਪਾ। ਉਪਕਾਰੀ ਸੰਤ ਅਨੂਪਾ। ਇਸ ਸੰਗਤਿ ਹੋਤਿ ਉਧਾਰੋ।ਮਨ ਸਵਹਿ ਸ਼ਰਧਾ ਧਾਰ ॥ ੨੮ ॥ ਹਮ ਪਾਈ ਦੁਰਲਭ ਦੇਹਾ। ਭਵ ਤਾਰੋਂ ਕਾਰਜ ਏਹਾ[੧੨]।ਸੁਨਿ ਮਹਿਤਾ! ਤੁਝ[੧੩] ਧਨ ਚਾਹਾ।ਰਹੁ ਨਾਨਕ ਸੁਤ ਕੇ ਪਾਹਾ[੧੪]।੨੯। ਮਮ ਇੱਛਾ ਉਰ ਮਾਂਹਿ ਏਹੀ। ਨਹਿੰ ਆਇਸੁ[੧੫] ਮੇਟਵਿ ਕੇਹੀ[੧੬]। ਕਛੁ ਦਰਬ[੧੭] ਨ ਪ੍ਰੀਹਾ ਮੇਰੇ[੧੮]†। ਜੇ ਮਨ ਮਹਿੰ ਲਾਲਸ ਤੇਰੇ ॥ ੩੦ ॥ ਰਹੁ ਨਾਨਕ ਸੁਤ ਕੇ ਪਾਸੂ।ਲੇ ਆਵਹੁ ਇਹਾਂ ਅਵਾਸੂ[੧੯]। ਜੋ ਖਰਚਹਿ ਤੇ ਵਧਿ ਜਾਵੈ। ਰਹੁ ਲੇਵਤਿ ਜੋ ਕਰ ਆਵੈ[੨੦] ॥ ੩੧ ॥ ਬਿਤ[੨੧] ਹੋਇ ਨ ਹਮਰੇ ਪਾਸਾ। ਉਹ ਸੁਆਮੀ ਹਮ ਤਿਹ ਦਾਸਾ। ਧਨ ਇਕਠੋ ਕਿਉਂ ਬਨਿ ਆਈ। ਤਿਹ ਆਇਸੁ ਮੇਟਿ ਨ ਜਾਈ' ॥੩੨॥ ਸੁਨਿ ਬੋਲਯੋ ਤਬ ਜੈਰਾਮਾ। 'ਸੁਨਿ ਮਹਿਤਾ! ਇਹ ਨਿਹਕਾਮਾ[੨੨]।ਸਭਿ ਬਾਲੇ ਸਾਚ ਬਖਾਨੀ।ਸਤਿ ਜਾਨਹੁ ਨਿਜ ਮਨ ਮਾਨੀ ॥ ੩੩ ॥ ਨਹਿੰ ਕੀਜੈ ਉਰ ਮਹਿੰ ਰੋਸੂ[੨੩]। ਕਛੁ ਬਾਲੇ ਕੋ ਨਹਿੰ ਦੋਸੂ। ਜਬ ਹੋਵਹਿ ਨਾਨਕ ਬਨਾਹਾ। ਨਹਿੰ ਖੋਵਹਿ ਧਨ, ਨਿਤ ਚਾਹਾ ॥

[੧]ਖਿਸਕਾ ਲੈਣਾ। [੨]ਐਸੀ। [੩]ਜੁਗਤੀ। [੪]ਜਿਸਤਰ੍ਹਾਂ। [੫]ਭਾਵ ਬਾਲਾ ਮਨਾ ਲਏਗਾ। [੬]ਬੈਠਾ। [੭]ਬਿਰਥਾ। [੮]ਗੁੱਸਾ। [੯](ਈਖਤ) ਥੋੜਾ ਜਿਹਾ।[੧੦]ਭੋਜਨ ਦੀ। [੧੧]ਕਪੜੇ। [੧੨]ਸੰਸਾਰ ਨੂੰ ਤਰਾਂ, ਏਹੋ ਕੰਮ ਹੈ। [੧੩]ਜੇ ਤੈਨੂੰ। [੧੪]ਪਾਸ। [੧੫]ਹੁਕਮ। [੧੬]ਕੋਈ ਭੀ। [੧੭]ਧਨ ਦੀ। [੧੮]ਇੱਛਾ ਨਹੀਂ ਮੈਨੂੰ। [੧੯]ਘਰ। [੨੦]ਜੋ ਹੱਥ ਆਵੇ। [੨੧]ਧਨ। [੨੨]ਕਾਮਨਾ ਤੋਂ ਰਹਿਤ, ਬੇਲੋੜ। [੨੩]ਗੁੱਸਾ।

*ਪਾ:—ਹਮ ਤੁਮ ਮਿਲਹਿੰ ਤਾਂ ਕੋ ਕਹੈਂ। †ਪਾ:—ਕਛੁ ਦਰਬ ਨ ਪ੍ਰੀਤੀ ਮੇਰੇ।

੩੪ ॥ ਬੁਲਵਾਵੌਂ[੧] ਹੋਇ ਸਗਾਈ । ਚਿਤ ਚਿੰਤਾ ਕਰਹੁ ਨ ਕਾਈ।
ਤਿਯ ਮੋਹ[੨] ਤਬਹਿ ਹੋ ਜਾਈ। ਨਹਿਂ ਖੋਵਹਿ ਦਰਬ ਅਜਾਈਂ[੭] ॥ ੩੫ ॥
ਸੁਨਿ ਬਾਲਾ ਤਹਾਂ ਸਿਧਾਯਾ[੩]। ਜਹਿਂ ਨਾਨਕ ਹਾਟ ਸੁਹਾਯਾ। ਤਬ ਕਾਲੂ
ਕੋਇਕ[੪] ਕਾਲਾ[੫]। ਬੀਤਾਯੋ ਤਨਿਯਾ ਸ਼ਾਲਾ[੬] ॥੩੬॥ ਚਲਿਨੇ ਕੀ ਕੀਨੀ
ਤਯਾਰੀ। ਸਮੁਝਾਵਤਿ ਬਹੁ ਪਰਕਾਰੀ। 'ਸੁਤ ਹੋਇ ਸਗਾਈ ਤੇਰੀ। ਅਬ
ਤੂਰਨ ਨਹਿਂ ਕਛੁ ਦੇਰੀ ॥ ੩੭ ॥ ਕਰਿ ਇਕਠੋ ਖਰਚ ਸਗਾਈ। ਤਜਿ
ਆਗਲ[੭] ਰੀਤਿ ਬਿਜਾਈ[੮]।' ਮਿਲਿ ਤਨਜਾ[੯] ਤਨੁਜਾਪਤਿ ਕੋ[੧੦]। ਬਹੁ
ਚਲਨ ਸਮੈਂ ਕਰਿ ਹਿਤ ਕੋ ॥੩੮॥ ਮਿਲਿ ਨਾਨਕ ਸੋਂ ਪੁਨ ਬਾਲਾ। ਬਚ
ਹਿਤ ਕੇ ਕਹਿ ਕਰਿ ਚਾਲਾ। ਨਿਜ ਕਾਲੂ ਭੌਨ ਸਿਧਾਯਾ। ਪੁਨ ਨਾਨਕ
ਕਾਰ ਚਲਾਯਾ॥੩੯॥ਹੈ ਰੀਤਿ ਪੂਰਬਲਿ[੧੧] ਜੈਸੀ*। ਸਭਿ ਵਰਤਹਿ ਨਾਨਕ
ਤੈਸੀ। ਦੇ ਅਸਨ ਬਸਨ ਸਭਿ ਤਾਂਈ। ਘਰ ਛੂਛਾ[੧੨] ਕੋ ਨ ਪਠਾਈ ॥
੪੦ ॥ ਪੁਰਿ[੧੩] ਪਸਰੀ ਕੀਰਤਿ ਰੂਰੀ[੧੪]। ਨਰ ਨਾਰਿਨਿ ਘਰ ਘਰ ਪੂਰੀ ॥
ਕੈ ਪਾਂਤਿ[੧੫] ਮਰਾਲਨਿ[੧੬] ਭੂਲੀ। ਕਲ ਕਿਧੌਂ ਮਾਲਤੀ ਫੂਲੀ[੧੭] ॥ ੪੧ ॥
ਜਿਉਂ ਸੁਰਤਰੁ[੧੮] ਅਨਿਕ[੧੯] ਉਦਾਰਾ[੨੦]।ਤਿਉਂ ਦੇਤਿ ਨ ਹੋਤਿ ਅਵਾਰਾ[੨੧]।
ਨਿਤ ਭੂਰ[੨੨] ਫਕੀਰਨਿ ਭੀਰਾ[੨੩]। ਦੇ ਹਰਖਹਿਂ ਰਿਦੇ ਸਧੀਰਾ[੨੪] ॥ ੪੨ ॥
ਦੋਹਰਾ ॥ ਕਿਤਿਕ ਕਾਲ ਬੀਤਤਿ ਭਯੋ ਤਬਹਿ ਪਿਸ਼ਨ ਇਕ[੨੫] ਆਇ।
ਦੂਤੀ[੨੬] ਕਰੀ ਜਰਾਮ ਪੈ ਸਦਨ[੨੭] ਇਕੰਤਿ ਬਸਾਇ[੨੮] ॥ ੪੩॥ ਹਾਕਲ ਛੰਦ
॥ 'ਤਿਯ ਸੋਦਰ[੨੯] ਤੁਮ ਸਮਝਾਓ। ਧਨ ਬਿਰਥਾ ਨਾਂਹਿ ਲੁਟਾਓ। ਮਨ
ਜਾਨਿਭਲੇ ਮਮ ਬੈਨਾ॥ ਮਨ ਤਨਕ[੩੦] ਤਾਂਹਿ ਕੇ[੩੧] ਭੈ[੩੨] ਨਾ ॥ ੪੪ ॥
ਬਹੁਦੇਤਿ ਫਕੀਰਨ ਦਰਬਾ। ਨਿਤ ਖੋਤਿ ਤੁਰਕ[੩੩] ਘਰ ਸਰਬਾ। ਤੁਮ
ਖੋਇ[੩੪] ਤੁਰਕ ਕੀ ਜਾਨੋ। ਦੁਖਦਾਨੀ ਅਮਲ ਪਛਾਨੋਂ[੩੫]' ॥੪੫॥ ਭੈਮਾਨ

---

[੧]ਤੁਸਾਨੂੰ ਸੱਦਾਂਗਾ, ਜਦੋਂ। [੨]ਇਸਤ੍ਰੀ ਦਾ ਮੋਹ। [੩]ਚਲਾ ਗਿਆ। [੪]ਕੁਛ। [੫]ਸਮਾਂ। [੬]ਪੁੱਤ੍ਰੀ ਦੇ
ਘਰ। [੭]ਪਿਛਲੀ। [੮]ਅਜੋਗ ਰੀਤੀ, ਬੇਜਾ। [੯]ਪੁੱਤ੍ਰੀ। [੧੦]ਜੁਵਾਈ, ਭਾਈ ਜੈਰਾਮ ਜੀ ਨੂੰ।
[੧੧]ਪਿਛਲੀ। [੧੨]ਖਾਲੀ। [੧੩]ਸ਼ਹਿਰ ਵਿਚ। [੧੪]ਸੁੰਦਰ। [੧੫]ਪੰਗਤੀ, ਡਾਰ। [੧੬]ਹੰਸਾਂ ਦੀ। [੧੭]ਯਾ
ਸੁੰਦਰ ਮਾਲਤੀ ਫੁੱਲੀ ਹੋਈ ਹੈ। [੧੮]ਕਲਪ ਬ੍ਰਿੱਛ। [੧੯]ਬਹੁਤ। [੨੦]ਸਖੀ। [੨੧]ਬਿਨ ਦੇਰੀ। [੨੨]ਬਹੁਤ।
[੨੩]ਭੀੜ। [੨੪]ਦੇਕੇ ਦਿਲ ਵਿਚ ਪ੍ਰਸੰਨ ਹੁੰਦੇ ਹਨ ਗੁਰੂ ਜੀ, ਜੋ ਧੀਰਜ ਵਾਲੇ ਹਨ। [੨੫]ਇਕ ਚੁਗਲ ਨੇ।
[੨੬]ਚੁਗਲੀ। [੨੭]ਘਰ ਵਿਚ। [੨੮]ਬਹਾਕੇ ਇਕੱਲਿਆਂ। [੨੯]ਇਸਤ੍ਰੀ ਦੇ ਭਰਾ ਨੂੰ। [੩੦]ਥੋੜਾ ਬੀ।
[੩੧]ਭਾਵ, ਗੁਰ ਨਾਨਕ ਦੇ। [੩੨]ਖੌਫ। [੩੩]ਭਾਵ ਬਿਦੇਸ਼ੀ ਮੁਸਲਮਾਨ (ਨੱਵਾਬ) ਦਾ। [੩੪]ਆਦਤ।
[੩੫](ਇਨ੍ਹਾਂ ਦੀ) ਹਕੂਮਤ ਦੁਖਦਾਈ (ਤੁਸੀਂ) ਪਛਾਣਦੇ ਹੀ ਹੋ। *ਪਾਠਾਂਤ੍ਰ—ਹੈ ਰੀਤੀ ਪੂਰਬ ਜੇਸੀ।

ਭਯੋ ਜੈਰਾਮਾ। ਉਠਿ ਤੂਰਨ[੧] ਗਮਨਯੋ ਧਾਮਾ। ਕਹਿ ਬੋਲੀ[੨] 'ਆਰਜ-ਤਨੀਆ[੩]! ਬਹੁ ਲੋਕਨ ਤੇ ਮੈਂ ਸੁਨੀਆ ॥ ੪੬ ॥ ਧਨ ਖਰਚਤਿ ਨਾਨਕ ਐਸੇ। ਵਡ ਭੂਪਤਿ[੪] ਹੋਵਤਿ ਜੈਸੇ। ਤ੍ਰੈ ਦੇਤਿ ਕਹੈਂ ਨਰ ਆਏ। ਜਿਉਂ ਸਰ[੫] ਹਿਰਦੇ ਖਰ[੬] ਲਾਏ॥ ੪੭ ॥ ਅਬ ਕਰੌਂ ਕੌਨ ਮੈਂ ਕਾਜਾ। ਰਹਿ ਆਵਹਿ ਜਿਹ ਬਿਧਿ ਲਾਜਾ। ਚਿੰਤੋਦਧਿ[੭] ਭਯੋ ਨਿਮਗਨਾ। ਕਹੁ ਪੋਤ[੮] ਜਤਨ ਹੁਇ ਲਘਨਾ[੯]' ॥ ੪੮ ॥ ਸੁਨਿ ਭਨੇ ਨਾਨਕੀ ਬਚਨਾ। 'ਮਨ ਤਵ[੧੦] ਜੋ ਸੰਸੈ ਖਚਨਾ। ਕਰਿ ਬਾਤ ਉਚਿਤ[੧੧] ਚਿਤ ਭਾਈ*[੧੨]। ਜਿਉਂ ਭਰਮ ਭੂਰ[੧੩] ਮਿਟ ਜਾਈ॥੪੯॥ ਪਰਤੀਤਿ ਨ ਆਈ ਤੁਮਕੋ। ਕਸ ਮਸਲਤ[੧੪] ਬੂਝਤਿ[੧੫] ਹਮਕੋ। ਤੁਮ ਜਾਨਤਿ ਭ੍ਰਾਤ ਵਡਾਈ। ਨਿਤ ਦੇਤਿ ਮੁਝੈ ਸਮਝਾਈ ॥੫੦॥ ਨਿਤ ਹਮਰੋ ਉਰ ਪਰਤੀਤੂ†[੧੬]। ਨਹਿੰ ਡੋਲਤਿ ਕਬਹੂੰ ਚੀਤੂ। ਪਰਮੇਸੁਰ ਨਾਨਕ ਰੂਪਾ। ਉਪਕਾਰੀ ਸੰਤ ਅਨੂਪਾ ॥੫੧॥ ਭਵ[੧੭] ਮਾਯਾ ਵਰਤਤਿ[੧੮] ਸੋਊ। ਸ੍ਰੀ ਨਾਨਕ ਕੀ ਸਭਿ ਸੋਊ। ਤੁਮ ਚਾਹਤਿ ਜੇ ਅਬ‡ ਦੇਖਾ। ਕਰਿ ਲੀਜੈ ਸਭਿ ਹੀ ਲੇਖਾ ॥੫੨॥[੧੯] ਜੌ ਵਧੈ ਕਿਧੌਂ ਹੁਇ ਪੂਰਾ[੨੦]। ਨਹਿੰ ਮਾਨਹੁ ਜੋ§ ਕਹੁੰ ਕੂਰਾ।' ਸੁਨਿ ਬੋਲਯੋ ਵਾਕ ਜਰਾਮਾ। 'ਅਬ ਹੌਂ ਨ ਕਰੌਂ ਇਹ ਕਾਮਾ। ੫੩ ॥ ਹੈ ਤੁਮਰੇ ਉਰ ਜਬ ਐਸੇ। ਨਹਿੰ ਲੇਖਾ ਕਰਿਹੌਂ ਕੈਸੇ'। ਬਚ ਭਨੈ ਨਾਨਕੀ 'ਸੁਨੀਏ!। ਅਬ ਲੇਖਾ ਲੇਹੁ, ਨ ਗੁਨੀਏ[੨੧] ॥ ੫੪ ॥ ਨਹਿੰ ਕੀਜੈ ਅਬਹਿ ਬਿਲੰਬਾ[੨੨]। ਬੁਲਵਾਵਉ ਸੁਤ ਮਮ ਅੰਬਾ[੨੩]' ।ਕਹਿ ਭੇਜੀ ਤੁਲਸਾਂ ਦਾਸੀ। ਜਹਿੰ ਨਾਨਕ ਥੇ ਸੁਖਰਾਸੀ ॥੫੫॥ ਤਿੰਹ ਬੂਝਤਿ ਨਾਨਕ ਐਸੇ। 'ਕਹੁ ਤੁਲਸਾਂ ਆਈ ਕੈਸੇ?'। ਪੁਨ ਦਾਸੀ ਬਚਨ ਬਖਾਨੇ। 'ਤੁਮ ਭਗਨੀ[੨੪] ਬਹੁ ਹਿਤਵਾਨੇ ॥ ੫੬ ॥ ਬਹੁ ਬਿਨੈ ਕਰੀ ਕਹਿ ਬਾਨੀ। ਦਿਹੁ ਦਰਸ਼ਨ ਕਰੁਨਾ ਠਾਨੀ[੨੫]। ਇਉਂ ਆਈ ਤੁਮਰੇ ਪਾਸਾ। ਉਠਿ ਚਲੀਏ ਸੁਸਾ[੨੬] ਅਵਾਸਾ[੨੭]'॥੫੭॥ ਦੋਹਰਾ॥ ਸ੍ਰੀ ਨਾਨਕ ਬੋਲੇ ਬਚਨ 'ਚਲਿ ਤੁਲਸਾਂ

---

[੧]ਛੇਤੀ। [੨]ਸੱਦੀ ਵਾਜ ਮਾਰਕੇ। [੩]ਹੇ ਸ੍ਰੇਸ਼ਟ ਦੀ ਪੁੱਤ੍ਰੀ! (ਭਾਵ ਸ੍ਰੀ ਨਾਨਕੀ ਜੀ)। [੪]ਵਡਾ ਰਾਜਾ। [੫]ਤੀਰ। [੬]ਤਿੱਖੇ। [੭]ਚਿੰਤਾ ਦੇ ਸਮੁੰਦਰ ਵਿਚ। [੮]ਜਤਨ ਰੂਪੀ ਜਹਾਜ। [੯]ਤਾਂਜੋ ਲੰਘ ਸਕੀਏ। [੧੦]ਤੁਹਾਡਾ। [੧੧]ਲਾਇਕ। [੧੨]ਚਿਤ ਨੂੰ ਜੋ ਚੰਗੀ ਲੱਗੇ। [੧੩]ਸਾਰਾ। [੧੪]ਸਲਾਹ। [੧੫]ਪੁੱਛਦੇ ਹੋ। [੧੬]ਭਰੋਸਾ। [੧੭]ਸੰਸਾਰ ਵਿਚ। [੧੮]ਵਰਤ ਰਹੀ ਹੈ। [੧੯.੨੦]ਜਾਂ ਤਾਂ ਵਧੇਗਾ ਜਾਂ ਪੂਰਾ ਢੁਕੇਗਾ। [੨੧]ਹੁਣ ਲੇਖਾ ਲਓ, ਵਿਚਾਰਾਂ ਨ ਕਰੋ। [੨੨]ਦੇਰੀ ਨਾ ਕਰੋ। [੨੩]ਪੁੱਤ੍ਰ ਮੇਰੀ ਅੰਮੀ ਦਾ। [੨੪]ਭੈਣ। [੨੫]ਕ੍ਰਿਪਾ ਕਰਕੇ। [੨੬]ਭੈਣ ਦੇ। [੨੭]ਘਰ। *ਪਾ:-ਆਈ। †ਪਾ:-ਸੁ ਪ੍ਰਤੀਤੂ। ‡ਪਾ:-ਇਹ। §ਪਾ:-ਜੋ।

ਹੌਂ ਆਇ’। ਮੁਝਕੋ ਲੀਨਿ ਬੁਲਾਇ ਢਿਗ ਬੂਝਤਿ ਭੇ[੧] ਗਤਿ ਦਾਇ[੨] ॥ ੫੮ ॥ ਹਾਕਲਛੰਦ ॥ ‘ਕਿਉਂ ਹਮੈਂ ਬੁਲਾਯੋ ? ਬਾਲਾ ! । ਭ੍ਰਮ ਹੋਯੋ ਉਰ ਇਹ-ਕਾਲਾ[੩] । ਮਮ ਚੁਗਲੀ ਕੀਨੀ ਕਾਹੂ । ਮਨ ਲਖਿਯਤਿ[੪] ਹੈ ਬਿਧਿ ਯਾਹੂ’ ॥ ੫੯ ॥ ਸ੍ਰੀ ਅੰਗਦ ਸੋਂ ਕਹਿ ਬਾਲਾ । ਸਭਿ ਕਥਾ ਬਨਾਇ ਰਸਾਲਾ[੫] । ਗੁਰ ਅੰਗਦ ! ਸੁਨੀਏ ਬੈਨਾ[੬] । ਹੌਂ ਭਾਖਯੋ ‘ਸੁਨਹੁ ਸੁਖੈਨਾ[੭] !’ ॥੬੦॥ ਕੋ ਕਰਿਹੈ ਦੂਤੀ[੮] ਤੇਰੀ ? । ਨਹਿਂ ਔਗੁਨਤਾ ਕਛੁ ਹੇਰੀ । ਨਹਿਂ ਕਰਤੇ ਕਛੂ ਕੁਕਾਰਾ[੯]’ । ਸੁਨਿ ਨਾਨਕ ਬਚਨ ਉਚਾਰਾ ॥ ੬੧ ॥ ‘ਹੈ ਆਪਨ ਮੈ[੧੦] ਜੁ ਮਿਠਾਈ[੧੧] । ਸੋ ਬਾਲਾ ਆਨਿ[੧੨] ਉਚਾਈ[੧੩]’। ਲੇ ਢਾਈ ਸੇਰ ਪਤਾਸੇ । ਉਠਿ ਗੱਛਤਿ ਭੇ[੧੪] ਸੁਖਰਾਸੇ॥ ੬੨ ॥ ਚਲਿ ਆਏ ਸੁਸਾ[੧੫] ਨਿਕੇਤਾ[੧੬] । ਹੌਂ ਸੰਗ ਗਯੋ ਕਰਿ ਹੇਤਾ[੧੭] । ਉਠਿ ਕੀਨੋ ਬਹੁ ਸਤਿਕਾਰੂ[੧੮] । ਮੰਚ[੧੯] ਦੀਨ ਵਿਛਾਇ ਜੁ ਚਾਰੂ॥੬੩॥ਤਬਬੋਲੇ ਬੇਦਸਨ[੨੦] ਕੇਤਾ[੨੧]*। ‘ਕਹੁ[੨੨]ਭਗਨੀ[੨੩] ! ਬੋਲਨ[੨੪] ਹੇਤਾ[੨੫] । ਤੁਮ ਹਮਕੋ ਬੋਲਿ ਪਠਾਯੋ[੨੬]। ਸੁਨਿ ਆਇਸੁ[੨੭] ਮੈਂ ਚਲਿਆਯੋ’ ॥੬੪॥ ਕਹਿ ਕਾਲੂ ਤਨੁਜਾ[੨੮] ‘ਭਾਈ ! । ਤਵ ਦਰਸ਼ਨ ਮਨ ਲਲਚਾਈ। ਤਬ ਭੇਜੀ ਤੁਲਸਾਂ ਦਾਸੀ। ਅਬ ਦੇਖਿਤ ਰਿਦਾ ਵਿਕਾਸ਼ੀ[੨੯]’ ॥ ੬੫ ॥ ਸ੍ਰੀ ਨਾਨਕ ਬਚਨ ਉਚਾਰੇ। ‘ਸੁਨਿ ਭਗਨੀ ਰਿਦੈ ਹਮਾਰੇ† । ਭ੍ਰਮ ਹੋਯੋ, ਦੇਹੁ ਬਤਾਈ । ਕਿਸ ਕਾਰਜ ਮੋਹਿ ਬੁਲਾਈ?’ ॥੬੬॥ ਬਚ ਭਨੇ ਨਾਨਕੀ ਐਸੇ। ‘ਤੁਮ ਜਾਨਤਿ ਸਭਿ ਬਿਧਿ ਜੈਸੇ । ਹੋ ਅੰਤਰਜਾਮੀ ਜਾਨੋਂ । ਬਿਨ ਬੋਲਤਿ ਸਭਿਹਿ ਪਛਾਨੋਂ’ ॥ ੬੭ ॥‡ ‘ਸੁਨਿ ਭਗਨੀ ਮੈਂ ਉਰ ਜਾਨੀ। ਮੁਰ ਦੂਤੀ[੩੦] ਕਿਨੈ ਬਖਾਨੀ। ਹੈ ਆਗੇ ਹਮੈਂ ਸੰਦੇਹੋ[੩੧] । ਸਭਿ ਲੇਖਾ ਅਬ ਕਰਿ ਲੇਹੋ ॥ ੬੮ ॥ ਬਹੁ ਦੇਰਿ ਭਈ ਬਿਨ ਲੇਖੇ। ਧਨ ਨਿਕਸਹਿ ਕਿਤਨੋ ਸ਼ੇਖੇ[੩੨] । ਮਿਟਿ ਜੈ ਹੈ ਮਨ ਸੰਦੇਹਾ[੩੩] । ਇਉਂ§ ਪੂਰਬ[੩੪] ਹੀ ਮੁਝ ਪ੍ਰੇਹਾ[੩੫]’ ॥੬੯॥ ਸੁਨਿ ਭਗਨੀ ਦੇਤਿ ਦਿਲੇਸਾ[੩੬]। ‘ਨਹਿਂ ਕੋਊ ਭ੍ਰਾਤ ਅੰਦੇਸਾ[੩੭]’ । ਸਭਿ ਲੇਖਾ

---

[੧]ਪੁੱਛਣੇ ਲਗੇ । [੨]ਮੁਕਤੀ ਦਾਤੇ । [੩]ਇਸ ਵੇਲੇ । [੪]ਸਮਝੀਂਦਾ ਹੈ। [੫]ਸੁੰਦਰ । [੬]ਬਚਨ । [੭]ਸੁਖ ਦੇ ਘਰ ਜੀ ! [੮]ਚੁਗਲੀ । [੯]ਮਾੜਾ ਕੰਮ । [੧੦]ਹੱਟੀ ਵਿਚ । [੧੧]ਮਿੱਠਾ । [੧੨]ਲਿਆ । [੧੩]ਚੁਕਕੇ । [੧੪]ਤੁਰ ਪਏ । [੧੫]ਬੇਬੇ ਦੇ । [੧੬]ਘਰ । [੧੭]ਪ੍ਰੇਮ । [੧੮]ਆਦਰ । [੧੯]ਪਲੰਘ । [੨੦]ਬੇਦੀ ਕੁਲ ਦੇ । [੨੧]ਧੁਜਾ । [੨੨]ਆਖੋ । [੨੩]ਬੇਬੇ ਜੀ । [੨੪]ਸੱਦਣ ਦਾ । [੨੫]ਸਬੱਬ । [੨੬]ਸੱਦ ਭੇਜਿਆ ਹੈ । [੨੭]ਆਗਜਾ। [੨੮]ਕਾਲੂ ਦੀ ਪੁੱਤ੍ਰੀ ਨੇ ਕਿਹਾ । [੨੯]ਖਿੜ ਗਿਆ ਹੈ। [੩੦]ਮੇਰੀ ਚੁਗਲੀ। [੩੧]ਸੰਸਾ। [੩੨]ਬਾਕੀ—ਵੱਧ । [੩੩]ਸੰਸਾ । [੩੪]ਪਹਿਲੇ ਹੀ । [੩੫]ਮੇਰੀ ਇੱਛਾ ਹੈ । [੩੬]ਦਿਲਾਸਾ । [੩੭]ਸੰਸਾ । (ਅ) ਡਰ ।

*ਪਾਠਾਂਤ੍ਰ—ਦਯਾ ਨਿਕੇਤਾ। †ਪਾ:—ਤੁਮਾਰੇ। ‡ਗੁਰੂ ਜੀ ਬੋਲੇ:— §ਪਾ:—ਇਹੁ।

ਲੇਨਾ ਦੇਨਾ। ਨਿਤ ਚਲਯੋ ਜਾਤਿ ਘਟ ਹੈ ਨਾ' ॥੭੦॥'ਭੋ ਭਗਨੀ! ਸੱਤਿ ਅਲਾਈ। ਧਰਿ ਲੇਖਾ[1] ਲਾਜ ਨ ਰਾਈ। ਨਹਿਂ ਕਰੀਏ ਅਬ ਕਛੁ ਦੇਰਾ। ਸਭਿ ਲੇਖਾ ਲੇਹੁ ਨਿਬੇਰਾ॥ ੭੧ ॥ ਮਨ ਸੰਸੈ ਜਾਹਿ ਨਿਵਾਰਾ[2]। ਹ੍ਵੈ ਦੂਤਨ ਕਾ[3] ਮੁਖ ਕਾਰਾ[4]'। ਸੁਨਿ ਭਗਨੀ ਬੈਨ ਉਚਾਰਾ। 'ਜਿਉਂ ਉਪ-ਜਯੋ ਰਿਦੇ ਵਿਚਾਰਾ ॥੭੨॥ ਮਨ ਜਾਨਹੁ ਕਰੀਏ ਸੋਈ। ਜਿਉਂ ਰਿਦੇ ਹਰਖ਼ ਤਵ ਹੋਈ'। ਲੇ ਸੰਗਿ ਚਲੇ ਜੈਰਾਮਾ। ਜਹਿਂ ਦੌਲਤਖਾਂ ਕੋ ਧਾਮਾ ॥ ੭੩ ॥ ਮਿਲ ਨਵੀਸਿੰਦ ਸੌਂ[5] ਬੈਸੇ। ਨਰਪ੍ਰਾਕ੍ਰਿਤ[6] ਹੋਵਹਿਂ ਜੈਸੇ। ਜੋ ਆਮਦ ਖਰਚ ਭਯੋ ਹੈ। ਸਭਿ ਭਾਖਿ[7] ਲਿਖਾਇ ਦਯੋ ਹੈ ॥ ੭੪॥ ਦੋਹਰਾ ॥ ਤੀਨ ਮਹੀਨੇ ਅਰਧ[8] ਪੁਨਿ[9] ਲੇਖਕ[10] ਲੇਖਾ ਕੀਨ। ਇਕ ਸਤ ਪੈਂਤੀ[11] ਰਜਤਪਣ[12] ਵਾਧੇ ਦਾਨੀ ਦੀਨ[13] ॥੭੫॥ ਹਾਕਲ ਛੰਦ ॥ ਕਿਯ ਕਮਲਨੈਨ ਜਬ ਲੇਖਾ॥ ਤਬ ਨਿਕਸਯੋ ਇਤਨਾ ਸੇਖਾ[14]। ਜੈਰਾਮ ਰਿਦੈ ਤਿਹਕਾਲਾ। ਭੀ ਲੱਜਾ ਹਰਖ[15] ਬਿਸਾਲਾ ॥ ੭੬ ॥ ਤਿਹ ਘਟੀ[16] ਬਿਸੂਰਤਿ[17] ਭੂਰਾ। ਮੈਂ ਭਰਮਯੋ ਭਾਖੇ ਕੂਰਾ[18]। ਰਲਿ ਆਏ ਧਾਮ ਜਰਾਮਾ। ਮਚ[19] ਬੈਠੇ ਸੇਵਕ ਸਾਮਾ[20] ॥੭੭॥ ਤਬ ਭਗਨੀ ਬੂਝਤਿ ਐਸੇ। 'ਕਹੁ ਲੇਖਾ ਨਿਬਰਯੋ ਕੈਸੇ?'। ਸੁਖ ਐਨਹਿਂ[21] ਬੈਨ ਬਖਾਨੇ। 'ਸੁਨਿ, ਜੀਜਾ ਬਾਤ ਸੁ ਜਾਨੇ[22]॥੭੮॥ਇਹ ਲੀਜੈ ਮੋਦੀਖਾਨਾ॥ਅਬ ਹੋਇ ਨ ਮੋ ਗੁਜ਼ਰਾਨਾ॥ਕਰਤਾਰੰ ਮਮ ਕਰਤਾਰੰ[23]। ਨਿਜ ਕਾਰਜ ਲੇਹੁ ਸੰਭਾਰੰ' ॥ ੭੯ ॥ ਚਲਿਬੇ ਕੀ ਕੀਨੀ ਤਯਾਰੀ। ਸ੍ਰੀ ਨਾਨਕ ਪਰਉਪਕਾਰੀ। ਜੈਰਾਮ ਉਠਯੋ ਤਿਹਕਾਲਾ। ਗਹਿ ਪਗ ਕਹਿ ਬਿਨੈ ਬਿਸਾਲਾ ॥੮੦॥ ਕਰਿ ਭਗਨੀ ਰੁਦਨ ਅਲਾਵੈ।'ਇਉਂ ਭ੍ਰਾਤਾ ਕਿਉਂ ਬਨਿ ਆਵੈ। ਮੁਝ ਮਾਰਹੁ ਤੌ ਕਿਤ ਜਾਵਹੁ। ਜੌ ਰਹਿ ਹੌ ਮੋਹਿ ਜਿਆਵਹੁ॥ ੮੧॥ ਤੁਮ ਮਿਰਦੁਲ[24] ਸਰਲ ਸੁਭਾਊ। ਕਰਿ ਔਗੁਨ ਚਿੱਤ ਨ ਕਾਊ। ਹਮ ਭੂਲਨਹਾਰ ਸਦਾਈ। ਤੁਮ ਬਖ਼ਸ਼ਹੁ ਕਿਉਂ ਨਹਿਂ ਭਾਈ?' ॥ ੮੨ ॥ ਦੋਹਰਾ ॥ ਕਮਲਨੈਨ ਮੁਖਬੈਨ ਕਹਿ 'ਸੁਨਿ ਜੀਜਾ

[1]ਲੇਖੇ ਕਰਨ ਵਿਚ। [2]ਦੂਰ ਹੋ ਜਾਏਗਾ। [3]ਚੁਗਲਾਂ ਦਾ। [4]ਮੂੰਹ ਕਾਲਾ। [5]ਮੁਨਸ਼ੀ ਨਾਲ। [6]ਸੰਸਾਰੀ ਮਨੁਖ। [7]ਕਹਿਕੇ। [8-9]ਸਾਢੇ ਤ੍ਰੈ ਮਹੀਨੇ ਦਾ। [10]ਮੁਨਸ਼ੀ ਨੇ। [11]ਇਕ ਸੌ ਤੇ ਪੈਂਤੀ ੧੩੫)। [12]ਰੁਪੱਯੇ। [13]ਦੀਨਾਂ ਦੇ ਦਾਤੇ ਦੇ (ਨਿਕਲੇ)। [14]ਬਾਕੀ, ਵਾਧਾ। [15]ਨਾਲੇ ਸ਼ਰਮ ਨਾਲੇ ਖੁਸ਼ੀ। [16]ਘੜੀ। [17]ਝੂਰਿਆ। [18]ਝੂਠੇ ਦੇ ਕਹਿਣ ਕਰਕੇ। [19]ਮੰਜੇ ਤੇ। [20]ਸੇਵਕਾਂ ਦੇ ਆਸਰਾ (ਗੁਰੂ ਜੀ)। [21]ਭਾਵ, ਗੁਰੂ ਜੀ ਨੇ। [22]ਸੁਣ ਭੈਣ, ਜੀਜੇ ਨੂੰ ਪਤਾ ਹੈ। [23]ਮੇਰਾ ਕਰਤਾਰ ਹੀ ਕਰਤਾਰ ਹੈ। (ਅ) ਮੇਰੀ ਤਾਰ ਕਰਤਾਰ ਹੱਥ ਹੇ। [24]ਕੋਮਲ।

ਜੈਰਾਮ ! ਪੁਨਿ ਘਾਟੋ ਜੇ ਆਵਈ ਕਿਉਂ ਕਰਿ ਹੌਂ ਇਹ ਕਾਮ ?'॥ ੯੩॥ ਤ੍ਰਿਭੰਗੀ ਛੰਦ ॥ ਜੈਰਾਮ ਬਖਾਨੀ ਸਬਿਨੈ[੧] ਬਾਨੀ 'ਨਹਿਂ ਮੈਂ ਜਾਨੀ ਸ਼ਕਤਿ ਸਬੈ[੨] । ਕਿੰਚਤ[੩] ਹੌਂ ਜਾਨੀ, ਬਹੁ ਅਨਜਾਨੀ, ਉਰ ਸਭਿ ਜਾਨੀ, ਲਖਹੁ[੪] ਅਬੈ । ਪਰਮੇਸ਼ੁਰ ਪੂਰਨ, ਕਲਮਲ ਚੂਰਨ, ਗੁਨ ਸੰਪੂਰਨ, ਅਵਤਾਰੀ । ਮੁਝ ਬਖ਼ਸ਼ ਗੁਨਾਹੂ, ਸੁਨਿ ਕਰਿ ਕਾਹੂ ਉਰ ਭਰਮਾਹੂ[੫], ਦੁਖਟਾਰੀ[੬] !' ॥ ੯੪ ॥ ਪੁਨ ਸੁਸਾਅਲਾਈ 'ਸੁਨਿ ਸੁਖਦਾਈ ! ਜੇ ਘਟਿ ਜਾਈ ਦਰਬ ਕਬੈ।ਜਹਿਂ ਕਹਿਂ ਤੇ ਲਯਾਈ,ਦੇਉਂ ਪੁਰਾਈ,ਨਹਿਂ ਤੁਮ ਗਮਨੋ ਰਹੋ ਅਬੈ। ਹਮਫੇਰਿ ਨ ਕਹਿਹੈਂ; ਤੂਸ਼ਨ[੭] ਰਹਿ ਹੈਂ, ਸਭਿ ਸੁਖ ਲਹਿ ਹੈਂ ਪਾਸ ਰਹੇ। ਮਨ ਰੋਸ ਨਿਵਾਰੋ, ਕਰੁਨਾ ਧਾਰੋ, ਬਿਰਹ ਨ ਡਾਰੋ,ਪੰਥ ਗਹੇ[੮]॥੯੫॥ ਹੌਂ ਨਿਕਟਿ ਬਖਾਨੀ[੯] 'ਇਹ ਬਰ[੧੦] ਬਾਨੀ ਨਾਨਕ ਸਾਨੀ ਅਵਰ ਨਹੀਂ[੧੧] । ਜੋ ਰਘੁਵਰ[੧੨] ਕਿਸ਼ਨਾ[੧੩] ਧਰਿ ਤਨ ਬਿਸ਼ਨਾ ਹੈ ਪਤਿ ਜਿਸ਼ਨਾ[੧੪] ਰੂਪ ਸਹੀ[੧੫] । ਯੁਗ ਪਦ ਅਰਬਿੰਦਾ ਆਨੰਦ ਕੰਦਾ ਸੁਖਦ ਮੁਕੰਦਾ ਅਘ-ਟਾਰੀ[੧੬] । ਜਨ[੧੭] ਕਰੁਨਾ ਕਰਿ[੧੮] ਸਭਿ ਜਗ ਠਾਕੁਰ ਗਯਾਨ ਦਿਵਾਕਰ[੧੯] ਭੁਜ ਭਾਰੀ[੨੦]' ॥੯੬॥ ਦੋਹਰਾ॥ ਸ਼੍ਰੀ ਅੰਗਦ ਜੀ! ਸੁਨਹੁ ਮੈਂ ਇਮ ਤਬ ਕਹਿ ਕਰ ਬੰਦ[੨੧] । ਬਹੁਰ ਬਚਨ ਉਚਰੇ ਰੁਚਿਰ ਕਰਨ ਰੋਸ ਹਿਤ ਮੰਦ ॥੯੭॥ ਕੁੰਡਲੀਆ ਛੰਦ ॥ 'ਸੁਸਾ[੨੨] ਸੁਸਾਪਤਿ[੨੩] ਦੀਨ ਹ੍ਵੈ ਬਿਨੈ ਭਨਤਿ ਬਹੁ ਬਾਰ । ਪਗ[੨੪] ਪਕਰਤਿ ਮਨ ਪ੍ਰੇਮ ਧਰਿ ਰਹੀਏ ਜੀਜਾਗਾਰ[੨੫]।ਰਹੀਏ ਜੀਜਾਗਾਰ ਬਚਨ ਪੁਨ ਪੁਨ ਨਹਿਂ ਫੇਰਹੁ[੨੬]।ਦਯਾ ਐਨ ਸੁਖਦੈਨ ! ਪਰਮ ਪ੍ਰੇਮੀ ਇਨ ਹੇਰਹੁ[੨੭]।ਵਿਛਿਯਨ ਕੇ ਮਨ ਕ੍ਰੋਧ ਜੋ ਪਾਵਕ[੨੮] ਸਰਸ[੨੯] ਉਦੋਤਿ[੩੦]। ਕਰਤਿ ਬੇਨਤੀ ਬੰਦਨਾ ਬਾਰਿ[੩੧] ਬੁਝਾਵਨ ਹੋਤਿ'॥੯੮॥ਕਮਲਨੈਨ ਸੁਨਿਬੈਨਮਮ

[੧]ਸਮੇਤ ਬੇਨਤੀ ਦੇ । [੨]ਸਾਰੀ । [੩]ਥੋੜੀ । [੪]ਜਾਣੋਂ । [੫]ਕਿਸੇ ਤੋਂ ਸੁਣੇ ਸੁਣਾਏ ਦਿਲ ਮੇਰਾ ਭਰਮ ਗਿਆ ਸੀ। [੬]ਹੇ ਦੁਖ ਨਾਸ਼ਕ ! [੭]ਚੁਪ । [੮]ਰਸਤਾ ਫੜਕੇ (ਚਲੇ ਜਾਕੇ)। [੯]ਮੈਂ ਕੋਲੋਂ ਕਿਹਾ । [੧੦]ਚੰਗੀ । [੧੧]ਨਾਨਕ ਤੁੱਲ ਹੋਰ (ਕੋਈ) ਨਹੀਂ । [੧੨]ਰਾਮ ਚੰਦਰ । [੧੩]ਕ੍ਰਿਸ਼ਨ । [੧੪]ਇੰਦ੍ਰ [ਸੰਸ:, ਜਿਖਣ]। [੧੫]ਜੋ ਵਿਸ਼ਨੂ ਨੇ ਤਨ ਧਾਰਕੇ ਰਾਮ, ਕ੍ਰਿਸ਼ਨ ਰੂਪ (ਲਏ ਹਨ ਤੇ) ਇੰਦ੍ਰ, ਇਨਾਂ ਸਭਨਾਂ ਦਾ) ਪਤੀ (ਗੁਰੂ ਨਾਨਕ) ਨਿਸ਼ਚੇ ਹੈ । [੧੬]ਪਾਪ ਨਾਸ਼ਕ । [੧੭]ਦਾਸਾਂ ਉਤੇ । [੧੮]ਕਿਰਪਾ ਕਰਨ ਵਾਲੇ । [੧੯]ਗਯਾਨ ਦੇ ਸੂਰਜ । [੨੦]ਆਜਾਨੁ ਬਾਹੂ, (ਅ) ਸਮਰੱਥ । [੨੧]ਹੱਥ ਜੋੜਕੇ । [੨੨]ਭੈਣ।[੨੩]ਭਾਈ ਜੈਰਾਮ ਜੀ।[੨੪]ਚਰਣ।[੨੫]ਜੀਜੇ ਜੀ ਦੇ ਘਰ । [੨੬]ਬਾਰ ਬਾਰ ਨਾਂ ਮੋੜੋ । [੨੭]ਵੇਖੋ । [੨੮]ਅਗਨੀ । [੨੯]ਤੁਲ । [੩੦]ਪ੍ਰਗਟਦਾ ਹੈ । [੩੧]ਬੇਨਤੀ ਕਰਨਾ (ਮਾਨੋ) ਜਲ ਹੈ ।

ਹ੍ਵੈਗਏ ਪਰਮ ਕ੍ਰਿਪਾਲ। ਬਾਨੀ ਸਾਨੀ ਹੇਤ ਜਨ[1] ਬੋਲੇ ਸੁਖਦ[2] ਰਸਾਲ[3]। ਬੋਲੇ ਸੁਖਦ ਰਸਾਲ ਭਨਯੋ 'ਬਾਲੇ ਬਚ ਤੇਰਾ। ਕਬਹਿ ਨ ਹੋਰਹੁ ਤਾਂਹਿ ਲਖਹੁ ਇਸਬਿਧਿ ਮਤ ਮੇਰਾ'। ਅਸ ਕਹਿ ਇਸਥਿਤਿ[4] ਪੁਨ ਕਰੀ ਦੀਨਾ ਨਾਥ ਦਯਾਲੁ। ਦੇਖੇ ਦਰਸ਼ਨ ਦੁਖ ਦਹੈਂ ਜਨਦਾਤਾ[5] ਜੁ ਬਿਸਾਲ[6] ॥੮੯॥ ਦੋਹਰਾ ॥ ਦੰਪਤਿ[7] ਮੁਝ ਸੋਂ ਭਾਖਿਹੀਂ ਧਰਿਕੈ ਅਧਿਕ ਸਨੇਹੁ। 'ਆਜ ਭ੍ਰਾਤ ਦੀਨੋ ਨਯੋ ਧੰਨ ਧੰਨ ਬੁਧਿਗੇਹੁ[8]! ॥੯੦॥ ਸੇਵਾ ਨਿਸਬਾਸੁਰ ਕਰਤਿ ਯਾਂਤੇ ਕਰੁਨਾ ਭੂਰ। ਸ਼ਰਧਾ ਤੁਮਰੈ ਉਰ ਦਈ ਭਯੋ ਭਰਮ ਮਨ ਦੂਰ' ॥੯੧॥ਸੋਰਠਾ॥ ਹਰਖਤਿ ਸਭਿ ਸੁਖ ਪਾਇ ਸ੍ਰੀ ਨਾਨਕ ਆਪਨ[9] ਚਲੇ। ਮੰਦ ਮੰਦ ਗਤਿ[10] ਜਾਇ ਕਵਿ ਜਾਵਤਿ ਬਲਿਹਾਰਨੇ॥੯੨॥ ਲੇਖੇ ਤੇ ਜੋ ਸ਼ੇਖ਼[11] ਦੀਨੋ ਦੌਲਤ ਖਾਨ ਧਨ। ਹਰਖਯੋ ਰਿਦੇ ਵਿਸ਼ੇਖ[12] ਦਏ ਸਤਾਰਾਂ ਸੈ* ਅਧਿਕ[13] ॥ ੯੩ ॥ ਹਿੰਦੂ ਤੁਰਕ ਬਹੁ ਆਇ ਦੇਤਿ ਵਧਾਈ ਮਿਲਿ ਸਭੈ। ਭਾਖਹਿੰ ਬਹੁਰ ਸੁਨਾਇ 'ਹਮਹਿੰ ਸੁਨਯੋ ਕ੍ਰਿਤ ਤਜਿ[14] ਦਈ ॥੯੪॥ ਦੋਹਰਾ॥ ਅਧਿਕ ਕੀਨ ਅਪਸੋਸ[15] ਹਮ, ਤੁਮ ਉਪਕਾਰਿ ਸਰੀਰ। ਕ੍ਰਿਤਿ ਲੀਨੀ ਹਰਖੇ ਸੁਨਤਿ,ਵਧੀਏ ਗੁਨੀ ਗਹੀਰ[16]!' ॥ ੯੫ ॥ ਜਥਾ ਉਚਿਤ[17] ਸਨ-ਮਾਨ[18] ਕੈ ਬਿਦਾ ਕੀਨਿ ਗੁਨ ਐਨ। ਕਰਨ ਲਗੇ ਮੋਦੀ ਕਿਰਤ ਪੂਰਬ ਜਿਉਂ[19] ਮਨ ਭੈ ਨ[20] ॥ ੯੬ ॥ ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲੇਖਾ ਕਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋ ਅਧਯਾਯ ॥ ੧੮ ॥

੧੯. [ਸ੍ਰੀ ਗੁਰੂ ਹਰਿਗੋਵਿੰਦ ਮੰਗਲ। ਸਤਿਗੁਰੂ ਜੀ ਦੀ ਸਗਾਈ]।

ਦੋਹਰਾ ॥ ਸ੍ਰੀ ਗੁਰੁ ਹਰਿਗੋਵਿੰਦ ਜੀ ਪਦ ਅਰਬਿੰਦ ਮਨਾਇ।
ਕਹੋਂ ਕਥਾ ਸੁਖਦਾਇਨੀ ਸੁਨੋ ਸਿੱਖ ਚਿਤ ਲਾਇ ॥੧॥

{ ਅਰਬਿੰਦ=ਕਮਲ। [ਅਰਵਿਨ੍ਹ]
ਮਨਾਇ=ਮਨਾਉਣਾ—ਆਰਾਧਨ ਕਰਨਾ, ਧਿਆਉਣਾ, ਚਿਤ ਵਿਚ ਧਿਆਨ ਧਾਰਕੇ ਨਮਸਕਾਰ ਕਰਨੀ। }

ਅਰਥ—ਸ਼੍ਰੀ ਗੁਰੂ ਹਰਿਗੋਇੰਦ ਸਿੰਘ ਜੀ ਦੇ ਚਰਨਾਂ ਕਮਲਾਂ ਨੂੰ ਮਨਾਕੇ ਸੁਖ ਦੇਣ ਵਾਲੀ ਕਥਾ (ਅੱਗੋਂ) ਵਰਣਨ ਕਰਦਾ ਹਾਂ, (ਹੇ) ਸਿੱਖੋ ! ਚਿਤ ਲਾਕੇ ਸੁਣੋ।

---

[1]ਜਨਾਂ ਦੇ ਹਿਤ ਵਾਲੀ। [2]ਸੁਖ ਦਾਤੇ। [3]ਸੁੰਦਰ। [4]ਠਹਿਰਨਾਂ। [5]ਦਾਸਾਂ ਦੇ ਦਾਤੇ। [6]ਬੜੇ। [7]ਭ੍ਰਾਤ ਬੇਬੇ ਜੀ ਤੇ ਜੈਰਾਮ ਜੀ। [8]ਹੇ ਬੁੱਧੀ ਦੇ ਘਰ। [9]ਹੱਟੀ ਨੂੰ। [10]ਟੋਰ। [11]ਬਾਕੀ,ਵੱਧ। [12]ਬਹੁਤ। [13]ਵੱਧ। [14]ਛੱਡ। [15]ਅਫਸੋਸ। [16]ਹੇ ਗੁਣਾਂ ਦੇ ਸਮੁੰਦਰ ਜੀ! [17]ਜਿਵੇਂ ਯੋਗ ਸੀ। [18]ਆਦਰ ਦੇਕੇ। [19]ਪਹਿਲੇ ਸਮ। [20]ਨਿਧੜਕ ਹੋਕੇ। *ਪਾਠਾਂਤ੍ਰ—ਅਠਾਰਾਂ ਸੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਸੈਯਾ॥ ਕੇਤਿਕ ਕਾਲ ਬਿਤੀਤ ਭਯੋ ਭਲਿ ਰੀਤਿ ਸੋਂ ਮੋਦੀ ਕੀ ਕਾਰ ਚਲਾਈ। ਤੋਲਤਿ ਲੇ ਤਕਰੀ[੧] ਕਰ ਮੈਂ, ਹਰਿਖਾਇ ਕੈ ਲੇਤਿ ਹੈਂ[੨], ਦੇਤਿ[੩] ਸਵਾਈ। ਜਾਚਿਕ[੪] ਆਵਤਿ ਕੀਰਤਿ ਕੋ ਸੁਨਿ ਜੋ ਮਨ ਭਾਵਤਿ ਪਾਵਤਿ ਸਾਈ। ਹੋਇ ਰਹੇ ਬਿਸਮਾਦ ਸਭੈ ਨਰ ਕੌਨਿ ਰਸਾਇਨ[੫] ਕੈਂ[੬] ਧਨ ਪਾਈ॥ ੨॥ ਜਾਨੈਂ ਨ ਭੇਦ –ਅਛੇਵ ਯਹੀ ਕਰ-ਤਾਰ, ਸਰੂਪ ਧਰਾ ਅਵਤਾਰਾ। ਦੈਂਤ ਨਿਕੰਦਨ ਆਨੰਦ ਕੰਦ ਸੁ ਨਾਮ ਜਪਾਵਨ ਕੋ ਤਨ ਧਾਰਾ। ਨਉਨਿਧਿ ਸਿੱਧਿ ਅਠਾਰਹਿਂ* ਜੋ ਕਰ ਬੰਦਿ ਕੈ[੭] ਠਾਂਢੀ ਰਹੈਂ ਦਰਬਾਰਾ। ਕੌਨ ਕਮੀ ਹੁਇ ਤਾਂਹਿ ਸਥਾਨ, ਨਿਰੰ-ਜਨ[੮] ਅੰਜਨ ਮੈਂ[੯] ਵਰਤਾਰਾ[੧੦]–॥੩॥ ਕਬਿੱਤ ॥ ਪੱਖੋ ਕੇ ਰੰਧਾਵੇ ਗ੍ਰਾਮ ਬਸੈ ਤਹਿਂ ਮੂਲਾ ਨਾਮ,ਨੇਗੀ[੧੧] ਲੇ ਸਗਾਈ[੧੨] ਆਏ ਪੁਰਿ ਸੁਲਤਾਨ ਹੈਂ। ਬੂਝਤਿ ਜਰਾਮ ਨਾਮ, ਆਨਿ ਮਿਲੇ ਧਾਮ ਸੋਊ,ਭਲੇ ਸਨਮਾਨ ਕੈ[੧੩] ਬੈਸਾਏ ਸ਼ੁਭ ਥਾਨ ਹੈਂ। ਨਾਨਕੀ ਸੁਨੰਤਿ ਹਰਖੰਤਿ ਅਨਮੇਵ ਅੰਗ[੧੪], ਬੋਲੀ[੧੫] ਕੁਲ-ਬਧੂ[੧੬], ਜੇ ਵਧਾਈ ਦੇਤਿ ਮਾਨ ਹੈਂ[੧੭]। ਕੀਨੀ ਕੁਲ ਰੀਤਿ ਮਿਲਿ ਗਾਵਤਿ ਹੈਂ ਗੀਤ ਤੀਯ[੧੮] ਨੀਕੋ ਉਤਸਾਹ ਕੀਨੋ ਦੀਨੋ ਬਹ ਦਾਨ ਹੈ ॥ ੪ ॥ ਹਰਖਯੋ ਜਰਾਮ ਬਹੁ ਬਾਂਧਵ[੧੯] ਬੁਲਾਏ ਧਾਮ ਘਟਿਕਾ[੨੦] ਵਿਚਾਰ ਕੰਜ ਨੈਨ ਕੋ ਬਿਠਾਯੋ ਹੈ। ਭਾਲ[੨੧] ਮੈਂ ਤਿਲਕ ਕੀਨੋ,ਬਿੱਪ੍ਰਨ[੨੨] ਅਸੀਸ ਦੀਨੋ,ਅੱਛਤ[੨੩] ਲਗਾਇ ਮਿਸ਼ਟਾਨ[੨੪] ਮੁਖ ਪਾਯੋ ਹੈ। ਗਾਇਂ ਗੀਤ ਨਾਰੀ ਲੇਤਿ ਨਾਮ ਦੇਤਿ ਗਾਰੀ, ਹਾਸ ਹੋਤਿ ਸੁਖਕਾਰੀ ਮਨ ਸਭਿਨਿ ਕੇ ਭਾਯੋ ਹੈ। ਐਸੇ ਸੁਲਤਾਨ ਪੁਰਿ ਅਧਿਕ ਉਛਾਹ ਕਰਿ ਏਕ ਤਲਵੰਡੀ ਨਰ ਤੁਰਨ[੨੫] ਪਠਾਯੋ ਹੈ[੨੬]॥੫॥ ਸੈਯਾ ॥ ਤ੍ਰਿਪਤਾ ਗੁਰ ਮਾਤ ਸੁਨੀ ਜਬ ਬਾਤ ਰਿਦੈਂ ਹਰਖ਼ੀ ਜਿਉਂ[੨੭] ਨਵੇਂ-ਨਿਧਿ[੨੮]* ਪਾਈ। ਕਰ ਮੈਂ ਮਿਸ਼ਟਾਨ[੨੯] ਲਏ ਨਿਕਸੀ, ਕਿਯ ਤੂੰਡ[੩੦]

---

[੧]ਤੱਕੜੀ। [੨]ਲੋਕੀ ਲੈਂਦੇ ਹਨ । [੩](ਗੁਰੂ ਜੀ) ਦੇਂਦੇ ਹਨ। [੪]ਮੰਗਤੇ। [੫]ਰਸੇਣ । [੬]ਜਾਂ । [੭]ਹੱਥ ਜੋੜਕੇ। [੮]ਪਰਮੇਸ਼ੁਰ। [੯]ਮਾਯਾ ਵਿਚ। [੧੦]ਵਰਤ ਰਿਹਾ ਹੈ। [੧੧]ਲਾਗੀ। [੧੨]ਕੁੜਮਾਈ। [੧੩]ਆਦਰ ਕਰਕੇ। [੧੪]ਨਾ ਮੇਵੈ ਅੰਗਾਂ ਵਿਚ। [੧੫]ਸੱਦੀਆਂ। [੧੬]ਕੁਲ ਦੀਆਂ ਤ੍ਰੀਮਤਾਂ। [੧੭]ਓਹ ਵਧਾਈਆਂ ਦਿੰਦੀਆਂ ਹਨ (ਤੇ ਬੇਬੇ ਜੀ ਵਧਾਈਆਂ) ਮੰਨਦੇ ਹਨ। [੧੮]ਇਸਤ੍ਰੀਆਂ। [੧੯]ਸਾਕ, ਸੰਬੰਧੀ। [੨੦]ਘੜੀ। [੨੧]ਮੱਥੇ। [੨੨]ਬ੍ਰਾਹਮਣਾਂ ਨੇ। [੨੩]ਚਾਵਲ। [੨੪]ਮਿੱਠਾ। [੨੫]ਛੇਤੀ। [੨੬]ਭੇਜਿਆ ਹੈ। [੨੭]ਮਾਨੋਂ। [੨੮]ਨਵੇਂ ਨਿਧਾਂ। [੨੯]ਮਿਠਾਈ। [੩੦]ਮੂੰਹ।

*ਦੇਖੋ ਪਹਿਲੇ ਅਧ੍ਯਾਯ ਦੇ ਸਤਾਰ੍ਹਵੇਂ ਛੰਦ ਵਿਖੇ ਇਨ੍ਹਾਂ ਦੇ ਨਾਮ।

ਅਲੀ[੧] ਜਿਨ[੨] ਸੁੱਧ ਬਤਾਈ[੩]।–ਬਲਿਹਾਰਿ ਮੈਂ ਜਾਉਂ ਮੁਹੁਰਮੁਹੁ[੪]–ਦਿਯ ਕਾਰਿਖਕੇ[੫] ਪੰਚ, ਚੀਰ ਉਢਾਈ[੬]। ਕੁਲਨਾਰਿ ਬੁਲਾਇ ਗਵਾਇ ਕੈ ਗੀਤਨਿ ਮੰਗਲ ਕੀਨ ਭਯੋ ਮਨ ਭਾਈ ॥੬॥ ਕਾਲੂ ਨੈ ਬਾਤ ਸੁਨੀ ਹਰ-ਖ੍ਯੋ ਘਨਘੋਰ ਤੇ ਮੋਰ ਮਨੋ[੭] ਸੁਖ ਪਾਈ। ਜਾਚਕ ਜਾਚਤਿ ਦੇ ਮਨ ਭਾਵਤਿ ਲੇਤਿ ਅਸੀਸ, ਭਨੰਤਿ[੮] 'ਬਧਾਈ'। ਅੰਗਨ ਮੈ[੯] ਅੰਗਨਾ[੧੦] ਸੁ ਉਮੰਗ ਦੁਕੂਲ[੧੧] ਅਲੰਕ੍ਰਿਤ[੧੨] ਸੌਂ ਛਬਿ ਛਾਈ। ਨਾਨਕ ਰੂਪ ਲਖ੍ਯੋ ਅਵਤਾਰ ਕੋ, ਬੈਸ[੧੩] ਸ਼ਰੀਕਨ ਯਾਂ ਬਿਧਿ ਗਾਈ॥੭॥ਸੋਰਠਾ॥ 'ਧਰਮਹਿਂ ਕਾ ਸਨਬੰਧ ਭਯਾ ਬੇਦੀਅਨ ਕੁਲ ਬਿਖੈ।ਕਾਲੂ ਸੁਤ ਸਤਿਸੰਧ[੧੪] ਨਿਰਮਲ ਕੁਲਸਭਿਹੀ ਕਰੀ'॥੮॥ ਦੋਹਰਾ॥ ਸ੍ਰੀ ਨਾਨਕ ਕੇ ਨਾਨਕੇ ਬੋਲਪਠੇ[੧੫] ਸੁਧ[੧੬] ਦੇਯ। ਚਲਿ ਆਏ ਤਤਕਾਲ[੧੭] ਸੋ ਨੇਗ[੧੮] ਆਪਨੋ[੧੯] ਲੇਯ ॥ ੯॥ ਚੌਪਈ ॥ ਸ੍ਰੀ ਨਾਨਕ ਜਨਨੀਪਿਤ[੨੦] 'ਰਾਮਾ[੨੧]'। ਮਾਤੁਲ[੨੨] ਸ੍ਰੇਸ਼ਟ 'ਕ੍ਰਿਸ਼ਨਾ' ਨਾਮਾ। ਨਾਨਕ ਜਨਨੀ[੨੩] ਮਾਤ[੨੪] 'ਭਿਰਾਈ'। ਸੁਨਿ ਕਰਿ ਸਗੁਨ ਭਲੇ ਤਹਿਂ ਆਈ॥੧੦॥ ਮਿਲਿ ਸਭਿ ਕੀਨੋ ਉਤਸ਼ਵ ਭੂਰੀ।ਹਰਖਤਿ ਕਰਹਿਂ ਗੀਤਿਕੁਲ ਰੂਰੀ॥ਮਿਲਿ ਸਭਿਹਿਨਿ ਸੋਂ ਬੋਲ੍ਯੋ ਕਾਲੂ।'ਤਜਹੁ ਬਿਲੰਬਹਿ[੨੫] ਹੋਹੁ ਉਤਾਲੂ[੨੬] ॥੧੧॥ ਚਲਿ ਕਰਿ ਚੌਕੜ[੨੭] ਖਰਚਨ ਕਰੀਏ। ਤੂਰਨ[੨੮] ਪੰਥ[੨੯] ਵਿਖੇ ਪਗ ਧਰੀਏ[੩੦]'। ਅਸ ਕਹਿ ਸਭਿਹੀ ਸੌਜ[੩੧] ਸੰਭਾਰੀ।ਬ੍ਰਿਖਭ[੩੨] ਸਕਟ[੩੩] ਸੋਂ ਜੋਰੇ ਭਾਰੀ ॥ ੧੨ ॥ ਕਾਲੂ ਲਾਲੂ ਕੀਨੀ ਤਯਾਰੀ। ਸ੍ਰੀ ਨਾਨਕ ਗੁਨ ਭਨਤਿ ਉਚਾਰੀ*। ਕਰਨ ਦਰਸ ਲਾਲਸ[੩੪] ਉਰ ਜਾਗੀ । ਜਿਉ ਮਧੁਕਰ[੩੫] ਪੁਸ਼ਕਰ[੩੬] ਅਨੁਰਾਗੀ॥੧੩॥ ਦੋਹਰਾ॥ ਚਲੇ ਜਬਹਿ ਸੁਲਤਾਨਪੁਰਿ ਦ੍ਵਾਦਸ਼[੩੭]

---

[੧]ਮੂੰਹ ਭਰ ਦਿੱਤਾ ਮਿਠਾਈ ਨਾਲ।[੨]ਜਿਸਨੇ। [੩]ਖਬਰ ਆਕੇ ਦਿੱਤੀ ਸੀ। [੪]ਵਾਰ ਵਾਰ। [੫]ਰੁਪੱਯੇ। [੬]ਸਿਰੋਪਾ ਪਹਿਨਾਇਆਂ। [੭]ਮਾਨੋ ਮੋਰ ਨੇ ਬੱਦਲਾਂ ਦੀ ਅਵਾਜ਼ ਤੋਂ। [੮](ਲੋਕੀ) ਕਹਿੰਦੇ ਹਨ। [੯]ਵੇਹੜੇ ਵਿੱਚ। [੧੦]ਇਸਤ੍ਰੀਆਂ। [੧੧]ਕਪੜਿਆਂ ਤੇ। [੧੨]ਗਹਿਣਿਆਂ ਨਾਲ ਸਜੀਆਂ। [੧੩]ਬਹਿਕੇ। [੧੪]ਸਚ ਸਰੂਪ, [ਸੰਸਕ੍ਰਿਤ, ਸਤ੍ਯ ਸੰਧਿ=ਸੱਚਾ, ਸੱਚ ਨੂੰ ਧਾਰਨ ਕਰਨੇ ਵਾਲਾ] (ਅ) ਸਚ ਦੀ ਅਵਧੀ। [੧੫]ਸੱਦ ਘੱਲੇ। [੧੬]ਖਬਰ। [੧੭]ਛੇਤੀ। [੧੮-੧੯]ਲਾਗ ਜੋ ਕੁਝ ਉਹਨਾਂ ਨੂੰ ਦੇਣਾ ਬਣਦਾ ਸੀ। [੨੦]ਮਾਤਾ ਦਾ ਪਿਤਾ, ਨਾਨਾ। [੨੧](ਜਿਸਦਾ ਨਾਮ) ਰਾਮਾ ਸੀ। [੨੨]ਮਾਮਾ। [੨੩]ਮਾਤਾ ਦੀ। [੨੪]ਮਾਂ। [੨੫]ਦੇਰ। [੨੬]ਛੇਤੀ ਹੋਵੇ। [੨੭]ਥੈਲੀ, ਰੁਪੱਯੇ ਦੀ। [੨੮]ਛੇਤੀ। [੨੯]ਰਾਹ ਵਿਚ। [੩੦]ਕਦਮ ਧਰੇ। [੩੧]ਸਮਿਗ੍ਰੀ। [੩੨]ਬਲਦ। [੩੩]ਗਡੇ। [੩੪]ਇੱਛਾ। [੩੫]ਭੌਰਾ। [੩੬]ਕਵਲ। [੩੭]ਬਾਰਾਂ।

*ਪਾਠਾਂਤ੍ਰ–ਅਚਾਰੀ।

ਸਭਿ ਨਰ ਨਾਰਿ। ਮਾਤੁਲ[੧] ਨਾਨੇ ਹਰਖ ਮਨ ਔਰ ਦਾਸ ਸੁਖਕਾਰ॥੧੪॥ ਚੌਪਈ ॥ ਰਾਇ ਸਦਨ ਕਾਲੂ ਤਬ ਗਯੋ। ਨਿਕਟ ਜਾਇ ਉਚਰਤਿ ਬਚ ਭਯੋ। 'ਮੋ ਸੁਤ ਨਾਨਕ ਦਾਸ ਤੁਮਾਰਾ। ਭਈ ਸਗਾਈ ਮੁਝਹਿ ਹਕਾਰਾ ॥੧੫॥ ਤਿਹ ਚੌਕੜ ਖਰਚਨ ਹਮ ਜਾਵਹਿਂ। ਜੇ ਆਇਸੁ[੨] ਅਬ ਤੁਮਰੀ ਪਾਵਹਿਂ'। ਸੁਨਿ ਕਾਲੂ ਬਚ ਬੋਲਯੋ ਰਾਊ*। 'ਅਸ ਬਿਧਿ ਨਹਿਂ ਕਹੁ ਬੈਨ ਬਿਜਾਊ[੩] ॥ ੧੬ ॥ ਨਾਨਕ ਹਮਰੋ ਸ੍ਵਾਮੀ ਜਾਨੋ। ਹੌਂ ਕਿੰਕਰ[੪] ਕੇ ਥਾਨ ਪ੍ਰਮਾਨੋ। ਕਰੁਨਾ ਕਰੈ ਜਿ ਨਾਨਕ ਮੋ ਪਰ। ਯਹੀ ਮਨੀਖਾ[੫] ਮਨ ਮੈਂ ਹੋ ਥਿਰ[੬] ॥ ੧੭ ॥ ਬਚਨ ਉਚਾਰਹੁ ਬਹੁਰ ਨ ਐਸੇ। ਹੈ ਅਨਜਾਨ ਕਹੇ† ਅਬ ਜੈਸੇ। ਮਹਿਮਾ ਲਖਤਿ ਨ, ਨਿਜ ਸੁਤ ਜਾਨੈਂ। ਤੀਨ ਲੋਕ ਜਿਸ ਆਇਸੁ[੭] ਮਾਨੈ ॥੧੮॥ ਦੋਹਰਾ ॥ ਜਾਹੁ ਅਬੈ ਸੁਲਤਾਨਪੁਰਿ ਚੌਕੜ ਖਰਚਹੁ ਜੋਇ। ਮਿਲਿ ਸ਼੍ਰੀ ਨਾਨਕ ਸੰਗ ਤੁਮ ਨਹਿਂ ਦੁਰਬਾਕ[੮] ਬਗੋਇ[੯]' ॥੧੯॥ ਚੌਪਈ॥ ਸੁਨਿਕਰਿ ਕਾਲੂ ਗਿਰਾ[੧੦] ਅਲਾਈ[੧੧]। 'ਉਰ ਸੰਦੇਹ ਨ ਪਾਵਹੁ ਰਾ-ਈ[੧੨]! ਭੁਲੇਬਚਨ ਅਬ ਭਾਖਨ ਕੀਜੈ। ਕੁਸ਼ਲ ਸ਼੍ਰੇਯ ਕੀ ਆਇਸੁ[੧੩] ਦੀਜੈ' ॥੨੦॥ 'ਹੈਕਾਲੂ ਤੂੰ ਬੋਲ ਵਿਗਾਰ। ਯਾਂਤੇ ਬਰਜਨ[੧੪] ਬਚਨ ਉਚਾਰ। ਇਹਾਂ ਰਹਤਿ ਜਬ ਕਰਤਿ ਲਰਾਈ। ਤਹਿਂ ਨਹਿਂ ਕਹੀਏ ਬੈਨ ਬਿਜਾਈ[੧੫]' ॥੨੧॥ 'ਸੁਨਹੁ ਰਾਇ ਜੀ ਸ਼ੁਭ ਮਤਿ ਦਾਨੀ। ਤੁਮ ਪਰਮੇਸ਼ੁਰ ਕੇ ਅਸਥਾਨੀ। ਇਕ ਸੁਤ[੧੬] ਹਮਰੈ ਨਾਨਕ ਪਯਾਰੋ। ਮਿਲਿ ਤਿਹ ਕਿਉਂ ਦੁਰਬਾਕ ਉਚਾਰੋਂ' ॥੨੨॥ ਰਾਇ ਕਹੇ 'ਕਰਿ ਕਾਰਜ ਜਾਇ। ਕਰਿਹੈ ਤੁਮਰੋ ਭਲੋ ਖ਼ੁਦਾਇ। ਮੁਝ ਦਿਸ ਤੇ ਕਰਿ ਅਧਿਕ[੧੭] ਸਨੇਹਾ[੧੮]। ਪਰਸਹੁ ਪਦ[੧੯] ਅਨੁਕੰਪਾਗੇਹਾ[੨੦] ॥੨੩॥ ਦੋਹਰਾ ॥ ਘਨੀ ਬੰਦਗੀ ਕੀਜੀਏ ਕਮਲ ਨੈਨ ਢਿਗ ਜਾਇ'। ਕਰਿ ਬੰਦਨ ਕਾਲੂ ਚਲਯੋ ਮਾਨੀ ਰਾਇ ਰਜਾਇ[੨੧] ॥੨੪॥ ਚੌਪਈ ॥ ਸਕਟੋ[੨੨] ਪਰ ਅਰੂਢਤਬ‡ ਹੋਏ। ਚਲਤਿ ਭਏ ਸਭਿ ਸ਼ੋਕ ਬਿਗੋਏ[੨੩]। ਸੁਤ ਕੀ ਪ੍ਰੀਤਿ ਬਧੇ

---

[੧]ਮਾਮੇ। [੨]ਆਗਯਾ। [੩]ਬੇਜਾ, ਅਨੁਚਿਤ, ਅਯੋਗ। [੪]ਦਾਸ। [੫]ਬੁੱਧੀ। ਚਾਹ। [੬]ਟਿਕੇ। [੭]ਆਗਯਾ। [੮]ਮਾੜੇ ਬੋਲ। [੯]ਨਾ ਬੋਲਣੇ। [੧੦]ਬਾਨੀ। [੧੧]ਕਹੀ। [੧੨]ਹੇ ਰਾਜੇ। [੧੩]ਸੁਖ ਕਲਿਆਨ ਦੀ ਆਗਯਾ। [੧੪]ਹਟਕਣ ਦਾ। [੧੫]ਅਨੁਚਿਤ। [੧੬]ਇਕ ਪੁੱਤ੍ਰ। [੧੭]ਬਹੁਤ। [੧੮]ਪ੍ਰੇਮ। [੧੯]ਚਰਨ। [੨੦]ਕ੍ਰਿਪਾ ਦੇ ਘਰ (ਗੁਰੂ ਜੀ) ਦੇ। [੨੧]ਰਾਇ ਦੀ ਆਗਯਾ ਮੰਨਕੇ। [੨੨]ਗੱਡੇ। [੨੩]ਦੂਰ ਕਰਕੇ।

*ਰਾਇ ਜੀ ਦੀ ਸ਼ਰਧਾ ਦਾ ਭਾਵ ਅਤੀ ਉੱਤਮ ਹੈ।

†ਪਾ:-ਭਨੈ। ‡ਪਾ:-ਆਰੂਢਤ।

ਸੰਗਿ ਡੋਰੀ[1]। ਮਨਹੁ ਮੀਨ[2] ਕਰਖੇ[3] ਕਰਿ ਜੋਰੀ[4] ॥੨੫॥ ਖਰਚ ਸਮਾਜ ਲੀਨਿ ਬਿਧਿ ਨਾਨਾ। ਦਿਨਪ੍ਰਤਿ ਅਧਿਕਹਿ ਕੀਨਿ ਪਯਾਨਾ। ਘਰ ਕੋ ਡੂੰਮ ਸੰਗਿ ਮਰਦਾਨਾ। ਜਿਸਕੇ ਜਾਗੇ ਭਾਗ ਮਹਾਨਾ ॥ ੨੬ ॥ ਪੁਰਿ ਸੁਲਤਾਨ ਵਿਖੈ ਚਲਿ ਆਏ। ਨਰ ਨਾਰੀ ਸਭਿ ਦੇਤਿ ਵਧਾਏ। ਉਤਰਿ ਸਕਟ[5] ਪਰ ਤੇ[6] ਤਹਿੰ ਸਭਿ ਹੀ। ਧਾਮ ਜਰਾਮ ਪ੍ਰਵੇਸ਼ੇ[7] ਤਬ ਹੀ ॥ ੨੭ ॥ ਮਿਲੀ ਨਾਨਕੀ ਨੇਹੁ ਘਨੇਰਾ। ਮਾਤ[8] ਅੰਕ ਲੇ ਸਿਰ ਕਰ ਫੇਰਾ। ਕਾਲੂ ਕੀ ਪਤਿਬ੍ਰਤਾ ਕੁਮਾਰੀ[9]। ਰੂਪ ਸ਼ੀਲ ਗੁਨ ਪੂਰਨ ਚਾਰੀ[10]॥੨੮॥ਮਿਲਿ ਸਭਿਹਿਨਿ ਸੋਂ ਆਨੰਦ ਦੀਨਾ। ਜਥਾ ਉਚਿਤ ਤਿਉਂ ਆਦਰ ਕੀਨਾ। ਆਇ ਵਹਿਰ ਤੇ ਤਬੈ ਜਰਾਮਾ। ਸਭਿਹਿਨਿ ਸੋਂ ਮਿਲਿ ਕੀਨਿ ਪ੍ਰਨਾਮਾ॥੨੯॥ਸ੍ਰੀ ਨਾਨਕ ਸੁਨਿ ਆਵਨ ਕਾਲੂ। ਉਠਿ ਕਰਿ ਗਮਨੇ ਸਦਨ ਉਤਾਲ।ਧਾਰਜੇ ਪਦ ਪੰਕਜ ਪਰ ਸੀਸਾ[11]।ਦੀਨੀ ਕਾਲੂ ਅਧਿਕ ਅਸੀਸਾ ॥੩੦॥ ਸੂੰਘਤਿ[12] ਮਸਤਕ[13]ਭਰਿ ਭਰਿ ਕੌਰੀ[14]। ਪੇਖਹਿਂ ਮੁਖ ਕੋ ਸਭਿ ਸੁਖ ਠੌਰੀ[15] ।ਪਰਮ ਪ੍ਰੇਮ ਪੁਲਕਾਵਲ[16] ਅੰਗਾ। ਕਰਤਿ ਪਯਾਰ ਉਰ ਸੰਗਿ ਉਮੰਗਾ॥ ੩੧ ॥ ਦੋਹਰਾ ॥ ਗਤਿ ਦਾਨੀ[17] ਬੂਝਤਿ ਭਏ[18]"ਭਨਹੁ[19] ਜਨਕ[20] ! ਸਮਝਾਇ। ਤਨ[21] ਅਨਾਮ[22] ਮਨ ਅਨਦ ਹੈ ਤਲਵੰਡੀ ਮੇਂ ਰਾਇ[23]?"॥੩੨॥ਚੌਪਈ॥ ਕਾਲੂ ਕਹਤਿ ਭਯੋ 'ਸੁਨ ਤਾਤਾ ! ਵਿਸਰ ਗਈ ਥੀ ਉਰ[24] ਤੇ ਬਾਤਾ। ਤੁਮ ਕਰਿਵਾਇ ਦਯੋ ਮੋਹਿ ਯਾਦੂ। ਸਭਿਹਿ ਕੁਸ਼ਲ ਤਹਿਂ ਪ੍ਰਭੁ* ਪ੍ਰਸਾਦੂ[25] ॥ ੩੩॥ ਪਰਮ ਪ੍ਰੇਮ ਸੋਂ ਤਿਹ ਮਤਿ ਪੂਰੀ। ਕਰੀ ਬੰਦਗੀ ਤੁਮ ਸੋਂ ਭੂਰੀ[26]। ਕਹਜੋ† ਪ੍ਰੀਤ ਸੋਂ ਤਵ ਪਦ[27] ਪਰਸਨ। ਜਿਸ ਕੋ ਲਾਲਸ[28] ਨਿਸਦਿਨ[29] ਦਰਸ਼ਨ' ॥ ੩੪ ॥ ਸੁਨਿ ਸੰਦੇਸ

[1]ਪੁੱਤ੍ਰ ਦੀ ਪ੍ਰੀਤ ਰੂਪੀ ਡੋਰੀ ਨਾਲ ਬੱਝੇ ਹੋਏ। [2]ਮੱਛ। [3]ਖਿੱਚੇ। [4]ਜ਼ੋਰ ਨਾਲ। [5]ਗੱਡੇ। [6]ਉਤੋਂ। [7]ਵੜੇ। [8]ਮਾਂ ਨੇ। [9]ਪੁੱਤ੍ਰੀ। [10]ਸੁੰਦਰ। [11]ਸਿਰ। [12]ਚੁੰਮਦਾ ਹੈ। [13]ਮੱਥਾ। [14]ਜੱਫੀ ਭਰ ਭਰਕੇ। [15]ਭਾਵ ਗੁਰੂ ਜੀ ਦਾ ਮੁਖ। [16]ਰੋਮ ਖੜੇ। [17]ਮੁਕਤੀ ਦਾਤਾ ਜੀ। [18]ਪੁੱਛਣ ਲਗੇ। [19]ਆਖੋ। [20]ਹੇ ਪਿਤਾ ਜੀ! [21]ਸਰੀਰ। [22]ਅਰੋਗ ਹੈ? [23]ਰਾਇ ਬੁਲਾਰ ਦਾ। [24]ਹਿਰਦੇ। [25]ਪ੍ਰਭੂ ਦੀ ਕਿਰਪਾ ਨਾਲ। [26]ਬਹੁਤ। [27]ਚਰਨ। [28]ਇੱਛਾ। [29]ਰਾਤ ਦਿਨ।

*ਪਾਠ—ਬਿਸ਼ਨ। †ਪਾਠ—ਕਰਜੋ।

ਪ੍ਰਿਯ[੧] ਉਠੇ ਬਹੋਰੀ[੨] । ਗਏ ਮਾਤ ਢਿਗ ਦ੍ਵੈ ਕਰ ਜੋਰੀ । ਧਰਯੋ ਯੁਗਲ[੩] ਚਰਨਨ ਪਰ ਮਾਥਾ। ਕੰਠ ਲਗਾਏ ਭੁਜ* ਗਹਿ ਹਾਥਾ ॥੩੫॥ ਸਜਲ ਬਿਲੋਚਨ ਆਂਸੁਨਪਾਤੀ[੪]। ਭਰਿ ਆਨੰਦ ਭੀ ਸੀਤਲ ਛਾਤੀ। ਤਨੁਜ[੫] ਬਦਨ ਛਬਿ ਸਦਨ[੬] ਬਿਲੋਕੀ। ਉਤਸ਼ਵ ਸਮੈਂ ਜਾਨੁ ਅੰਸੁ ਰੋਕੀ[੭]॥੩੬॥–ਦੈਵ ਪ੍ਰਭਾਵਹਿ[੮] ਕੀਨਿ ਬਿਯੋਗਨਿ। ਨਹਿੰ ਮੁਝ ਸੁਖ ਦਿਯ ਸੁਤ ਸੰਜੋਗਨਿ[੯]। ਤਦਪਿ ਲਖਹੁੰ ਮੈਂ ਨਿਜ ਵਡਭਾਗੀ। ਸੁਤ ਉਤਸ਼ਵ ਅਬ ਦੇਖਨਿ ਲਾਗੀ–॥ ੩੭ ॥ ਬਾਰ ਬਾਰ ਜਾਵਹਿ ਬਲਿਹਾਰੀ। ਤ੍ਰਿਪਤਿ ਨ[੧੦]ਪਿਖਿ ਸੁਤ ਮੂਰਤਿ ਚਾਰੀ[੧੧]।ਸ਼੍ਰੀ ਨਾਨਕ ਪੁਨ ਉਠਿ ਸੁਖਦਾਤਾ।ਜਾਇ ਕਰੀ ਬੰਦਨ ਪਿਤ ਭ੍ਰਾਤਾ[੧੨]॥ ੩੮ ॥ ਹਿਤ ਸੋਂ ਲਾਲੂ ਭਰਿ ਕਰਿ ਅੰਕਾ[੧੩]। ਹਰਖਤਿ ਪੇਖਤਿ ਬਦਨ ਮਯੰਕਾ[੧੪]। ਕੰਠ ਲਗਾਇ ਰਹਯੋ ਸੁਖ ਪਾਈ। ਜਿਉਂ ਕਿਰਪਨ[੧੫] ਧਨ ਤਜਿ ਨ ਸਕਾਈ[੧੬] ॥ ੩੯ ॥ 'ਜਨਮਯੋ ਹਮ ਘਰ ਸੁਤ ਸੁਖਦਾਈ । ਨਿਰਮਲ ਕੀਨੀ ਕੁਲ ਇਹ ਜਾਈ। ਅੱਗ੍ਰਜ ਕੀ ਪਰਮੇਸ੍ਵਰ ਜਾਨੈ'। ਕਰਿ ਹਿਤ ਲਾਲੂ ਬਚਨ ਬਖਾਨੈ ॥੪੦॥ ਪੁਨ ਉਠਿ ਸ਼੍ਰੀ ਨਾਨਕ ਦੁਖਕੰਦਨ। ਜਾਇ ਕਰੀ ਨਾਨੇ ਪਦ ਬੰਦਨ। ਪਕਰ ਭੁਜਾ ਨਿਜ ਕੰਠ ਲਗਾਯੋ। ਅਨੰਦ ਨੀਰ ਲੋਚਨ ਮਹਿਂ ਛਾਯੋ ॥ ੪੧ ॥ ਪਿਖਤਿ ਨ ਕੋ[੧੭] ਜਾਚਕ[੧੮] ਤਿਹ ਠੌਰੈ॥ ਦੋਹਿਤ ਕੋ[੧੯] ਨ ਅੰਕ ਤੇ[੨੦] ਛੋਰੈ। ਨਾਨੀ ਨਾਨਕ ਨਾਮ'ਭਿਰਾਈ'। ਤਿਨ ਆਨਨ ਤੇ[੨੧] ਗਿਰਾ[੨੨] ਅਲਾਈ ॥੪੨॥

ਦੋਹਰਾ ॥ ਮੁਕਤਹੁ[੨੩] ਅਬ ਨਿਜ ਅੰਕ ਤੇ[੨੪] ਕਰਿ ਸਨੇਹ[੨੫] ਤੁਮ ਲੀਨ। ਮਿਲਹਿਂ ਅਪਰ ਸੋਂ[੨੬] ਪ੍ਰੇਮ ਧਰਿ ਬਿਰਹਿ ਕਰਹਿਂ ਸਭਿ ਛੀਨ[੨੭] ॥ ੪੩ ॥

ਚੌਪਈ ॥ 'ਮੈਂ ਨ ਤਜੋਂ' ਰਾਮੋ ਬਚ[੨੮] ਭਾਖਾ। 'ਜਬ ਲੌ ਪੂਰਨ ਹ੍ਵੈ ਨਹਿ ਕਾਂਖਾ[੨੯]। ਤਬਹਿ ਵਿਛੋਰੋਂ ਅਪਨੇ ਉਰ[੩੦] ਸੋਂ। ਸਿਰਵਾਰੋਂ[੩੧] ਧਨ ਬਹੁ

[੧]ਪਿਆਰੇ ਦਾ ਸੰਦੇਸ਼ਾ। [੨]ਫੇਰ। [੩]ਦੋਹਾਂ । [੪]ਹੰਝੂ ਡਿੱਗੇ। [੫]ਪੁਤ੍ਰ ਦਾ। [੬]ਜੋ ਸੁੰਦਰਤਾ ਦਾ ਘਰ ਹੈ। [੭]ਹੰਝੂ ਰੋਕੇ । [੮]ਦੈਵ ਗਤੀ ਨੇ । [੯]ਪੁੱਤ੍ਰ ਦੇ ਮੇਲ ਦਾ । [੧੦]ਰਜਦੀ ਨਹੀਂ । [੧੧]ਸੁੰਦਰ । [੧੨]ਚਾਚੇ ਨੂੰ । [੧੩]ਜੱਫੀ। [੧੪]ਮੁਖਚੰਦ੍ਰਮਾ। [੧੫]ਸ਼ੂਮ। [੧੬]ਜਿਵੇਂ ਧਨ ਛੱਡਨਹੀਂ ਸਕਦਾ। [੧੭]ਦਿੱਸਦਾ ਨਹੀਂ ਕੋਈ। [੧੮]ਮੰਗਤਾ। [੧੯]ਦੋਹਤ੍ਰੇ ਨੂੰ । [੨੦]ਜੱਫੀ ਤੋਂ । [੨੧]ਮੁਖ ਤੋਂ । [੨੨]ਬਾਨੀ । [੨੩]ਛਡਹੁ । [੨੪]ਜੱਫੀ ਤੋਂ । [੨੫]ਪਿਆਰ । [੨੬]ਹੋਰਨਾਂ ਨੂੰ ਬੀ ਮਿਲਨ । [੨੭]ਸਭਨਾ ਦਾ ਵਿਛੋੜਾ ਦੂਰ ਕਰਨ । [੨੮]ਬਚਨ । [੨੯]ਇੱਛਾ । [੩੦]ਗਲੇ ਤੋਂ । [੩੧]ਜਦ ਸਿਰ ਤੋਂ ਵਾਰਾਂਗਾ ।

*ਪਾ:–ਤਬ। ਅੰਤ–ਲਘੁ।

ਨਿਜ ਕਰ ਸੋਂ[੧]’ ॥੪੪॥ ਸੁਨਤਿ ਭਿਰਾਈ ਬਚਨ ਅਲਾਵੈ। ‘ਕਰਹੁ ਨਿਛਾ-ਵਰ[੨] ਜੋ ਮਨ ਭਾਵੈ’। ਰਾਮਾ ਕਹਿ ‘ਕੋ ਆਇ ਨ ਮਾਂਗਨ। ਦੇਉਂ ਨਿਛਾਵਰ ਕਰ ਕਿਹ ਆਂਗਨ[੩]’ ॥੪੫॥ ਤਬਹਿ ਨਾਨਕੀ ਤੁਲਸਾਂ ਦਾਸੀ। ਪਠਈ[੪] –ਜਾਚਕ[੫]ਆਨਹੁੰ ਪਾਸੀ–।ਜਬ ਜਾਚਕ ਜਾਨੇ ਤਹਿੰ ਆਏ।ਬੀਸ ਰੁਪੱਯਨ ਟਕੇ ਮੰਗਾਏ ॥ ੪੬ ॥ ਦਸ ਕੇ ਨਾਨੀ,ਪੰਚ ਸੁ ਮਾਮਾ[੬]। ਕਰਹਿੰ ਨਿਛਾਵਰ ਸਿਰ ਸੁਖ ਧਾਮਾ[੭]। ਅੰਗਨ ਮਹਿੰ ਮੰਗਨ[੮] ਸਨ[੯] ਪੂਰਾ। ਲੇਵਨ ਹੇਤ ਭੀਰ ਭੀ ਭੂਰਾ ॥੪੭॥ਆਨਿ ਦਰਬ ਕਿਸ਼ਨੇ ਪਿਤ ਪੂਛਾ[੧੦]। ਦਯੋ ਸਭਿਨਿ ਕੋ ਤਜਯੋ ਨ ਛੂਛਾ[੧੧]। ਕਿਯੋ ਨਾਨਕੇ ਉਤਸ਼ਵ ਭੂਰੀ[੧੨]। ਬਜਾਹਿ ਸਮਾਨ ਜੁ ਹ੍ਵੈ ਬਿਧਿ ਰੂਰੀ[੧੩] ॥੪੮॥ ਦੋਹਰਾ ॥ ਮਿਲ ਕੈ ਸਭਿ ਤਿਹ ਥਾਨ ਮਹਿੰ ਮਾ-ਨਯੋ ਅਧਿਕ ਅਨੰਦ।ਜਸ ਸੁੰਦਰਵਿਸਤ੍ਰਿਤਿ[੧੪]ਕਰਿਮਨਹੁ ਪ੍ਰਕਾਸ਼ਤਿ ਚੰਦ॥ ੪੯॥ ਚੌਪਈ ॥ ਏਕ ਦਯੋਸ[੧੫] ਤਹਿੰ ਕੀਨ ਮੁਕਾਮੂ। ਪੁਨ ਪਯਾਨ[੧੬] ਕਿਯ ਮੂਲੇ ਧਾਮੂ[੧੭]। ਪਰਮਾਨੰਦ ਨੰਦਨ ਜੈਰਾਮੂ। ਕਰੀ ਤਯਾਰੀ ਚਲਿਬੇ ਕਾਮੂ ॥੫੦॥*ਰਾਮਾ,ਕ੍ਰਿਸ਼ਨਾ,ਕਾਲੂ,ਲਾਲੂ।ਹਰਖਤਿ ਉਰਮਹਿ ਚਲੇ ਉਤਾਲੂ[੧੮]। ਗਮਨੇ ਕ੍ਰਮ ਕ੍ਰਮ[੧੯] ਮਗ[੨੦] ਕੋ ਤਯਾਗੇ। ਨਿਕਟ ਜਾਇ ਪਹੁੰਚੇ ਵਡ-ਭਾਗੇ ॥ ੫੧ ॥ ਭੇਜਯੋ ਦਿਜ ਨਿੱਧਾ[੨੧] ਅਗਵਾਏ[੨੨]। ‘ਸੁਧ ਮੂਲੇ ਕਹੁ[੨੩] ਬੇਦੀ ਆਏ। ਚੌਕੜ ਖਰਚਨ ਸਮਝਹੁ ਕਾਜਾ। ਜਾਇ ਕਹੋ ਇਵ[੨੪], ਕ-ਰਹਿ ਸਮਾਜਾ[੨੫]’॥੫੨॥ਗਮਨਯੋ[੨੬]ਘਰ,ਪਿਖ[੨੭] ਦੀਨਿ ਅਸੀਸਾ।‘ਚਿਰੰਜੀਵ ਕਰਿ ਹੈ ਜਗਦੀਸ਼ਾ’। ਮੂਲੇ ਬੰਦਨ ਦਿਜ ਕੋ ਕੀਨੋ। ਸਨਮਾਨਯੋ ਆਸਨ ਆਸੀਨੋ[੨੮]† ॥ ੫੩ ॥ ‘ਕਿਹ ਤੇ[੨੯] ਭਯੋ ਆਵਨੋ ਤੋਹੀ। ਅਪਨੀ ਕਹੋ

[੧]ਆਪਣੇ ਹੱਥੀਂ।[੨]ਵਾਰਨਾ ਕਰੋ।[੩]ਵੇਹੜੇ ਵਿਚ ਕਿਸਨੂੰ ਦੇਵਾਂ।[੪]ਭੇਜੀ।[੫]ਮੰਗਤੇ।[੬]ਪੰਜਾਂ ਦੇ ਮਾਮੇ ਨੇ। [੭]ਭਾਵ ਗੁਰੂ ਜੀ ਤੋਂ। [੮]ਮੰਗਤਿਆਂ। [੯]ਨਾਲ। [੧੦]ਹੋਰ ਧਨ, ਕਿਸ਼ਨੇ ਦੇ ਪਿਉ ਨੇ ਪੁੱਛਿਆ ਭਾਵ ਮੰਗਵਾਇਆ। [੧੧]ਖਾਲੀ। [੧੨]ਬਹੁਤ, (ਅ) ਭੁਰ ਵੰਡਣੀ ਉਤਸ਼ਵ ਸਮੇਂ ਦਾਤ ਵੰਡਣ ਦੀ ਇਕ ਰਸਮ ਬੀ ਹੈ। [੧੩]ਸੁੰਦਰ। [੧੪]ਫੈਲਾਇਆ। [੧੫]ਦਿਨ। [੧੬]ਚੱਲਣਾ। [੧੭]ਦੇ ਘਰ। [੧੮]ਛੇਤੀ। [੧੯]ਹੌਲੀ ਹੌਲੀ। [੨੦]ਰਸਤਾ। [੨੧]ਨਿੱਧਾ ਨਾਮੇ ਬ੍ਰਾਹਮਣ। [੨੨]ਅੱਗੇ। [੨੩]ਮੂਲੇ ਨੂੰ ਖਬਰ ਕਹੁ ਕਿ। [੨੪]ਇਉਂ। [੨੫]ਇਕੱਠ। [੨੬]ਨਿੱਧਾ ਗਿਆ। [੨੭]ਵੇਖਕੇ। [੨੮]ਬੈਠਾਇਆ। [੨੯]ਕਿੱਥੋਂ।

*ਸਤਿਗੁਰੂ ਜੀ ਦੇ ਨਾਨੇ ਦਾ ਨਾਮ ਭਾਈ ਰਾਮਾ ਜੀ, ਮਾਮੇ ਦਾ ਨਾਮ ਕ੍ਰਿਸ਼ਨਾ ਜੀ, ਨਾਨੀ ਜੀ ਦਾ ਨਾਮ ਭਿਰਾਈ ਜੀ, ਭਾਈ ਜੈਰਾਮ ਜੀ ਦੇ ਪਿਤਾ ਦਾ ਨਾਮ ਪਰਮਾਨੰਦ ਜੀ।

†ਪਾ:–ਆਸੁਨ ਉਠ ਦੀਨੋ। ਵਾ. ਆਸਨ ਓਚ ਦੀਨੋ।

ਵਾਰਤਾ ਮੋਹੀ'। ਸੁਨਿ ਕਰਿ ਬ੍ਰਹਮਣ ਬਚਨ ਅਲਾਯਾ[੧]। 'ਹੌਂ ਸੁਲਤਾਨ ਨਗਰ ਤੇ ਆਯਾ ॥ ੫੪ ॥ ਪਰਮਾਨੰਦ ਪਠਾ[੨] ਤੁਮ ਪਾਸਾ। ਆਇ ਬੇਦੀ ਲਖਹੁ ਅਵਾਸਾ[੩]। ਚੌਕੜ ਖਰਚਨ ਕੀ ਬਿਧਿ ਜਾਨਹੁ। ਸੁਧਿ ਕਰਨੇ ਮਮ ਆਵਨ ਮਾਨਹੁ[੪]' ॥ ੫੫ ॥ ਸੁਨਿ ਮੂਲਾ ਬੋਲਯੋ ਦ੍ਵਿਜ ਸਾਥੇ। 'ਭਲਾ ਭਯੋ ਆਵਹਿਂ ਮੁਝ ਮਾਥੇ'। ਤੂਰਨ[੫] ਜਹਿਂ ਤਹਿਂ ਦਾਸ ਪਠਾਇ । ਲਿਯ ਮੰਗਵਾਇ ਸੌਜ[੬] ਸਮੁਦਾਇ ॥ ੫੬ ॥ ਦ੍ਵਿਜ ਭੇਜਯੋ ਪੁਨ ਬੋਲਿ ਪਠਾਇ[੭]। ਮੂਲੇ ਸਦਨ ਸਭਿਹਿ ਚਲਿ ਆਇ। ਮਿਲਿਕੈ ਕਰੀ ਭਲੇ ਕੁਲ ਰੀਤਾ। ਹਰਖੇ ਵਧੀ ਨਵੀਨੀ ਪ੍ਰੀਤਾ ॥ ੫੭ ॥ ਚੌਕੜ ਖਰਚਨ ਜੋ ਬਿਧਿ ਚੀਨੀ। ਪਰਮਾਨੰਦ ਸਭਿਹਿ ਤਬ ਕੀਨੀ। ਰਾਹੁ ਲਾਗ[੮] ਯੁਗ ਘਾਂ ਤੇ[੯] ਹੋਯੋ। ਭਈ ਵਧਾਈ ਸ਼ੋਕ ਬਿਗੋਯੋ[੧੦] ॥੫੮॥ ਕਰਿ ਇਕੰਤ ਕਾਲੂ ਕਹਿ ਬਾਨੀ। 'ਪਰਮਾਨੰਦ! ਸੁਨੋ ਸੁਖ ਖਾਨੀ। ਮੂਲੇ ਤੇ ਮਾਂਗਹੁ ਤੁਮ ਸਾਹਾ। ਭਲੀ ਭਾਂਤਿ ਜੋ ਹੋਇ ਬਿਵਾਹਾ'॥੫੯॥ ਕੀਨਿ ਪ੍ਰਿਥਕ[੧੧] ਮੂਲੇ ਕੋ ਤਬਹੀ। ਪਰਮਾਨੰਦ ਕਹੀ ਬਿਧਿ ਸਭਿਹੀ।' ਕੰਨਯਾ ਬਰ ਕੀ ਬਯ[੧੨] ਹੈ ਤਰੁਨਾ[੧੩]। ਸਾਹਾ ਲਿਖ ਦਿਹੁ ਲਖਿ[੧੪] ਆਚਰਨਾ[੧੫]' ॥੬੦॥ ਸੁਨਿ ਮੂਲੇ ਨੇ ਬਚਨ ਉਚਾਰੇ। 'ਨਹਿਂ ਮਾਨੋ ਮਨ ਬੈਨ ਤੁਮਾਰੇ। ਏਕ ਬਰਸ ਬੀਤੇ ਤਿੰਹ ਪਾਛੇ। ਲਿਖਿ ਭੇਜੋਂ ਸਾਹਾ ਮੈਂ ਆਛੇ' ॥ ੬੧ ॥ ਅਸ ਸੁਨਿਕੈ ਤਿਨ ਤੂਸ਼ਨ[੧੬] ਠਾਨੀ। ਭਨੀ[੧੭] ਜੁ ਮੂਲੇ ਸੋ ਮਨ ਮਾਨੀ। ਇਕ ਦਿਨ ਰਹਿ ਭੇ ਬਿਦਾ ਸਕੀਰਤਿ[੧੮]। ਗ੍ਰਾਮਹਿ[੧੯] ਸੁੰਦਰ ਜਸ ਬਿਸਤੀਰਤਿ[੨੦] ॥ ੬੨ ॥ ਸਕਟ[੨੧] ਅਰੂਢਹਿ ਪੰਥ ਸਿਧਾਏ। ਪੁਰਿ ਸੁਲਤਾਨ ਵਿਖੇ ਚਲਿ ਆਏ। ਕਰਤਿ ਨਾਨਕੀ ਉਤਸ਼ਵ ਭਾਰੀ। ਸਦਨ[੨੨] ਬੁਲਾਈ ਨਾਗਰ[੨੩] ਨਾਰੀ[੨੪] ॥ ੬੩ ॥ ਗਾਵਤਿ ਗੀਤ ਮਿਲੀ ਪਿਕਬੈਨੀ[੨੫]। ਗਾਰੀ[੨੬] ਦੇਹਿਂ ਸੁਖਦ ਮ੍ਰਿਗਨੈਨੀ[੨੭]। ਮੰਗਤ ਜਨ ਪਾਵਹਿਂ ਬਹੁ ਦਾਨਾ। ਦੇਹਿਂ ਅਸੀਸ 'ਵਧਹਿਂ ਸੁਖ ਨਾਨਾ' ॥੬੪॥ ਕੇਤਿਕ

---

[੧]ਕਿਹਾ। [੨]ਨੇ ਭੇਜਿਆ ਹੈ। [੩]ਘਰ। [੪]ਮੇਰਾ ਆਉਣਾ ਖਬਰ ਦੇਣ ਲਈ ਸਮਝੋ। [੫]ਛੇਤੀ। [੬]ਸਾਮਾਨ। [੭](ਕੁੜਮ) ਸੱਦ ਘਲੇ। [੮]ਲਾਗ ਦੀ ਜੋ ਰਹੁਰੀਤੀ ਸੀ। [੯]ਦੋਹਾਂ ਤਰਫੋਂ। [੧੦]ਦੂਰ ਕੀਤਾ। [੧੧]ਵੱਖਰਾ। [੧੨]ਉਮਰ। [੧੩]ਜੁਆਨ। [੧੪]ਜਾਣਕੇ। [੧੫]ਵਰਤਾਰਾ, ਰੀਤੀ। [੧੬]ਚੁੱਪ। [੧੭]ਕਹੀ। [੧੮]ਜਸੁ ਨਾਲ। [੧੯]ਪਿੰਡ ਵਿਚ। [੨੦]ਫੈਲਿਆ। [੨੧]ਗਡਿਆਂ ਉਤੇ। [੨੨]ਘਰ। [੨੩]ਚਤੁਰ, ਸੁੰਦਰ। [੨੪]ਇਸਤ੍ਰੀਆਂ। [੨੫]ਕੋਇਲ ਦੇ ਅਵਾਜ਼ ਵਾਲੀਆਂ। [੨੬]ਸਿੱਠਣੀਆਂ। [੨੭]ਹਰਨ ਦੀਆਂ ਅੱਖਾਂ ਵਾਲੀਆ ਭਾਵ ਸ੍ਰੀਮਤਾਂ।

ਦਿਨ ਰਹਿ ਪੁਰਿ ਸੁਲਤਾਨਾ। ਪੁਨ ਕਾਲੂ ਚਹਿ ਕਰਯੋ ਪਯਾਨਾ।–ਹ੍ਵੈ ਹੈ ਅਟਕੀ ਕ੍ਰਿਤ[੧] ਪਟਵਾਰੀ। ਅਬ ਗਮਨੋਂ ਮੈਂ– ਰਿਦੇ ਵਿਚਾਰੀ ॥ ੬੫ ॥ ਚਲਨ ਬੈਨ ਸੁਨਿ ਕਰਿ ਮਰਦਾਨਾ। ਗਵਨਯੋ ਜਹਾਂ ਹੁਤੇ ਗਤਿਦਾਨਾ[੨]। ਨਿਕਟਿ ਜਾਇ ਕਰਿ ਗਿਰਾ ਵਖਾਨੀ[੩]। 'ਸੁਨਿ ਜਜਮਾਨ ਅਧਿਕ ਤੁਮ ਦਾਨੀ ॥ ੬੬ ॥ ਅਤਿ ਉਤਸ਼ਵ ਸੋਂ ਭਈ ਸਗਾਈ। ਮੁਝ[੪] ਦੀਜੈ ਨਿਜ[੫] ਅਬਹਿ ਵਧਾਈ। ਭੋ ਸੁਖਰਾਸ! ਅਵਾਸ ਮਿਰਾਸੀ[੬]।ਧਰੌਂ ਸਦਾ ਮੈਂ ਰਾਵਰਿ[੭] ਆਸੀ[੮] ॥ ੬੭ ॥ ਨਰ ਅਨੇਕ ਤੁਮਤੇ ਵਰੁਸਾਨੇ। ਪਾਵਹਿਂ ਜਾਚਕ ਨਿਜ ਮਨ ਭਾਨੇ[੯]। ਅਬਲੌ ਮੈਂ ਨ ਜਾਚਨਾ[੧੦] ਕੀਨੀ। ਤੁਮ ਪਿਤ ਦੇਤਿ ਵਸਤੁ ਸੋ ਲੀਨੀ'॥੬੮॥ਗਤਿਦਾਨੀ ਸੁਨਿ ਕਰਿ ਤਿਹ ਬਾਨੀ।ਬੋਲੇ ਮ੍ਰਿਦੁਲ ਪਰਮ ਸੁਖ ਸਾਨੀ[੧੧]। 'ਜੌਨ[੧੨] ਮਨੋਰਥ ਮਨ ਹ੍ਵੈ ਤੇਰੋ।ਕਰਹੁ ਬਚਨ ਦੇਵੋਂ ਬਿਨ ਦੇਰੋ ॥੬੯॥ਹਮਰੋ ਹੈ ਤੁਝ ਸੰਗ ਇਕ ਕਾਜੂ[੧੩]। ਅਭਿਲਾਖਾ ਪੂਰੋ ਨਿਜ ਆਜੂ[੧੪]'। ਮਰਦਾਨਾ ਗੁਨਿਕੈ[੧੫] ਮਨ ਸ੍ਵਾਰਥ[੧੬]।ਕਹੈ 'ਦੇਹੁ ਕੋ ਭਲੋ ਪਦਾਰਥ ॥੭੦॥ ਜਿਹਤੇ ਹਰਖਹੁਂ ਉਰ[੧੭] ਤ੍ਰਿਪਤਾਈ[੧੮]। ਜਸ ਤੁਮਰੋ ਕਰਿ ਦੇਉਂ ਦੁਆਈ[੧੯]। ਹੈ ਰਾਵਰ ਕੋ ਮੁਝੈ ਭਰੋਸਾ।ਸਮ ਉਦਾਰਕੋ ਨ੍ਰਿਪ ਨ ਸਕੋਸ਼ਾ[੨੦]'॥੭੧॥ਦੋਹਰਾ॥ 'ਸੁਨਿ ਮਰਦਾਨਾ ਕਾਨ ਦੈ ਨੀਕ[੨੧] ਵਸਤੁ ਜਿਹ ਪਾਇ। ਕੀਮਤ ਤਾਂਹਿ ਨ ਜਾਨਈ ਰੰਜ ਰਿਦਾ ਹ੍ਵੈ ਜਾਇ ॥੭੨॥ ਚੌਪਈ ॥ ਕਰੋ ਲਾਲਸਾ[੨੨] ਦਰਦ[੨੩] ਦੁਕੂਲਾ[੨੪]। ਨਹਿਂ ਜਾਨਹੁ ਆਗੇ ਕਠਾ ਸੂਲਾ[੨੫]। ਜਾਤ ਮਿਰਾਸੀ ਜਾਚਨ ਦਰਬਾ[੨੬]। ਪਹਿਰਨ ਖਾਨ ਲਖੋ ਸੁਖ ਸਰਬਾ[੨੭]' ॥ ੭੩ ॥ ਮਨ ਗੁਨਿਕੈ ਭਨਿਹੀ[੨੮] ਮਰਦਾਨਾ। 'ਸੋ ਦੀਜੈ ਜੋ ਨੀਕੋ ਜਾਨਾ[੨੯]। ਜਿਉਂ ਮੁਝ* ਭਲਾ ਹੋਇ, ਸੁਖਪੁੰਜਾ! ਸੋ ਦੇਵੋ,ਕਿਉਂ ਹੋਵਹੁਂ ਰੰਜਾ[੩੦]!'॥੭੪॥ਬੋਲੇ ਕਮਲ ਨੈਨ 'ਤੁਝ ਦੀਨੋ।ਬਾਦਿਤ ਤੰਤ ਬਜਾਵਨ ਚੀਨੋ[੩੧]।ਯਾ†ਗੁਨ ਤੇ ਮਨ ਹਰਿ ਕਰਿ

---

[੧]ਕਾਰ। [੨]ਮੋਖ ਦਾਤਾ। [੩]ਬਚਨ ਕਿਹਾ। [੪]ਮੈਨੂੰ। [੫]ਆਪ। [੬]ਮੈਂ (ਆਪ ਦੇ)ਘਰ ਦਾ ਮਿਰਾਸੀ ਹਾਂ। [੭]ਆਪਦੀ। [੮]ਆਸ। [੯]ਮਨ ਭਾਈ ਦਾਤ ਪਾਉਂਦੇਹਨ। [੧੦]ਮੰਗ। [੧੧]ਸੁਖਨਾਲਮਿਲੀ ਹੋਈ। [੧੨]ਜੇਹੜਾ। [੧੩]ਕੰਮ। [੧੪]ਆਪਣੀ ਇੱਛਾ ਅਜ ਪੂਰੀ ਕਰ ਲੇ। [੧੫]ਸੋਚਕੇ। [੧੬]ਅਪਣੀ ਲੋੜ। [੧੭]ਰਿਦਾ। [੧੮]ਰੱਜ ਜਾਵੇ। [੧੯]ਅਸੀਸਾਂ। [੨੦]ਕਈ ਖਜ਼ਾਨਿਆਂ ਵਾਲਾ ਰਾਜਾ ਬੀ ਆਪ ਜੇਹਾ ਸਖੀ ਨਹੀਂ। [੨੧]ਚੰਗੀ। [੨੨]ਇੱਛਾ। [੨੩]ਧਨ ਤੇ। [੨੪]ਕਪੜੇ ਦੀ। [੨੫]ਦੁਖ। [੨੬]ਧਨ ਮੰਗਣ ਵਾਲੇ ਹੋ। [੨੭]ਖਾਣ ਪਹਿਨਣ ਨੂੰ ਹੀ ਸਾਰਾ ਸੁਖ ਸਮਝਦੇ ਹੋ। [੨੮]ਆਖਦਾ ਹੈ। [੨੯]ਜੋ(ਤੁਸਾਂ) ਚੰਗਾ ਜਾਣਿਆ ਹੈ ਓਹ ਦਿਓ। [੩੦]ਮੈਂ ਕਿਉਂ ਰੰਜ ਹੋਵਾਂਗਾ। [੩੧]ਤੰਦੀ ਵਾਲੇ ਸਾਜ਼ ਦੇ ਵਜਾਵਣ ਦੀ ਜਾਚ।

*ਪਾ:–ਮਮ। †ਪਾ:–ਤਾ।

ਸ਼ੋਕੂ। ਬੰਧਨ ਤਜਿ ਹ੍ਵੈ ਸੁਖ ਦ੍ਵੈ ਲੋਕੂ ॥੭੫॥ ਹਰਿਗੁਨ ਗਾਵਨ ਕੇ ਰਸ ਮਾਂਹੀ।
ਪਰਚੈ ਮਨ ਅਵਗੁਨ ਮਿਟ ਜਾਹੀਂ। ਅਸ ਗੁਣ ਸੋ ਅਭਿਲਾਖਾ ਮੇਰੀ।ਰਹੈਂ
ਸੰਗਿ[੧] ਜੋ, ਹ੍ਵੈ ਗਤਿ[੨] ਤੇਰੀ'॥ ੭੬ ॥ ਇਉਂ ਸੁਨਿ ਹਰਖ ਉਠ੍ਯੋ ਮਰਦਾਨਾ।
ਉਚਰ੍ਯੋ ਸ੍ਰੀ ਨਾਨਕ ਕਲ੍ਯਾਨਾ। ਪਿਤਾ ਪਿਤਾਮੈ[੩] ਪਰ[੪] ਪੁਨ ਪਰ ਕੇ[੫]।
ਬਰਨਨ ਨਾਮ ਕਰੇ ਜਗ ਗੁਰਕੇ ॥੭੭॥ਸ਼ੁਭ ਗੁਣ ਸੰਗਿ ਕੀਨਿ ਪਰਸੰਸਾ[੬]।
'ਨਿਪਜ੍ਯੋ[੭] ਬੇਦੀ ਕੁਲ ਅਵਤੰਸਾ[੮]। ਦੀਪਕ ਕਾਲੂ ਸਦਨ ਸਪੂਤਾ।
ਪਿਖਿ ਉਦਾਰ ਲੱਜਤਿ ਪੁਰਹੂਤਾ[੯]' ॥ ੭੮ ॥ ਤਿਹ ਛਿਨ ਪੰਕਜ ਲੋਚਨ
ਚਾਰੂ[੧੦]। ਗਰ[੧੧] ਤੇ ਜਾਮਾ ਦੀਨ ਉਤਾਰੂ। ਕੇਤਿਕ ਦਰਬ ਦੇਤਿ ਭੇ ਸੰਗਾ।
ਲਿਯ ਮਰਦਾਨੇ ਸੰਗਿ ਉਮੰਗਾ ॥ ੭੯ ॥ ਪਹਿਰ ਅੰਗ ਹਿਰਦੇ ਸੁਖਪਾਈ।
ਕਹੈ ਬਹੁਰ 'ਮੁਝ ਦੇਹੁ ਰਜਾਈ[੧੨]। ਜਾਵੋਂ ਸਦਨ[੧੩] ਨਗਰ ਤਲਵੰਡੀ।
ਤਵ ਪਿਤ ਸੰਗਹਿ, ਹੇ ਦੁਖਖੰਡੀ!' ॥੮੦॥ ਬੋਲੇ ਸ੍ਰੀ ਨਾਨਕ ਸੁਖ ਰਾਸੀ।
'ਤੂੰ ਹੈਂ ਬੇਦੀ ਬੰਸ ਮਿਰਾਸੀ। ਜਾਚਨਿ ਆਨ ਸਥਾਨ ਨ ਕੀਜੈ। ਲੇ ਇਨ
ਤੇ ਸੰਤੋਖ ਧਰੀਜੈ' ॥ ੮੧ ॥ 'ਜੇ ਤੁਮ ਰਾਖੋਗੇ ਸੁਧ ਮੋਰੀ। ਅਨਤ ਅੱਗ੍ਰ[੧੪]
ਕਿਉਂ ਜਾਉਂ ਬਹੋਰੀ।ਅਸਨ[੧੫] ਬਸਨ[੧੬] ਕੋ ਲੋਭ ਅਮੋਰਾ[੧੭]।ਸੋ ਕਰਿਵਾਵਹਿ
ਕਰ ਨਿਜ ਜੋਰਾ[੧੮]'॥੮੨॥ਦੋਹਰਾ॥[੧੯] 'ਸੁਨਿ ਮਰਦਾਨੇ! ਲੇ ਸਦਾ ਸਭਿ ਕੀ ਸੁਧ
ਕਰਤਾਰ। ਦੇਹਿ ਬਨੀ ਪਸ਼ਚਾਤ ਹੈ ਪੂਰਬ ਬਨਾ ਅਹਾਰ' ॥੮੩॥ ਚੌਪਈ॥
ਮਿਲਿ ਕਾਲੂ ਤਨੀਆ[੨੦] ਜਾਮਾਤਾ[੨੧]। ਪੁਨ ਆਪਨ[੨੨] ਆਵਾ ਹਿਤ ਤਾਤਾ[੨੩]।
ਬੈਸੇ ਨਿਕਟ ਏਕ ਪਰਯੰਕਾ[੨੪]। ਦੇਖਹਿ ਸੁਤ ਕੋ ਬਦਨ ਮਯੰਕਾ[੨੫] ॥੮੪॥
ਅਧਿਕ ਨੇਹ[੨੬] ਕਰਿ ਸਿਖਵਨ ਦੇਈ। ਇਕਠੋ ਦਰਬ ਕਰਨ ਕੀ ਜੇਈ।
'ਖਰਚ ਬ੍ਯਾਹ ਕੋ ਕਰਹੁ ਤਯਾਰੀ। ਧਨ ਚਹਿਯਤਿ ਹੈ ਤਿਸ ਦਿਨ ਭਾਰੀ'
॥ ੮੫ ॥ ਅਸ ਪ੍ਰਕਾਰ ਕੀ ਕਹਿ ਬਿਧਿ ਨਾਨਾ[੨੭]। ਸੁਨਿ ਸ੍ਰੀ ਨਾਨਕ ਬਾਕ
ਬਖਾਨਾ। 'ਪੁਰਿ ਪਤਿ ਰਾਇ ਬੁਲਾਰ ਉਦਾਰਾ। ਤਿਨ ਸੋਂ ਭਨਿਯੋ ਅਨੰਦ

---

[੧]ਇਹ ਗੁਣ ਜੋ ਤੇਰੇ ਨਾਲ ਰਹੇ (ਅ)ਸਾਡੇ ਨਾਲ ਜੇ ਰਹੇਂ ਤੂੰ। [੨]ਮੁਕਤੀ। [੩]ਦਾਦੇ। [੪]ਪੜਦਾਦੇ। [੫]ਫਿਰ ਲਕੜਦਾਦੇ। [੬]ਮਹਿਮਾ। [੭]ਪੈਦਾ ਹੋਯਾ ਹੈ। [੮]ਸੂਰਜ। [੯]ਇੰਦ੍ਰ ਸ਼ਰਮਾਉਂਦਾ ਹੈ। [੧੦]ਭਾਵ ਗੁਰੂਜੀ ਨੇ ਸੁਹਣਾ(ਚੋਗਾ)। [੧੧]ਗਲੋਂ। [੧੨]ਆਗਜ੍ਯਾ। [੧੩]ਘਰ। [੧੪]ਹੋਰ ਅੱਗੇ। [੧੫]ਭੋਜਨ। [੧੬]ਕਪੜੇ ਦਾ। [੧੭]ਨਾ ਮੁੜਨ ਵਾਲਾ ਲੋਭ ਹੈ। [੧੮]ਉਹ ਲੋਭ ਅਪਣੇ ਹਥ ਜੁੜਾਉਂਦਾ ਹੈ। [੧੯]ਗੁਰੂ ਜੀ ਬੋਲੇ। [੨੦]ਪੁਤ੍ਰੀ ਤੇ। [੨੧]ਜੁਵਾਈ ਨੂੰ। [੨੨]ਹੱਟ ਪੁਰ। [੨੩]ਪੁਤ੍ਰ ਨੂੰ (ਮਿਲਨ) ਵਾਸਤੇ ਆਯਾ। [੨੪]ਪਲੰਘ ਤੇ। [੨੫]ਮੁਖ ਚੰਦ੍ਰਮਾਂ। [੨੬]ਬੜਾ ਮੋਹ ਕਰਕੇ। [੨੭]ਅਨੇਕ ਤਰ੍ਹਾਂ।

ਹਮਾਰਾ[7]॥੯੬॥ਪ੍ਰਿਯ ਸੁਤ ਤੇ ਪ੍ਰਿਯਬਚ ਸੁਨਿਕਾਨਾ।ਤਲਵੰਡੀ ਪੁਨਿ ਕੀਨਿ ਪਯਾਨਾ[1]। ਤਜਿ ਕਰਿ ਕ੍ਰਮ ਕ੍ਰਮ ਸੋਂ ਮਗ[2] ਸਗਰਾ। ਜਾਇ ਪ੍ਰਵੇਸ਼ੇ[3] ਸੁਖ ਸੋਂ ਨਗਰਾ॥੯੭॥ ਕੁਸ਼ਲ ਸੰਦੇਸ਼[4]ਸੁਨੇ ਸਭਿ ਰਾਊ।ਪੁਲਕਾਵਲਿ[5] ਭਾ ਮ੍ਰਿਦੁਲ ਸੁਭਾਊ। ਧਰਿ ਕਰਿ ਉਰ[6] ਮਹਿਂ ਮੂਰਤਿ ਧ੍ਯਾਨਾ। ਬੰਦਹਿ ਪਦ, ਜਨੁ[7] ਨਿਜ ਢਿਗ ਜਾਨਾ ॥ ੯੮ ॥ ਜਥਾ ਬਾਰਤਾ ਭਈ ਸਗਾਈ। ਤਥਾ ਚੌਪਈ ਮਾਂਝ ਬਨਾਈ। ਕਿਯੋ ਧ੍ਯਾਯ ਪੂਰਨ ਸੁਖਮੂਰਾ[8]*। ਭਜਿ ਸੰਤੋਖ ਸਿੰਘ ਗੁਰੁ ਪਗ ਰੂਰਾ[9] ॥ ੯੯ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਗਾਈ' ਪ੍ਰਸੰਗ ਬਰਨਨੰ ਨਾਮ ਉਨੀਸਮੋ ਅਧ੍ਯਾਯ ॥ ੧੯ ॥

੨੦. [ਸ਼੍ਰੀ ਗੁਰੂ ਹਰਿਰਾਇ ਮੰਗਲ। ਲੇਖਾ ਕੀਤਾ, ੩੨੧) ਵਾਧਾ ਲਏ]

ਦੋਹਰਾ ॥ ਸ੍ਰੀ ਸਤਿਗੁਰੂ ਸਹਾਇ ਮਮ ਸਿਮਰ ਸਿਮਰ ਸੁਖਪਾਇ।
ਦਾਰਿਦ ਕਲਮਲ ਮਲ ਦਲਿਨ, ਜੈ ਜੈ ਸ੍ਰੀ ਹਰਿਰਾਇ॥੧॥

{ ਮਮ=ਮੇਰੇ। ਦਾਰਿਦ=ਦਲਿੱਦ੍ਰ, ਗ੍ਰੀਬੀ, ਕੰਗਾਲਤਾਈ। [ਸੰਸ:, ਦਾਰਿਦ੍ਰਯੰ]। ਕਲਮਲ=ਪਾਪ। ਮਲ=ਮੈਲ। ਦਲਿਨਿ=ਦਲ ਸਿੱਟਣ ਵਾਲੇ, ਦੂਰ ਕਰਨ ਵਾਲੇ। }

ਅਰਥ—ਮੇਰੇ (ਸਦਾ) ਸਹਾਇਕ ਸ੍ਰੀ ਸਤਿਗੁਰੂ (ਜੀ ਜਿਨ੍ਹਾਂ ਨੂੰ) ਸਿਮਰ ਸਿਮਰ ਕੇ (ਮੈਂ ਸਦਾ ਹੀ) ਸੁਖ ਪਾਏ ਹਨ, (ਜੋ) ਦਰਿੱਦ੍ਰ (ਅਤੇ) ਪਾਪਾਂ ਦੀ ਮੈਲ ਨੂੰ ਦੂਰ ਕਰਨ ਵਾਲੇ **ਹਨ,** (ਐਸੇ) ਸ੍ਰੀ ਹਰਿਰਾਇ ਜੀ ਦੀ ਜੈ ਹੋ, ਜੈ ਹੋ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਿ ਸ਼੍ਰੀ ਅੰਗਦ ਕਰੁਨਾ[10] ਖਾਨੀ! ਗੁਰ ਨਾਨਕ ਕੀ ਕਥਾ ਮਹਾਨੀ[11]।ਇਸ ਉਤਸਾਹਿ ਭਏ ਤੇ ਪਾਛੇ।ਮੋਦੀਕਾਰ ਚ-ਲਾਵਹਿਂ ਆਛੇ॥੨॥ ਆਇ ਛੁਧਾਤੁਰ[12] ਦੇਂ ਤਿਹ ਅਸਨਾ[13]।ਬਸਨ ਬਿਹੀਨ ਲਖਹਿਂ,ਦੇਂ ਬਸਨਾ[14]।ਜਾਹਿ ਨ ਕੋਊ ਗਮਨਜੋ†ਛੂਛਾ।ਆਇਂ ਬਿਦੇਸ਼ੀ ਆ-ਪਨ[15]ਪੂਛਾ॥੩॥ ਵਡੀ ਭੋਰ ਤੇ ਦੇਵਨ ਲਾਗਹਿਂ। ਜਾਮ ਨਿਸਾ ਲੌ[16] ਛੂਛ ਨ ਤ੍ਯਾਗਹਿਂ[17]।ਦੌਲਤਖਾਨ ਸਪੂਰਨ ਸੇਨਾ[18]। ਆਨ ਅਸਨ[19] ਆਪਨ ਤੇ[20] ਲੇਨਾ॥੪॥ ਦੇਸ਼ ਬਿਦੇਸ਼ੀ ਜਾਚਿਕ ਜੇਤੇ। ਆਨਿ ਅਹਾਰ ਲੇਹਿਂ ਸਭਿ ਤੇਤੇ। ਰਹੈ ਸਥਾਨ ਭੀਰ ਸੋਂ ਭੂਰਾ[21]।ਭਨਹਿਂ ਅਸੀਸ 'ਵਧਹਿ ਸੁਖ ਮੂਰਾ![22]'॥੫॥

---

[1]ਤੁਰਨਾ। [2]ਰਸਤਾ। [3]ਜਾ ਵੜੇ। [4]ਸੁਨੇਹੇ। [5]ਗਦ ਗਦ ਹੋਯਾ (ਬੁਲਾਰ)। [6]ਰਿਦੇ ਵਿੱਚ। [7]ਮਾਨੋ। [8]ਸੁਖਮੂਲ। [9]ਸੁੰਦਰ। [10]ਕਿਰਪਾ। [11]ਸ੍ਰੇਸ਼ਟ। [12]ਭੁੱਖਾ। [13]ਭੋਜਨ। [14]ਕਪੜਾ। [15]ਹੱਟੀ। [16]ਪਹਿਰ ਰਾਤ ਗਈ ਤੱਕ। [17]ਕਿਸੇ ਨੂੰ ਖਾਲੀ ਨਹੀਂ ਜਾਣ ਦਿੰਦੇ। [18]ਸਾਰੀ ਫੌਜ। [19]ਰਸਦ। [20]ਹੱਟੀ ਤੋਂ। [21]ਭੀੜ ਨਾਲ ਭਰਿਆ। [22]ਹੇ ਸੁੱਖਾਂ ਦੇ ਮੂਲ ਸਦਾ ਵਧੋ। (ਅ) ਮੂੜੀ (ਪੂੰਜੀ) ਤੇ ਸੁਖ ਵਧੇ।

*ਪਾਠਾਂਤ੍ਰ—ਪੂਰਾ। †ਪਾ:—ਜਾਵਤ।

ਯਾ ਬਿਧਿ ਦੇਖਯੋ ਰਿਦੇ ਉਦਾਰਾ। ਪੁਰਿ ਕੇ ਨਰ ਮਿਲਿ ਕਰਹਿਂ ਵਿਚਾਰਾ*। 'ਨਿਸ[੧] ਬਾਸੁਰ[੨] ਦੇ ਦਾਨ ਮਹਾਨਾ। ਵਡ ਦਾਨੀ ਹੈ ਭੂਪ ਸਮਾਨਾ ॥ ੬ ॥ ਤੁਰਕਨ ਕੇ ਪੈਸੇ ਬਹੁ ਖੋਵਹਿ। ਰੰਚਕ[੩] ਤ੍ਰਾਸ[੪] ਰਿਦੇ ਨਹਿਂ ਹੋਵਹਿ। ਜਾਨਤਿ ਹੈਂ ਹਮ ਕਾਲਿ[੫] ਕਿ ਆਜੂ[੬]। ਨਾਨਕ ਜਾਵਹਿ ਹਯਾਂ[੭] ਤੇ ਭਾਜੂ[੮] ॥ ੭ ॥ ਦੋਹਰਾ ॥ ਤੁਰਕਨ ਤਸਕਰ[੯] ਹੋਇਕੈ ਜਾਵਹਿਗੋ ਜਬ ਭਾਜਿ। ਗਹਿ ਲੇਵਹਿਂ ਜੈਰਾਮ ਕੋ ਜਾਇ ਤਾਂਹਿ ਕੀ ਲਾਜ[੧੦]' ॥ ੮ ॥ ਚੌਪਈ ॥ ਜੇ ਮਤਿ-ਮੰਦ ਹਿਤੂ ਜੈਰਾਮਾ[੧੧]। ਮਿਲ ਕਰਿ ਚਲਿ ਆਏ ਤਿਹ ਧਾਮਾ। ਬੋਲਿ[੧੨] ਇਕਾਕੀ[੧੩] ਕਰਿ ਲੇ ਬੈਸੇ। ਕਹੈਂ 'ਨਿਚਿੰਤ ਰਹੈਂ ਤੂੰ ਕੈਸੇ ?॥ ੯ ॥ ਨਿਤ ਪ੍ਰਤਿ[੧੪] ਜੋ ਖੋਵਤਿ ਅਤਿ ਦਰਬਾ। ਸੋ ਸਮਝਹੁ ਉਰ ਅਪਨੇ ਸਰਬਾ। ਬਾਦ[੧੫] ਖੋਇ ਸੋ† ਜਾਇ ਪਲਾਈ[੧੬]। ਸਗਰੋ ਝਗਰਾ ਤੁਝ ਗਰ[੧੭] ਪਾਈ ॥ ੧੦ ॥ ਸੋ ਖਰਚਨ ਕੋ ਲਖਤਿ ਅਸਾਨਾ[੧੮]। ਤੁਝ ਕੋ ਮੁਸ਼ਕਲ ਬਨਹਿ ਮਹਾਨਾ[੧੯]। ਭੂਪਤਿ[੨੦] ਪੂਰ ਲੇਹਿ[੨੧] ਨਿਜ ਲੇਖਾ। ਚਲਹਿ ਇਲਾਜ ਨ, ਤੂੰ ਦੇਂ ਸੇਖਾ[੨੨] ॥ ੧੧ ॥ ਦੀਰਘਦਰਸ਼ੀ[੨੩] ਜੇ ਮਤਿਵਾਨਾ। ਕਰਹਿਂ ਨ ਅਸ ਪ੍ਰਕਾਰ[੨੪] ਧਨ ਹਾਨਾ। ਬਾਲ ਸਖਾਈ ਕੇ ਲਖਿ ਮੀਤਾ। ਹੇਰਯੋ ਹੋਤਿ ਹੇਤ ਵਿਪਰੀਤਾ[੨੫] ॥੧੨॥ ਸਹਿ ਨ ਸਕੇ ਹਮ ਇਹ ਮਨ ਮਾਂਹੀ । ਅਪਰ ਹੇਤ-ਕੋ[੨੬] ਜਾਨਹੁ ਨਾਂਹੀ। ਤੁਝ ਸਮਝਾਵਨ ਕੋ ਮਿਲਿ ਆਏ। ਕਰਹੁ ਆਪ ਜੈਸੇ ਮਨ ਭਾਏ' ॥ ੧੩ ॥ ਪਾਵਸ ਸਮ[੨੭] ਪਿਸ਼ਨਨਿ[੨੮] ਕੀ ਬਾਨੀ। ਚਿੰਤ ਆਪਗਾ ਕੀਨਿ ਮਹਾਨੀ[੨੯] । ਕਮਲ ਕੋਮਲੇ ਮਨ ਜੈਰਾਮੂ। ਉਖਰਯੋ ਧੀਰਜ ਮੂਲ ਅਥਾਮੂ[੩੦] ॥ ੧੪ ॥ ਯਤਨ ਤੀਰ[੩੧] ਕਿਤ ਪਾਯਤਿ ਨਾਂਹੀ[੩੨]। ਬਹਯੋ ਪ੍ਰਵਾਹਿ ਗਣੀ ਕੇ ਮਾਂਹੀ[੩੩]। ਅਸ ਕਹਿ ਗਮਨੇ ਅਪਨ ਨਿਕੇਤਾ। ਹੁਤੇ ਜੁ ਮੂਰਖ ਦੁਸ਼ਟ ਅਚੇਤਾ ॥ ੧੫ ॥ ਬੈਸਹਿ[੩੪] ਸਦਨ ਨੀਵ ਕਰਿ

[੧]ਰਾਤ। [੨]ਦਿਨ। [੩]ਥੋੜਾ ਬੀ। [੪]ਡਰ। [੫]ਕਲ੍ਹ। [੬]ਅੱਜ। [੭]ਇਥੋਂ। [੮]ਦੌੜ ਜਾਏਗਾ। [੯]ਚੋਰ [੧੦]ਪਤਿ। [੧੧](ਪਰੰਤੂ) ਜੈਰਾਮ ਦੇ ਹਿਤੂ ਸਨ। [੧੨]ਸੱਦਕੇ। [੧੩]ਇਕੱਲਾ। [੧੪]ਹਰ ਰੋਜ਼ [੧੫]ਬਿਰਥਾ। [੧੬]ਦੌੜ ਜਾਏਗਾ। [੧੭]ਤੇਰੇ ਗਲ। [੧੮]ਸੌਖਾ ਸਮਝਦਾ ਹੈ। [੧੯]ਬੜੀ। [੨੦]ਨਬਾਬ [੨੧]ਪੂਰਾ ਕਰ ਲਏਗਾ। [੨੨]ਬਾਕੀ ਤੈਨੂੰ ਭਰਨੀ ਪਊ। [੨੩]ਦੂਰੰਦੇਸ਼। [੨੪]ਇਸ ਤਰ੍ਹਾਂ। [੨੫]ਤੇਰੇ ਹਿਤ (ਭਲੇ) ਦੇ ਉਲਟ ਹੁੰਦਾ ਦੇਖਕੇ। [੨੬]ਹੋਰ ਸਬੱਬ ਕੋਈ। [੨੭]ਬਰਸਾਤ ਵਰਗੀ। [੨੮]ਚੁਗਲਾਂ [੨੯]ਚਿੰਤਾ ਦੀ ਨਦੀ ਵੱਡੀ ਕਰ ਦਿੱਤੀ। [੩੦]ਅਰੋਕ। [੩੧]ਜਤਨ ਰੂਪੀ ਕਿਨਾਰਾ। [੩੨]ਕਿਤੇ ਮਿਲਦਾ ਨਹੀਂ। [੩੩]ਗਿਣਤੀਆਂ (ਸੋਚਾਂ) ਰੂਪੀ ਪ੍ਰਵਾਹ ਵਿੱਚ ਰੁੜ੍ਹ ਗਿਆ। [੩੪](ਜੈਰਾਮ) ਬੈਠਦਾ ਹੈ।

*ਪਾ:-ਕਰਤ ਵਿਚਾਰਾ। †ਪਾ:-ਜੋ।

ਗ੍ਰੀਵਾ[੧] । ਮਨਹੁ ਬਨ੍ਯੋ ਚਿੰਤਾ ਕੀ ਸੀਵਾ[੨]। ਨਿਸਿ ਦਿਨ ਬੀਤੇ ਗਿਨਤ੍ਯੋ ਗਿਨਤੀ । ਕਰੈ ਦੀਨ ਹ੍ਵੈ ਪ੍ਰਭੁ ਸੋਂ ਬਿਨਤੀ ॥ ੧੬ ॥ ਉਰ ਅੰਤਰ ਮਾਨਤਿ ਬਹੁ ਖੇਦਾ। ਵਹਿਰ[੩] ਨ ਕਿਸ ਢਿਗ ਭਾਖਹਿ[੪] ਭੇਦਾ। ਜਬੈ ਨਾਨਕੀ ਦਸ਼ਾ ਬਿਲੋਕੀ। ਹਰਖ ਹੀਨ ਪਤਿ ਕੀ ਮਤਿ ਸ਼ੋਕੀ[੫] ॥ ੧੭ ॥ ਰਿਦੈ ਗੁਨਹਿ[੬]-ਕੋ ਭਯੋ ਕੁਕਾਜੂ । ਚਿੰਤਮਾਨ ਹ੍ਵੈ ਬੈਠ੍ਯੋ ਆਜੂ[੭]-।ਤੁਲਸਾਂ ਦਾਸੀ ਭੇਵ[੮] ਜਨਾਯਾ। 'ਸੁਨਹੁ ਬਧੂ ! ਮੈਂ ਜਸੋਂ ਲਖਿ ਪਾਯਾ[੯] ॥ ੧੮ ॥ ਏਕ ਦਿਵਸ ਮਿਲਿ ਮਨੁਜ[੧੦] ਭਲੇਰੇ। ਮੈਂ ਅਵਿਲੋਕੇ[੧੧] ਆਵਤਿ ਡੇਰੇ। ਤਾਂ ਦਿਨ ਤੇ ਇਹ ਚਿੰਤਾ ਮਾਨਾ। ਕੋ ਜਾਨਹਿ ਕਯਾ ਤਿਨਹਿਂ ਬਖਾਨਾ' ॥ ੧੯ ॥ ਸੁਨਤਿ ਨਾਨਕੀ ਸੁਮਤਿ ਸਜੁਤੀ[੧੨] । ਲਖਿ ਲੀਨੀ[੧੩]-ਕੀਨੀ ਕਿਨ ਦੂਤੀ-। ਨਿਕਟਿ ਬੈਠਿ ਪਤਿ ਕੌ ਸਮਝਾਯਾ। 'ਕਿਉਂ ਉਰ ਭਰਮੇ ਤੁਮ ? ਸੁਖਦਾਯਾ ! ॥੨੦॥ ਪੂਰਬ ਪਤਾ ਲਯੋ[੧੪] ਭਲਿ ਦੇਖੀ । ਉਰ ਮਹਿਂ ਸ਼ਰਧਾ ਧਰਹੁ ਵਿਸ਼ੇਖੀ[੧੫]। ਸਭਿ ਅਨਜਾਨ ਭਨਹਿਂ ਜੋ ਮਾਨਵ। ਤਿਨਕੇ ਭੇਵ ਮੰਦ ਨਹਿਂ ਜਾਨਵ[੧੬]' ॥ ੨੧ ॥ ਇਸ ਪ੍ਰਕਾਰ ਕਹਿ ਬਹੁ ਸਮਝਾਵਹਿ। ਤਦਪਿ ਜ਼ਰਾਮ ਨ ਚਿੰਤਾ ਜਾਵਹਿ । ਮਨ ਮਹਿਂ ਬਸੀ ਪਿਸ਼ਨ[੧੭] ਕੀ ਬਾਨੀ। ਬਿਨ ਸਤਿ ਦੇਖੇ ਹੋਇ ਨ ਹਾਨੀ[੧੮] ॥੨੨॥ ਸ਼੍ਰੀ ਨਾਨਕ ਤਬ* ਅੰਤਰ-ਜਾਮੀ । ਲਖਿ ਲੀਨੀ ਦੂਤਨ ਕੀ[੧੯] ਖਾਮੀ[੨੦] । ਪੁਨ ਜਰਾਮ ਚਿੰਤਾਤੁਰ ਚੀਨਾ[੨੧] । ਜਿਹ ਮਨ ਪਿਸ਼ਨਨਿ[੨੨] ਬਾਨੀ ਭੀਨਾ ॥ ੨੩ ॥ ਤਾਂਕੀ ਚਿੰਤਾ ਹਤਨੇ ਹੇਤਾ[੨੩] । ਗਮਨੇ ਸ਼੍ਰੀ ਬੇਦੀ ਕੁਲਕੇਤਾ। ਸਦਨ ਜਾਇ ਸਾਦਰ[੨੪] ਦੁਖ ਕਦਨਾ । ਬੈਸੇ ਮੰਚ[੨੫] ਪਰ ਪੰਕਜ ਬਦਨਾ[੨੬] ॥ ੨੪ ॥ ਮਧੁਰ[੨੭] ਮ੍ਰਿਦੁਲ ਬੋਲੇ ਮੁਖ ਬਾਨੀ। ਜਨੁ ਚਿੰਤਾ ਰੁਜ ਚੂਰਨ ਸਾਨੀ[੨੮]।'ਜੀਜਾ ਜੀ ! ਲੇਖਾ ਕਰਿਵਾਈਏ। ਸਭਿਹਿ ਹਿਸਾਬ ਨਿਵਾਬ ਦਿਵਾਈਏ ॥ ੨੫ ॥ ਬੀਤੇ

---

[੧]ਗਿੱਚੀ ਨੀਵੀਂ ਕਰਕੇ। [੨]ਸੀਂ, ਹੱਦ। [੩]ਬਾਹਰ। [੪]ਨਹੀਂ ਆਖਦਾ। [੫]ਸ਼ੋਕ ਮਈ। [੬]ਸੋਚਦੀ ਹੈ। [੭]ਅੱਜ। [੮]ਭੇਦ। [੯]ਮੈਂ ਜਿਵੇਂ ਸਮਝਿਆ ਹੈ। [੧੦]ਮਨੁਖ। [੧੧]ਡਿੱਠੇ। [੧੨]ਅਕਲ ਵਾਲੀ ਨੇ। [੧੩]ਜਾਣ ਲੀਤੀ। [੧੪]ਪਤੀਆ ਲੀਤਾ ਸੀ। [੧੫]ਬਹੁਤ। [੧੬]ਉਨ੍ਹਾਂ (ਗੁਰੂ ਜੀ) ਦਾ ਭੇਦ ਮੰਦ (ਮਤੀ) ਨਹੀਂ ਜਾਣਦੇ। [੧੭]ਚੁਗਲਾਂ। [੧੮]ਬਿਨਾ ਸੱਚੀ ਗਲ ਦੇਖੇ ਦੇ ਦੂਰ ਨਹੀਂ ਹੁੰਦੀ। [੧੯]ਚੁਗਲਾਂ ਦੀ। [੨੦]ਕਚਿਆਈ। [੨੧]ਵੇਖਿਆ। [੨੨]ਚੁਗਲਾਂ ਦੀ। [੨੩]ਨਾਸ਼ ਕਰਨ ਵਾਸਤੇ। [੨੪]ਆਦਰ ਨਾਲ। [੨੫]ਪਲੰਘ। [੨੬]ਕਵਲ ਮੁਖ ਵਾਲੇ। [੨੭]ਮਿੱਠੀ। [੨੮]ਮਾਨੋਂ ਚਿੰਤਾ ਰੋਗ ਨੂੰ ਚੂਰਨ ਸਮਾਨ ਹੈ।

*ਪਾ:-ਸਬ।

ਬਹੁ ਬਾਸੁਰ ਬਿਨ ਲੇਖੇ। ਕਰਿਵਾਵਹੁ ਨਿਕਸਹਿ ਕਛੁ ਸ਼ੇਖੇ[1]। ਸੁਨਿ ਜੈਰਾਮ ਰਿਦੇ ਹਰਿਖਾਯੋ । ਜਨੁ ਸ਼ਰਧਾ ਧਨੁ[2] ਖੋਯੋ ਪਾਯੋ ॥ ੨੬। ਹੁਤੀ ਚਿੰਤ ਜਾਂਕੀ ਦਿਨ ਰਾਤੀ । ਅਕਸਮਾਤ[3] ਸੋ ਬਨੀ ਸੁਹਾਤੀ। ਲੇ ਨਿਦੇਸ[4] ਗਾ ਪਾਸ ਨਰੇਸ਼ਾ[5] । ਪੋਸ਼ਿਸ਼[6] ਪਹਿਰ ਕਿਯੋ[7] ਸੁਭ[8] ਬੇਸਾ[9] ॥ ੨੭ ॥ ਨਿਕਟਿ ਬੈਠਿ ਕਹਿ 'ਸੁਨ ਨ੍ਰਿਪ ਲੋਦੀ ! ਕਰਨੋ ਹਿਸਾਬ ਚਹਿਤਿ ਤੁਮ ਮੋਦੀ। ਕਾਲ ਬਿਸਾਲ[10] ਬਿਤਯੋ ਬਿਨ ਲੇਖੇ। ਆਮਦ ਖਰਚ ਉਚਿਤ ਅਬ ਦੇਖੇ' ॥ ੨੮ ॥ ਪੂਰਬ[11] ਦੌਲਤ ਖਾਂ ਢਿਗ ਦੂਤੀ[12]। ਦੁਸ਼ਟ ਲੋਕ ਮਿਲਿ ਕਰਤਿ ਬਹੂਤੀ[13]।'ਸਰਬ ਦਰਬ ਕੋ ਖੋਕਰਿ ਨਾਨਕ। ਹੋਇ ਪਲਾਇਨ[14] ਕਬਹਿ ਅਚਾਨਕ[15]' ॥ ੨੯॥ ਸੁਨਤਿ ਜਰਾਮ ਬਚਨ ਭੂਪਾਲਾ[16] । ਬੋਲਯੋ 'ਸੰਸਾ ਮੁਝਹਿ ਬਿਸਾਲਾ[17] । ਲੇਖੇ ਤੇ ਸੋ ਹੋਇ ਬਿਨਾਸ਼ੀ[18]। ਬੋਲਿ ਲੇਹੁ ਤਾਂਕੋ ਮਮ ਪਾਸੀ' ॥੩੦॥ ਨਿੰਧਾ ਦਿਜ ਜੈਰਾਮ[19] ਪਠਾਯਾ[20] । ਆ ਨਿੱਧੇ ਯਾ ਬਚਨ ਅਲਾਯਾ* ।'ਚਲਹੁ ਆਪ ਕਰਿ ਲੀਜੈ ਲੇਖਾ। ਨ੍ਰਿਪ ਬੁਲਾਇ ਜਿਹ ਸਭਾ ਵਿਸ਼ੇਖਾ' ॥ ੩੧ ॥ ਕਹਿ ਬਾਲਾ ਸ੍ਰੀ ਅੰਗਦ ਪੂਰਨ ! ਸੁਨਹੁ ਤਯਾਰ ਭਏ ਤਬ ਤੂਰਨ। ਵਹੀ ਬਿਸਾਲ[21]ਦੀਨਿ ਮੁਝ ਹਾਥਾ। ਗਮਨ ਕਿਯੋ ਨ੍ਰਿਪ ਢਿਗ ਜਗਨਾਥਾ ॥ ੩੨ ॥ ਮੰਦ ਮੰਦ ਸੁੰਦਰ ਗਤਿ[22] ਭਾਰੀ। ਪਹੁੰਚਤਿ ਭੇ ਤਬ ਸਭਾ ਮਝਾਰੀ। ਕਾਜ਼ੀ ਖਾਨ ਦਿਵਾਨ ਮੁਲਾਨੇ। ਜਹਿਂ ਬੈਸੇ ਨੀਕੇ ਕਰਿ ਬਾਨੇ[23] ॥ ੩੩ ॥ ਸਭਿਨਿ ਸ਼ਿਰੋਮਨਿ ਦੌਲਤ ਖਾਨਾ। ਸੇਵਹਿਂ ਜਾਂਹਿ ਸੁਭਟ[24] ਬਿਧਿ ਨਾਨਾ । ਤਹਾਂ ਹੋਇ ਠਾਢੇ ਸੁਖ ਧਾਮਾ[25]। ਬਿਧਿ ਨੀਕੀ ਸੋਂ ਕੀਨਿ ਸਲਾਮਾ॥ ੩੪ ॥ ਸ਼੍ਰੀ ਗੁਰੁ ਦਿਸ਼ਿ ਨ੍ਰਿਪ ਦ੍ਰਿਸ਼ਟਿ ਬਿਲੋਕੀ। ਜਾਂਕੀ ਮਤਿ[26] ਸ਼ਰਧਾ ਤੇ ਰੋਕੀ। ਬੂਝਤਿ ਭਾ[27] 'ਤੁਮਾਰ.ਕੋ ਨਾਮਾ ? ਭਨੀਏ ਭੋ ਮੋਂਦੀ ਅਭਿ-ਰਾਮਾ[28] !'॥੩੫॥ਕਮਲ ਨੈਨ ਸੁਨਿ ਗਿਰਾ ਉਚਾਰੀ। 'ਅਹੈ ਨਾਮ ਨਾਨਕ

---

[1]ਬਾਕੀ।[2]ਮਾਨੋ ਸ਼ਰਧਾ ਰੂਪੀ ਧਨ। [3]ਅੱਚਣਚੇਤ।[4]ਆਗਯਾ । [5]ਰਾਜੇ ਦੇ । [6]ਪੁਸ਼ਾਕ। [7]ਕਰਕੇ। [8]ਚੰਗਾ । [9]ਲਿਬਾਸ। [10]ਬਹੁਤ। [11]ਪਹਿਲਾਂ। [12]ਚੁਗਲੀ। [13]ਬਹੁਤੀ। [14]ਦੌੜ ਜਾਏਗਾ। [15]ਅੱਚਣਚੇਤ। [16]ਰਾਜਾ ਨੇ ਜੈਰਾਮ ਦੀ ਗਲ ਸੁਣਕੇ। [17]ਬੜਾ। [18](ਸੰਸਾ) ਦੂਰ ਹੋ ਜਾਏਗਾ। [19]ਜੈਰਾਮ ਨੇ। [20]ਘੱਲਿਆ। [21]ਵੱਡੀ। [22]ਟੋਰ। [23]ਲਿਬਾਸ। [24]ਸੂਰਮੇ। [25]ਭਾਵ ਗੁਰੂ ਜੀ। [26]ਬੁੱਧੀ। [27]ਪੁੱਛਣ ਲੱਗਾ। [28]ਸੁੰਦਰ।

*ਪਾ:—ਆਇ ਨਿਖਦਯਾ ਬਚਨ ਅਲਾਯਾ। ਨਿਖਦਯਾ=ਹਟੀ (ਉਤੇ)।

ਨਿਰੰਕਾਰੀ'। 'ਮੈਂ ਨਹਿਂ ਸਮਝ੍ਯੋ ਕਹ੍ਯੋ ਤੁਮਾਰੋ। ਸੰਗ ਮਾਯਨੇ[੧] ਫੇਰ ਉਚਾਰੋ' ॥ ੩੬ ॥ ਤਬ ਜਰਾਮ ਬੋਲ੍ਯੋ ਮਤਿਸਾਲੀ[੨] । 'ਬੀਚ ਪਾਰਸੀ ਰੀਤਿ ਸਮ੍ਹਾਲੀ। ਬੇਸ਼ੁਬਹਾ ਜੋ ਬਿਨਾ ਨਮੂਨੇ[੩]। ਬੇਚਗੂਨ[੪] ਯਜ਼ਦਾਂ[੫] ਬੇਚੂਨੇ[੬] ॥੩੭॥ 'ਨੇਤਿ ਨੇਤਿ' ਕਹਿ ਬੇਦ ਕਤੇਬਾ। ਲਖ੍ਯੋ ਨ ਕਿਨਹੂੰ ਕਰਤਿ ਹਿਸੇਬਾ। ਕਰਨਹਾਰ ਤਾਂ ਸਿਫਤੀ[੭] ਬੰਦਾ। ਮੈਂਹੌਂ ਕਹਿ ਨਾਨਕ ਸੁਖਕੰਦਾ' ॥ ੩੮ ॥ ਬਿਗਸਾ ਬਹੁ ਨਬਾਬ ਸੁਨਿ ਬਾਨੀ । ਮਤਿ ਜਾਂਕੀ ਬਿਸ਼ਿਯਨਿ ਲਪਟਾਨੀ। ਕਰਤਿ ਕੁਤਰਕਹਿ[੮] ਬੋਲ੍ਯੋ ਬੈਨਾ । 'ਮੋਦੀ ਬਜਾਹ ਲਯੋ ਕਿਤ[੯]ਕੈ ਨਾ[੧੦]?'॥੩੯॥ਕਹਿ ਜਰਾਮ 'ਅਬ ਲੌ ਨ ਬਿਵਾਹਾ। ਭਾ ਸਨਬੰਧ ਆਇ ਹੈ ਸਾਹਾ। ਤਵ ਪ੍ਰਤਾਪ ਕੋ ਪਾਇ ਅਲੰਬਾ[੧੧]। ਹੋਇ ਬਜਾਹ ਅਬ ਕਛੁ ਨ ਬਿਲੰਬਾ[੧੨]' ॥ ੪੦ ॥ ਅਸ[੧੩] ਸੁਨਿ ਬੋਲ੍ਯੋ ਦੌਲਤ ਖ਼ਾਨਾ। 'ਸਿਫਤੀ ਬੰਦਾ ਨਿਜਹਿ ਵਖਾਨਾ । ਸੋ ਸਤਿ ਬਾਤ ਤਬਹਿ ਲੈ ਬਰਨੀ[੧੪]। ਜਬ ਲੌ ਘਰ ਮੈਂ ਆਇ ਨ ਤਰੁਨੀ[੧੫] ॥ ੪੧ ॥ ਜਤੀ ਸਤੀ ਤਪਸੀ ਰਿਖਿ ਜੇਤੇ । ਪਾਰ ਨ ਪੱਯੈ ਜਿਨਹਿਂ ਗਿਨੇ ਤੇ । ਦਰਸ ਅੰਗਨਾ[੧੬] ਜਾਰ[੧੭] ਮਹਾਨਾ[੧੮]। ਫਸੇ ਨ ਨਿਕਸਹਿ ਅਤਿ ਬਲਿ-ਵਾਨਾ' ॥੪੨॥ ਬੋਲੇ ਨਾਨਕ ਸੁਨਤਿ ਕੁਤਰਕਾ । ਖੰਡਨ ਹਿਤ ਆਸ਼ੇ[੧੯] ਤਿੰਹ ਉਰਕਾ[੨੦] । 'ਜਿਨ ਕੋ ਮਨ ਹਰਿ ਪ੍ਰੇਮਹਿ ਪੂਰਾ। ਨਿਸ ਬਾਸੁਰ ਕਬ ਹੋਇ ਨ ਊਰਾ[੨੧] ॥ ੪੩ ॥ ਤਿਨਕੇ ਮਨ ਕਜਾ ਨਾਰਿ[੨੨] ਮਲੀਨੀ। ਭਾਵਤਿ ? ਜੋ ਦੁਰਗੰਧਹਿ[੨੩] ਭੀਨੀ। ਅਸਤ[੨੪] ਰਕਤ[੨੫] ਮੱਜਾ[੨੬] ਪਲ[੨੭] ਬਾਰਾ[੨੮]। ਕਰਹਿ ਪ੍ਰੀਤਿ ਜੋ ਬਿਨਾ ਵਿਚਾਰਾ[੨੯] ॥੪੪॥ ਜੋ ਵਿਚਾਰ ਕਰਿ ਦੇਖਹਿ ਗਜਾਨੀ। ਏਕਹਿ ਵਸਤੁ ਨ ਨੀਕੀ ਜਾਨੀ। ਤਾਂਤੇ ਤਾਂਕੀ ਕਰਤਿ ਨ ਪ੍ਰੀਤਾ*। ਭਜਹਿਂ ਮਕੰਦ ਸੁਖਦ ਕੋ ਚੀਤਾ[੩੦]' ॥ ੪੫ ॥ ਦੌਲਤ ਖਾਂ

[੧]ਅਰਥ ਸਣੇ। [੨]ਬੁੱਧੀ ਦਾ ਘਰ। [੩]ਨਿਰਸੰਸੇ ਜੋ ਅਦੁਤੀ ਹੈ (ਅ) ਜੋ ਅਮੋਲਕ ਤੇ ਰੂਪ ਤੋਂ ਰਹਿਤ ਹੈ। [ਫਾ: ਬੇ ਸ਼ੁਬਹਾ=ਨਿਰਸੰਸੇ। (ਅ) ਬੇਸ਼ੇ ਬਹਾ=ਅਮੋਲਕ]। [੪]ਕਾਰਣ ਤੋਂ ਰਹਿਤ। [੫]ਖ਼ੁਦਾ। [੬]ਬੇਮਿਸਾਲ। [੭]ਉਸਦੀ ਸਿਫਤ ਕਰਨ ਹਾਰ। [੮]ਹੁੱਜਤ। [੯]ਕਿਤੇ। [੧੦]ਕਿ ਨਹੀਂ? [੧੧]ਆਸਰਾ। [੧੨]ਦੇਰ ਨਹੀਂ। [੧੩]ਇਸਤਰ੍ਹਾਂ। [੧੪]ਕਹੀ। [੧੫]ਇਸਤ੍ਰੀ। [੧੬]ਇਸਤ੍ਰੀ ਦਾ ਦਰਸ਼ਨ। [੧੭]ਜਾਲ ਜੋ। [੧੮]ਬੜਾ ਵਡਾ ਹੈ। [੧੯]ਮਤਲਬ। [੨੦]ਉਸਦੇ ਰਿਦੇ ਦਾ। [੨੧]ਖਾਲੀ। [੨੨]ਇਸਤ੍ਰੀ। [੨੩]ਬਦਬੋ ਅਤੇ। [੨੪]ਹੱਡੀ [੨੫]ਲਹੂ। [੨੬]ਮਿੱਝ। [੨੭]ਮਾਸ। [੨੮]ਵਾਲਾਂ (ਨਾਲ ਭੀਨੀ ਹੈ)। [੨੯]ਕਰਦੇ ਹਨ ਪ੍ਰੀਤੀ, ਜੋ ਵਿਚਾਰ ਹੀਨ ਹਨ। [੩੦]ਮੁਕਤੀ ਦਾਤੇ ਸੁਖਦਾਈ ਨੂੰ ਚਿੱਤ ਵਿਚ ਭਜਦੇ ਹਨ। *ਇਥੇ ਇਸਤ੍ਰੀ ਦੀ ਨਿੰਦਜਾ ਨਹੀਂ ਹੈ, ਪਰ ਵਿਸ਼ਜਾਂ ਦੀ ਪ੍ਰੀਤ ਨਾਲੋਂ ਸਾਈਂ ਦੀ ਪ੍ਰੀਤਿ ਦੀ ਵਿਸ਼ੇਸ਼ਤਾ ਦਰਸਾਈ ਹੈ।

ਲਖਿ ਦ੍ਰਿਢ ਪਰਤੀਤਾ। ਬੋਲਯੋ 'ਖੋਇ ਦਰਬ[1] ਤੂੰ ਨੀਤਾ[2] । ਮੋ ਸੋਂ ਕਹਹਿਂ ਆਇ ਨਰ ਭੂਰਾ[3]। ਅਬ ਲੇਖਾ ਕਰਿ ਦੀਜੈ ਪੂਰਾ' ॥ ੪੬ ॥ 'ਸੁਨਹੁ ਨ੍ਰਿਪਤਿ! ਨਿਜ ਕਰੀਏ ਲੇਖਾ। ਦੇਹੁ ਦਰਬ ਨਿਕਸੈ ਮੁਝ ਸ਼ੇਖਾ[4]। ਭਨਤਿ[5] ਪਿਸ਼ਨ[6] ਤਬ ਨਿਰਨਾ ਕਰੀਏ। ਝੂਠ ਸਾਚ ਕੋ ਰਿਦੈ ਵਿਚਰੀਏ' ॥ ੪੭ ॥ ਦੌਲਤ ਖਾਨ ਤਬਹਿ ਭੁਪਾਲਾ। ਇਕ ਬੁਲਾਇ ਲੇਖਕ[7] ਤਤਕਾਲਾ। ਬੋਲਯੋ ਤਿਹ ਸੋਂ 'ਸੇਖਜਾ[8] ਕੀਜੈ । ਆਮਦ ਖਰਚ ਸਭਿਹਿ ਗਿਨਿ ਲੀਜੈ ॥ ੪੮ ॥ ਬਹੁਤ ਦਿਵਸ ਕਾ ਹੈ ਯਹਿ ਲੇਖਾ। ਕਿਹ ਵਿਸ਼ ਨਿਕਸਹਿ ਸਰਸਹਿ[9] ਸ਼ੇਖਾ[10]। ਆਨਿ ਆਨਿ ਤੁਮ ਨੀਤ ਉਚਾਰੋ[11]। -ਮੋਦੀ ਖੋਵਤਿ ਦਰਬ ਤੁਮਾਰੋ-॥੪੯॥ ਲੇਹੁ ਸੰਭਾਰਿ ਰੀਤਿ ਅਬ ਨੀਕੀ। ਕਰੀਏ ਬਾਤ ਭਾਵਤੀ ਜੀਕੀ' । ਨਵੀਸਿੰਦ[12] ਸੁਨਿ ਜਾਦੋਰਾਈ[13]। ਗੁਨਤਿ ਰਿਦੈ[14] -ਹੋਈ ਮਨ ਭਾਈ ॥ ੫੦ ॥ ਇਨ ਜੋ ਧਨ ਬਹੁ ਬਾਦ[15] ਗਵਾਯਾ। ਉਠਨਿ ਨ ਦੇਉਂ ਲੇਉਂ ਇਹ ਬਾਯਾ[16]। ਬਹੁਰਿ ਨ ਬੈਸਹਿ ਮੋਦੀਖਾਨੇ। ਦਈ ਨ ਰਿਸ਼ਵਤ ਹਮੈਂ ਨ ਜਾਨੇ-॥ ੫੧ ॥ ਮਿਲਿ ਬੈਸੇ ਦੋਨੋ ਇਕ ਥਾਨਾ। ਲੇਖਾ ਹੋਵਨਿ ਲਗੋ ਮਹਾਨਾ[17] । ਪ੍ਰਥਮ ਲਿਖਾਯੋ ਆਮਦ ਦਰਬਾ । ਲਯੋ ਨ੍ਰਿਪਤ ਢਿਗ ਤੇ ਜੋ ਸਰਬਾ ॥ ੫੨ ॥ ਲਿਖਨਿ ਲਗੇ ਪੁਨਿ ਖਰਚ ਮਹਾਨਾ । ਜਿਹ ਕੋ ਅਤਿ ਕਠਨ ਵਿਧਿ ਜਾਨਾ। ਮਹਾਂ ਕੁਟਿਲ ਬਹੁ ਪਾਇ ਅਰਾਵਨ[18]। ਕ੍ਰੂਰ[19]ਬਚਨ ਕਹਿ ਹੇਤ[20] ਡਰਾਵਨ ॥੫੩॥ ਗਰਬ ਕਰਹਿ ਜਿਉ ਰਿੰਙਣਜੋਤੀ[21]। ਰਵਿਹਿ[22] ਦਬਾਵਹਿ[23] ਨਿਜਹਿ ਉਦੋਤੀ[24]। ਮਹਾਂ ਮੰਦਮਤਿ ਜਾਂਨਹਿ ਨਾਂਹੀ।-ਇਹ ਕਰਤਾਰ ਰੂਪ ਭਵ[25]ਮਾਂਹੀ-॥੫੪॥ ਪੰਚ ਦਿਵਸ ਲੌ ਲੇਖਾ ਭਾਰਾ। ਕਰਤਿ ਬਾਦ[26]ਬਹੁ ਲਿਖਯੋ ਗਵਾਰਾ। ਗਿਨੇ ਤੀਨ ਸੈ ਬਹੁਰ ਇਕੀਸਾ । ਲੈਨੇ ਸੇਖੂ[27]ਸ੍ਰੀ ਜਗਦੀਸਾ* ॥੫੫ ॥ ਭੂਰ[28] ਬਿਸੂਰਤਿ[29] ਮੂਰਖ ਮਾਨੀ। ਬੂਝ

[1]ਧਨ। [2]ਰੋਜ਼। [3]ਬਹੁਤ। [4]ਬਾਕੀ। [5]ਆਖਦੇ ਹਨ ਜੋ। [6]ਚੁਗਲ। [7]ਮੁਨਸ਼ੀ। [8]ਗਿਣਤੀ। [9]ਜ਼ਾਯਾ। [10]ਬਾਕੀ। [11]ਨਿੱਤ ਕਹਿੰਦੇ ਹੋ। [12]ਮੁਨਸ਼ੀ। [13]ਜਾਦੋ ਰਾਇ ਨਾਮ ਸੀ ਉਸਦਾ। [14]ਸੋਚਦਾ ਹੈ। [15]ਬਿਰਥਾ। [16]ਇਸੇ ਥਾਂ ਰਖਾ ਲਵਾਂਗਾ। [17]ਬੜਾ। [18]ਅੜਾਊਣੀਆਂ। [19]ਕਰੜੇ। [20]ਵਾਸਤੇ। [21]ਟਟਾਣਾ। [22]ਸੂਰਜ ਨੂੰ। [23]ਦਬਾਵੇ। [24]ਅਪਣੀ ਰੌਸ਼ਨੀ ਨਾਲ। [25]ਸੰਸਾਰ। [26]ਝਗੜਕੇ। [27]ਬਾਕੀ। [28]ਬਹੁਤ। [29]ਝੂਰਦਾ ਹੈ।

*ਪਾ:-ਲੈਨੇ ਸ਼ੇਖ ਸੁ ਸ੍ਰੀ ਜਗਦੀਸ਼ਾ।

ਗਯੋ ਤਤਛਿਨ ਬਿਨ ਪਾਨੀ।–ਮਮ ਅਭਿਲਾਖਾ[੧] ਰਾਖਨਿ ਊਰਾ[੨]। ਸੇਖ ਨਿਕਾਸੇ[੩] ਭਯੋ ਨ ਪੂਰਾ[੪] ॥੫੬॥ ਬਾਰ ਬਾਰ ਨ੍ਰਿਪ ਤੇ ਧਨ ਲੀਨਾ। ਨਿਸ ਦਿਨ ਅਧਿਕ ਲੁਟਾਵਨ ਕੀਨਾ। ਲੇਨਹਾਰ ਧਨ ਰਹਯੋ[੫] ਬਹੋਰੀ[੬]। ਅਚਰਜ ਲਖਿ ਨ ਸਕਤਿ ਮਤਿ ਮੋਰੀ–॥੫੭॥ ਗਮਨਯੋ ਸਦਨ ਬਦਨ ਬਹੁ ਲਾਜਾ[੭]। ਦਯੋ ਨ ਉੱਤਰ ਕੋ ਢਿਗ ਰਾਜਾ[੮]। ਆਪਨ[੯] ਅਪਨੀ ਪੰਕਜ ਲੋਚਨ। ਆਨ ਬਿਰਾਜੇ ਬੰਧ ਬਿਮੋਚਨ[੧੦] ॥੫੮॥ ਸਰਿਤਾ ਚਿੰਤ[੧੧] ਚੀਤ ਜੈਰਾਮਾ। ਬਹਯੋ ਜਾਤਿ ਥੋ ਆਠੋ ਜਾਮਾ[੧੨]। ਸੁਨੀ ਗਿਰਾ ਉਰ ਹਰਖਹਿ ਕਰਨੀ। ਭਯੋ ਧੀਰ[੧੩] ਪਾਈ ਜਨੁ[੧੪] ਤਰਨੀ[੧੫] ॥ ੫੯ ॥ ਤੂਰਨ ਗਮਨਯੋ ਨਿਕਟਿ ਨ੍ਰਿਪਾਲਾ। ਬੋਲਯੋ ਬਾਨੀ ਬਿਸਦ ਬਿਸਾਲਾ[੧੬]। 'ਪੰਜ ਦਿਵਸ ਲੋ ਲੇਖਾ ਕੀਨੋ।ਸਗਰੋ ਅਬ ਪੂਰਨ ਭਾ ਚੀਨੋ'॥੬੦॥ਸੁਨਿ ਬੂਝਤਿ[੧੭] ਨ੍ਰਿਪ ਸੰਸੈ ਜਾਸੁ[੧੮]।'ਕਿਸ ਕੀ ਸ਼ੇਸ਼[੧੯]ਰਹੀ ਕਿਸ ਪਾਸੁ?'ਕਹਿ ਜਰਾਮ'ਸੁਧ ਮੋਹਿ ਨ ਸਾਰੀ। ਨਵੀਸਿੰਦ[੨੦] ਨਿਜ ਲੇਹੁ ਹਕਾਰੀ[੨੧] ॥ ੬੧ ॥ ਮਤਸਰ[੨੨] ਅਗਨਿ ਸੰਗ ਜਿਹ ਛਾਤੀ। ਜਰਤਿ[੨੩]ਰਹਤਿ ਜਿਵ ਹੋਤਿ ਅਰਾਤੀ[੨੪]।ਤਬ ਨਬਾਬ ਨਿਜ ਦਾਸ ਪਠਾਯਾ। ਤੂਰਨ ਅਪਨੇ ਨਿਕਟ ਬੁਲਾਯਾ ॥੬੨॥'ਕਿਵ ਗਿਨਤੀ ਮਹਿਂ ਕੀਨਿ ਨਿਬੇਰੀ[੨੫]।ਕਿਸਕੀ ਕਿਸਦਿਸ਼ ਸ਼ੇਸ਼[੨੬] ਘਨੇਰੀ[੨੭]?' ਬੋਲਯੋ ਬੈਨ ਬਦਨ ਬਡ ਬ੍ਰੀੜਾ[੨੮]।ਕਹਿ ਨ ਸਕਤਿ ਜਿਵ ਮਾਨਤਿ ਪੀੜਾ॥ ੬੩ ॥ 'ਬਿਦਤ[੨੯] ਬਾਦ ਮੋਦੀ ਖ੍ਵੈ[੩੦]ਧਨ ਕੋ। ਦੇਤਿ ਸਦਾ ਰੰਕਨ ਅਨਗਨ ਕੋ।ਲੇਖੇ ਮਹਿਂ ਨਿਤ ਸ਼ੇਖ਼[੩੧] ਨਿਕਾਸੈ। ਜਾਇ ਨ ਪਾਯੋ ਕਛੁ ਤਿਹ ਆਸ਼ੈ॥ ੬੪॥ ਅਬ ਮੈਂ ਲੇਖਾ ਕੀਨ ਸ਼ੁਮਾਰਾ[੩੨]।ਬਹੁਰ ਬਹੁਰ ਲਿਖਿ ਬਹੁਤ ਵਿਚਾਰਾ। ਗਿਨੇ ਤੀਨ ਸੈ ਸੰਗ ਇਕੀਸਾ।ਤੁਮ ਦਿਸ਼ ਪਹੁੰਚੇ, ਸੁਨੋ ਛਿਤੀਸਾ!' ॥੬੫॥ ਤਬ ਨਬਾਬ ਬੋਲਯੋ ਬਿਸਮਾਨਯੋ।'ਮੁਝ ਢਿਗ ਬਹੁਤਨਿ[੩੩]ਆਨਿ ਬਖਾਨਯੋ।

---

[੧]ਇੱਛਾ ਸੀ ਕਿ। [੨](ਗੁਰੂ ਜੀ ਨੂੰ) ਘਾਟੇ ਵਿਚ ਰਖਾਂਗਾ। [੩]ਇਸ ਨੇ ਨਵਾਬ ਵਲ ਬਾਕੀ ਕੱਢੀ ਹੈ। [੪]ਬਰੱਬਰ ਬੀ ਨਾ ਢੁਕਿਆ (ਨਵਾਬ ਦਾ ਲੈਣਾ ਤੇ ਦੇਣਾ)। [੫]ਲੈਣ ਹਾਰੇ ਨਿਕਲੇ (ਗੁਰੂ ਜੀ)। [੬]ਫੇਰ ਭੀ। [੭]ਸ਼ਰਮਿੰਦਾ। [੮]ਨਵਾਬ ਪਾਸ। [੯]ਹੱਟ ਤੇ। [੧੦]ਬੰਧਨਾਂ ਤੋਂ ਛੁਡਾਵਣ ਵਾਲੇ। [੧੧]ਚਿੰਤਾ ਰੂਪੀ ਨਦੀ ਵਿਚ। [੧੨]ਅੱਠੇ ਪਹਿਰ। [੧੩]ਹੌਸਲਾ। [੧੪]ਮਾਨੋ। [੧੫]ਬੇੜੀ ਮਿਲ ਗਈ। [੧੬]ਬੜੀ ਉੱਜਲ। [੧੭]ਪੁਛਦਾ ਹੈ। [੧੮]ਜਿਸ ਨੂੰ ਸੰਸਾ ਸੀ। [੧੯]ਬਾਕੀ। [੨੦]ਮੁਨਸ਼ੀ। [੨੧]ਸੱਦ ਲਓ। [੨੨]ਈਰਖਾ। [੨੩]ਸੜਦੀ। [੨੪]ਵੈਰੀ। [੨੫]ਨਿਬੇੜਾ। [੨੬]ਬਾਕੀ। [੨੭]ਵਧੀ। [੨੮]ਬੜੀ ਲੱਜਾ ਸਹਿਤ। [੨੯]ਪ੍ਰਗਟ ਹੈਸੀ ਕਿ। [੩੦]ਖਿਰਚਾ ਗੁਆਉਂਦਾ ਹੈ ਮੋਦੀ। [੩੧]ਬਾਕੀ। [੩੨]ਗਿਣਿਆ ਹੈ। [੩੩]ਬਹੁਤਿਆਂ ਨੇ।

ਮੋਦੀ ਹੋਇ ਪਲਾਇਨ[੧] ਕਬਹੀ।ਦਰਬ ਸੰਭਾਰਿ ਲੇਹੁ ਨਿਜ ਸਭਿ ਹੀ॥੬੬॥
ਦੁਸ਼ਟ ਪਿਸ਼ਨ[੨] ਬੋਲਤਿ ਬਚ ਝੂਠੇ। ਦੇਖਿ ਸਕਹਿੰ ਨਹਿੰ ਮਤਸਰ ਮੂਠੇ[੩]।
ਦਾਨਿ ਦੇਨਿ ਤੇ ਸਰਸਤਿ ਮੋਦੀ[੪]। ਅਸ ਕਹਿ ਤੂਸ਼ਨ ਭੂਪਤਿ ਲੋਦੀ॥੬੭॥
ਤਬ ਜਰਾਮ ਬੋਲਯੋ 'ਸੁਨਿ ਰਾਊ[੫]! ਮੋਦੀ ਕਰਤਿ ਦੁਖਾਊ ਨ ਕਾਊ। ਧਨ
ਸੰਚੈਂ[੬]ਨਰ ਜੋ ਪਰਪੰਚੀ। ਦਾਨ ਦੇਤਿ ਸੋ,ਰਖਤਿ ਨ ਸੰਚੀ[੭]॥੬੮॥ਪਿਸ਼ਨ[੮]
ਸਭਾ ਮੈਂ ਸੁਨਿ ਕਰਿ ਲਾਜੇ।ਸਭਿਪਰ ਸ਼੍ਰੀ ਨਾਨਕ ਜਸ ਛਾਜੇ ।ਜਿਉਂ ਰਵਿ[੯]
ਉਦੈ ਹੋਇ ਬਿਧਿਨੀਕੀ ।ਦੀਪਕ[੧੦]ਦੀਪਤਿ[੧੧] ਪਰਿਹੀ ਫੀਕੀ॥੬੯॥ਦੌਲਤ-
ਖਾਨ ਸਮਝ ਸਭਿ* ਭਾਂਤੀ। ਚਾਹਤਿ ਰਿਦੈ ਦੇਨਿ ਧਨ ਥਾਤੀ[੧੨]।ਕੋਸ਼ਪ[੧੩]
ਦਾਸ ਪਠਾਇ[੧੪] ਬੁਲਾਯਾ। ਨਿਕਟ ਬਿਠਾਯੋ, ਬਚਨ ਅਲਾਯਾ[੧੫] ॥੭੦॥
'ਸੁਨਹੁ ਭਵਾਨੀਦਾਸ[੧੬] ਤੂਰਨ।ਦੀਜੈ ਮੋਦੀ ਸ਼ੇਖ ਸਪੂਰਨ[੧੭]।ਤੀਨ ਹਜ਼ਾਰ
ਦੇਹੁ ਧਨ ਔਰੀ।ਆਗੇ ਚਲਿਹੈ ਕਾਰ ਬਹੋਰੀ[੧੮]॥੭੧॥ਸੁਨਿ ਕਰਿ ਗਮਨਯੋ
ਜਹਾਂ ਖਜ਼ਾਨਾ। ਨਿਕਟ ਹਕਾਰਯੋ ਕ੍ਰਿਪਾ ਨਿਧਾਨਾ[੧੯]। ਗਿਨ ਕਰਿ ਧਨ
ਦੀਨੀ ਤਿਨ ਥਾਤੀ[੨੦]। ਜਹਿਂ ਤੇ ਛਾਤੀ ਜਰਤਿ[੨੧]ਅਰਾਤੀ[੨੨] ॥੭੨॥ਕੈਂਧ[੨੩]
ਉਚਾਏ[੨੪] ਮੈਂ ਕਹਿ ਬਾਲਾ। ਆਪਨਿ ਘਰ ਆਨੇ ਤਤਕਾਲਾ। ਚਲਿ
ਜਰਾਮ ਤਬ ਤਿਹਠਾਂ ਆਵਾ[੨੫] ।ਸੁਖਦਾ[੨੬]ਪਿਖਿ ਹਿਰਦਾ ਹਰਖਾਵਾ ॥੭੩॥
ਤੀਨ ਹਜ਼ਾਰ ਲੀਨ ਕਰਿ ਨਯਾਰੋ[੨੭]। ਧਰਯੋ ਜਰਾਮ ਧਾਮ ਸੋ ਸਾਰੋ। ਰਹਾ
ਸ਼ੇਖ[੨੮] ਹਿਤ ਆਪਨ ਕਾਜਾ[੨੯]। ਸੌਦਾ ਲੀਨ ਗਰੀਬ ਨਿਵਾਜਾ ॥ ੭੪ ॥
ਕਰਨ ਲਗੇ ਕਾਰਜ ਪੁਨ ਤੈਸੇ। ਮਨ ਉਦਾਰਤਾ ਪੂਰਬ ਜੈਸੇ। ਪਾਵਹਿਂ
ਭੋਜਨ ਸਭੈ ਭਿਖਾਰੀ। ਲੇ ਅਹਾਰ ਨ੍ਰਿਪ ਸੈਨਾ[੩੦] ਸਾਰੀ ॥ ੭੫ ॥ ਤਬ
ਜੈਰਾਮ ਧਾਮ ਨਿਜ ਆਯਾ।ਕਾਲੂਤਨੀਆ[੩੧] ਵਾਕ ਅਲਾਯਾ ।'ਕਿਸ ਬਿਧਿ
ਭਯੋ ਭ੍ਰਾਤ ਕੋ ਲੇਖਾ।ਕਿਸਕੀ ਕਿਸ ਦਿਸ਼ਿ ਨਿਕਸੀ ਸ਼ੇਖਾ[੩੨]? ॥੭੬॥ਰਹੀ

---

[੧]ਭੱਜ ਜਾਏਗਾ। [੨]ਚੁਗਲ। [੩]ਈਰਖਾ ਦੇ ਮਾਰੇਹੋਏ। [੪]ਵਧਦਾਹੈ ਮੋਦੀ। [੫]ਹੇ ਨਵਾਬ। [੬]ਕੱਠਾ ਕਰਦੇ ਹਨ। [੭]ਕੱਠਾ ਕਰਕੇ ਨਹੀਂ ਰੱਖਦਾ। [੮]ਚੁਗਲ। [੯]ਸੂਰਜ। [੧੦]ਦੀਵੇ ਦੀ। [੧੧]ਰੋਸ਼ਨੀ। [੧੨]ਥੈਲੀ। [੧੩]ਖਜ਼ਾਨਚੀ। [੧੪]ਦਾਸ ਭੇਜਕੇ। [੧੫]ਕਿਹਾ। [੧੬]ਖਜ਼ਾਨਚੀ ਦਾ ਨਾਂ ਹੈ। [੧੭]ਬਾਕੀ ਦੀ ਸਾਰੀ (ਰਕਮ)। [੧੮]ਫੇਰ। [੧੯]ਭਾਵ ਗੁਰੂ ਜੀ ਨੂੰ। [੨੦]ਥੈਲੀਆਂ। [੨੧]ਸੜਦੀ ਹੈ। [੨੨]ਵੈਰੀਆਂ ਦੀ। [੨੩]ਮੋਢੇ। [੨੪]ਚੁਕਕੇ। [੨੫]ਤਿਸ ਜਗਾ ਆਇਆ। [੨੬]ਸੁਖ ਦਾਤੇ ਨੂੰ। [੨੭]ਵੱਖਰਾ। [੨੮]ਬਾਕੀ। [੨੯]ਹੱਟੀ ਦੇ ਕੰਮ ਵਾਸਤੇ। [੩੦]ਫੌਜ। [੩੧]ਬੀਬੀ ਨਾਨਕੀ ਨੇ। [੩੨]ਬਾਕੀ।

*ਪਾਠਾਂਤ੍ਰ—ਭੂਲ।

ਕਾਰ ਕੇ ਤਜੀ[1] ਬਹੋਰੀ[2] ? ਦਿਵਸ ਪਾਂਚ ਲੈ ਗਿਨਤੀ ਟੋਰੀ’ । ਬੋਲਯੋ ਤਬ ਜੈਰਾਮ ਅਦੰਭਾ[3] । ‘ਨਿਤ ਦੇਖਤਿ ਮੁਝ ਹੋਤਿ ਅਚੰਭਾ[4] ॥ ੭੭ ॥ ਸਦਾ ਫਕੀਰਨ ਕੀ ਦਰ ਭੀਰਾ[5] । ਸਭਿ ਕੋ ਦੇਵਹਿਂ ਗੁਨੀ ਗਹੀਰਾ । ਲੇਖੇ ਕਰਨ ਵਿਖੇ ਬਰਿਆਈ[6] । ਕਾਢਹਿਂ ਅਪਨੀ ਸ਼ੇਖ ਵਧਾਈ[7] ॥ ੭੮ ॥ ਲੇਖਕ[8] ਹਾਰੇ ਅਧਿਕ ਪ੍ਰਬੀਨਾ । ਲੱਜਤਿ ਭੇ[9] ਮਨ ਅਚਰਜ ਚੀਨਾ[10] । ਤ੍ਰੈ ਸੈ ਤ੍ਰੈ ਸਹੰਸ੍ਰ ਇੱਕੀਸਾ[11] । ਆਨੇ ਆਪਨ[12] ਦੀਨ ਮਹੀਸ਼ਾ[13]’ ॥ ੭੯ ॥ ਭਨੇ[14] ਨਾਨਕੀ ‘ਸੋਦਰ[15] ਮੇਰਾ । ਤਿਨ ਕੋ ਪਤਾ[16] ਰਾਇ ਨੈ ਹੇਰਾ[17] । ਦ੍ਰਿਢ ਸ਼ਰਧਾ ਮਹਿਂ ਮਨ ਠਹਿਰਾਨਾ । ਸੁਖਦਾਨੀ ਤੇ ਸੋ ਵਰੁਸਾਨਾ[18] ॥ ੮੦ ॥ ‘ਸੁਨਿ ਸੁਮਤੇ[19] ! ਇਸ ਤੇ ਸੰਸਾਰਾ । ਬਹੁ ਵਰੁਸਾਵਹਿ ਹੋਇ ਉਧਾਰਾ । ਇਕ ਬੁਲਾਰ ਕੀ ਕਹਾ ਹੈ ਗਿਨਤੀ । ਤਰਹਿਂ ਅਸੁਰ[20] ਸੁਰ[21] ਕਰਹਿਂ ਜਿ ਬਿਨਤੀ’ ॥ ੮੧ ॥ ਦੋਹਰਾ ॥ ਭਈ ਹਰਖਤਾ[22] ਅਧਿਕ ਉਰ ਪਤਿ[23] ਕੇ ਸੁਨਿ ਕਰਿ ਬੈਨ । ਪ੍ਰਾਪਤਿ ਜਿਉਂ ਅਵਿਲੰਬਤਾ[24] ਵਧਤਿ[25] ਵੇਲ ਸਤ੍ਰੈਨ[26] ॥ ੮੨ ॥ ਦੰਪਤਿ[27] ਸੰਪਤ[28] ਬਹੁਤ ਪਿਖਿ ਸ਼ਰਧਾ ਧਰਤਿ ਬਿਸਾਲ । ਭਰਮ ਕਰਨ ਕੋ ਤਰਕ ਕਰਿ[29] ਸੇਵਹਿਂ ਚਰਨ ਕ੍ਰਿਪਾਲ ॥ ੮੩ ॥ ਇਤਿ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਪੂਰਬਾਰਧੇ ‘ਹਿਸਾਬ ਕਰਨ’ ਪ੍ਰਸੰਗ ਬਰਨਨੰ ਨਾਮ ਬੀਸਮੋ ਅਧਯਾਯ ॥ ੨੦ ॥

੨੧. [ਸ਼੍ਰੀ ਗੁਰੂ ਹਰਕ੍ਰਿਸ਼ਨ ਮੰਗਲ । ਬਰਾਤ ਦੀ ਚੜ੍ਹਾਈ ।]

ਦੋਹਰਾ ॥ ਸੁੰਦਰ ਬਦਨ, ਨਿਕਦਨ ਦੁਖ, ਸਦਨ ਸੁਖਨਿ, ਗੁਨ ਭੂਰ ।
ਸ਼੍ਰੀ ਸਤਿਗੁਰ ਹਰਿ ਕ੍ਰਿਸ਼ਨ ਜੀ ਜੈ ਜੈ ਮੰਗਲ ਮੂਰ ॥ ੧ ॥

{ ਬਦਨ=ਚਿਹਰਾ, ਮੂੰਹ, ਮੁਖੜਾ । ਨਿਕਦਨ=ਕੱਟਣ ਵਾਲੇ ।
[ਸੰਸ: ਨਿ ਕੰਦਨ=ਕੱਟਣਾ । ਫਾਰਸੀ–ਕੰਦਨ] । ਸਦਨ=ਘਰ । ਸੁਖਨਿ=ਸੁਖਾਂ ਦਾ ।
ਗੁਨ=ਗੁਣ, ਸ਼ੁਭ ਸੁਭਾਵ, ਖੂਬੀਆਂ, ਸਿਫਤਾਂ । ਭੂਰ=ਬਹੁਤੇ । [ਸੰਸ:, ਭੂਰਿ] ਅਮਿਤ ।
ਮੂਰ=ਮੂਲ । ਮੂਲ=ਅਸਲ, ਰਾਸ, ਮੂੜੀ । }

[1]ਛੱਡੀ । [2]ਫੇਰ । [3]ਸੱਚ (ਅ) ਨਿਰਛਲ । [4]ਅਚਰਜਤਾ । [5]ਦਰਵਾਜੇ ਤੇ ਭੀੜ । [6]ਜ਼ੋਰੋ ਜ਼ੋਰੀ । [7]ਵਾਧੇ ਵਾਲੀ ਬਾਕੀ । [8]ਮੁਨਸ਼ੀ । [9]ਸ਼ਰਮਿੰਦੇ ਹੋਏ । [10]ਜਾਣਿਆਂ । [11]੩੩੨੧) । [12]ਹਟੀ ਤੇ । [13]ਜੋ ਦਿੱਤੇ ਹਨ ਨਵਾਬ ਨੇ । [14]ਆਖਦੀ ਹੈ । [15]ਭਿਰਾ । [16]ਪਤੀਆ, ਅਜ਼ਮਤ । [17]ਰਾਇ ਬੁਲਾਰ ਨੇ ਵੇਖਿਆ ਹੈ । [18]ਉਹ ਵਰੋਸਾਇਆ ਹੈ । [19]ਹੇ ਸ੍ਰੇਸ਼ਟ ਬੁਧੀ ਵਾਲੀ । [20]ਦੈਂਤ । [21]ਦੇਵਤੇ । [22]ਖੁਸ਼ੀ । [23]ਪਤੀ । [24]ਆਸਰਾ । [25]ਵਧਦੀ ਹੈ । [26]ਵੇਲ ਜੀਕੂੰ ਆਸਰਾ ਪਾਕੇ (ਵਧਦੀ ਤੇ) ਫੈਲਦੀ ਹੈ [ਸੰਸ:, ਸਤ੍ਰ=ਫੈਲਨਾ], (ਅ) ਜਾਫਰੀ ਦਾ ਆਸਰਾ ਪਾਕੇ...... (ੲ) ਸੌ ਗੁਣਾਂ । [27]ਪਤੀ ਇਸਤ੍ਰੀ । [28]ਦੌਲਤ । [29]ਛੱਡਕੇ ।

ਅਰਥ—(ਜਿਨ੍ਹਾਂ ਦਾ) ਮੁਖ ਸੁਹਣਾ ਹੈ, ਦੁਖਾਂ ਦੇ (ਜੋ) ਕੱਟਣ ਵਾਲੇ ਹਨ, ਸੁਖਾਂ ਦਾ ਜੋ ਘਰ ਹਨ, ਗੁਣ ਜਿਨ੍ਹਾਂ ਵਿਚ ਬਾਹਲੇ ਹਨ (ਜੋ ਸਾਰੀਆਂ) ਖੁਸ਼ੀਆਂ ਦਾ ਮੂਲ ਹਨ (ਐਸੇ) ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਦੀ ਜੈ ਹੋਵੇ, ਜੈ ਹੋਵੇ!

[1]ਗਲ ਵਿਚ। [2]ਕਪੜੇ। [3]ਪੀਲੇ। [4]ਮਨ ਦੇ ਗ੍ਰਹਣ ਕਰਨ ਜੋਗ ਜੰਞੂ, ਭਾਵ-ਉਹ ਜੰਞੂ ਜਿਸਨੂੰ ਗੁਰੂ ਜੀ ਨੇ 'ਜੀਅ ਕਾ ਜਨੇਊ' ਕਿਹਾ ਹੈ। ਮਨੋ ਗ੍ਰਹਣ=ਮਨ ਦੇ ਗ੍ਰਹਣ ਕਰਨੇ ਜੋਗ। [5]ਜੰਞੂ। [6]ਸੁੰਦਰ। [7]ਕੜੇ। [8]ਸੋਨੇ ਦੇ। [9]ਬਹੁਤ। [10]ਬਹੁੱਟੇ ਫਬੇ ਹਨ। [11]ਗਲੇ ਵਿਚ ਲੰਬੀ ਮਾਲਾ। [12]ਮਾਨੋਂ ਸ਼ਾਂਤ ਰਸ ਸ਼ਿੰਗਾਰ ਦਾ ਰੂਪ ਧਾਰਕੇ ਪ੍ਰਗਟਿਆ ਹੈ। ਸ਼ਿੰਗਾਰ ਰਸ ਦੇ ਸਮਾਨ:-ਮਹਿੰਦੀ, ਪੀਲੇ ਕਪੜੇ, ਕੰਗਣ, ਬਹੁੱਟੇ। ਸ਼ਾਂਤ ਰਸ ਦੇ ਸਾਮਾਨ:-ਅਨੰਦ ਉਦਾ-ਰਤਾ, ਜੀਅਕਾ ਜਨੇਊ, ਮਾਲਾ। [13]ਜਿਵੇਂ ਸੋਨੇ ਵਿਚ। [14]ਇੰਦ੍ਰ (ਦੀ ਸਭਾ)। [15]ਗਾਇਨ ਵਾਲੀਆਂ। [16]ਵਜਾਉਣ ਤੇ ਗਾਉਣ ਵਾਲੇ। [17]ਪੈਰੀਂ। [18]ਝਾਂਝਰ। [19]ਕਿੰਕਨੀ। [20]ਛੈਂਸੀਆਂ। [21]ਨਸਤਰੰਗ ਵਾਜਾ। [22]ਰਾਗਨੀ। [23]ਛੇਤੀ। [24]ਛੇਤੀ। [25]ਬਾਹਾਂ। [26]ਵਿੰਗੀਆਂ ਕਰਕੇ। [27]ਚੰਚਲ। [28]ਟੋਰ। [29]ਸੁੰਦਰ ਅੰਗਾਂ ਵਾਲੀ। [30]ਅਦਾ ਨਾਲ ਚੱਲੀ। [31]ਨਿਵ ਨਿਵ ਕੇ ਨਿਹੁੜਾਈ। [32]ਮ੍ਰਿਦੰਗ ਦੀ 'ਦ੍ਰੁਮ' 'ਦ੍ਰੁਮ' ਦੀ ਅਵਾਜ਼ ਨਾਲ ਚਲਦੀ ਹੈ।

*ਪਾ:-ਮਨੋਗਤ=ਜੋ ਮਨ ਵਿਚ ਟਿਕੇ, ਮਨ ਦੇ ਧਾਰਨ ਜੋਗ।

†ਅਸਲ ਗਲ ਇਹ ਹੈ ਕਿ ਇਨ੍ਹਾਂ ਤੋਂ ਪਹਿਲੇ ਦਾ ਲਿਖਤੀ ਸਿਖ ਇਤਿਹਾਸ ਵੇਸ਼ਵਾ ਦੇ ਪ੍ਰਸੰਗ ਨੂੰ ਗ਼ਲਤ ਸਾਬਤ ਕਰਦਾ ਹੈ। ਇਕ ਵਿਦੇਸ਼ੀ ਇਤਿਹਾਸਕਾਰ ਪੁਰਾਤਨ ਜਨਮਸਾਖੀ ਤੇ ਭਾ: ਮਨੀ ਸਿੰਘ ਜੀ ਦੀ ਜਨਮ ਸਾਖੀ ਦੇ ਆਧਾਰ ਤੇ ਤਿਲਵੰਡੀ ਵਾਲੇ ਬਜਾਹ ਪ੍ਰਸੰਗ ਤੇ ਲਿਖਦਾ ਹੈ ਕਿ ਬਾਲਪਨੇ ਉਮਰੇ ਹੀ ਪਿਤਾ ਨੇ ਉਨ੍ਹਾਂ ਦਾ ਵਿਆਹ ਕਰ ਦਿੱਤਾ ਸੀ। ਵਿਸ਼ੇਸ਼ ਸਮਝਣ ਲਈ ਦੇਖੋ ਟੂਕ ਅਧਜਾਯ ੨੧ ਅੰਕ ੨੩ ਸ਼੍ਰੀ ਗੁ: ਨਾਨਕ ਪ੍ਰਕਾਸ਼ ਪੂਰਬਾਰਧ।

ਦ੍ਰਮ ਦ੍ਰਮਕੀ ਮਿਰਦੰਗਾ ॥ ੪੮ ॥ ਲੇ ਲਟ ਸੁਠ[੧] ਲਟਕੀ ਚਿਕਨਤਿ[੨] ਚੋਟਕੀ[੩] ਬੇਨੀ[੪] ਸਟਕੀ ਬਿਸਿਯਰਤੈਂ[੫]। ਬੈ ਬਿਧ[੬] ਜਿਉਂ ਨਟਕੀ ਸ਼ਾਰਤ[੭] ਪਟ ਕੀ ਕਰਵਰ ਮਟਕੀ ਸਿਰ ਧਰਤੈਂ[੮]। ਕੈ ਕਿੰਕਨ[੯] ਕਟ ਕੀ ਤਟ ਛਬਿ ਥਟਕੀ[੧੦] ਸਭਿ ਮਤ ਝਟਕੀ ਚਿੱਤ੍ਰ ਲਿਖੇ[੧੧]। ਸੋ ਸੁਧ[੧੨] ਨਹਿਂ ਘਟਕੀ[੧੩] ਸਭਾ ਸੁ ਠਟਕੀ[੧੪] ਦ੍ਰਿਸ਼ਟਹਿਂ ਅਟਕੀ ਨ੍ਰਿੱਤ ਵਿਖੇ[੧੫] ॥੪੯॥ ਅੜਿਲ ॥ ਵਿਸਰੇ ਦੇਸ਼ਨ ਕਾਲ ਸਭਾਸਦ ਜੇ ਸਬੈ। ਮੁਸਕਾਨੇ ਸੁਖਦਾਨ ਹੇਰਿ ਤਿਨ ਬਿਧਿ ਤਬੈ। ਇੰਦ੍ਰਜਾਲ ਕੀ ਰੀਤਿ ਜਗਤ ਪਰਪੰਚ ਜੋ। ਹੋ ਅਸ ਪ੍ਰਕਾਰ ਲਖਿ ਰਿਦੇ ਸਦੀਵ ਅਬੰਚ[੧੬] ਜੋ* ॥੫੦॥ ਦਯੋ ਦਰਬ ਬਹੁ ਭਿਸੈ ਮਹਾਂ ਸੁਖਕੰਦ ਹੈ। ਬੇਦੀਚੰਦ ਮੁਕੰਦ ਸੁ 'ਬ੍ਰਹਮਾਨੰਦ' ਹੈ। ਵਿਵਸਤੀਨ ਅਸ ਰੀਤਿ ਬਰਾਤ ਸੁਹਾਵਨੀ। ਹੋ ਰਹੀ ਕਹੀ ਜਿਉਂ ਆਦਿ ਕਥਾ ਬਰ[੧੭] ਪਾਵਨੀ[੧੮]।੫੧। ਤਿਨਪੁਨ ਮਾਨਵ[੧੯] ਪਠਾ[੨੦] ਹਕਾਰਨ[੨੧] ਆਇਓ। ਗਮਨੈ[੨੨] ਲੇਨਿ ਬਿਦਾਇ ਰਿਦਾ ਉਮਗਾਇਓ। ਕਾਲੂ ਲਾਲੂ ਆਦਿ ਸੁ ਪਰਮਾਨੰਦ ਜੋ। ਹੋ ਮੂਲੇ ਆਲਯ[੨੩] ਜਾਇ ਮਿਲੇ ਆਨੰਦ ਸੋਂ ॥ ੫੨ ॥ ਸੈਯਾ ॥ ਭਾਂਜਨ ਭੂਖਨ, ਚੀਰ, ਪਟੰਬਰ, ਸੁੰਦਰ ਹੈਂ ਪਸ਼ਮੰਬਰ ਭਾਰੇ। ਬਾਜਨ[੨੪] ਸਾਜ ਨਵੀਨ[੨੫] ਸਜੇ, ਬਹੁ ਦਾਇਜ[੨੬] ਦੀਨਿ ਉਤੰਗ ਤੁਖਾਰੇ[੨੭]। ਕੰਚਨ[੨੮] ਔਰ ਖਜੂਰ[੨੯] ਦਯੋ ਪੁਨ ਦਾਸੀ ਦਈ ਤਨਿਯਾ[੩੦] ਹਿਤਕਾਰੇ[੩੧]। ਦਾਇਜ ਦੀਨ ਵਡੋ, ਪੁਰਿ ਪੰਚ ਨੈ[੩੨] ਯੋਂ ਜਸ ਸੰਚਨ ਕੀਨ ਸਵਾਰੇ ॥੫੩॥ ਬਾਂਧਵ ਸੰਗ ਸੁ ਮੂਲਾ ਤਬੈ ਪੁਨ ਪੰਚ ਹਿਤਾ[੩੩] ਸਭਿ ਹ੍ਵੈ ਇਕ ਠਾਇ। ਦੋ ਕਰਿ ਹੋਇ ਅਧੀਨ ਰਹੇ ਕਰ ਬੰਦ ਦੋਊ ਮੁਖ ਬੈਨ ਅਲਾਏ। 'ਆਤਮਜਾ[੩੪] ਮਮ[੩੫] ਕਿੰਕਰੀ[੩੬]

---

[੧]ਸੁਹਣੀ ਜ਼ੁਲਫ਼। [੨]ਚਿੰਧਾਈ ਨਾਲ। [੩]ਚਿੰਧੀ ਹੈ। [੪]ਗੁੱਤ। [੫]ਪਿਛੇ ਲਟਕੀ ਹੋਈ ਹੈ ਸੱਪ ਵਾਂਗ। [੬]ਤਰ੍ਹਾਂ। [੭]ਇਸ਼ਾਰਾ। [੮]ਜਿਸ ਤਰ੍ਹਾਂ ਨਟ ਸਿਰ ਤੇ ਮਟਕੀ ਧਰਦਾ ਹੈ ਕਪੜੇ ਨੂੰ ਉਨ੍ਹਾਂ ਅਦਾਵਾਂ ਨਾਲ ਕਰਦੀ ਹੈ। [੯]ਤੜਾਗੀ। [੧੦]ਲੱਕ ਦੇ ਕੋਲ ਦੀ ਛਬਿ ਬੰਨ੍ਹ ਰਹੀ ਹੈ। [੧੧](ਦੇਖਣ ਹਾਰਾਂ ਦੀ) ਮਤ ਹਿਰ ਗਈ ਮਾਨੋਂ ਲਿਖੀਆਂ ਤਸਵੀਰਾਂ ਹਨ। [੧੨]ਹੋਸ਼। [੧੩]ਦਿਲ ਦੀ। [੧੪]ਅਸਚਰਜ ਵਿਚ ਚੱਕ੍ਰਿਤ ਹੋ ਗਈ। [੧੫]ਨਾਚ ਵਿਚ ਨਜ਼ਰਾਂ ਫਸ ਗਈਆਂ। [੧੬]ਅਠੱਗ। [੧੭]ਸ੍ਰੇਸ਼ਟ। [੧੮]ਪਵਿੱਤ੍ਰ। [੧੯]ਬੰਦਾ। [੨੦]ਭੇਜਿਆ। [੨੧]ਸੱਦਣ। [੨੨]ਫੇਰੇ। [੨੩]ਘਰ। [੨੪]ਘੋੜੀ। [੨੫]ਨਵੇਂ। [੨੬]ਦਾਜ। [੨੭]ਊਠ। [੨੮]ਸੋਨਾਂ। [੨੯]ਚਾਂਦੀ। [੩੦]ਪੁੱਤ੍ਰੀ ਦੀ। [੩੧]ਸੇਵਾ ਵਾਸਤੇ। [੩੨]ਨਗਰ ਦੇ ਪੈਂਚ ਨੇ। [੩੩]ਹਿੱਤਾ ਨਾਮੇਂ ਪੈਂਚ। [੩੪]ਪੁੱਤ੍ਰੀ। [੩੫]ਮੇਰੀ। [੩੬]ਦਾਸੀ।

*ਇਥੇ ਲੇਖਕ ਜੀ ਨੇ ਗੁਰੂ ਜੀ ਨੂੰ ਉਸ ਰਾਗ ਰੰਗ ਦੇ ਅਸਰ ਤੋਂ ਉੱਚੇ ਤੇ ਕਦੇ ਨਾ ਠੱਗੇ ਜਾਣ ਵਾਲੇ ਦਰਸਾਯਾ ਹੈ ਤੇ ਪ੍ਰਸੰਗ ਇਸੇ ਵਿਸ਼ੇਸ਼ਤਾ ਦਰਸਾਉਣ ਲਈ ਪਾਯਾ ਹੈ।

ਜਾਨਹੁ ਔਰ ਕਛੂ ਨਹਿੰ ਮੇਂ[1] ਬਨ ਆਏ। ਆਪ ਸਭੈ ਬਿਧਿ ਲਾਇਕ ਹੋ ਜਗ[2] ਯੌਂ ਕਹਿ ਆਪਸ ਮੈਂ ਹਰਿਖਾਏ ॥ ੫੪ ॥ ਦੋਹਰਾ ॥ ਸਭਿ ਬਿਧਿ ਨੀਕੀ ਰੀਤਿ ਕਰਿ ਦੁਇ ਦਿਸ਼ ਮੋਦਹਿ[3] ਛਾਇ। ਰਸ ਰਾਖਯੋ ਯੁਗ[3] ਪਰਸਪਰ[4] ਜਸ ਵਿਧਿ[5] 'ਹਿਤੋ[6]' ਅਲਾਇ[7] ॥ ੫੫ ॥ ਸੈਯਾ ॥ ਮੂਲੇ ਕੀ ਤੀਯ ਵਿਰਾਗ ਕਰੈ ਤਨੀਆ ਅਨੁਰਾਗ[8] ਰਿਦੇ ਉਮਗਾਏ[9]। ਔਰ ਮਿਲੀ ਕਨਕਾ[10] ਤਹਿੰ ਆਨਿ ਵਡੀ ਵਡਭਾਗਣ ਹੈ ਜਿਹ ਥਾਏ[11]। ਡੇਰੇ ਕੋ ਅੱਗ੍ਰਜ ਕੀਨਿ ਚਲੇ ਅਰਬਿੰਦ ਬਿਲੋਚਨ[12] ਰੂਪ ਸੁਹਾਏ।ਵਾਰਤਿ ਬਿੱਤ[13], ਉਦਾਰ ਕੀਏ ਚਿਤ, ਕੀਰਤਿ ਬੀਚ ਕਬਿੱਤਨਿ ਗਾਏ ॥ ੫੬ ॥ ਅੜਿਲ ॥ ਬ੍ਰਿੱਧ[14] ਤਰੁਨ[15] ਜੇ ਮਨੁਜ[16] ਸੁ ਦੁਹਨ ਦਿਸ਼ਾਨਿ[17] ਕੇ। ਜਸ ਵਿਸਤਾਰਹਿਂ ਅਧਿਕ ਕਹੈਂ ਬਿਸਮਾਨ ਕੇ[18]। 'ਹਮਹਿ ਬਿਲੋਕਤਿ ਕਬਹਿ ਨ ਅਸ ਉਤਸ਼ਵ ਭਯੋ। ਹੋ ਜੈਸੇ ਇਸ ਉਪਬ੍ਯਾਹਿ[19] ਹਰਖ ਅਤਿਸ਼ੈ ਭਯੋ' ॥ ੫੭ ॥ ਦੋਹਰਾ ॥ ਅਸ ਬਿਧਿ ਜਸ ਵਿਸਤਾਰਿ ਕੈ ਗਮਨੀ ਪੰਥ ਬਰਾਤ। ਕ੍ਰਮ ਕ੍ਰਮ ਕਰੇ ਨਿਵਾਸ ਤਿਉਂ ਜਿਉਂ ਕੀਨੇ ਮਗ ਜਾਤਿ[20] ॥੫੮॥ ਇਤਿ ਸ੍ਰੀ ਗੁਰਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬ੍ਯਾਹਿ ਪ੍ਰਸੰਗ' ਬਰਨਨੰ ਨਾਮ ਬਾਈਸਮੋਂ ਅਧ੍ਯਾਯ ।੨੨।

੨੩. [ਸ੍ਰੀ ਗੁਰੂ ਗੋਬਿੰਦ ਸਿੰਘ ਮੰਗਲ। ਤਲਵੰਡੀ ਜਾਣਾ]।

ਦੋਹਰਾ ॥ ਸਿਕਤਾ ਕਨ ਤੇ ਮੇਰੁ ਕਿਯ ਮੇਰਹੁੰ ਤੇ ਕਨ ਕੀਨ।
ਸ੍ਰੀ ਗੁਬਿੰਦ ਸਿੰਘ ਨਮਹਿ ਮਮ ਕੇਵਲ ਦਾਨੀ ਦੀਨ ॥ ੧ ॥

{ ਸਿਕਤਾ=ਰੇਤ। ਕਨ=ਕਿਣਕੇ ਤੋਂ। ਮੇਰੁ=ਮੇਰੂ—ਪਰਬਤ। }
{ ਨਮਹ=ਨਮਸਕਾਰ। ਮਮ=ਮੇਰੀ। ਕੇਵਲ=ਨਿਰੇ, ਇਕੱਲੇ ਆਪ। }

ਅਰਥ—(ਜਿਸਨੇ) ਰੇਤ ਦੇ ਕਿਣਕਿਆਂ ਨੂੰ ਪਰਬਤ ਬਣਾ ਦਿੱਤਾ ਤੇ ਪਰਬਤ ਨੂੰ ਕਿਣਕੇ ਕਰ ਸਿੱਟਿਆ, (ਹਾਂ ਜੋ) ਦ ਨਾਂ ਨੂੰ ਦਾਨ ਦੇਣ ਵਾਲਾ ਇਕੱਲਾ ਆਪ ਹੈ (ਉਸ ਸਤਿਗੁਰ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੀ ਨਮਸਕਾਰ ਹੋਵੇ।

ਭਾਵ—ਕਵਿ ਜੀ ਦਾ ਇਸ਼ਾਰਾ ਇੱਥੇ ਰੇਤ ਦੇ ਕਿਣਕੇ ਤੋਂ ਹਿੰਦਵਾਇਨ ਦਾ ਹੈ, ਓਹ ਕੋਮਾਂ ਜੋ ਹਿੰਦਵਾਸੀ ਸਨ, ਹਿੰਦ ਵਿਚ ਤੀਰਥ ਤੇ ਮੰਦਰ ਰੱਖਦੇ ਸਨ, ਜਿਨ੍ਹਾਂ ਨੂੰ

---

[1]ਮੇਥੋਂ। [2]ਖੁਸ਼ੀ। [3]ਦੋਨੋ ਧਿਰਾਂ ਨੇ। [4]ਆਪੇ ਵਿਚ। [5]ਜਿਸ ਤਰ੍ਹਾਂ। [6]ਹਿਤੋ ਪੈਂਚ ਨੇ। [7]ਕਿਹਾ ਸੀ। [8]ਧੀ ਦਾ ਮੋਹ। [9]ਉਛਲੇ। [10]ਕੰਨਜਾਂ। [11]ਜਿਥੇ ਵਡਭਾਗਣ (ਮਾਤਾ ਜੀ ਸਨ) ਹੋਰ ਕੁੜੀਆਂ ਮਿਲਣ ਆਈਆਂ। [12]ਕਵਲ ਨੇਤ੍ਰਾਂ ਵਾਲੇ। [13]ਧਨ। [14]ਵੱਡੇ ਤੇ। [15]ਜੁਆਨ। [16]ਮਨੁਖ। [17]ਦੋਹਾਂ ਤਰਫਾਂ ਦੇ। [18]ਹੈਰਾਨ ਹੋਕੇ। [19]ਵਿਆਹ ਵਿਚ। [20]ਜਾਂਦਿਆਂ ਵਾਰੀ ਜੀਕੂੰ ਮੁਕਾਮ ਕੀਤੇ ਸਨ।

ਵਿਦੇਸ਼ੀਆਂ, ਪਹਿਲੇ ਪਠਾਣਾਂ ਫੇਰ ਮੁਗਲਾਂ ਨੇ ਖੇਰੂ ਖੇਰੂ ਕਰ ਦਿੱਤਾ ਸੀ, ਕਿ ਓਹ ਜੋ ਜਥੇਬੰਦੀ ਤੋਂ ਟੁੱਟ, ਆਨ ਸ਼ਾਨ ਤੋਂ ਗਿਰ, ਲਗਾਤਾਰ ਜ਼ੁਲਮ ਹੇਠਾਂ ਰੇਤ ਦੇ ਕਿਣਕੇ ਵਾਂਙੂ ਖੇਰੂ ਖੇਰੂ ਹੋਏ ਸਨ, ਜਿਨ੍ਹਾਂ ਦੀ ਕਦੇ ਪਰਬਤ ਵਰਗੀ ਸੰਘਟਨ ਤੇ ਜੱਥੇ ਬੰਦ ਅਵਸਥਾ ਸੀ, ਉਨ੍ਹਾਂ ਦੀ ਲਾਜ ਰੱਖੀ, ਉੱਚ ਆਦਰਸ਼ ਦਿੱਤਾ ਤੇ ਖਾਲਸਾ ਸਾਜ ਜਥੇਬੰਦ ਕਰ ਪਰਬਤ ਬਨਾਯਾ, ਤੇ ਪਰਬਤ ਵਰਗੇ ਸੰਘਟਨ ਤੁਰਕਾਂ ਦਾ ਨਾਸ਼ ਅਰੰਭ ਦਿੱਤਾ, ਜੋ ਰੇਤ ਵਾਂਙੂ ਟੁੱਟ ਫੁੱਟ, ਬਿਖਰ, ਅੱਜ ਕਿਤੇ ਨਜ਼ਰ ਨਹੀਂ ਪੈਂਦਾ। ਹਿੰਦੂ ਜੋ ਦੀਨ ਹੋ ਚੁਕੇ ਸੇ ਉਨ੍ਹਾਂ ਨੂੰ ਹੋਰ ਨਾ ਕੋਈ ਬਾਹੁੜਿਆ, ਆਪ ਇਕੱਲੇ ਦਾਨੀ ਹੋਕੇ ਬਾਹੁੜੇ।

ਸ੍ਰੀ ਬਾਲਾ ਸੰਧੁਰੁ ਵਾਚ। ਚੌਪਈ॥ ਨਿਕਟਿ ਨਗਰ ਕੇ ਗਈ ਬਰਾਤਾ। ਜਾਂਕੀ ਸੋਭਾ ਭਾਂਤਿਨਿ ਭਾਂਤਾ। ਬਾਜੇ ਤੁਰਹੀ[੧] ਪਟਹਿ[੨] ਨਿਸ਼ਾਨਾ[੩]। ਪੁਰਿਕੇ ਨਰਨਿ ਸੁਨੀ ਧੁਨਿ ਕਾਨਾ॥ ੨॥ ਪਾਵਸ[੪] ਵਿਖੇ ਉਠਾ ਘਨ[੫] ਘੋਰਾ[੬]। ਹ੍ਵੈ ਪ੍ਰਮੋਦ[੭] ਜਿਉਂ ਮੋਰ ਨ ਥੋਰਾ[੮]।ਤਿਉਂ ਪੁਰਿ ਮਨੁਜ[੯] ਰਹੇ ਹਰਿਖਾਈ।ਸਦਨ ਨਾਨਕੀ ਭਨਤਿ* ਬਧਾਈ॥ ੩॥ ਤੂਰਨ ਬਹਿਰ[੧੦] ਨਗਰ ਤੇ ਆਏ। ਹਿਤ ਬਿਲੋਕਨੇ ਮਨ ਸੁਖ ਪਾਏ। ਕਰਿ ਸ਼ਿੰਗਾਰ ਕੋ ਨਾਗਰ ਨਾਰੀ। ਭੂਖਨ ਬਸਨ[੧੧] ਰੁਚਿਰ[੧੨] ਛਬਿ ਧਾਰੀ॥੪॥ ਬਾਂਧਿ ਬਾਂਧਿ ਬੀਥਨ ਮਹਿ[੧੩] ਟੋਲੀ। ਆਇ ਨਿਕੇਤ ਵਧਾਈ ਬੋਲੀ। ਬਧੂ[੧੪] ਬਿਲੋਕਨ ਕੀ ਅਭਿਲਾਖਾ। ਨਿਕਟਿ ਨਾਨਕੀ ਕਹਿ ਸੁਭ ਭਾਖਾ॥ ੫॥ ਨਗਰ ਪ੍ਰਵੇਸ਼ੀ ਸਗਲ ਬਰਾਤ॥ਜਨੁ ਅਨੰਦ ਕੋ ਮੇਘ ਸੁਹਾਤਾ। ਦੂਲਹੁ ਦੁਲਹਨ ਆਗੇ ਜਾਵਤਿ। ਪੀਛੇ ਲਾਲੂ ਧਨ ਬਰਖਾਵਤਿ॥ ੬॥ ਅਸ ਬਿਧਿ ਸ਼੍ਰੀ ਬੇਦੀ ਕੁਲਕੇਤੂ। ਮੰਦ ਮੰਦ ਗੇ ਅਪਨ ਨਿਕੇਤੂ। ਨਾਰਨ ਸਹਿਤ ਨਾਨਕੀ ਤੂਰਨ। ਨਿਕਸਿ ਕਰੀ ਕੁਲਰੀਤਿ ਸੰਪੂਰਨ॥ ੭॥ ਸਾਦਰ[੧੫] ਲੈ ਕਰਿ ਨਿਜ ਭਰਜਾਈ। ਸੁੰਦਰ ਮੰਦਰ ਬੀਚ ਬਸਾਈ†। ਪਾਇ ਓਲ ਮੈ[੧੬] ਧਨ ਕੀ ਥਾਤੀ[੧੭]। ਭਈ ਹਰਖ ਭੀ ਸੀਤਲ ਛਾਤੀ॥੮॥ ਬਦਨ ਬਿਲੋਕਤਿ ਸੰਗ ਉਮੰਗਾ। ਕੰਚਨ ਭੂਖਨ ਭੂਖਤਿ[੧੮] ਅੰਗਾ॥ਹੇਰਿ ਹੇਰਿ[੧੯] ਉਰ ਹਰਖੈਂ ਨਾਰੀ। ਦੇਤਿ ਆਸ਼ਿਖਾ[੨੦]

---

[੧]ਤੁਰੀ। [੨]ਭੇਰੀ। [੩]ਨਗਾਰੇ। [੪]ਬਰਸਾਤ। [੫]ਬੱਦਲ। [੬]ਅਵਾਜ। [੭]ਖੁਸ਼ੀ। [੮]ਬਹੁਤ। [੯]ਮਨੁਖ। [੧੦]ਬਾਹਰ। [੧੧]ਕਪੜੇ। [੧੨]ਸੁੰਦਰ। [੧੩]ਗਲੀਆਂ ਵਿਚ। [੧੪]ਵਹੁਟੀ। [੧੫]ਆਦਰ ਨਾਲ। [੧੬]ਝੋਲੀ ਵਿਚ। [੧੭]ਧਨ ਦੀ ਥੈਲੀ। [੧੮]ਪਹਿਨੇ ਹੋਏ। [੧੯]ਵੇਖ ਵੇਖਕੇ। [੨੦]ਅਸੀਸਾਂ।

*ਪਾ:-ਬਦਤ। †ਪਾ:-ਸੁਹਾਈ।

ਸੁਖਦ ਉਚਾਰੀ ॥੯॥ ਬਹੁਰ ਬਰਾਤਹਿ ਕੀਨਿ ਨਿਵੇਸਾ[੧]। ਪਰਮਾਨੰਦ ਕੀ ਪਾਇ ਨਿਦੇਸਾ[੨]। ਸੇਵਾ ਜਥਾ ਜੋਗ ਸਭਿ ਹੀ ਕੀ। ਤਬ ਜਰਾਮ ਕੀਨੀ ਬਿਧਿ ਨੀਕੀ[੩] ॥ ੧੦ ॥ ਅਸ* ਪ੍ਰਕਾਰ ਦੁਇ ਨਿਸਾ[੪] ਬਿਤੀਤੀ। ਪੁਨ ਕਾਲੂ ਬੋਲਯੋ ਸ਼ੁਭ ਰੀਤੀ। 'ਨਾਨਕ ਜਨਨੀ ਮਨ ਅਨੁਰਾਗੀ। ਦੇਖਨਿ ਹੇਤ ਦ੍ਰਿਸ਼ਟਿ ਇਤ ਲਾਗੀ ॥੧੧॥ ਤਿਹ ਕੋ ਕਰਨ ਮਨੋਰਥ ਪੂਰਨ। ਸਭਿ ਬਰਾਤ ਗਮਨੇ ਅਬ ਤੂਰਨ[੫]। ਬਧੂ ਸੰਗਿ ਲੇ ਨਾਨਕ ਗਮਨੈ[੬]। ਮਿਲੇ ਮਾਤ ਕੋ ਅਪਨੈ ਭਵਨੈ[੭] ॥੧੨॥ ਬਹੁਰ ਬੁਲਾਰ ਦਰਸ ਕੀ ਪ੍ਯਾਸਾ। ਚਲਿ ਤਲਵੰਡੀ ਪੂਰਹਿ ਆਸਾ। ਮੁਝ ਚਲਤਯੋ ਤਿਨ ਗਿਰਾ[੮] ਉਚਾਰੀ[੯]।–ਪੁਰਿ ਅਪਨੇ ਆਨਹੁ ਇਕ ਬਾਰੀ–॥੧੩॥ ਕੇਤਿਕ ਦਿਨ ਰਹਿ ਆਇ ਬਹੋਰੀ[੧੦]। ਕਰਹਿ ਕਾਰ ਇਉਂ ਮਸਲਤ ਮੋਰੀ'। ਸ਼੍ਰੀ ਨਾਨਕ ਕੋ ਰੁਖ਼ ਲਖਿ ਆਸੂ[੧੧]। ਬੋਲਯੋ ਤਬ ਜਰਾਮ ਤਿਹ ਪਾਸੂ॥੧੪॥'ਜਬ ਤੁਮ ਲੇ ਜਾਵਹੁਗੇ ਤਹਿੰਵਾ[੧੨]। ਮੋਦੀ ਕਾਰ ਨ ਹ੍ਵੈ ਨਿਰਬਹਿਵਾ[੧੩]। ਲੇਨਾ ਦੇਨਾ ਕਾਰਜ ਭਾਰੀ। ਬਿਨ ਇਨ ਤੇ ਨਹਿੰ ਜਾਤਿ ਸੰਭਾਰੀ[੧੪] ॥੧੫॥ ਸੌਦਾ ਆਪਨ[੧੫] ਵਿਖੈ ਵਿਸ਼ੇਖਾ। ਕਰਹਿ ਨਬਾਬ ਸੰਗ ਕੋ ਲੇਖਾ? ਕਮਲਨੈਨ ਕੋ ਰੁਖ਼ ਪੁਨ ਨਾਂਹੀ। ਗਵਨ ਬਨੈ ਕਿਉਂ ਤਵ ਘਰ ਮਾਂਹੀ'॥੧੬॥ ਸੁਨਿ ਜਰਾਮ ਕੀ ਗਿਰਾ[੧੬] ਅਹੇਤੂ[੧੭]। ਪੁਨ ਕਾਲੂ ਬੋਲਯੋ ਕੁਲਕੇਤੂ। 'ਸੁਨਹੁ ਆਤਮਜ[੧੮]! ਮਾਤ ਤੁਮਾਰੀ। ਹੋਇ ਹਰਖ ਸਹਿ ਬਧੂ[੧੯] ਨਿਹਾਰੀ[੨੦] ॥ ੧੭ ॥ ਤਲਵੰਡੀ ਚਲਿਯੋ ਇਕ ਬੇਰਾ। ਪੁਨਿ ਮਨ ਮੈ ਤਹਿੰ ਕਰਹੁ ਬਸੇਰਾ। ਪ੍ਰੇਮੀ ਪਰਮ ਬੁਲਾਰ ਬਹੋਰੀ†। ਕਰੀ ਬੰਦਗੀ ਦ੍ਵੈ ਕਰ ਜੋਰੀ ॥੧੮॥ ਮਮ ਸਨੇਹ ਜੇ ਗੁਨਹੁ ਨ ਉਰ ਮੈਂ। ਤਿਹ ਦਿਸ਼ ਦੇਖਿ ਚਲਹੁ ਨਿਜ ਪੁਰਿ ਮੈਂ'। ਅਸ ਬਿਧਿ ਝਗਰਤਿ ਆਪਸ ਮਾਂਹੀ। ਚਲਿ ਕਰਿ ਆਵਾ ਮੂਲਾ ਤਾਂਹੀ ॥ ੧੯ ॥ ਤੀਨ ਦਿਵਸ ਭੇ ਬਯਾਹ ਪਿਛਾਰੀ। ਗਮਨਯੋ ਨਿਜ ਘਰ ਤੇ ਹਿਤ ਧਾਰੀ। ਲੇਨਿ ਹੇਤ ਨਿਜ ਤਨਿ-ਜਾ ਆਯੋ।ਪਹੁੰਚ ਸਭਿਨਿ ਮੈਂ ਸੀਸ ਨਿਵਾਯੋ।੨੦।ਸੁਨਿ ਪ੍ਰਬਾਦ[੨੧] ਕੋ ਬਚਨ

---

[੧]ਡੇਰਾ ਯਾ ਆਰਾਮ ਕੀਤਾ। [੨]ਆਗਯਾ। [੩]ਚੰਗੀ ਤਰ੍ਹਾਂ। [੪]ਦੋ ਰਾਤਾਂ। [੫]ਛੇਤੀ। [੬]ਚੱਲੇ। [੭]ਘਰ ਵਿਚ। [੮]ਬਾਣੀ। [੯]ਉਚਾਰੀ ਸੀ। [੧੦]ਫੇਰ। [੧੧]ਛੇਤੀ। [੧੨]ਓਥੇ। [੧੩]ਨਹੀਂ ਚਲੇਗੀ। [੧੪]ਸੰਭਾਲਿਆ ਨਹੀਂ ਜਾਂਦਾ। [੧੫]ਹਟ। [੧੬]ਬਾਣੀ। [੧੭]ਰੁੱਖੀ। [੧੮]ਪੁੱਤਰ। [੧੯]ਵਹੁਟੀ ਸਣੇ। [੨੦]ਵੇਖਕੇ। [੨੧]ਝਗੜੇ। *ਪਾ:–ਇਸ।

†ਪਾ:–ਪਰਮ ਪ੍ਰੇਮ ਬੁਲਾਰ ਬਹੋਰੀ।

ਬਖਾਨਾ॥'ਰਹਿ ਸ੍ਰੀ ਨਾਨਕ ਪੁਰਿ ਸੁਲਤਾਨਾ॥ਕਾਰ ਕਰਨ ਕੋ ਔਰ ਨ ਕੋਊ। ਲੇਖਾ ਕਰਹਿ ਵਿਸ਼ੇਖਹਿ ਜੋਊ' ॥੨੧॥ ਪੁਨ ਪਰਮਾਨੰਦ ਪਰਮ ਸਯਾਨਾ॥ ਮਾਨਹਿਂ ਜਿਹ ਬਚ ਜੇ ਮਤਿਵਾਨਾ[੧] । ਸਭਿਨਿ ਹੇਤ ਕੀ ਬੋਲਯੋ ਬਾਨੀ। 'ਸੁਨਹੁ ਸ਼੍ਰੋਨਿ ਸ਼ੁਭ ਰੀਤਿ ਪਛਾਨੀ ॥ ੨੨ ॥ ਭਯੋ ਬਯਾਹ ਸੁਤ ਇਕ ਕੀ ਮਾਤਾ । ਬਿਨਾ ਬਿਲੋਕੇ[੨] ਕਯੋਂ ਹ੍ਵੈ ਸ਼ਾਂਤਾ । ਇਤਹਿ[੩] ਉਡੀਕਤਿ ਸੋਂ ਦ੍ਰਿਗ ਲਾਈ[੪]। ਬਿਛੁਰੇ ਬਛ[੫] ਜਯੋਂ ਧੇਨੁ ਲਵਾਈ[੬] ॥ ੨੩ ॥ ਅਸ ਉਤਸ਼ਵ ਬਿਨ ਮਿਲੇ ਅਨੀਤੂ । ਸਭਿ ਮਨ ਲਖਹੁ[੭] ਹੋਤਿ ਵਿਪਰੀਤੂ[੮]। ਮੂਲ ਚੰਦ ਸੁਨਿ ! ਭੋਰ[੯] ਕੁਮਾਰੀ[੧੦]।ਭਯੋ ਆਵਨਾ[੧੧] ਪੂਰਬ ਵਾਰੀ ॥੨੪॥ ਜਾਇ ਸਾਸ ਢਿਗ[੧੨]ਰੀਤਿ ਸੁਹਾਤੀ।ਹੇਰਿ[੧੩]ਬਧੂ ਹ੍ਵੈ ਸੀਤਲ ਛਾਤੀ । ਕੇਤਿਕ ਦਿਨ ਰਹਿ ਲੇਯ ਅਸੀਸਾ॥ਪੁਨਿ ਆਵਹਿ ਪਦ ਪਰ ਧਰਿ ਸੀਸਾ॥੨੫॥ਕਿਉਂ ਇਨ ਬਨੈ ਰਹਿਨ ਤਲਵੰਡੀ।ਕ੍ਰਿਤ ਮੋਦੀ ਕੀ ਇਹਠਾਂ ਮੰਡੀ। ਬਾਲੇ ਕੋ ਤਜਿ ਕਰਿ[੧੪] ਅਬ ਜਾਵਹਿਂ । ਬਹੁਰ ਆਇ ਨਿਜ ਕਾਰ ਚਲਾਵਹਿਂ'॥੨੬॥ ਸੁਨਿ ਪਰਮਾ- ਨੰਦ ਕੀ ਸ਼ੁਭ ਬਾਨੀ। ਮਨ ਮਾਨੀ[੧੫] ਸਭਿ ਤੂਸ਼ਨ ਠਾਨੀ। ਮੁਝੇ ਬੁਲਾਇ ਲੀਨ ਤਿਹ ਕਾਲਾ। ਬੋਲੇ ਬਾਨੀ ਦੀਨ ਦਯਾਲਾ ॥ ੨੭ ॥ 'ਹਮ ਜਾਵਹਿਂ ਤਲਵੰਡੀ ਨਗਰੀ । ਰਹਿ ਤੁਮ ਕਾਰ ਚਲਾਵਹੁ ਸਗਰੀ।ਖਰਚ ਨਿਸ਼ੰਕਹਿ ਦੇਹੁ ਵਿਸ਼ੇਖਾ। ਆਨਿ ਕਰਹਿੰਗੇ ਹਮ ਸਭਿ ਲੇਖਾ' ॥ ੨੮ ॥ ਸੁਨੀਏ ਸ੍ਰੀ ਅੰਗਦ ਕਹਿ ਬਾਲਾ॥ਹੌਂ ਬੋਲਯੋ ਬਾਨੀ ਤਿਹ ਕਾਲਾ। 'ਲੇਨਿ ਦੇਨਿ ਕੋ ਕਾਜ ਵਿਸ਼ੇਖਾ[੧੬]। ਮੋ ਤੇ ਸਾਂਭਯੋ ਜਾਇ ਨ ਲੇਖਾ॥੨੯॥ ਕਾਰ ਚਲੈ ਕਿਉਂ ਬਿਨਾ ਤੁਮਾਰੇ। ਰਹਨਿ ਚਾਹਿ ਮਮ[੧੭] ਸਦਾ ਸੰਗਾਰੇ[੧੮]। ਰਾਵਰ ਸਰਸ[੧੯]*ਹੋਇ ਜੋ ਕੋਊ। ਤੌ ਤੁਮ ਕ੍ਰਿਤ ਨਿਬਾਹੈ ਸੋਊ'॥੩੦॥ਸੁਨਿ ਬੋਲੇ ਸ੍ਰੀ ਮੁਖ ਸਸਿ ਸ਼ੋਭਾ॥ ਬਚਨਨਿ ਪਰ ਅੰਮ੍ਰਿਤ ਛਬਿ[੨੦]ਲੋਭਾ[੨੧]।'ਹ੍ਵੈਬਾਲੇ ਤੁਝਕੋ ਮਮ ਸੰਗਾ[੨੨]।ਸਭੈ ਬੈਸ ਮੈਂ ਰਹੈਂ ਅਭੰਗਾ[੨੩] ॥ ੩੧ ॥ ਸਦਾ ਨਾਮ ਮਹਿਂ ਪ੍ਰੀਤਿ ਘਨੇਰੀ। ਜਨਮ ਮਰਨ ਕੀ ਕਟੈ ਜੁ ਬੇਰੀ। ਕਾਰ ਕਰੈ ਸਭਿ ਹੀ ਕਰਤਾਰਾ। ਰਹੁ ਠਾਂਵੋ ਮਧ

---

[੧]ਬੁਧੀਮਾਨ ਸਾਰੇ । [੨]ਵੇਖੇ ਬਿਨਾ । [੩]ਇਸ ਪਾਸੇ। [੪]ਅੱਖਾਂ ਲਾਕੇ । [੫]ਵਛੇ ਨੂੰ । [੬]ਜਿਵੇਂ ਗਊ ਲਵੇਰੀ । [੭]ਸਮਝੋ । [੮]ਉਲਟੀ ਰੀਤ ਹੁੰਦੀ ਹੈ। [੯]ਤੋਰੀ। [੧੦]ਪੁਤ੍ਰੀ। [੧੧]ਪਹਿਲੀ ਵਾਰੀ। [੧੨]ਸੱਸ ਦੇ ਪਾਸ। [੧੩]ਵੇਖਕੇ। [੧੪]ਹੱਟੀ ਤੇ ਛੱਡਕੇ। [੧੫]ਮਨ ਵਿਚ (ਠੀਕ) ਮੰਨਕੇ । [੧੬]ਬਹੁਤ ਹੈ। [੧੭]ਮੇਰੀ। [੧੮](ਤੁਸਾਂ ਦੇ) ਨਾਲ। [੧੯]ਆਪ ਜੇਹਾ। [੨੦]ਅੰਮ੍ਰਿਤ ਦੀ ਸ਼ੋਭਾ। [੨੧]ਲੁਭਾ ਰਹੀ ਹੈ। [੨੨]ਮੇਰਾ ਸਾਥ। [੨੩]ਲਗਾਤਾਰ।

*ਪਾ:—ਸਮਸਰ ।

ਈਠ* ਹਮਾਰਾ[੧] ॥੩੨॥ ਏਕ ਮਾਸ[੨] ਲੌ ਹਮਰੋ ਆਵਨ। ਤਾਵਦ[੩] ਰਹੀਏ ਰੀਤਿ ਸੁਹਾਵਨ'। ਇਉਂ ਸੁਨਿ ਮੈਂ ਸੁਖ ਪਾਇ ਘਨੇਰਾ। ਕਹ੍ਯੋ ਬਚਨ 'ਹੌਂ ਰਾਵਰਿ ਚੇਰਾ॥੩੩॥ ਕਰਿ ਕਰੁਨਾ ਦੀਜੈ ਬਰ ਐਸੋ। ਤੁਮ ਆਇਸੁ ਪੇਲੌਂ ਨਹਿਂ[੪] ਕੈਸੋ[੫]। ਰਹੌਂ ਸਦਾ ਮੈਂ ਹ੍ਵੈ ਅਨੁਸਾਰੀ। ਰਿਦੇ ਲਾਲਸਾ ਯਹੀ ਹਮਾਰੀ'॥੩੪॥ ਪ੍ਰੇਮ ਪ੍ਰਸੀਦੇ ਸੁਨਿ ਕਰਿ ਬਚਨਾ। ਕਹ੍ਯੋ 'ਹੋਇ ਮਨ ਹਰਿ ਸੰਗਿ ਖਚਨਾ'। ਕਰੀ ਬਹੁਰ ਤਲਵੰਡੀ ਤ੍ਯਾਰੀ। ਜੋ ਬਰਾਤ ਸਭਿ ਸੰਗਿ ਸਿਧਾਰੀ॥੩੫॥ ਮੈਂ ਪੀਛੇ ਕੀਨੀ ਕ੍ਰਿਤਿ ਮੋਦੀ। ਦਯੋ ਖਰਚ ਜੋ ਚਹਿ ਨ੍ਰਿਪ ਲੋਦੀ। ਵਸਤੁ ਸਭਿਨਿ ਕੇ ਅਤੁਟ ਭੰਡਾਰਾ। ਆਪਨ ਬੈਸਾ[੬] ਦੇਉਂ ਸੁਖਾਰਾ। ॥ ੩੬ ॥ ਦੋਹਰਾ ॥ ਬਾਲਾ ਕਹਿ, ਦੇਖੇ ਨਹੀਂ ਤਲਵੰਡੀ ਜੁ ਅਨੰਦ। ਸੁਨੋ ਸੁ ਜਿਸ ਬਿਧਿ ਹੌਂ ਕਹੌਂ ਸ਼੍ਰੀ ਅੰਗਦ ਸੁਖ ਕੰਦ ! ॥੩੭॥ ਚੌਪਈ॥ ਤਲਵੰਡੀ ਕੇ ਨਿਕਟ ਪਹੂਚੇ। ਬਾਜਤਿ ਬਾਜੇ ਜਿਨ ਧੁਨਿ ਊਚੇ। ਤਬ ਪੁਰਿ† ਪਾਈ ਸਾਗਰ ਸੋਭਾ[੭]। ਉਮਗੇ ਨਰ ਜਨੁ ਬਢ੍ਯੋ ਛੋਭਾ[੮] ॥੩੮॥ ਕਰਿ ਸ਼ਿੰਗਾਰ ਕੇ ਨਾਗਰ ਨਾਰੀ। ਕੰਚਨ ਭੂਖਨ ਰੁਚਿਰ ਸਵਾਰੀ। ਪਰਿਪਾ[੯] ਚਲੀ ਪ੍ਰਕਾਸ਼ ਛਬੀਲਾ। ਸੋਹਤਿ ਜਨੋਂ ਬੜਵਾਨਲ ਕੀਲਾ[੧੦] ॥ ੩੯ ॥ ਕੀਰਤਿ ਰਾਂਕਾ[੧੧] ਬਨੀ ਸੁਹਾਤੀ। ਉਡਗਨ[੧੨] ਭੂਖਨ ਸਹਿਤ ਬਰਾਤੀ[੧੩]। ਬਚਨ ਅਮੀ[੧੪] ਅਹਿਲਾਦ ਮੁਕੰਦਾ। ਅਸ ਸ਼੍ਰੀ ਨਾਨਕ ਪੂਰਨ ਚੰਦਾ ॥੪੦॥ ਤਿਸਹਿ

---

[੧]ਤੂੰ ਮੇਰੇ ਪਿਆਰੇ (ਹੱਟੀ) ਵਿੱਚ ਖੜਾ ਹੋ ਰੌਹੁ। [੨]ਮਹੀਨਾ। [੩]ਤਦ ਤਕ। [੪]ਮੋੜਾਂ ਨਾਂ। [੫]ਕਿਸੇ ਤਰ੍ਹਾਂ ਵੀ। [੬]ਹੱਟੀ ਤੇ ਬੈਠਾ। [੭]ਸ਼ਹਿਰ ਨੇ ਪਾਈ ਸਮੁੰਦਰ ਦੀ ਸ਼ੋਭਾ। [੮]ਚੜ੍ਹਾਉ। [੯]ਗਲੀਆਂ ਵਿਚ। [੧੦]ਸਮੁੰਦਰੀ ਅੱਗ ਦੀ ਲਾਟ। [੧੧]ਚਾਂਦਨੀ। [੧੨]ਤਾਰੇ। [੧੩]ਜਾਞੀ। [੧੪]ਅੰਮ੍ਰਿਤ। *ਪਾ:-ਮੀਤ।

†ਤਲਵੰਡੀ ਨਗਰੀ ਨੂੰ ਸਮੁੰਦਰ ਦੇ ਅਲੰਕਾਰ ਵਿਚ ਕਵੀ ਜੀ ਦਿਖਾਉਂਦੇ ਹਨ। ਨਗਰੀ ਹੈ ਸਮੁੰਦਰ, ਸ਼ਹਿਰ ਦੀਆਂ ਗਲੀਆਂ ਵਿੱਚ ਗਹਿਣੇ ਕੱਪੜੇ ਪਾਕੇ ਜੋ ਇਸਤ੍ਰੀਆਂ ਦੀਆਂ ਟੋਲੀਆਂ ਤੁਰੀਆਂ ਹਨ ਇਹ (ਬੜਵਾਨਲ) ਸਮੁੰਦਰ ਵਿਚ ਹੋਣ ਵਾਲੀ ਚਮਕਦੀ ਅੱਗ ਹੈ, ਮਨੁੱਖਾਂ ਦੀ ਵਸੋਂ ਪਾਣੀ ਹੈ, ਸ਼ਹਿਰ ਦੀ ਫਸੀਲ ਕਿਨਾਰੇ ਹਨ, ਇਹਨਾਂ ਨੂੰ ਲੰਘਕੇ ਲੋਕ ਜੋ ਦਰਸ਼ਨ ਲਈ ਬਾਹਰ ਨਿਕਲੇ ਹਨ ਇਹ ਮਾਨੋਂ ਪਾਣੀ ਦਾ ਜੁਵਾਰ ਭਾਟਾ ਹੈ, ਪੁੰਨਿਆਂ ਨੂੰ ਜਿਵੇਂ ਸਮੁੰਦਰ ਚੰਦ ਨੂੰ ਵੇਖਕੇ ਉੱਛਲਦਾ ਹੈ। ਪੂਰਨਮਾਸ਼ੀ ਦਾ ਚੰਦ੍ਰਮਾ ਸਤਿਗੁਰੂ ਜੀ ਹਨ, ਜਿਨ੍ਹਾਂ ਦੇ ਵਿਚ ਵਚਨਾਂ ਰੂਪੀ ਅੰਮ੍ਰਿਤ ਹੈ। ਜਾਂਞੀ ਅਕਾਸ਼ ਦੇ ਤਾਰਿਆਂ ਵਾਂਗ ਹਨ, ਗੁਰੂ ਮਹਾਰਾਜ ਦੀ ਕੀਰਤੀ ਚਾਂਦਨੀ ਹੈ, ਵੇਖਣ ਵਾਲਿਆਂ ਦੀਆਂ ਅੱਖਾਂ ਚਕੋਰ ਹਨ ਜੋ ਦਰਸ਼ਨ ਕਰਕੇ ਸ਼ਾਂਤੀ ਅਰ ਅਨੰਦ ਲੈ ਰਹੇ ਹਨ।

ਬਿਲੋਕਨ ਹੇਤ ਉਮੰਗਾ। ਆਵਤਿ ਨਰ ਜਨੁ ਉਠੇ ਤਰੰਗਾ। ਨਗਰ ਕੋਟ ਖੇਲਾ[੨] ਤਜਿ[੩] ਤੂਰਨ। ਫੈਲਯੋ ਜਲ ਜਿਉਂ ਵਹਿਰ ਸੰਪੂਰਨ ॥ ੪੧ ॥ ਦੇਖਿ ਦੇਖ ਪਰਮੋਦ* ਨ ਥੋਰਾ। ਸਭਿਹਿਂ ਬਿਲੋਚਨ ਕੀਨਿ ਚਕੋਰਾ। ਚਿਰੇਕਾਲ ਬਿਛਰੇ ਸੁਖ ਰਾਸਾ[੪]। ਜਿਨਕੋ ਮਿਲਨੈ ਕੀ ਬਹੁ ਪਯਾਸਾ॥੪੨॥ਅਸ ਪ੍ਰਕਾਰ ਪੁਰਿ ਨਿਕਟਿ ਬਰਾਤਾ। ਪ੍ਰਵਿਸ਼ੀ ਦ੍ਵਾਰ ਪ੍ਰਕਾਸ਼ ਸੁਹਾਤਾ। ਜਹਿਂ ਚੋਪਰ ਜਯੋਂ[੫] ਚਾਰਬਜਾਰੂ।ਤਿਹ ਮਹਿਂਗਮਨੇਹਰਖਅਪਾਰੂ॥੪੩॥ਧਨਵਾਰਤਿਬਰਖਾਵਤਿ ਭਾਰੀ। ਕਰਹਿਂ ਸੁਜਸ ਜਹਿਂ ਤਹਿਂ ਨਰ ਨਾਰੀ। ਨਿਜ ਨਿਕੇਤ ਕੇ ਨਿਕ-ਟਹਿ ਆਏ। ਅਨਿਕ ਭਾਂਤਿ ਕੇ ਹੋਤਿ ਵਧਾਏ ॥ ੪੪ ॥ ਭਾ ਤ੍ਰਿਪਤਾ ਉਰ[੬] ਹਰਖ ਘਨੇਰਾ। ਸਹਿਤ ਸਨੂਖਾ[੭] ਸੁਤ ਕੋ ਹੇਰਾ। ਕਰਹਿ ਨਿਛਾਵਰ ਦਰਬ ਅਪਾਰਾ। ਵਾਰੈ[੮] ਵਾਰ ਵਾਰ[੯] ਵਰ ਵਾਰਾ[੧੦] ॥ ੪੫ ॥ ਜੋ ਕੁਲਰੀਤਿ ਸ਼ਗੁਨ ਸ਼ੁਭ ਕਰਿਹੀ। 'ਹੌਂ ਬਲਿਹਾਰੀ' ਬੈਨ ਉਚਰਿਹੀ। 'ਭਯੋ ਸਪੂਤ ਨਿਕਤ ਹਮਾਰੇ। ਬਿੰਸਤਏਕ[੧੧] ਜਾਸੁ[੧੨] ਕੁਲ ਤਾਰੇ'॥੪੬॥ ਮਿਲੀ ਸੁਲ-ਖਣੀ ਪੁਨਿ ਨਿਜ ਸਾਸੂ। ਧਰਯੋ ਚਰਨ ਪਰ ਮਸਤਕ ਆਸੂ[੧੩]। ਆਸ਼ਿਖ[੧੪] ਦੀਨੀ,ਲੀਨੀ ਅੰਕਾ[੧੫]। ਹਰਖ ਬਿਲੋਕਯੋ ਬਦਨ ਮਯੰਕਾ[੧੬]॥ ੪੭॥ ਬੇਦੀ ਕੁਲ ਕੀ ਮਿਲੀ ਬਧੂਟੀ। ਦੇਖਿ ਦੇਖਿ ਮੁਖ ਸੁਖ ਜਨੁ ਲੂਟੀ। ਨਿਕਟਿ ਸੁ ਤ੍ਰਿਪਤਾ ਦੇਤਿ ਵਧਾਈ। ਲੇਤਿ ਹਰਖ ਯੁਤਿ ਅੰਗ ਨ ਮਾਈ ॥੪੮॥ ਸਹਿਤ ਸਨੂਖਾ ਸੁਤਹਿ ਸੁਹਾਈ।ਵਾਰਤਿ[੧੭]ਮਾਤੁ ਲਵਨ[੧੮]ਪੁਨਿਰਾਈ।ਤੋਰਿ ਤੋਰਿ[੧੯] ਤ੍ਰਿਨ[੨੦]ਡਾਰਤਿ ਪੀਠਾ।ਕਹੈ ਕਿ'ਲਗਹਿ ਨ ਕਾਹੂ ਡੀਠਾ[੨੧]'॥੪੯॥ਨਿਕਸ† ਸਦਨ ਦੁਖਕਦਨ ਬਹੋਰੀ। ਮਿਲੇ ਸਭਿਨਿ ਕਰਿ ਪ੍ਰੀਤ ਨ ਥੋਰੀ। ਯਥਾ-ਯੋਗ ਕੀਨੇ ਸਨਮਾਨਾ। ਬੈਠੇ ਸਭਾ ਲਗਾਇ ਸੁਜਾਨਾ ॥ ੫੦ ॥ ਕੁਸ਼ਲ ਪ੍ਰਸ਼ਨ‡ ਸਭਿਹਿਨਿ ਸੋਂ ਬੂਝੇ। ਸੁਖਹਿ ਸੁਨਾਯੋ ਨੇਹੁ ਅਰੂਝੇ[੨੨]। ਮ੍ਰਿਦੁਲ ਉਦਾਰ ਮਧੁਰ ਲਖਿ ਸ਼ੀਲਾ[੨੩]। ਸਭਿਹਿ ਸਰਾਹਹਿਂ ਰੂਪ ਛਬੀਲਾ§॥੫੧॥

---

[੧]ਸ਼ਹਿਰ ਦੀ ਫਸੀਲ। [੨]ਕਿਨਾਰੇ ਹਨ। [੩]ਛੱਡਕੇ। [੪]ਗੁਰੂ ਜੀ। [੫]ਚੋਪੜ ਵਾਂਗੂੰ। [੬]ਗੁਰੂ ਜੀ ਦੀ ਮਾਤਾ ਦੇ ਦਿਲ ਵਿਚ। [੭]ਨੂੰਹ ਸਮੇਤ। [੮]ਵਾਰਦੀ ਹੈ। [੯]ਬਾਰ ਬਾਰ। [੧੦]ਦੂਲ੍ਹੇ ਤੋਂ ਪਾਣੀ। [੧੧]ਇੱਕੀ। [੧੨]ਜਿਸ ਨੇ। [੧੩]ਛੇਤੀ। [੧੪]ਅਸੀਸਾਂ। [੧੫]ਜੱਫੀ ਵਿਚ। [੧੬]ਮੁਖ ਚੰਦ੍ਰਮਾਂ। [੧੭]ਵਾਰਦੀ ਹੈ। [੧੮]ਲੂਣ। [੧੯]ਤੋੜ ਤੋੜਕੇ। [੨੦]ਤੀਲੇ। [੨੧]ਨਜ਼ਰ। [੨੨]ਗੁਰੂ ਜੀ ਦੇ ਪਯਾਰ ਵਿੱਚ ਉਲਝੇ ਹੋਏ ਲੋਕਾਂ ਨੇ ਸੁਖਸਾਂਦ ਸੁਣਾਈ। [੨੩]ਸੁਭਾਵ।

*ਪਾ:-ਸੁ ਪ੍ਰਮੋਦ।

†ਪਾ:-ਨਿਕਟ। ‡ਪਾ:-ਪ੍ਰਸੰਨ। §ਪਾ:-ਸੁਸ਼ੀਲਾ।

ਯੁਗਲ[੧] ਮਹੂਰਤ ਬੈਸਿ ਬਿਤਾਇ। ਉਠਿ ਘਰ ਘਰ ਸਭਿ ਨਰ ਪਧਰਾਇ।
ਪੁਨਿ ਕਾਲੂ ਬੋਲਯੋ 'ਇਉ*ਕੀਜੈ।ਚਲਿ ਬੁਲਾਰ ਢਿਗ ਤਾਤ[੨]! ਮਿਲੀਜੈ'
॥੫੨॥ ਕਿੰਚਤ ਮਾਨਵ ਲਾਲੂ ਸਾਥਾ। ਸੁਨਿ ਕਰਿ ਗਵਨੇ ਸ਼੍ਰੀ ਜਗਨਾਥਾ।
ਜਹਿਂ ਨਿਜ ਮੰਡਪ[੩] ਸਭਾ ਲਗਾਈ।ਬੂਝਤਿ ਰਾਇ ਬਿਵਾਹ ਭਲਾਈ॥੫੩॥
ਤਹਾਂ ਜਾਇ ਪਹੁੰਚੇ ਗੁਨਖਾਨੀ। ਕਰਨ ਈਠ ਕੋ[੪] ਬਿਰਹਿ ਪ੍ਰਹਾਨੀ[੫]। ਪੇਖਤਿ
ਪੁਲਕਯੋ ਪ੍ਰੇਮਹਿਂ ਅੰਗਾ। ਤੂਰਨ[੬] ਤਿਸ਼ਟਯੋ[੭] ਸੰਗਿ ਉਮੰਗਾ[੮] ॥ ੫੪ ॥
ਬਦਨ ਚੰਦ੍ਰਮਾ ਉੱਜਲ ਓਰਾ। ਲੋਚਨ ਕੀਨਿ ਚਕੋਰਨਿ ਜੋਰਾ[੯]। ਨਿਕਟ
ਜਾਇ ਪਦ ਪਰਸਨ ਹੇਤੂ[੧੦]। ਝੁਕਨ ਲਗੇ ਬੇਦੀ ਕੁਲ ਕੇਤੂ ॥੫੫॥ ਭਰਿ
ਕਰ ਸੋਂ ਕੋਰੀ[੧੧] ਗਰ[੧੨] ਲਾਇ। ਲੋਚਨ ਬੀਚ ਅਨੰਦ ਜਲ ਛਾਇ। ਸੁਖ
ਬੂਝਤਿ ਭੇ ਗਦ ਗਦ ਬਾਨੀ।ਬਿਨ ਉਚਰੇ[੧੩]ਦੁਹਿ ਦਿਸ਼ਿ ਪਹਿਚਾਨੀ ॥੫੬।
ਮੌਚ ਸਿਰ੍ਹਾਨੇ ਦਿਸ਼[੧੪] ਬਰਿਆਈ[੧੫]। ਬੈਸਾਇ[੧੬], ਉਰ ਮੋਦ ਬਡਾਈ
ਦਰਸ ਪਯਾਸ ਦਿਨ ਬਿਤੇ ਨ ਥੋਰੇ। ਜਨੁ ਪੀਵਤਿ ਕਿਯ ਨੈਨ ਕਟੋਰੇ॥੫੭।
ਏਕ ਘਟੀ[੧੭] ਲਗ ਕੋਇ ਨ ਬੋਲਾ। ਹੇਰਿ ਪ੍ਰੇਮ ਕੋ ਰਹੇ ਅਡੋਲਾ। ਬਹੁਰ
ਬਜਾਹ ਕੀ ਸ਼ੁਭ ਕਰਤੂਤਾ। ਬੂਝਤਿ ਭਯੋ ਰਾਇ ਮਤਿਪੂਤਾ[੧੮] ॥੫੮॥ ਮਰ-
ਦਾਨਾ ਬੋਲਯੋ ਤਿਹ ਕਾਲਾ[੧੯]। 'ਤਵ ਪ੍ਰਤਾਪ ਤੇ ਸੁਨਹੁ ਭੁਪਾਲਾ[੨੦]†। ਪੁਰਿ
ਸੁਲਤਾਨ ਬਹੁਤ ਜਸੁ ਛਾਵਾ।ਨਰ ਨਾਰਿਨਿ ਘਰ ਘਰ ਪ੍ਰਤਿ ਗਾਵਾ॥੫੯॥
ਦੌਲਤਖਾਨ ਦੀਨ ਜੋ ਚਾਹਾ। ਭੂਰ ਵਸਤੁ ਲੀਨੀ ਤਿਹ ਪਾਹਾ[੨੧]। ਤਿਹਤੇ
ਪੁਨਿ ਚਢਿ ਚਲੀ ਬਰਾਤਾ। ਕੀਨੋ ਜਾਇ ਢੁਕਾਉ ਸੁਹਾਤਾ॥੬੦॥ਖਰਚਯੋ
ਕਾਲੂ ਦਰਬ ਬਿਸਾਲਾ। ਅਤਿ ਉਤਸਵ ਭਾ ਸੁਠਿ[੨੨] ਤਿਹ ਕਾਲਾ।
ਦੁਹਦਿਸ਼[੨੩] ਨੇ ਰਸ ਅਤਿਸ਼ੈ ਰਾਖਾ। ਜਿਨਿਕੈ ਮਨ ਜਸੁ ਕੀ
ਅਭਿਲਾਖਾ ॥੬੧॥ ਮੁਝ ਦੇਖਤਿ ਭੇ ਬਜਾਹ ਘਨੇਰੇ। ਬਿੱਪ੍ਰ[੨੪] ਸੁ ਬਾਹਜ[੨੫]
ਬੈਸ[੨੬] ਵਡੇਰੇ। ਅਸ ਉਤਸ਼ਵ ਮੈਂ ਸੁਨਾ ਨ ਦੇਖਾ। ਜਸ ਇਸ ਮਹਿਂ ਭਾ

---

[੧]ਭਾਵ ਦੋ ਘੜੀ। [੨]ਹੇ ਪੁਤ੍ਰ! [੩]ਮੰਡੂਏ ਵਿੱਚ। [੪]ਪਿਆਰੇ ਦੇ। [੫]ਵਿਛੋੜੇ ਦਾ ਨਾਸ। [੬]ਛੇਤੀ। [੭]ਖੜਾ ਹੋ ਗਿਆ। [੮]ਖੁਸ਼ੀ ਨਾਲ। [੯]ਨੇਤ੍ਰਾਂ ਰੂਪੀ ਚਕੋਰਾਂ ਨੂੰ ਜੋੜ ਦਿੱਤਾ (ਅ) ਨੇਤ੍ਰਾਂ ਦੇ ਜੋੜੇ ਨੂੰ। [੧੦]ਛੋਹਨ ਵਾਸਤੇ। [੧੧]ਜੱਫੀ। [੧੨]ਗਲੇ। [੧੩]ਇਨਾਂ ਕਹੇ ਤੇ। [੧੪]ਪਲੰਘ ਦੇ ਸਿਰ੍ਹਾਣੇ ਵਲ। [੧੫]ਜੋਰੋ ਜ਼ੋਰੀ। [੧੬]ਬਿਠਾਏ। [੧੭]ਘੜੀ। [੧੮]ਪਵਿੱਤ੍ਰ ਬੁਧੀ ਵਾਲਾ। [੧੯]ਤਿਸ ਵੇਲੇ। [੨੦]ਰਾਇ ਜੀ। [੨੧]ਉਸ ਪਾਸੋਂ। [੨੨]ਸੁੰਦਰ। [੨੩]ਦੋਹਾਂ ਧਿਰਾਂ ਨੇ। [੨੪]ਬ੍ਰਾਹਮਣ। [੨੫]ਖੱਤ੍ਰੀ। [੨੬]ਵੈਸ਼। ਭਾਵ ਬ੍ਰਾਹਮਣ ਖੱਤ੍ਰੀ ਵੈਸ਼ਾਂ ਦੇ ਬਹੁਤ (ਵਜਾਹ)। *ਪਾ:-ਇਮ, ਇਵ। †ਪਾ:-ਭੁਵਾਲਾ।

ਮੋਦ ਬਿਸੇਖਾ' ॥੬੨॥ ਸੁਨਿ ਬੁਲਾਰ ਮਨ ਤਨ ਸੁਖ ਪਾਵਾ। 'ਸਾਧੁ ਸਾਧੁ' ਕਾਲੂ ਪ੍ਰਿਤਿ ਗਾਵਾ। ਸ੍ਰੀ ਬੇਦੀ ਕੁਲ ਕਲਸ ਸੁਹਾਵਨ। ਅਸ ਪ੍ਰਕਾਰ ਮਿਲਿ ਕਿਯ ਘਰ ਆਵਨ ॥ ੬੩ ॥ ਬਿੰਜਨ[੧] ਨਿਜ ਕਰ[੨] ਜਨਨਿ[੩] ਸਵਾਰੇ[੪]। ਬੈਠਿ ਨਿਕਟਿ ਕਰਿ ਨੇਹੁ ਜਿਵਾਰੇ[੫]। ਰੁਚਿਰ ਅਸਨ ਜੋ[੬] ਅਚਯੋ[੭] ਕ੍ਰਿਪਾਲਾ[੮]। ਗਏ ਤਲਪ[੯] ਪਰ ਮ੍ਰਿਦੁਲ[੧੦] ਬਿਸਾਲਾ[੧੧] ॥ ੬੪ ॥ ਜਾਮ[੧੨] ਨਿਸਾ[੧੩] ਬੀਤੀ ਕਿਯ ਸੈਨਾ। ਰਹੀ ਜਾਮ[੧੪] ਜਾਗੇ ਗੁਨ ਐਨਾ। ਕ੍ਰਮ ਕ੍ਰਮ[੧੫] ਸੌਚ ਕੀਨ ਇਸ਼ਨਾਨਾ। ਪਹਿਰੇ ਚੀਰ ਸਰੀਰ ਸੁਹਾਨਾ ॥ ੬੫ ॥ ਭਈ ਭੋਰ ਜਸੁ ਜਾਸੁ ਪਵਿੱਤ੍ਰਾ[੧੬]। ਬੈਸੇ ਸੋਹਤਿ ਭਵਨ ਬਚਿੱਤ੍ਰਾ। ਲਿਯ ਬੁਲਾਇ ਪ੍ਰੋਧਾ[੧੭] ਹਰਿਦਯਾਲਾ। ਸ੍ਰੀ ਮੁਖ ਬੋਲੇ ਗਿਰਾ ਰਸਾਲਾ ॥ ੬੬ ॥ 'ਜਾਚਹੁ ਜੋ ਮਨ ਮਹਿਂ ਹੁਇ ਲਾਲਸ। ਲੇਹੁ ਅਬਹਿ ਸੋ ਕਰਹੁ ਨ ਆਲਸ'। ਬੋਲਯੋ ਦਿਜ ਹਰਿਦਯਾਲ ਪ੍ਰਬੀਨਾ। 'ਆਦਿ ਰੂਪ ਤੁਮ ਦਾਨੀ ਦੀਨਾ[੧੮] ॥੬੭॥ ਰਾਵਰ ਜਿਤੀ ਲਖਾਵਨ ਕੀਨੀ। ਤੇਤੀ ਮਹਿਮਾ ਮੈਂ ਲਖਿ ਲੀਨੀ। ਅਪਰ ਨਰਨ ਸੀ ਮਤਿ ਮੁਰ[੧੯] ਨਾਂਹੀ। ਧਰਹਿਂ ਜਿ ਭਾਵਨ ਨਰ ਤਵ ਮਾਂਹੀ*॥੬੮॥ ਕਾਰਨ ਕਾਰਜ ਕੋ ਆਧਾਰਾ। ਸਭਿ ਕੋ ਕਰਤਾ ਜਿਤੋ ਪਸਾਰਾ। ਪਰਮੇਸ਼ੁਰ ਪਾਰਬ੍ਰਹਮ ਪੁਰਾਤਨ†। ਪਰਮ ਪਰਾਵਰ ਨਾਥ[੨੦] ਸਨਾਤਨ ॥ ੬੯ ॥ ਅਹੈ ਸੱਚਿਦਾਨੰਦ ਮੁਕੰਦਾ। ਤਵ ਲੀਲਾ ਭਗਤਨਿ ਸੁਖਕੰਦਾ। ਜੱਗ੍ਯੁਪਵੀਤ[੨੧] ਜਬਹਿ ਤੁਮ ਦੀਨੋ[੨੨]। ਤਬ ਕੋ ਮਮ ਮਨ ਇਸਥਿਰ ਕੀਨੋ ॥ ੭੦ ॥ ਸਰਬ ਲਾਲਸਾ ਭੀ ਉਰ ਪੂਰੀ। ਦੇਖੀ ਮੈਂ ਲੀਲਾ ਤੁਮ[੨੩] ਰੂਰੀ। ਬ੍ਰਿੱਧ[੨੪] ਬੈਸ[੨੫] ਬਪੁ[੨੬] ਭਾ ਬਲ ਹੀਨਾ। ਅਬ ਦੀਜੈ ਮੁਝ ਮੋਖ ਪ੍ਰਬੀਨਾ'॥੭੧॥ ਭਗਤਿ ਮਿਲੀ ਬਾਨੀ ਸੁਨਿ ਕਾਨਾ। ਹਸਿ ਬੋਲੇ ਸ੍ਰੀ ਕ੍ਰਿਪਾ ਨਿਧਾਨਾ। 'ਧੰਨ ਬਿੱਪ੍ਰ ਬਰ[੨੭] ਬੁੱਧਿ ਤੁਮਾਰੀ। ਤਨ ਹਉਮੈ ਕੀ ਸੁਰਤਿ ਬਿਸਾਰੀ ॥ ੭੨ ॥ ਕਿੰਚਤ ਰਹਿਗੀ ਬੈਸ ਸ਼ਰੀਰਾ। ਧੁਨਿ

---

[੧]ਭੋਜਨ। [੨]ਆਪਣੇ ਹੱਥੀਂ। [੩]ਮਾਤਾ ਨੇ। [੪]ਬਣਾਏ। [੫]ਕਰਕੇ ਪਿਆਰ ਖੁਵਾਏ। [੬]ਜਦ। [੭]ਛਕਿਆ। [੮]ਗੁਰੂ ਜੀ ਨੇ। [੯]ਸੇਜਾ ਪਰ। [੧੦]ਕੂਲੀ। [੧੧]ਬੜੀ। [੧੨]ਪਹਿਰ। [੧੩]ਰਾਤ। [੧੪]ਪਹਿਰ ਰਹਿੰਦੀ। [੧੫]ਧੀਰੇ ਧੀਰੇ। [੧੬]ਜਿਸ ਦਾ ਜਸ ਪਵਿੱਤ੍ਰ ਹੈ। [੧੭]ਪ੍ਰੋਹਿਤ। [੧੮]ਗ੍ਰੀਬਾਂ ਦੇ ਦਾਤੇ। [੧੯]ਮੇਰੀ ਬੁੱਧੀ। [੨੦]ਦੇਖੋ ਅਧ੍ਯਾ: ੧, ਅੰਕ ੪, ਦੇ ਪਦ ਅਰਥ। [੨੧]ਜਨੇਊ। [੨੨]ਜਦ ਦਾ ਤੁਸਾਂ ਮੈਨੂੰ ਦਿੱਤਾ ਹੈ ਭਾਵ ਜੀਅ ਕਾ ਜਨੇਊ। ਦੇਖੋ ਵਾਰ ਆਸਾ, ਸਲੋਕ ੧੫। [੨੩]ਤੁਹਾਡੀ। [੨੪]ਬੁੱਢੀ। [੨੫]ਉਮਰ। [੨੬]ਸ਼ਰੀਰ। [੨੭]ਸ੍ਰੇਸ਼ਟ। *ਪਾ:-ਨਰ ਤੁਮ ਨਾਂਹੀ। †ਪਾ:-ਪਰਮੇਸ਼ੁਰ ਪੂਰ ਪੁਰਖ ਪੁਰਾਤਨ।

ਅਪਵਰਗ[1] ਪਾਇੰ[2] ਮਤਿ ਧੀਰਾ[3] ! ਜਿਉਂ ਸ੍ਰਿਕ[4] ਗਜ[5] ਤਜਿ ਹੀ ਬਿਨ ਸ਼ੋਕੂ। ਤਿਉਂ ਤਨ ਤਜਿ ਗਮਨੈਂ ਹਰਿ ਲੋਕੂ[7] ॥ ੭੩ ॥ ਅਸ ਕਹਿ ਦੀਨੋ ਦਰਬ ਘਨੇਰਾ। ਤਿਹ ਪਰ ਕ੍ਰਿਪਾ ਦ੍ਰਿਸ਼ਟਿ ਹ੍ਵੈ ਹੇਰਾ। ਭਯੋ ਗਯਾਨ ਨਿਜ[6] ਰੂਪ ਪਛਾਨਾ। ਜੀਵ ਭਾਵ ਸਭਿ ਹੀ ਬਿਸਰਾਨਾ॥੭੪॥ਗਯੋ ਸਦਨ ਸੁਖ ਪਾਇ ਅਮੋਲਾ। ਨਿਜ ਮਨ ਨਿਸ਼ਚਾ ਹੁਤੋ ਅਡੋਲਾ*। ਬਹੁਰੋ ਪਾਧਾ, ਬੈਦ, ਮੁਲਾਨਾ। ਚਲਿ ਆਏ ਜਹਿਂਥੇ ਗਤਿਦਾਨਾ[7] ॥੭੫॥ਮਿਲਨ ਹੇਤ ਮਨ ਸੰਗਿ ਉਮੰਗਾ। ਜਿਨਕੋ ਚਢ੍ਯੋ ਰੰਗ ਸਤਿਸੰਗਾ। ਜਬਹਿ ਬਿਲੋਕਯੋ ਕਾਲੂ ਨੰਦਨ। ਧਾਇ ਕਰੀ ਯੁਗ ਪਦ ਪਰ ਬੰਦਨ ॥ ੭੬ ॥ ਹੇਰਿ ਸਰੂਪ ਅਨੂਪ ਅਜੋਨਾ†। ਬੋਲ ਨ ਆਵ ਭਏ ਮੁਖ ਮੋਨਾ[8]। ਕਵਲ ਨੈਨ ਸਨਮਾਨ[9] ਬਸਾਏ। ਕੁਸ਼ਲ ਬੂਝਨੈ ਬੈਨ ਸੁਨਾਏ ॥ ੭੭ ॥ ਧਰਿ ਧੀਰਜ ਬੋਲੇ ਮੁਖ ਬਾਨੀ। ਪਦ ਰਚਨਾ ਸੁਠ ਉਸ਼ਤਤਿ ਠਾਨੀ। 'ਸਿੰਧ ਹੁਤਾਸਨ ਕਾਲ ਕਲੀ ਕੋ[10]। ਅਤਿ ਪ੍ਰਚੰਡ ਇਸ ਤਰਹਿ ਬਲੀ ਕੋ[11] ॥ ੭੮ ॥ ਜੀਵ ਪਰੇ ਦਝਿ ਦਝਿ[12] ਦੁਖ ਪਾਈ। ਉਬਰ ਨ ਸਕਹਿਂ[13] ਨ ਪਾਇਂ ਉਪਾਈ[14]। ਬਾਂਧਨ ਹੇਤੁ ਸੇਤੁ ਤਹਿਂ ਭਾਰਾ[15]। ਕ੍ਰਿਪਾ ਧਾਰਿ ਲੀਨੋ ਅਵਤਾਰਾ ॥ ੭੯ ॥ ਚਰਨ ਕਰਮ ਸ਼ੁਭ ਤੇ ਜੋ ਤੂਛੇ[16]। ਲੋਚਨ ਸੁਮਤਿਹਿ ਤੇ ਉਰ ਛੂਛੇ[17]। ਸਮ ਦਮ ਜਿਨ ਕੇ ਕਰ ਨ ਸੰਗਾਰੇ[18]। ਸੋ ਜਿਹ ਪਰ ਤਰਿ ਜਾਹਿਂ ਸੁਖਾਰੇ[19] ॥੮੦॥ ਮਨ ਅਨੁਮਾਨ ਕਰਤਿ ਸਦ ਹਮ ਹੀ। ਜਗਤ ਪ੍ਰਕਾਸ਼ ਕਰਹੁ ਕਬ ਤੁਮਹੀ। ਰਾਵਰ[20] ਪੂਰਨ ਕਲਾ ਸੰਕੋਚੀ[21]। ਲਖਹਿਂ ਕਿ ਜੀਵ ਜਿਨਹਿਂ ਮਤਿ ਪੋਚੀ[22]॥ ੮੧ ॥ ਅਸ ਪ੍ਰਕਾਰ ਕਹਿ ਕਰਿ ਬਚ[23] ਲੋਨੇ[24]। ਪਿਯਤਿ ਰੂਪ

---

[1]ਮੋਖ। [2]ਪਾਵੇਂਗਾ। [3]ਹੇ ਦਾਨੇ ! [4]ਮਾਲਾ। [5]ਹਾਥੀ। [6]ਆਪਣਾ ਸ੍ਵਰੂਪ—ਆਤਮਾ। [7]ਮੁਕਤੀ ਦਾਤੇ। [8]ਚੁੱਪ। [9]ਆਦਰ ਕਰਕੇ। [10]ਕਲਜੁਗ ਦਾ ਸਮਾਂ ਅਗਨ ਸਾਗਰ ਹੈ। [11]ਕੋਈ ਬਲ-ਵਾਨ ਹੀ ਇਸਨੂੰ ਤਰਦਾ ਹੈ। [12]ਸੜ ਸੜਕੇ। [13]ਬਚ ਨਹੀਂ ਸਕਦੇ। [14]ਤੇ ਨਾਂ ਉਪਾਉ (ਕੋਈ) ਲਭਦਾ। [15]ਉਸ ਉਤੇ ਭਾਰਾ ਪੁਲ ਬੰਨ੍ਹਣ ਲਈ। [16]ਸ਼ੁਭ ਕਰਮਾ ਤੋਂ ਜਿਨ੍ਹਾਂ ਦੇ ਪੈਰ ਪਿੰਗਲੇ ਹਨ। [17]ਚੰਗੀ ਬੁੱਧੀ ਰੂਪੀ ਨੈਣਾਂ ਤੋਂ ਜੋ ਸੱਖਣੇ ਹਨ। [18]ਜਿਨ੍ਹਾਂ ਦੇ ਨਾਲ ਸਮ ਦਮ ਆਦਿ ਹੱਥ ਨਹੀਂ ਹਨ। [19]ਸ਼ੁਭ ਕਰਮਾਂ ਰੂਪੀ ਪੈਰਾਂ ਤੋਂ ਬਿਨਾਂ ਪਿੰਗਲੇ, ਸ੍ਰੇਸ਼ਟਿ ਬੁਧੀ ਰਹਿਤ ਅੰਧੇ, ਦੈਵੀ ਗੁਣਾਂ ਰੂਪੀ ਹੱਥਾਂ ਤੋਂ ਬਿਨਾਂ ਟੁੰਡੇ,ਨਾਮ ਰੂਪੀ ਪੁਲ ਤੇ ਚੜ੍ਹਕੇ ਸੁਖੇਨ ਹੀ ਪਾਰ ਹੋ ਜਾਣਗੇ। [20]ਤੁਸਾਂ ਨੇ। [21]ਲੁਕਾ ਰੱਖੀ ਹੈ। [22]ਨੀਵੀਂ ਮਤ ਵਾਲੇ ਲੋਕ ਕੀਹ ਸਮਝਣ। [23]ਬਚਨ। [24]ਸੁੰਦਰ।

*ਪਾ:—ਜਿਸ ਮਨ ਸਾਚਾ ਹੁਤੇ ਅਡੋਲਾ। (ਅ) ਜਿਸ ਮਨ ਨਿਸ਼ਚਾ ਹੁਤੋ ਅਡੋਲਾ।

†ਪਾ:—ਅਨੂਪਮ ਲੋਨਾ।

ਜਨੁ[1] ਲੋਚਨ ਡੋਨੇ[2]। ਮਿਲੇ ਭਾਉ[3] ਧਰਿ ਸਦਨ[4] ਸਿਧਾਇ। ਜਿਨ ਮਨ ਭਗਤਿ ਵਿਖੈ ਸੁਖ ਪਾਇ ॥੯੨॥ ਮਿਲੇ ਆਨਿ ਪੁਨਿ* ਬਾਲ ਸਖਾਈ। ਕਹਤਿ ਪਰਸਪਰ ਅਧਿਕ ਵਡਾਈ। ਪਰਮ ਪ੍ਰੇਮ ਮੈਂ ਮੋਦ ਨ ਥੋਰਾ। ਇਕ ਟਕ ਦੇਖਿ ਰਹੇ ਮੁਖ ਓਰਾ ॥ ੯੩ ॥ ਬੈਸਿ ਬਿਤਾਵਹਿਂ[5] ਬਾਸੁਰ ਪਾਸੂ। ਨਿਤਪ੍ਰਤਿ ਉਰ ਹ੍ਵੈ ਨਯੋ[6]† ਹੁਲਾਸੂ[7]। ਯਾ ਬਿਧਿ ਲੀਲਾ ਸ੍ਰੀ ਜਗਨਾਥਾ। ਕੀਨੀ ਤਲਵੇਂਡੀ ਸੁਖ ਸਾਥਾ[8] ॥੯੪॥ ਇਤਿ ਸ੍ਰੀ ਗੁਰ ਨਾਨਕਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਜਾਵਨ' ਪ੍ਰਸੰਗ ਬਰਨਨੰ ਨਾਮ ਤ੍ਰੇਈਸਮੋ ਅਧ੍ਯਾਯ ॥੨੩॥

੨੪. [ਗੁਰਬਾਣੀ ਮੰਗਲ। ਸੁਲਤਾਨ ਪੁਰ ਆਉਣਾ]

ਕਬਿੱਤ ॥ ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ। ਕਿਧੌਂ ਯਹਿ ਹੰਸਨੀ ਸੀ ਮਾਨਸਵਿਤੰ-ਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ। ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ। ਪ੍ਰੇਮ ਪਟਰਾਨੀ ਸਯਾਨੀ, ਗ੍ਯਾਨ ਕੀ ਜਨਨਿ ਜਾਨੀ, ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ ॥ ੧ ॥

[ਸੁਧਾ=ਅੰਮ੍ਰਿਤ। ਤਰੰਗਨੀ=ਨਦੀ। [ਸੰਸ:, ਤਰਙ੍ਗਣੀ]
ਸੀ=ਵਾਂਙੂ। ਭੰਗਨੀ=ਭੰਨਣ ਵਾਲੀ। ਸ੍ਵੇਤ=ਚਿੱਟੇ।
ਰੰਗਨੀ=ਰੰਗ ਵਾਲੀ।
ਮਨਮਾਨੀ=ਮਨ ਮੰਨੀ, ਮਨ ਨੂੰ ਰੁਚਿ ਆਉਣ ਵਾਲੀ, ਪਯਾਰੀ।
ਮਾਨਸ=ਮਾਨ ਸਰਵਰ। ਇਸ ਪਦ ਦੇ ਹੋਰ ਅਰਥ ਇਹ ਹਨ:-ਮਨ, ਸੰਕਲਪ, ਵਿਕਲਪ, ਮਨੁੱਖ, ਆਦਮੀ, ਇਕ ਨਾਗ ਦਾ ਨਾਮ, ਸਾਲਮਲ ਦੀਪ ਦੇ ਵਰਹੇ ਦਾ ਨਾਮ।
ਵਿਤੰਸਨੀ=ਭੂਖਣ ਰੂਪ, ਸ਼ੋਭਾ ਦੇਣ ਵਾਲੀ [ਸੰਸ:, ਵਤੰਸ, ਅਵਿਤੰਸ ਧਾਤੂ, ਤਸਿ=ਛਬਾਉਣਾ]। ਇਸ ਅਵਤੰਸ ਪਦ ਦੇ ਹੋਰ ਅਰਥ ਏਹ ਹਨ:- ਸਿਰ ਦਾ ਗਹਿਣਾ, ਕੋਈ ਗਹਿਣਾ, ਕੰਨਾਂ ਦਾ ਗਹਿਣਾ, ਮੁਰਕੀ, ਕਰਨ ਫੁਲ, ਮਾਲਾ, ਮੁਕਟ। ਲਾੜਾ, ਭਤੀਜਾ।
ਪ੍ਰਸੰਸਨੀ=ਸਲਾਹੀ ਗਈ। ਗੁਨੀਨ ਪ੍ਰਸੰਸਨੀ=ਗੁਣੀ ਜਨਾਂ ਤੋਂ ਸਲਾਹੀ ਗਈ। [ਸੰਸ:, ਪ੍ਰਸੰਸ=ਗੁਣਾਂ ਦਾ ਕਥਨ, ਸ਼ਲਾਘਾ]]

---

[1]ਮਾਨੋ। [2]ਅੱਖਾਂ ਦੇ ਡੋਨੇ ਮਾਨੋਂ ਰੂਪ ਨੂੰ ਪੀਂਦੇ ਹਨ। [3]ਪ੍ਰੇਮ। [4]ਘਰਾਂ ਨੂੰ। [5]ਗੁਜ਼ਾਰਦੇ ਹਨ। [6]ਨਵੀਂ। [7]ਖੁਸ਼ੀ। [8]ਸੁੱਖਾਂ ਨਾਲ।

*ਪਾ:-ਪੁਰ। †ਪਾ:-ਰਹਯੋ।

ਸੁਖਦਾਨੀ ਸਦੈਵੀ ਸੁਖ ਦੇਣ ਵਾਲੀ, ਅਟੱਲ ਅਵਿਨਾਸ਼ ਸੁਖ ਦੀ ਦਾਤੀ। ਜਨਨਿ=ਮਾਤਾ।

ਅਰਥ—ਅੰਮ੍ਰਿਤ ਦੀ ਨਦੀ ਵਾਂਗੂੰ ਭਰਮ ਰੂਪੀ ਰੋਗ ਨੂੰ ਦੂਰ ਕਰਨ ਵਾਲੀ ਹੈ, ਰੰਗ ਇਸਦਾ ਭਾਵਾ ਚਿੱਟਾ ਤੇ ਮਨ ਨੂੰ ਭਾਵੀ ਪਿਆਰੀ ਲਗਣ ਵਾਲੀ ਹੈ। ਯਾ ਇਹ ਮਾਨ ਸਰੋਵਰ ਨੂੰ ਸ਼ੋਭਾ ਦੇਣ ਵਾਲੀ ਹੰਸਨੀ ਹੈ, ਗੁਣੀਆਂ ਨੇ (ਇਸਦੀ) ਪ੍ਰਸੰਸਾ ਕੀਤੀ ਹੈ, ਤੇ ਸਾਰੇ ਜਹਾਨ ਨੇ (ਏਹ) ਜਾਣ ਲਈ ਹੈ। ਯਾ ਇਹ ਮੋਹ ਰੂਪੀ ਤਪਸ਼ ਨੂੰ ਮੰਦ ਕਰਨ ਵਾਲੀ ਚੰਦ ਦੀ ਚਾਨਣੀ ਹੈ, ਹਿਰਦੇ ਨੂੰ ਅਨੰਦ ਦੇਣ ਵਾਲੀ ਸਦੈਵੀ ਸੁਖ ਦੀ ਦਾਤੀ ਹੈ। ਪ੍ਰੇਮ ਦੀ ਸੁਘੜ ਪਟਰਾਣੀ ਹੈ ਤੇ ਗਿਆਨ ਦੀ ਮਾਤਾ ਜਾਣੀ ਗਈ ਹੈ, (ਜੇ ਕੋਈ) ਗੁਣੀਆਂ ਦੀ ਉਚਾਰੀ ਬਾਣੀ ਹੈ ਬੀ (ਤਾਂ) ਉਨ੍ਹਾਂ ਦੀ ਭੀ ਗੁਰੂ ਗੁਰਬਾਣੀ ਹੈ।

ਭਾਵ—ਕਵਿ ਜੀ ਦਸਾਂ ਸਤਿਗੁਰਾਂ ਦੇ ਮੰਗਲ ਕਥਨ ਕਰਦੇ ਹੋਏ ਹੁਣ ਗੁਰਬਾਣੀ ਤੇ ਆਏ ਹਨ। ਉਨ੍ਹਾਂ ਮਹਾਨ ਮਨ ਵਾਲੇ ਪਰਾਵਰ ਨਾਥਾਂ ਦੀ ਉਚਾਰੀ ਬਾਣੀ ਦਾ ਮੰਗਲ ਕਰਦੇ ਹਨ ਕਿ ਇਹ ਅੰਮ੍ਰਿਤ ਦੀ ਨਦੀ ਹੈ। ਅੰਮ੍ਰਿਤ ਦੇ ਦੋ ਗੁਣ ਹਨ, ਰੋਗ ਨਾਸ਼ ਕਰਨਾ ਤੇ ਮੁਰਦੇ ਨੂੰ ਜਿਵਾਲਣਾ, ਸੋ ਦੱਸਦੇ ਹਨ ਕਿ ਇਹ ਭਰਮ ਰੂਪ ਰੋਗ ਦੇ ਦੂਰ ਕਰਨ ਵਾਲੀ ਹੈ, ਜਦ ਭਰਮ ਰੂਪੀ ਰੋਗ ਨਾ ਰਹੇ ਤਦ ਮਾਨਸਿਕ ਮੌਤ ਹੋਣੀ ਹੀ ਨਾ ਹੋਈ। ਮਨ ਨੂੰ ਪਿਆਰੀ ਲਗਦੀ ਹੈ ਤੇ ਚਿੱਟੇ ਰੰਗ ਵਾਲੀ ਹੈ, ਇਹ ਇਸ ਵਾਸਤੇ ਕਿਹਾ ਕਿ ਅੰਮ੍ਰਿਤ ਦਾ ਰੰਗ ਚਿੱਟਾ ਹੁੰਦਾ ਹੈ ਅਤੇ ਪੀਤਿਆਂ ਸੁਾਦੀਕ ਤੇ ਮਨੋਰੰਜਕ ਹੁੰਦਾ ਹੈ। ਦੂਸਰੇ ਚਿੱਟਾ ਰੰਗ ਸਤੋਗੁਣ ਦਾ ਹੈ। ਏਹ ਬਾਣੀ ਸਤੋਗੁਣ ਵਿਚ ਪਰਵੇਸ਼ ਕਰਾ ਦੇਂਦੀ ਹੈ। ਜਗਤ ਪਰ ਮਾਨ ਸਰੋਵਰ ਬੜੇ ਉੱਚੇ ਥਾਂ ਨਿਰਮਲ ਤੇ ਮਿੱਠੇ ਜਲ ਦੀ ਝੀਲ ਹੈ ਅਰ ਸਦੀਆਂ ਤੋਂ ਮਹਾਨ ਤੀਰਥ ਮੰਨਿਆ ਗਿਆ ਹੈ। ਸੁੰਦਰਤਾ ਉਸਦੀ ਅਕਹਿ ਹੈ। ਆਖਦੇ ਹਨ ਕਿ ਮਾਨੋ ਏਹ ਮਾਨ ਸਰੋਵਰ ਨੂੰ ਸ਼ੋਭਾ ਦੇਣ ਵਾਲੀ ਹੰਸਨੀ ਹੈ, ਉਸ ਤੇ ਭੀ ਸ੍ਰੇਸ਼ਟ ਹੈ। ਪਹਿਲਾਂ ਅੰਮ੍ਰਿਤ ਦੀ ਸ਼ੋਭਾ ਦਿੱਤੀ ਮਾਨੋ ਜੋ ਪਾਰਲੌਕਿਕ ਸ਼ੈ ਹੈ ਤੇ ਅੰਮ੍ਰਿਤ ਦੀ ਨਦੀ ਆਖਿਆ ਸਾਨੇ, ਹੁਣ ਜਗਤ ਦੀ ਨਿਰਮਲ ਜਲ ਧਾਰਾ ਮਾਨ ਸਰੋਵਰ ਦਾ ਭੂਖਣ ਆਖਕੇ ਲੋਕ ਪਰਲੋਕ ਵਿਚ ਉੱਤਮ ਦ੍ਰਿਸ਼ਟਾਂਤ ਦੇਕੇ ਵਰਣਨ ਕੀਤੀ। ਅਗੇ ਕਹਿੰਦੇ ਹਨ ਕਿ ਕੇਵਲ ਮੈਂ ਹੀ ਨਹੀਂ ਕਹਿ ਰਿਹਾ ਇਸਦੀ ਗੁਣਵਾਰਤਾ ਸਾਰੇ ਜਗਤ ਨੇ ਜਾਣ ਲਈ ਹੈ, ਅਰ ਗੁਣੀਜਨਾਂ ਨ ਇਸਦੀ ਪ੍ਰਸੰਸਾ ਕੀਤੀ ਹੈ।

ਇਸ ਦਾ ਹੁਣ ਹਿਰਦੇ ਪਰ ਅਸਰ ਵਰਣਨ ਕਰਦੇ ਹਨ ਕਿ ਮੋਹ ਰੂਪੀ ਤੱਪਸ਼ ਨੂੰ ਇਸ ਦਾ ਪਾਠ ਤੇ ਵਿਚਾਰ ਹਰਦਾ ਹੈ। ਵੈਰਾਗ ਜਨਕ ਹੈ। ਪਰ ਇਹ ਬਾਣੀ ਵੈਰਾਗ ਉਦਾਸੀਨਤਾ ਤੇ ਢਹਿੰਦੀਆਂ ਕਲਾਂ ਵਾਲਾ ਨਹੀਂ ਦੇਂਦੀ, ਹਿਰਦੇ ਨੂੰ ਆਨੰਦ ਦਿੰਦੀ ਹੈ ਤੇ ਸਦੈਵੀ ਸੁਖ ਦੀ ਦਾਤੀ ਹੈ, ਜਦੋਂ ਮੋਹ ਦੀ ਤੱਪਸ਼ ਦੂਰ ਕਰਦੀ ਹੈ ਤਦ ਡਾਵਾਂ ਡੋਲ ਹਾਲਤਾਂ ਵਿਚ ਨਹੀਂ ਸੁੱਟਦੀ, ਵਾਹਿਗੁਰੂ ਦੇ ਚਰਨਾਂ ਨਾਲ ਰਾਗ ਪੈਦਾ ਕਰਾ ਦੇਂਦੀ ਹੈ। ਰਾਗ (ਪ੍ਰੇਮ) ਸਦਾ ਹਰਖ ਜਨਕ ਵਸਤੂ ਹੈ, ਦਿਲ ਅਨੰਦ ਰਾਗ (ਪ੍ਰੇਮ) ਨਾਲ ਹੁੰਦਾ ਹੈ। ਸੋ ਮੋਹ ਤੋੜਕੇ ਵਾਹਿਗੁਰੂ ਜੀ ਦੇ ਰਾਗ ਵਿਚ ਪਾ ਦੇਣ ਕਰਕੇ ਰਿਦੇ ਦੀ

ਅਨੰਦਨੀ (ਅਨੰਦ ਦਾਤੀ) ਹੈ; ਇਹ ਆਨੰਦ ਆਤਮ ਆਨੰਦ ਹੁੰਦਾ ਹੈ, ਇਸ ਕਰਕੇ ਸਦੈਵੀ ਸੁਖ ਦੀ ਦਾਤੀ ਹੈ।

ਵੈਰਾਗ ਤੋਂ ਅੱਗੇ ਗਿਆਨ ਗਿਣਿਆਂ ਕਰਦੇ ਹਨ। ਆਪ ਦੱਸਦੇ ਹਨ ਕਿ ਗਯਾਨ ਦੀ ਏਹ ਮਾਤਾ ਹੈ, ਇਸਦੇ ਪਾਠ ਵਿਚਾਰ ਤੇ ਅਮਲ ਤੋਂ ਗਯਾਨ ਆਪੇ ਉਤਪਤ ਹੁੰਦਾ ਹੈ। ਪਰ ਓਹ ਗਿਆਨ ਜੋ ਕਵੀ ਜੀ ਕਹਿ ਰਹੇ ਹਨ। ਨਿਰਾ–ਜਾਨਣਾ ਮਾਤ੍ਰ–ਨਹੀਂ ਹੁੰਦਾ, ਉਹ ਗਯਾਨ ਐਸਾ ਹੈ ਕਿ ਜੋ ਪ੍ਰੇਮ ਨਾਲ ਪਰੋਤਾ ਹੁੰਦਾ ਹੈ। ਇਸ ਵਾਸਤੇ ਪ੍ਰੇਮ ਮਾਨੋਂ ਮਹਾਰਾਜ ਹੈ ਤੇ ਬਾਣੀ ਪਟਰਾਣੀ ਹੈ ਤੇ ਇਹ ਗਿਆਨ ਉਹਨਾਂ ਤੋਂ ਉਤਪਤ ਹੋਯਾ ਪੁੱਤ੍ਰ ਹੈ। ਐਸੇ ਉਤਕ੍ਰਿਸ਼ਟ ਗਿਆਨ ਦੀ ਮਾਤਾ ਹੈ। ਪ੍ਰੇਮ ਵਾਹਿਗੁਰੂ ਦਾ ਅਪਣਾ ਸਰੂਪ ਹੈ। ਯਥਾ ਗੁਰਵਾਕ:–'ਆਪੇ ਪ੍ਰੀਤਮ ਪ੍ਰੇਮ ਪਿਆਰ'। ਉਨ੍ਹਾਂ ਦਾ ਉੱਚਾ ਗਿਆਨ ਏਹ ਬਾਣੀ ਹੈ ਜੋ ਸਾਡੀ ਸਮਝ ਗੋਚਰਾ ਕਰਨ ਲਈ ਪ੍ਰੇਮ ਸੂੱਛ ਹਿਰਦਿਆਂ ਨੇ ਬਾਣੀ ਰੂਪ ਵਿਚ ਵਰਣਨ ਕੀਤਾ ਹੈ, ਇਸ ਕਰਕੇ ਵਾਹਿਗੁਰੂ ਦੀ ਪਟਰਾਣੀ ਇਹ ਬਾਣੀ ਕਹੀ ਹੈ। ਇਸ ਬਾਣੀ ਤੋਂ ਗਯਾਨ ਉਪਜਦਾ ਹੈ ਜੋ ਗਯਾਨ ਕਿ–ਸਫਲ ਗਯਾਨ–ਪ੍ਰਾਪਤੀ ਰੂਪ ਗਯਾਨ ਹੁੰਦਾ ਹੈ।

ਹੁਣ ਕਹਿੰਦੇ ਹਨ ਜੇ ਕੋਈ ਹੋਰ ਬਾਣੀ ਹੋਵੇ ਭਾਵੇਂ ਓਹ ਗੁਣੀਆਂ ਦੀ ਉਚਾਰੀ ਹੋਵੇ ਤਾਂ ਜੀਉ ਸਦਕੇ ਹੋਵੇ, ਪਰ ਗੁਰਬਾਣੀ ਉਨ੍ਹਾਂ ਦੀ ਭੀ ਗੁਰੂ ਹੈ, ਭਾਵ ਸਭਨਾਂ ਤੋਂ ਸ੍ਰੇਸ਼ਟ ਹੈ। ਏਹ ਅੰਮ੍ਰਿਤ ਰੂਪ, ਗਯਾਨ ਵੈਰਾਗ ਦੀ ਦਾਤੀ, ਪ੍ਰੇਮ ਨਾਲ ਸਨਿਗਧ ਕਰ ਦੇਣ ਵਾਲੀ, ਹਿਰਦਾ ਅਨੰਦ ਨਾਲ ਭਰ ਦੇਣ ਵਾਲੀ, ਸਦੈਵੀ ਸੁਖ ਵਿਚ ਲੈ ਜਾਣ ਵਾਲੀ, ਜਿਸ ਵਿਚ ਵੈਰਾਗ, ਵਿਵੇਕ, ਗਯਾਨ, ਪ੍ਰੇਮਾਭਗਤੀ ਹੀ ਨਿਰੋਲ ਉਚਾਰੀ ਹੋਈ ਹੈ, ਵੇਦ ਸ਼ਾਸਤ੍ਰ ਆਦਿ ਰਿਖੀ ਮੁਨੀ ਵਯਾਸ ਆਦਿਕਾਂ ਦੀ ਰਚੀ ਬਾਣੀ ਦੀ ਗੁਰੂ ਰੂਪ ਬਾਣੀ ਹੈ, ਕਿਉਂਕਿ ਓਹ ਭਗਤੀ ਯਾ ਗਯਾਨ ਤੇ ਅਟਕ ਗਏ, ਇਹ ਅਗੋਰੇ ਅਮੁੱਲ ਵਿਸਮਾਦ ਅਕਹਿ ਪਦ ਤੇ ਲੈ ਜਾਂਦੀ ਹੈ। ਪਰ ਪਰਮ ਸ੍ਵੱਛ ਹਿਰਦੇ ਗੁਰੂ ਅਵਤਾਰਾਂ ਦੇ ਆਪਣੇ ਮੁਖਾਰਬਿੰਦ ਤੋਂ ਉਚਰੀ ਵਾਹਿਗੁਰੂ ਜੀ ਦੇ ਪੂਰਨ ਸੁੱਚੇ ਤੇ ਸੱਚੇ ਗਯਾਨ ਦਾ ਸਰੂਪ ਮਾਨੋਂ ਉਨ੍ਹਾਂ ਦਾ ਹੀ ਆਪਣਾ ਸਰੂਪ ਹੈ। 'ਪੋਥੀ ਪਰਮੇਸਰ ਕਾ ਥਾਨੁ'।

ਸ਼੍ਰੀ ਬਾਲਾ ਸੰਧੁਰੁ ਵਾਚ॥ ਚੌਪਈ॥ ਰਹਿਨ ਲਗੇ ਗਤਿਦਾ[1] ਤਲਵੰਡੀ। ਜਿਨਕੀ ਕੀਰਤਿ ਘਰ ਘਰ ਮੰਡੀ। ਮਨੁਜ ਪਰਸਪਰ ਮਿਲਹਿੰ ਸਰਾਹਹਿੰ। ਮੁਹੁਰਮੁਹੂ[2] ਸ਼੍ਰੀ ਗੁਨ ਅਵਗਾਹਹਿੰ[3]॥ ੨॥ ਮਧੁਰ ਬਦਨ ਜਿਹ ਮ੍ਰਿਦੁਲ ਸੁਭਾਊ। ਮਦ[4] ਤੇ ਆਦਿ ਕੁਕਰਮ ਨ ਕਾਊ। ਉਰ ਉਦਾਰ, ਮਤਿ ਸੈਤ ਸਸ਼ੀਲਾ। ਕਰੁਨਾਵਾਨ ਸਰੂਪ ਛਬੀਲਾ॥੩॥ ਬਿਸ਼ੈ ਬਾਸ਼ਨਾ ਕੀ ਜਰ ਨਾ ਸੀ[5]। ਹਰਖ ਸ਼ੋਕ ਤੇ ਰਿਦਾ ਉਦਾਸੀ। ਪੁਰਿ ਸੁਲਤਾਨਹਿ ਜਾਂਹਿ ਕਮਾਈ। ਕਰੀ ਅਧਿਕ ਜਿਹ ਤੋਟ ਨ ਕਾਈ॥ ੪॥ ਦਯੋ ਦਾਨ ਦੀਨਨਿ ਧਨ

[1]ਮੁਕਤੀ ਦਾਤੇ। [2]ਫੇਰ ਫੇਰ। [3]ਵਿਚਾਰ ਕਰਦੇ ਹਨ। [4]ਹੰਕਾਰ। [5]ਵਿਸ਼ੇ ਵਾਸ਼ਨਾ ਦੀ ਜੜ ਹੈ ਹੀ ਨਹੀਂ ਸੀ। (ਅ) ਨਾਸ਼ ਹੋਈ ਹੋਈ ਹੈ।

ਭੂਰੀ[1]। ਪਸਰੀ ਕੀਰਤਿ ਜਹਿਂ ਤਹਿਂ ਰੂਰੀ। ਅਸ ਪ੍ਰਕਾਰ ਨਿਜ ਜਸ ਬਿਸਤਾਰਾ। ਬਸੇ ਮਾਸ ਇਕ[2] ਮੋਖ ਉਦਾਰਾ[3] ॥ ੫॥ ਪੁਨਿ ਗਮਨਨ[4] ਕੀ ਕੀਨੀ ਤਯਾਰੀ। ਮਿਲਨਿ ਬੁਲਾਰਹਿ ਪ੍ਰੀਤ ਵਿਚਾਰੀ।ਹੁਤੋ ਇਕੰਤ ਤਬਹਿ ਅਵਨੀਪਾ[5]। ਸਾਦਰ ਬੈਸੇ ਜਾਇ ਸਮੀਪਾ ॥ ੬॥ ਹਾਥ ਬੰਦਿ ਬਚ[6]* ਬਦਤਿ ਬੁਲਾਰਾ। 'ਪਰਮ ਲਾਭ ਮੁਝ ਦਰਸ ਤੁਮਾਰਾ। ਗਯਾਨ ਸ਼ਿਰੋ-ਮਨਿ ! ਕ੍ਰਿਪਾ ਨਿਧਾਨਾ !। ਕਲਾਵਾਨ ! ਕਲ ਬਿਨ[7] ! ਗੁਨ ਖਾਨਾ।।੭॥ ਵਸਯੋ ਰਹਤਿ ਮੈਂ ਜਗਤ ਕਲੇਸ਼ੂ। ਰਾਵਰ ਕੀ ਲਾਲਸ[8] ਉਪਦੇਸ਼ੂ[9]। ਕਰਤਿ ਕਿਉਂ ਨ ਮੁਝ ਲਖਿ ਅਧਿਕਾਰੀ। ਕਟਹੁ ਨ ਬੰਧਨ†, ਸ਼ਰਨਿ ਤੁਮਾਰੀ' ॥ ੮ ॥ ਸੁਨਿ ਬੋਲੇ ਸ੍ਰੀ ਪੰਕਜ ਬਦਨਾ[10] । 'ਸਿਮਰਹੁ ਸਤਿਨਾਮ ਸੁਖਸਦਨਾ[11]। ਲਗਯੋ ਹੁਮਾਉ‡ ਪੰਖ ਜਯੋਂ ਸੰਗਾ। ਜਬ ਛੂਟਹਿ ਧਨੁ[12] ਤੇ ਸੁ ਖਤੰਗਾ[13] ॥੯॥ ਪਰ[14]ਕੇ ਬਲ ਕਰਿ ਹੋਤਿ ਉਡ਼ਾਊ॥ ਪਹੁੰਚੈ ਸੋ ਜਹਿਂ ਦੇਸ਼ ਹੁਮਾਊ ॥ ਬਹੁਰ ਨ ਆਇ ਪਰੈ ਕਬ ਧਰਨੀ। ਤੈਸੀ ਰੀਤਿ ਨਾਮ ਕੀ ਬਰਨੀ ॥ ੧੦॥ ਇਕ ਚਿਤ ਸਿਮਰਹਿ ਜੋ ਦਿਨ ਰਾਤੀ। ਛੂਟੇ ਦੇਹਿ ਤੇ ਹੋਇ ਸੰਗਾਤੀ[15]। ਜਹਿਂ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ[16]ਪੁਚਾਵਨ॥੧੧॥ਬਹੁਰ ਨ ਜਗ ਮਹਿਂ ਪਾਵਹਿਂ ਦੇਹੀ॥ ਸੱਤਿਨਾਮ ਕੇ ਭੇ[17]ਜੁ ਸਨੇਹੀ[18]।ਸੁਨਿ ਉਪਦੇਸ਼ ਲਗੀ ਲਿਵ ਨਾਮੂ।ਜਾਗਯੋ ਪਰਮ ਪ੍ਰੇਮ ਅਭਿਰਾਮੂ[19]॥੧੨॥ ਕਹਿਤਿ ਗਿਰਾ ਹ੍ਵੈ ਦੀਨ ਬਹੋਰੀ। 'ਦਰਸ

---

[1]ਬਹੁਤ। [2]ਇਕ ਮਹੀਨਾਂ। [3]ਮੁਕਤੀ ਦੇ ਸਖੀ (ਗੁਰੂ ਜੀ)। [4]ਤੁਰਨ ਦੀ। [5]ਰਾਇਬੁਲਾਰ। [6]ਬਚਨ। [7]ਕਲਪਨਾ ਰਹਿਤ। [8]ਇੱਛਾ। [9]ਆਪਦੇ ਉਪਦੇਸ਼ ਦੀ ਲਾਲਸਾ ਹੈ। [10]ਕਵਲ ਮੁਖ ਵਾਲੇ। [11]ਜੋ ਸੁਖਾਂ ਦਾ ਘਰ ਹੈ। [12]ਕਮਾਂਨ ਤੋਂ। [13]ਤੀਰ। [14]ਖੰਭ। [15]ਦੇਹ ਤੋਂ ਛੁਟਿਆ ਨਾਮ ਉਸ ਦਾ ਸੰਗੀ ਹੋਵੇਗਾ। [16]ਦੇਰ ਤੋਂ ਬਿਨਾਂ। [17]ਜੋ ਹੋਏ ਹਨ। [18]ਪ੍ਰੇਮੀ। [19]ਸੁੰਦਰ।

*ਪਾ:–ਬਿਬ=ਦੋਵੇਂ (ਹੱਥ)। †ਪਾ:--ਕਦਨਹੁ ਬੰਧਨ।

‡ਕਵੀਆਂ ਦਾ ਸੰਕੇਤਕ ਇਕ ਦ੍ਰਿਸ਼ਟਾਂਤ ਹੈ ਕਿ ਹੁਮਾ ਪੰਛੀ ਦਾ ਖੰਭ ਲੈਕੇ ਤੀਰ ਨਾਲ ਜੋੜਕੇ ਜਦ ਕਮਾਨੋਂ ਤੀਰ ਛੋਡੀਏ ਤਾਂ ਓਹ ਖੰਭ ਤੀਰ ਸਮੇਤ ਉਥੇ ਚਲਾ ਜਾਂਦਾ ਹੈ, ਜਿੱਥੇ ਕਿ ਹੁਮਾ ਪੰਛੀ ਰਹਿੰਦਾ ਹੈ। ਭਾਵ ਏਹ ਹੈ ਕਿ ਖੰਭ ਦੀ ਸੰਗਤ ਕਰਕੇ ਤੀਰ ਭੀ ਹੁਮਾ ਦੇ ਦੇਸ਼ ਜਾ ਪੁੱਜਾ, ਇਸੇ ਤਰ੍ਹਾਂ ਜੋ ਵਾਹਿਗੁਰੂ ਦਾ ਨਾਮ ਸਿਮਰਦੇ ਹਨ ਓਹ ਭੀ ਨਾਮ ਦੇ ਪ੍ਰਤਾਪ ਨਾਲ ਨਾਮੀ–ਵਾਹਿਗੁਰੂ–ਜੀ ਦੇ ਦੇਸ਼ ਜਾ ਅੱਪੜਦੇ ਹਨ। ਹੁਮਾ ਪੰਛੀ ਦਾ ਸਾਯਾ ਜਿਸ ਸਿਰ ਪਰ ਪਏ ਉਹ ਪਾਤਸ਼ਾਹ ਹੋ ਜਾਂਦਾ ਹੈ, ਇਹ ਗਲ ਬੀ ਫ਼ਾਰਸੀ ਕਵੀਆਂ ਦੇ ਸੰਕੇਤ ਦੀ ਹੈ।

ਲਾਲਸਾ[੧] ਰਿਦੇ ਨ ਥੋਰੀ[੨]। ਤੁਮ ਗਮਨੇ[੩] ਅਬ ਪੁਰਿ ਸੁਲਤਾਨਾ। ਮੋਹਿ ਹੋਤਿ ਬ੍ਰਿਹ ਕਸ਼ਟ ਮਹਾਨਾ' ॥੧੩॥ ਪ੍ਰੀਤਿ ਬਿਲੋਕਿ[੪] ਰਿਦੇ ਮਹਿ ਸਾਚੀ। ਕਮਲ ਬਦਨ ਪੁਨ ਗਿਰਾ ਉਬਾਚੀ। 'ਚਿਤ ਚੇਤੇ ਰਾਖਹੁ ਅਵਨੀਪਾ[੫]! ਮੈਂ ਹੋਂ ਤੁਮਰੇ ਸਦਾ ਸਮੀਪਾ' ॥੧੪॥ ਅਸ ਪ੍ਰਕਾਰ ਦੇਕਰਿ ਉਰਧੀਰਾ। ਘਰ ਆਏ ਪੁਨਿ ਗੁਨੀ ਗਹੀਰਾ[੬]। ਮਿਲੀ ਮਾਤ ਉਰ ਪ੍ਰੇਮ ਬਢਾਈ। ਬਿਛੁਰਤਿ ਬਛ[੭] ਜਿਉਂ ਧੇਨੁ ਲਵਾਈ[੮] ॥੧੫॥ ਆਸ਼ਿਖ[੯] ਦੇਤਿ ਪਲੋਸਤਿ ਮਾਥਾ। ਮਨਹਿੰ ਮਨਾਵਤਿ ਸ੍ਰੀ ਜਗਨਾਥਾ। 'ਸੁਤ ਕੀ ਕੁਸ਼ਲ ਕਰਹੁ ਸਭਿ ਕਾਲਾ। ਮਹਾਂ ਪੁਰਖ ਤੁਮ ਦੀਨ ਦਯਾਲਾ' ॥ ੧੬ ॥ ਧਰਜੋ ਮਾਤ ਕੇ ਪਗ ਪਰ ਸੀਸਾ। ਨਿਕਸੇ ਨਿਜ ਘਰ ਤੇ ਜਗਦੀਸ਼ਾ। ਪ੍ਰੇਮੀ ਮਿਲੇ ਆਨਿ ਜੋ ਪੁਰਿਕੇ। ਪਰਸ ਪਰਸ ਗਮਨੇ ਪਗ ਗੁਰਕੇ॥੧੭॥ਵਾਹਿਨ[੧੦] ਭਏਅਰੂਢ[੧੧] ਸੁਆਮੀ। ਦੀਨ-ਬੰਧੁ ਪ੍ਰਭੁ ਅੰਤਰਜਾਮੀ। ਸਿਖਵਨ[੧੨] ਕਾਲੂ ਦੇਵਤਿ ਭੂਰੀ[੧੩]। ਧਨ ਖਾਟਨ ਕੀ ਜੋ ਬਿਧਿ ਰੂਰੀ[੧੪] ॥ ੧੮ ॥ 'ਸੁਨਹੁ ਤਾਤ[੧੫]! ਅਬ ਭਾ ਸਨਬੰਧਾ। ਯਾ ਮਹਿੰ ਨਾਨਾ ਬਿਧਿ ਕੇ ਧੰਧਾ। ਬਹੁਤੋ ਬਿੱਤ[੧੬] ਇਕੱਤ੍ਰ ਸੁ ਕਰੀਏ। ਪਰ-ਵਾਰਨ[੧੭] ਕੋ ਖਰਚ ਵਿਚਰੀਏ ॥੧੯॥ ਪੂਰਬਕੀ[੧੮] ਉਦਾਰਤਾ ਤਜਾਗਹੁ। ਗ੍ਰਿਸਤੀ ਮਨੁਜਨ[੧੯] ਕੇ ਮਗ[੨੦] ਲਾਗਹੁ। ਧਨੀ ਪੁਰਖ ਸਭਿ ਮਹਿੰ ਪਰਧਾਨਾ। ਧਨੀਮੂਢ ਕੋ[੨੧] ਕਹਿਤਿ ਸੁਜਾਨਾ[੨੨] ॥੨੦॥ ਮਿਲਹਿ ਧਨੀਕੋ ਸਕਲ ਭਲਾਈ। ਧਨ ਬਿਨ ਕਾਰਜ ਹ੍ਵੈ ਨਹਿੰ ਰਾਈ। ਜਿਉਂ ਤਨ ਨਿਬਹੈ ਪ੍ਰਾਨ ਅਧਾਰਾ। ਤਿਉਂ ਧਨ ਤੇ ਸਭਿ ਜਗ ਬਿਵਹਾਰਾ ॥੨੧॥ ਜਿਉਂ ਜਲ ਹੀਨ ਨ ਤਾਲ ਸੁਹਾਵਾ। ਤਿਉਂ ਧਨ ਬਿਨ ਨਰ ਸ਼ੋਭ ਨ ਪਾਵਾ। ਸਜਲਮੇਘ ਬਿਨ[੨੩] ਜਿਉਂ ਕ੍ਰਿਖਿ[੨੪] ਨਾਂਹੀ। ਧਨ ਬਿਹੀਨ ਤਿਉਂ* ਬਨਜ[੨੫] ਨ ਆਹੀ[੨੬]' ॥੨੨॥ ਯਾ ਬਿਧਿ ਨਾਨਾ ਜੁਗਤਿ ਉਚਰਿਕੈ। ਸਮਝਾਵਤਿ ਕਾਲੂ ਹਿਤ[੨੭] ਕਰਿਕੈ। 'ਰਾਵਰ ਭਾਖਤਿ[੨੮] ਬਚਨ ਜਥਾ[੨੯] ਜੀ। ਭਲੀ ਬਾਤ ਪਿਤ! ਕਰੋਂ ਤਥਾ[੩੦] ਜੀ'

---

[੧]ਇੱਛਾ। [੨]ਬਹੁਤ ਹੈ ਮੇਰੇ ਮਨ ਵਿਚ। [੩]ਚੱਲੇ ਹੋ। [੪]ਵੇਖਕੇ। [੫]ਹੇ ਰਾਜਾ। [੬]ਗੁਣਾਂ ਦੇ ਸਮੁੰਦਰ। [੭]ਵੱਛੇ ਨੂੰ। [੮]ਜਿਵੇਂ ਲਵੇਰੀ ਗਾਂ। [੯]ਅਸੀਸਾਂ। [੧੦]ਸਵਾਰੀ ਪਰ। [੧੧]ਚੜ੍ਹੇ। [੧੨]ਸਿਖਿਆ। [੧੩]ਬਹੁਤ। [੧੪]ਸੁੰਦਰ। [੧੫]ਪੁੱਤ੍ਰ। [੧੬]ਧਨ। [੧੭]ਟੱਬਰਾਂ ਦੇ। [੧੮]ਪਹਿਲਾਂ ਵਾਲੀ। [੧੯]ਗ੍ਰਿਹਸਤੀ ਮਨੁਖਾਂ ਦੇ। [੨੦]ਰਾਹੇ। [੨੧](ਲੋਕੀ) ਮੂਰਖ ਧਨੀ ਨੂੰ। [੨੨]ਚਤੁਰ ਕਹਿੰਦੇ ਹਨ। [੨੩]ਪਾਣੀ ਵਾਲੇ ਬੱਦਲ ਬਿਨਾਂ। [੨੪]ਖੇਤੀ। [੨੫]ਵਿਹਾਰ। [੨੬]ਨਹੀਂ ਹੋ ਸਕਦੇ। [੨੭]ਪ੍ਰੇਮ। [੨੮]ਆਪ ਆਖਦੇ ਹੋ। [੨੯]ਜੈਸੇ। [੩੦]ਤੈਸੇ।

*ਪਾ:—ਜਿਉਂ।

।੨੩। ਅਸ ਕਹਿ ਕੀਨੀ ਪੁਨਿ ਪਦ ਬੰਦਨ।ਗਮਨੇ ਮਾਰਗ ਦੋਖ ਨਿਕੰਦਨ। ਬੰਦ ਸੁਲਖਨੀ ਸਾਸੂ[੧] ਚਰਨਾ। ਮਿਲਤਿ ਸਨੇਹ ਸੰਗ ਕਰਿ ਕਰੁਨਾ[੨]।੨੪। ਦਈ ਆਸ਼ਿਖ਼ਾ ਚਿਤ ਹਿਤਕਾਰੀ। 'ਸਦਾ ਸੁਹਾਗ ਸਹਿਤ ਸੁਖ ਭਾਰੀ*। ਭਾਗਵਾਨ ਸੁਤ ਕੀ ਹ੍ਵੈਂ ਮਾਤਾ।ਪਤਿਕੀ ਪ੍ਰੀਤਿ ਰਹੈ ਸਭਿ ਭਾਂਤਾ'॥੨੫॥ਚਢਿ ਡੋਰੇ[੩] ਗਮਨੀ ਮਗ ਮਾਂਹੀ। ਦੁਹਦਿਸ਼ ਬਿਛੁਰਨ ਜਿਨ ਹਿਤ ਨਾਂਹੀ। ਕ੍ਰਮ ਕ੍ਰਮ ਪਹੁੰਚੇ ਪੁਰਿ ਸੁਲਤਾਨਾ। ਦੀਨ ਦਾਨ ਦਾ ਦਯਾ ਨਿਧਾਨਾ ॥੨੬॥ਧਾਮ ਜਰਾਮ ਨਾਨਕੀ ਦੋਊ। ਬਦਨ ਬਿਲੋਕਤਿ ਹਰਖੇ ਸੋਊ। ਸਾਦਰ ਦੌਰ ਕਰੀ ਪਦ ਬੰਦਨ। ਕਰ ਪਕਰੇ ਯੁਗ ਦੋਖ ਨਿਕੰਦਨ[੪] ॥ ੨੭ ॥ ਕੁਸ਼ਲ ਪ੍ਰਸ਼ਨ ਕਰਿ[੫] ਮੰਚ[੬] ਪਰ ਬੈਸੇ†। ਦਿਯੋ ਸੁਸਾ ਸੋਂ[੭] ਨੈਹਰ[੮] ਸੰਦੇਸੇ[੯]। ਬਹੁਰ ਸੁਲਖਨੀ ਪ੍ਰਵਿਸ਼ੀ ਸਦਨਾ। ਬਿਗਸਯੋ ਕਮਲ ਨਾਨਕੀ ਬਦਨਾ[੧੦] ॥੨੮॥ ਬੰਦਨ ਕਰਤਿ ਲੀਨ ਗਰ ਲਾਈ। ਜਨਮ ਰੰਕ[੧੧] ਜਯੋਂ ਨਵਨਿਧਿ ਪਾਈ। ਪੀੜ੍ਹਾ ਸੁੰਦਰ ਸਦਨ ਡਸਾਵਾ[੧੨]। ਤਾਂ ਪਰ ਕਲਪਾ ਰੁਚਿਰ[੧੩]‡ ਬਸਾਵਾ[੧੪] ॥ ੨੯ ॥ ਸੁਨਿਯੈ ਸ਼੍ਰੀ ਅੰਗਦ ! ਕਹਿ ਬਾਲਾ। ਹੌਂ ਸੁਨਿ ਸੁਧਿ[੧੫] ਆਪਨ[੧੬] ਤਤਕਾਲਾ। ਗਮਨਯੋ ਜਹਿਂ ਬੈਸੇ ਗਤਿ ਦਾਈ। ਦਰਸ ਰਿਦੇ ਲਾਲਸ ਅਧਿਕਾਈ ॥ ੩੦ ॥ ਜਬਹਿ ਬਿਲੋਕੇ ਬੇਦੀ ਨੰਦਨ। ਪਦ ਅਰਬਿੰਦਹਿ ਕੀਨੀ ਬੰਦਨ। 'ਚਿਤ ਕਰਤਾਰ ਰਹੈ' ਕਹਿ ਬਾਨੀ। ਕੁਸ਼ਲ[੧੭] ਬੂਝਿ[੧੮] ਬਹੁ ਕਰੁਨਾ ਠਾਨੀ ॥ ੩੧ ॥ ਹੌਂ ਬੋਲਯੋ 'ਨਿਤ ਕੁਸ਼ਲਹਿ ਮੇਰੇ। ਕਰੇ ਨਿਕੰਦਨ[੧੯] ਦੁਖ ਇਕ ਵੇਰੇ। ਧਯਾਨ ਤੁਮਾਰੋ ਰਿਦੇ ਬਸਾਵਾ। ਤੀਨ ਤਾਪ ਤਨ ਛੁਹਨ ਨ ਪਾਵਾ' ॥ ੩੨ ॥ ਪ੍ਰੇਮੀ ਹੁਤੇ ਨਗਰ ਕੇ ਜੇਈ। ਦਰਸ਼ਨ ਕਰਨ ਅਏ ਸਭਿ ਤੇਈ। ਬੰਦਹਿਂ ਪਦ ਅਰਬਿੰਦ ਮੁਕੰਦਾ[੨੦]। ਸਨਮਾਨਹਿਂ[੨੧]ਸਭਿ ਕੋ ਸੁਖਕੰਦਾ॥੩੩॥ਅਸ ਬਿਧਿ ਬਾਸੁਰ ਸਰਬ ਬਿਤਾਵਾ। ਭਈ ਪ੍ਰਦੋਖ[੨੨] ਤਿਮਰ[੨੩] ਨਭ[੨੪] ਛਾਵਾ। ਨਾਨਾ ਰਸ ਬਿੰਜਨ ਕਰਿਵਾਏ।

---

[੧]ਸੱਸ ਦੇ। [੨](ਸੱਸ) ਮਿਲੀ ਕਿਰਪਾ ਕਰਕੇ। [੩]ਡੋਲੇ। [੪]ਭਾਵ ਗੁਰੂ ਜੀ ਦੇ। [੫]ਸੁਖ ਸਾਂਦ ਪੁੱਛਕੇ। [੬]ਪਲੰਘ। [੭]ਬੇਬੇ ਜੀ ਨੂੰ। [੮]ਪੇਕਿਆਂ ਦੇ। [੯]ਸੁਨੇਹੇ। [੧੦]ਮੁਖ। [੧੧]ਜਨਮ ਦੇ ਕੰਗਾਲ ਨੇ। [੧੨]ਡਾਹਿਆ। [੧੩]ਕਲਪਾ ਰੁਚਿਰ=ਸੁਹਣੀ ਤਰ੍ਹਾਂ। (ਅ) ਸੁਹਣੀ ਅਰੋਗ (ਬੀਬੀ) ਨੂੰ। (ੲ) ਤਲਪਾ=ਵਿਛਾਈ। [੧੪]ਬਹਾਇਆ। [੧੫]ਖਬਰ। [੧੬]ਹੱਟ ਤੇ। [੧੭]ਸੁੱਖ। [੧੮]ਪੁੱਛਕੇ। [੧੯]ਨਾਸ਼। [੨੦]ਮੁਕਤੀਦਾਤੇ ਦੇ। [੨੧]ਆਦਰ ਕਰਦੇ ਹਨ (ਗੁਰੂ ਜੀ)। [੨੨]ਸੰਧਯਾ। [੨੩]ਅਨ੍ਹੇਰਾ। [੨੪]ਅਕਾਸ਼ ਤੇ।

*ਪਾ:—ਕਾਰੀ। †ਪਾ:—ਪਦ ਗਹਿ ਬੈਸੇ। ‡ਪਾ:—ਉਚਿਤ—ਹੈ।

ਨਿਕਟ ਨਾਨਕੀ ਬੈਸ ਜਿਵਾਏ[1] ॥ ੩੪ ॥ ਰੈਨ ਵਿਖੈ ਸੈਨੈ ਪੁਨਿ ਕੀਨੀ। ਬਹੁ ਕਿੰਕਰ ਕੋ ਜਿਨ ਗਤਿ ਦੀਨੀ। ਸਵਾ ਜਾਮ ਨਿਸ[2] ਤਜੀ ਗੁੜਾਕਾ[3]। ਉਠੇ ਸ਼ਾਂਤਿਦਾ[4] ਦਰਸ਼ਨ ਜਾਂਕਾ[5] ॥ ੩੫ ॥ ਸਭਿਹਿ ਸੌਚ ਸੌਂ ਕੀਨਿ ਸ਼ਨਾਨਾ। ਆਸਨ ਕਰਿ ਬੈਸੇ ਨਿਜ ਧ੍ਯਾਨਾ। ਤਿਮਰ ਨਸੇ ਹੋਈ ਜਬ ਭੋਰਾ[6]। ਗਵਨੇ ਬਹੁਰ ਨਿਖੱਦ੍ਯਾ[7] ਓਰਾ ॥ ੩੬ ॥ ਕਰਨੇ ਲਗੇ ਬੈਸ ਕ੍ਰਿਤ ਮੋਦੀ। ਲੇਨਿ ਦੇਨਿ ਕੇ ਜਨੌਂ* ਨ੍ਰਿਪ ਲੋਦੀ। ਕਰਤਿ ਕਿਤਕ ਜਬ ਕਾਲ ਬਿਤਾਵਾ। ਲੇਨਿ ਸੁਤਾ ਨਿਜ[8] ਮੂਲਾ ਆਵਾ ॥ ੩੭ ॥ ਦੋਹਰਾ ॥ ਦੋਇ ਦਿਵਸ ਰਹਿ ਕਰਿ ਨਗਰਿ ਲੇ ਤਨੀਆ[9] ਨਿਜ ਸੰਗ। ਕ੍ਰਮ ਕ੍ਰਮ ਪਹੁੰਚ੍ਯੋ ਸਦਨ ਕੋ ਮੂਲਾ ਹੋਇ† ਉਮੰਗ ॥ ੩੮ ॥ ਚੌਪਈ ॥ ਪੂਰਬ ਉਰ ਉਦਾਰਤਾ ਜੈਸੀ। ਕਰਹਿਂ ਬਹੁਰ ਸੁਖਸਾਗਰ ਤੈਸੀ। ਜਿਉਂ ਸੁਰਸਰਿ ਗਤਿ[10] ਪ੍ਰਾਚੀ ਗਵਨੀ[11]। ਕਬਹਿ ਨ ਬਿਹਰਹਿ[12] ਪਸ਼ਚਮ ਅਵਨੀ[13] ॥ ੩੯ ॥ ਜਿਉਂ ਸੂਰਜ ਕੋ ਧਰਮ ਸੁਹਾਵਨ। ਸਦਾ ਤਿਮਰ[14] ਕੋ ਕਰਹਿ ਨਸਾਵਨ। ਤਿਉਂ ਰੰਕਨ ਕੋ ਕਸ਼ਟ ਨਿਵਾਰਨ। ਕਰਹਿਂ ਸਦਾ ਜੋ ਦਾਸ ਉਬਾਰਨ ॥ ੪੦ ॥ ਜਿਉਂ ਸੁਰਤਰੁ[15] ਕੋ ਸੁਭਗ[16]‡ ਸੁਭਾਊ। ਜਾਚੇ§ ਛੂਛਾ[17] ਛੋਰਿ ਨ ਕਾਊ। ਤਿਉਂ ਜੋ ਕਰਹਿਂ ਅਰਥਨਾ[18] ਰੰਕਾ। ਦੇਹਿਂ ਸਭਿਨਿ ਕੋ ਬਦਨ[19] ਮਯੰਕਾ[20] ॥੪੧॥ ਦੌਲਤਖਾਨ ਖਰਚ ਤਿਹ ਥੋਰਾ। ਹੋਤਿ ਬਿਸਾਲਾ ਰੰਕਨ ਓਰਾ। ਸਰਬ ਦਿਵਸ ਮਹਿਂ ਅਪਰ ਨ ਕਾਰਾ[21]। ਬੀਤਹਿ ਦੇਤੇ ਦਾਨ ਉਦਾਰਾ¶ ॥੪੨॥ ਦੋਹਰਾ ॥ ਮਨਹੁ ਪੁੰਨ ਤਨ ਧਾਰਿ ਨਿਜ ਕੀਨੀ ਆਨਿ ਦੁਕਾਨ। ਦਾਰਿਦ ਛੁਧਾ[22] ਜੁ ਨਗਨਤਾ[23] ਤਜਿਗੇ[24] ਪੁਰਿ ਸੁਲਤਾਨ ॥ ੪੩ ॥ ਚੌਪਈ ॥ ਬਿਸਮਹਿ[25] ਨਗਰ ਵਿਖੈ

[1]ਛਕਾਇਆ (ਭੋਜਨ)। [2]ਸਵਾ ਪਹਿਰ ਰਾਤ ਰਹੀ ਤੇ। [3]ਨਿੰਦ੍ਰਾ ਤਜੀ। [4]ਸ਼ਾਂਤੀ ਦਾਤਾ ਹੈ। [5]ਜਿਨ੍ਹਾਂ ਦਾ ਦਰਸ਼ਨ। [6]ਸਵੇਰ। [7]ਹੱਟੀ। [8]ਆਪਣੀ ਪੁੱਤ੍ਰੀ। [9]ਪੁੱਤ੍ਰੀ ਨੂੰ। [10]ਗੰਗਾ ਦੀ ਗਤੀ ਹੈ। [11]ਪੂਰਬ ਨੂੰ ਵਹਿਣ ਦੀ। [12]ਤੇ ਕਦੇ ਨਹੀਂ ਵਹਿੰਦੀ। [13]ਪਛੋਂ ਦੀ ਜ਼ਮੀਨ ਵਲ ਨੂੰ। [14]ਅਨ੍ਹੇਰੇ ਨੂੰ। [15]ਕਲਪ ਬ੍ਰਿਛ ਦਾ। [16]ਚੰਗਾ। [17]ਖਾਲੀ। [18]ਜਾਚਨਾ, ਮੰਗਣਾ। [19] [20]ਚੰਦ੍ਰਮਾਂ ਵਰਗੇ ਮੂੰਹ ਵਾਲੇ। [21]ਹੋਰ ਕੋਈ ਕੰਮ ਨਹੀਂ। [22]ਗ੍ਰੀਬੀ, ਭੁਖ। [23]ਤੇ ਨੰਗ। [24]ਛੱਡ ਗਏ। [25]ਹੈਰਾਨ ਹੋਣ।

*ਪਾ:-ਲੈਨ ਦੇਨ ਜਨੋਂ ਹੈ। †ਪਾ:-ਹ੍ਰਿਦਯ।

‡ਪਾਠਾਂਤ੍ਰ-ਰੁਚਿਰ। §ਪਾ:-ਜਾਚੇ। ¶ਪਾ:-ਅਪਾਰਾ।

ਨਰ ਨਾਰੀ। ਮਨਅਨੁਮਾਨਤਿ ਮਤਿ ਜਿਨ ਹਾਰੀ। ਕੇਊ ਲਖਹਿਂ ਰਸਾਇਨ ਕਰਿਹੀ[੧]।'ਧਰਮ ਬਧਾਵਹਿ[੨]' ਕੋਇ ਉਚਰਿਹੀ॥੪੪॥ ਕੋਇਕ ਕਲਾਵਾਨ ਅ-ਨੁਮਾਨਹਿਂ।ਕੋ ਪਾਰਸਕੋ ਪਾਸ[੩] ਪਛਾਨਹਿ।ਕੋ ਕਹਿ 'ਕਿਹ ਬਰ ਦੀਨੋ ਦੇਵਾ'। ਕੋ ਜਾਨਹਿ ਕਿਛ ਤੰਤ੍ਰਨਿ ਸੇਵਾ॥੪੫॥ ਭਾਖਤਿ ਕੋਇ 'ਭਗਤ ਇਹ ਪੂਰਾ। ਸ੍ਰੀ ਹਰਿ ਕੋਸ਼[੪] ਕਰੈ ਨਹਿਂ ਊਰਾ[੫]'। ਕੋਇ ਕਹੈ 'ਨਿਧਿ ਸਿਧਿ ਇਨ ਪਾਸੂ। ਦੇਤਿ ਦਾਨ ਦੀਨਨ ਕੋ ਆਸੂ[੬]'॥੪੬॥ਜਿਨਪਰ ਕਰੁਣਾ ਦ੍ਰਿਸ਼ਟਿ ਨਿਹਾਰੀ। ਰਿਦੇ ਅਵਿਦਯਾ ਦੂਰ ਬਿਦਾਰੀ। ਸੋ* ਜਾਨਹਿ 'ਪਰਮੇਸ਼ੁਰ ਆਪੂ। ਧਰਿ ਅਵਤਾਰ ਕਰਹਿਂ ਦੁਖ ਖਾਪੂ'॥੪੭॥ਜੋ† ਸ਼ਰਧਾ ਧਰਿਦਰਸ਼ਨ ਕਰਿਹੀਂ।ਮੋਹ ਜਨਤ[੭] ਸੰਸੈ ਸਭਿ ਹਰਿਹੀਂ।ਜੇਕੋ ਸੀਖ ਆਨਿ ਕਰਿ ਲੇਈ।ਬਚਨ ਸੁਨਤਿ ਭ੍ਰਮ ਕੋ ਤਜਿ ਦੇਈ ॥ ੪੮ ॥ ਅਸ ਪ੍ਰਕਾਰ ਬੀਤਾ ਇਕ ਮਾਸਾ[੮]। ਜਾਚਕ ਮੋਰਹਿਂ ਕੋ ਨ ਨਿਰਾਸਾ। ਰਿਦੇ ਨਾਨਕੀ ਕੀਨਿ ਵਿਚਾਰਾ।–ਭ੍ਰਾਤ ਭਾਰਜਾ[੯] ਆਇ ਅਗਾਰਾ[੧੦] ॥ ੪੯ ॥ ਸਭੈ ਸੰਭਾਰਨ[੧੧] ਸਾਂਭੈ ਸੋਊ। ਤਿਹ ਬਿਨ ਘਰ ਕੀ ਰੀਤਿ ਨ ਕੋਊ–। ਯਾ ਬਿਧਿ ਕਰਿ ਉਰਕੀ ਅਭਿਲਾਖਾ।ਪਤਿ ਕੇ ਨਿਕਟਿ ਬਚਨ ਪੁਨਿ ਭਾਖਾ॥੫੦॥'ਨੇਗਿ[੧੨] ਯੋਗ[੧੩]ਕੋ ਦੇਹੁ ਪਠਾਈ।ਭ੍ਰਾਤ ਭਾਰਜਾ ਲੈਹੁ ਮੰਗਾਈ'। ਸੁਨਿ ਜਰਾਮ ਤਬ ਮਨੁਜ ਬੁਲਾਏ। ਭਲੀ ਰੀਤਿ ਸੋ ਤਹਿਂ ਪਧਰਾਏ[੧੪] ॥੫੧॥ ਮੂਲਚੰਦ ਕੋ ਸਦਨ[੧੫] ਸੁਹਾਵਾ। ਪਹੁੰਚੇ ਜਾਇ ਸੰਦੇਸ਼ ਸੁਨਾਵਾ। ਕਰਿ ਵਿਚਾਰ ਤਬ ਚੰਦੋ ਭਾਗੀ‡। ਸੁਤਾ[੧੬] ਸਨੇਹ[੧੭] ਵਿਖੈ ਅਨੁ-ਰਾਗੀ§॥ ੫੨ ॥ ਵਡਭਾਗਨਿ ਕੀ ਕੀਨੀ ਤਯਾਰੀ। ਦੀਨੀ ਸੰਗਿ ਸੌਜ ਤਿਨ ਭਾਰੀ। ਦੇਵੀ ਰੂਪ ਸੁਲਖਨੀ ਨਾਮਾ।ਚਢਿ ਡੋਰੇ ਗਮਨੀ ਅਭਿਰਾਮਾ॥੫੩॥ ਦਾਸੀ ਸੰਗਿ ਲਏ ਪੁਰਿ ਆਈ। ਚਰਨ ਨਾਨਕੀ ਕੇ ਲਪਟਾਈ। ਦੀਨ ਆਸ਼ਿਖਾ[੧੮] ਕਰਿ ਸਨਮਾਨਾ।ਸਦਨ ਬਸਾਈ[੧੯]ਜੋ ਸ਼ੁਭ ਥਾਨਾ॥੫੪॥ਕੇਤਿਕ

---

[੧]ਰਸੈਣ ਕਰਦੇ ਹਨ। [੨]ਧਰਮ ਕਰਕੇ ਵਾਧਾ ਪੈਂਦਾ ਹੈ। [੩]ਕੋਲ ਪਾਰਸ ਹੈ। [੪]ਖਜ਼ਾਨਾ। [੫]ਘਾਟ। [੬]ਸ਼ੀਘਰ (ਅ) ਖੁੱਲਾ। [੭]ਮੋਹ ਤੋਂ ਉਪਜੇ। [੮]ਇਕ ਮਹੀਨਾ। [੯]ਭਰਜਾਈ। [੧੦]ਘਰ ਆਵੇ। [੧੧]ਸਾਮਾਨ। [੧੨]ਨੇਗੀ, ਲਾਗੀ। [੧੩]ਲਾਇਕ। [੧੪]ਭੇਜੇ। [੧੫]ਘਰ। [੧੬]ਪੁੱਤ੍ਰੀ ਦੇ। [੧੭]ਮੋਹ। [੧੮]ਅਸੀਸਾਂ। [੧੯]ਬਿਠਾਈ।

*ਨਿਰੰਕਾਰ ਨਾਨਕ ਦੇਉ ਨਿਰੰਕਾਰ ਆਕਾਰ ਬਣਾਇਆ। [ਭਾ: ਗੁਰਦਾਸ ਜੀ

†ਪਾ:–ਸੋ। ‡ਪਾ:–ਰਾਗੀ–ਹੈ। §ਦੋਹਾਂ ਤੁਕਾਂ ਦਾ ਪਾਠਾਂਤ੍ਰ ਹੈ:–ਕਰ ਵਿਚਾਰ ਤਬ ਚੰਦੋਰਾਨੀ। ਸੁਤਾ ਸਨੇਹ ਵਿਖੇ ਅਨੁਮਾਨੀ।

ਦਿਵਸ ਬਿਤਾਇ ਤਹਿੰਵਾ।ਹੁਤੋ ਨਿਕੇਤ ਨਾਨਕੀ ਜਹਿੰਵਾ।ਬਹੁਰ ਨਿਰਾਰਾ[੧] ਹਰਮ[੨] ਬਨਾਵਾ। ਸਰਬ ਰੁਤਿਨ ਮਹਿਂ ਸੁਭਗ[੩] ਸੁਹਾਵਾ ॥ ੫੫ ॥ ਭਾਂਜਨ[੪] ਆਦਿ ਸੌਜ[੫] ਜੋ ਚਹੀਆ। ਸਭਿ ਅਨਵਾਇ ਧਰੀ ਘਰ ਮਹੀਆ। ਸਰਪੀ[੬] ਸਿਤਾ[੭] ਅੰਨ ਜੋ ਨੀਕੇ। ਆਨਿ ਧਰੇ ਸਭਿ ਭਾਵਤਿ ਜੀਕੇ ॥੫੬॥ ਦੋਹਰਾ ॥ ਕੰਚਨ[੮] ਭੂਖਨ ਨਗ ਜਟੇ[੯] ਪਹਿਰਾਏ ਘਰਿਵਾਇ[੧੦]। ਹਰਖੀ ਉਰ ਬਹੁ ਨਾਨਕੀ ਭ੍ਰਾਤਾ[੧੧] ਭੌਨ[੧੨] ਬਸਾਇ ॥੫੭॥ ਚੌਪਈ॥ ਕਮਲ ਬਦਨ ਨਿਜ ਸਦਨ ਨ ਆਵਹਿਂ। ਆਪਨ ਪਰ[੧੩] ਨਿਸ[੧੪] ਦ੍ਯੋਸ[੧੫] ਬਿਤਾਵਹਿਂ। ਜੇ ਕਬਿ ਆਵਹਿਂ ਦੀਨਨ ਨਾਥਾ। ਭਨਤਿ ਨ ਬਚਨ ਸੁਲਖਣੀ ਸਾਥਾ ॥੫੮॥ ਕਿੰਚਤ ਪ੍ਰੀਤਿ ਨ ਚਿਤ ਤੇ ਕਰਿਈਂ। ਆਨਿ[੧੬] ਦਰਬ ਕਛੁ ਧਾਮ ਨ ਧਰਿਈਂ। ਦੀਨਨਿ ਦੇਨੇ ਦਾਨ ਦਨਾਈ[੧੭]। ਕਰਿ ਦੂਕਾਨ ਜਗ ਰੀਤਿ ਚਲਾਈ ॥੫੯॥ ਲੇਤਿ ਭੂਰ[੧੮] ਨਿਤ ਭੀਰ ਭਵੈਤਾ[੧੯]। ਦੇਹਿਂ ਨਿਰਾਲਸ[੨੦] ਸ੍ਰੀ ਜਗਕੇਤਾ। ਕੋ ਬਿਲੋਕ ਨਰ ਕੀਰਤਿ ਕਰਿਹੀ। ਕੋ ਇਕ ਰਿਦੈ ਅਸੂਯਾ[੨੧] ਧਰਿਹੀ ॥ ੬੦ ॥ ਦੋਹਰਾ ॥ ਸੁਨਿ ਪਿਖਿ ਖਿਝਹਿ ਸੁਲੱਖਨੀ ਅਸ ਪ੍ਰਕਾਰ ਬਿਵਹਾਰ।-ਘਰ ਕੀ ਪੀਰ ਨ ਜਾਨਈ ਬਾਹਰ ਬਨਨੋ ਉਦਾਰ ॥੬੧॥ਚੌਪਈ॥ ਰਾਖਹਿਂ ਦਰਬ ਨ, ਖੋਇਂ ਅਕਾਜੂ। ਸਦਾ ਮੂਲ ਜੋ ਗ੍ਰਿਸਤਿ ਸਮਾਜੂ।ਘਰ ਕੇ ਖਰਚ ਅਨਿਕ ਬਿਧਿ ਹੋਇਂ। ਦਰਬ ਪਾਸ ਤੇ ਪੂਜਹਿਂ[੨੨] ਸੋਇ ॥੬੨॥ ਇਨਕੇ ਮਨ ਇਹ ਬਾਤ ਨ ਕਾਈ। ਜੋ ਆਵਤਿ ਸਭਿ ਦੇਤਿ ਲੁਟਾਈ।ਧਨ ਰਾਖਨ ਨਿਜ ਉਰ ਨ ਵਿਚਾਰਾ। ਅਵਰ ਨ ਵਰਜਹਿਂ[੨੩],ਭੇ ਅਨੁਸਾਰਾ-॥੬੩॥ ਸਦਾ ਗਿਨਤ ਗਿਨਤੀ ਇਸਭਾਂਤੀ।ਹਿਰਦੇ ਦੁਖਤਿ ਰਹਤਿ ਦਿਨ ਰਾਤੀ।ਕਬਿ ਕਬਿ ਆਇ ਨਾਨਕੀ ਪਾਸਾ। ਕਹੈ ਰੋਸ ਸੋਂ[੨੪] ਨਿਜ ਦੁਖ ਰਾਸਾ[੨੫] ॥੬੪॥ 'ਨਿਜ[੨੬] ਭ੍ਰਾਤਾ ਕੋ ਨਹਿਂ ਸਮਝਾਵਹਿਂ।ਗ੍ਰਿਹਸਤਿ ਕਾਜ ਇਉਂ ਕਿਉਂ ਬਨਿ ਆਵਹਿਂ? ਆਨਿ ਸਦਨ ਨਹਿਂ ਬਦਨ ਦਿਖਾਵੈਂ। ਸਰਬ ਦਰਬ ਕੋ ਬਹਿਰ ਲੁਟਾਵੈਂ'

---

[੧]ਵੱਖਰਾ। [੨]ਜ਼ਨਾਨਾ ਘਰ। [੩]ਚੰਗਾ। [੪]ਭਾਂਡੇ। [੫]ਸਾਮਾਨ। [੬]ਘਿਉ। [੭]ਖੰਡ। [੮]ਸੋਨੇ ਦੇ। [੯]ਗਹਿਣੇ ਰਤਨਾਂ ਜੜੇ। [੧੦]ਘੜਵਾਕੇ। [੧੧]ਭਰਾ ਦਾ। [੧੨]ਘਰ। [੧੩]ਹੱਟ ਤੇ। [੧੪]ਰਾਤ। [੧੫]ਦਿਨ। [੧੬]ਲਿਆਕੇ। [੧੭]ਗਰੀਬਾਂ ਨੂੰ ਦਾਨ ਦੇਣ ਵਿੱਚ ਦਾਨਾ ਹਨ (ਯਾ ਦਾਤਾ) ਹੈਨ। [੧੮]ਬਹੁਤ। [੧੯]ਭੀੜ ਪਈ ਰਹਿੰਦੀ ਹੈ। [੨੦]ਉੱਦਮ ਨਾਲ। [੨੧]ਈਰਖਾ। [੨੨]ਪੂਰੇ ਹੁੰਦੇ ਹਨ, ਨਿਭਦੇ ਹਨ। [੨੩]ਹੋਰ ਭੀ ਨਹੀਂ ਮਨ੍ਹੇ ਕਰਦੇ। [੨੪]ਗੁੱਸੇ ਨਾਲ। [੨੫]ਸਾਰਾ ਦੁਖ। [੨੬]ਆਪਣੇ।

॥ ੬੫ ॥ ਸੁਨਿ ਕਰਿ ਸ੍ਰੌਨ ਨਾਨਕੀ ਬਾਨੀ। ਭਰਜਾਈ ਸਭਿ ਬਿਧਿ ਸਨਮਾਨੀ। ਮਧੁਰ ਬਚਨ ਸੋਂ ਸਿਖਵਨ ਦੀਨੀ। ਜਗਤ ਰੀਤਿ ਲਖਿ ਸਾਚੀ ਚੀਨੀ[1]॥੬੬॥ 'ਜਿਉਂ ਉਚਰਤਿ ਤਿਉਂ ਕਰੀਏ ਕਾਜੂ*। ਜਿਉਂ ਸੋ ਕਰਹਿਂ ਰਹਹੁ ਤਿਉਂ ਰਾਜੂ†। ਸਭਿ ਬਿਧਿ ਆਪ ਚਤੁਰ ਸੋ ਸਜਾਨਾ। ਕਹਾ ਸਮਝਾਵੌਂ ਨਹੀਂ ਇਯਾਨ॥੬੭॥ ਪਤਿ ਤੇ ਤਜਹੁ ਜੁ ਮਤਿ ਪ੍ਰਤਿਕੂਲਾ[2]। ਸਦਾ ਰਿਦੇ ਸੋਂ ਰਹੁ ਅਨਕੂਲਾ। ਜੋ ਕੁਛ ਲਾਲਸ‡ ਹੋਇ ਪਦਾਰਥ। ਕਹਿ ਮੋਸੋਂ ਪੁਰਵੌਂ[3] ਸਭਿ ਸ੍ਵਾਰਥ[4] ॥ ੬੮ ॥ ਜਾਨਹੁ ਭਲਾ ਕੰਤ ਅਨੁਸਾਰਾ। ਹੋਵਹਿ ਸਰਬ ਭਾਂਤਿ ਸੁਖਭਾਰਾ। ਮਧੁਰ[5] ਗਿਰਾ[6] ਕੀ ਸੀਖ ਸੁਨੀ ਜਬ। ਤੂਸ਼ਨ[7] ਭਈ ਸੁਲਖਨੀ ਮੁਖ ਤਬ॥੬੯॥ ਦੋਹਰਾ॥ ਸਦਨ ਗਈ ਪੁਨਿ ਆਪਨੇ ਮਨ ਸਚਿੰਤ[8] ਨਿਤ ਹੋਇ। ਸਮਾਂ ਬਿਤਾਵਨ ਕਿਤਿਕ ਕਾਲ ਮੁਖ ਤੇ ਤੂਸ਼ਨ ਹੋਇ ॥੭੦॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰਿ ਆਵਨ' ਪ੍ਰਸੰਗ ਬਰਨਨ ਨਾਮ ਚੌਬੀਸਮੋਂ ਅਧਜਾਯ ॥ ੨੪ ॥

੨੫ [ਸਰਸ੍ਵਤੀ ਮੰਗਲ। ਮੂਲੇ ਤੇ ਚੰਦੋ ਰਾਣੀ ਦਾ ਆਕੇ ਗੁੱਸੇ ਹੋਣਾ]

ਦੋਹਰਾ ॥ **ਚੰਦ ਬਦਨ, ਸੁਮਤੀ ਸਦਨ, ਕੁਮਤਿ ਨਿਕਦਨ ਉਦਾਰ।**
ਰੂਪ ਉਮਾ ਬਾਨੀ ਰਮਾ ਤਾਂਕੋ ਨਮੋ ਹਮਾਰ ॥ ੧ ॥

ਬਦਨ=ਮੂੰਹ। ਸੁਮਤਿ=ਸ੍ਰੇਸ਼ਟ ਬੁੱਧਿ। ਸਦਨ=ਘਰ।
ਉਮਾ=ਪਾਰਬਤੀ, ਦੁਰਗਾ।
ਬਾਨੀ=ਬਾਣੀ, ਵਾਕਯ ਦੀ ਦੇਵੀ, ਸਰਸ੍ਵਤੀ, ਸਾਰਦਾ।
ਰਮਾ=ਲੱਛਮੀ। ਰੂਪ ਉਮਾ ਬਾਣੀ ਰਮਾ=ਜਿਸਦਾ ਸਰੂਪ ਹੈ ੧ ਉਮਾ ੨ ਬਾਣੀ ੩ ਰਮਾ ਅਰਥਾਤ ਜੁੱਧ ਦੀ ਦੇਵੀ, ਵਿਦਯਾ ਦੀ ਦੇਵੀ, ਤੇ ਸੁਭਾਗਤਾ ਦੀ ਦੇਵੀ। ਜਿਸਦੇ ਸਰੂਪ ਵਿਚ ਤ੍ਰਿੰਨ ਮੰਡਲ ਹਨ– ਬੀਰਤਾ, ਵਿਦਯਾ, ਪ੍ਰਾਪਤੀ§।

ਅਰਥ–ਚੰਦ੍ਰਮਾ (ਵਰਗੇ ਸੁਹਣੇ) ਮੁਖੜੇ ਵਾਲੀ, ਸ੍ਰੇਸ਼ਟ ਬੁੱਧੀ ਦਾ ਘਰ, ਖੋਟੀ ਬੁੱਧੀ ਦੇ ਕੱਟ ਸਿੱਟਣ ਵਾਲੀ ਤੇ ਉਦਾਰ ਹੈ, (ਹਾਂ) ਜਿਸਦਾ ਸਰੂਪ ਹੈਃ- ਵਿੱਦਯਾ, ਬੀਰਤਾ ਤੇ ਪ੍ਰਾਪਤੀ, ਉਸ ਨੂੰ ਸਾਡੀ ਨਮਸਕਾਰ ਹੋਵੇ।

ਭਾਵ–ਏਥੇ ਫੇਰ ਕਵਿ ਜੀ ਨੇ ਸਰਸ੍ਵਤੀ ਆਵਾਹਨ ਕੀਤਾ ਹੈ ਅਰ ਉਸ ਦਾ ਰੂਪ ਦੱਸਿਆ ਹੈ, ਵਿਦਯਾ, ਬੀਰਤਾ, ਤੇ ਪ੍ਰਾਪਤੀ। ਉਸ ਦੀ ਸੁੰਦਰਤਾ ਜਮਾਲ ਵਾਲੀ

[1]ਸੱਚੀ ਸਮਝੀ। [2]ਉਲਟ। [3]ਪੂਰੀ ਕਰਾਵਾਂਗੀ (ਮੈਂ)। [4](ਤੇਰੀ) ਲੋੜ। [5]ਮਿੱਠੀ। [6]ਬਾਨੀ। [7]ਚੁੱਪ। [8]ਚਿੰਤਾਵਾਨ। *ਪਾਃ–ਕਾਜਾ। †ਪਾਃ–ਜਿਉਂ ਸ਼ਹੁ ਰਹੈ ਰਹਹੁ ਤਿਉਂ ਰਾਜਾ।
‡ਪਾਃ–ਜਿ ਕੁਛ ਲਾਲਸਾ। §ਉਮਾ ਤੋਂ–ਤਮੋ ਗੁਣ, ਰਮਾ ਤੋਂ–ਸਤੋ ਗੁਣ, ਤੇ ਬਾਣੀ ਤੋਂ–ਰਜੋ ਗੁਣ, ਭਾਵ ਭੀ ਕੱਢਣ ਦਾ ਜਤਨ ਕੀਤਾ ਜਾਂਦਾ ਹੈ।

ਅਰਥਾਤ ਠੰਢੀ ਠੰਢੀ ਪਜਾਰੀ ਪਜਾਰੀ ਐਉਂ ਦੱਸੀ ਹੈ ਕਿ ਉਹ ਚੰਦਰਮਾ ਵਰਗੀ ਸੀਤਲ ਸੁੰਦ੍ਰਤਾ ਵਾਲਾ ਮੁਖੜਾ ਰਖਦੀ ਹੈ ਤੇ ਨੇਕ ਮਤ ਦੀ ਦਾਤੀ ਹੈ। ਇਹ ਗੁਣ ਦੱਸਕੇ ਫੇਰ ਉਸ ਦਾ ਜਲਾਲ ਦਾ ਗੁਣ (ਤੇਜਮਯ) ਵਰਣਨ ਕਰਦੇ ਹਨ ਕਿ ਓਹ ਖੋਟੀ ਬੁੱਧੀ ਨੂੰ ਜੜ੍ਹੋਂ ਪੁੱਟਣ ਵਾਲੀ ਹੈ; ਤੀਸਰਾ ਗੁਣ ਉਸ ਦਾ ਉਦਾਰਤਾ ਦੱਸਦੇ ਹਨ ਕਿ ਉਦਾਰ ਹੈ। ਇਹ ਸੁੰਦਰਤਾ ਦਾ ਸ਼ੁਭ ਗੁਣ ਜਲਾਲ ਤੇ ਜਮਾਲ ਦਾ ਮਿਲਵਾਂ ਹੈ। ਉਦਾਰਤਾ ਵਿੱਚ ਤੇਜ ਬੀ ਹੁੰਦਾ ਹੈ ਤੇ ਸੀਤਲਤਾ ਬੀ ਹੁੰਦੀ ਹੈ। ਅੱਗੇ ਚੱਲਕੇ ਉਸ ਨੂੰ ਇਸ ਕਰਕੇ ਤਿੰਨਾਂ ਨਾਵਾਂ ਤੋਂ ਯਾਦ ਕਰਦੇ ਹਨ, ਜਿਨ੍ਹਾਂ ਵਿੱਚ ਤਿੰਨਾਂ ਉੱਪਰ ਕਹੇ ਗੁਣਾਂ ਦੀ ਸੰਭਾਵਨਾ ਹੈ।

ਉਮਾ–ਤੇਜਮਯ ਵਯਕਤੀ ਦਾ ਵਾਚਕ ਹੈ, ਜੋ ਖੋਟੀ ਬੁਧਿ ਦੂਰ ਕਰਦੀ ਹੈ।

ਬਾਨੀ–ਸ਼ਾਂਤਮਯ ਵਯਕਤੀ ਹੈ ਜੋ ਸ੍ਰੇਸ਼ਟ ਬੁੱਧੀ ਸਫੁਰਣ ਕਰਵਾਉਂਦੀ ਹੈ।

ਰਮਾ–ਦਾਨਮਯ ਵਯਕਤੀ ਹੈ ਜੋ ਉਦਾਰਤਾ ਵਾਲੀ ਹੋਣ ਕਰਕੇ ਵਰਦਾਤੀ ਹੈ।

ਪਿਛਲੇ ਆਏ ਸ਼ਾਰਦਾ ਆਵਾਹਨਾ ਤੇ ਇਸ ਤੋਂ ਸੰਸਾ ਨਹੀਂ ਰਹਿ ਜਾਂਦਾ ਕਿ ਕਵਿ ਜੀ ਜਦ ਅਪਨੇ ਕਵਿ ਤਰੰਗ ਵਿੱਚ ਕਵਿਤਾ ਦੀ ਸ਼ਕਤੀ ਨੂੰ ਯਾਦ ਕਰਦੇ ਹਨ ਤਾਂ ਉਸ ਨੂੰ ਤੇਜਮਯ, ਵਰਦਾਤੀ ਦੇ ਵਿਦਯਾ ਦਾਤੀ ਇਕ ਰੂਪ ਵਿੱਚ ਮੰਨਦੇ ਹਨ। ਵਖ ਵੱਖ ਦੇਵੀਆਂ ਦਾ ਆਵਾਹਨ ਨਹੀਂ ਕਰਦੇ। ਇਹ ਗੱਲ ਅਗਲੇ ਦੋ ਅਧਯਾਵਾਂ ਦੇ ਮੰਗਲਾਂ ਤੋਂ ਬੀ ਸਪਸ਼ਟ ਹੋ ਜਾਂਦੀ ਹੈ, ਕਿ ਉਥੇ ਇਹੋ ਸ਼ਾਰਦਾ ਦਾ ਆਵਾਹਨ ਜਾਰੀ ਹੈ, ਤੇ ਓਹ ਇਸੇ ਨੂੰ ਸਰਸ੍ਵਤੀ ਰੂਪ ਕਰਕੇ ਵਰਣਨ ਕਰਦੇ ਹਨ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ॥ ਅਸ ਪ੍ਰਕਾਰ ਕਛੁ ਸਮਾਂ ਬਿਤਾਯੋ। ਮਿਲਿਨ ਹੇਤ ਤਬ ਮੂਲਾ ਆਯੋ। ਸਦਨ ਸੁਤਾ[1] ਕੇ ਪ੍ਰਵਿਸ਼ਯੋ ਜਬ ਹੀ। ਉਮਗਯੋ ਨੇਹੁ ਅਧਿਕ ਮਨ ਤਬਹੀ ॥੨॥ ਉਠੀ ਸੁਲਖਣੀ, ਲੋਚਨ[2] ਨੀਰਾ[3]। ਭਰਿ ਆਵਾ, ਉਰ ਭਈ ਅਧੀਰਾ। ਪਿਤ ਸੌਂ ਮਿਲਿ ਰੋਵਨ ਬਹੁ ਲਾਗੀ। ਮਨ ਦੁਖ ਤੇ ਜਨੁ ਕਰੁਨਾ ਪਾਗੀ[4] ॥ ੩ ॥ ਅੱਸ਼੍ਰੁਪਾਤ[5] ਸੋਂ[6] ਚੀਰ[7] ਭਿਗੋਵਾ[8]। ਜਨੁ[9] ਦੁਖ ਅਪਨੋ ਮਲਿ ਮਲਿ ਧੋਵਾ। ਬਹੁਰ ਬੈਸ ਕਰਿ[10] ਪਿਤਾ ਬਸਾਵਾ। ਨਿਜ ਦੁਖ ਕ੍ਰਮ ਕ੍ਰਮ ਸਭਿਹਿ ਸੁਨਾਵਾ ॥੪॥ ਮੋਚਤਿ ਲੋਚਨ ਬੂੰਦਨ ਨੀਰਾ[11]*। ਕਹਤਿ ਬਚਨ ਕੋ ਹੋਤਿ ਅਧੀਰਾ[12]। 'ਸੁਨਿ ਪਿਤ ਭਲੇ ਸੰਗ ਹੌਂ ਲਾਈ। ਜਿਹ ਨਿਕੇਤ ਕੀ ਚਿੰਤ ਨ ਕਾਈ ॥੫॥ ਕਰਿ ਸਨਬੰਧ ਡੋਬ ਤੁਮ ਦੀਨੀ। ਪੂਰਬ

[1]ਪੁੱਤ੍ਰੀ ਦੇ ਘਰ ਵਿਚ। [2]ਅੱਖਾਂ ਵਿੱਚ। [3]ਜਲ। [4]ਕਰੁਨਾ ਰਸ ਵਿੱਚ ਭਿੱਜਕੇ ਭਾਵ ਰੋ ਕੇ। [5]ਅਸ਼੍ਰੂ ਡਿੱਗਣ। [6]ਨਾਲ। [7]ਕਪੜਾ। [8]ਭਿੱਜ ਗਿਆ। [9]ਮਾਨੋ। [10]ਆਪ ਬਹਿਕੇ। [11]ਛਡਦੇ ਹਨ ਨੈਣ ਪਾਣੀ ਦੀਆਂ ਬੂੰਦਾਂ। [12]ਬੇ-ਹੌਸਲਾ।

*ਪਾਃ–ਪੋਂਛਤ ਲੋਚਨ, ਬੁੰਦ ਨ ਨੀਰਾ–ਅੱਖੀਆਂ ਪੂੰਝਦੀ ਹੈ, ਪਰ ਪਾਣੀ ਬੰਦ ਨਹੀਂ ਹੁੰਦਾ।

ਜਨਮ ਕਰਮ ਮੈਂ ਹੀਨੀ। ਮਾਸ[੧] ਏਕ ਦੋ ਬਹਿਰ ਬਿਤਾਵਹਿ। ਕਬਿ ਨ ਸਦਨ ਮਹਿਂ ਬਦਨ[੨]ਦਿਖਾਵਹਿਂ ॥੬॥ ਜਿਉਂ ਨਿਸਿ ਬਸੈ ਆਨ ਪਰਦੇਸੀ। ਉਰ ਨਿਰਮੋਹ ਰੀਤਿ ਤਿਹ ਤੈਸੀ। ਅਨਗਨ ਧਨ ਆਪਨ[੩] ਪਰ ਆਵਹਿ। ਸਰਬ ਸਦਨ ਤੇ ਬਹਿਰ ਲੁਟਾਵਹਿਂ॥੭॥ ਸੁਤ ਕ੍ਰਿਤ ਕੋ ਕਰਤਿ ਨਿਸ਼ੰਕਾ। ਕੋ ਸਮਝਾਇ ਨ, ਰਹੈਂ ਸਸ਼ੰਕਾ[੪]*। ਗ੍ਰਿਸਤਿ ਰੀਤਿ ਤੇ ਨੀਤ ਕੁਵਾਲੀ[੫]। ਮਾਨਹੁ ਬਨਯੋ ਫਜ਼ੂਲਿਨ ਸਾਲੀ[੬]॥੮॥ ਮੇਲੀ ਸਦਾ ਬਿਸ਼ਾਲ[੭] ਫਕੀਰਨ। ਘਰਕੀ ਬੂਝਹਿ[੮] ਪੀਰ[੯] ਅਪੀਰ[੧੦] ਨ। ਨਹਿਂ ਰੰਚਕ ਭਰ ਮਮ ਸਤਿਕਾਰਾ। ਸਹੌਂ ਰਿਦੈ ਸਦਹੀ ਦੁਖ ਭਾਰਾ[੭] ॥੯॥ ਸੁਨਤਿ ਸੁਤਾ ਕੇ ਬੈਨ ਦੁਖਾਰੇ ॥ ਮੂਲੇ ਅੱਸ੍ਰੂ ਲੋਚਨ[੧੧] ਡਾਰੇ[੧੨]।ਜਰ ਬਰ[੧੩]ਗਯੋ ਰਿਦੇ ਕੇ ਮਾਂਹੀ। ਅਧਿਕ ਰੋਸ ਕਰਿਕੈ ਪਛੁਤਾਹੀ॥੧੦॥ਕਾਲੂ ਕਸਾ[੧੪] ਮੂਲਾ ਜੋ ਕ੍ਰੋਧੀ। ਨਹਿਂ ਜਾਨਹਿ ਸ੍ਰੀ ਨਾਨਕ ਸੋਧੀ[੧੫]। ਰਿਦੇ ਸੁਤਾ ਕੇ[੧੬] ਧੀਰਜ ਦੀਨਾ। ਉਠਯੋ ਆਪ ਰਿਸਿ ਮੈਂ ਮਨ ਲੀਨਾ ॥੧੧॥ ਗਯੋ ਜਰਾਮ ਪਾਸ ਤਤਕਾਲਾ। ਮੁਖ ਬੋਲਤਿ ਦੁਰਬਾਕ ਬਿਸਾਲਾ। ਤਿਹ ਛਿਨ ਸ੍ਰੀ ਨਾਨਕ ਜੈਰਾਮਾ। ਬੈਸੇ ਏਕ ਥਾਨ ਅਭਿਰਾਮਾ[੧੭] ॥ ੧੨ ॥ ਜਬਹਿ ਬਿਲੋਕਯੋ ਮੂਲਾ ਆਵਾ। ਸਨਮਾਨਯੋ ਆਸਨ ਬੈਸਾਵਾ। ਬੈਸਤਿ ਬੋਲਯੋ ਗਿਰਾ ਕਠੋਰਾ। 'ਸੁਨਿ ਜਰਾਮ ਤੂੰ ਦੁਸ਼ਮਨ ਮੋਰਾ ॥੧੩॥ ਪੂਰਬ ਜਨਮ ਸ਼ੱਤ੍ਰੁਤਾ ਤੇਰੀ। ਯਾਂਤੇ ਦਸ਼ਾ[੧੮] ਕਰੀ ਅਸ ਮੇਰੀ।ਯਹਿ ਜੋ ਸਦਾ ਫਕੀਰਨ ਸੰਗੀ। ਤਾਂਕੇ ਹੇਤ ਸੁਤਾ[੧੯] ਮੁਰਿ[੨੦]† ਮੰਗੀ ॥੧੪॥ ਬਨਹਿ ਫਕੀਰ ਏਕ ਦਿਨ ਮਾਂਹੀ। ਰੁਚਿਤਿ ਕਰਹਿ[੨੧]ਸਭਿ ਸੰਸੈ ਨਾਂਹੀ। ਜਾਂਕੋ ਜਾਂਸੋਂ ਲਾਗਯੋ ਹੇਤਾ। ਬਨਤਿ ਸੁ ਤਸ[੨੨],ਕਹਿਂ ਸੁਮਤਿ-ਨਿਕੇਤਾ[੨੩] ॥ ੧੫ ॥ ਜੇ ਹੌਂ ਲੱਛਨ ਜਾਨਤਿ ਐਸੇ। ਸੁਤਾ ਸਬੰਧ ਕਰਤਿ ਕਹੁ ਕੈਸੇ। ਆਪਨ[੨੪] ਪਰ ਆਵਤਿ ਬਹੁ ਦਰਬਾ। ਬਾਦ[੨੫] ਲੁਟਾਇ ਫਕੀਰਨ ਸਰਬਾ ॥੧੬॥ਪੂਰਬ ਜਨਮ ਕਰੇ ਅਘ[੨੬]ਭਾਰੀ।ਭਯੋ ਜਮਾਤਾ[੨੭]

---

[੧]ਮਹੀਨਾ। [੨]ਮੁਖ। [੩]ਹੱਟੀ ਪਰ। [੪](ਸਭ) ਡਰਦੇ ਰਹਿੰਦੇ ਹਨ। [੫]ਉਲਟੇ ਤਰੀਕੇ ਵਾਲਾ। [੬]ਫਜ਼ੂਲੀਆਂ ਦਾ ਘਰ। [੭]ਬਹੁਤਾ। [੮]ਪੁਛਦੇ ਨਹੀਂ। [੯]ਦੁਖ। [੧੦]ਸੁਖ। [੧੧]ਅੱਖੀ ਤੋਂ। [੧੨]ਡੇਗੇ। [੧੩]ਸੜ ਬਲ। [੧੪]ਕਾਲੂ ਕੀਹ ਸੀ। [੧੫]ਖਬਰ। [੧੬]ਧੀ ਦੇ। [੧੭]ਸੁੰਦਰ। [੧੮]ਹਾਲਤ। [੧੯]ਧੀ। [੨੦]ਮੇਰੀ। [੨੧]ਜਿਧਰ ਰੁਚੀ ਹੈ ਉਹੀ ਕੰਮ ਕਰੇਗਾ। [੨੨]ਤੈਸਾ। [੨੩]ਬੁਧੀ-ਮਾਨ ਕਹਿੰਦੇ ਹਨ। [੨੪]ਹੱਟ। [੨੫]ਬਿਰਥਾ। [੨੬]ਪਾਪ। [੨੭]ਜੁਆਈ।

*ਪਾ:-ਰਹੈਂ ਨਿਸ਼ੰਕਾ। †ਪਾ:-ਮੁਖਿ।

ਤੇ ਦੁਖਕਾਰੀ। ਨੈਕ ਨ ਮਮ ਤਨਿਯਾ[੧] ਸਨਮਾਨਾ। ਕਿਨਹਿ ਨ ਸਮ-
ਝਾਯੋ, ਕਜਾ ਜਾਨਾ॥ ੧੭॥ ਭਈ ਦੀਨ ਨਿਤ ਰਹਤਿ ਦੁਖਾਰੀ। ਮਮ
ਆਗੇ ਨਿਜ ਬ੍ਰਿਥਾ[੨] ਉਚਾਰੀ’। ਉਪਾਲੰਭ[੩] ਨਿਸ਼ਠੁਰ[੪] ਯੁਗ ਸਾਨੀ[੫]।
ਸੁਨੀ ਜਰਾਮ ਸ਼੍ਰੋਨ[੬] ਸਭਿ ਬਾਨੀ॥੧੮॥ ‘ਮਹਿਤਾ ਜੀ! ਨਾ ਕੀਜੈ ਰੋਸੂ।
ਦੋਸ਼ ਅਰੋਪਹੁ[੭] ਨਹਿੰ ਬਿਨ ਦੋਸ਼ੂ। ਕਿਸੂ ਵਸਤੁ ਕੀ ਕਮੀ ਨ ਆਜੂ। ਦਯੋ
ਬਿਧਾਤਾ ਸਰਬ ਸਮਾਜੂ॥ ੧੯॥ ਅਸਨ ਬਸਨ ਭੂਖਨ ਧਨ ਭਾਰੀ।
ਖਰਚਹਿ ਖਾਵਹਿ ਸੁਤਾ ਤੁਮਾਰੀ। ਜਾਂਹਿ ਵਸਤੁ ਕੇ ਕਾਜ ਜੁ ਊਰਾ[੮]।
ਉਚਰਹੁ[੯] ਆਪ ਕਰੋ ਮੈਂ ਪੂਰਾ’ ॥੨੦॥ ਮਧੁਰ[੧੦] ਬਿਨੈ ਪਰਸੈਸਾ ਸਾਲੀ[੧੧]
ਸੁਨਿ ਮੂਲਾ ਭਾ ਸੀਤਲ ਚਾਲੀ। ਹੁਤੋ ਕ੍ਰੋਧ ਮਨ ਪਾਵਕ[੧੨] ਜੈਸੇ। ਬਚਨ
ਜਰਾਮ ਮਿਲੇ ਜਲ ਤੈਸੇ॥੨੧॥ ਕਮਲਨੈਨ ਮੁਖ ਤੂਸ਼ਨ ਰਾਖੀ। ਜਾਨਿ
ਜਨਕ ਸਮ[੧੩] ਗਿਰਾ ਨ ਭਾਖੀ। ਇਕ ਨਿਸ ਬਸਿਕਰਿ[੧੪] ਸੁਤਾ ਅਵਾਸਾ।
ਦਈ ਧੀਰ ਕਹਿਕਰਿ ‘ਸੁਖਰਾਸਾ[੧੫]’ ॥ ੨੨॥ ਪੁਨ ਗਮਨਜੋ ਨਿਜ ਨਗਰ
ਮਝਾਰਾ।ਸਭਿ ਬ੍ਰਿਤਾਂਤ ਢਿਗ ਪਤਿਨਿ[੧੬] ਉਚਾਰਾ।ਕੇਤਿਕ ਦਯੋਸ ਬਿਤੀਤੇ
ਜਬਹੀ। ਆਈ ਚੰਦੋਰਾਨੀ ਤਬ ਹੀ॥੨੩॥ਮਿਲੀ ਸੁਤਾ ਸੋਂ ਨੇਹੁ ਘਨੇਰਾ।
ਰੋਦਨ ਕਰਤਿ ਨੈਨ ਜਲਗੇਰਾ।ਬੋਲਤਿ ਬਚਨਹਿ ਹੋਇ ਦੁਖਾਰੀ। ‘ਹੇ ਬਿ-
ਧਿ[੧੭]! ਕਿਉਂ ਸਿਰਜੀ ਜਗ ਨਾਰੀ॥੨੪॥ ਪਰਾਧੀਨ ਨਿਤ ਦੁਸਹਿ[੧੮] ਕਲੇਸ਼ਾ।
ਲੇਕਰਿ ਜਨਮਤਿ ਸਭਿਹਿ ਅੰਦੇਸ਼ਾ[੧੯]’। ਬੈਸ ਸੁਲਖਨੀ ਕਰਿ ਉਰ ਧੀਰਾ।
ਕਹਿਨ ਲਗੀ ਨਿਜ ਦੁਖ ਗੰਭੀਰਾ॥੨੫॥ ‘ਸੁਨਹੁ ਮਾਤ ਪਤਿ ਕੀ ਵਿ-
ਪਰੀਤਾ[੨੦]। ਦਰਬ ਸਰਬ ਬਾਦਹਿ ਖੈ ਨੀਤਾ[੨੧]। ਕਬਿ ਕਬਿ ਸਦਨਹਿ
ਬਦਨ ਦਿਖਾਵਾ। ਆਪਨ[੨੨] ਪਰ ਦਿਨਰੈਨ[੨੩] ਬਿਤਾਵਾ॥੨੬॥ ਗ੍ਰਿਹਸਤੀ
ਰੀਤਿ ਨ ਤਾਮੈ ਏਕਾ। ਧਨ ਮੰਚਨ ਤੇ ਆਦਿ ਅਨੇਕਾ’। ਸੁਨਤਿ ਸੁਤਾ
ਬਚ[੨੪] ਚੰਦੋਰਾਨੀ। ਭਈ ਕ੍ਰੋਧ ਕੇ ਮਤਿ ਗਲਤਾਨੀ॥੨੭॥ ਗਵਨੀ[੨੫] ਸਦਨ
ਨਾਨਕੀ ਜਹਿੰਵਾ। ਕੁਸ਼ਲ ਪ੍ਰਸ਼ਨ[੨੬] ਕਰਿ ਬੈਸੀ ਤਹਿੰਵਾ। ਕ੍ਰੋਧ ਕੀਏ ਪੁਨਿ

---

[੧]ਪੁੱਤ੍ਰੀ ਦਾ। [੨]ਪੀੜਾ। [੩]ਉਲਾਂਭੇ ਤੇ। [੪]ਕਠੋਰਤਾ। [੫]ਦੋਹਾਂ ਨਾਲ ਮਿਲੀ ਹੋਈ ਬਾਣੀ। [੬]ਕੰਨੀ। [੭]ਲਗਾਵੋ। [੮]ਊਣਾ। [੯]ਆਖੋ। [੧੦]ਮਿੱਠੀ। [੧੧]ਉਸਤਤ ਦਾ ਘਰ। [੧੨]ਅੱਗ। [੧੩]ਪਿਤਾ ਤੁਲ। [੧੪]ਰਹਿਕੇ। [੧੫]ਸਾਰੇ ਸੁਖ ਪ੍ਰਾਪਤ ਹੋਣ ਤੈਨੂੰ। [੧੬]ਪਤਨੀ ਦੇ ਪਾਸ। [੧੭]ਬਿਧਾਤਾ। [੧੮]ਅਸਹਿ। [੧੯]ਫਿਕਰ। [੨੦]ਬੇ-ਪ੍ਰੀਤੀ। (ਅ) ਪੁੱਠੀ ਗਲ। [੨੧]ਗਵਾਉਂਦਾ ਹੈ ਨਿੱਤ। [੨੨]ਹੱਟ। [੨੩]ਰਾਤ ਦਿਨ। [੨੪]ਵਾਕ। [੨੫]ਗਈ। [੨੬]ਸੁੱਖ ਪੁੱਛਕੇ।

ਬੋਲੀ ਬੈਨਾ। 'ਤੁਮ ਉਰ ਡਰ ਪਰਮੇਸ਼ੁਰ ਹੈ ਨਾ ॥੨੮॥ ਕਿਸ ਪ੍ਰਕਾਰ ਕੋ ਠਾਨਨੋ ਮਤਾ। ਦਾਸੀ ਜਿਉਂ ਰਾਖੀ ਮਮ[੧] ਸੁਤਾ। ਨਿਜ ਭ੍ਰਾਤਾ ਕੋ ਨਹਿ ਸਮਝਾਵਹਿੰ। ਸਰਬ ਦਰਬ ਕੌ ਵਹਿਰ ਲੁਟਾਵਹਿ ॥੨੯॥ ਤੁਮਰੇ ਸਰਸ[੨] ਨ ਹਿਰਦੈ ਕੋਈ। ਜਿਹਠਾਂ ਦੁਖੀ ਸੁਤਾ ਮਮ ਹੋਈ। ਨਾਤਾ ਤਬ ਜਰਾਮ ਕਰਿਵਾਯਾ। ਅਬ ਤਿਹ ਕੋ ਨਹਿੰ ਕਿਉਂ ਸਮਝਾਯਾ?॥੩੦॥ਦੋਹਰਾ॥ਆਨਿ ਸਦਨ ਸੁਧਿ ਲੇਤਿ ਨਹਿੰ,ਆਨਨ[੩]ਕਹੈ ਨ ਬੈਨ।ਦਰਬ ਨ ਰਾਖਹਿ ਨਿਕਟਿ ਕਛੁ ਰਿਦੈ ਵਿਖੇ ਕਛੂ ਭੈ ਨ[੪]' ॥ ੩੧ ॥ ਚੌਪਈ ॥ ਗਿਰਾ ਨਾਨਕੀ ਸ਼੍ਰੋਨਨ[੫] ਸੁਨੀ। ਸਠ ਕਰ ਮਾਨਿਕ[੬] ਤਿਉਂ ਬਿਧਿ ਗੁਨੀ[੭]। ਬੋਲੀ ਮ੍ਰਿਦੁਲ ਮਾਧੁਰੀ ਬਾਨੀ। 'ਸੁਨਿ ਮਾਸੀ ! ਤੂੰ ਪਰਮ ਸਯਾਨੀ ॥ ੩੨ ॥ ਕਿਆ ਸਮਝਾਵੋਂ ਮੈ ਭਲਿ ਬਾਤਾ। ਕੋ ਕੁਕਰਮ ਨਹਿ ਕਰਿਹੀ ਭ੍ਰਾਤਾ।ਤਸਕਰ[੮] ਸੰਗਿ ਨ ਕਰਹਿ ਸਤੇਈ[੯]।ਜੂਪ ਨ ਖੇਲਤਿ[੧੦],ਸੁਰਾ[੧੧]ਨ ਪੇਈ[੧੨]॥੩੩॥ਪਰ ਨਾਰਿਨ ਸੇ ਨਹਿ ਬਿਭਚਾਰੀ[੧੩]। ਬਿਸ਼ੈ ਬਾਸ਼ਨਾ ਉਰ ਤੇ ਟਾਰੀ। ਲੋਭੀ, ਕ੍ਰੋਧੀ,ਲੰਪਟ ਨਾਂਹੀ। ਸੁਪਨ[੧੪] ਬਿਕਾਰ[੧੫] ਨ ਮਨ ਉਪਜਾਹੀਂ ॥ ੩੪ ॥ ਅਸ ਕੁਕਰਮ ਮਹਿ ਸੋਦਰ[੧੬]ਹੇਰੋਂ[੧੭]। ਤਉ ਸਮਝਾਵਨ ਬਨਿ ਹੈ ਮੇਰੋ। ਭਲੋ ਬਿਲੋਕਹੁੰ[੧੮] ਤਾਂਹਿ ਸੁਭਾਊ। ਜਿਹ ਮਹਿੰ ਰੰਚਕ ਦੋਸ਼ ਨ ਕਾਊ ॥੩੫॥ ਮਹਾਂ ਸੁਸ਼ੀਲ ਕਰੁਨਾ-ਖਾਨੀ[੧੯]।ਅਸਨ ਬਸਨ ਰੰਕਨ ਕੋ ਦਾਨੀ।ਪਰਦੁਖ[੨੦]ਪਿਖਿ[੨੧] ਨਹਿੰ ਜਾਤਿ ਸਹਾਰਾ। ਸੁਖਦਾਨੀ ਜਿਉਂ ਬ੍ਰਿਖ ਉਪਕਾਰਾ[੨੨] ॥੩੬॥ਆਤਪ[੨੩] ਤਪਤੈ[੨੪] ਸਿਰ ਪਰ ਲੇਤਾ। ਕਰ ਛਾਯਾ ਪੰਖੀ[੨੫]ਸੁਖਦੇਤਾ।ਇਉਂ ਕਰਿਕੈ ਨਿਜ ਹਾਥ ਕਮਾਈ। ਸਭਿ ਸੰਤਨ ਕੋ ਦੇਤਿ ਖੁਆਈ ॥੩੭॥ ਮਨਹੁ ਭਗਤਿ[੨੬]ਨਿਜ ਧਰਨੋ ਸਰੂਪਾ। ਕਿਧੌਂ[੨੭] ਗਯਾਨ[੨੮] ਤਨ ਕੀਨ[੨੯] ਅਨੂਪਾ[੩੦]। ਜੇਕੋ ਨੀਕੇ[੩੧] ਕਰਮਨ ਲਾਗਾ। ਤਿਹ ਹੋਰਹਿ[੩੨] ਸੋ ਹੋਤਿ ਕੁਭਾਗਾ॥੩੮॥ ਧੰਨਭਾਗ ਤੁਮ

---

[੧]ਮੇਰੀ। [੨]ਜੇਹਾ। [੩]ਮੁਖੋਂ। [੪]ਡਰ ਨਹੀਂ ਕੋਈ। [੫]ਕੰਨੀਂ। [੬](ਜਿਵੇਂ) ਮੂਰਖ ਦੇ ਹੱਥ ਵਿਚ ਮਾਣਕ ਹੋਵੇ। [੭](ਚੰਦੋ ਦੀ) ਹਾਲਤ ਇਉਂ ਦੀ ਸਮਝੀ। [੮]ਚੋਰ। [੯]ਚੋਰੀ। [੧੦]ਜੂਆ ਨਹੀਂ ਖੇਡਦਾ। [੧੧]ਸ਼ਰਾਬ। [੧੨]ਨਹੀਂ ਪੀਂਦਾ। [੧੩]ਮਾੜੇ ਆਚਾਰ ਵਾਲਾ। [੧੪]ਸੁਪਨੇ ਵਿਚ ਬੀ। [੧੫]ਮਾੜਾ ਕੰਮ। [੧੬]ਭਿਰਾ ਨੂੰ। [੧੭]ਜੇ ਵੇਖਾਂ। [੧੮]ਵੇਖਦੀ ਹਾਂ। [੧੯]ਕਿਰਪਾ ਦੀ ਖਾਣ। [੨੦]ਪਰਾਇਆ ਦੁਖ। [੨੧]ਵੇਖਕੇ। [੨੨]ਜਿਵੇਂ ਉਪਕਾਰੀ ਬ੍ਰਿਛ ਹੁੰਦਾ ਹੈ। [੨੩]ਧੁੱਪ। [੨੪]ਤੱਪਸ਼। [੨੫]ਪੰਛੀਆਂ ਨੂੰ। [੨੬]ਭਗਤੀ ਨੇ। [੨੭]ਯਾ। [੨੮]ਗਯਾਨ ਨੇ। [੨੯]ਸਰੀਰ ਧਾਰਿਆ ਹੈ। [੩੦]ਸੁਹਣਾ। [੩੧]ਚੰਗੇ। [੩੨]ਉਸ ਨੂੰ ਜੋ ਹੋੜੇ।

ਜਾਨਤਿ ਕੋ ਜੁ ਕਹਾਂ ਗਤਿ ਕੀਨੀ[੪੩]। ਬਿਸਮਾਦਿ ਰਿਦੈ ਪਛੁਤਾਇ ਭਏ ਪੁਨ
ਆਦਿ[੪੪] ਕੀਦਾਸਕੋ ਬਾਤ ਬੁਝੀਨੀ। 'ਮਮ ਆਗਰ ਨੈਨਨ[੪੫] ਨ੍ਹਾਨ[੪੬] ਬਰੇ[੪੭]

---

[੧]ਗਿਆ। [੨]ਮਛੀ।[੩]ਉਸਨੂੰ ਬਿਨ ਪਾਣੀ ਮਛੀ ਵਾਕਰ ਦੇਖਕੇ।[੪]ਬੜਾ ਝੂਰਦਾ ਹੈ। [੫]ਝੱਲਾ ਹੋਇਆ। [੬]ਦੌੜਕੇ। [੭]ਪਾਣੀ। [੮]ਬਾਹਰ ਨਹੀਂ ਆਏ। [੯]ਬਹੁਤ ਵਾਰੀ। [੧੦]ਪਾਣੀ। [੧੧]ਵੇਖਿਆ ਹੈ। [੧੨]ਦੇਰੀ। [੧੩]ਘੋੜੇ ਤੇ ਕਾਠੀ। [੧੪]ਮਲਾਹ। [੧੫]ਦੁੜਾਕੇ। [੧੬]ਵੇਈਂ ਕਿਨਾਰੇ। [੧੭]ਰੌਲਾ ਪੈ ਗਿਆ। [੧੮]ਹੌਲ। [੧੯]ਦਿਲ ਦੇ ਟਿਕਾਣੇ ਹੌਲ ਛਾ ਗਿਆ। [੨੦]ਮਣੀ ਹੀਨ ਸਪ (ਵਾਂਙੂ) [੨੧]ਮੱਛੀ। [੨੨]ਬਿਨਾ ਪਾਣੀ ਤੋਂ। [੨੩]ਭਾਵ ਨੱਸਿਆ। [੨੪]ਰਿਦੇ ਵਿਚ। [੨੫]ਅਧੀਰਜ ਧਾਰਿਆ। [੨੬]ਪੀੜ। [੨੭]ਕਿਨਾਰਾ। [੨੮]ਪਾਣੀ। [੨੯]ਉਰਵਾਰ ਤੋਂ। [੩੦]ਪਾਰ ਤੋਂ। [੩੧]ਪਾਣੀ। [੩੨]ਲੁਕਕੇ। [੩੩]ਦਿਖੀਂਦੇ ਨਹੀਂ। [੩੪]ਜੇਹੀ ਹੈ। [੩੫]ਬੁਧੀ। [੩੬]ਮਨੁਖਾਂ ਦੀ। [੩੭]ਕਿਨਾਰੇ ਪਰ। [੩੮]ਇਸਤ੍ਰੀ ਵਤ ਹੈ। [੩੯·੪੦·੪੧](ਬੁੱਧੀ ਰੂਪੀ ਇਸਤ੍ਰੀ) ਓਥੇ ਖੜੀ ਹੈ, ਥਾਹ ਨਹੀਂ ਲਖ ਰਹੀ (ਇਸ ਕਰਕੇ) ਖੜੀ ਸੁਕਚ ਰਹੀ ਹੈ, ਕੋਈ ਬਿਧ ਨਹੀਂ ਅਹੁੜਦੀ। [੪੨]ਨਦੀ। [੪੩]ਕਿੱਥੇ ਚਲੇ ਗਏ। [੪੪]ਪਹਿਲੋਂ ਦੀ। [੪੫](ਨੌਕਰ ਕਹਿੰਦਾ ਹੈ) ਮੇਰੇ ਨੈਣਾਂ ਦੇ ਸਾਹਮਣੇ। [੪੬]ਨ੍ਹਾਉਂਣ। [੪੭]ਵੜੇ।

*ਪਾ:–ਲਸੈ। †ਪਾ:–ਵਰ।

ਨਿਕਸੇ ਨ ਤਟੈਂ[੧] ਟੁਬਕੀ ਇਕ ਲੀਨੀ। ਬਹੁ ਬਾਰ[੨] ਨਿਹਾਰਿਕੈ[੩] ਬਾਰਿ[੪] ਤਬੈ ਬਿਨ ਬਾਰ[੫] ਨਿਬਾਬ ਕੋ ਮੈਂ ਸੁਧ[੬] ਦੀਨੀ'।੨੩।ਉਰ ਭੂਰ ਬਿਸੂਰਤਿ ਦੌਲਤਖਾਂ ਸਹਿ ਸ਼ੋਕ ਹ੍ਵੈ ਲੋਕਨ ਸੋਂ ਬਚ ਪ੍ਰਾਹੀ[੭]। 'ਬਹੁ ਨਕ, ਵਿਵੇਕੀ,ਅਨੇਕ ਗੁਨਾ-ਨਜ[੮], ਔਗੁਨ ਇਕ ਬਿਲੋਕਨ ਨਾਂਹੀ[੯]। ਤਨ ਸੁੰਦਰ ਕੋਮਲਤਾ ਜਨੁ ਮੰਦਰ ਸੰਦਲ[੧੦] ਸੀ ਸਿਫਤੀ ਜਿਸ ਆਹੀ। ਨਹਿ ਹਾਥ ਲਗੈ ਮੁਝ ਧਾ ਸਮ ਮੋਦੀ ਕੋ ਕਾਰ ਭਲੀਬਿਧਿ ਕੀਨਿ ਨਿਬਾਹੀ'।੨੪।ਦੁਖ ਦਾਰੁਨ[੧੧] ਮੈਂ ਅਤਿਆਰਤਿ[੧੨] ਚਿਤ ਜੈਰਾਮ ਮਨੋ ਬਿਤ ਸੂਮ ਗਵਾਇ। ਧਰਿ ਮੂਰਤਿ ਜਨੋਂ ਕਰੁਨਾਰਸ ਝੁਰਤਿ ਅੰਬਕੁਅੰਬੁਜ[੧੩] ਮੈਂ ਅੰਬੁ[੧੪] ਛਾਇ।ਧੁਨਿਸੀਸ[੧੫] ਕਹੀ'ਜਗਦੀਸ੍ਵਰ! ਕਸਾਬਿਧਿ? ਮੋਹਿ ਨ ਦੀਸਤਿ ਕੋਇ ਉਪਾਇ'।ਜਲਈਖਦ[੧੬] ਜੇਸ਼ਟ ਬਾਸੁ-ਰ ਮਾਹਿਂ, ਬਿਸਾਰਣ ਕੀ ਬਿਧਿ ਜਨੋ[੧੭] ਦੁਖ ਪਾਇ ॥੨੫॥ ਕੋਕਨਿ ਕੋਕ[੧੮] ਕਿਲਾਲਜ[੧੯] ਪੁੰਜ[੨੦] ਦਿਵਾਕਰ ਕੇ ਬਿਨ[੨੧] ਜਨੋਂ ਅਕੁਲਾਇ। ਕਾਨਨ[੨੨] ਕੈਰਵ[੨੩], ਕੋਕ[੨੪] ਕਦੰਬ[੨੫] ਕਲਾਨਿਧਿ[੨੬] ਹੀਨ[੨੭] ਕਹਾਂ ਬਿਹਸਾਇ[੨੮]। ਤੋਕਕ[੨੯] ਕੇਕ[੩੦] ਜਿ ਭੇਕ[੩੧] ਅਨੇਕ, ਬਲਾਹਕ ਕੇ ਬਿਨ[੩੨] ਨਾਂ ਹਰਿਖਾਇ। ਸ਼੍ਰੀ ਗੁਰ ਕੀ ਗਤਿ[੩੩] ਐਸ ਬਿਲੋਕਿ[੩੪] ਕੈ ਹੋਤਿ ਜਿ ਪ੍ਰੀਤਮ ਤਨੋਂ ਦੁਖ ਪਾਇ ॥੨੬॥ ਨਾਨਕੀ ਏਕ ਰਹੀ ਉਰ ਮੈਂ ਥਿਰ[੩੫], ਔਰਨ ਕੀ ਸਰ[੩੬] ਨਾ* ਭਰਮਾਇ। 'ਸੋਦਰ[੩੭] ਈਸ਼ੁਰ ਕੋ ਅਵਤਾਰ, ਕਰੈ ਨਰ ਖੇਲ[੩੮], ਅਪੇਲ ਸਦਾਈ[੩੯]'। ਕੰਤ ਕੇ ਸੰਗ ਗਿਰਾ ਉਚਰੀ 'ਉਰ ਧੀਰ ਧਰੋ ਤਜਿ ਆਤੁਰ-ਤਾਈ[੪੦]। ਬਾਸੁਰ-ਨਾਹਿ[੪੧] ਜਥਾ ਗ੍ਰਸਿ ਰਾਹੁ[੪੨] ਤਥਾ ਬਿਧਿ ਆਹਿ ਹੁਵੈ ਬਿਦਤਾਈ[੪੩]'॥੨੭॥ ਸੁਨਿ ਕਾਨ ਜੈਰਾਮ ਭਨੇ ਬਚਨਾ ਜਲਜਾਤ[੪੪]

---

[੧]ਕਿਨਾਰੇ। [੨]ਬਹੁਤ ਵਾਰੀ। [੩]ਵੇਖਕੇ। [੪]ਜਲ। [੫]ਛੇਤੀ। [੬]ਖਬਰ। [੭]ਆਖਦਾ ਹੈ। [੮]ਗੁਣਾਂ ਦੀ ਖਾਣ। [੯]ਵੇਖਣ ਨੂੰ ਨਹੀਂ ਸੀ। [੧੦]ਚੰਦਨ ਵਰਗੀ। [੧੧]ਭੁਯਾਨਕ। [੧੨]ਦੁਖੀ। [੧੩]ਅੱਖਾਂ ਰੂਪੀ ਕਵਲ। [੧੪](ਹੰਝੂ ਦਾ) ਪਾਣੀ। [੧੫]ਸਿਰ ਫੇਰਕ। [੧੬]ਥੋੜੇ ਪਾਣੀ ਵਿਚ। [੧੭]ਜੇਠ ਮਹੀਨੇ ਥੋੜੇ ਪਾਣੀ ਵਿੱਚ (ਤੜਫਦੀ) ਮੱਛੀ ਵਾਂਙੂ। [੧੮]ਚਕਵੀ ਚਕਵੇ। [੧੯]ਕਮਲ। [੨੦]ਸਾਰੇ। [੨੧]ਸੂਰਜ ਦੇ ਬਿਨਾ। [੨੨]ਬਨ। [੨੩]ਕਵੀਆਂ ਦਾ। [੨੪]ਚਕੋਰ। [੨੫]ਸਾਰੇ। [੨੬]ਚਦਰਮਾਂ ਤੋਂ। [੨੭]ਬਿਨਾਂ। [੨੮]ਕਿਵੇਂ ਖਿੜਨ। [੨੯]ਪਪੀਹਾ। [੩੦]ਮੋਰ। [੩੧]ਡੱਡੂ। [੩੨]ਬਦਲ ਬਿਨਾਂ। [੩੩]ਹਾਲਤ। [੩੪]ਵੇਖਕੇ। [੩੫]ਅਡੋਲ। [੩੬]ਹੋਰਨਾਂ ਵਾਂਙੂ। [੩੭]ਵੀਰ ਜੀ ਨੂੰ। [੩੮]ਮਾਨੁਖੀ ਲੀਲ੍ਹਾ ਕਰਦੇ ਹਨ। [੩੯]ਅਟੱਲ ਹੈ ਸਦਾ। [੪੦]ਬਿਹਬਲਤਾ ਛਡਕੇ। [੪੧]ਦਿਨ ਦੇ ਪਤੀ, ਸੂਰਜ ਨੂੰ। [੪੨]ਜਿਸ ਤਰ੍ਹਾਂ ਗ੍ਰਸਦਾ ਹੈ ਰਾਹੂ। [੪੩]ਪ੍ਰਗਟ। [੪੪]ਕਮਲ।

*ਪਾ:-ਸ਼ਰਧਾ।

ਬਿਲੋਚਨ[੧] ਤੇ ਜਲ ਜਾਤਾ[੨]। ਬਹੁ ਜਾਰ[੩] ਪਸਾਰਿਕੈ ਬਾਰਿ ਨਿਹਾਰਨ[੪] ਕੇਵਟ[੫] ਬੀਚ ਬਰੇ[੬] ਮਿਲਿ ਬਾਤਾ[੭]। ਝਖ[੮], ਕੱਛਪ[੯] ਬ੍ਰਿੰਦ[੧੦] ਵਸੇ ਨਿਕਸੇ ਸਭਿ ਖੋਜ ਥਕੇ ਨਹਿਂ ਪਾਵਤਿ ਗਯਾਤਾ[੧੧]। ਨ੍ਰਿਪਤਾਦਿ[੧੨] ਨਿਰਾਸ ਫਿਰੇ ਪਛੁਤਾਇ, ਉਪਾਇ ਕਿਯੇ ਬਹੁ ਸੋ ਨ ਅਗਾਤਾ[੧੩] ॥ ੨੮ ॥ ਰੋਦਨ ਕੀਨ ਸੁਲੱਖਨਿ ਤਾ ਛਿਨ 'ਦੀਨ[੧੪] ਗਯੋ ਕਰਿ ਮੋ[੧੫] ਭਰਤਾਰਾ!'। ਪੰਕਤ[੧੬] ਤੇ ਬਿਛਰੀ ਨਿਜ ਜਨੋਂ ਕੁਰਲਾਵਤਿ ਕੂੰਜ ਭਯੋ ਦੁਖ ਭਾਰਾ। ਕੇਸ ਉਖਾਰਤਿ ਤਾੜਤਿ ਹੈ ਉਰ, ਭੁਖਨ ਡਾਰਤਿ ਹਾਰ ਉਤਾਰ।*। ਲੋਚਨ[੧੭] ਤੇ ਜਲ ਧਾਰ ਛੁਟੇ, ਸਭਿ ਚੀਰ[੧੮] ਭਿਗੇ ਤਨ ਕੀ ਨ ਸੰਭਾਰਾ ॥੨੯॥ 'ਹੇ ਪਤਿ ਤੋ ਬਿਨ ਭੌਨ ਭਾ ਸੂਨ[੧੯], ਸੁ ਦਾਨ ਕੋ ਥਾਨ[੨੦] ਉਦਾਸ ਲਗੈ ਹੈ।ਕੌਨ ਸੁ ਦੇ ਇਨਕੋ ਤ੍ਰਿਪਤਾਵਹਿ ਆਨਿ ਭਿਖਾਰੀ ਕੋ ਬ੍ਰਿੰਦ[੨੧] ਮੰਗੈ ਹੈ। ਆਪ ਕਹਾਂ ਗਏ ਦੀਏ ਬਿਨਾ ਸੁਧ[੨੨], ਮ੍ਰਿੱਤੁ ਕੋ ਹੇਤੁ[੨੩] ਨ ਕ ਉਪਜੈ ਹੈ। ਬਾਰਿਕ ਤਾਤ[੨੪]! ਅਧਾਰ ਨ ਮੋ ਕੋਊ, ਸ਼ੋਕ ਜਗੇ† ਉਰ, ਧੀਰ ਭਗੈ ਹੈ' ॥ ੩੦ ॥ ਯਾਬਿਧਿ ਸ਼ੋਕ ਗਿਰਾ ਬਹੁ ਭਾਂਤਿਨਿ ਬੋਲਤਿ ਹੈ ਬਿਰਲਾਪ ਪੁਕਾਰਾ।–ਬਾਮ ਫੁਰੇ ਅੰਗ[੨੫] ਸੂਚਕ ਹ੍ਵੈ ਸ਼ੁਭ, ਕਾਰਨ ਕੌਨ ਨ ਆਇ ਵਿਚਾਰਾ। ਲੋਕ ਬਿਲਕਿ ਅਏ ਸਭਿ ਹੀ ਜਲ ਡੂਬ ਗਯੋ ਨਹਿਂ ਦੇਹਿ ਨਿਹਾਰਾ[੨੬]। ਹੋਵਤਿ ਮੌਨ[੨੭] ਭਲੇ, ਸੁਖ ਭੌਨ ਕਰੋਂ ਅਬ‡ ਕੌਨ ਸੰਦੇਹ[੨੮] ਨਿਵਾਰਾ–॥ ੩੧ ॥ ਸ਼ੋਕ ਕੋ ਸ਼ੋਰ ਸੁਨਯੋ ਚਹੁੰ ਓਰ ਤੇ ਧਾਰਜ ਛੋਰਿ ਦਯੋ ਭਰਿ ਛਾਤੀ[੨੯]। ਨਾਨਕੀ ਹੇਰਿ ਦਸ਼ਾ ਸਭਿ ਕੀ ਹੁਤ ਦਾਸੀ ਔ ਦਾਸ ਜੋ ਆਨ ਸੰਗਾਤੀ[੩੦]। ਕੰਤਪਿਤਾ[੩੧] ਪੁਨਿ ਕੰਤ ਬਿਸੂਰਤ, ਸਦਰ ਕੀ ਤਰੁਨੀ[੩੨] ਬਿਲਲਾਤੀ। ਬਾਂਹਿ ਗਹੇ ਸੁ ਪ੍ਰਬੋਧਤਿ ਭੀ[੩੩] 'ਸੁਮਤ! ਤਜਿ ਸ਼ੋਕ, ਸੁਨੋ ਮਮ ਬਾਤੀ[੩੪] ॥੩੨॥ ਗਰਭਵਤੀ ਤੁਝ ਦੇਹਿ

[੧]ਨੇਤ੍ਰਾਂ ਤੋਂ। [੨]ਪਾਣੀ ਜਾਂਦਾ ਹੈ। [੩]ਜਾਲ। [੪]ਪਾਣੀਵੇਖਿਆ। [੫]ਮਲਾਹ। [੬]ਵੜੇ। [੭]ਗੱਲ ਮੇਲਕੇ। [੮]ਮੱਛ। [੯]ਕਛੂ। [੧੦]ਬਹੁਤੇ। [੧੧]ਸੋਝੀ। [੧੨]ਨਵਾਬ ਆਦਿਕ। [੧੩]ਲੱਭੇ ਨਾ ਓਹ। [੧੪]ਦੁਖੀ। [੧੫]ਮੈਨੂੰ। [੧੬]ਡਾਰ। [੧੭]ਅੱਖਾਂ ਤੋਂ। [੧੮]ਕਪੜੇ। [੧੯]ਘਰ ਸੁੰਞਾ ਹੋਗਿਆ। [੨੦]ਦਾਨ ਦੇਣ ਦਾ ਥਾਂ (ਹਟੀ)। [੨੧]ਸਮੂਹ। [੨੨]ਖਬਰ ਦਿਤੇ ਬਿਨਾ। [੨੩]ਕਾਰਨ। [੨੪]ਹੇ ਬਾਲ ਦੇ ਪਿਤਾ। [੨੫]ਖੱਬਾ ਅੰਗ ਫਰਕਦਾ ਹੈ। [੨੬]ਦੇਹੀ ਨਹੀਂ ਵੇਖੀ। [੨੭]ਸ਼ਗੁਨ। [੨੮]ਸੰਸਾ। [੨੯]ਛਾਤੀ ਭਰ ਆਈ। [੩੦]ਹੋਰ ਸੰਗੀ ਸਾਥੀ। [੩੧]ਕੰਤ ਪਿਤਾ=ਪਰਮਾਨੰਦ। [੩੨]ਭਰਜਾਈ। [੩੩]ਸਮਝਾਉਂਦੀ ਹੈ। [੩੪]ਮੇਰੀ ਗਲ।

*ਸ਼ੋਕ ਨੂੰ ਅਤਯੋਕਤੀ ਅਲੰਕਾਰ ਵਿਚ ਵਰਣਨ ਕਰ ਰਹੇ ਹਨ; ਜਿਵੇਂ ਆਮ ਤ੍ਰੀਮਤਾਂ ਕਰਨ, ਪਰ ਮਾਤਾ ਜੀ ਦਾ ਸ਼ੋਕ ਗੰਭੀਰ ਹੋਣਾ ਹੈ। †ਪਾਃ–ਜਰੇ। ‡ਪਾਃ–ਅਜ।

ਅਹੈ, ਬਹੁ ਸੰਕਟ ਦੇਨਿ ਨ ਯੋਗ ਲਖੀਜੈ। ਭੇਦ ਕਛੂ ਨਹਿਂ ਜਾਨਤਿ ਤਾਂਹਿ ਕੋ ਬਾਦ ਹੀ ਸ਼ੋਕ ਔ ਚਿੰਤ ਕਰੀਜੈ। ਤੋ ਪਤਿ ਆਇ ਮਿਲੈ ਨਿਸ਼ਚੈ ਕਰਿ, ਸੀਖ ਯੌਂ ਮੇਰੀ ਰਿਦੈ ਦ੍ਰਿੜ ਲੀਜੈ। ਤੀਨ ਦਿਨਾਂ ਲਗ, ਹੇ ਸੁ ਕਮਾਰਿ ! ਉਤਾਰਿ ਨ ਹਾਰ ਸ਼ਿੰਗਾਰ, ਮਨੀਜੈ[੧]' ॥ ੩੩॥ ਹੇਤ ਸਮੇਤ[੨] ਕੇ ਸੀਖ ਸੁ ਦੇਤਿ ਹੈ ਨਾਨਕੀ ਹੇਰਿ ਸਭੈ ਪਰਵਾਰੂ। ਕੇਚਿਤ ਕਾਲ ਸੁਨੈ ਚੁਪ ਹ੍ਵੈ ਕਰਿ ਜੇ ਬਚਨਾ[੩] ਹਿਤ ਕੇ ਸੁਖਕਾਰੂ। ਮੂਰਤਿ ਫੇਰ ਸਲੋਨੀ[੪] ਚਿਤਾ-ਰਿਕੈ[੫] ਸ਼ੋਰ ਉਠੈ ਇਕਬਾਰ ਖਭਾਰੂ[੬]। ਜੋ ਪੁਰਿ ਮੈਂ ਸੁਨੈ ਸ਼੍ਰੋਨ ਬਿਖੈ ਸੋਊ ਰੋਇ ਉਠੈ ਗੁਨ ਭਾਖਿ ਅਚਾਰ[੭] ॥ ੩੪ ॥ ਕੇਊਕ ਮੀਤ ਹੁਤੇ ਸੋਊ ਰੋਤਿ ਹੈਂ ਆਪਨ ਪੈ[੮] ਮਿਲ ਬੈਸਤਿ ਬ੍ਰਿੰਦਾ। ਕੇਊਕ ਆਨਿ ਅਵਾਸ ਬਿਖੈ ਕਹੈਂ ਬੈਨ ਜੈਰਾਮ ਸੋਂ 'ਭਾ ਅਤਿ ਮੰਦਾ। ਕੈਸੇ ਅਚਾਨਕ ਰੀਤਿ ਬਨੀ, ਇਸ਼-ਨਾਨ ਕਰੈਂ ਨਿਤ ਬੇਦਿਨ ਇੰਦਾ[੯]। ਦੇਹਿ ਬਹੋਰ ਨ ਹਾਥ ਲਗੀ ਬਹੁ ਕੀਨ ਉਪਾਇ ਹ੍ਵੈ ਠਾਂਢ[੧੦] ਨਰਿੰਦਾ[੧੧]' ॥ ੩੫॥ ਦੋਹਰਾ ॥ ਅਸ ਪ੍ਰਕਾਰ ਸਭ ਮਾਨਿਕੈ ਅਚਰਜ ਉਰ[੧੨] ਨਰ ਨਾਰਿ। ਕੋਇਕ ਸੁਜਸ ਉਚਾਰਹੀਂ ਕੋਇਕ ਨਿੰਦਹਿਂ ਗ੍ਵਾਰ ॥ ੩੬ ॥ ਸੈਯਾ ॥ ਪੁਰਿ ਰੋਰੁ[੧੩] ਪਰਾ ਬਿਸਮਾਦਿ ਰਿਦੈ ਤਨ ਖੋਜਿ ਰਹੇ ਕਿਤ ਹਾਥ ਨ ਆਯੋ। ਨਰ ਨਿੰਦਕ ਜੇ ਨਹਿਂ ਬਿੰਦਕ[੧੪] ਭੇਦ ਕੋ, ਤਿੰਦਕ ਮੋਹ ਜਿਨੈ ਗਰਸਾਯੋ[੧੫]। ਮੁਖ ਬੈਨ ਅਲਾਇ ਸੁਨਾਇ ਕਹੈਂ 'ਸੁ ਗਵਾਇ ਬਿਤੈ ਬਹੁਰੋ ਪਛੁਤਾਯੋ[੧੬]। ਜਲ ਡੂਬ ਗਯੋ, ਨਿਜ ਪ੍ਰਾਨ ਹਯੋ[੧੭]', ਨ ਕਲੇਸ਼ ਪਯੋ, ਮਨ ਯੌ ਸਮਝਾਯੋ ॥ ੩੭ ॥ ਟੋਟਾ ਵਡੋ ਪਿਖਿ, ਰਾਟਹਿ ਕੇ ਡਰ[੧੮], ਨਾਂਹਿ ਟਿਕਨੋ, ਟਕ ਟਕ ਕਰੀ ਰਤਿ[੧੯]। ਟੋਰ ਫਿਰੇ[੨੦] ਤਟ[੨੧] ਔ ਘਟ ਘਾਟ[੨੨], ਗਿਯੋ ਕਿਤ ਬਾਟ[੨੩], ਨ ਜਾਨਤਿ ਕੋ ਗਤਿ'। ਕੋਟਿ ਗਟੀ[੨੪] ਚਢਿ ਹੈ ਹਟਿ ਹੈ, ਘਟ[੨੫] ਕਾਨ ਜੈਰਾਮ ਸੁਨੇ ਬਤਿਯਾਂ[੨੬] ਇਤਿ[੨੭]। ਮਾਨਹੁ

---

[੧]ਮੰਨ ਲੈ ਕਿਹਾ। [੨]ਪਿਆਰ ਨਾਲ। [੩]ਭਾਵ ਬੇਬੇ ਜੀ ਦੇ ਬਚਨ। [੪]ਸੁੰਦਰ। [੫]ਯਾਦ ਕਰਕੇ। [੬]ਕਲੇਜਾ ਹਲਾ ਦੇਣ ਵਾਲਾ। [੭]ਗੁਣ ਤੇ ਆਚਾਰ ਕਹਿਕੇ। [੮]ਹੱਟ ਤੇ। [੯]ਵੇਦੀਆਂ ਦੇ ਚੰਦ। [੧੦]ਖੜੇ ਹੋਕੇ। [੧੧]ਨਵਾਬ ਜੀ ਨੇ। [੧੨]ਰਿਦੇ ਵਿਚ। [੧੩]ਰੌਲਾ। [੧੪]ਜੋ ਨਹੀਂ ਜਾਣਦੇ। [੧੫]ਮੋਹ ਰੂਪੀ ਤੰਦੂਏ ਨੇ ਜਿਨ੍ਹਾਂ ਨੂੰ ਗ੍ਰਸਿਆ ਹੈ। [੧੬]ਭਾਵ ਗੁਰੂ ਜੀ [੧੭]ਪ੍ਰਾਨ ਨਾਸ਼ ਕੀਤੇ। [੧੮]ਰਾਜੇ ਦੇ ਡਰ ਕਰਕੇ। [੧੯]ਪ੍ਰੀਤ (ਪਰਵਾਰ ਦੀ ਟੁੱਕਕੇ ਟੋਟੇ ਕੀਤੀ। [੨੦]ਢੂੰਡ ਫਿਰੇ। [੨੧]ਕਿਨਾਰੇ। [੨੨]ਸਾਰੇ ਘਾਟ। [੨੩]ਰਸਤੇ ਕੇਹੜੇ ਗਿਆ। [੨੪]ਕਈ ਗਿਣਤੀਆਂ। [੨੫]ਦਿਲ ਵਿੱਚ। [੨੬]ਗਲਾਂ। [੨੭]ਇਸ ਤਰ੍ਹਾਂ ਦੀਆਂ।

ਘਾਵ ਮੈਂ ਲੋਨ ਲਗਾਵਤਿ ਸੀਸ ਧਨੈ ਚਿਤ ਖੇਦ ਭਯੋ ਅਤਿ ॥੩੮॥'ਰੋਜ ਫਕੀਰਨ ਕੋ ਜੁ ਖਵਾਵਤਿ, ਆਵਤਿ ਨਾਂਹਿ ਰਸਾਯਨ ਕਾਈ। ਭੇ ਨ ਕਰਯੋ ਭਵ ਦਾਨੀ[1] ਭਯੋ, ਧਨ ਭੂਪਤਿ ਭਾਰੀ ਜਯੋਂ ਭੂਰ ਲੁਟਾਈ[2] । ਗ੍ਰਾਮ ਕੋ ਰਾਜ ਨ ਕਾਜ ਬਿਆਜ ਕੋ[3], ਆਜ ਪਿਖੀ ਇਸਕੀ ਪ੍ਰਭੁਤਾਈ'। ਆਨਨ ਨਿੰਦ ਬਕੈਂ ਬਿਨ ਬਿੰਦ[4], ਮੁਕੰਦ ਕੋ ਭੇਦ ਲਖਯੋ ਨਹਿੰ ਜਾਈ ॥ ੩੯ ॥ ਦੋਹਰਾ ॥ ਨਗਰ ਨਰਨ ਪਰਵਾਰ ਪੁਨ ਸਭਿ ਕੀ ਦਸ਼ਾ ਵਿਚਾਰ। ਦਤਿਯ ਰੈਨ ਮਹਿਂ ਨਾਨਕੀ ਧਰਯੋ ਧਯਾਨ ਸੁਖਸਾਰ[5] ॥੪੦॥ ਸੈਯਾ॥ 'ਹੇ ਜਗਬੰਦ ! ਪ੍ਰਭੁ ਸਖ ਕੰਦ ! ਮੁਕੰਦ ! ਅਨੰਦ ਕੋ ਦਾਸਨ ਦਾਨੀ ! ਸ੍ਰੀ ਕਰਤਾਰ ! ਮੁਰਾਰਿ ! ਅਘਾਰਿ[6] ਲਯੋ ਅਵਤਾਰ ! ਸੁ ਮੈਂ ਮਨ ਮਾਨੀ। ਜੇ ਸ਼ਰਧਾ ਮਮ ਸਾਚ ਰਿਦੇ ਮਹਿਂ ਤੌ ਪ੍ਰਗਟੋ ਪਰਭਾਤ ਮਹਾਨੀ। ਸ਼ੋਕ ਹਰੋ ਨਿਜ ਲੋਕਨ ਕੋ, ਸਹਿ ਸ਼ੋਕ ਕਰੋ[7] ਜੋਉ ਮਢ ਗਮਾਨੀ ॥ ੪੧ ॥ ਦੀਨ ਦਯਾਲ ! ਸਦਾ ਅਰਿ[8] ਘਾਲ[9] ਸਭੈ ਤੇ ਬਿਸਾਲ ਬਿਹੀਨ ਕਲੰਕਾ !। ਹੇ ਜਨ ਲਾਲ[10] ! ਪਖੰਡਨਿ ਸਾਲ[11], ਹਰੈਂ ਜਮਜਾਲ ਕਰਾਲ[12] ਅਤੰਕਾ[13] । ਜੇ ਕਲਿਕਾਲ, ਕੁਚਾਲ ਮਹਾਂ, ਅਘ[14] ਜਾਲ[15] ਭਏ ਨਰ ਹ੍ਵੈ ਮਤਿਰੰਕਾ[16]। ਸੋਊ ਉਬਾਰਨ ਕਾਰਨ ਰਾਵਰ[17] ਕਾਯਾਂ[18] ਧਰੀ, ਮਖ ਚਾਰ ਮਯੰਕਾ[19] ॥ ੪੨ ॥ ਦੋਹਰਾ ॥ ਅਸ ਪ੍ਰਕਾਰ ਤਨ ਤਜਿਨਿ ਕੋ ਕਿਉਂ ਤਮਰੋ ਬਨਿ ਆਇ। ਕੈਸੇ ਅੰਤਰ-ਧਯਾਨ ਭੇ[20] ਆਵਹ ਦਰਸ ਦਿਖਾਇ ॥ ੪੩ ॥ ਬਾਰਜ[21] ਬਨ ਪਰਵਾਰ ਨਿਜ[22] ਸਰਬ ਗਯੋ ਕੁਮਲਾਇ। ਭੋਰ[23] ਪ੍ਰਭਾਕਰ[24] ਸੇ[25] ਮਿਲੋ ਬਦਨ ਸੁ ਛਬਿ ਬਿਕਸਾਇ[26]॥੪੪॥ ਦੋਹਰਾ॥ ਬੰਦਿ ਹਾਥ ਦ੍ਵੈ ਬੰਦਿ ਹੀਂ[27] ਧਰ ਪਰ ਧਰਿ ਕਰਿ ਸੀਸ[28] ।'ਕਰੀ ਪ੍ਰਤੱਗਯਾ ਮੈਂ ਜ ਮੁਖ, ਪੂਰਹ ਸ੍ਰੀ ਜਗਦੀਸ਼ !' ॥੪੫॥ ਸਰਬ[29] ਰੈਨ[30] ਬਿਨ ਸੈਨਕੇ ਕਹਿਤਿ ਸੁਜਸ ਕੇ ਬੈਨ। ਭ੍ਰਾਤ ਅਰਾ-

---

[1]ਸੰਸਾਰ ਦਾ ਦਾਨੀ। [2]ਜਿਵੇਂ ਮੰਗਤਿਆਂ ਨੂੰ ਵਿਆਹ ਤੇ ਵੰਡਦੇ ਹਨ ਐਉਂ ਲੁਟਾਯਾ। [3]ਰਾਜਾ ਨਹੀਂ ਸੀ, ਨਾਂ ਹੀ ਵਯਾਜ ਦਾ ਵਿਹਾਰ ਸੀ। [4]ਸਮਝੇ ਬਿਨਾਂ। [5]ਭਾਵ ਗੁਰੂ ਜੀ ਦਾ। [6]ਪਾਪ ਨਾਸ਼ ਕਰਤਾ ! [7]ਸ਼ੋਕਮਾਨ ਯਾ ਸ਼ਰਮਿੰਦੇ ਕਰੋ। [8-9]ਵੈਰੀਆਂ ਦੇ ਨਾਸ਼ਕ। [10]ਦਾਸਾਂ ਦੇ ਪਿਆਰੇ। [11]ਪਖੰਡਾ ਨੂੰ ਸੱਲਣ ਵਾਲੇ। [12]ਭਯਾਨਕ। [13]ਭੈ, ਰੋਗ, ਪੀੜਾ । [14]ਪਾਪ । [15]ਸਮੂਹ। [16]ਕੰਗਾਲ ਬੁੱਧੀ। [17]ਆਪ ਨੇ। [18]ਦੇਹ। [19]ਚੰਦਰਮਾ ਵਰਗੇ ਸੁਹਣੇ ਮੁਖ ਵਾਲੇ ! [20]ਛਿਪ ਗਏ। [21]ਕਵਲਾਂ ਦਾ। [22]ਆਪ ਦਾ। [23]ਸਵੇਰੇ। [24]ਸੂਰਜ। [25]ਵਾਂਗ। [26]ਖਿੜਾਕੇ। [27]ਮੈਂ ਮੱਥਾ ਟੇਕਦੀ ਹਾਂ। [28]ਧਰਤੀ ਤੇ ਸਿਰ ਰੱਖਕੇ। [29]ਸਾਰੀ। [30]ਰਾਤ।

ਧਤਿ ਪ੍ਰੀਤਿ ਕਰਿ ਰਿਦੈ ਚਿਤਵਿ ਗੁਨ ਐਨ ॥੪੬॥ ਅਸ ਪ੍ਰਕਾਰ ਭੀ ਪੁਰਿ ਵਿਖੇ ਸੁਨਹੁ ਬਹੁਰ ਗੁਰ ਗਾਥ। ਕਵਿ ਸੰਤੋਖ ਸਿੰਘ ਸਿਮਰ ਨਿਤ ਬੰਦੋਂ ਧਰਿ ਪਦ ਮਾਥ ॥ ੪੭ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵੇਂਈਂ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਅਠਾਈਸਮੋ ਅਧਯਾਯ ॥ ੨੮ ॥

੨੯. [ਗੁਰਚਰਣ ਮੰਗਲ। ਵੇਂਈਂ ਤੋਂ ਬਾਹਰ ਆਉਣਾ, ਮੋਦੀ ਦੀ ਕਾਰ ਤਯਾਗਣੀ।]

ਦੋਹਰਾ ॥ ਸ੍ਰੀ ਗੁਰ ਚਰਨ ਜਹਾਜ ਸੇ ਤਿਨ ਅਲੰਬ ਹੌਂ ਪਾਇ।
ਪਰੋਂ ਪਾਰ ਸੰਦੇਹ ਬਿਨ ਉਦਿਧ ਬਿਘਨ ਸਮੁਦਾਇ ॥੧॥

{ ਅਲੰਬ=ਆਸਰਾ, [ਸੰਸ:, ਆਲਮ੍ਬ]। ਹੌਂ=ਹਉਂ, ਮੈਂ। [ਸੰਸ:, ਅਹੰ]।
ਸੰਦੇਹ=ਸ਼ੱਕ। ਉਦਿਧ=ਸਮੁੰਦਰ, [ਸੰਸ, ਉਦਧਿ] }

ਅਰਥ–ਸ੍ਰੀ ਗੁਰੂ (ਸਾਹਿਬਾਨ) ਜੀ ਦੇ ਚਰਣ ਜਹਾਜ਼ ਸਮਾਨ ਹਨ, ਉਨ੍ਹਾਂ ਦਾ ਆਸਰਾ ਪਾਕੇ ਮੈਂ ਸਾਰੇ ਵਿਘਨਾਂ (ਰੁਪੀ) ਸਮੁੰਦਰ ਤੋਂ ਨਿਰਸੰਸੇ ਪਾਰ ਜਾ ਪਵਾਂਗਾ।

ਸ੍ਰੀ ਬਾਲਾ ਸੰਧੁਰੁ ਵਾਚ ॥ ਸੈਯਾ ॥ ਯਾ ਬਿਧਿ ਸੋਂ ਸੁਲਤਾਨ ਪੁਰੇ ਪੁਨਿ ਸ੍ਰੀ ਗੁਰ ਜਾਤਿ ਭਏ ਪ੍ਰਭੁ ਪਾਸੀ। ਆਨੰਦ ਕੰਦ[੧] ਪਿਖ੍ਯੋ ਕਰ ਬੰਦਿ[੨] ਕਹੀ ਅਭਿਬੰਦਨ[੩] ਦੰਡ ਸੰਕਾਸੀ[੪]। ਮੰਦਹਿ ਮੰਦ[੫] ਮ੍ਰਿਦੰ[੬] ਮੁਸ਼ਕਾਯ ਧ੍ਯਾਨ ਜੁਗਿੰਦਨ[੭,੮] ਕੇ ਨਿਤ ਬਾਸੀ। ਬੈਨ ਭਨੇ ਗੁਨਐਨ ਪ੍ਰਮੇਸ਼ੁਰ 'ਆਵਹੁ ਨਾਨਕ! ਨਾਮ ਬਿਲਾਸੀ[੯] ॥ ੨ ॥ ਕਾਰਨ ਯਾ[੧੦] ਅਵਤਾਰ ਧਰ੍ਯੋ ਭਵ[੧੧], ਕਾਰਜ ਜਾਇ ਕਰੋ ਅਬ ਸੋਊ। ਹੈ ਕਲਿਕਾਲ ਕਰਾਲ[੧੨] ਬਿਸਾਲਹਿ ਮੰਦਮਤੀ ਮਨ ਮਾਨਵ ਹੋਊ[੧੩]। ਦੇਵਨਿ ਪੂਜਤਿ, ਨਾਮ ਤੇ ਬੇਮੁਖ, ਕੇਵਲ ਪਾਪ ਪਰਾਇਨ ਜੋਊ। ਭਾਉ ਭਲੇ ਭਗਤੀ ਪ੍ਰਗਟਾਵਹੁ, ਭਾਰ ਧਰਾ ਪਰ ਭੂਰ[੧੪], ਬਿਗੋਊ[੧੫] ॥ ੩ ॥ ਜਾਤਿ ਅਪਾਰ[੧੬] ਨਿਰੈ[੧੭] ਨਰ ਕੂਰ[੧੮], ਨਹੀਂ ਸੁਖਮੂਰ[੧੯] ਕਮੂਰ[੨੦] ਕੁਭਾਗੇ। ਪੰਥ ਤਯਾਗ ਕੁਪੰਥ[੨੧] ਪਰੇ, ਸਭਿ ਲੰਪਟ[੨੨] ਦੰਭ[੨੩] ਅਰੰਭਤਿ[੨੪] ਪਾਗੇ[੨੫]। ਨਾਮਹਿ ਕੀ ਸਿਫਤੀ ਪਰਕਾਸ਼ਹੁ, ਨਾਸ਼

---

[੧]ਭਾਵ ਪਰਮੇਸ਼ੁਰ ਨੂੰ (ਅ) ਗੁਰੂ ਜੀ ਨੇ। [੨]ਹਥ ਜੋੜਕੇ। [੩]ਨਮਸਕਾਰ। [੪]ਭਾਵ ਡੰਡੌਤ ਕੀਤੀ। [੫]ਹੌਲੀ ਹੌਲੀ। [੬]ਕੋਮਲ। [੭,੮]ਯੋਗੀਆਂ ਦੇ ਧਯਾਨ ਵਿੱਚ ਵਸਣ ਵਾਲੇ। ਭਾਵ ਰੱਬ ਜੀ। [੯]ਨਾਮ ਦਾ ਅਨੰਦ ਲੈਣ ਵਾਲੇ। [੧੦]ਜਿਸ। [੧੧]ਸੰਸਾਰ ਵਿਚ। [੧੨]ਭਯਾਨਕ। [੧੩]ਹੋ ਗਏ ਹਨ। [੧੪]ਬਹੁਤਾ ਹੋ ਗਿਆ ਹੈ। [੧੫]ਸੋ ਨਾਸ਼ ਕਰੋ। [੧੬]ਜਾਂਦੇ ਹਨ ਬਹੁਤੇ। [੧੭]ਨਰਕ ਨੂੰ। [੧੮]ਝੂਠੇ ਲੋਕ। [੧੯]ਮੂਲੋਂ ਸੁਖ ਨਹੀਂ। [੨੦]ਖੋਟੇ ਅਸਲੇ ਵਾਲੇ (ਅ) ਬਹੁਤੇ ਮੂੜ੍ਹ। [੨੧]ਕੁਰਾਹ। [੨੨]ਫਸੇ ਹੋਏ ਹਨ। [੨੩]ਫਰੇਬ ਵਿਚ। [੨੪]ਜੰਮਦਿਆਂ ਹੀ, ਮੁੱਢ ਤੋਂ ਹੀ। [੨੫]ਖਚਤ ਹੋਏ ਹਨ।

ਪਖੰਡ ਕਰੋ, ਜਿਹ ਲਾਗੇ[1]।ਸ੍ਰੀ ਗੁਰੁ ਜੀ ਸੁਨਿ ਬੈਨ ਭਨੇ ਸਿਰੀ ਰਾਗ ਵਿਖੇ, ਹਿਯਰਾ ਅਨੁਰਾਗੇ ॥ ੪ ॥ ਸ੍ਰੀ ਮੁਖਵਾਕ ॥ ਸਿਰੀ ਰਾਗੁ ਮਹਲਾ ੧ ॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥ ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥ ਪੰਖੀ ਹੋਇਕੈ ਜੇ ਭਵਾ ਸੈ ਅਸਮਾਨੀ ਜਾਉ । ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੪ ॥

ਦੋਹਰਾ ॥ ਪਾਰਬ੍ਰਹਮ ਬਿਗਸੇ ਸੁਨਤਿ ਮੰਤ੍ਰ ਦੀਨ ਗੁਰੁ*ਹੋਇ। ਸ੍ਰੀ ਨਾਨਕ ਧਾਰਨ ਕਰਨੋ ਬਰਨ[1] ਸੁਨਾਵੋਂ ਸੋਇ ॥ ੫ ॥ ਅਬ ਮੰਤ੍ਰ:-

੧ ਓ ਸਤਿਨਾਮੁ ਕਰਤਾ ਪਰਖੁ ਨਿਰਭਉ ਨਿਰਵੈਰੁ
ਅਕਾਲਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸੈਯਾ ॥ ਬਹੁਰੋ ਧੁਨਿ[2] ਕ੍ਰੂਰ ਗੰਭੀਰ ਭਨੈ[3] 'ਤਜਿਯੇ ਕ੍ਰਿਤਿ ਕੋ, ਬਿਦਤਾ-ਵਹੁ[4] ਜਾਈ'। ਪਦਬੰਦਨ ਕੋ ਕਰਿ ਫੇਰ ਮੁਰੇ† ਦੁਖ ਦ੍ਵੰਦ ਮਿਟੈਂ ਜਿਹ ਕੇ ਦਰਸਾਈ। ਜਹਿਂ ਤੇ ਸੁ ਗਏ ਤਿਹ ਠੌਰ ਅਏ, ਸੁਖ ਦਾਸ ਦਏ ਜਿਹ

[1]ਆਖਕੇ। [2]ਅਵਾਜ।[3]ਆਖਿਆ ਰੱਬ ਜੀ ਨੇ। [4](ਇਸ ਮੰਤ੍ਰ ਨੂੰ) ਪ੍ਰਗਟ ਕਰੋ।

*ਵਾਹਿਗੁਰੂ ਜੀ ਨੇ ਗੁਰੂ ਹੋਕੇ ਗੁਰ ਨਾਨਕ ਨੂੰ ਮੰਤ੍ਰ ਦਿਤਾ। ਗੁਰੂ ਜੀ ਆਪ ਬੀ ਆਪਣੇ ਗੁਰੂ ਦਾ ਇਹੋ ਪਤਾ ਦੇਂਦੇ ਹਨ 'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ॥ ੫ ॥'

†ਸ੍ਰੀ ਗੁਰੂ ਜੀ ਦਾ ਵੇਈਂ ਪ੍ਰਵੇਸ਼ ਕਰਕੇ ਤ੍ਰੈ ਦਿਨ ਅਪਣੇ ਸ਼ਰੀਰ ਦਾ ਕਿਸੇ ਨੂੰ ਦਰਸ਼ਨ ਨਾ ਹੋਣ ਦੇਣਾ ਤੇ ਪਰਮੇਸ਼ੁਰ ਦੇ ਦਰ ਜਾਣ ਤੇ ਬਖਸ਼ਿਸ਼ ਪ੍ਰਾਪਤ ਕਰਨੀ ਆਦਿ ਆਤਮਕ ਮੰਡਲ ਦੇ ਕ੍ਰਿਸ਼ਮੇ ਹਨ। ਸਚਖੰਡ ਅਦੇਸ਼, ਅਥਾਂਵ ਟਿਕਾਣਾ ਹੈ, ਜਿਸ ਦਾ ਰੂਪ ਰੇਖ ਨਹੀਂ, ਫੇਰ ਓਹ ਹਰ ਥਾਵੇਂ ਹੈ। ਵਾਹਿਗੁਰੂ ਹੈ, ਤੇ ਉਸਦੀ ਹੈ ਦਾ ਜਦ ਟਿਕਾਣਾ ਆਖੇ ਤਾਂ ਕਹੀ ਦਾ ਹੈ 'ਸਚ ਦੇ ਖੰਡ' ਵਿਚ, ਮੁਰਾਦ ਇਹ

[ਬਾਕੀ ਛਈ ਦੇਖੋ ਅਗਲੇ ਪੰਨੇ ਦੇ ਹੇਠ]

ਨਾਮ ਜਪਾਈ। ਗੁਰੁ ਕਿੰਕਰ[੧] ਲੇ ਕਰਿ ਚੀਰ[੨] ਬਰੈ[੩] ਥਿਰ[੪] ਤੀਰ[੫]ਵਿਈਂ ਨਿਤ ਹੋਵਹਿ ਆਈ ॥ ੬ ॥*ਦੋਹਰਾ ॥ ਜਹਿਂ ਪ੍ਰਵਿਸ਼ੇ ਇਕ ਕੋਸ ਤਹਿਂ ਨਿਕਸੇ ਗੁਰੂ ਪ੍ਰਬੀਨ। ਸੰਤ ਘਾਟ ਅਬ ਲਗ ਬਿਦਤ ਦਰਸਹਿਂ ਸਿੱਖ ਸੁ ਚੀਨ ॥ ੭ ॥ ਸੈਯਾ ॥ ਸ਼ਰਧਾ ਉਰ ਭੂਰ ਨਿਹਾਰਤਿ[੬] ਬਾਰਿ[੭] ਗੁਰੂ ਪਦ ਪ੍ਰੇਮ ਮੈਂ ਹੋਤਿ ਅਧੀਰਾ। ਮੁਖ ਸੋਚਤਿ[੮] ਲੋਚਨ[੯] ਨੀਰ[੧੦] ਬਿਮੋਚਤਿ[੧੧], ਚੌਂਪਤ ਚੀਤ[੧੨], ਹਲੈ ਝਖ ਨੀਰਾ[੧੩]। ਇਸ਼ਨਾਨ ਸਮੈਂ ਨਿਕਸੇ ਕਰੁਨਾਕਰ[੧੪] ਬਾਸੁਰ ਤੀਨ ਬਿਤਾਇ ਗਹੀਰਾ। ਦ੍ਰਿਗ[੧੫] ਦੇਖਤਿ ਹੀ ਉਮਗਾ[੧੬] ਅਨੁ-ਰਾਗ ਸੁਭਾਗ ਜੁ ਦਾਸ ਖਰਾ ਜਲ ਤੀਰਾ[੧੭] ॥ ੮ ॥ ਦੌਰ ਕਰੀ ਪਦ ਮੈਂ ਅਭਿਬੰਦਨ[੧੮] ਅੰਬਰ[੧੯] ਦੀਨ, ਸੁਖੰਬਰ[੨੦] ਪਾਯੋ। ਦੇਖਿ ਦਯਾਲ ਤਿਸੈ

[੧]ਦਾਸ। [੨]ਕਪੜੇ। [੩]ਸ੍ਰੇਸ਼ਟ। [੪]ਖੜਾ। [੫]ਕਿਨਾਰੇ। [੬]ਵੇਖਦਾ ਹੈ। [੭]ਜਲ। [੮]ਮੁਰਾਦ ਹੈ ਮਨ ਵਿਚ। [੯]ਅਖਾਂ ਤੋਂ। [੧੦]ਪਾਣੀ। [੧੧]ਵਹਾਂਦਾ ਹੈ। [੧੨]ਉਛਲਦਾ ਹੈ ਸੁ ਦਿਲ। [੧੩]ਜੋ ਮੱਛੀ ਕਰਕੇ ਬੀ ਪਾਣੀ ਹਿੱਲ ਪਵੇ ਤਾਂ। [੧੪]ਕ੍ਰਿਪਾ ਦੀ ਖਾਨ। [੧੫]ਅੱਖੀ। [੧੬]ਉਛਲਿਆ। [੧੭]ਜਲ ਦੇ ਕਿਨਾਰੇ। [੧੮]ਨਮਸਕਾਰ। [੧੯]ਕਪੜੇ। [੨੦]ਸ੍ਰੇਸ਼ਟ ਸੁਖ।

*ਲਿਖਤੀ ਨੁਸਖਿਆਂ ਵਿਚ ਇਹ ਦੋਹਾ ਹੈ, ਛਾਪੇ ਦੇ ਵਿਚ ਨਹੀਂ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ ਇਹ ਹੈ]

ਨਹੀਂ ਕਿ ਉਹ ਖੰਡ ਕੋਈ ਦੇਸ਼ ਹੈ, ਪਰ ਸਦਾ ਅਦੇਸ਼ ਤੇ ਫੇਰ ਸਰਬ ਦੇਸ਼ੀ ਹੈ। ਗੁਰੂ ਜੀ ਦਾ ਓਥੇ ਜਾਣਾ ਤੇ ਦਰਸ਼ਨ ਹੋਣੇ ਤੇ ਹੁਕਮ ਮਿਲਣਾ, ਸਭ ਆਤਮ ਖੇਡਾਂ ਹਨ। ਸਾਡੀ ਬੁੱਧੀ ਹੱਦ ਵਾਲੀ ਹੈ ਜੋ ਦੇਸ਼ਕਾਲ ਨਾਲ ਬੱਧੀ ਪਈ ਹੈ, ਸਾਡੀ ਸਮਝ ਵਿਚ ਨਾ ਆ ਸੱਕਣ ਕਰਕੇ ਵਰਣਨ ਐਉਂ ਕਰੀਦਾ ਹੈ ਕਿ ਜਿਵੇਂ ਉਹ ਕਿਸੇ ਮੁਕਾਮ ਵਿਚ ਕਿਸੇ ਸਰੀਰਾਂ ਦੇ ਮਿਲਾਪ ਵਾਂਙੂ ਹੋ ਰਹੀ ਹੈ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਬੀ ਇਸ ਕੌਤਕ ਦਾ ਪਤਾ ਦਿੱਤਾ ਹੈ, ਓਥੇ ਬੀ 'ਸੱਦਿਆ ਜਾਣਾ' 'ਸਿਰੋਪਾ ਮਿਲਣਾ' 'ਅੰਮ੍ਰਿਤ ਦਾਨ ਹੋਣਾ' ਆਦਿ ਪਦ ਸਾਡੀ ਸਮਝ ਗੋਚਰਾ ਕਰਨ ਲਈ ਆਪ ਨੇ ਵਰਤੇ ਹਨ। ਯਥਾ:-

> ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥
> [ਮਾਝ ਕੀ ਵਾਰ ਮਹਲਾ ੧

ਮੁਰਾਦ ਹੈ ਕਿ ਵਾਹਿਗੁਰੂ ਦੇ ਸਰੂਪ ਵਿਚ ਪ੍ਰਾਪਤ ਹੋਕੇ ਆਪ ਨੇ ਨਾਮ ਤੇ ਕੀਰਤਨ ਦੀ ਦਾਤ ਜਗਤ ਨੂੰ ਦੇਣ ਲਈ ਹੁਕਮ ਪ੍ਰਾਪਤ ਕੀਤਾ ਤੇ ਅਗੇ ਪ੍ਰਚਾਰ ਕਰਨ ਲਗੇ।

ਤਿਹ ਕਾਲ 'ਨਿਹਾਲ ਭਯੋ' ਇਵ ਬੈਨ ਅਲਾਯੋ। ਛੂਟ ਕਪਾਟ ਗਏ ਝਟਿਤੀ[1], ਭ੍ਰਮ ਠਾਟ ਹਟਾ[2], ਘਟ ਗ੍ਯਾਨ ਸੁਹਾਯੋ। ਮੰਦਹਿਮੰਦ ਚਲੇ ਪੁਰਿ ਕੋ ਜੋਊ ਦੇਤ ਨਿਕੇਦਨ ਕੋ ਭਵ ਆਯੋ ॥ ੯ ॥ ਦੋਹਰਾ ॥ ਪ੍ਰਿਥਮ ਭ੍ਰਿਤ੍ਯ[3] ਕੋ ਭੇਜਿਓ 'ਜਾਹੁ ਜਰਾਮ ਅਗਾਰ। ਜਹਿਂ ਬੈਸੀ ਸ਼੍ਰੀ ਨਾਨਕੀ ਧਰਨੋ ਧ੍ਯਾਨ ਸੁਖਸਾਰ ॥ ੧੦ ॥ ਸਰਬ ਨਿਸਾ ਬੀਤੀ ਜਿਸਹਿ ਗਿਨਤੀ ਭਨਤਿ ਅਪਾਰ। ਮਮ ਦਿਸ਼ ਤੇ ਬੰਦਨ ਕਰਹੁ ਸਿਰ ਚਰਨਨ ਪਰ ਧਾਰਿ[4]" ॥ ੧੧ ॥ ਸੈਯਾ ॥ ਸੁਨਿ ਸ਼੍ਰੋਨ ਵਿਖੈ ਗਨੋ ਦਾਸ ਤਬੈ ਜਹਿਂ ਨਾਨਕੀ ਧ੍ਯਾਨਹਿਂ ਕੇ ਰਸ ਭੀਨੀ। ਪ੍ਰਵਿਸ਼ਯੋ[5] ਘਰ ਜਾਇ, ਬਿਲੋਕੀ ਤਹਾਂ, ਕਰਿ ਆਸਨ ਬੈਠੀ ਅਡੋਲ ਪਬੀਨੀ। ਇਕ ਭ੍ਰਾਤ ਅਰਾਧਨ ਕੀ ਲਿਵਲਾਗੀ ਹੈ, ਤਾਂਹੀ ਸਮੇਂ ਤਿਨ ਬੰਦਨ ਕੀਨੀ। 'ਸੁਨਿ ਭੋ ਸੁਮਤੇ[6]! ਤਵ ਆਯੋ ਸ਼ਹੋਦਰ, ਬੇਗ ਮਿਲੋ, ਕਰਿ ਸੋਚਨ[7] ਹੀਨੀ[8]" ॥ ੧੨ ॥ ਬੈਨ ਸੁਨੇ, ਨਿਜ ਨੈਨ ਖੁਲੇ, ਜਨੁ ਮ੍ਰਿਤੁ ਮੁਖੀ[9] ਅਮੀ[10] ਧਾਰ ਚੁਆਈ। ਆਨੰਦ ਯੌਂ ਉਮਗਾ ਉਰ ਮੈਂ ਬਹੁ, ਜਾਇ ਜਰਾਮ ਕੇ ਪਾਸ ਸੁਨਾਈ। 'ਆਵਤਿ ਹੈ ਮਨਭਾਵਤਿ ਸੋਦਰ, ਦੋਖ ਨਸਾਵਤਿ ਜਾਂ[11] ਦਰਸਾਈ। ਦਾਸ ਅਯੋ ਅਬ ਬਾਸ[12] ਕੋ ਲੈਕਰਿ, ਸੁੱਧਿ ਅਵਾਸ ਸੁਨਾਵਨ ਤਾਈ" ॥੧੩॥ ਕਾਨ ਸੁਨੀ ਜਨੁ ਮੀਨ[13] ਅਨੀਰ[14] ਪੈ[15] ਨੀਰ ਕੀ ਆਨ ਘਟਾ[16] ਬਰਖਾਈ। ਪੀਰ ਸੋਂ ਪੀਰਾ[17] ਸਰੀਰ ਅਧੀਰ ਭਾ[18], ਆਨਨ[19] ਆਰੁਨਤਾ[20] ਅਤਿ ਆਈ। ਹੀਨਮਨੀ[21] ਜਿਵ ਹੋਇ ਫਨੀ[22], ਪੁਨਿ ਪਾਇ[23] ਪ੍ਰਸੰਨ ਜਨੋਂ ਪੀਰ[24] ਪਰਾਈ[25]। ਹੋਰ ਦਯਾਲ ਸੋਂ ਆਇ ਮਿਲਾ, ਤਿਹਕਾਲ ਅਨੰਦ ਕਹਯੋ ਨਹਿੰਜਾਈ ॥੧੪॥ ਯੋਂ ਸੁਨਿਕੈ ਪਰਵਾਰ ਸਪੂਰਨ ਭੂਰ[26] ਖੁਭਾਰ[27] ਕੋ ਦੂਰ ਮਿਟਾਈ। ਜੈਸੇ ਕੁਹੀਰ[28] ਨਿਵਾਰ ਕਰੇ ਹੁਇ ਸੂਰ[29] ਉਦੈ[30], ਸੁਖ ਤਯੋਂ ਪ੍ਰਗ-ਟਾਈ। ਰੌਰ ਪਰਾ ਪੁਰਿ ਸਾਰੇ ਵਿਖੇ ਵਿਸਮਾਦ ਰਿਦੈ ਅਵਿਲੋਕ[31] ਲੁਕਾ-ਈ[32]। ਕਾਨ ਸੁਨੈ ਸੋਊ ਦੌਰ ਮਿਲੈ, ਨਰ ਬ੍ਰਿੰਦ ਭਏ ਸੰਗ ਸ਼੍ਰੀ ਸੁਖਦਾਈ

[1]ਛੇਤੀ। [2]ਹਟ ਗਿਆ। [3]ਟਹਿਲੂਏ ਨੂੰ। [4]ਰੱਖਕੇ। [5]ਵੜਿਆ। [6]ਸੁਭਮੱਤੀ ਵਾਲੀ। [7]ਸੋਚਾਂ ਨੂੰ। [8]ਦੂਰ ਕਰੋ। [9]ਮੂਏ ਦੇ ਮੂੰਹ ਵਿਚ। [10]ਅੰਮ੍ਰਿਤ ਦੀ। [11]ਜਿਸਦੇ। [12]ਕਪੜੇ। [13]ਮੱਛੀ। [14]ਬਿਨਾਂ ਪਾਣੀ। [15]ਉਤੇ। [16]ਬੱਦਲ। [17]ਪੀਲਾ। [18]ਜੋ ਹੋ ਗਿਆ ਸੀ। [19](ਜੈਰਾਮ ਦੇ) ਮੂੰਹ ਤੇ। [20]ਲਾਲੀ। [21]ਮਣੀ ਬਿਨਾਂ। [22]ਸੱਪ। [23](ਮਣੀ) ਫੇਰ ਪ੍ਰਾਪਤ ਕਰਕੇ। [24]ਪੀੜਾ। [25]ਦੂਰ ਹੋ ਗਈ। [26]ਬਹੁਤੇ। [27]ਖੇਭ, ਦੁਖ। [28]ਧੁੰਦ। [29]ਸੂਰਜ। [30]ਚੜ੍ਹਕੇ। [31]ਵੇਖਣ ਲੱਗੇ। [32]ਲੋਕੀ।

॥੧੫॥ ਮੰਦ ਹੀ ਮੰਦ ਮੁਕੰਦ ਅਏ ਪੁਰਿ[੧], ਲੋਚਨ ਜਯੋਂ ਅਰਬਿੰਦ ਸੁਹਾਏ।
ਆਪਨ ਕੇ ਦਰ[੨] ਜਾਇ ਖਰੇ ਪ੍ਰਭੁ, ਹੇਤਿ ਹਿਤੂ ਸੁ ਅਸੀਸ ਅਲਾਏ।
ਬਾਰ ਕਪਾਟ[੩] ਭਿਰੇ ਅਵਿਲੋਕਿ ਕੈ ਬੂਝੈ ਹੈਂ ਦਾਸ[੪], ਸੁ ਐਸੇ ਬਤਾਏ[੫]।
'ਖ਼ਾਨ ਕਰੀ ਨਿਜ ਪਾਨ[੬] ਸੋਂ ਬੰਦਹਿ ਦੂਰ ਖਰੇ ਅਛਰਾਂਗ[੭] ਲਵਾਏ'॥
੧੬॥ਨਾਨਕ ਆਨਿ ਤਬੈ ਨਿਜ ਪਾਨ[੬] ਸੋਂ ਛੋਰਿ[੮] ਦੁਕਾਨ ਕੋ ਬਾਰ[੯] ਦਯੋ।
ਮਾਨਵ ਜੌਨ ਸੁਨੈ ਨਿਜ ਕਾਨਨ ਆਵਤਿ ਧਾਇ ਅਚੰਭ ਭਯੋ। –ਬਾਸੁਰ
ਤੀਨ ਰਹਯੋ ਮਧ ਨੀਰ ਕੇ ਜੀਵਤਿ ਹੀ ਪੁਨਿ ਆਇ ਗਯੋ। ਕਾਰਨ ਕੌਨ
ਨ ਤੌਨ[੧੦] ਛੁਯੋ ਜਲ?–ਯਾ ਬਿਧਿ ਸੋਂ ਬਿਸਮਾਦ ਭਯੋ॥ ੧੭ ॥ ਹੀਨ-
ਕਲੰਕ ਮਯੰਕ ਮਨੋ ਮੁਖ[੧੧] ਬੰਕ ਬਿਲੋਕਤਿ[੧੨] ਹੈਂ ਕਰੁਨਾ ਸੋਂ[੧੩]। ਵਾਕ
ਕਹੈਂ ਇਵ ਰੰਕਨ ਸੋਂ 'ਮਨ ਹੋਇ ਨਿਸੰਕ ਨ ਭੈ ਕਰੁ ਕਾਸੋ। ਲੇਵਹੁ
ਜਾਂਹਿ ਕੀ ਚਾਹਿ ਅਹੈ ਉਰ, ਆਪਨ ਅੰਤਰਿ ਜਾਇ ਨਿਕਾਸੋ[੧੪]'। ਦੌਰ
ਪਰੇ ਤਿਹ ਠੌਰ ਕਿਤੇ ਨਰ ਲੂਟਤਿ ਸੌਜਹਿ[੧੫] ਰੌਰ[੧੬] ਪਰਾ ਸੋ॥੧੮॥ ਅੰਨ
ਘਨੋ, ਮਿਸ਼ਟਾਨ ਤੇ ਲੌਨ, ਮਰੀਚ ਦੁਉ[੧੭], ਹਰਦੀ[੧੮] ਮਨ ਭਾਈ।
ਲੇਹਿ ਵਿਰਾਟਿਕਾ[੧੯] ਪੈਸੇ ਕੋਊ, ਪੁਨਿ ਕਾਰਿਖਕੈਂ[੨੦] ਕੇਉ ਲੇਤਿ ਹੈਂ ਧਾਈ।
ਅੰਬਰ[੨੧] ਭਾਂਤਿ ਅਨੇਕਨ ਕੇ ਧਰੇ ਆਪਨ ਮੈਂ ਸਭਿ ਦੀਨ ਲੁਟਾਈ।
ਤੋਟ ਨ ਆਇ, ਅਤੋਟ ਭਈ, ਸੁਰਧੇਨੁ[੨੨] ਕਿਧੌਂ[੨੩] ਮਨਿਚਿੰਤ[੨੪] ਸੁਹਾਈ
॥੧੯॥ ਦੋਹਰਾ ॥ ਭੀਰ ਭੂਰ ਭੀ ਨਰਨ ਕੀ ਪਰਯੋ ਰੌਰ ਤਿਂਹ ਠੌਰ। ਸਹਿਤ
ਜ਼ਰਾਮ ਬਿਲੋਕਹੀ ਬੇਦੀ ਕੁਲ ਸਿਰਮੌਰ॥ ੨੦ ॥ ਸੈਯਾ॥ ਨੌ ਨਿਧਿ
ਸਿੱਧਿ ਤੇ ਰਿੱਧਿ ਬਸੈ ਮਧ, ਕੌ ਬਿਧਿ ਹੋਵਹਿ ਤੋਟਿ ਤਹਾਂ। ਹਾਰਿ ਪਰੈ ਨਰ
ਲੂਟਤਿ ਜੇ, ਨਹਿਂ ਸੌਜ ਨਿਖੂਟਤਿ[੨੫], ਦੀਖ ਮਹਾਂ[੨੬]। ਦੌਲਤ ਖਾਨ ਸੋਂ
ਮਾਨਵ ਦੌਰਿ ਸਭੈ ਬਿਰਤਾਂਤ ਬਖਾਨ ਕਹਾ। ਭੇਜਿ ਦਏ ਭ੍ਰਿਤ[੨੭] ਆਪਨੇ
ਤਾਂ ਛਿਨ ਸੋ ਸੁਨਿ ਹੋ ਬਿਸਮਾਦ ਰਹਾ॥੨੧॥ ਲੂਟਤਿ ਹੈਂ ਨਰ ਜੋ ਬਰਜੇ[੨੮]

---

[੧]ਸ਼ਹਿਰ ਵਿਚ। [੨]ਹੱਟ ਦੇ ਬੂਹੇ। [੩]ਬੂਹੇ ਦੇ ਤਖ਼ਤੇ। [੪]ਦਾਸ ਤੋਂ ਪੁਛਿਆ। [੫]ਉਸ (ਦਾਸ ਨੇ) ਐਉਂ ਦਸਿਆ। [੬]ਆਪਣੇ ਹਥੀਂ। [੭]ਮੋਹਰ, ਛਾਪ। [੮]ਖੋਲ੍ਹ ਦਿਤਾ। [੯]ਦਰਵਾਜ਼ਾ। [੧੦]ਭਾਵ ਗੁਰੂ ਜੀ ਨੂੰ। [੧੧]ਮਾਨੋਂ ਅਕਲੰਕ ਚੰਦ ਵਰਗਾ ਮੂੰਹ ਹੈ। [੧੨]ਟੇਢਾ ਵੇਖਦੇ ਹਨ। [੧੩]ਕ੍ਰਿਪਾ ਨਾਲ। [੧੪]ਭਾਵ, ਹੱਟੀ ਲੁਟ ਲਓ। [੧੫]ਚੀਜ਼ਾਂ। [੧੬]ਰੌਲਾ। [੧੭]ਦੋਵੇਂ ਮਿਰਚਾਂ। [੧੮]ਹਲਦੀ। [੧੯]ਕੌਡੀਆਂ। [੨੦]ਰੁਪੱਯੇ। [੨੧]ਕਪੜੇ। [੨੨]ਕਾਮਧੇਨੁ। [੨੩]ਜਾਂ। [੨੪]ਚਿੰਤਾਮਣੀ। [੨੫]ਮੁਕਦੀ ਨਹੀਂ। [੨੬]ਹੋਰ ਬਹੁਤੀ ਅਜੇ ਦਿੱਸਦੀ ਹੈ। [੨੭]ਨੌਕਰ। [੨੮]ਰੋਕੇ।

ਤਰਜੇ[੧], ਦਰਜੇ[੨] ਸਭਿ ਭੀਰ ਹਟਾਈ[੩]। ਭੂਪਤ ਦੌਲਤ ਖਾਨ ਅਯੋ ਗਤਿਦਾਨ ਬਿਲੋਕਤਿ[੪] ਲੋਚਨ ਲਾਈ । ਜਨੋਂ ਬਿਰਤੀ[੫] ਤਨ ਗਯਾਨ ਧਰਾ[੬] ਖਫਨੀ ਗਰ[੭] ਸ੍ਰੀ ਗੁਰ ਨੈ ਤਬ ਪਾਈ। ਹੇਰਿ[੮] ਨਿਰਾਸ ਉਦਾਸ ਭਯੋ ਪਛੁਤਾਸ ਰਿਦੈ[੯]–ਕਿਛੁ ਜਾਨਿ ਨ ਜਾਈ–॥ ੨੨ ॥ ਦੌਲਤ ਖਾਂ ਨਿਜ ਲੋਕਨ ਸੋਂ ਮੁਖ ਬੋਲਤਿ ਬੋਲ ਬਿਲੋਕਤਿ[੧੦] ਬੇਖਾ[੧੧]। 'ਕੌਨ ਸ਼ਰਾਰ[੧੨] ਭਯੋ ਇਸ ਕੋ ਸ਼ੁਭ ਰੀਤਿ ਹੁਤੀ ਮਤਿਵਾਨ ਵਿਸ਼ੇਖਾ। ਬਾਸੁਰ ਤੀਨ ਬਿਤਾਇ ਕੈ ਨੀਰ ਮੈਂ ਆਪਨਿ[੧੩] ਆਇ ਲੁਟਾਇ[੧੪] ਬਿਲੇਖਾ[੧੫]। ਤੂਸ਼ਨ[੧੬] ਭਾ ਕਰਿ ਬੇਖ ਫਕੀਰ ਕੋ ਜਾਇ ਵਿਈਂ ਮਹਿਂ ਕਿਆ ਇਨ ਦੇਖਾ'॥੨੩॥ ਯੌਂ ਕਹਿ ਸ਼ੋਕ ਕੀਯੋ ਮਨ ਮੈਂ ਪੁਨਿ ਦੌਲਤ ਖਾਂ ਨਿਜ ਧਾਮ ਗਯੋ। ਦੀਨ ਦਯਾਲ ਚਲੇ ਤਿਂਹਕਾਲ ਬਿਸਾਲ ਮਸਾਨ ਜਾਂ ਥਾਨ ਛਯੋ[੧੭]। ਛੋਰਿ ਪੁਰਾ ਸੁਲਤਾਨ ਤਬੈ ਤਜਿ ਧੰਧਨ ਕੀ ਸੁਧਿ, ਪੰਧ ਲਯੋ। ਠੌਰ ਭਯਾ-ਨਕ ਗੋਰ ਮਰੀਨ[੧੮] ਗਯੋ ਜਗਕੰਤ, ਇਕੰਤ ਭਯੋ* ॥ ੨੪ ॥ ਜਾਂਹਿ[੧੯] ਮਸਾਨ ਪੈ[੨੦] ਪਾਇ ਪਰੈ[੨੧] ਨਰ ਨਾਰਿਕ ਮੈਂ[੨੨] ਗਤਿ[੨੩] ਤਾਂਹਿ ਅਗਾਤਾ[੨੪]। ਯਾਬਿਧਿ ਸੋਂ ਉਧਰੇ ਤਹਿਂ ਕੇਤਿਕ,ਬੈਸ ਗਏ ਬਹੁਰੋ ਸੁਖਦਾਤਾ।–ਆਵਹਿ ਕੋ ਨਹਿਂ[੨੫]–ਯੌ ਮਨ ਚੀਨ ਰਹੇ ਤਹਿਂ ਚੌਦਹਿਲੋਕ ਜੁਜਾਤਾ[੨੬]। ਧੂਰ ਜਟੀ[੨੭], ਸਨਕਾਦਿਕ ਖੋਜਤਿ ਪਾਰ ਨ ਪਾਵਹਿਂ ਜਾਂਹਿ[੨੮] ਬਿਧਾਤਾ[੨੯]† ॥੨੫॥ ਹੇਰਿ[੩੦] ਬਿਹਾਰ ਜੈਰਾਮ ਵਿਚਾਰਤਿ ਸੋਚਤਿ ਸੋਚਨ ਸੋਂ ਸੁਕਚਾਵੈ[੩੧]। ਲੋਚਨ ਚਾਰੁ

---

[੧]ਡਾਂਟੇ। [੨]ਦਰਵਾਜੇ ਤੋਂ। [੩]ਜੋ ਭੀੜ ਸੀ ਹਟਾ ਦਿੱਤੀ। [੪]ਮੁਕਤੀ ਦਾਤਾ ਜੀ ਨੂੰ ਵੇਖਦਾ ਹੈ। [੫]ਬਿ+ਰਤੀ=ਵੈਰਾਗ । [੬]ਮਾਨੋਂ ਗਿਆਨ ਤੇ ਵੈਰਾਗ ਨੇ ਸਰੀਰ ਧਾਰਿਆ ਹੈ। [੭]ਗਲ ਵਿਚ । [੮]ਵੇਖ ਕੇ । [੯]ਪਛੁਤਾਂਦਾ ਹੈ ਆਪਣੇ ਜੀ ਵਿੱਚ (ਨਵਾਬ)। [੧੦]ਵੇਖਕੇ। [੧੧]ਭੇਖ। [੧੨]ਭੂਤ ਦਾ ਛਾਇਆ । [੧੩]ਹੱਟ। [੧੪]ਲੁਟਾ ਦਿੱਤੀ ਹੈ। [੧੫]ਲੇਖਾ ਕੀਤੇ ਬਿਨਾਂ । [੧੬]ਚੁਪ [੧੭]ਜਿੱਥੇ ਮਸਾਣ ਸਨ । [੧੮]ਕਬਰਾਂ ਤੇ ਮੜ੍ਹੀਆਂ ਵਿਚ । [੧੯]ਜਿਸ ! [੨੦]ਉਤੇ । [੨੧]ਚਰਨ ਪਵੇ । [੨੨]ਨਰਕਾਂ ਵਿੱਚ ਉਸ ਆਦਮੀ ਨੂੰ । [੨੩]ਮੁਕਤੀ । [੨੪]ਪ੍ਰਾਪਤ ਹੁੰਦੀ ਜਾਵੇ। [੨੫]ਇਥੇ ਕੋਈ ਨਹੀਂ ਆਵੇਗਾ। [੨੬]ਜੋ ਚੌਦਾਂ ਲੋਕਾਂ ਦੇ ਰਚਣਹਾਰ ਹਨ । [੨੭]ਸ਼ਿਵਜੀ । [੨੮]ਜਿਸ ਦਾ । [੨੯]ਬ੍ਰਹਮਾ ਜੀ । [੩੦]ਵੇਖਕੇ। [੩੧]ਪਰ ਸੋਚ ਕਰਨ ਤੋਂ ਸੋਚ ਸੰਗਦੀ ਹੈ (ਅ) ਵਿਚਾਰਦਾ ਹੈ ਹੋਰ ਸੋਚਦਾ ਹੈ, ਫੇਰ ਸੋਚਣੋਂ ਰਹਿ ਜਾਂਦਾ ਹੈ।

*ਗੋਰਾਂ ਮੜੀਆਂ ਵਿਚ ਬੈਠਣ ਦਾ ਪ੍ਰਸੰਗ ਪੁਰਾਤਣ ਜਨਮਸਾਖੀ ਵਿਚ ਨਹੀ ਹੈ।

†ਕਵਿ ਜੀ ਦੱਸਦੇ ਹਨ ਕਿ ਸ਼ਿਵ ਸਨਕਾਦਿਕ ਤੇ ਬ੍ਰਹਮਾ ਗੁਰੂ ਨਾਨਕ ਦੇਵ ਜੀ ਦਾ ਅੰਤ ਨਹੀਂ ਪਾ ਸਕਦੇ।

ਬਿਮੋਚਤਿ ਬਾਰਿ[੧] ਬਰਜੋ ਨਿਜ ਬਾਰ[੨], ਨ ਬਾਹਰ ਆਵੈ। ਸ੍ਵਾਦ ਨ ਭੋਜਨ ਨੀਰਹਿ[੩] ਕੋ ਤਨ ਚੀਰ[੪] ਮਲੀਨ[੫] ਪਰਜੋ ਦੁਖ ਪਾਵੈ । ਕੋਟਿ ਗਟੀ[੬] ਗਨਿ ਹੈ ਮਨ ਮੈਂ, ਇਕ ਓਰ ਚਢੈ ਇਕ ਓਰ ਮਿਟਾਵੈ[੭]॥੨੬॥–ਗ੍ਰੀਮ ਭਏ ਨਿਕਸੇ ਦਿਨ ਤੀਨ ਮੈਂ ਆਵਤਿ ਆਪਨ[੮] ਦੀਨ ਲੁਟਾਈ। ਦੌਲਤ-ਖਾਂਨ ਕੋ ਲੇਖਾ ਹੈ ਪੂਰ[੯], ਕਿਧੋਂ[੧੦] ਤਿੰਹ ਕੀ ਕਛੁ ਬਾਕੀ ਰਹਾਈ[੧੧]। ਕਾਲ੍ਹ ਸੁਨੈ ਤ੍ਰਿਪਤਾ ਦੁਖ ਪਾਵਹਿ ਮੋ ਪਰ ਦੇਵਹਿ ਦੋਸ਼ ਲਗਾਈ। ਕੀਨ ਅਚੰਭ ਸਭੈ ਬਿਧਿ ਸੋਂ, ਮਤਿਹਾਰ ਪਰੀ, ਕਛੁ ਜਾਨੀ ਨ ਜਾਈ–॥ ੨੭ ॥ ਪੁਰਿ ਮੈਂ ਮਿਲਕੈ ਸਭਿ ਲੋਕ ਬਖਾਨਤਿ 'ਬਾਵਰਾ ਹੋਇ ਗਯੋ, ਸੁਧਿ ਨਾਂਹੀ॥ ਥਲ ਗੋਰ ਮਰੀਨ ਮੈਂ ਬੈਸ ਰਹਜੋ, ਕਿਧੋਂ ਭੂਤ ਬਰਜੋ ਤਿਹ ਕੇ ਘਟ-ਮਾਂਹੀ[੧੨]।ਧਨ ਭੂਰ ਗਵਾਇ ਭਯੋ ਇਹ ਭੇਖ, ਪਖੰਡ ਬਿਸ਼ੇਖ ਕਿਧੋਂ ਕਿਧ ਤਾਂਹੀ। ਮਨ ਮਾਨਵ ਜਾਨਵ ਭੇਵ ਜੁ ਕੋ[੧੩] ਨਟ ਸੇਵਕ ਜਯੋਂ[੧੪] ਪਿਖਿ ਨਾ ਭਰਮਾਹੀ[੧੫] ॥ ੨੮ ॥ ਨਰ ਨਿੰਦਕ ਦੌਲਤ ਖਾਨ ਕੇ ਪਾਸ ਬਖਾਨਤਿ ਦੂਤੀ[੧੬] ਲਗੇ ਤਿਹ ਕਾਨਾ[੧੭]। 'ਧਨ ਖੋਇ ਦਯੋ, ਸਹਿ[੧੮] ਚਿੰਤ ਭਯੋ, ਇਹ ਭੇਖ ਲਯੋ, ਤਿਨ ਕੀਨ ਬਹਾਨਾ। ਤੁਮਰੋ ਉਰ ਮੈਂ ਡਰ ਕੋ ਧਰਿਕੈ ਘਰ ਬਾਰ[੧੯] ਕੋ ਛੋਰਿ ਗਯੋ ਉਦਿਆਨਾ[੨੦]। ਅਬ ਲੇਖਾ ਜਰਾਮ ਕੇ ਪਾਸ ਤੇ ਲੇਹੁ ਅਹੈ ਵਧਿ ਘਾਟ ਕੋ ਸੋਊ ਜਮਾਨਾ[੨੧]' ॥ ੨੯ ॥ ਦੋਹਰਾ ॥ ਸੁਨਿ ਕਰਿ ਦੂਤੀ ਨ੍ਰਿਪਤ ਤਬ ਭਰਮਜੋ, ਭੇਜਜੋ ਦਾਸ। ਤੂਰਨ[੨੨] ਆਨਿ ਬੁਲਾਇ ਕੈ 'ਦੈ ਲੇਖਾ ਮਮ[੨੩] ਰਾਸ[੨੪]' ॥ ੩੦ ॥ ਸੈਯਾ ॥ ਆਲਯ ਤੇ ਤਤ-ਕਾਲ ਜਰਾਮ ਬੁਲਾਇ ਕੈ ਬੋਲਤਿ[੨੫] ਦੌਲਤਖਾਨਾਂ । 'ਸਾਲ ਕੋ ਲੇਖਾ ਬਿਸਾਲ[੨੬] ਲਖੋ ਅਬ ਦੇਵਹੁ ਜਾਂ ਬਿਧਿ ਸੋ ਮਨ ਮਾਨਾ[੨੭]। ਬਾਕੀ ਜਿਤੀ ਨਿਕਸੇ ਹਮਰੀ ਸਭਿ ਤੋ ਢਿਗ ਲੇਵਹਿਂ[੨੮], ਜਾਨ ਨ ਛਾਨਾ[੨੯] । ਘਾਟ ਕਿਧੋਂ ਵਧਿ[੩੦], ਹਾਟ ਬਟੋਰਹੁ[੩੧],' ਡਾਂਟ[੩੨] ਕਹੇ ਬਚ ਰਾਟ[੩੩] ਅਯਾਨਾ[੩੪]

---

[੧]ਅਖਾਂ ਤੋਂ ਅੱਥਰੂ ਕੇਰਦਾ ਹੈ। [੨](ਜੈਰਾਮ)ਘਰ ਜਾ ਵੜਿਆ। [੩]ਪਾਣੀ। [੪]ਕਪੜੇ। [੫]ਮੈਲੇ। [੬]ਫ਼ਰੋੜ੍ਹਾਂ ਗਿਣਤੀਆਂ। [੭]ਲਹਿਦੀ ਹੈ। [੮]ਹੱਟ। [੯]ਪੂਰਾ ਢੁਕੇਗਾ। [੧੦]ਜਾਂ। [੧੧]ਰਹਿ ਜਾਏਗੀ ਬਾਕੀ। [੧੨]ਦਿਲ ਵਿੱਚ। [੧੩]ਜੇਹੜੇ ਕੋਈ। [੧੪]ਨਟ ਦੇ ਜਮੂਰੇ ਵਾਂਙੂ। [੧੫]ਨਹੀਂ ਭਰਮਦੇ। [੧੬]ਚੁਗਲੀ। [੧੭]ਉਸਦੇ ਕੰਨ ਵਿਚ। [੧੮]ਸਮੇਤ। [੧੯]ਘਰਬਾਰ। [੨੦]ਬਨਵਿਚ। [੨੧]ਜ਼ਾਮਨ। [੨੨]ਛੇਤੀ। [੨੩]ਮੇਰਾ। [੨੪]ਸਾਰਾ। [੨੫]ਆਖਦਾ ਹੈ। [੨੬]ਬੜਾ। [੨੭]ਮੰਨਿਆ ਜਾਏ। [੨੮]ਤੇਰੇ ਪਾਸੋਂ ਲਵਾਂਗੇ। [੨੯]ਜਾਣ ਲੈ (ਤੈਥੋਂ) ਛੁਪੀ ਨਹੀਂ (ਇਹ ਗਲ)। [੩੦]ਘੱਟ ਹੋਵੇ ਜਾ ਵੱਧ। [੩੧]ਕੱਠੀ ਕਰੋ। [੩੨]ਤਾੜਕੇ। [੩੩]ਨਵਾਬ। [੩੪]ਅਨਜਾਣ ਨੇ।

॥ ੩੧ ॥ ਦੋਹਰਾ ॥ ਤਪਯੋ ਲੋਹਿ[੧] ਬ੍ਰਿਣ[੨] ਪਾਕ[੩] ਪਰ[੪] ਲਗ[੫] ਸੰਕਟ ਅਧਿਕਾਇ[੬]। ਤਿਉਂ ਸੁਨਿ ਬਚਨ ਨਰੇਸ਼[੭]ਕੇ ਉਠਯੋ ਰਿਦੈ ਅਕੁਲਾਇ[੮]॥ ੩੨ ॥ ਚਿੰਤਾ ਨਦੀ ਪ੍ਰਵਾਹਿ ਮੈਂ ਬਹਯੋ ਅਲੰਬ[੯] ਨ ਪਾਇ। ਹੋਇ ਅਧੀਰ ਵਿਚਾਰਈ –ਕਯਾ ਇਸ ਕਹੋਂ ਅਲਾਇ[੧੦]॥੩੩॥ ਸ੍ਰੀ ਨਾਨਕ ਤਕ[੧੧] ਆ-ਸਰਾ ਪਤਿ ਰਾਖਹਿ[੧੨] ਮਮ[੧੩] ਸੋਇ[੧੪]–। ਬੋਲਯੋ ਤਬਹਿ ਨਰੇਸ਼ ਸੋਂ ਸ਼ਰਣ ਸੁਖਦ ਕੀ[੧੫] ਹੋਇ॥੩੪॥ਸੈਯਾ॥'ਇਕ ਬਾਰ ਮੈਂ ਨਾਨਕ ਕੇ ਢਿਗ ਜਾਇਕੈ ਆਇਕੈ ਦੇਉਂ ਹਿਸਾਬ ਤੁਮਾਰਾ'।ਉਰ ਬੀਚ ਵਿਚਾਰਤਿ,ਆਰਤ ਧਾਰਤਿ[੧੬] ਬਾਹਰ[੧੭] ਤ੍ਰਾਂ ਦਿਸ਼ਿ ਪੰਥ* ਪਧਾਰਾ[੧੮]। ਬਹੁ ਗੋਰਨ ਮੈਂ ਇਵ ਰਾਜਤਿ[੧੯] ਹੈਂ ਸ਼ਿਵ ਮੱਧ ਮਸਾਨ ਮਨੋ ਹਿਤ ਧਾਰਾ। ਚਿਤ ਕੰਪਤਿ[੨੦], ਬੰਦਤਿ ਹਾਥ ਦੋਊ ਕਰ ਬੰਦਨ ਬੈਨ ਜਰਾਮ ਉਚਾਰਾ ॥ ੩੫ ॥ 'ਰੂਪ ਰਸਾਲ ਦਯਾਲੁ! ਸੁਨੋ, ਇਕ ਸਾਲ ਕੋ ਲੇਖਾ ਬਿਸਾਲ[੨੧] ਬਖਾਨਾ[੨੨]। ਮੋਹੂ ਬੁਲਾਇ ਅਲਾਇ[੨੩] ਸੁਨਾਇ ਯੌਂ, ਆਇਸੁ ਪਾਇ[੨੪] ਅਯੋ ਇਸ ਥਾਨਾ'। ਯੌਂ ਸੁਨਿ ਕਾਨ, ਉਠੇ ਗਤਿਦਾਨ, ਕਿਸੂ ਨਹਿੰ ਕਾਨ, ਸੁਜਾਨ ਨਿਧਾਨਾ। ਮੰਦਹਿ ਮੰਦ ਭਲੀ ਗਤਿ[੨੫] ਸੁੰਦਰ ਆਨੰਦ ਕੰਦ ਮੁਕੰਦ ਪਯਾਨਾ[੨੬]॥੩੬॥ ਸੰਗ ਜਰਾਮ ਹੈ ਜਾਵਤਿ ਰਾਜਤਿ[੨੭] ਰੂਪ ਪਰਾਤਮ[੨੮] ਆਤਮ[੨੯] ਜੈਸੇ। ਬੇਦਿਨਿਕੇਤੁ[੩੦]ਸੁ ਲੇਖੇ ਕੇ ਹੇਤ[੩੧] ਗਏ ਜਬ ਖਾਨਿ ਨਿਕੇਤ ਮੈਂ ਪੈਸੇ[੩੨]। ਲੀਨੋ ਨਵੀਸਿੰਦ[੩੩] ਸੰਗਿ ਮੁਕੰਦ ਅਨੰਦ ਰਿਦੈ ਬਰ[੩੪] ਮੰਦਰ ਬੈਸੇ। ਕੀਨੋ ਹੈ ਲੇਖਾ ਅਲੇਖ ਜੋਊ[੩੫], ਪਤਿਲੇਖਾ[੩੬] ਕੋ ਲੇਖਾ ਘਟੈ ਕਹੁ ਕੈਸੇ ॥ ੩੭ ॥ ਇਕ ਸਾਲ ਕੋ ਲੇਖਾ ਬਿਸਾਲ ਹੁਤੋ ਕਰ ਲੇਯ ਵਹੀ ਕਿਯ† ਜੋਰ[੩੭] ਮਹਾਨਾ। ਆਮਦ[੩੮] ਔ ਖਰਚੀ[੩੯] ਕੋ ਸ਼ੁਮਾਰਿਕੈ[੪੦] ਕੀਨਿ ਭਲੇ ਗਿਨਤੀ

---

[੧]ਗਰਮ ਲੋਹਾ।[੨]ਫੋੜੇ। [੩]ਪੱਕੇ। [੪]ਤੇ। [੫]ਲਗੇ ਤਾਂ। [੬]ਦੁੱਖ ਬਹੁਤ ਹੁੰਦਾ ਹੈ। [੭]ਨਵਾਬ। [੮]ਘਬਰਾ ਕੇ (ਜੈਰਾਮ)। [੯]ਆਸਰਾ। [੧੦]ਬੋਲਕੇ। [੧੧]ਦਾ ਤੱਕਾਂ। [੧੨]ਰੱਖੇਗਾ। [੧੩]ਮੇਰੀ। [੧੪]ਓਹੋ। [੧੫]ਸੁਖ ਦਾਤੇ (ਸਤਿਗੁਰ) ਦੀ। [੧੬]ਦੁਖੀ ਹੁੰਦਾ ਹੈ। [੧੭]ਭਾਵ ਮਸਾਣਾਂ ਵੱਲ। [੧੮]ਤੁਰਿਆ। [੧੯]ਬਿਰਾਜ ਰਹੇ। [੨੦]ਕੰਬਦਾ ਹੈ। [੨੧]ਬੜਾ। [੨੨](ਨਵਾਬ ਨੇ) ਕਿਹਾ ਹੈ। [੨੩]ਕਹਿਕੇ। [੨੪]ਹੁਕਮ ਪਾਇਕੇ। [੨੫]ਟੋਰ। [੨੬]ਟੁਰ ਪਏ। [੨੭]ਸ਼ੋਭਦਾ ਹੈ। [੨੮]ਪਰਮਾਤਮਾ ਤੇ। [੨੯]ਜੀਵ। [੩੦]ਭਾਵ ਗੁਰੂ ਜੀ। [੩੧]ਲੇਖੇ ਵਾਸਤੇ। [੩੨]ਵੜੇ। [੩੩]ਮੁਨਸ਼ੀ। [੩੪]ਸ੍ਰੇਸ਼ਟ। [੩੫]ਜੋ ਅਲੇਖ ਹੈ ਉਸਨੇ ਲੇਖਾ ਕੀਤਾ। [੩੬]ਲੇਖੇ ਪਤੀ ਦਾ। [੩੭]ਜੋੜ। [੩੮]ਜਮਾਂ। [੩੯]ਨਾਂ। [੪੦]ਗਿਣ ਕੇ।

*ਪਾঃ–ਪੰਧ। †ਪਾঃ-ਕੀਯੋ–ਕੀਏ।

ਬਿਧਿ ਨਾਨਾ। ਕਾਗਦਿ ਲੈ ਕਰਿ ਬ੍ਰਿੰਦ[੧] ਲਿਖੇ ਨਵੀਸਿੰਦ ਕੀ ਬੁੱਧਿ ਥਕੀ, ਬਿਸਮਾਨਾ। ਦੀਨ ਦਯਾਲੁ ਰਹੇ ਪੁਨਿ ਵਾਧੇ ਮੈਂ, ਸ੍ਰੀ ਗੁਰ ਅੰਗਦ ਜੀ ! ਸੁਨਿ ਕਾਨਾ ॥ ੩੮ ॥ ਸਾਤ ਸੈ ਸਾਠ[੨] ਨਿਕਾਸੇ ਹੈਂ ਸੇਖ਼[੩], ਸੁਨੀ ਨਿਜ[੪] ਸ੍ਰੋਨ[੫] ਮੈਂ ਦੌਲਤਖਾਨਾਂ। ਹੋਤਿ ਭਯੋ ਬਿਸਮਾਦ ਰਿਦੇ, ਅਹਿਲਾਦ ਜਰਾਮ[੬] ਨ ਜਾਇ ਬਖਾਨਾ। ਮੰਦਮਤੀ[੭] ਮਨ ਨਿੰਦਕ ਲੱਜਤਿ, ਬਿੰਦਤਿ[੮] ਭੇਦ ਨ ਮੂਢ ਅਜਾਨਾ। ਕੀਰਤਿ[੯] ਪਾਵਸ[੧੦] ਸੋਊ ਜਵਾਸ ਸੇ[੧੧], ਜੋਨ੍ਹ[੧੨] ਸੀ ਹੈ ਚਕਵਾਕ[੧੩] ਸਮਾਨਾ[੧੪] ॥ ੩੯ ॥ ਦੋਹਰਾ ॥ ਨਿੰਦਕ ਕੂਰੇ ਸਮਝਕੈ ਦੌਲਤਖਾਨ ਨਰੇਸ਼। ਲੀਨੇ ਨਿਕਟਿ ਹਕਾਰਿਕੈ ਕਮਲ ਨੈਨ ਜਗਤੇਸ਼[੧੫] ॥ ੪੦ ॥ ਕਬਿੱਤ ॥ ਭਯੋ ਹੈ ਹਿਸਾਬ ਜਬ ਭਨਤਿ[੧੬] ਨਿਬਾਬ ਤਬ 'ਲੀਜੈ ਨਿਜ ਬਾਕੀ, ਅਬ ਕਾਰ ਪੁਨ ਕੀਜੀਏ। ਦੇਵੋਂ ਧਨ ਔਰ, ਤੁਮ ਰਹੋ ਇਹ ਠੌਰ, ਬਾਧਾ ਹੋਇ ਜੋ ਬਹੋਰ, ਬਿਨ ਦੇਰ ਔਰ* ਲੀਜੀਏ'। ਬਾਬੇ ਤਬ ਕਹੀ 'ਧਨ ਲੇਵੋਂ ਅਬ ਨਹੀਂ, ਜੋਊ ਬਾਕੀ ਸਭਿ ਰਹੀ ਤਾਂਕੀ ਬਾਤ ਯੌਂ ਸੁਨੀਜੀਏ। ਰਾਖੀਏ ਈਮਾਨ ਥਾਇ ਆਪਨੋ ਨਿਬਾਬ ਰਾਇ ਪੈਸੇ ਹੈਂ ਖ਼ੁਦਾਇ ਕੇ ਫਕੀਰਨ ਕੋ ਦੀਜੀਏ'॥ ੪੧ ॥ ਸ੍ਵੈਯਾ ॥ ਨਾਨਕ ਜੀ ਇਵ ਆਨਨ[੧੭] ਤੇ ਭਨਿ[੧੮] ਥਾਨ ਮਸਾਨਨ ਕੇ ਚਲਿ ਆਇ। ਗੋਰ ਮਰੀਨ ਮਹਿੰ ਬੈਸਿ ਗਏ ਦਰਵੇਸ਼ ਕੋ ਬੇਸ ਸਰੀਰ† ਬਨਾਇ। ਲਾਇ ਸਮਾਧਿ ਅਗਾਧ ਅਬਾਧ ਕੀਪੂਰਬ[੧੯] ਰੂਪ ਅਨੂਪਬਸਾਇ[੨੦]। ਜਾਂਹਿ ਅਰਾਧਨ ਕੇ ਫਲਲਾਧਹਿੰ ਆਧਿ[੨੧] ਉਪਾਧਿ[੨੨] ਬਿਆਧਿ[੨੩] ਮਿਟਾਇ ॥੪੨॥ ਦੋਹਰਾ॥ ਸਭਿ ਪ੍ਰਕਾਰ ਗ੍ਰਿਹ ਦੇਖਿ ਕੈ ਠਟਕ[੨੪] ਰਹੇ ਮਨ ਮਾਂਹਿ। ਨਿਕਟਿ ਜਾਇ ਤੂਸ਼ਨ[੨੫] ਰਹੇ, ਬੋਲਨ ਸਕਤਿ ਕਛੁ ਨਾਂਹਿ॥੪੩॥ ਤਬ ਜੈਰਾਮ ਦੁਕਾਨ ਕੀ ਸੌਜ[੨੬] ਸਮ੍ਰਾਗੀ ਆਨਿ। ਸਭਿਹਿ ਸੁਲਖਣੀ ਢਿਗ ਦਈ ਅਸਬਿਧਿ ਬਚਨ ਬਖਾਨਿ ॥ ੪੪ ॥ 'ਤਿਨ

---

[੧]ਕਈ। [੨]ਸੱਤ ਸੈ ਸੱਠ। [੩]ਬਾਕੀ ਵਾਧਾ। [੪]ਆਪਣੇ। [੫]ਕੰਨੀ। [੬]ਜੈਰਾਮ ਦੀ ਖੁਸ਼ੀ। [੭]ਖੋਟੀ ਮਤ ਵਾਲੇ। [੮]ਜਾਣਦੇ। [੯]ਜਸ। [੧੦]ਬਰਸਾਤ ਰੁਤ (ਵਾਙੂ ਹੈ)। [੧੧](ਨਿੰਦਕ) ਜਵਾਂਹੇ ਵਰਗੇ ਹਨ। [੧੨]ਚਾਂਦਨੀ (ਕੀਰਤੀ) ਹੈ। [੧੩]ਚਕਵੇ (ਨਿੰਦਕ) ਨੂੰ। [੧੪]ਜੇਹੀ। [੧੫]ਭਾਵ ਗੁਰੂ ਜੀ ਨੂੰ। [੧੬]ਆਖਣ ਲਗਾ। [੧੭]ਮੁਖੋਂ। [੧੮]ਕਹਿਕੇ। [੧੯]ਪਹਿਲਾ। [੨੦]ਭਾਵ (ਦਿਲ ਵਿਚ) ਵਸਾਕੇ ਰੂਪ ਨਿਰੰਕਾਰ ਦਾ। [੨੧]ਮਨ ਦੀ ਚਿੰਤਾ। [੨੨]ਉੱਪਰੋਂ ਆ ਪਈ ਵਿਪਦਾ। [੨੩]ਸਰੀਰ ਦੇ ਰੋਗ। [੨੪]ਹੈਰਾਨ ਹੋ। [੨੫]ਚੁੱਪ। [੨੬]ਚੀਜ਼ਾਂ।

*ਪਾঃ—ਆਪ। †ਪਾঃ—ਸੁ ਕੀਨ।

ਸੋਂ ਬਸੁ ਹਮਰੋ ਨ ਕਛੂ,ਸੁਨਿ ਸਾਧ੍ਵੀ[੧]! ਧਰਿ ਧੀਰ। ਸਿਮਰਹੁ ਨਿਸਿ ਬਾਸੁਰ ਰਿਦੈ ਭਲੀ ਕਰਹਿ ਰਘੁਬੀਰ[੨]॥੪੫॥ ਸ੍ਵੈਯਾ॥ਲੋਕ ਬਿਲੋਕਤਿ ਆਨ ਕੇਊ ਸਹਿ ਸ਼ੋਕ ਜਰਾਮ ਸੋਂ ਜਾਇ ਜਨਾਵੈਂ।'ਜਾਨੀ ਨ ਜਾਇ ਭਈ ਗਤਿ ਕਯਾ, ਉਦ੍ਯਾਨ[੩] ਰਹੈਂ, ਪੁਰਿ[੪] ਪਾਇ[੫] ਨ ਪਾਵੈਂ। ਹੋਸ਼ ਭਈ ਫਰਮੋਸ਼[੬] ਰਿਦੈ, ਨਹਿੰ ਗੋਸ਼[੭] ਸੁਨੈਂ,ਮਨ ਜੋਸ਼ ਨ ਆਵੈ।ਬੋਲਤਿ ਬੋਲ ਨ ਕਾਹੂ ਬਿਲੋਕਹਿਂ[੮], ਨਾ ਕਿਸ ਲੋਕ ਸੋਂ ਭੇਦ ਬਤਾਵੈਂ'॥੪੬॥ਮਾਨਵ ਭੇਵ ਨ ਜਾਨਵ[੯],ਜੋ ਮਨ ਆਨਵ[੧੦],ਸੋ ਨਿਜ[੧੧] ਕੀ ਸਠਤਾਈ[੧੨]। ਕੋ ਉਕਤੈ ਕਛੂ[੧੩], ਕੋ ਬਕਤੈ[੧੪] ਕਛੁ 'ਬਾਵਰ ਭਾ ? ਕਿਧੋਂ ਭੂਤ ਲਗਾਈ?'। ਨਾਨਕੀ ਏਕ ਰਹੀ ਉਰ ਮੈਂ ਥਿਰ, ਮੇਰੁ[੧੫] ਸਮਾਨ ਨ ਸੋਇ ਡੁਲਾਈ। ਨਾਨਕ ਕੀ ਕ੍ਰਿਤਿ ਬੇਗਹਿ ਬਾਤ ਸੀ ਪਾਤ ਉਡੇ ਨਰ[੧੬], ਸੋਨ ਉਡਾਈ[੧੭] ॥੪੭॥ ਦੋਹਰਾ ॥ 'ਭ੍ਰਾਤ ਕਰਹਿ ਸੋਈ ਭਲੀ, ਬਨੈ ਨ ਕਹਿਨ ਹਮਾਰ। ਹ੍ਵੈ ਅਲਪਗ ਸਰਬੱਗ ਕੀ ਮੇਟਹਿ ਕ੍ਰਿੱਤ ਗਵਾਰ[੧੮]॥੪੮॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੋਦੀਖਾਨਾ ਤਜਨਿ' ਪ੍ਰਸੰਗ ਬਰਨਨੰ ਨਾਮ ਉਨਤੀਸਮੋ ਅਧਯਾਯ ॥ ੨੯ ॥

੩੦.[ਗੁਰ ਪਗ ਪ੍ਰੇਮ ਮੰਗਲ।ਮੂਲੇ ਦਾ ਆਉਣਾ।ਸ਼ਯਾਮੋ ਦਿਜ ਨੂੰ ਉਪਦੇਸ਼,ਲਖਮੀਚੰਦ ਜਨਮ]

॥ ਦੋਹਰਾ ॥ ਸ਼੍ਰੀ ਗੁਰ ਪਗ ਕੋ ਪ੍ਰੇਮਿ ਜੋ ਉੱਜਲ ਸਰਸ ਮਰਾਲ।
ਅਵਗੁਨ ਪਰਿਹਰਿ ਗੁਨਗ੍ਰਹੀ ਬਸੋ ਮੋਹਿ ਮਨ ਤਾਲ ॥੧॥

{ ਸਰਸ=ਰਸ ਵਾਲੇ। ਮਰਾਲ=ਹੰਸ। ਪਰਿਹਰਿ=ਤਿਆਗਕੇ। ਗੁਨ ਗ੍ਰਹੀ=ਗੁਣਾਂ ਦੀ ਕਦਰ ਕਰਨ ਵਾਲੇ। [ਸੰਸ:, ਗੁਣ ਗ੍ਰਾਹਿਨ੍ ਯਾ ਗੁਣ ਗ੍ਰਾਹੀ]। }

ਅਰਥ—ਹੇ (ਤੁਸੀਂ ਜੋ) ਸ਼੍ਰੀ ਗੁਰੂ ਜੀ ਦੇ ਚਰਣਾਂ ਦੇ ਪ੍ਰੇਮ ਰੂਪੀ ਉੱਜਲ ਤੇ ਸੋਹਣੇ ਹੰਸ ਹੋ, (ਮੇਰੇ) ਅਵਗੁਣਾਂ ਦਾ ਤਿਆਗ ਕਰਕੇ ਤੇ ਗੁਣਾਂ ਦੇ ਗ੍ਰਹਣ ਕਰਨ ਵਾਲੇ ਹੋਕੇ ਮੇਰੇ ਮਨ ਰੂਪੀ ਤਲਾ ਉਤੇ ਆ ਵਸੋ।

ਭਾਵ—ਇਥੇ ਕਵਿ ਜੀ ਗੁਰ ਚਰਨਾਂ ਦੇ ਪ੍ਰੇਮੀ ਗੁਰਮੁਖਾਂ ਅਗੇ ਯਾਚਨਾ ਕਰਦੇ ਹਨ ਕਿ ਤੁਸੀਂ ਜੋ ਅਵਗੁਣਾਂ ਨੂੰ ਨਜ਼ਰ ਅੰਦਾਜ਼ ਕਰਕੇ ਗੁਣਾਂ ਦੀ ਕਦਰ ਕਰਨ ਵਾਲੇ ਹੋ ਅਤੇ ਸ਼੍ਰੀ ਗੁਰ ਜੀ ਦੇ ਚਰਨਾਂ ਦੇ ਪ੍ਰੇਮੀ ਹੋ, ਮੇਰੇ ਹਿਰਦੇ ਤੇ ਨਿਵਾਸ ਕਰੋ।

---

[੧]ਬੀਬੀ ਜੀ। [੨]ਪਰਮੇਸ਼ੁਰ। [੩]ਬਨ। [੪]ਸ਼ਹਿਰ। [੫]ਪੈਰ। [੬]ਭੁੱਲ ਗਈ। [੭]ਕੰਨੀਂ। [੮]ਨਹੀਂ ਕਿਸੇ ਨੂੰ ਵੇਖਦੇ। [੯]ਨਹੀਂ ਜਾਣਦੇ। [੧੦]ਆਉਂਦੀ ਹੈ। [੧੧]ਅਪਣੀ। [੧੨]ਮੂਰਖਤਾ। [੧੩]ਕੋਈ ਕੁਛ ਕਹਿੰਦਾ ਹੈ। [੧੪]ਕੋਈ ਕੁਛ ਬਕਦਾ ਹੈ। [੧੫]ਸੁਮੇਰ। [੧੬]ਗੁਰੂ ਜੀ ਦੀ ਕਰਨੀ ਹਵਾ ਦੇ ਵੇਗ ਜੇਹੀ ਹੈ ਪੱਤ੍ਰਾਂ ਵਾਂਙੂ ਮਨੁੱਖਾਂ ਦੇ (ਨਿਸ਼ਚੇ ਉਸ ਹਵਾ ਅਗੇ) ਉਡੇ। [੧੭]ਉਹ (ਨਾਨਕੀ) ਨਾ ਡੋਲੀ। [੧੮]ਅਲਪੱਗ ਹੋਕੇ ਸਰਬੱਗ ਦੀ ਕ੍ਰਿਤ ਨੂੰ ਮੇਟੇ ਸੋ ਮੂਰਖ ਹੈ।

ਭਾਵ ਮੇਰੇ ਅਵਗੁਣਾਂ ਵਲ ਨਾ ਤੱਕੋ ਤੇ ਮੇਰੇ ਮਨ ਦੀ ਅਗੁਵਾਨੀ ਕਰੋ ਜੋ ਇਸਤੋਂ ਸਤਿਗੁਰ ਦੇ ਚਰਨਾਂ ਦਾ ਪ੍ਰੇਮ ਹੀ ਪ੍ਰੇਮ ਬਾਣੀ ਦਾ ਰੂਪ ਧਾਰ ਕੇ ਪ੍ਰਗਟ ਹੋਵੇ।

ਇਸ ਦਾ ਐਉਂ ਬੀ ਭਾਵ ਹੋ ਸਕਦਾ ਹੈ:—ਪ੍ਰੇਮ ਦਾ ਆਵਾਹਨ ਕਰਦੇ ਹਨ ਕਿ ਹੇ ਸਤਿਗੁਰੂ ਦੇ ਚਰਨਾਂ ਦੇ ਪ੍ਰੇਮ! ਤੂੰ ਜੋ ਉੱਜਲ ਹੰਸ ਵਾਂਗੂ ਹੈਂ ਅਰ ਰਸ ਭਰਪੂਰ ਹੈਂ ਤੂੰ ਅਵਗੁਣਾਂ ਨੂੰ ਛੱਡਕੇ ਕੇਵਲ ਗੁਣਾਂ ਦਾ ਪਿਆਰਾ ਹੈਂ, ਮੇਰੇ ਹਿਰਦੇ ਵਿਚ ਆਕੇ ਵੱਸ ਜੋ ਤੇਰੇ ਪ੍ਰਭਾਵ ਨਾਲ ਮੈਂ ਸਤਿਗੁਰ ਦੇ ਪ੍ਰੇਮ ਨਾਲ ਭਿੰਨੀ ਕਵਿਤਾ ਲਿਖਣ ਦੇ ਸਮਰੱਥ ਹੋਵਾਂ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਦੋਹਰਾ ॥ **ਨਿਜ ਪ੍ਰਤਿਕੂਲ[੧] ਬਿਲੋਕਿਕੈ[੨] ਬੋਲਿ[੩] ਸੁਲਖਣੀ ਦਾਸ। ਸਮਝਾਈ ਸਭਿ ਬਾਰਤਾ[੪], ਨੈਹਰ ਪਠਾਇ ਅਵਾਸ[੫] ॥੨॥ ਮੂਲਾ ਸੁਨਤਿਕੁਢਾਲਕੋ ਆਵਤਿਭਯੋ ਉਤਾਲ[੬]। ਗਿਨਤਿਗਟੀ[੭] ਉਰ[੮] ਅਟਪਟੀ, ਪਾਵਤਿ ਕਸ਼ਟ ਬਿਸ਼ਾਲ॥੩॥ ਨਿਜ ਪ੍ਰੋਧਾ[੯] ਇਕ ਸੰਗ ਲੇ ਆਵਾ ਪੁਰਿ ਸੁਲ-ਤਾਨ। ਸਹਿਤ ਨੇਹ[੧੦] ਕੇ ਸੁਤਾ ਸੋਂ ਮਿਲ੍ਯੋ ਰਿਦੇ ਅਕੁਲਾਨ[੧੧] ॥੪॥ਸੈਯਾ॥ ਮਿਲਿ ਬੈਸ ਗਯੋ ਜਬ, ਬੂਝਤਿਭਾ[੧੨] ਤਬ, ਬਾਤ ਬਖਾਨ ਕਰੀ ਪਿਤ ਪਾਸੂ। 'ਪਤਿ ਬੇਖ ਫਕੀਰ ਸਰੀਰ ਧਰਾ, ਧਨ ਦੀਨ ਲੁਟਾਇਕੈ ਛੋਰਿ ਅਵਾਸੂ[੧੩]। ਦਿਨ ਤੀਨ ਰਹੇ ਮਧ ਨੀਰ ਨਦੀ, ਪੁਨਿ ਤੀਰ[੧੪] ਅਏ, ਨ ਛੁਯੋ ਜਲ ਜਾ-ਸੂ[੧੫]*। ਥਲ ਗੋਰ ਮੜੀ ਮਹਿਂ ਆਸਨ ਕੀਨ, ਕਹੈਂ ਨ ਸੁਨੈਂ ਜੁ ਭਨੈ[੧੬] ਕਛੂ ਤਾਸੂ[੧੭]॥੫॥ਚੌਪਈ॥ ਸੁਨਿ ਤਨੁਜਾ[੧੮] ਬਾਨੀ ਨਿਜ ਕਾਨਾ[੧੯]। ਭਯੋ ਕ੍ਰੋਧ ਮੈਂ ਬਹੁ ਗਲਤਾਨਾ॥ਫਰਕਤਿ ਅਧਰ[੨੦] ਲਾਲ ਕਿਯ ਨੈਨਾ।ਮੁਖਤੇ ਬਹੁ ਬੋਲਤਿ ਦੁਰਬੈਨਾ॥੬॥ਦਰਬ ਲੁਟਾਵਨਿ ਕੀ ਸੁਧਿ† ਸੁਨਿਕੈ।ਸਹਿ ਨ ਸਕ੍ਯੋ ਗਮਨ੍ਯੋ ਸਿਰ ਧੁਨਕੈ।ਬੇਦੀ ਕੁਲ ਕੋ ਕਲਸ[੨੧] ਸੁਹਾਵਨ।ਜਹਿਂ ਬੈਸੇ, ਜਿਨ ਕੀਰਤਿ ਪਾਵਨ ॥੭॥ ਤਹਾਂ ਆਇ ਬੋਲ੍ਯੋ ਦੁਰਬਾਨੀ। 'ਤੂੰ ਜਨਮ੍ਯੋ ਹਾਨੀ ਕੁਲ ਕਾਨੀ[੨੨]। ਮਾਤ ਪਿਤਾ ਕੀ ਦਾਹਤਿ[੨੩] ਛਾਤੀ। ਅਲਪ ਬੈਸ ਤੇ ਤੂੰ ਧਨ ਘਾਤੀ ॥੮॥ਦੋਹਰਾ॥ ਬਿਨ ਗੁਨ ਪਰਖੇ ਬਿਨ ਪਿਖੇ ਸੁਤਾ ਕੀਨ ਸਨਬੰਧ।**

---

[੧] ਉਲਟੀ (ਹੁੰਦੀ)। [੨] ਵੇਖਕੇ। [੩] ਸੱਦਕੇ (ਦਾਸ)। [੪] ਗਲ। [੫] ਪੇਕੇ ਘਰ ਘੱਲਿਆ। [੬] ਛੇਤੀ। [੭] ਗਿਣਤੀਆਂ। [੮] ਰਿਦੇ ਵਿਚ। [੯] ਪ੍ਰੋਹਤ। [੧੦] ਮੋਹ ਨਾਲ। [੧੧] ਵਿਆਕੁਲ ਹੋਕੇ। [੧੨] ਪੁੱਛਿਓਸੁ। [੧੩] ਘਰ ਛਡ ਦਿੱਤਾ ਹੈ। [੧੪] ਕਿਨਾਰੇ ਆਏ। [੧੫] ਜਿਨ੍ਹਾਂ ਨੂੰ। [੧੬] ਆਖੇ। [੧੭] ਉਨ੍ਹਾਂ ਨੂੰ। [੧੮] ਪੁੱਤ੍ਰੀ ਦੀ। [੧੯] ਕੰਨੀ। [੨੦] ਹੋਠ। [੨੧] ਸ਼ਿਰੋਮਣ। [੨੨] ਕੁਲ ਦੀ ਕਾਣ (ਲਾਜ) ਦੀ ਹਾਨੀ ਕਰਨ ਵਾਲਾ। [੨੩] ਸਾੜਦਾ ਹੈਂ।

*ਪਾ:—ਤਾਸੁ। †ਪਾ:—ਬਿਧਿ।

ਤਬ ਕੋ ਮੈਂ ਦੁਖ ਪਾਇ ਹੌਂ, ਸੁਖ ਨ ਪਿਖ੍ਯੋ ਤੇ ਸੰਧ[1] ॥੯॥ ਚੌਪਈ ॥ ਪਿਤਾ ਸਮਾਨ ਜਾਨਿ ਗੁਨ ਐਨਾ। ਤੂਸ਼ਨ ਰਹੇ, ਨ ਬੋਲੇ ਬੈਨਾ। ਬਹੁ ਦੁਰਬਚਨ ਭਾਖਿ ਕਰਿ ਮੂਲਾ। ਪੁਰਿ ਆਵਾ, ਜਿਹ[2] ਮਤਿ[3] ਪ੍ਰਤਿਕੂਲਾ[4] ॥ ੧੦ ॥ ਭੇਵ ਨ ਲਖਹਿ ਈਸ਼ ਜਗਦੇਵੈਂ। ਰਿਸਿ ਸੋਂ ਛਾਤੀ ਜਰਤਿ ਸਦੈਵੈਂ[5]। ਭੂਰ ਬਿਸੂਰਹਿ, ਗਟੀ[6] ਗੁਨੰਤਾ[7]। ਬਿਨਾ ਲਖੇ[8] ਅਤਿ ਹ੍ਵੈ ਦੁਖਵੰਤਾ ॥ ੧੧ ॥ ਦੋਹਰਾ ॥ ਜਿਹ ਦਿਜ[9] ਕੀ ਸੰਗਤਿ ਕਰਤਿ ਤਿਹ ਢਿਗ ਬੈਸ੍ਯੋ ਜਾਇ। ਮਨ ਕੋ ਦੁਖ ਬਰਨਨ ਕਰੇ, ਰੋਤਿ ਭਯੋ ਦੁਖ ਪਾਇ॥੧੨॥ ਸੋਰਠਾ॥ 'ਏਕ ਦਿਵਸ ਸੁਖ ਨਾਂਹਿ, ਜਬ ਕੀ ਸੁਤਾ ਬਿਵਾਹਿ ਦੀ। ਬੈਸ੍ਯੋ ਗੋਰਨਿ ਮਾਂਹਿ, ਤਜਿ ਤਰੁਨੀ[10] ਘਰ ਕਾਰ ਸਭਿ' ॥੧੩॥ ਦੋਹਰਾ॥ ਸੁਨਿ ਕਰਿ ਆਤੁਰ[11] ਬਚਨ ਤਿਹ ਦਿਜ-ਬਰ ਕਿਯੋ ਪਯਾਨ। 'ਚਲਹੁ ਤਿਸੈ ਸਮਝਾਇ ਹੈਂ' ਅਸ ਬਿਧਿ ਕਰਤਿ ਬਖਾਨ ॥੧੪॥ ਕਬਿੱਤ॥ ਬੇਦੀ ਕੁਲ ਮੰਡਨ[12], ਸਕਲ ਦੁਖ ਖੰਡਨ, ਪਖੰਡਨ ਕੋ ਦੰਡਨ[13] ਸਰੂਪ ਜਿਹ[14] ਧਾਰਿਯਾ। ਮੂਲਾ ਲੀਏ ਪੰਡਿਤ ਜਹਾਂ ਹੈਂ ਮਹਿ-ਮੰਡਤ[15] ਨਿਕਟਿ ਬੈਠ ਤੁੰਡਤੇ[16] ਯੋਂ ਬਚਨ ਉਚਾਰਿਯਾ। 'ਬਾਲ ਬੁਧਿ ਲੀਨਿ ਕਾਚੀ ਬਾਤੈਂ ਸਭਿ ਕੀਨਿ ਤੁਮ, ਮੋਦੀ ਕ੍ਰਿਤ ਛੋਰਿ ਦੀਨਿ ਨੀਕੇ[17] ਨ ਵਿਚਾ-ਰਿਯਾ। ਮਾਤ ਪਿਤਾ ਲਾਜ ਤਜਿ, ਦੇਹਿ ਅਸ ਬੇਖ ਸਜਿ, ਦੁਸ਼ਟ[18] ਮਸਾਨ ਥਾਨ ਭਏ ਹਿਤਕਾਰਿਯਾ' ॥੧੫॥ ਦੋਹਰਾ॥ ਸੁਨਿ ਪੰਡਿਤ ਕੇ ਬੈਨ ਇਵ ਸ੍ਰੀ ਨਾਨਕ ਜਗਕੰਤ। ਉਚਰ੍ਯੋ ਸਬਦ ਬਸੰਤ[19] ਮੈਂ ਹੁਤੀ ਸੁ ਰਿੱਤੁ ਬਸੰਤ।੧੬।

ਬਸੰਤ ਹਿੰਡੋਲ ਮਹਲਾ ੧ ॥

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ
ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥ ੧ ॥ ਸੁਆਮੀ ਪੰਡਿਤਾ
ਤੁਮ੍ਹ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨ ਪਤੀ ॥ ੧ ॥ ਰਹਾਉ ॥

ਚੌਪਈ॥ ਮਨ ਰਾਜਾ ਬਾਲਿਕ ਸਮ ਜੋਊ। ਨਿਤਪ੍ਰਤਿ ਜਾਨਹੁ ਚੰਚਲ ਸੋਊ। ਨੀਤਿ ਨ ਸੀਖਉ ਰੂਪ ਗਿਆਨਾ। ਖੇਲ ਰਚ੍ਯੋ ਸੁਖ ਵਿਸ਼ੈ[20] ਮਹਾਨਾ॥੧੭॥ ਕਾਚੀ ਨਗਰੀ ਮਹਿਂ ਇਹ ਬਾਸਾ। ਆਜ ਕਾਲ ਜਿਹ ਹੋਇ ਬਿਨਾਸ਼ਾ। ਨਿਤਿ ਥਿਰ ਜਾਨਤਿ ਕੀਨ ਸਨੇਹਾ[21]। ਢਹਿ ਹੈ ਕਾਲ ਪਰੈ ਜਬ ਮੇਂਹਾ[22]॥੧੮॥

[1]ਸਨਬੰਧ ਕਰਕੇ। [2]ਜਿਸਦੀ। [3]ਬੁੱਧੀ। [4]ਉਲਟ ਸੀ। [5]ਸਦਾ ਹੀ। [6]ਗਿਣਤੀਆਂ। [7]ਗਿਣਦਾ। [8]ਸਮਝੇ ਬਿਨਾ। [9]ਬ੍ਰਾਹਮਣ। [10]ਸੁਪਤਨੀ। [11]ਦੁਖੀ। [12]ਭੂਸ਼ਨ। [13]ਪਖੰਡੀਆਂ ਨੂੰ ਦੰਡ ਦੇਣ ਵਾਲੇ। [14]ਜਿਸ ਨੇ। [15]ਪ੍ਰਿਥਵੀ ਨੂੰ ਸ਼ੋਭਾ ਦੇਣ ਵਾਲੇ। [16]ਮੁਖ ਤੋਂ। [17]ਅੱਛੀ। [18]ਭ੍ਰਿਸ਼ਟ। [19]ਰਾਗ ਦਾ ਨਾਮ ਹੈ। [20]ਵਿਸ਼ੇ ਸੁਖਾਂ ਵਿਚ। [21]ਮੋਹ। [22]ਮੌਤ ਰੂਪੀ ਮੀਂਹ।

ਜਾਇ ਅਚਾਨਕ ਗਰ ਇਹ[੧] ਸਾਰੀ । ਤਬ ਸੋਝੀ ਹ੍ਵੈ ਦੂਖ ਮਝਾਰੀ । ਪਾਂਚ ਦੁਸ਼ਟ ਸੋਂ ਕਰਤਿ ਪਯਾਰੂ।ਸੋ ਤਿਹਕੇ ਨਿਤ ਕਾਜ ਬਿਗਾਰੂ॥੧੯॥ ਦੋਹਰਾ ॥ ਕਾਮ ਕ੍ਰੋਧ ਅਰੁ ਲੋਭਪੁਨਿ ਮੋਹਿ ਬਲੀ ਹੰਕਾਰ।ਇਨ ਸਨੋਂ ਕਰਤਨੋਂ ਮੀਤਤਾ ਭਾ ਸੰਗਤਿ[੨] ਤੇ ਖੁਆਰ ॥ ੨੦ ॥ ਚੌਪਈ ॥ ਲੂਟਹਿੰ[੩] ਮਿਲ ਕਰਿ ਇਸ ਕੀ ਨਗਰੀ । ਨੀਤ ਉਜਾਰਹਿੰ ਈਸ਼[੪] ਉਜਗਰੀ[੫] । ਬਿਗਰਨੋ ਅਪਨੋ ਜਾਨਨੋ ਨਾਂਹੀ।ਮਿਲਨੋ ਰਹੈ ਪੁਨ ਪੁਨ ਤਿਨ ਮਾਂਹੀ ॥੨੧॥ਮਾਤ ਅਵਿੱਦ੍ਯਾ ਦੂਜੀ ਮਾਯਾ[੬] । ਈਸ਼, ਜੀਵ, ਦੁਇ ਪਿਤ ਜਿਨ ਜਾਯਾ । ਦ੍ਵੈ ਕੋ ਜਨਨੋ ਕੁਟਿਲਤਾ ਕਾਰਨ[੭] । ਕਿਹ ਬਿਧਿ ਯਾਕੋ ਹੋਇ ਸਵਾਰਨ ॥ ੨੨ ॥ ਕਰ ਵਿਚਾਰ ਸਿਖਵਨ ਮੁਝ ਦੀਜੈ । ਭੋ ਪੰਡਿਤ ! ਪ੍ਰਾਪਤਿ ਪ੍ਰਭੁ ਕੀਜੈ' । ਇਹ ਬਿਧਿ ਬਦ ਕਰਿ[੮] ਕਰੁਨਾਸਦਨਾ । ਮਸ਼ਟ[੯] ਕਰੀ ਪੁਨਿ ਪੰਕਜ ਬਦਨਾ ॥ ੨੩ ॥ ਦੋਹਰਾ ॥ ਮੂਲਾ ਬੋਲਨੋ ਸੁਨਤਿ ਬਚ 'ਅਸ ਵਿਚਾਰ ਜੋ ਤੋਹਿ । ਤੋ ਬਿਆਹ ਕਰਿਵਾਇ ਕਿਉਂ ਤੈਂ ਦੁਖ ਦੀਨੋਂ ਮੋਹਿ ॥ ੨੪ ॥ ਦਰਬ[੧੦] ਲੁਟਾਯੋ ਬਾਦ[੧੧] ਬਹੁ ਸੁਤ ਤਿਯ[੧੨] ਦਿਯੋ ਨ ਟਾਂਕ[੧੩] । ਬਿਨ ਬ੍ਰੀੜਾ[੧੪] ਤਜਿ ਭਾਜਿਆ' ਪੁਨ ਕਹਿ ਸ਼੍ਰੀ ਮੁਖ ਵਾਕ ॥ ੨੫ ॥

> 'ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥
> ਚੰਦੁ ਸੂਰਜ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥ ੨ ॥'

ਚੌਪਈ॥'ਭੀਤਰ ਭੂਰੀ[੧੫] ਤ੍ਰਿਸ਼ਨਾ ਆਸਾ। ਪਾਵਕ[੧੬] ਜਿਉਂ ਕਬਹਿ ਨ ਤ੍ਰਿਪਤਾਸਾ[੧੭]।ਸਹਸ[੧੮] ਮਾਂਗ ਪੁਨਿ ਮਾਂਗਿ ਹਜ਼ਾਰਾ।ਲਾਖ ਹੋਇ ਤੋ ਕੋਟਿ[੧੯] ਅਪਾਰ॥੨੬॥ਅਰਬ ਖਰਬ ਸੋਂ ਤ੍ਰਿਪਤੈ ਨਾਂਹੀ।ਕਰਿ ਵਿਚਾਰ ਦੇਖਹੁ ਮਨ ਮਾਂਹੀ। ਜਿਹ ਆਗੇ ਹ੍ਵੈ ਰੰਚਕ ਮੇਰੁ[੨੦]।ਉਦਰ ਅਕਾਸ਼ ਸਰਸ ਸਰਸੇਰੂ[੨੧] ॥੨੭॥ਸੁਨਹੁ ਬਨਾਸਪਤੀ ਸੰਸਾਕਾ[੨੨] । ਤੀਯ, ਸੁਤਾ, ਸੁਤ, ਸਿਮਧੀ[੨੩], ਸਾਕਾ[੨੪] ।

---

[੧]ਗਲ ਜਾਏਗੀ ਇਹ(ਦੇਹੀ)।[੨]ਇਨ੍ਹਾਂ ਦੀ ਸੰਗਤ ਨਾਲ। [੩]ਭਾਵ ਏਹ ਪੰਜੇ ਲੁਟਦੇ ਹਨ। [੪](ਨਗਰੀ ਦੇ)ਈਸ਼ (ਭਾਵ ਮਨ) ਨੂੰ। [੫]ਪ੍ਰਗਟ, ਸਾਹਮਣੇ । [੬]ਅਵਿਦ੍ਯਾ,ਮਾਯਾ, ਦੋ ਮਾਵਾਂ । [੭]ਖੋਟੇਪਨ ਦਾ ਕਾਰਨ (ਮੂਲ) ਹੈ (ਮਨ) । [੮]ਆਖਕੇ। [੯]ਚੁੱਪ। [੧੦]ਧਨ। [੧੧]ਬਿਰਥਾ। [੧੨]ਪੁੱਤ੍ਰ ਵਹੁਟੀ ਨੂੰ। [੧੩]ਟਕਾ ਮਾਤ੍ਰ। [੧੪]ਲਾਜ ਬਿਨਾ। [੧੫]ਬਹੁਤੀ। [੧੬]ਅੱਗ। [੧੭]ਨਹੀਂ ਰਜਦੀ। [੧੮]ਸੌ। [੧੯]ਕ੍ਰੋੜ। [੨੦]ਰਾਈ ਜਿੰਨਾਂ ਹੈ ਸੁਮੇਰ। [੨੧](ਤ੍ਰਿਸ਼ਨਾ ਦਾ) ਪੇਟ ਅਕਾਸ਼ ਤੁੱਲ (ਨਹੀਂ ਉਸ ਤੋਂ ਬੀ) ਵਡਾ ਹੈ। [੨੨](ਹੁਣ) ਸੁਣੋ ਬਨਸਪਤੀ (ਦਾ ਭਾਵ ਜਿਵੇਂ ਉਹ ਹੁੰਦੀ ਹੈ) ਸਮੇਤ ਸ਼ਾਖਾਂ ਦੇ (ਤਿਵੇਂ) [ਸੰ=ਸਮੇਤ। ਸਾਕਾ=ਸ਼ਾਖਾਂ, ਟਾਹਣੀਆਂ, ਫੈਲਾਵ]। [੨੩]ਕੁੜਮ। [੨੪]ਸਨਬੰਧੀ।

ਜਿਉਂ ਤਨ[੧] ਬ੍ਰਿੱਧਿ[੨] ਹੋਇ ਤਿਨ ਬਾਧਾ[੩]। ਨਿਸਬਾਸੁਰ[੪] ਜਿਨ ਮਹਿਂ ਮਨ ਫਾਧਾ[੫] ॥ ੨੮ ॥ ਦੋਹਰਾ ॥ ਮੁਕਤੈ[੬] ਤਿਨ ਤੇ ਕਬਿ ਨਹੀਂ, ਫਸ੍ਯੋ ਸੁ ਬੈਸ ਬਿਹਾਇ[੭] । ਸਾਗਰ ਪ੍ਰਾਤਮ[੮]* ਪਿੰਡ ਮਹਿਂ[੯] ਪਾਵਹਿ ਸੋ ਮੁਕਤਾਇ[੧੦] ॥੨੯॥ ਚੌਪਈ ॥ ਘਟ[੧੧] ਮਹਿਂ ਚੰਦ ਸੂਰਜ ਪਰਕਾਸ਼ਾ। ਹੋਇ ਗ੍ਯਾਨ ਤੌ ਸਭਿ ਕਿਛੁ ਭਾਸਾ[੧੨]।ਨਾਭਿ ਕਮਲ ਮੁੰਦ੍ਰਿਤ ਬਿਪਰੀਤਾ[੧੩] ।ਕਿਉਂ ਪਰਕਾਸ਼ ਹੋਇ ਨਰ ਚੀਤਾ[੧੪]॥੩੦॥ਸੂਧੇ ਤੇ[੧੫] ਬਿਗਸੈ[੧੬] ਪਰਗਾਸੂ। ਹ੍ਵੈ ਤਬ ਗ੍ਯਾਨ ਅਗ੍ਯਾਨ ਬਿਨਾਸੂ। ਸੋ ਗਿਆਨ ਗੁਰੁ ਬਿਨ ਨਹਿਂ ਪਾਇਆ। ਤਮ ਅਗ੍ਯਾ-ਨਹਿ[੧੭] ਅਨਿਕ ਦੁਰਾਇਆ[੧੮] ॥੩੧॥ ਸ੍ਰੀ ਨਾਨਕ ਮੁਖ ਤੂਸ਼ਨ ਕੀਨਾ। ਪੁਨਿ ਸ਼ਨਾਮਾ[੧੯] ਬੋਲ੍ਯੋ ਮਨ ਚੀਨਾ।'ਰਾਮ ਸਿਮਰ ਕੀਜੈ ਨਿਜ ਕਾਰੀ[੨੦]। ਬਨ ਪੁਨ ਸਦਨ[੨੧] ਰਾਮ ਲੇ[੨੨] ਸਾਰੀ[੨੩] ॥ ੩੨ ॥ ਦੋਹਰਾ ॥ ਰਾਮ ਰਵ੍ਯੋ ਜਲ ਥਲ ਵਿਖੈ ਸੁਧਿ ਸਭਿ ਕੀ ਸੋ ਲੇਵ'। ਸੁਨਿ, ਤੀਸਰ ਪਦ ਸ਼ਬਦ ਕੋ ਬਦਤਿ[੨੪] ਭਏ ਜਗਦੇਵ[੨੫] ॥ ੩੩ ॥

> ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥

ਚੌਪਈ॥ 'ਰਾਮ ਰਵ੍ਯਾ ਸੋਊ ਪਹਿਚਾਨੋ। ਅਸ ਪ੍ਰਕਾਰ ਲੱਛਨ ਮਨ ਠਾਨੇ। ਮਾਯਾ ਵਰਤਹਿ ਹੋਇ ਉਦਾਰਾ। ਰੰਚਕ ਭਰ ਨ ਕਰਹਿ ਤਿਹਂ ਪਯਾਰਾ ॥੩੪॥ਦੈਵ ਸੰਪਦਾ[੨੬] ਕੇ ਗੁਨ ਜੇਤੇ।ਖਿਮਾ ਆਦਿ ਸੰਗ੍ਰਹਿ[੨੭] ਸਭਿ ਤੇਤੇ। ਸੋ ਬਨ ਸਦਨ[੨੮] ਵਿਖੈ ਇਕ ਸਾਰਾ। ਜਾਨਹਿ ਰਵਿਓ ਰਾਮ ਉਦਾਰਾ' ॥ ੩੫ ॥ ਸੁਨਿ ਇਵ ਮੂਲੇ ਬਚਨ ਬਖਾਨਾ। 'ਇਹ ਭਾ ਸਿਰੜੀ[੨੯] ਮਤਿ ਬਵਰਾਨਾ[੩੦]।ਕਯਾ ਬੋਲਤਿ ਸਮਝਤਿਹੈਂ ਨਾਂਹੀ।ਮਨਉਪਜਤਿ ਮੁਖ ਆਵਤਿ ਪ੍ਰਾਹੀ[੩੧] ॥੩੬॥ ਕਹ੍ਯੋ ਕਿਸੂ ਕੋ ਸੁਣਹਿ ਨ ਮਾਨੈ। ਕਿਉਂ ਪੰਡਤ ਇਹ

---

[੧]ਸ਼ਰੀਰ। [੨]ਵਡਾ ਹੋਵੇ । [੩]ਉਨ੍ਹਾਂ ਨੇ ਪੀੜਤ ਕੀਤਾ ।(ਅ) ਬੰਨ੍ਹਿਆਂ। (ੲ) (ਕਬੀਲਾ) ਵਧਦਾ ਹੈ। [੪]ਰਾਤ ਦਿਨ। [੫]ਫਸ ਰਿਹਾ ਹੈ। [੬]ਛੁਟਦਾ ਨਹੀਂ। [੭]ਫਸਿਆ ਉਮਰ ਬਿਤਾਉਂਦਾ ਹੈ। [੮]ਸਮੁੰਦਰ ਰੂਪੀ ਪਰਮਾਤਮਾ ਨੂੰ। [੯]ਸਰੀਰ ਵਿਚ। [੧੦]ਮੁਕਤ ਹੁੰਦਾ ਹੈ। [੧੧]ਸ਼ਰੀਰ। [੧੨]ਪ੍ਰਤੀਤ ਹੁੰਦਾ ਹੈ। [੧੩]ਮੁੰਦਿਆ ਹੋਇਆ ਹੈ ਤੇ ਪੁੱਠਾ ਹੋ ਰਿਹਾ ਹੈ। [੧੪]ਚਿਤ ਵਿਚ। [੧੫]ਸਿੱਧਾ ਹੋਵੇ ਤਾਂ। [੧੬]ਖਿੜੇ। [੧੭]ਹਨੇਰੇ ਰੂਪੀ ਅਗਯਾਨ ਨੇ। [੧੮]ਛੁਪਾਇਆ ਹੈ। [੧੯]ਨਾਮ ਪੰਡਤ ਦਾ।[੨੦]ਅਪਨਾ ਕੰਮ। [੨੧]ਘਰ। [੨੨]ਰਾਮ ਲੈਂਦਾ ਹੈ। [੨੩]ਖਬਰ। [੨੪]ਕਹਿਣ ਲਗੇ। [੨੫]ਭਾਵ ਗੁਰੂ ਜੀ। [੨੬]ਭਾਵ ਸ਼ੁਭ ਗੁਣਾਂ ਦੇ । [੨੭]ਕੱਠੇ ਕਰੇ। [੨੮]ਜੰਗਲ ਤੇ ਘਰ। [੨੯]ਹਠੀ, ਜ਼ਿਦੀ। [੩੦]ਮਤ ਦਾ ਬੋਰਾ। [੩੧]ਜੋ ਦਿਲੋਂ ਉਪਜਦੀ ਤੇ ਮੂੰਹ ਪਰ ਆਉਂਦੀ ਹੈ ਸੋ ਹੀ ਬੋਲੀ ਜਾਂਦਾ ਹੈ। *ਪਾ:-ਪ੍ਰਾਪਤ।

ਸੰਗਿ ਬਖਾਨੈ[੧] । ਨਹਿੰ ਬੋਲਹੁ ਗਵਨਹੁ[੨] ਨਿਜ ਧਾਮੂ । ਤੁਮ ਆਏ ਚਲਿ ਹਮਰੇ ਕਾਮੂ?॥੩੭॥ ਇਹ ਬਿਧਿ ਸੁਨਿ ਕਰਿ ਕੁਮਤਿ ਨਿਕਦਨਾ। ਸੁਮਤਿ-ਸਦਨ ਬੋਲੇ ਬਰ ਬਦਨਾ[੩] । ਸਬਦ ਸੁ ਪਦ[੪] ਚਤੁਰਥ[੫] ਤਬ ਕਹਾ। ਨਿਜ ਸਿੱਖਨ[੬] ਜਿਨ ਸਭਿ ਦੁਖ ਦਹਾ[੭] ॥ ੩੮ ॥

ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥ ੪ ॥

ਦੋਹਰਾ ॥ 'ਭ੍ਰਾ[੮] ਰਿਖੀਕ ਬਸਿ[੯] ਆਪ ਹੀ, ਕਹਜਾ ਸੁਨਤਿ ਨਹਿੰ ਜੋਇ। ਸ਼ੁਭ ਉਪਦੇਸ਼ ਨ ਮਾਨਹੀ ਚਹਿਤਿ ਬਿਖੈ[੧੦] ਨਿਤ ਸੋਇ ॥ ੩੯ ॥

ਚੌਪਈ ॥ ਪੇਖਤਿ ਰੂਪ ਨ ਨੈਨ[੧੧] ਅਘਾਏ[੧੨] । ਕਰਨ[੧੩] ਰਾਗ ਸੁਨਿ ਨਹਿੰ ਤ੍ਰਿਪਤਾਏ[੧੪] । ਘ੍ਰਾਣ[੧੫] ਸੁਗੰਧਿ ਸਦਾ ਹੀ ਚਾਹੈਂ । ਰਸਨਾ ਸ੍ਵਾਦਹਿ ਤੇ ਨ ਹਟਾਹੈ[੧੬] ॥੪੦॥ ਤੁਚਾ ਸਪਰਸ਼ੈ ਕੋਮਲਤਾਸਾ[੧੭] । ਭਯੋ ਸਦਾ ਇਨਹੂੰ ਸੋਂ ਵਾਸਾ । ਆਗੇ ਕੋ ਖਾਯੋ[੧੮] ਨਹਿੰ ਮਾਨੈ । ਵਾਸਾ ਤਿਨਹੀ ਸੋਂ[੧੯] ਨਿਤ ਠਾਨੈ ॥ ੪੧ ॥ ਸੁਨਿ ਦਿਜ ! ਹ੍ਵੈ[੨੦] ਹਰਿ ਦਾਸਨ ਦਾਸਾ । ਬੰਦਹਿ[੨੧] ਸਦਾ ਪਾਇ[੨੨] ਸੁਖਰਾਸਾ[੨੩] । ਮਨ ਕੀ ਦਸ਼ਾ ਨ ਇਕਰਸ ਕਬਹੀ । ਪਾਇ ਪਦਾਰਥ ਤੋਲਾ ਤਬਹੀ[੨੪] ॥ ੪੨ ॥ ਜਬ ਜਾਵਹਿ ਹ੍ਵੈ ਹਰਖ ਬਿਹੀਨਾ । ਮਾਸਾ[੨੫] ਸ਼ੋਕ ਵਿਖੈ ਤਹਿੰ ਚੀਨਾ । ਕਰਹੁ ਉਪਾਇ ਸਵਾਰਨ ਕਾਰਨ । ਜਗ ਤੇ ਹੋਵਹਿ ਜੀਵ ਉਧਾਰਨ[੨੬]'॥ ੪੩ ॥ ਦੋਹਰਾ ॥ ਸੁਨਿ ਪੰਡਤਿ ਕਰ[੨੭] ਬੰਦਿਕੈ* ਨਮਸਕਾਰ ਪਗ[੨੮] ਕੀਨਿ । ਮਹਾਂਪੁਰਖ ਜਾਨੇ ਰਿਦੇ–ਇਨਸਮ ਕੋ ਨ ਪ੍ਰਬੀਨ–॥੪੪॥ ਸੋਰਠਾ ॥ ਦੇਖਿ ਦੀਨਤਾ ਦਜਾਲ[੨੯] ਦਯਾਦ੍ਰਿਸ਼ਟਿ ਦਿਜ[੩੦] ਪਰ ਕਰੀ। ਜਗ ਕੇ ਬੰਧ[੩੧] ਬਿਸ਼ਾਲ[੩੨] ਛੁਟਕ ਗਏ ਤਤਕਾਲ ਤਿਹ[੩੩]॥੪੫॥ ਚੌਪਈ ॥ ਖਿਝਿ ਕੈ ਮੂਲਾ ਪੁਰਿ ਮਹਿੰ ਗਯੋ। ਅਤਿ ਦੁਖ ਮਾਨ ਬਿਸਮ ਮਨ ਭਯੋ । ਕੇਤਿਕ ਦਿਨ ਤਨਿਯਾ ਕੇ ਪਾਸੂ। ਰਹਜੋ ਆਪ, ਨਹਿੰ ਗਯੋ ਅਵਾਸੂ[੩੪]

[੧]ਇਸ ਨਾਲ ਕਿਸ ਲਈ ਬੋਲਦਾ ਹੈਂ ? । [੨]ਚਲੋ । [੩]ਮੁਖੋਂ । [੪]ਪੋੜੀ । [੫]ਚੌਥੀ । [੬]ਸਿੱਖਾਂ ਦਾ । [੭]ਦੁਖ ਜਲਾ ਦਿੱਤਾ । [੮]ਹੋ ਗਿਆ । [੯]ਇੰਦ੍ਰੀਆਂ ਦੇ ਵਸ । [੧੦]ਵਿਸ਼ੇ । [੧੧]ਅੱਖਾਂ ਨਾਂ । [੧੨]ਰਜੀਆਂ । [੧੩]ਕੰਨ । [੧੪]ਨਾਂ ਰੱਜੇ । [੧੫]ਨਾਸਕਾ । [੧੬]ਨਹੀਂ ਹਟਦੀ । [੧੭]ਕੂਲੇਪਨ ਨੂੰ । [੧੮]ਭਾਵ ਭੋਗਿਆ । [੧੯]ਉਨ੍ਹਾਂ ਇੰਦ੍ਰੀਆਂ ਨਾਲ । [੨੦]ਹੋ । [੨੧]ਮੱਥਾ ਟੇਕ । [੨੨]ਪੈਰਾਂ ਤੇ । [੨੩]ਰੱਬ ਦੇ । [੨੪]ਭਾਵ, ਤਦੋਂ ਵਧਦੀ ਹੈ । [੨੫]ਭਾਵ, ਘਟਦੀ ਹੈ । [੨੬]ਉਧਾਰ । [੨੭]ਹੱਥ । [੨੮]ਚਰਨਾਂ ਤੇ । [੨੯]ਭਾਵ ਗੁਰੂ ਜੀ ਨੇ । [੩੦]ਬ੍ਰਾਹਮਣ ਤੇ । [੩੧]ਬੰਧਨ । [੩੨]ਬੜੇ । [੩੩]ਉਸ (ਬ੍ਰਾਹਮਣ) ਦੇ । [੩੪]ਘਰ ਨਾਂ ਗਿਆ ।

*ਪਾ:–ਬੰਦਨਾ ।

॥੪੬॥ ਸ੍ਰੀ ਨਾਨਕ ਅਸਥਾਨ ਮਸਾਨਾ। ਬਸੇ ਮੜੀਅਨ[1] ਗੋਰ[2] ਮਹਾਨਾ।
ਜੇ ਨਰ ਜਾਨਹਿਂ ਮਨ ਕਛੁ ਭੇਵਾ। ਬੰਦਨ ਕਰਿ ਗਵਨੈਂ ਜਗਦੇਵਾ[3] ॥੪੭॥
ਅਸ ਪ੍ਰਕਾਰ ਰਹਿਂ ਵਹਿਰ ਅਸੀਨੇ[4]। ਬੀਤ ਗਏ ਜਬ ਤੀਨ ਮਹੀਨੇ।
ਲਖਮੀਦਾਸ ਜਨਮ ਤਬ ਲੀਨੋ। ਸਭਿ ਪਰਵਾਰ ਹਰਖ ਮਨ ਕੀਨੋ ॥
੪੮ ॥ ਭਈ ਸੁਲਖਣੀ ਪ੍ਰਾਚਿ ਦਿਸ਼ਾ ਸੀ[5]। ਉਗੇ ਸੂਰ ਸਸਿ ਜਨੁ
ਜਸਰਾਸੀ[6]*। ਸ੍ਰੀ ਗੁਰ ਕੇ ਢਿਗ ਜਾਇ ਸੁਨਾਵਾ। ਮਨ ਜਿਨ ਕੋ[7]
ਰਸ ਏਕ ਸੁਹਾਵਾ ॥ ੪੯ ॥ ਦੋਹਰਾ ॥ ਪਾਵ[8] ਨ ਪਾਵਹਿਂ ਪੁਰਿ ਵਿਖੈ,
ਅਤਿ ਪਾਵਨ ਉਦਿਆਨ[9]। ਬੈਸੇ ਨਿਸ ਬਾਸੁਰ ਤਹਾਂ[10], ਉਧਰੇ ਸਰਬ
ਮਸਾਨ[11] ॥੫੦॥ ਚੌਪਈ॥ ਮੁਖ ਤੇ ਭਾਖਹਿਂ ਸਤਿਗੁਰ ਬੈਨਾ। 'ਨਹਿਂ ਹਿੰਦੂ
ਕੋ ਤੁਰਕ ਨ ਹੈਨਾ†। ਜਗ ਮਹਿਂ ਹਿੰਦੂ ਤੁਰਕ ਨ ਕੋਊ। ਝੂਠੇ ਨਾਮ
ਧਰਾਵਹਿ ਦੋਊ' ॥ ੫੧ ॥ ਕੋ ਕੋ ਨਰ ਹ੍ਵੈ ਨਿਕਟ ਸੁਨਤਿ ਹੈ। ਪੁਰਿ ਮਹਿਂ
ਅਪਰਨ[12] ਮਿਲਤਿ ਭਨਤਿ ਹੈ[13]। ਇਹ ਬਿਧਿ ਸੁਨੀ ਸ੍ਰਵਨ ਨਿਜ ਕਾਜ਼ੀ।
ਗਵਨਯੋ ਨਿਕਟਿ ਬੇਖ ਤਨ ਪਾਜੀ[14] ॥ ੫੨ ॥ ਕਛੁਕ ਮਨੁਜ ਤਿਹ ਸੰਗਿ
ਸਿਧਾਰੇ। ਬੈਸੇ ਸ੍ਰੀ ਗੁਰ ਆਨਿ ਨਿਹਾਰੇ।ਆਨਨ[15] ਬੈਨ ਬਖਾਨਤਿ ਸੋਊ।
'ਨਹਿਂ ਹਿੰਦੂ ਕੋ, ਤੁਰਕ ਨ ਕੋਊ' ॥ ੫੩ ॥ ਦੋਹਰਾ ॥ ਨਿਕਟ ਬੈਸਿ ਕਾਜ਼ੀ
ਕਹੈ 'ਅਸ ਕਸ ਕਰਤਿ ਬਖਾਨ। ਹਿੰਦੂ ਤੁਰਕ ਨ ਜਗਤ ਮੈਂ, ਹਮ
ਕਿਉਂ ਸਕਹਿਂ ਪਛਾਨ ? ॥੫੪॥ ਚੌਪਈ ॥ ਜਹਿਂ ਤਹਿਂ ਜਗ ਮੈਂ ਦੀਸਹਿਂ
ਸੋਊ। ਹਿੰਦੂ ਮੁਸਲਮਾਨ ਨਰ ਦੋਊ। ਤੁਮਰੇ ਕਹਿਨ ਸੰਦੇਹ ਹਮਾਰੇ[16]।
ਉੱਤਰ ਦੀਜੈ ਰਿਦੇ ਵਿਚਾਰੇ' ॥ ੫੫ ॥ ਲੋਕ ਬਿਲੋਕਤਿ ਸ੍ਰੀ ਗੁਰ ਓਰਾ।
ਚਹੁੰਦਿਸ਼ਿ ਭੀਰ ਭਈ ਤਿੰਹ ਠੌਰਾ। ਦਰਸ਼ਨ ਦਰਸਹਿਂ ਦੀਨ ਦਿਆਲਾ।

---

[1]ਮੜ੍ਹੀਆਂ। [2]ਕਬਰਾਂ ਵਿਚ। [3]ਭਾਵ ਗੁਰੂ ਜੀ ਨੂੰ। [4]ਬਾਹਰ ਟਿਕੇ ਰਹਿਣ। [5]ਪੂਰਬ ਦੀ ਦਿਸ਼ਾ ਵਰਗੀ (ਭਾਗਾਂਵਾਲੀ)। [6]ਸੂਰ, ਭਾਵ ਸ੍ਰੀ ਚੰਦ, ਸਸਿ ਭਾਵ ਲਖਮੀ ਦਾਸ। ਪੂਰਬ ਦਿਸ਼ਾ ਵਿਚ ਜਦ ਸੂਰਜ ਚੜ੍ਹਦਾ ਹੈ ਤਾਂ ਬੜੀ ਚਮਕ ਵਾਲਾ ਹੁੰਦਾ ਹੈ, ਤੇ ਪੂਰਬ ਦਿਸ਼ਾ ਵਿਚ ਜਦ ਚੰਦ ਹੁੰਦਾ ਹੈ ਤਾਂ ਉਹ ਬੀ ਪੂਰਨ ਹੁੰਦਾ ਹੈ। [7]ਜਿਨ੍ਹਾਂ ਦਾ (ਭਾਵ ਗੁਰੂ ਜੀ ਦਾ) ਮਨ। [8]ਚਰਣ। [9]ਬਨ। [10]ਓਥੇ (ਸ੍ਰੀ ਗੁਰੂ ਜੀ)। [11]ਮੁਰਦੇ। [12]ਹੋਰਨਾਂ ਨੂੰ। [13]ਮਿਲਦਾ ਹੈ ਤਾਂ ਦੱਸਦਾ ਹੈ। [14]ਬਨਾਵਟੀ। [15]ਮੁਖੋਂ (ਗੁਰੂ ਜੀ ਨੇ ਕਹੇ)। [16]ਸਾਨੂੰ ਸੰਸਾ ਹੈ।

*ਪਾ:—ਉਗੇ ਸੂਰ ਸਸ ਜਨੁ ਸੁਖ ਰਾਸੀ। †ਪਾ:—ਐਨਾ।

ਜਿਨ ਕਿਯ* ਸ਼ਰਧਾ ਜਿਹ[1] ਦੁਖ ਟਾਲਾ[2] ॥ ੫੬ ॥ ਕਾਜ਼ੀ ਬਚ ਸੁਨਿ ਪੰਕਜ ਬਦਨਾ। ਕੁਮਤਿ ਕਦਨ[3], ਸੁਖ ਕਰੁਨਾ ਸਦਨਾ[4]। ਕਹ੍ਯੋ ਸ਼ਲੋਕ ਹੇਤ ਸਮਝਾਵਨ। ਮਤਿਮੰਦਨ ਸ਼ੁਭ ਮਾਰਗ ਪਾਵਨ ॥੫੭॥

ਸਲੋਕੁ ਮਃ ੧ ॥

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧†॥
ਸਲੋਕੁ ਮਃ ੧ ॥ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ ੧† ॥ ਮਃ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ੨‡ ॥

ਦੋਹਰਾ ॥ ਮੁਸਲਮਾਨ ਮਗ ਹਿੰਦੁ[5] ਕੋ ਅਸ ਬਿਧਿ ਲੇਹੁ ਪਛਾਨ। ਕਰਮ ਨ ਸ਼ੁਭ ਕਰਿਹੀਂ ਉਭੈ, ਝੂਠੇ ਨਾਮ ਬਖਾਨ ॥ ੫੮ ॥ ਚੌਪਈ ॥ ਮਗ ਭੂਲੇ ਵਿਚਰਹੀਂ ਉਦਿਆਨਾ[6]। ਕੈਸੇ ਪਹੁੰਚਹਿਂ ਸੁਖ ਅਸਥਾਨਾ[7]। ਸੁਨਿ ਕਰਿ ਕਾਜ਼ੀ ਲੱਜਤਿ ਹੋਤਿ। ਜਿਉਂ ਰਵਿ ਆਗੇ ਰਿੰਗਣ ਜੋਤਿ[7] ॥ ੫੯ ॥ ਨਹਿਂ ਬੋਲਯੋ ਕਛੁ ਤੂਸ਼ਨ ਭਯੋ। ਉੱਤਰ ਆਵ ਨ[8], ਉਠਿ ਘਰ ਗਯੋ। ਕੋ ਨਰ ਨੁਤਿ[9], ਕੋ ਨਿੰਦਾ ਕਰਿਹੀ। ਮੂਰਖ ਸਮਝ, ਨ ਪਾਇਨ[10] ਪਰਿਹੀ ॥੬੦॥ ਭਾਉ ਭਗਤਿ ਜਿਹਂ ਜਗ ਪ੍ਰਗਟਾਨਾ। ਬੈਸੇ ਰਹੇ ਮਸਾਨ ਸਥਾਨਾ। ਤਿਹ ਛਿਨ ਹੁਤੋ ਭਗੀਰਥ ਪਾਸੂ। ਦਰਸ਼ਨ ਕਰਤਿ ਪਾਇ ਸੁਖ ਰਾਸੂ ॥ ੬੧ ॥ ਆਵਾ ਮਨਸੁਖ ਪ੍ਰੇਮ ਉਮੰਗਾ। ਜਿਹ ਮਨ ਚਢ੍ਯੋ ਨਾਮ ਕੋ ਰੰਗਾ। ਹਾਥ ਬੰਦਿਕੈ ਬੰਦਨ ਕੀਨੀ। ਪਰ੍ਯੋ ਡੰਡਵਤ ਮਤਿ ਰਸ ਭੀਨੀ ॥ ੬੨ ॥ 'ਸਤਿ ਕਰਤਾਰ' ਕਹੀ ਸੁਖਰਾਸੂ[11]। ਬੂਝੀ ਕੁਸ਼ਲ ਸਰਬ ਪੁਨ ਤਾਸੂ[12]।

[1]ਤਿਸਦਾ। [2]ਦੁਖ ਦੂਰ ਕੀਤਾ (ਗੁਰੂ ਜੀ ਨੇ)। [3]ਨਾਸ਼ਕ। [4]ਸੁਖ ਤੇ ਮਿਹਰ ਦੇ ਘਰ ਨੇ। [5]ਹਿੰਦੂਆਂ ਦਾ। [6]ਜੰਗਲ ਵਿਚ। [7]ਟਿਟਾਣੇਂ। [8]ਨਾ ਆਇਆ। [9]ਉਸਤਤੀ। [10]ਚਰਨੀਂ। [11]ਗੁਰੂ ਜੀ ਨੇ। [12]ਉਸਤੇ। *ਪਾਃ-ਕੀ। †ਵਾਰ ਮਾਝ। ‡ਵਾਰ ਬਿਹਾਗੜਾ।

ਗਦ ਗਦ ਹ੍ਵੈ ਕਰਿ ਬੈਠਿ ਸਮੀਪਾ। ਬੋਲਯੋ ਬਚਨ ਤਬਹਿ 'ਕੁਲਦੀਪਾ! ੬੩ ॥ ਸਰਬ ਕੁਸ਼ਲ ਭੀ ਦਰਸ ਤੁਮਾਰੇ। ਮੁਝ ਤਨ ਮਨ ਕੋ* ਕਸ਼ਟ ਨਿਵਾਰੇ। ਚਲਯੋ ਚਹਤਿ ਹੌ ਮੈਂ ਪਰਦੇਸ਼ਾ। ਸ੍ਰੀ ਮੁਖ ਕੀ ਅਬ ਪਾਇ ਨਿਦੇਸਾ। ॥ ੬੪ ॥ ਬਨਜ ਖੇਪ ਕੋ ਭਰਿ ਕਰਿ ਭਾਰੀ। ਜਾਉਂ ਸੰਗਲਾਦੀਪ ਮਝਾਰੀ। ਹ੍ਵੈ ਹੈ ਦਿਨ ਬਹੁ ਬਿਰਹੁ ਤੁਮਾਰਾ। ਉਚਰਹੁ ਆਪ ਸਬਦ ਸੁਖ ਸਾਰਾ ॥ ੬੫ ॥ ਮੈਂ ਲਿਖਿ ਲੇਉਂ ਪਠੋਂ ਕਰਿ ਨੇਮਾ। ਜਿਨ ਤੇ ਵਧੈ ਗੁਰੂ ਪਗਪ੍ਰੇਮਾ'। ਸੁਨਿਕਰਿ ਬਚਨ ਦੀਨ ਦੁਖ ਭੰਜਨ। ਉਚਰੇ ਰੁਚਿਰ ਸਬਦ ਜਨਰੰਜਨ[1] ॥ ੬੬॥ ਸ੍ਰੀ ਕਰਤਾਰ ਗੁਰੂ ਵਡਿਆਈ। ਭਗਤ ਬਿਰਕਤਹਿ ਗਯਾਨ ਮਿਲਾਈ। ਅਸ ਬਾਨੀ ਮਨਸੁਖ ਲਿਖਿ ਲੀਨੀ। ਪਢਿਕਰਿ ਪਰਮ ਪ੍ਰੇਮ ਮਤਿਭੀਨੀ ॥੬੭॥ ਬਹੁਰੋ ਬੋਲੇ ਗੁਰੂ ਉਦਾਰਾ। 'ਮੱਜਹੁ[2] ਨਿਸਾ ਜਾਮ[3] ਸ਼ੁਭ ਬਾਰਾ[4]। ਤਜਿ ਆਲਸ ਜਾਗਹੁ ਤਿਹ ਕਾਲਾ। ਪਢਹੁ ਤਬੈ ਫਲ ਹੋਤਿ ਬਿਸਾਲਾ ॥ ੬੮॥ਇਕ ਮਨ ਹ੍ਵੈ ਕੈ ਪ੍ਰੀਤਿ ਸਮੇਤਾ।ਗੁਨਹੁ ਤ ਪਾਵਹੁ ਬ੍ਰਹਮ ਨਿਕੇਤਾ[5]। ਕਰਹੁ ਤਿਹਾਵਲ[6] ਹੋਵਤਿ ਭੋਰਾ। ਪਠਿ ਅਰਦਾਸ ਧੁਗੇਮ ਕਰ ਜੋਰਾ ॥੬੯॥ਬਹੁਰ ਬਾਂਟਿ[7] ਅਚਵਨ[8] ਨਿਜ ਕੀਜੈ। ਦਿਵਸ ਉਗੇ ਬਨਜਹਿਂ ਮਨ ਦੀਜੈ। ਸੰਧਯਾ ਕਾਲਹਿ ਪਢੋ ਬਹੋਰੀ[9]। ਮਤ ਨਿਤ ਰਾਖਹੁ ਭਗਤਿਹਿ ਬੋਰੀ[10] ॥੭੦॥ ਜਬ ਕੋ ਅਟਕ ਜਾਇ ਵਡ ਕਾਜੂ। ਸਿਮਰਹੁ ਸਤਿਗੁਰ† ਹ੍ਵੈ ਸੁਖ ਕਾਜੂ'। ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਗਵਨਯੋ ਸਤਿਗੁਰ ਪਾਇ ਨਿਦੇਸਾ[11] ॥੭੧॥ ਗਯੋ ਸੰਗਲਾਦੀਪ ਸਥਾਨਾ। ਬਹੁਰ ਭਗੀਰਥ ਕੋ ਗੁਨ ਖਾਨਾ[12]। ਆਇਸ ਦੀਨ 'ਸਦਨ ਅਬ ਜਾਵਹੁ। ਹਿਰਦੈ ਸਦਾ ਨਾਮ ਲਿਵ ਲਾਵਹੁ' ॥ ੭੨ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੂਲੇ ਕੋ ਪ੍ਰਸੰਗ, ਲਖਮੀ ਦਾਸ ਜਨਮ, ਮਨਸੁਖ ਭਗੀਰਥ ਗਵਨ' ਪ੍ਰਸੰਗ ਬਰਨਨੰ ਨਾਮ ਤੀਸਮੋ ਅਧ੍ਯਾਯ ॥ ੩੦ ॥

---

[1]ਦਾਸਾਂ ਨੂੰ ਪ੍ਰਸੰਨ ਕਰਨ ਵਾਲੇ। [2]ਨ੍ਹਾਓ। [3]ਪਹਿਰ ਰਾਤ ਰਹਿੰਦੀ। [4]ਸਾਫ ਪਾਣੀ ਵਿਚ। (ਅ) ਸ਼ੁਭ ਵੇਲਾ ਹੈ (ਉਹ)। [5]ਭਾਵ,ਵਾਹਿਗੁਰੂ ਸਰੂਪ ਨੂੰ। [6]ਕੜਾਹ ਪ੍ਰਸ਼ਾਦ। [7]ਵੰਡਕੇ। [8]ਛਕਣਾ ਕਰੋ। [9]ਫੇਰ। [10]ਭਗਤੀ ਵਿਚ ਡੁਬੀ ਹੋਈ। [11]ਸਤਿਗੁਰੂ ਜੀ ਦੀ ਆਗਯਾ ਪਾਕੇ। [12]ਭਾਵ ਗੁਰੂ ਜੀ ਨੇ। *ਪਾਃ–ਮੁਰ ਮਨ ਤਨ ਕੇ।

†ਕਵੀ ਜੀ ਨੇ ਇਥੇ ਗੁਰੂ ਜੀ ਦੇ ਮੁਖਾਰਬਿੰਦ ਤੋਂ ਗੁਰਬਾਣੀ ਪੜ੍ਹਨ ਵਿਚਾਰਨ ਦੀ ਤਾਕੀਦ ਤੇ ਮਹਾਤਮ, ਗੁਰਸਿੱਖੀ ਦੀ ਮਿਰ੍ਯਾਦਾ ਦਰਸਾਈ ਹੈ।